# ਅਰਦਾਸ : ਸੰਕਲਪ ਅਤੇ ਸਰੂਪ

## (ਵਿਸ਼ਵ ਧਰਮਾਂ ਦੇ ਵਿਸ਼ੇਸ਼ ਸੰਦਰਭ ਵਿਚ)

**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ**
**ਦੀ ਹਿਊਮੈਨਟੀਜ਼ ਐਂਡ ਰਿਲੀਜੀਅਸ ਸਟੱਡੀਜ਼ ਫੈਕਲਟੀ ਦੇ**
**ਅੰਤਰਗਤ ਪੀਐੱਚ.ਡੀ. ਧਰਮ ਅਧਿਐਨ ਦੀ ਡਿਗਰੀ ਲਈ**
**ਖੋਜ-ਪ੍ਰਬੰਧ**
**(2017)**


**ਨਿਗਰਾਨ**

ਡਾ. ਮਨਵਿੰਦਰ ਸਿੰਘ
ਅਸਿਸਟੈਂਟ ਪ੍ਰੋਫੈਸਰ, Stage-III
ਗੁਰੂ ਨਾਨਕ ਅਧਿਐਨ ਵਿਭਾਗ
ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ

**ਖੋਜਾਰਥੀ**

ਜਸਵੰਤ ਸਿੰਘ
ਗੁਰੂ ਨਾਨਕ ਅਧਿਐਨ ਵਿਭਾਗ
ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ



**ਗੁਰੂ ਨਾਨਕ ਅਧਿਐਨ ਵਿਭਾਗ,**
**ਗੁਰੂ ਨਾਨਕ ਦੇਵ ਯੂਨੀਵਰਸਿਟੀ,**
**ਅੰਮ੍ਰਿਤਸਰ 143005.**

# DECLARATION

The work embodied in the thesis entitled **'ਅਰਦਾਸ : ਸੰਕਲਪ ਅਤੇ ਸਰੂਪ(ਵਿਸ਼ਵ ਧਰਮਾਂ ਦੇ ਵਿਸ਼ੇਸ਼ ਸੰਦਰਭ ਵਿਚ)'** has been done by me and not submitted elsewhere for the award of any other degree. All the ideas and references have been duly acknowledged. It is certified that the thesis is fit to be considered for the award of the degree of Doctor of Philosophy.

(Dr. Manvinder Singh) (Jaswant Singh)

Supervisor
Assistant Professor, Stag-III
Guru Nanak Studies
Guru Nanak Dev University,
Amritsar.

Researcher

Dated :_____________

Place :_____________

# ਪ੍ਰਮਾਣ-ਪੱਤਰ

ਤਸਦੀਕ ਕੀਤਾ ਜਾਂਦਾ ਹੈ ਕਿ ਜਸਵੰਤ ਸਿੰਘ ਨੇ ਆਪਣਾ ਪੀਐੱਚ. ਡੀ. (ਪੰਜਾਬੀ) ਦਾ ਖੋਜ ਪ੍ਰਬੰਧ **'ਅਰਦਾਸ : ਸੰਕਲਪ ਅਤੇ ਸਰੂਪ (ਵਿਸ਼ਵ ਧਰਮਾਂ ਦੇ ਵਿਸ਼ੇਸ਼ ਸੰਦਰਭ ਵਿਚ)'** ਮੇਰੀ ਨਿਗਰਾਨੀ ਹੇਠ ਮੁਕੰਮਲ ਕੀਤਾ ਹੈ। ਇਹ ਖੋਜ-ਕਾਰਜ ਖੋਜਾਰਥੀ ਦੀ ਮੌਲਿਕ ਖੋਜ ਦਾ ਸਿੱਟਾ ਹੈ ਅਤੇ ਇਸ ਦਾ ਕੋਈ ਵੀ ਹਿੱਸਾ ਕਿਸੇ ਹੋਰ ਡਿਗਰੀ/ਡਿਪਲੋਮਾ/ਖੋਜ-ਪੱਤਰ/ਯੂਨੀਵਰਸਿਟੀ/ ਸੰਸਥਾ ਵਿਚ ਸ਼ਾਮਿਲ ਨਹੀਂ ਕੀਤਾ ਗਿਆ। ਇਹ ਖੋਜ ਕਾਰਜ ਮੇਰੀ ਜਾਚੇ ਪੀਐੱਚ.ਡੀ. ਦੀ ਡਿਗਰੀ ਲਈ ਵਿਚਾਰੇ ਜਾਣ ਦੇ ਯੋਗ ਹੈ।

ਨਿਗਰਾਨ

**(ਡਾ. ਮਨਵਿੰਦਰ ਸਿੰਘ)**

ਅਸਿਸਟੈਂਟ (ਪ੍ਰੋਫੈਸਰ), Stage-III
ਗੁਰੂ ਨਾਨਕ ਅਧਿਐਨ ਵਿਭਾਗ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ।

ਮਿਤੀ :_______________

ਸਥਾਨ:_______________

## ਤਤਕਰਾ


**1. ਅਧਿਆਇ ਪਹਿਲਾ** **1–30**

**ਅਰਦਾਸ: ਅਰਥ, ਪਰਿਭਾਸ਼ਾ ਅਤੇ ਪ੍ਰਕਿਤੀ : ਸਿਧਾਂਤਕ ਪਰਿਪੇਖ**

1.1 ਅਰਦਾਸ ਦਾ ਅਰਥ

1.2 ਅਰਦਾਸ ਸ਼ਬਦ ਦੇ ਅਰਥ

1.3 ਅਰਦਾਸ ਦੀ ਪ੍ਰਕਿਰਤੀ

**2. ਅਧਿਆਇ ਦੂਜਾ** **31–43**

**ਪ੍ਰਾਪਤ ਅਧਿਐਨ ਅਤੇ ਮੁਲਾਂਕਣ**

2.1 ਉਹ ਪੁਸਤਕਾਂ ਜਿਹੜੀਆਂ ਸੰਪੂਰਨ ਤੌਰ 'ਤੇ ਅਰਦਾਸ ਵਿਸ਼ੇ ਨਾਲ ਸੰਬੰਧਿਤ ਹਨ

2.2 ਉਹ ਪੁਸਤਕਾਂ ਜਿੰਨ੍ਹਾਂ ਵਿੱਚ ਅਰਦਾਸ ਵਿਸ਼ੇ ਨਾਲ ਸੰਬੰਧਿਤ ਲੇਖ ਹਨ

2.3 ਹਿੰਦੀ ਦੀਆਂ ਪੁਸਤਕਾਂ

2.4 ਅੰਗਰੇਜ਼ੀ ਦੀਆਂ ਪੁਸਤਕਾਂ

2.5 ਇੰਗਲਿਸ਼ ਜਰਨਲ

2.6 ਖੋਜ ਪ੍ਰਬੰਧ

2.7 ਖੋਜ ਨਿਬੰਧ

2.8 ਖੋਜ ਪਤ੍ਰਿਕਾਵਾਂ

**3. ਅਧਿਆਇ ਤੀਜਾ** **44–134**

**ਭਾਰਤੀ ਧਰਮਾਂ ਵਿਚ ਪ੍ਰਾਰਥਨਾ: ਸੰਕਲਪ ਅਤੇ ਸਰੂਪ**

3.1 ਹਿੰਦੂ ਧਰਮ

3.2 ਵੇਦ

3.3 ਰਿਗਵੇਦ ਵਿਚ ਆਈਆਂ ਪ੍ਰਮੁੱਖ ਪ੍ਰਾਰਥਨਾਵਾਂ

3.4 ਗਾਇਤਰੀ ਮੰਤਰ

3.5 ਲੰਬੀ ਉਮਰ ਲਈ ਪ੍ਰਾਰਥਨਾ

3.6 ਦਾਨੀ ਬਣਨ ਲਈ ਪ੍ਰਾਰਥਨਾ

3.7 ਲੰਬੀ ਉਮਰ ਅਤੇ ਤੀਖਣ ਬੁੱਧੀ ਲਈ ਪ੍ਰਾਰਥਨਾ

3.8 ਅਧਿਆਤਮਿਕ ਮਾਰਗ ਲਈ ਸੱਚੇ ਗੁਰੂ ਦੀ ਪ੍ਰਾਪਤੀ ਲਈ ਪ੍ਰਾਰਥਨਾ

3.9 ਬੁਰਾਈ ਤੋਂ ਦੂਰ ਰੱਖਣ ਦੀ ਪ੍ਰਾਰਥਨਾ

3.10 ਧੀਰਜ ਅਤੇ ਵਿਵੇਕ ਦੇਣ ਵਾਲੀ ਪਰਪੱਕ ਬੁੱਧੀ ਲਈ ਪ੍ਰਾਰਥਨਾ

3.11 ਅਭੈ ਦਾਨ, ਸੁਖੀ ਅਤੇ ਸ਼ਾਂਤ ਜੀਵਨ ਲਈ ਪ੍ਰਾਰਥਨਾ

3.12 ਸੂਰਜ ਅਤੇ ਚੰਦਰਮਾ ਵਰਗੇ ਗੁਣੀ ਬਣਨ ਦੀ ਪ੍ਰਾਰਥਨਾ

3.13 ਮਾਨਸਿਕ ਸੁਖ ਦੀ ਪ੍ਰਾਪਤੀ ਲਈ

3.14 ਸ਼ਾਂਤੀ ਲਈ ਪ੍ਰਾਰਥਨਾ

3.15 ਅੰਹਕਾਰ ਤੋਂ ਦੂਰ ਰਹਿਣ ਦੀ ਪ੍ਰਾਰਥਨਾ

3.16 ਅਨੰਦ ਸਰੂਪ ਨੂੰ ਜਾਣਨ ਲਈ ਪ੍ਰਾਰਥਨਾ

3.17 ਬੁੱਧੀ ਨੂੰ ਸ਼ੁੱਧ ਗਿਆਨ ਨਾਲ ਭਰਨ ਦੀ ਪ੍ਰਾਰਥਨਾ

3.18 ਮੁਕਤੀ ਦੀ ਪ੍ਰਾਰਥਨਾ

3.19 ਸਦਬੁੱਧੀ ਦੀ ਪ੍ਰਾਰਥਨਾ

3.20 ਪਰਮੇਸ਼ਵਰ ਨੂੰ ਮਾਂ ਦਾ ਰੂਪ ਮੰਨ ਕੇ ਪ੍ਰਾਰਥਨਾ

3.21 ਬੁੱਧੀ ਅਤੇ ਧੰਨ ਸੰਪੱਤੀ ਲਈ ਪ੍ਰਾਰਥਨਾ

3.22 ਵਿਦਵਾਨਾਂ ਤੋਂ ਸਿੱਖਿਆ ਪ੍ਰਾਪਤ ਕਰਨ ਸਬੰਧੀ ਪ੍ਰਾਰਥਨਾ

3.23 ਇਸ਼ਨਾਨ ਕਰਨ ਵੇਲੇ ਦੀ ਪ੍ਰਾਰਥਨਾ

3.24 ਭੋਜਨ ਕਰਨ ਤੋਂ ਬਾਅਦ ਦਾ ਮੰਤਰ

3.25 ਸੌਣ ਸਮੇਂ ਦੀ ਪ੍ਰਾਰਥਨਾ

3.26 ਪ੍ਰਾਰਥਨਾ ਨੂੰ ਪੂਰੀ ਕਰਨ ਦੀ ਪ੍ਰਾਰਥਨਾ

3.27 ਯੱਗ ਦੇ ਵਿਰੋਧੀਆਂ ਨੂੰ ਸਜ਼ਾ ਦਿਵਾਉਣ ਦੀ ਪ੍ਰਾਰਥਨਾ

3.28 ਗੁਰੂ ਦੀ ਯੋਗਤਾ ਨਾਲ ਸੰਬੰਧਿਤ ਪ੍ਰਾਰਥਨਾ

3.29 ਰਾਜੇ ਦੇ ਰਾਜਭਾਗ ਦੀ ਸਥਿਰਤਾ ਲਈ ਪ੍ਰਾਰਥਨਾ

3.30 ਰੁਦ੍ਰ ਦੇਵਤੇ ਦੀ ਨਾਰਾਜ਼ਗੀ ਤੋਂ ਬਚਣ ਦੀ ਪ੍ਰਾਰਥਨਾ

3.31 ਇੰਦ੍ਰ ਦੇਵਤੇ ਅੱਗੇ ਪ੍ਰਾਰਥਨਾ

3.32 ਦੇਵਰਾਜ ਇੰਦ੍ਰ

3.33 ਗਊਆਂ ਦੀ ਸਲਾਮਤੀ ਦੀ ਪ੍ਰਾਰਥਨਾ

3.34 ਸੱਚੀ ਕਮਾਈ ਕਰਵਾਉਣ ਦੀ ਪ੍ਰਾਰਥਨਾ

3.35 ਪਾਪ ਤੋਂ ਬਚਾਉਣ ਲਈ ਪ੍ਰਾਰਥਨਾ

3.36 ਵਿਕਾਰਾਂ ਤੋਂ ਸੁਰੱਖਿਆ ਲਈ ਪ੍ਰਾਰਥਨਾ

3.37 ਅਗਨੀ ਦੇਵਤੇ ਅੱਗੇ ਪ੍ਰਾਰਥਨਾ
3.1.2. ਸਾਮ ਵੇਦ ਦੀਆਂ ਪ੍ਰਮੁੱਖ ਪ੍ਰਰਾਥਨਾਵਾਂ
3.1.2.1 ਇੰਦ੍ਰ ਨੂੰ ਖੁਸ਼ ਕਰਨ ਲਈ ਪ੍ਰਾਰਥਨਾ
3.1.2.2 ਇੰਦਰ ਦੇਵਤੇ ਤੋਂ ਸ਼ਕਤੀ ਮੰਗਣ ਲਈ ਪ੍ਰਾਰਥਨਾ
3.1.2.3 ਆਰਥਿਕ ਲਾਭ ਲਈ ਪ੍ਰਾਰਥਨਾ
3.1.2.4 ਅਗਨੀ ਦੇਵਤੇ ਨੂੰ ਖੁਸ਼ ਕਰਨ ਲਈ ਪ੍ਰਾਰਥਨਾ
3.1.3 ਯਜੁਰਵੇਦ ਦੀਆਂ ਪ੍ਰਮੁੱਖ ਪ੍ਰਰਾਥਨਾਵਾਂ
3.1.3.1 ਲੋਕ ਅਤੇ ਪਰਲੋਕ ਦੇ ਸੁਖ ਦੀ ਪ੍ਰਾਰਥਨਾ
3.1.3.2 ਦੈਵੀ ਨਿਯਮਾਂ ਅਨੁਸਾਰ ਜੀਵਨ ਜਿਉਣਾ ਦੀ ਪ੍ਰਾਰਥਨਾ
3.1.3.3 ਮਨ ਵਿਚ ਸ਼ੁਭ ਵਿਚਾਰ ਚੱਲਣ ਦੀ ਪ੍ਰਾਰਥਨਾ
3.1.3.4 ਵੇਦਾਂ ਦੀ ਰਾਸ਼ਟਰੀ ਪ੍ਰਾਰਥਨਾ
3.1.3.5 ਭੋਜਨ ਕਰਨ ਵੇਲੇ ਦੀ ਪ੍ਰਾਰਥਨਾ
3.1.3.6 ਔਗੁਣਾਂ ਨੂੰ ਛੱਡ ਗੁਣਾਂ ਨੂੰ ਧਾਰਨ ਕਰਨ ਦੀ ਪ੍ਰਾਰਥਨਾ
3.1.3.7 ਦੇਸ਼ ਦੀ ਖੁਸ਼ਹਾਲੀ ਲਈ ਪ੍ਰਾਰਥਨਾ
3.1.3.8 ਵਰਤ ਦੀ ਸੰਪਰੂਨਤਾ ਲਈ ਪ੍ਰਾਰਥਨਾ
3.13.9 ਸਰੀਰਿਕ ਤੰਦਰੁਸਤੀ ਲਈ ਪ੍ਰਾਰਥਨਾ
3.1.4 ਅਥਰਵਵੇਦ ਦੀਆਂ ਪ੍ਰਮੱਖ ਪ੍ਰਾਰਥਨਾਵਾਂ
3.1.4.1 ਰਾਸ਼ਟਰੀ ਭਾਵਨਾ ਲਈ ਪ੍ਰਾਰਥਨਾ
3.1.4.2 ਦੇਸ਼ਵਾਸੀਆ ਦੇ ਗੁਣੀ ਹੋਣ ਦੀ
3.1.4.3 ਰਾਜੇ ਦਾ ਪਰਜਾ ਲਈ ਸਹਿਯੋਗੀ ਹੋਣ ਦੀ ਪ੍ਰਾਰਥਨਾ
3.1.4.4 ਰਾਜ ਦੀ ਖੁਸ਼ਹਾਲੀ ਦੀ ਪ੍ਰਾਰਥਨਾ
3.1.4.5 ਧਾਰਮਿਕ ਸਹਿਹੋਂਦ ਦੀ ਪ੍ਰਾਰਥਨਾ
3.1.4.6 ਸਮਾਜਿਕ ਏਕਤਾ ਦੀ ਪ੍ਰਾਰਥਨਾ
3.1.4.7 ਦੇਹ ਅਰੋਗਤਾ ਦੀ ਪ੍ਰਾਰਥਨਾ
3.1.4.8 ਪਰਿਵਾਰਿਕ ਪ੍ਰੇਮ ਲਈ ਪ੍ਰਾਰਥਨਾ
3.1.5 ਹਿੰਦੂ ਧਰਮ ਵਿਚ ਵੇਦਾਂ ਤੋਂ ਬਾਹਰਲੀਆਂ ਪ੍ਰਮੁਖ ਪ੍ਰਾਰਥਨਾਵਾਂ
3.1.5.1 ਜੇਨਊ ਪਾਉਣ ਵੇਲੇ ਦੀ ਪ੍ਰਾਰਥਨਾ
3.1.5.2 ਪ੍ਰਾਣਾਯਮ ਕਰਨ ਵੇਲੇ ਦੀ ਪ੍ਰਾਰਥਨਾ
3.1.5.3 ਯੱਗ ਨੂੰ ਸੰਪੂਰਨ ਕਰਨ ਲਈ ਪ੍ਰਾਰਥਨਾ
3.1.6 ਪ੍ਰਮੁੱਖ ਵੈਦਿਕ ਦੇਵਤਿਆਂ ਦੀਆ ਪ੍ਰਾਰਥਨਾਵਾਂ

3.1.6.1 ਬ੍ਰਹਮਾ ਜੀ ਲਈ ਪ੍ਰਾਰਥਨਾ

3.1.6.2 ਭਗਵਾਨ ਸ਼ੰਕਰ ਲਈ ਪ੍ਰਾਰਥਨਾ

3.1.6.3 ਭਗਵਾਨ ਸ੍ਰੀ ਰਾਮ ਜੀ ਅੱਗੇ ਪ੍ਰਾਰਥਨਾ

3.1.6.4 ਦੇਵਗੁਰੂ ਬ੍ਰਹਿਸਪਤੀ ਲਈ ਪ੍ਰਾਰਥਨਾ

3.16.5 ਸ਼ੁਕਰਾਚਾਰੀਆ ਲਈ ਪ੍ਰਾਰਥਨਾ

3.1.6.6 ਭਗਵਾਨ ਸ੍ਰੀ ਕ੍ਰਿਸ਼ਨ ਜੀ ਅੱਗੇ ਪ੍ਰਾਰਥਨਾ

3.1.6.7 ਅਰਜੁਨ ਦੁਆਰਾ ਸ੍ਰੀ ਕ੍ਰਿਸ਼ਨ ਜੀ ਨੂੰ ਵਿਰਾਟ ਰੂਪ ਦੇ ਦਰਸ਼ਨ ਕਰਵਾਉਣ ਲਈ ਪ੍ਰਾਰਥਨਾ

3.1.7 ਜੈਨ ਧਰਮ

3.1.7.1 ਨਮੋ ਅਰਹਿੰਤਾਣੰ

3.1.7.2 ਨਮੋ ਸਿੱਧਾਣੰ (ਸਿੱਧ)

3.1.7.3 ਨਮੋ ਆਯਾਰਿਆਣੰ (ਆਚਾਰੀਆ)

3.1.7.4 ਨਮੋ ਉੱਭਝਾਯਾਣੰ (ਉਪਾਧਿਆ)

3.1.7.5 ਨਮੋ ਲੋਏ ਸਬ ਸਾਹੂਣੰ (ਸਾਧੂ)

3.1.7.6 ਈਸ਼ਵਰੋਪਾਸਨਾ

3.1.7.7 ਮੰਗਲਸੂਤਰ

3.1.7.8 ਸਿੱਧ ਪੁਰਖਾਂ ਨੂੰ ਨਾਮਸਕਾਰ

3.1.7.9 ਪਵਿੱਤਰ ਕਰਨ ਲਈ ਪ੍ਰਾਰਥਨਾ

3.1.7.10 ਪੰਜ ਚਰਿੱਤਰਾਂ ਨੂੰ ਨਮਸਕਾਰ

3.1.7.11 ਮੁਨੀਆਂ ਅੱਗੇ ਪ੍ਰਾਰਥਨਾਵਾਂ

3.1.7.12 ਪਰਮਗੁਰੂ ਭਗਤੀ

3.1.7.13 ਤੀਰਥੰਕਰ ਭਗਤੀ

3.1.7.14 ਮੂਰਤ ਭਗਤੀ

3.1.7.15 ਪ੍ਰਤਿਕਰਮਣ ਭਗਤੀ

3.1.8 ਬੁੱਧ ਧਰਮ

3.1.8.1 ਧਿਆਨ ਸੰਬੰਧੀ ਪ੍ਰਾਰਥਨਾ

3.1.8.2 ਧਿਆਨ ਰਾਹੀਂ ਸੁੰਨ ਅਵਸਥਾ

3.1.8.3 ਸੇਵਾ ਕਰਨ ਦੀ ਪ੍ਰਾਰਥਨਾ

3.1.8.4 ਦੁਖਾਂ ਤੋਂ ਛੁਟਕਾਰੇ ਦੀ ਪ੍ਰਾਰਥਨਾ

3.1.8.5 ਦੁੱਖਾਂ ਦੇ ਕਾਰਣ ਤੋਂ ਛੁਟਕਾਰੇ ਦੀ ਪ੍ਰਾਰਥਨਾ

3.1.8.6 ਬੋਧੀਆਂ ਦਾ ਜੀਵਨ ਚੱਕਰ

3.1.8.7 ਧਿਆਨ ਟਿਕਾਉਣ ਦੀ ਪ੍ਰਾਰਥਨਾ ਦੇ ਮਹੱਤਵਪੂਰਨ ਪੜਾਅ
3.1.8.8 ਬੁੱਧ ਧਰਮ ਵਿਚ ਗੁਰੂ ਅੱਗੇ ਪ੍ਰਾਰਥਨਾ
3.1.8.9 ਮਨੁੱਖੀ ਮਨ ਸੰਬੰਧੀ ਧਮਪਦ ਦੀ ਪ੍ਰਾਰਥਨਾ
3.1.8.10 ਦੇਵੀਆਂ ਅੱਗੇ ਪ੍ਰਾਰਥਨਾ
3.1.8.11 ਬੋਧੀਸਤਵਾਂ ਅੱਗੇ ਪ੍ਰਾਰਥਨਾ
3.1.8.12 ਕੰਨਜ਼ੀਊਨ ਦੇਵਤੇ ਅੱਗੇ ਪ੍ਰਾਰਥਨਾ
3.1.8.13 ਸੱਚੀ ਆਤਮਾ ਦੀ ਰੌਸ਼ਨੀ ਲਈ ਪ੍ਰਾਰਥਨਾ
3.1. 8.14 ਸ਼ਾਂਤੀ ਲਈ ਪ੍ਰਾਰਥਨਾ
3.1.8.15 ਤਿੱਬਤੀ ਬੁੱਧ ਧਰਮ ਵਿਚ ਦੇਵੀ ਤਾਰਾ ਅੱਗੇ ਪ੍ਰਾਰਥਨਾ
3.1.8.16 ਜ਼ੈਨ ਬੋਧੀਆਂ ਵਿੱਚ ਮਨੁੱਖੀ ਮਨ ਦੇ ਟਿਕਾਉ ਸੰਬੰਧੀ ਪ੍ਰਾਰਥਨਾ
3.1.8.17 ਬੁੱਧ ਧਰਮ ਵਿਚ ਜਾਨਵਰਾਂ ਦੀ ਭਲਾਈ ਲਈ ਪ੍ਰਾਰਥਨਾ

**4. ਅਧਿਆਇ ਚੌਥਾ 135–237**

**ਸਾਮੀ ਧਰਮਾਂ ਵਿਚ ਅਰਦਾਸ: ਸਕੰਲਪ ਅਤੇ ਸਰੂਪ**

4.1 ਯਹੂਦੀ ਧਰਮ
4.1.1 ਸੁੱਖਣਾਂ ਲਾਹੁਣੀਆਂ
4.1.2 ਦਾਊਦ ਦੀ ਬੇਨਤੀ
4.1.3 ਲੜਾਈ ਵਿੱਚ ਮਦਦ ਲਈ ਬੇਨਤੀ
4.1.4 ਯਰੂਸ਼ਲਮ ਲਈ ਨਹਮਯਾਹ ਦੀ ਪ੍ਰਾਰਥਨਾ
4.1.5 ਅੰਮ੍ਰਿਤ ਵੇਲੇ ਦੀ ਪ੍ਰਾਰਥਨਾ
4.1.6 ਸੰਝ ਦੀ ਪ੍ਰਾਰਥਨਾ
4.1.7 ਰਾਖੀ ਲਈ ਅੰਮ੍ਰਿਤ ਵੇਲੇ ਦੀ ਬੇਨਤੀ
4.1.8 ਦੁੱਖ ਵੇਲੇ ਦੀ ਬੇਨਤੀ
4.1.9 ਯਹੋਵਾਹ ਧਰਮੀਆਂ ਦਾ ਰਾਖਾ
4.1.10 ਦੁਸ਼ਟਾਂ ਦੇ ਵਿਰੁੱਧ ਬੇਨਤੀ
4.1.11 ਰਾਖੀ ਲਈ ਬੇਨਤੀ
4.1.12 ਬਚਾਉ ਲਈ ਬੇਨਤੀ
4.1.13 ਖਰੇ ਮਨੁੱਖ ਦੀ ਅਰਦਾਸ
4.1.14 ਖਤਰੇ ਦੀ ਅਰਜੋਈ ਦਾ ਉੱਤਰ
4.1.15 ਉਜ ਅਤੇ ਉਸਤਤ

4.1.16 ਬਿਮਾਰੀ ਵਿਚ ਅਰਦਾਸ

4.1.17 ਛੁਟਕਾਰੇ ਲਈ ਅਰਜੋਈ

4.1.18 ਪਰਮੇਸ਼ੁਰ ਉੱਤੇ ਭਰੋਸਾ

4.1.19 ਦੁਸ਼ਟਾਂ ਦੀ ਸਜ਼ਾ ਲਈ ਬੇਨਤੀ

4.1.20 ਪਰਮੇਸ਼ੁਰ ਮੇਰਾ ਉੱਚਾ ਗੜ੍ਹ

4.1.21 ਤੁਰਤ ਫੁਰਤ ਦੀ ਸਹਾਇਤਾ ਲਈ ਬੇਨਤੀ

4.1.22 ਇਕ ਬੁੱਢੇ ਦੀ ਬੇਨਤੀ

4.1.23 ਬਦਲਾ ਲੈਣ ਦੀ ਬੇਨਤੀ

4.1.24 ਰਹਮ ਲਈ ਬੇਨਤੀ

4.1.25 ਦੁਸ਼ਟਾਂ ਤੋਂ ਬਚਾਉ ਦੀ ਅਰਜੋਈ

4.1.26 ਪਵਿੱਤਰਤਾਈ ਲਈ ਸ਼ਾਮਾਂ ਦੀ ਪ੍ਰਾਰਥਨਾ

4.1.27 ਇਕਲਾਪੇ ਦੀ ਦੁਹਾਈ

4.1.28 ਬਚਾਉ ਤੇ ਅਗਵਾਈ ਲਈ ਅਰਦਾਸਾਂ

4.1.29 ਦਯਾ ਲਈ ਬੇਨਤੀ

4.1.30 ਆਸਾ ਦੀ ਪ੍ਰਾਰਥਨਾ ਦਾ ਭਜਨ

4.2 ਈਸਾਈ ਧਰਮ

4.2.1 ਪ੍ਰਭੂ ਵਾਲੀ ਪ੍ਰਾਰਥਨਾ

4.2.2 ਪ੍ਰਾਰਥਨਾ ਦੇ ਵਿਖੇ ਹਾਠੀ ਵਿਧਵਾ ਅਤੇ ਫ਼ਰੀਸੀ ਵਿੱਚ ਮਸੂਲੀਆ

4.2.3 ਪ੍ਰਭੂ ਦੀ ਪ੍ਰਾਰਥਨਾ

4.2.4 ਅਰਦਾਸ ਕਰਨ ਬਾਰੇ

4.2.5 ਪ੍ਰਾਰਥਨਾ ਦੇ ਵਿਖੇ ਯੂਨਾਹ ਦਾ ਨਿਸ਼ਾਨ

4.2.6 ਸਬਰ ਅਤੇ ਪ੍ਰਾਰਥਨਾ ਦੇ ਲਾਭ

4.3 ਇਸਲਾਮ ਧਰਮ

4.3.1 ਪਿਕਾਂਬਰ (ਪੈਗੰਬਰ)

4.3.2 ਹਜ਼ਰਤ ਮੁਹੰਮਦ ਸਾਹਿਬ

4.3.3 ਇਸਲਾਮ ਦੇ ਬੁਨਿਆਦੀ ਅਰਕਾਨ

4.3.4 ਕੁਰਾਨ

4.3.5 ਹਦੀਸ

4.3.6 ਨਮਾਜ਼

4.3.7 ਦੁਨਿਆਵੀ ਮਾਮਲੇ ਅਤੇ ਨਮਾਜ਼

4.3.8 ਨਮਾਜ਼ ਬੁਰਾਈ ਤੋਂ ਬਚਾਉਂਦੀ ਹੈ

4.3.9 ਇਲਾਹੀ ਨੇੜਤਾ ਦਾ ਜ਼ਰੀਆ

4.3.10 ਸੁੰਨਤਾਂ ਦੀ ਮਹੱਤਤਾ

4.3.11 ਇਸਲਾਮ ਵਿਚ ਪੜ੍ਹੀਆਂ ਜਾਂਦੀਆ ਪੰਜ ਨਮਾਜ਼ਾਂ ਅਤੇ ਪੜ੍ਹਨ ਦੇ ਵੇਲੇ ਦਾ ਵੇਰਵਾ ਇਸ ਪ੍ਰਕਾਰ ਹੈ

4.3.11.1 ਫਜ਼ਰ ਦੀ ਨਮਾਜ਼

4.3.11.2 ਫਜ਼ਰ ਦੀਆਂ ਸੁੰਨਤਾਂ

4.3.11.3 ਜ਼ੁਹਰ ਦੀ ਨਮਾਜ਼

4.3.11.4 ਅਸਰ ਦੀ ਨਮਾਜ਼

4.3.11.5 ਮਗ਼ਰਿਬ ਦੀ  ਨਮਾਜ਼

4.3.11.6 ਇਸ਼ਾ ਦੀ ਨਮਾਜ਼

4.3.11.7 ਉਜ਼ੂ ਜਾਂ ਵੁਜ਼ੂ

4.3.12 ਉਜ਼ੂ ਜਾਂ ਵੁਜ਼ੂ

4.3.13 ਵੁਜ਼ੂ ਕਰਨ ਦਾ ਤਰੀਕਾ ਹਦੀਸਾਂ ਅਨੁਸਾਰ

4.3.14 ਅਜ਼ਾਨ

4.3.15 ਬਾਂਗ-ਏ-ਅੱਲਾਹ

4.3.16 ਅਜ਼ਾਨ ਦੇਣ ਵਾਲੇ ਦੀ ਫਜ਼ੀਲਤ

4.3.17 ਅਜ਼ਾਨ ਦੇ ਬਾਦ ਦੀ ਅਰਜ਼ੋਈ

4.13.18 ਨਮਾਜ਼ ਸਮੇਂ ਸਫਾਂ (ਕਤਾਰਾਂ) ਸਿੱਧੀਆਂ ਰੱਖੀਆ ਜਾਣ।

4.3.19 ਨਮਾਜ਼ ਦਾ ਆਰੰਭ

4.3.20 ਸਨਾ

4.3.21 ਤਅੱਵੁਜ਼

4.3.22 ਤਸਮੀਆਂ

4.3.23 ਸੂਰਤ ਫਾਤਿਹਾ

4.3.24 ਸੂਰਤ ਇਖਲਾਸ

4.3.25 ਤਹਮੀਦ

4.3.26 ਤਸੱਹਦ

4.3.27 ਦਰੂਦ-ਓ-ਸਲਾਮ

4.3.28 ਦਰੂਦ ਸ਼ਰੀਫ਼

4.3.29 ਨਮਾਜ਼ ਪੜ੍ਹਨ ਦਾ ਢੰਗ

4.3.30 ਈਦ

4.3.31 ਈਦ-ਉਲ ਅਜ਼ਹਾ

4.3.32 ਈਦੁਲਅਜ਼ਹਾ ਦੀ ਨਮਾਜ਼

4.3.33 ਈਦੁਲਫਿਤਰ ਦੀ ਨਮਾਜ਼

4.3.34 ਈਦ ਦੀ ਨਮਾਜ਼ ਪੜ੍ਹਨ ਦਾ ਤਰੀਕਾ

4.3.35 ਰਮਜ਼ਾਨ

4.3.36 ਰੋਜ਼ਾ

4.3.37 ਜੁਮੇ ਦੀ ਨਮਾਜ਼

4.3.38 ਦੂਜੇ ਖੁਤਬੇ ਦੀ ਵਿਆਖਿਆ

4.3.39 ਇਮਾਮ

4.3.40 ਖੁਤਬਾ

4.3.41 ਨਫਲੀ ਨਮਾਜ਼ਾਂ ਦੀ ਫਜ਼ੀਲਤ

4.3.42 ਨਮਾਜ਼-ਏ-ਇਸਤਖਾਰਾ

4.3.43 ਨਮਾਜ਼-ਏ-ਤਰਾਵੀਹ

4.3.44 ਨਮਾਜ਼-ਏ-ਤਹੱਜੁਦ

4.3.45 ਨਮਾਜ਼-ਏ-ਤਹੱਜੁਦ ਦੀ ਫਜ਼ੀਲਤ

4.3.46 ਤਹੱਜੁਦ ਇਲਾਹੀ ਨੇੜਤਾ ਦਾ ਜ਼ਰੀਆ

4.3.47 ਇਲਾਹੀ ਨੇੜਤਾ

4.3.48 ਨਮਾਜ਼-ਏ-ਜਨਾਜ਼ਾ

4.3.49 ਨਮਾਜ਼-ਏ-ਮਾਅਕੂਸ

4.3.50 ਨਮਾਜ਼-ਏ-ਹਾਜ਼ਤ

4.3.51 ਨਮਾਜ਼-ਏ-ਸ਼ਹੂਦੀ

4.3.52 ਨਮਾਜ਼-ਏ-ਤੌਬਾ

4.3.53 ਨਮਾਜ਼-ਏ-ਚਾਸ਼ਤ

4.3.54 ਨਮਾਜ਼-ਏ-ਚਾਸ਼ਤ ਦੀ ਫਜ਼ੀਲਤ

4.3.55 ਨਮਾਜ਼-ਏ-ਇਸ਼ਰਾਕ

4.3.56 ਨਮਾਜ਼-ਏ-ਇਸ਼ਰਾਕ

4.3.57 ਇਸ਼ਰਾਕ ਦੀ ਫਜ਼ੀਲਤ

4.3.58 ਨਮਾਜ਼-ਏ-ਵਿਤਰ

4.3.59 ਦੁਗਾਨਾ

4.3.60 ਦੁਆ

4.3.61 ਦੁਆ ਮੰਗਣ ਦਾ ਸਲੀਕਾ

4.3.62 ਦੁਆ ਮੰਗਣ ਤੇ ਕੁਝ ਨਾ ਕੁਝ ਜ਼ਰੂਰ ਮਿਲਦਾ ਹੈ

4.3.63 ਦੁਆ-ਏ-ਮਾਸੂਰਾ

4.3.64 ਹਰ ਨਮਾਜ਼  ਤੋਂ ਬਾਅਦ ਪੜ੍ਹਨਯੋਗ ਦੁਆ

4.3.65 ਪ੍ਰੇਸ਼ਾਨ ਅਤੇ ਦੁਖੀ ਵਿਅਕਤੀ ਦੀ ਦੁਆ

4.3.66 ਹਜ਼ਰਤ ਅਬੂ ਬਕਰ (ਰਜ਼ੀ.) ਦੀ ਦੁਆ

4.3.67 ਹਜ਼ਰਤ ਅਬਦੁੱਲਾ ਬਿਨ ਮਸਊਦ (ਰਜ਼ੀ.) ਦੀ ਦੁਆ

4.3.68 ਹਜ਼ਰਤ ਮੁਹੰਮਦ (ਸ.) ਦੀ ਦੁਆ

4.3.69 ਦੁਆ ਗੋ

4.3.70 ਮਸਜਿਦ ਵਿੱਚ ਦਾਖਲ ਹੋਣ ਦੀ ਦੁਆ

4.3.71 ਤੌਬਾ

4.3.72 ਤੌਬਾ ਸੁੰਨਤ ਹੈ

4.3.73 ਤੌਬਾ ਅੱਲਾਹ ਨੂੰ ਮਹਿਬੂਬ ਹੈ

4.3.74 ਤੌਬਾ ਦਾ ਦਰਵਾਜ਼ਾ ਕਿਆਮਤ ਤੱਕ ਖੁੱਲ੍ਹਾ ਹੈ।

4.3.75 ਤੌਬਾ ਦੀ ਕਬੂਲੀਅਤ

4.3.76 ਤੌਬਾ ਕਦੋਂ ਤੱਕ ਕਬੂਲ ਹੁੰਦੀ ਹੈ

4.3.77 ਅੱਲਾਹ ਬੰਦੇ ਦੀ ਤੌਬਾ ਕਬੂਲਾ ਕਰਦਾ ਹੈ

4.3.78 ਇਸਤਿਫਗਾਰ

**5. ਅਧਿਆਇ ਪੰਜਵਾ 238-338**

**ਸਿੱਖ ਧਰਮ ਵਿਚ ਅਰਦਾਸ: ਸੰਕਲਪ ਅਤੇ ਸਰੂਪ**

1. ਸ੍ਰੀ ਗੁਰੂ ਨਾਨਕ ਦੇਵ ਜੀ ਦੇਵ ਜੀ ਦੀ ਬਾਣੀ ਵਿਚ ਅਰਦਾਸ

5.1 ਰਜ਼ਾ ਵਿੱਚ ਰਹਿਣ ਦੀ ਅਰਦਾਸ

5.2 ਨਾਮ ਜਪਣ ਦੀ ਅਰਦਾਸ

5.3 ਹਮੇਸ਼ਾ ਪ੍ਰੇਮ ਵਿਚ ਰੰਗੇ ਰਹਿਣ ਦੀ ਅਰਦਾਸਸ

5.4 ਪਰਮਾਤਮਾ ਦੇ  ਮਿਲਾਪ ਦੀ ਅਰਦਾਸਸ

5.5 ਪਰਮਾਤਮਾ ਦੀ ਹੋਂਦ ਜਲ-ਥਲ ਵਿਚ ਮੌਜੂਦ ਹੈ

5.6 ਪਹਿਰਿਆਂ ਰਾਹੀਂ ਅਧਿਆਤਮਿਕ ਗਿਆਨ ਦੇਣਾ

5.7 ਭਾਣੇ ਵਿਚ ਰਹਿਣ ਦੀ ਅਰਦਾਸ

5.8 ਨਾਮ ਅੰਮ੍ਰਿਤ ਦੀ ਦਾਤ ਲਈ ਅਰਦਾਸ

5.9 ਪ੍ਰਭੂ ਮਿਲਾਪ ਲਈ ਅਰਦਾਸ
5.10 ਗੁਰਮੁਖਾਂ ਦੀ ਸੰਗਤ ਲਈ ਅਰਦਾਸ
5.11 ਸ਼ਬਦ ਰਾਹੀਂ ਗੁਰੂ ਦੇ ਮਿਲਾਪ ਦੀ ਅਰਦਾਸ
5.12 ਨਾਮ-ਰਸੀਆਂ ਦੀ ਚਰਨ ਧੂੜ ਮਿਲਣ ਦੀ ਅਰਦਾਸ
5.13 ਪ੍ਰਭੂ ਨਾਲ ਮਿਲਾਪ ਦੀ ਅਰਦਾਸ
5.14 ਭਾਣੇ ਵਿੱਚ ਰਹਿਣ ਦੀ ਅਰਦਾਸ
5.15 ਜੀਵਨ ਵਿਚ ਸੰਤੋਖ ਧਾਰਨ ਦੀ ਅਰਦਾਸ
5.16 ਪਰਮਾਤਮਾ ਦੇ ਦਰਸ਼ਨਾਂ ਲਈ ਅਰਦਾਸ
5.17 ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਵਿਚ ਅਰਦਾਸ
5.18 ਪਰਮਾਤਮਾ ਤੱਕ ਪਹੁੰਚਣ ਦਾ ਸਾਧਨ ਕੇਵਲ ਅਰਦਾਸ
5.19 ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਅਰਦਾਸ
5.20 ਗੁਰੂ ਦੇ ਮਿਲਾਪ ਦੀ ਅਰਦਾਸ
5.21 ਪਰਮਾਤਮਾ ਅੱਗੇ ਵਿਛੋੜੇ ਵਿਚੋਂ ਕੱਢਣ ਦੀ ਅਰਦਾਸ
5.22 ਜਗਤ ਦੀ ਅਗਨੀ ਤੋਂ ਬਚਾਉਣ ਲਈ ਅਰਦਾਸ
5.23 ਮਨੁੱਖਾ ਜਨਮ ਦੀ ਸਫਲਤਾ ਸੰਬੰਧੀ ਅਰਦਾਸ
5.24 ਪਰਮਾਤਮਾ ਅੱਗੇ ਅਰਦਾਸ ਨਾਲ ਹੀ ਦੁਨਿਆਵੀ ਤ੍ਰਿਸ਼ਨਾਵਾਂ ਦਾ ਨਾਸ਼ ਹੁੰਦਾ ਹੈ
5.25 ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਅਰਦਾਸ
5.26 ਭਉਜਲ ਪਾਰ ਕਰਵਾਉਣ ਸਬੰਧੀ ਅਰਦਾਸ
5.27 ਗੁਰਮੁਖਾਂ ਦੀ ਸੰਗਤ ਕਰਵਾਉਣ ਦੀ ਅਰਦਾਸ
5.28 ਪੂਰੇ ਗੁਰੂ ਦੀ ਪ੍ਰਾਪਤੀ ਲਈ ਅਰਦਾਸ
5.29 ਗੁਰੂ ਕੋਲ ਅਧਿਆਤਮਿਕ ਰਸਤਾ ਦੱਸਣ ਦੀ ਅਰਦਾਸ
5.30 ਅਰਦਾਸ ਕਰਨ ਵਾਲਾ ਇਕੋ ਪਰਮਾਤਮਾ ਦਾ ਘਰ
5.31 ਗੁਰੂ ਦੀ ਸੇਵਾ ਕਰਨ ਦੀ ਅਰਦਾਸ
5.32 ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਅਰਦਾਸ
5.33 ਪਰਮਾਤਮਾ ਅੱਗੇ ਮਨੁੱਖਾ ਜਨਮ ਸਫਲ ਕਰਵਾਉਣ ਦੀ ਅਰਦਾਸ
5.34 ਕਾਰਜ ਵਿੱਚ ਕਾਮਯਾਬ ਕਰਵਾਉਣ ਦੀ ਅਰਦਾਸ
5.35 ਪਰਮਾਤਮਾ ਨੂੰ ਮਿਲਾਉਣ ਲਈ ਗੁਰੂ ਅੱਗੇ ਅਰਦਾਸ
5.36 ਵਿਕਾਰਾਂ ਦੀ ਦਲਦਲ ਵਿਚੋਂ ਕੱਢਣ ਦੀ ਅਰਦਾਸ
5.37 ਅਹੰਕਾਰ ਦੂਰ ਕਰਨ ਦੀ ਅਰਦਾਸ
5.38 ਅਰਦਾਸ ਪੂਰੀ ਹੋਣ ਦੀ ਅਰਦਾਸ

5.39 ਪਰਮਾਤਮਾ ਦੀ ਯਾਦ ਵਿਚ ਰਹਿਣ ਦੀ ਅਰਦਾਸ

5.40 ਰੱਬ ਨਾਲ ਇਕਮਿਕਤਾ ਸੰਬੰਧੀ ਅਰਦਾਸ

5.41 ਪਰਮਾਤਮਾ ਅੱਗੇ ਨਾਮ ਜਪਾਉਣ ਲਈ ਅਰਦਾਸ

5.42 ਪ੍ਰਭੂ ਦੇ ਪਿਆਰਿਆਂ ਦੇ ਮੇਲ ਦੀ ਅਰਦਾਸ

5.43 ਗੁਰੂ ਦੀ ਮਹਿਮਾ ਰੂਪੀ ਅਰਦਾਸ

5.44 ਸੰਸਾਰਿਕ ਅਤੇ ਅਧਿਆਤਮਿਕ ਮੰਗਾਂ ਦੀ ਅਰਦਾਸ

5.45 ਚਿੰਤਾਵਾਂ ਦੀ ਨਵਿਰਤੀ ਲਈ ਅਰਦਾਸ

5.46 ਸਦੀਵੀਂ ਸੁਖ ਲਈ ਅਰਦਾਸ

5.47 ਮੁਕਤੀ ਸੰਬੰਧੀ ਅਰਦਾਸ

5.48 ਪਰਮਾਤਮਾ ਨਾਲ ਮਿਲਾਪ ਦੀ ਅਰਦਾਸ

5.49 ਦੁੱਖਾਂ-ਕਲੇਸ਼ਾਂ ਦੇ ਨਾਸ਼ ਦੀ ਅਰਦਾਸ

5.50 ਪਰਮਾਤਮਾ ਨੂੰ ਅਰਦਾਸ ਸੁਨਾਉਣ ਸੰਬੰਧੀ

5.51 ਪਰਮਾਤਮਾ ਦੇ ਸੇਵਕਾਂ ਦੀ ਸੇਵਾ ਕਰਨ ਦੀ ਅਰਦਾਸ

5.52 ਵਿਕਾਰਾਂ ਤੋਂ ਬਚਾਉਣ ਦੀ ਅਰਦਾਸ

5.53 ਪਰਮਾਤਮਾ ਨੂੰ ਦਰਸ਼ਨ ਦੇਣ ਸੰਬੰਧੀ ਅਰਦਾਸ

5.54 ਅਰਦਾਸ ਸੁਣਵਾਉਣ ਸੰਬੰਧੀ ਅਰਦਾਸ

5.55 ਅਰਦਾਸ ਪੂਰੀ ਹੋਣ ਸੰਬੰਧੀ

5.56 ਭਗਤਾਂ ਦੀ ਬਾਣੀ ਵਿਚ ਅਰਦਾਸ

5.57 ਰੱਬੀ ਵਿਛੋੜਾ ਨਾ ਮਿਲਣ ਸੰਬੰਧੀ ਅਰਦਾਸ

5.58 ਜਨਮ ਮਰਨ ਦਾ ਗੇੜ ਮਕਾਉਣ ਸਬੰਧੀ ਅਰਦਾਸ

5.59 ਭੱਟਾਂ ਦੀ ਬਾਣੀ ਵਿੱਚ ਅਰਦਾਸ

5.60 ਗੁਰ ਸਿੱਖਾਂ ਦੀ ਬਾਣੀ ਵਿਚ ਅਰਦਾਸ

- **ਨਿਸ਼ਰਕਸ਼**
- **ਪੁਸਤਕ-ਸੂਚੀ**

# ਧੰਨਵਾਦ

ਮੈਂ ਸਭ ਤੋਂ ਪਹਿਲਾਂ ਉਸ ਅਕਾਲ ਪੁਰਖ ਦਾ ਧੰਨਵਾਦੀ ਹਾਂ ਜਿਸ ਨੇ ਆਪਣੀ ਮਿਹਰ ਸਦਕਾ ਮੈਨੂੰ ਇਸ ਖੋਜ-ਕਾਰਜ ਦੇ ਯੋਗ ਬਣਾਇਆ।ਮੈਂ ਆਪਣੇ ਮਾਤਾ-ਪਿਤਾ ਦਾ ਵੀ ਧੰਨਵਾਦੀ ਹਾਂ ਜਿੰਨ੍ਹਾਂ ਦੀਆਂ ਅਸੀਸਾਂ ਅਤੇ ਆਸਾਂ ਸਦਕਾ ਮੈਂ ਇੱਥੋਂ ਤੱਕ ਪਹੁੰਚਣ ਦੇ ਕਾਬਿਲ ਹੋਇਆਂ। ਮੈਂ ਆਪਣੀ ਜੀਵਨ ਸਾਥਣ ਗੁਰਪ੍ਰੀਤ ਕੌਰ ਅਤੇ ਬੇਟੇ ਗੁਨੀਤਪਾਲ ਸਿੰਘ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਸਮੇਂ-ਸਮੇਂ ਮੈਨੂੰ ਇਸ ਖੋਜ-ਕਾਰਜ ਨੂੰ ਸੰਪੂਰਨ ਕਰਨ ਲਈ ਪ੍ਰੇਰਿਤ ਕੀਤਾ।

ਮੈਂ ਆਪਣੇ ਗਾਈਡ ਡਾ. ਮਨਵਿੰਦਰ ਸਿੰਘ ਦਾ ਧੰਨਵਾਦੀ ਹਾਂ ਜਿੰਨ੍ਹਾਂ ਨੇ ਉਤਸ਼ਾਹਿਤ ਅਤੇ ਪ੍ਰੇਰਨਾਦਾਇਕ ਮਾਹੌਲ ਵਿਚ ਮੈਥੋਂ ਇਹ ਖੋਜ-ਕਾਰਜ ਸੰਪੂਰਨ ਕਰਵਾਇਆ। ਮੈਂ ਗੁਰੂ ਨਾਨਕ ਅਧਿਐਨ ਵਿਭਾਗ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਹਿਬ ਅਧਿਐਨ ਕੇਂਦਰ ਦੇ ਟੀਚਿੰਗ ਅਤੇ ਨਾਨ- ਟੀਚਿੰਗ ਸਟਾਫ ਵੱਲੋਂ ਦਿੱਤੇ ਸਹਿਯੋਗ ਦਾ ਵੀ ਆਭਾਰੀ ਹਾਂ।ਮੈਂ ਭਾਈ ਗੁਰਦਾਸ ਲਾਇਬ੍ਰੇਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ ਦੇ ਲਾਇਬ੍ਰੇਰੀ ਸਟਾਫ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਖੋਜ-ਕਾਰਜ ਨਾਲ ਸੰਬੰਧਤ ਪੁਸਤਕਾਂ ਮੁਹੱਈਆ ਕਰਵਾਈਆਂ। ਅੰਤ ਵਿਚ ਮੈਂ ਆਪਣੇ ਦੋਸਤ ਡਾ. ਜੋਗਿੰਦਰ ਸਿੰਘ ਦਾ ਬੜਾ ਮਸ਼ਕੂਰ ਹਾਂ ਜਿਨ੍ਹਾਂ ਨੇ ਖੋਜ-ਕਾਰਜ ਨਾਲ ਸੰਬੰਧਤ ਹਰ ਪ੍ਰਕਾਰ ਦੀ ਸਹਾਇਤਾ ਕੀਤੀ।

# ਭੂਮਿਕਾ

ਅਰਦਾਸ ਦਾ ਸੰਕਲਪ ਹਰ ਧਰਮ ਵਿਚ ਕਿਸੇ ਨਾ ਕਿਸੇ ਰੂਪ ਵਿੱਚ ਮੌਜੂਦ ਹੈ। ਇਸਨੂੰ ਪ੍ਰਾਰਥਨਾ, ਪ੍ਰੇਅਰ ਜਿਹੇ ਅਨੇਕਾਂ ਸ਼ਬਦਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ। ਵਿਦਵਾਨਾਂ ਨੇ ਧਰਮ ਦੇ ਹੋਂਦ ਵਿੱਚ ਆਉਣ ਦੇ ਜੋ ਮੁੱਢਲੇ ਰੂਪ ਦਰਸਾਏ ਹਨ ਜਿਵੇਂ ਟੋਟਮ, ਟੈਬੂ, ਮਾਨਾ, ਸਪਿਰਟ, ਆਦਿ ਵਿੱਚ ਅਰਦਾਸ ਦਾ ਸਰੂਪ ਕਿਸੇ ਨਾ ਕਿਸੇ ਰੂਪ ਵਿੱਚ ਮਿਲਦਾ ਹੈ। ਅਰਦਾਸ ਹਰ ਧਰਮ ਦਾ ਮੁੱਖ ਅੰਗ ਹੈ, ਜਿਹੜੀ ਕਿ ਕਿਸੇ ਵੀ ਧਰਮ ਦੇ ਸ਼ਰਧਾਲੂ ਦੀ ਅੰਤਰ-ਆਤਮਾ ਦਾ ਸੰਬੰਧ ਉਸ ਪ੍ਰਮਾਤਮਾ ਨਾਲ ਜੋੜਨ ਦਾ ਕੰਮ ਕਰਦੀ ਹੈ। ਮਨੁੱਖ ਅਤੇ ਪ੍ਰਮਾਤਮਾ ਵਿਚਕਾਰ ਜੋ ਦੂਰੀ ਹੁੰਦੀ ਹੈ, ਅਰਦਾਸ ਉਸ ਦੂਰੀ ਨੂੰ ਮਿਟਾਉਣ ਦਾ ਕਾਰਜ ਕਰਦੀ ਹੈ। ਅਰਦਾਸ ਮਨੁੱਖ ਦੀ ਨਿੱਜੀ ਗੱਲਬਾਤ ਹੈ, ਜਿਹੜੀ ਕਿ ਉਹ ਆਪਣੇ ਇਸ਼ਟ ਨਾਲ ਖੁਦ ਅਰਦਾਸ ਦੇ ਰੂਪ ਵਿਚ ਸਾਂਝੀ ਕਰਦਾ ਹੈ, ਜੋ ਕਿ ਪ੍ਰਸ਼ੰਸਾ ਵਿੱਚ, ਸ਼ੁਕਰਾਨੇ ਵਜੋਂ, ਕੁਝ ਮੰਗਣ ਲਈ ਜਾਂ ਹੋਰ ਅਨੇਕਾਂ ਸੁਭਾਵਨਾਵਾਂ ਨਾਲ ਕੀਤੀ ਜਾਂਦੀ ਹੈ। ਅਰਦਾਸ ਵਿੱਚ ਭਾਵਨਾਵਾਂ ਦਾ ਹੋਣਾ ਬਹੁਤ ਜ਼ਰੂਰੀ ਹੈ, ਇਹ ਕੇਵਲ ਸ਼ਬਦਾਂ ਤੱਕ ਹੀ ਸੀਮਿਤ ਨਹੀ ਹੁੰਦੀ। ਜਦੋਂ ਮਨੁੱਖ ਪ੍ਰਮਾਤਮਾ ਅੱਗੇ ਜਾਂ ਆਪਣੇ ਕਿਸੇ ਖਾਸ ਦੇਵੀ ਦੇਵਤੇ ਅੱਗੇ ਅਰਦਾਸ ਕਰਦਾ ਹੈ, ਉਸਨੂੰ ਵਿਸ਼ਵਾਸ਼ ਹੁੰਦਾ ਹੈ ਕਿ ਮੇਰੀ ਅਰਦਾਸ ਸੁਣੀ ਜਾ ਰਹੀ ਹੈ, ਜੇ ਇਹ ਵਿਸ਼ਵਾਸ਼ ਨਾ ਹੋਵੇ ਤਾਂ ਸਮਝੋ ਅਰਦਾਸ ਹੋ ਨਹੀਂ ਸਕਦੀ। ਅਰਦਾਸ ਭਾਵੇਂ ਸ਼ਬਦਾਂ ਰਾਹੀਂ ਕੀਤੀ ਜਾਂਦੀ ਹੈ ਪਰ ਅਸਲ ਵਿੱਚ ਇਹ ਮਨੁੱਖ ਦੀਆਂ ਅੰਦਰੂਨੀ ਭਾਵਨਾਵਾਂ ਦਾ ਖੁਲਾਸਾ ਹੁੰਦਾ ਹੈ। ਦਿਲੋਂ ਨਿਕਲੇ ਅਰਦਾਸ ਦੇ ਸ਼ਬਦ ਹੀ ਪ੍ਰਮਾਤਮਾ ਦੇ ਘਰ ਤੱਕ ਪਹੁੰਚਦੇ ਹਨ। ਅਜਿਹੀ ਅਰਦਾਸ ਨਾ ਕਰਮ-ਕਾਂਡੀ ਹੁੰਦੀ ਹੈ ਅਤੇ ਨਾ ਹੀ ਕਿਸੇ ਖਾਸ ਭਾਸ਼ਾ ਵਿੱਚ ਬੱਝਦੀ ਹੈ। ਅਰਦਾਸ ਦਾ ਜ਼ਰੂਰੀ ਤੱਤ ਸਮਰਪਣ, ਵਿਸ਼ਵਾਸ਼ ਅਤੇ ਪ੍ਰੇਮ ਹੈ। ਅਰਦਾਸ ਰੱਬ ਅਤੇ ਆਤਮਾ ਵਿਚਕਾਰ ਪੁਲ ਦਾ ਕੰਮ ਕਰਦੀ ਹੈ। ਅਰਦਾਸ ਤੋਂ ਬਿਨਾ ਕੋਈ ਵੀ ਮਨੁੱਖ ਰੱਬ ਤੱਕ ਪਹੁੰਚ ਸਥਾਪਿਤ ਨਹੀ ਕਰ ਸਕਦਾ। ਅਰਦਾਸ ਰਾਹੀਂ ਹੀ ਮਨੁੱਖ ਦੀ ਅਵਸਥਾ ਪ੍ਰਮਾਤਮਾ ਤੱਕ ਪਹੁੰਚਦੀ ਹੈ।

ਅਰਦਾਸ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਜਿਸਦੀ ਜੜ੍ਹ ਅਰਦੰ ਅਤੇ ਆਸ ਵਿੱਚ ਹੈ। ਅਰਦੰ ਦਾ ਅਰਥ ਹੈ ਪੁੱਛਣਾ, ਮੰਗਣਾ, ਪ੍ਰਾਰਥਨਾ ਕਰਨੀ ਅਤੇ ਆਸ ਦਾ ਅਰਥ ਹੈ ਇੱਛਾ, ਆਸ ਅਤੇ ਖ਼ਾਹਿਸ਼। ਅਰਦਾਸ ਦਾ ਸੰਬੰਧ ਫ਼ਾਰਸੀ ਭਾਸ਼ਾ ਨਾਲ ਵੀ ਜੋੜਿਆ ਜਾਂਦਾ ਹੈ। ਇਹ ਸ਼ਬਦ ਫ਼ਾਰਸੀ ਦੇ ਸ਼ਬਦ ਅਰਜ਼ਦਾਸ਼ਤ ਤੋਂ ਆਇਆ ਮੰਨਿਆ ਗਿਆ ਹੈ ਜਿਸਦੇ ਅਰਥ ਹਨ ਪ੍ਰਾਰਥਨਾ, ਬੇਨਤੀ ਅਤੇ ਬਿਨਯ। ਅਰਦਾਸ ਦਾ ਇਹਨਾਂ ਦੋਹਾਂ ਪੁਰਾਤਨ ਭਾਸ਼ਾਵਾਂ ਦੇ ਨਾਲ ਸੰਬੰਧ ਹੋਣ ਕਰਕੇ ਇਸਦੀ ਮਹੱਤਤਾ ਦੇ ਹੋਰ ਪਹਿਲੂ ਵੀ ਉਜਾਗਰ ਹੁੰਦੇ ਹਨ। ਭਾਵ ਕਿ ਦੁਨੀਆਂ ਦੇ ਹਰ ਇੱਕ ਧਰਮ ਵਿਚ ਅਰਦਾਸ ਆਪਣੀ ਸੁਤੰਤਰ ਹਸਤੀ ਤਾਂ ਰੱਖਦੀ ਹੀ ਹੈ ਪਰ ਨਾਲ ਹੀ ਇਹ ਗੱਲ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਅਰਦਾਸ ਹਰ ਇੱਕ ਧਰਮ ਦੀ ਮੂਲ ਆਤਮਾ ਵੀ ਹੈ। ਹਰ ਇੱਕ ਧਾਰਮਿਕ ਸਖ਼ਸ਼ੀਅਤ ਅਤੇ ਉਸ ਧਰਮ ਨੂੰ ਮੰਨਣ ਵਾਲੇ ਕਿਸੇ ਨਾ ਕਿਸੇ ਰੂਪ ਵਿੱਚ ਅਰਦਾਸ ਰਾਹੀਂ ਹੀ ਆਪਣੀ ਬੰਦਗੀ ਜਾਂ ਅਧਿਆਤਮਿਕ ਮੰਜ਼ਿਲ ਦੀ ਸੰਪੂਰਨਤਾ ਲਈ ਆਪਣੇ ਇਸ਼ਟ ਅੱਗੇ ਸਿਜਦੇ ਵਿੱਚ ਖੜ੍ਹੇ ਹੁੰਦੇ ਹਨ।

ਅਰਦਾਸ ਮਨੁੱਖ ਨੂੰ ਬੁਰਾਈਆਂ ਤੋਂ ਦੂਰ ਰੱਖਦੀ ਹੈ ਅਤੇ ਆਪਣੇ ਅੰਤਿਮ ਨਿਸ਼ਾਨੇ ਵੱਲ ਵੱਧਣ ਲਈ ਪ੍ਰੇਰੇਦੀ ਹੈ। ਅਰਦਾਸ ਮਨੁੱਖ ਨੂੰ ਦਿੱਬਤਾ ਦਾ ਅਹਿਸਾਸ ਕਰਵਾਉਂਦੀ ਹੈ ਅਤੇ ਨਾਲ ਹੀ ਮਨੁੱਖ ਨੂੰ ਨੈਤਿਕ ਕਦਰਾਂ-ਕੀਮਤਾਂ ਅਤੇ ਅਧਿਆਤਮਿਕ ਸੰਪੂਰਨਤਾ ਵੀ ਬਖਸ਼ਦੀ ਹੈ। ਅਰਦਾਸ ਮਨੁੱਖਾਂ ਵਿੱਚ ਹਰ ਤਰ੍ਹਾਂ ਦੀ ਊਚ-ਨੀਚ, ਰੰਗ, ਨਸਲ, ਵਰਣ ਆਦਿ ਦਾ ਭੇਦ ਮਿਟਾ ਕੇ ਏਕਤਾ ਪ੍ਰਦਾਨ ਕਰਦੀ ਹੈ ਜੋ ਕਿ ਸਮਾਜ ਵਿੱਚ ਰਹਿਣ ਦਾ ਮਹੱਤਵਪੂਰਨ ਆਧਾਰ ਹੈ।

ਅਰਦਾਸ ਹਰ ਧਰਮ ਵਿੱਚ ਉਸੇ ਤਰ੍ਹਾਂ ਹੈ ਜਿਵੇਂ ਸਰੀਰ ਵਿੱਚ ਆਤਮਾ। ਜਿੱਥੇ ਅਰਦਾਸ ਦੀ ਹੋਂਦ ਨਹੀ ਸਮਝੋ ਉੱਥੇ ਆਤਮਾ ਦੀ ਸ਼ੁੱਧਤਾ ਨਹੀਂ ਹੋ ਸਕਦੀ। ਅਰਦਾਸ ਬਿਨਾਂ ਮਨੁੱਖ ਆਤਮਹੀਣ ਹੋ ਜਾਂਦਾ ਹੈ। ਅਰਦਾਸ ਕਰਨ ਵਾਲਾ ਮਨੁੱਖ, ਮਨੁੱਖਤਾ ਨਾਲ ਬਿਨਾਂ ਕਿਸੇ ਲਾਲਚ ਤੋਂ ਪਿਆਰ ਕਰਦਾ ਹੈ ਅਤੇ ਹਰ ਇੱਕ ਨਾਲ ਹਮਦਰਦੀ ਭਰਿਆ ਵਰਤਾਉ ਕਰਦਾ ਹੈ। ਜਿਹੜੇ ਤਰੀਕੇ ਨਾਲ ਅਰਦਾਸ ਕੀਤੀ ਜਾਂਦੀ ਹੈ ਅਤੇ ਜਿਹੜੇ ਸ਼ਬਦ ਸੰਬੋਧਨੀ ਹੁੰਦੇ ਹਨ ਉਹ ਧਰਮ ਦੀ ਮੂਲ ਭਾਵਨਾ ਨੂੰ ਪੇਸ਼ ਕਰਦੇ ਹਨ ਜੋ ਕਿ ਰੱਬ ਅਤੇ ਮਨੁੱਖ ਵਿਚਕਾਰ ਸੰਬੰਧਾਂ ਨੂੰ ਦਰਸਾਉਂਦੇ ਹਨ।

ਇਸ ਖੋਜ-ਕਾਰਜ ਵਿੱਚ ਵਿਸ਼ਵ ਦੇ ਪ੍ਰਮੁੱਖ ਧਰਮਾਂ ਵਿਚ ਆਈ ਅਰਦਾਸ ਦਾ ਅਧਿਐਨ ਕੀਤਾ ਗਿਆ ਹੈ ਜਿਵੇਂ ਕਿ ਵੈਦਿਕ ਧਰਮ, ਬੁੱਧ ਧਰਮ, ਜੈਨ ਧਰਮ, ਯਹੂਦੀ ਧਰਮ, ਈਸਾਈ ਧਰਮ, ਇਸਲਾਮ ਧਰਮ ਅਤੇ ਪ੍ਰਮੁੱਖ ਰੂਪ ਵਿੱਚ ਸਿੱਖ ਧਰਮ ਵਿੱਚ ਆਏ ਅਰਦਾਸ ਦੇ ਸੰਕਲਪ ਦਾ ਅਧਿਐਨ ਕੀਤਾ ਗਿਆ ਹੈ। ਵੈਦਿਕ ਧਰਮਾਂ ਵਿੱਚ ਪੂਜਾ, ਬਲੀ ਅਤੇ ਹਵਨ ਦੀ ਰੀਤ ਪਾਈ ਜਾਂਦੀ ਹੈ ਜਿਸ ਰਾਹੀਂ ਦੇਵਤਿਆਂ ਨੂੰ ਅਰਾਧਿਆ ਜਾਂਦਾ ਹੈ ਤੇ ਉਨ੍ਹਾਂ ਦੀ ਖੁਸ਼ੀ ਹਾਸਿਲ ਕਰਨ ਲਈ ਹਵਨ ਸਮੱਗਰੀ ਦਿੱਤੀ ਜਾਂਦੀ ਹੈ। ਦੇਵਤਿਆਂ ਨੂੰ ਅਰਾਧਣ ਦੀ ਇਹ ਪ੍ਰਕ੍ਰਿਆ ਅਰਦਾਸ ਦਾ ਹੀ ਰੂਪ ਹੈ ਜਿਸ ਰਾਹੀਂ ਮਨੋਕਾਮਨਾਵਾਂ ਦੀ ਪੂਰਤੀ ਕੀਤੀ ਜਾਂਦੀ ਹੈ। ਭਾਵੇਂ ਕਿ ਬੁੱਧ ਅਤੇ ਜੈਨ ਧਰਮ ਆਪਣੇ ਆਪਨੂੰ ਗੈਰ ਈਸ਼ਰਵਾਦੀ ਘੋਸ਼ਿਤ ਕਰਦੇ ਹਨ ਪਰ ਅਰਦਾਸ ਦਾ ਰੂਪ ਇਹਨਾਂ ਧਰਮਾਂ ਵਿਚ ਵੀ ਕਿਸੇ ਨਾ ਕਿਸੇ ਰੂਪ ਵਿੱਚ ਸਾਹਮਣੇ ਆ ਹੀ ਜਾਂਦਾ ਹੈ। ਸਾਮੀ ਧਰਮਾਂ ਵਿੱਚੋਂ ਯਹੂਦੀ ਧਰਮ ਵਿੱਚ ਵੱਖ-ਵੱਖ ਪੈਗੰਬਰਾਂ ਵੱਲੋਂ ਵੱਖ-ਵੱਖ ਸਮੇਂ ਪਰਮਾਤਮਾ ਅੱਗੇ ਅਰਦਾਸ ਕਰਨ ਦਾ ਜ਼ਿਕਰ ਮਿਲਦਾ ਹੈ। ਜੇ ਈਸਾਈ ਧਰਮ ਵਿੱਚ ਪ੍ਰੇਅਰ ਨੂੰ ਇਸ ਧਰਮ ਦੀ ਰੀੜ੍ਹ ਦੀ ਹੱਡੀ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਇਸੇ ਤਰ੍ਹਾਂ ਇਸਲਾਮ ਦੀਆਂ ਪੰਜ ਨਮਾਜ਼ਾਂ ਅੱਲਾਹ ਦੇ ਸਾਹਮਣੇ ਅਰਦਾਸ ਦਾ ਹੀ ਰੂਪ ਹਨ। ਜੇ ਸਿੱਖ ਪੰਥ ਦੀ ਗੱਲ ਕਰੀਏ ਤਾਂ ਗੁਰੂ ਨਾਨਕ ਦੇਵ ਦੇ ਆਗਮਨ ਨਾਲ ਇਸਦਾ ਆਰੰਭ ਹੋਇਆ, ਸਿੱਖ ਧਰਮ ਵਿੱਚ ਮੁੱਢ ਤੋਂ ਲੈ ਕੇ ਮੌਜੂਦਾ ਸਮੇਂ ਵਿਚ ਹਰ ਇਕ ਕਾਰਜ ਲਈ ਅਰਦਾਸ ਦਾ ਹੀ ਆਸਰਾ ਲਿਆ ਜਾਂਦਾ ਹੈ। ਇਸ ਲਈ ਸਮੂਹਿਕ ਅਤੇ ਵਿਅਕਤੀਗਤ ਅਰਦਾਸ ਦੇ ਰੂਪ ਵਿਸ਼ਵ ਧਰਮਾਂ ਵਿੱਚੋਂ ਆਪ ਮੁਹਾਰੇ ਉਭਰਦੇ ਹਨ

।

ਅਰਦਾਸ ਵਰਗੇ ਮਹੱਤਵਪੂਰਨ ਵਿਸ਼ੇ 'ਤੇ ਕੋਈ ਪੀਐੱਚ.ਡੀ. ਵਰਗਾ ਖੋਜ-ਕਾਰਜ ਸਾਡੀ ਨਜ਼ਰੀਂ ਨਹੀਂ ਪਿਆ ਜਿਸ ਕਾਰਣ ਇਸ ਵਿਸ਼ੇ ਨੂੰ ਖੋਜ ਦਾ ਆਧਾਰ ਬਣਾਇਆ ਗਿਆ ਹੈ। ਕਿਉਂਕਿ ਧਰਮ ਦੀ ਦੁਨੀਆਂ ਵਿਚ ਅਰਦਾਸ ਦੀ ਬੜੀ ਅਹਿਮੀਅਤ ਹੈ। ਧਰਤੀ ਦੀ ਸਾਜਨਾ ਤੋਂ ਲੈ ਕੇ ਹੁਣ ਤੱਕ ਮਨੁੱਖ ਜਦੋਂ ਕਿਸੇ ਔਕੜ ਵਿਚ ਹੁੰਦਾ ਹੈ ਉਹ ਕਿਸੇ ਅਦਿੱਖ ਸ਼ਕਤੀ ਅੱਗੇ ਬੰਦ ਖਲਾਸੀ ਲਈ ਪੁਕਾਰ ਕਰਦਾ ਹੈ, ਜ਼ਰੂਰੀ ਨਹੀਂ ਕਿ ਉਹ ਕਿਸੇ ਮਰਯਾਦਾ ਵਿਚ ਖਲੋ ਕੇ ਜਾਂ ਕੋਈ ਨਿਯਮਤ ਬੋਲ ਹੀ ਬੋਲੇ, ਬਹੁਤੀ ਵਾਰ 'ਤੇ ਅਰਦਾਸ ਨੂੰ ਬੋਲ ਵੀ ਨਸੀਬ ਨਹੀਂ ਹੁੰਦੇ ਸਗੋਂ ਇਹ ਤਾਂ ਸੁੱਤੇ ਸਿੱਧ ਦੁਖੀ ਮਨ 'ਚੋਂ ਨਿਕਲਦੀ ਹੈ, ਜਿਹੜੀ ਕਿ ਰੱਬ ਦੇ ਘਰ ਅਵੱਸ਼ ਸੁਣੀ ਜਾਂਦੀ ਹੈ ਅਤੇ ਉਸਨੂੰ ਰਾਹਤ ਵੀ ਦਿੰਦੀ ਹੈ। ਵਿਸ਼ੇ ਦੀ ਵਿਸ਼ਾਲਤਾ ਅਤੇ ਧਰਮ-ਗ੍ਰੰਥਾਂ ਦੇ ਡੂੰਘੇ ਅਨੁਭਵ ਨੂੰ ਖੋਜ-ਕਾਰਜ ਵਿਚ ਪੇਸ਼ ਕਰਨਾ ਔਖਾ ਕਾਰਜ ਹੈ। ਇਸੇ ਕਾਰਣ ਧਰਮ-ਗ੍ਰੰਥਾਂ ਵਿਚ ਆਈਆਂ ਅਰਦਾਸਾਂ ਨੂੰ ਹੀ ਸਿੱਧੇ ਤੌਰ 'ਤੇ ਖੋਜ-ਕਾਰਜ ਦੀ ਸਮੱਗਰੀ ਵਜੋਂ ਆਧਾਰ ਬਣਾਇਆ ਗਿਆ ਹੈ।

ਇਸ ਖੋਜ-ਕਾਰਜ ਦੇ ਪੰਜ ਅਧਿਆਇ ਬਣਾਏ ਗਏ ਹਨ ਜਿਸ ਵਿਚ ਸਭ ਤੋਂ ਪਹਿਲਾ ਅਧਿਆਇ 'ਅਰਦਾਸ: ਅਰਥ, ਪਰਿਭਾਸ਼ਾ ਅਤੇ ਪ੍ਰਕਿਰਤੀ' ਹੈ ਜਿਸ ਵਿਚ ਅਰਦਾਸ ਸ਼ਬਦ ਦੀ ਬਣਤਰ ਭਾਵ ਅਰਦਾਸ ਸ਼ਬਦ ਕਿਹੜੇ ਸ਼ਬਦਾਂ ਤੋਂ ਹੋਂਦ ਵਿਚ ਆਇਆ, ਇਸਦਾ ਪਿਛੋਕੜ ਕੀ ਹੈ? ਇਸਦਾ ਇਹ ਰੂਪ ਕਿੰਝ ਬਣਿਆ, ਜਿਹੇ ਵਿਚਾਰਾਂ ਨੂੰ ਬਿਆਨ ਕੀਤਾ ਹੈ। ਦੂਜਾ ਅਰਦਾਸ ਨਾਲ ਰਲਦੇ-ਮਿਲਦੇ ਸ਼ਬਦ, ਵੱਖ-ਵੱਖ ਬੋਲੀਆਂ, ਧਰਮਾਂ ਵਿਚ ਕਿਹੜੇ-ਕਿਹੜੇ ਹਨ, ਨੂੰ ਉਭਾਰਿਆ ਗਿਆ ਹੈ। ਇਸਦੇ ਨਾਲ ਹੀ ਅਰਦਾਸ ਦਾ ਜੋ ਸੰਕਲਪ ਵੱਖ-ਵੱਖ ਧਰਮਾਂ ਵਿਚ ਪਾਇਆ ਜਾਂਦਾ ਹੈ ਉਸ ਨੁਕਤੇ ਨੂੰ ਵੀ ਧਿਆਨ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਅਲੱਗ-ਅਲੱਗ ਵਿਦਵਾਨਾਂ ਦੇ ਅਰਦਾਸ ਸੰਬੰਧੀ ਵਿਚਾਰਾਂ ਰਾਹੀਂ ਖੋਜ-ਕਾਰਜ ਦੇ ਅਹਿਮ ਪੱਖਾਂ ਨੂੰ ਉਭਾਰਨ ਦਾ ਯਤਨ ਕੀਤਾ ਗਿਆ ਹੈ। ਇਹ ਅਧਿਆਇ ਖੋਜ-ਕਾਰਜ ਦੀ ਭੂਮਿਕਾ ਵਜੋਂ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਅਧਿਆਇ ਰਾਹੀਂ ਇਸ ਵਿਸ਼ੇ ਦੀ ਸਾਰਥਕਤਾ ਅਤੇ ਮਹੱਤਤਾ ਉਜਾਗਰ ਹੁੰਦੀ ਹੈ ਜਿਸ ਨਾਲ ਖੋਜ-ਕਾਰਜ ਨੂੰ ਅਗਲੇ ਪੜਾਵਾਂ ਵਿਚ ਵਧਣ ਲਈ ਵੀ ਮੱਦਦ ਮਿਲਦੀ ਹੈ।

ਇਸ ਖੋਜ-ਕਾਰਜ ਦਾ ਦੂਜਾ ਅਧਿਆਇ 'ਅਰਦਾਸ: ਪ੍ਰਾਪਤ ਅਧਿਐਨ ਅਤੇ ਮੁਲਾਂਕਣ' ਬਣਾਇਆ ਗਿਆ ਹੈ। ਜੋ ਕਿ ਹਥਲੇ ਖੋਜ-ਕਾਰਜ ਲਈ ਆਧਾਰ ਸਮੱਗਰੀ ਦੀ ਜਾਣਕਾਰੀ ਦਿੰਦਾ ਹੈ। ਇਸ ਵਿਚ ਉਹਨਾਂ ਪੁਸਤਕਾਂ ਦਾ ਜ਼ਿਕਰ ਕੀਤਾ ਗਿਆ ਹੈ। ਜਿਹੜੀਆ ਸਿੱਧੇ ਤੌਰ 'ਤੇ ਇਸ ਵਿਸ਼ੇ ਨਾਲ ਸੰਬੰਧਿਤ ਹਨ ਅਤੇ ਉਹਨਾਂ ਪੁਸਤਕਾਂ ਦਾ ਵੀ ਜਿੰਨ੍ਹਾਂ ਵਿਚ ਇਸ ਵਿਸ਼ੇ ਨਾਲ ਸੰਬੰਧਿਤ ਕੋਈ ਇਕ ਜਾਂ ਦੋ ਲੇਖ ਸ਼ਾਮਿਲ ਹਨ। ਇਸ ਵਿਚ ਪੰਜਾਬੀ, ਹਿੰਦੀ, ਅੰਗਰੇਜ਼ੀ ਦੀਆਂ ਪੁਸਤਕਾਂ ਦੇ ਨਾਲ-ਨਾਲ ਮੈਗਜ਼ੀਨ, ਜਰਨਲ, ਖੋਜ-ਪ੍ਰਬੰਧ, ਖੋਜ-ਨਿਬੰਧ ਆਦਿ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਜਿਸ ਨਾਲ ਭਵਿੱਖ ਵਿਚ ਇਸ ਵਿਸ਼ੇ ਤੇ ਜਾਣਕਾਰੀ ਲੈਣ ਵਾਲੇ ਖੋਜਾਰਥੀਆਂ ਨੂੰ ਅਰਦਾਸ ਵਿਸ਼ੇ ਨਾਲ ਸੰਬੰਧਿਤ ਪੁਸਤਕਾਂ ਦੀ ਜਾਣਕਾਰੀ ਮਿਲੇਗੀ। ਇੰਨ੍ਹਾ ਹੀ ਨਹੀਂ ਇਸ ਅਧਿਆਇ ਵਿਚ ਹਰ ਇਕ ਪੁਸਤਕ ਦੇ ਲੇਖਕ, ਸੰਪਾਦਕ,

ਪਬਲਿਸ਼ਰਜ਼, ਪਬਿਲਸ਼ਿੰਗ ਸ਼ਹਿਰ ਅਤੇ ਪੁਸਤਕ ਦੇ ਛਪਣ ਦੇ ਸੰਨ ਦਾ ਵੀ ਜ਼ਿਕਰ ਕੀਤਾ ਹੈ। ਇਸਦੇ ਨਾਲ ਹੀ ਉਹਨਾਂ ਪੁਸਤਕਾਂ ਦਾ ਬਣਦਾ ਮੁਲਾਂਕਣ ਵੀ ਕੀਤਾ ਗਿਆ ਹੈ ਕਿ ਇਸ ਪੁਸਤਕ ਜਾਂ ਲੇਖ ਵਿਚ ਕਰਤਾ ਨੇ ਇਸ ਵਿਸ਼ੇ ਤੇ ਕੀ ਜਾਣਕਾਰੀ ਦਿੱਤੀ ਹੈ। ਕਿਉਂਕਿ ਜਿਹੜਾ ਵਿਸ਼ਾ ਖੋਜ-ਕਾਰਜ ਲਈ ਚੁਣਿਆ ਜਾਂਦਾ ਹੈ ਉਸ ਵਿਸ਼ੇ ਤੇ ਪਹਿਲਾਂ ਹੋ ਚੁਕੇ ਕਾਰਜ ਨੂੰ ਧਿਆਨ ਵਿਚ ਰੱਖਣਾ ਬੜਾ ਜ਼ਰੂਰੀ ਹੁੰਦਾ ਹੈ।

ਤੀਜਾ ਅਧਿਆਇ 'ਭਾਰਤੀ ਧਰਮਾਂ ਵਿਚ ਅਰਦਾਸ ਦਾ ਸੰਕਲਪ' ਹੈ। ਜਿਸ ਵਿਚ ਹਿੰਦੂ ਧਰਮ, ਜੈਨ ਧਰਮ ਅਤੇ ਬੁੱਧ ਧਰਮ ਨੂੰ ਪ੍ਰਮੁੱਖ ਰੂਪ ਵਿਚ ਵਿਚਾਰਿਆ ਗਿਆ ਹੈ। ਹਿੰਦੂ ਧਰਮ ਵਿਚ ਵੇਦਾਂ ਨੂੰ ਆਧਾਰ ਬਣਾ ਕੇ ਉਹਨਾਂ ਵਿਚ ਵੱਖ-ਵੱਖ ਦੇਵੀ ਦੇਵਤਿਆਂ ਸਾਹਮਣੇ ਕੀਤੀਆਂ ਗਈਆਂ ਪ੍ਰਾਰਥਨਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸਦੇ ਨਾਲ ਹੀ ਉਹਨਾਂ ਪ੍ਰਾਰਥਨਾਵਾਂ ਵਿਚ ਜੋ ਮੁੱਖ ਮੰਗਾਂ ਕੀਤੀਆਂ ਗਈਆਂ ਹਨ ਉਹਨਾਂ ਨੂੰ ਸਿਰਲੇਖ ਦੇ ਕੇ ਉਭਾਰਨ ਦਾ ਯਤਨ ਕੀਤਾ ਗਿਆ ਹੈ। ਇਸ ਵਿਚ ਰਿਗਵੇਦ, ਮੁੱਖ ਤੌਰ ਤੇ ਸ਼ਾਮਿਲ ਹੋਇਆ ਹੈ ਕਿਉਂਕੀ ਵਿਦਵਾਨ ਇਸਨੂੰ ਮੁਢਲਾ ਵੇਦ ਮੰਨਦੇ ਹਨ। ਇਸ ਕਰਕੇ ਜੋ ਪ੍ਰਾਰਥਨਾਵਾਂ ਇਸ ਵਿੱਚ ਆ ਗਈਆਂ ਹਨ ਉਹਨਾਂ ਦਾ ਵਿਸਥਾਰ ਹੀ ਅਗਲੇ ਵੇਦਾਂ ਵਿਚ ਹੋਇਆ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਧਾਰਮਿਕ ਗ੍ਰੰਥਾਂ ਦੇ ਆਰੰਭ ਵੇਲੇ ਜੋ ਮੰਗਲਾਚਰਣ ਰੂਪ ਵਿਚ ਪ੍ਰਾਰਥਨਾਵਾਂ ਕੀਤੀਆਂ ਜਾਂਦੀਆ ਹੈ ਉਸਦੀਆਂ ਵੀ ਕੁਝ ਉਦਾਹਰਨਾਂ ਨੂੰ ਪੇਸ਼ ਕੀਤਾ ਗਿਆ ਹੈ। ਕਿਉਂਕਿ ਹਿੰਦੂ ਧਰਮ ਦੀ ਵਿਸ਼ਾਲਤਾ ਨੂੰ ਮੁੱਖ ਰੱਖਦਿਆਂ ਅਤੇ ਖੋਜ-ਕਾਰਜ ਦੀ ਸੀਮਾ ਨੂੰ ਧਿਆਨ ਵਿਚ ਰੱਖਦਿਆਂ ਅਜਿਹਾ ਕਰਨਾ ਜ਼ਰੂਰੀ ਸਮਝਿਆ ਗਿਆ ਹੈ। ਇਸ ਅਧਿਆਇ ਵਿਚ ਜੈਨ ਧਰਮ ਅਤੇ ਬੁੱਧ ਧਰਮ ਵਿਚ ਆਈਆਂ ਪ੍ਰਾਰਥਨਾਵਾਂ ਨੂੰ ਵੀ ਵਿਚਾਰਨ ਦਾ ਯਤਨ ਕੀਤਾ ਗਿਆ ਹੈ।ਭਾਵੇਂ ਕਿ ਇਹ ਧਰਮ ਰੱਬ ਦੀ ਹੋਂਦ ਵਿਚ ਵਿਸ਼ਵਾਸ਼ ਨਹੀਂ ਕਰਦੇ ਪਰ ਕਿਸੇ ਨਾ ਕਿਸੇ ਰੂਪ ਵਿਚ ਅਰਦਾਸ ਦੀ ਕ੍ਰਿਆ ਨੂੰ ਨਿਭਾਉਂਦੇ ਹਨ। ਉਦਾਹਰਣ ਵਜੋਂ ਜੈਨੀਆਂ ਦੀਆਂ ਪੰਜ ਅਰਦਾਸਾਂ (ਮਹਾਂਮੰਤਰ ਨਵਕਾਰ) ਜੋ ਕਿ ਮਹਾਨ ਸਖਸ਼ੀਅਤਾਂ ਅੱਗੇ ਹਨ ਪ੍ਰਮੁੱਖ ਰੂਪ ਵਿਚ ਵਾਚੀਆ ਗਈਆਂ ਹਨ। ਇਸੇ ਤਰ੍ਹਾਂ ਬੁੱਧ ਧਰਮ ਦੇ ਤ੍ਰਿਰਤਨ (ਬੁੱਧੰ ਸ਼ਰਣੰ ਗੱਛਾਮਿ, ਧਮੰ ਸ਼ਰਣੰ ਗੱਛਾਮਿ, ਸੰਘੰ ਸ਼ਰਣੰ ਗਛਾਮਿ) ਅਰਦਾਸ ਦਾ ਪ੍ਰਮੁੱਖ ਰੂਪ ਮੰਨ ਸਕਦੇ ਹਾਂ।

ਚੌਥਾ ਅਧਿਆਇ 'ਸਾਮੀ ਧਰਮਾਂ ਵਿਚ ਅਰਦਾਸ ਦਾ ਸੰਕਲਪ' ਜਿਸ ਵਿਚ ਪਿਛਲੇ ਅਧਿਆਇ ਵਾਂਗ ਤਿੰਨ ਧਰਮ ਪ੍ਰਮੁੱਖ ਰੂਪ ਵਿਚ ਲਏ ਹਨ। ਯਹੂਦੀ ਧਰਮ, ਇਸਾਈ ਧਰਮ, ਅਤੇ ਇਸਲਾਮ ਧਰਮ। ਯਹੂਦੀ ਧਰਮ ਅਤੇ ਇਸਾਈ ਧਰਮ ਦੀ ਪ੍ਰੇਅਰ ਲਈ ਬਾਈਬਲ ਨੂੰ ਆਧਾਰ ਬਣਾਇਆ ਗਿਆ ਹੈ। ਬਾਈਬਲ ਵਿਚ ਆਈਆ ਪ੍ਰਾਰਥਨਾਵਾਂ ਨੂੰ ਪ੍ਰਮੁੱਖ ਰੂਪ ਵਿਚ ਸ਼ਾਮਿਲ ਕੀਤਾ ਗਿਆ ਹੈ ਇਹਨਾਂ ਧਰਮਾਂ ਵਿਚ ਪ੍ਰੇਅਰ ਦੀ ਬਹੁਤ ਮਹੱਤਤਾ ਹੈ। ਇਹ ਵੀ ਦਿਨ ਵਿਚ ਆਪੋ ਆਪਣੇ ਮਰਯਾਦਾ ਅਨੁਸਾਰ ਪ੍ਰੇਅਰ ਕਰਦੇ ਹਨ। ਇਸੇ ਤਰ੍ਹਾਂ ਇਸਾਈ ਧਰਮ ਵਿਚ ਜ਼ਿੰਦਗੀ ਦੇ ਹਰ ਮੋੜ ਤੇ ਪ੍ਰੇਅਰ ਦਾ ਵਿਧਾਨ ਹੈ। ਇਸਲਾਮ ਵਿਚ ਤਾਂ ਪੰਜ ਨਮਾਜ਼ਾਂ, ਦੁਆ, ਤੌਬਾ ਵਰਗੇ ਸੰਕਲਪ ਅਰਦਾਸ ਦੀ ਮਹੱਤਤਾ ਨੂੰ ਉਜਾਗਰ ਕਰਦੇ ਹਨ। ਇਸਲਾਮ ਦੀ ਪੰਜ ਵੇਲੇ ਦੀ ਨਮਾਜ਼ ਖ਼ੁਦਾ ਅੱਗੇ ਪੰਜ ਵਕਤ ਅਰਦਾਸ ਕਰਨ ਦਾ ਹੀ ਵਿਧਾਨ

ਹੈ। ਸੋ ਇਹ ਅਧਿਆਇ ਇਹਨਾਂ ਧਰਮਾਂ ਦੀਆਂ ਅਰਦਾਸਾਂ ਨੂੰ ਇਕੱਤਰ ਕਰਕੇ ਇਕ ਲੜੀ ਵਿਚ ਪਰੋਣ ਦਾ ਕਾਰਜ ਕਰਦਾ ਹੈ।

ਪੰਜਵਾਂ ਅਧਿਆਇ 'ਸਿੱਖ ਧਰਮ ਵਿਚ ਅਰਦਾਸ ਦਾ ਸੰਕਲਪ' ਹੈ। ਜਿਸ ਵਿਚ ਮੁੱਖ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਵਿਚ ਗੁਰੂ ਸਾਹਿਬਾਨ, ਭਗਤ ਸਾਹਿਬਾਨ ਗੁਰ ਸਿੱਖਾਂ ਅਤੇ ਭੱਟਾਂ ਦੀ ਬਾਣੀ ਵਿਚ ਆਏ ਅਰਦਾਸ ਦੇ ਸੰਕਲਪ ਨੂੰ ਵਿਚਾਰਿਆ ਗਿਆ ਹੈ। ਸਿੱਖ ਧਰਮ ਤਾਂ ਆਪਣੇ ਜਨਮ ਤੋਂ ਹੀ ਅਰਦਾਸ ਨਾਲ ਜੁੜਿਆ ਹੈ। ਸਿੱਖ ਦਾ ਕੋਈ ਵੀ ਅਜਿਹਾ ਕਾਰਜ ਨਹੀਂ ਜੋ ਅਕਾਲਪੁਰਖ ਅੱਗੇ ਅਰਦਾਸ ਤੋਂ ਬਿਨਾਂ ਸੰਪੰਨ ਹੁੰਦਾ ਹੋਵੇ। ਸਿੱਖ ਧਰਮ ਵਿਚ ਅਰਦਾਸ ਦਾ ਸੰਕਲਪ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਜਨਮਸਾਖੀਆਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ। ਸਿੱਖ ਧਰਮ ਦਾ ਨਾਮ ਜਪਨਾ ਵੀ ਕਿਸੇ ਨਾ ਕਿਸੇ ਰੂਪ ਵਿਚ ਅਰਦਾਸ ਦੇ ਸਿਧਾਂਤ ਨਾਲ ਜੁੜਦਾ ਹੈ। ਗੁਰਬਾਣੀ ਵਿਚਲੇ ਅਜਿਹੇ ਅਨੇਕਾਂ ਇਸ਼ਾਰੇ ਜੀਵ ਨੂੰ ਰੱਬ ਦੀ ਪ੍ਰਾਪਤੀ ਲਈ ਅਰਦਾਸ ਦੇ ਰਾਹ 'ਤੇ ਤੁਰਨ ਲਈ ਪ੍ਰੇਰਦੇ ਹਨ। ਸੋ ਇਸ ਅਧਿਆਇ ਵਿਚ ਗੁਰਬਾਣੀ ਦੇ ਆਧਾਰ ਤੇ ਅਰਦਾਸ ਵਿਸ਼ੇ ਨੂੰ ਵਿਚਾਰਿਆ ਗਿਆ ਹੈ।

ਸੋ ਇਹਨਾਂ ਪੰਜ ਅਧਿਆਇਆਂ ਰਾਹੀਂ ਵਿਸ਼ਵ ਧਰਮਾਂ ਵਿਚ ਅਰਦਾਸ ਵਰਗੇ ਮਹੱਤਵਪੂਰਣ ਵਿਸ਼ੇ ਨੂੰ ਉਭਾਰਨ ਦਾ ਯਤਨ ਕੀਤਾ ਗਿਆ ਹੈ। ਭਾਵੇਂ ਕਿ ਹਰ ਇਕ ਖੋਜ-ਕਾਰਜ ਆਪਣੀ ਸੀਮਾ ਵਿਚ ਰਹਿ ਕੇ ਹੀ ਆਪਣਾ ਕਾਰਜ ਕਰਦਾ ਹੈ। ਇਸੇ ਤਰ੍ਹਾਂ ਹਥਲਾ ਖੋਜ-ਕਾਰਜ ਵੀ ਵਿਸ਼ੇ ਦੀ ਵਿਸ਼ਾਲਤਾ ਅਤੇ ਗੰਭੀਰਤਾ ਨੂੰ ਧਿਆਨ ਵਿਚ ਰੱਖ ਕੇ ਹੀ ਆਪਣੀ ਸੰਪੂਰਨਤਾ ਵੱਲ ਵਧਿਆ ਹੈ। ਇਸ ਖੋਜ ਕਾਰਜ ਵਿਚ ਵਿਸ਼ੇਸ਼ ਤੌਰ ਤੇ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੇ ਕਿ ਜੋ ਅਰਦਾਸ ਕਾਮਨਾਵਾਂ/ਇਛਾਵਾਂ ਤੋਂ ਪਾਰ ਹੋ ਜਾਂਦੀ ਹੈ ਉਹ ਹੀ ਅਸਲ ਅਰਦਾਸ ਦਾ ਰੂਪ ਹੈ ਜੋ ਰੱਬ ਦੇ ਘਰ ਦੇ ਦਰਵਾਜ਼ੇ ਤੇ ਦਸਤਕ ਦਿੰਦੀ ਹੈ ਨਹੀਂ ਤੇ ਜ਼ਿਆਦਤਰ ਅਰਦਾਸਾਂ ਸੰਸਾਰਿਕ ਹੋਣ ਦੇ ਬਾਵਜੂਦ ਸੰਸਾਰ ਵਿਚ ਹੀ ਰਹਿ ਜਾਂਦੀਆਂ ਹਨ। ਧਰਮ-ਗ੍ਰੰਥਾਂ ਦਾ ਅਧਿਐਨ ਕਰਦਿਆਂ ਮੁੱਖ ਤੌਰ ਤੇ ਇਹੋ ਗੱਲ ਹੀ ਸਾਹਮਣੇ ਆਉਂਦੀ ਰਹੀ ਹੈ ਕਿ ਜਿਹੜੀ ਕਿ ਹਥਲੇ ਖੋਜ ਕਾਰਜ ਨੂੰ ਮੁੱਖ ਰੂਪ ਵਿਚ ਸਥਾਪਿਤ ਕਰਨ ਦਾ ਯਤਨ ਕੀਤਾ ਹੈ।

# ਅਧਿਆਇ : ਪਹਿਲਾ

# ਅਰਦਾਸ: ਅਰਥ, ਪਰਿਭਾਸ਼ਾ ਅਤੇ ਪ੍ਰਕਿਤੀ : ਸਿਧਾਂਤਕ ਪਰਿਪੇਖ

ਧਰਮ ਓਨਾ ਹੀ ਪੁਰਾਣਾ ਹੈ, ਜਿੰਨਾਂ ਪੁਰਾਣਾ ਮਨੁੱਖ। ਮਨੁੱਖ ਦੇ ਵਿਕਾਸ ਦੇ ਨਾਲ ਹੀ ਧਰਤੀ ਉਪਰ ਵੱਖ-ਵੱਖ ਧਰਮਾਂ ਦਾ ਜਨਮ ਹੋਇਆ, ਜਿਵੇਂ ਮਨੁੱਖ ਦੀ ਸਮਾਜਿਕ ਜ਼ਿੰਦਗੀ ਵਿੱਚ ਉਸਨੂੰ ਪਰਿਵਾਰ ਦੀ ਜ਼ਰੂਰਤ ਹੈ ਉਸੇ ਤਰ੍ਹਾਂ ਮਨੁੱਖ ਨੂੰ ਇਸ ਭੌਤਿਕ ਜਗਤ ਤੋਂ ਪਾਰ ਵੀ ਕਿਸੇ ਅਧਿਆਤਮਿਕ ਸ਼ਕਤੀ ਦੀ ਤਲਾਸ਼ ਮੁੱਢ ਤੋਂ ਹੀ ਰਹੀ ਹੈ। ਬੇਸ਼ੱਕ ਸਮੇਂ-ਸਮੇਂ ਸਮਾਜ ਦੇ ਕੁਝ ਚਲਾਕ ਬੰਦਿਆਂ ਵੱਲੋਂ ਧਰਮਾਂ ਦੀ ਗਲਤ ਵਰਤੋਂ ਨੇ ਮਨੁੱਖੀ ਜੀਵਨ ਨੂੰ ਅਥਾਹ ਹਾਨੀ ਪਹੁੰਚਾਈ ਹੈ। ਸਿਆਣਿਆਂ ਦਾ ਇਹ ਵੀ ਮੰਨਣਾ ਹੈ ਕਿ ਆਧੁਨਿਕ ਸਮੇਂ ਦਾ ਪੜ੍ਹਿਆ ਲਿਖਿਆ ਮਨੁੱਖ ਹੀ ਨਹੀਂ ਪੁਰਾਤਨ ਸਮੇਂ ਤੋਂ ਸੰਸਾਰ ਵਿਚ ਜੇ ਆਸਤਕਿ ਲੋਕ ਮੌਜੂਦ ਸਨ ਤਾਂ ਨਾਸਤਿਕ ਲੋਕ ਵੀ ਕਾਇਮ ਰਹੇ ਹਨ ਉਦਾਹਰਣ ਵਜੋ ਵੇਦਾਂ ਦੇ ਸਮੇਂ ਚਾਰਵਾਕ ਵਰਗੇ ਮੱਤ ਨੇ ਵੀ ਆਪਣੀ ਹੋਂਦ ਬਣਾਈ ਹੋਈ ਸੀ।

ਦੁਨੀਆਂ ਦੇ ਹਰ ਇਕ ਧਰਮ ਨੇ ਆਪਣੇ ਇਸ਼ਟ ਨੂੰ ਧਿਆਉਣ ਅਤੇ ਉਸਦੀ ਉਪਾਸਨਾ ਕਰਨ ਲਈ ਜਿੱਥੇ ਪੂਜਾ ਵਿਧੀਆਂ ਨਿਸ਼ਚਿਤ ਕੀਤੀਆਂ ਹਨ ਉਥੇ ਨਾਲ ਹੀ ਅਰਦਾਸ ਕਰਨ ਲਈ ਆਪੋ ਆਪਣੇ ਸਮੇਂ, ਸਥਾਨ, ਦਿਸ਼ਾਵਾਂ, ਮਰਯਾਦਾ ਆਦਿ ਬਣਾਈ ਹੈ ਜਿਸ ਅਨੁਸਾਰ ਉਸ ਧਰਮ ਨੂੰ ਮੰਨਣ ਵਾਲਾ ਅਨੁਯਾਈ ਅਰਦਾਸ ਕਰਦਾ ਹੈ ਬੇਸ਼ੱਕ ਰੱਬ ਦੇ ਘਰ ਵਿੱਚ ਕੀਤੀ ਜਾਣ ਵਾਲੀ ਪੁਕਾਰ ਕਿਸੇ ਸਮੇਂ ਦੀ ਮੁਥਾਜ ਨਹੀਂ। ਮਨੁੱਖ ਆਪਣੇ ਵਾਤਾਵਰਣ ਅਨੁਸਾਰ ਬੋਲੀ ਅਪਣਾ ਕੇ ਉਸ ਵਿੱਚ ਅਥਾਹ ਗਿਆਨ ਪੈਦਾ ਕਰ ਸਕਦਾ ਹੈ ਪਰ ਅਰਦਾਸ ਲਈ ਵਰਤੇ ਜਾਂਦੇ ਸ਼ਬਦਾਂ ਦਾ ਖਜ਼ਾਨਾ ਕਿਸੇ ਅਣਦਿਸਦੇ ਸੰਸਾਰ ਦਾ ਲਖਾਇਕ ਹੈ। ਬੇਸ਼ੱਕ ਪਰਮਾਤਮਾ ਤੱਕ ਪਹੁੰਚ ਕਰਨ ਦੇ ਤਰੀਕੇ ਨੂੰ ਕਿਸੇ ਨਾਂ ਨਾਲ ਪੁਕਾਰੀਏ ਪਰ ਸਮੁੱਚੇ ਧਰਮਾਂ ਵਿਚ ਅਰਦਾਸ ਦੇ ਸੰਕਲਪ ਦੀ ਵਿਦਮਾਨਤਾ ਨੂੰ ਨਕਾਰਿਆ ਨਹੀਂ ਜਾ ਸਕਦਾ।

**ਅਰਦਾਸ ਦਾ ਅਰਥ:**

ਹਰ ਧਰਮ ਵਿਚ ਅਰਦਾਸ ਕਰਨ ਦੇ ਤਰੀਕੇ ਨੂੰ ਕਿਸੇ ਮਰਯਾਦਾ ਵਿਚ ਬੰਨ੍ਹਿਆ ਹੋਇਆ ਹੈ ਜਿਸ ਦੇ ਅਧੀਨ ਰਹਿ ਕੇ ਉਸ ਧਰਮ ਦਾ ਅਨੁਯਾਈ ਆਪਣੇ ਇਸ਼ਟ ਦੇਵ ਅੱਗੇ ਆਪਣੀ ਵਿਥਿਆ ਰੱਖਦਾ ਹੈ।ਪ੍ਰੇਮ ਭਿੱਜੇ ਮਨਾਂ ਦੀ ਅਰਦਾਸ ਇੰਨ੍ਹਾਂ ਮਰਯਾਦਾਵਾਂ ਤੋਂ ਪਾਰ ਆਪਣੀ ਹੋਂਦ ਬਣਾਉਂਦੀ ਹੈ। ਪਰ ਅਜਿਹਾ ਕਰਦਿਆਂ ਵੀ ਉਸ ਰੱਬ ਦੇ ਪਿਆਰੇ ਨੂੰ ਮਰਯਾਦਾ ਭੰਗ ਕਰਨ ਦੇ ਦੋਸ਼ ਹੇਠ ਨਹੀਂ ਲਿਆਂਦਾ ਜਾ ਸਕਦਾ।"ਆਦਿ ਸਮੇਂ ਪ੍ਰਾਰਥਨਾ ਕਿਸ ਅੱਗੇ ਕੀਤੀ ਜਾਂਦੀ ਸੀ? ਇਹ ਸੁਆਲ ਮੁਖ ਹੈ। ਤਦੋਂ ਮਨੁੱਖ ਦੇ ਆਸਰੇ ਦਾ ਆਧਾਰ ਬਹੁਤਾ ਪਰਾਸਰੀਰਕ ਸ਼ਕਤੀਆਂ, ਰੂਹਾਂ ਤੇ ਦੇਵੀ ਦੇਵਤੇ ਸਨ। ਪ੍ਰਾਰਥਨਾ ਦਾ ਅਧਿਕਾਰ ਪ੍ਰੋਹਿਤ ਵਰਗ ਨਾਲ ਹੀ ਸੰਬੰਧਤ ਸੀ। ਇੰਨਾਂ ਨੇ ਪਰਾਸਰੀਰਕ ਸ਼ਕਤੀਆਂ ਨੂੰ ਧਿਆਇਆ ਹੁੰਦਾ, ਉਹੋ ਹੀ ਕਿਸੇ ਵਿਅਕਤੀ ਵਿਸ਼ੇਸ਼ ਅਥਵਾ ਸਮੂਹ ਲਈ ਪ੍ਰਾਰਥਨਾ ਕਰਦੇ। ਜਾਦੂ ਦੇ ਨਾਲ ਨਾਲ ਹੀ ਕੁਰਬਾਨੀ ਤੇ ਵਰਦਾਨ ਦੀਆਂ ਰਸਮਾਂ ਸ਼ੁਰੂ ਹੋਈਆਂ ਸਨ। ਆਦਿ ਮਾਨਵੀ ਸੱਭਿਅਤਾ ਵਿੱਚ ਪ੍ਰਾਕ੍ਰਿਤਕ ਸ਼ਕਤੀਆਂ, ਬ੍ਰਿਛਾਂ, ਦਰਿਆਵਾਂ, ਪੱਥਰਾਂ, ਪਰਾਸਰੀਰਿਕ ਸ਼ਕਤੀਆਂ, ਭੂਤਾਂ ਪ੍ਰੇਤਾਂ ਤੇ ਦੇਵੀ ਦੇਵਤਿਆਂ ਅੱਗੇ ਸੰਕਟ ਨਵਿਰਤੀ ਤੇ ਰਹਿਮ ਲਈ ਪ੍ਰਾਰਥਨਾ ਕੀਤੀ ਜਾਂਦੀ ਹੈ। ਆਦਿ ਮਾਨਵੀ ਸੁਭਾ ਦੇ ਵਿਸ਼ਵਾਸ਼

ਦੀ ਇਹ ਅਵਸਥਾ ਡਰ, ਸ਼ਰਧਾ ਤੇ ਭਰਮ ਭਰੀ ਆਦਿ ਅਨੁਮਾਨਤ ਅਵਸਥਾ ਸੀ। ਮਾਨਵ ਦੀ ਮਾਨਸਿਕਤਾ ਦੇ ਵਿਕਾਸ ਕਾਰਨ ਹੌਲੀ ਹੌਲੀ ਜਾਦੂ ਦਾ ਪ੍ਰਭਾਵ ਉਦੋਂ ਘਟਣ ਲੱਗਾ ਜਦੋਂ ਮਨੁੱਖ ਨੇ ਇਹ ਮਹਿਸੂਸ ਕੀਤਾ ਕਿ ਮਨੁੱਖ ਦੀ ਭਲਾਈ ਜਾਦੂ ਸ਼ਕਤੀ ਦੇ ਪ੍ਰਭਾਵ ਨਾਲ ਨਹੀਂ ਸਗੋਂ ਅਲੌਕਿਕ ਸ਼ਕਤੀ ਦੀ ਬਖਸ਼ਿਸ਼ ਤੇ ਸਦਭਾਵਨਾ ਤੇ ਨਿਰਭਰ ਹੈ। ਇਉਂ ਜਾਦੂ ਦੀ ਥਾਂ ਦੇਵੀ ਦੇਵਤਿਆਂ ਦੀ ਪੂਜਾ ਪ੍ਰਾਰਥਨਾ ਨੇ ਲੈ ਲਈ। ਵੈਦਿਕ ਕਾਲ ਵਿੱਚ ਆਰੀਆ ਲੋਕ ਦੇਵੀ ਦੇਵਤਿਆਂ ਦੀ ਪੂਜਾ ਕਰਦੇ ਸਨ। ਵੈਦਿਕ ਰਿਸ਼ੀਆ-ਮੁਨੀਆਂ, ਸੂਰਜ, ਚੰਦਰਮਾ, ਇੰਦਰ, ਵਰੁਣ,ਅਗਨੀ ਆਦਿ ਪ੍ਰਾਕ੍ਰਿਤਿਕ ਸ਼ਕਤੀਆਂ ਵਿਚ ਦੈਵੀ ਸੱਤਾ ਨੂੰ ਮੰਨਿਆ ਤੇ ਸਤੁਤੀਪਰਕ ਰਿਚਾਵਾਂ ਦੇ ਰੂਪ ਵਿੱਚ ਪ੍ਰਾਥਨਾ ਕੀਤੀ ਹੈ। ਉਨ੍ਹਾਂ ਨੂੰ ਭੈ ਤੇ ਸੁਵਿਧਾ ਪ੍ਰਦਾਨ ਕਰਨ ਲਈ ਸਮਰੱਥ ਮੰਨ ਕੇ ਉਨ੍ਹਾਂ ਪ੍ਰਤੀ ਕ੍ਰਿਤੱਗਤਾ ਦੇ ਭਾਵ ਪ੍ਰਗਟ ਕੀਤੇ। ਫਾਇਦੇ ਅਥਵਾ ਲਾਭ ਦੀ ਦ੍ਰਿਸ਼ਟੀ ਤੋਂ ਉਨ੍ਹਾਂ ਅੱਗੇ ਪ੍ਰਾਰਥਨਾ ਕੀਤੀ ਜਾਂਦੀ ਸੀ।"[1] ਡਾ.ਰਾਧਾਕ੍ਰਿਸ਼ਨਨ ਅਨੁਸਾਰ ਇਸ ਗੱਲ ਵਿਚ ਕੋਈ ਅਤਿਕਥਨੀ ਨਹੀਂ ਕਿ ਜਿਸ ਤਰ੍ਹਾਂ ਆਦਿਮ ਮਨੁੱਖ ਦੇ ਨਾਲ-ਨਾਲ ਧਰਮ ਦਾ ਵਿਕਾਸ ਵੀ ਹੁੰਦਾ ਰਿਹਾ ਉਸੇ ਤਰ੍ਹਾਂ ਅਰਦਾਸ ਦਾ ਰੂਪ ਵੀ ਸੰਵਾਰਿਆ ਜਾਂਦਾ ਰਿਹਾ।

ਮਨੁੱਖੀ ਇਤਿਹਾਸ ਤੇ ਨਜ਼ਰ ਮਾਰਦਿਆਂ ਸਹਿਜੇ ਹੀ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਆਦਿਮ ਮਨੁੱਖ ਨੇ ਹਰ ਉਸ ਚੀਜ਼ ਦੀ ਪੂਜਾ ਕਰਨੀ ਸ਼ੁਰੂ ਕੀਤੀ ਜਿਸ ਤੋਂ ਉਹ ਡਰਦਾ ਸੀ ਜਾਂ ਜਿਸਤੋਂ ਉਸਦੀ ਕੋਈ ਮੰਗ ਦੀ ਪੂਰਤੀ ਹੁੰਦੀ ਸੀ। ਬਾਹਰੀ ਖਤਰਿਆਂ ਤੋਂ ਬਚਣ ਲਈ ਸਮੁੰਦਰ, ਦਰਿਆ, ਪਹਾੜ, ਚੰਦ ਅਤੇ ਸੂਰਜ ਆਦਿ ਕੁਦਰਤੀ ਸ਼ਕਤੀਆਂ ਦੀ ਪੂਜਾ ਮਨੁੱਖੀ ਜ਼ਿੰਦਗੀ ਦਾ ਹਿੱਸਾ ਬਣ ਗਈ। ਅਜਿਹੀ ਪੂਜਾ ਦੇ ਚਿੰਨ੍ਹ ਅੱਜ ਵੀ ਸਾਰੇ ਧਰਮਾਂ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਦੇਖੇ ਜਾ ਸਕਦੇ ਹਨ। ਇਹਨਾਂ ਜਾਨਵਰਾਂ ਜਾਂ ਕੁਦਰਤੀ ਸ਼ਕਤੀਆਂ ਦੀ ਪੂਜਾ ਤੋਂ ਹੀ ਅਰਦਾਸ ਦਾ ਸੰਕਲਪ ਹੋਂਦ ਵਿੱਚ ਆਇਆ।"ਮਨੁੱਖ ਆਪਣੇ ਲੱਖਾਂ ਵਰ੍ਹੇ, ਲੰਬੇ ਪ੍ਰਾਚੀਨ ਪ੍ਰਾਰੰਭਿਕ ਅਤੇ ਅਗਿਆਨੀ ਕਾਲ ਤੋਂ ਹੀ ਆਪਣੀਆਂ ਸਰੀਰਿਕ ਤੇ ਸੰਸਾਰਿਕ ਲੋੜਾਂ ਪੂਰੀਆਂ ਕਰਨ ਅਤੇ ਭੈਅ ਤੇ ਦੁੱਖਾਂ-ਤਕਲੀਫਾਂ ਤੋਂ ਬਚਣ ਜਾਂ ਛੁਟਕਾਰਾ ਪਾਉਣ ਹਿਤ, ਹਰ ਕੁਦਰਤੀ ਪ੍ਰਕ੍ਰਿਆ ਅਤੇ ਸ਼ਕਤੀ ਵਿਚ ਪ੍ਰਤੀਤ ਹੁੰਦੇ ਦੈਵ ਦੀ ਅਰਾਧਨਾ,ਅਤੇ ਉਸ ਸਨਮੁਖ ਪ੍ਰਾਰਥਨਾ,ਕਰਦਾ ਆਇਆ ਹੈ, ਭਾਵੇਂ ਉਹ ਸੂਰਜ, ਚੰਦਰਮਾ ਅਤੇ ਹੋਰ ਬ੍ਰਹਿਮੰਡੀ ਪਿੰਡ ਹੋਣ, ਦਿਨ-ਰਾਤ, ਪੌਣ-ਪਾਣੀ,ਮੀਂਹ-ਹਨ੍ਹੇਰੀ ਵਰਗੀਆਂ ਕੁਦਰਤੀ ਘਟਨਾਵਾਂ ਹੋਣ, ਜਾਂ ਆਸਮਾਨੀ ਬਿਜਲੀ, ਭੂਕੰਪ, ਹੜ੍ਹ ਜਾਂ ਤੂਫਾਨ ਵਰਗੀਆਂ ਕੁਦਰਤੀ ਆਫਤਾਵਾਂ। ਜਿਉਂ ਜਿਉਂ ਯੁਗਾਂ ਯੁਗਾਤਰਾਂ ਦੇ ਤਜਰਬੇ ਰਾਹੀਂ ਉਸਦੀ ਜਾਣਕਾਰੀ ਅਤੇ ਸਿਆਣਪ ਵਿਚ ਵਾਧਾ ਹੁੰਦਾ ਗਿਆ ਹੈ, ਉਹ ਝੂਠੇ ਵਹਿਮਾਂ ਭਰਮਾਂ ਵਿਚੋਂ ਨਿਕਲਦਾ ਆ ਰਿਹਾ ਹੈ, ਅਤੇ ਉਸਦੀ ਅਰਾਧਨਾ ਤਿਉਂ ਤਿਉਂ ਪਰਮਾਤਮਾ ਅਤੇ ਉਸਦੀਆਂ ਪ੍ਰਮੁੱਖ ਸ਼ਕਤੀਆਂ ਵੱਲ ਸੀਮਿਤ ਹੁੰਦੀ ਗਈ ਹੈ। ਹੁਣ ਤਾਂ ਲਗਪਗ ਸਾਰੇ ਹੀ ਸੰਸਾਰ ਦੇ ਪ੍ਰਮੁੱਖ ਧਰਮਾਂ ਦੇ ਅਨੁਆਈ, ਮੁਖ ਤੌਰ ਉਤੇ ਸਾਰੀ ਸ੍ਰਿਸ਼ਟੀ ਦੇ ਰਚਣਹਾਰ, ਇਕੋ ਮਹਾਪ੍ਰਬਲ ਸ਼ਕਤੀ, ਪਰਮਾਤਮਾ,ਦੀ ਹੀ ਅਰਾਧਨਾ ਨੂੰ ਪ੍ਰਮੁੱਖਤਾ ਪ੍ਰਦਾਨ ਕਰਨ ਲੱਗ ਪਏ ਹਨ ਤੇ ਉਸਦੇ ਪਰਾਧੀਨ ਹਜ਼ਾਰਾਂ ਸ਼ਕਤੀਆਂ ਅਤੇ ਪ੍ਰਕ੍ਰਿਆਵਾਂ ਵਿਚ ਪ੍ਰਤੀਤ ਹੁੰਦੇ ਦੈਵਾਂ ਨੂੰ ਅਦਨਾ,ਅਤੇ ਸਾਧਨਾ ਦੇ ਅਯੋਗ ਸਮਝਣ ਲੱਗ ਪਏ ਹਨ। ਪਰ

[1] Dr. Radhakrishnan, *Indian Philosphly,* Vol. 1, P. 106.

ਮਨੁੱਖ ਆਪਣੇ, ਆਪਣੇ ਪਰਿਵਾਰ,ਤੇ ਆਪਣੇ ਭਾਈਚਾਰੇ ਦੀ ਸੁੱਖ-ਸ਼ਾਂਤੀ, ਖੁਸ਼ਹਾਲੀ ਤੇ ਚੜ੍ਹਦੀ ਕਲਾ ਅਤੇ ਸਰੀਰਿਕ ਤੇ ਸੰਸਾਰਿਕ ਲੋੜਾਂ ਦੀ ਤ੍ਰਿਪਤੀ ਲਈ ਹਰ ਉਸ ਇਸ਼ਟ ਦੀ ਅਰਾਧਨਾ ਕਰਦਾ ਹੈ ਜਿਸਨੂੰ ਉਹ ਸਮੱਰਥ ਮੰਨਦਾ ਹੈ। ਇਹੋ ਹੀ ਅਰਦਾਸ ਹੈ।"[2] ਇਹ ਗੱਲ ਬਿਲਕੁਲ ਸੱਚ ਹੈ ਕਿ ਮਨੁੱਖ ਨੂੰ ਇਕ ਪਰਮਾਤਮਾ ਤੱਕ ਪਹੁੰਚਣ ਲਈ ਲੱਖਾਂ ਵਰ੍ਹੇ ਦੀ ਘਾਲਣਾ ਘਾਲਣੀ ਪਈ ਹੈ।ਕੁਦਰਤੀ ਸ਼ਕਤੀਆਂ ਦੀ ਪੂਜਾ ਦਾ ਵਿਧਾਨ ਤਾਂ ਅਜੋਕੇ ਸਮੇਂ ਵੀ ਧਰਮਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਦੇਖਿਆ ਜਾ ਸਕਦਾ ਹੈ।

ਵਿਸ਼ਵ ਦੇ ਸਾਰੇ ਧਰਮਾਂ ਵਿਚ ਆਪਣੇ ਪਰਮਾਤਮਾ ਜਾਂ ਇਸ਼ਟ ਨੂੰ ਮਿਲਣ ਲਈ ਪ੍ਰਾਰਥਨਾ ਦੀ ਵਰਤੋਂ ਕੀਤੀ ਜਾਂਦੀ ਹੈ। ਰਿਗਵੇਦ ਦੇ ਮੰਤਰ ਵੱਖ-ਵੱਖ ਦੇਵੀ-ਦੇਵਤਿਆਂ ਅੱਗੇ ਕੀਤੀਆਂ ਪ੍ਰਾਰਥਨਾਵਾਂ ਹੀ ਹਨ। ਸਾਮੀ ਧਰਮਾਂ ਵਿੱਚ ਯਹੂਦੀ ਧਰਮ ਜਾਂ ਪਾਰਸੀ ਧਰਮ ਲੈ ਲਵੋ, ਪ੍ਰਮੁੱਖ ਰੂਪ ਵਿਚ ਪ੍ਰਾਰਥਨਾ ਕਰਦੇ ਹਨ, ਈਸਾਈ ਧਰਮ ਵਿਚ ਪ੍ਰੇਅਰ ਅਤੇ ਇਸਲਾਮ ਦੀ ਦੁਆ ਅਤੇ ਨਮਾਜ਼ ਵੀ ਇਸ ਗੱਲ ਵੱਲ ਇਸ਼ਾਰਾ ਹੈ। ਭਾਰਤੀ ਧਰਮਾਂ ਵਿਚ ਜੈਨ ਅਤੇ ਬੁੱਧ ਧਰਮ ਬੇਸ਼ੱਕ ਪਰਮਾਤਮਾ ਦੀ ਹੋਂਦ ਬਾਰੇ ਚੁੱਪ ਹੋਣ ਪਰ ਇਹਨਾਂ ਧਰਮਾਂ ਵਿਚ ਵੀ ਮਹਾਂਵੀਰ ਜੈਨ ਅਤੇ ਮਹਾਤਮਾ ਬੁੱਧ ਦੀਆਂ ਮੂਰਤੀਆਂ ਅੱਗੇ ਅਰਦਾਸ ਦੀ ਕਿਰਿਆ ਨਿਭਾਈ ਜਾਂਦੀ ਹੈ। ਇਸੇ ਤਰ੍ਹਾਂ ਜੇ ਸਿੱਖ ਪੰਥ ਦੀ ਗੱਲ ਕਰੀਏ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਵੇਂ ਪਾਤਸ਼ਾਹ ਤੱਕ ਦਾ ਸਾਰਾ ਇਤਿਹਾਸ ਅਤੇ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਅਰਦਾਸ ਦਾ ਹੀ ਰੂਪ ਹੈ। "ਆਰੰਭ ਵਿਚ ਅਰਦਾਸ ਖਾਸ-ਖਾਸ ਦੇਵਤਿਆਂ ਕੋਲ ਖਾਸ-ਖਾਸ ਮਨੋਰਥਾਂ ਦੀ ਪੂਰਤੀ ਵਾਸਤੇ ਕੀਤੀ ਜਾਂਦੀ ਸੀ। ਇਹ ਖਿਆਲ ਕੀਤਾ ਜਾਂਦਾ ਸੀ ਕਿ ਮਨੁੱਖ ਦੇ ਭਿੰਨ-ਭਿੰਨ ਖੇਤਰ ਵਿਚ ਉਸਦੀ ਸਹਾਇਤਾ ਕਰਨ ਵਾਲੀਆਂ ਸ਼ਕਤੀਆਂ ਵੀ ਅਨੇਕ ਹਨ। ਕੋਈ ਦੇਵਤਾ ਮਾਇਆ ਪ੍ਰਾਪਤੀ ਵਿਚ ਸਹਾਇਕ ਹੁੰਦਾ ਹੈ? ਕੋਈ ਦੇਵਤਾ ਬਿਮਾਰੀ ਦੂਰ ਕਰਦਾ ਹੈ, ਕੋਈ ਦੇਵਤਾ ਭੂਤ-ਪ੍ਰੇਤ ਵੱਸ ਵਿਚ ਕਰਦਾ ਹੈ। ਸੋ ਜਿਸ ਪ੍ਰਕਾਰ ਦੀ ਜਿਸ ਸਮੇਂ ਲੋੜ ਹੁੰਦੀ ਸੀ। ਉਸੇ ਅਨੁਸਾਰ ਹੀ ਦੇਵਤੇ ਦੀ ਚੋਣ ਕਰਕੇ ਉਸ ਅੱਗੇ ਬੇਨਤੀ ਕੀਤੀ ਜਾਂਦੀ ਸੀ। ਪ੍ਰੰਤੂ ਇਹ ਬੇਨਤੀ ਕਰਨ ਦਾ ਅਧਿਕਾਰ ਜਨ-ਸਾਧਾਰਨ ਨੂੰ ਨਹੀਂ ਸੀ ਕਿਉਂਕੀ ਆਮ ਮਨੁੱਖ ਦੀ ਇੰਨੀ ਜਾਣਕਾਰੀ ਨਹੀਂ ਹੁੰਦੀ ਸੀ ਕਿ ਕਿਸੇ ਦੇਵਤੇ ਕੋਲ ਕਿਹੜੀਆਂ ਸ਼ਕਤੀਆਂ ਹਨ। ਇਸ ਲਈ ਜਦੋਂ ਕੋਈ ਪ੍ਰਾਰਥਨਾ ਕਰਨ ਦਾ ਅਵਸਰ ਆਉਂਦਾ ਪੁਰੋਹਿਤ ਸ਼੍ਰੇਣੀ ਦੇ ਕਿਸੇ ਮੈਂਬਰ ਨੂੰ ਨਿਮੰਤ੍ਰਣ ਦਿੱਤਾ ਜਾਂਦਾ ਸੀ।"[3] ਸਮਾਂ ਪਾ ਕੇ ਮਨੁੱਖ ਨੇ ਕੁਦਰਤੀ ਸ਼ਕਤੀਆਂ ਦੇ ਨਾਂ ਰੱਖ ਲਏ ਅਤੇ ਜਿਹੜੀ ਵਸਤੂ ਦੀ ਕਾਮਨਾ ਹੁੰਦੀ ਸੀ ਉਸੇ ਦੇਵੀ-ਦੇਵਤੇ ਕੋਲ ਪ੍ਰਰਾਥਨਾ ਕੀਤੀ ਜਾਂਦੀ ਸੀ ਅਤੇ ਅਜਿਹਾ ਕਰਨ ਵਿਚ ਪੁਜਾਰੀ ਵਰਗ ਆਮ ਲੋਕਾਂ ਦੀ ਮੱਦਦ ਕਰਦਾ ਸੀ।

ਧਰਮ ਗ੍ਰੰਥਾਂ ਦਾ ਅਧਿਐਨ ਕਰਦਿਆਂ ਸਹਿਜੇ ਹੀ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਉਹਨਾਂ ਦੀ ਮੂਲ ਭਾਵਨਾ ਇਕ ਹੀ ਹੈ ਪਰੰਤੂ ਸਮਾਂ ਪਾ ਕੇ ਧਰਮਾਂ ਦੇ ਠੇਕੇਦਾਰਾਂ ਨੇ ਇਸਦੀ ਵਿਆਖਿਆ ਨੂੰ ਆਪਣੇ ਅਨੁਸਾਰ ਢਾਲ ਕੇ ਮਨੁੱਖਤਾ ਨੂੰ ਅਸਲ ਮਾਰਗ ਤੋਂ ਭਟਕਾ ਦਿੱਤਾ "ਹਿੰਦੂਆਂ ਦੀ ਸੰਧਿਆ ਉਪਾਸਨਾ, ਈਸਾਈਆਂ ਦੀ ਦੁਆ ਅਤੇ ਮੁਸਲਮਾਨਾਂ ਦੀ ਨਮਾਜ਼ ਸਭ ਹਕੀਕਤ ਵਿਚ ਇਕ ਹਨ। ਇੰਨ੍ਹਾਂ

---

[2] ਸੰਪਾ. ਡਾ. ਨਰਿੰਦਰ ਕੌਰ ਭਾਟੀਆ ਡਾ. ਜਸਵਿੰਦਰ ਕੌਰ ਢਿੱਲੋਂ, *ਪ੍ਰਮੁਖ ਸਿੱਖ ਸੰਸਥਾਵਾਂ*, ਪੰਨਾ 361-62.
[3] ਮਹਿੰਦਰ ਸਿੰਘ, *ਸਿੱਖ ਸੰਸਕਾਰ ਅਤੇ ਮਰਯਾਦਾ*, ਪੰਨਾ 117.

ਦੇ ਕੁਝ ਹਿੱਸੇ ਤਾਂ ਇਕ ਦੂਜੇ ਨਾਲ ਇਤਨੇ ਮਿਲਦੇ ਹਨ ਕਿ ਇਕ ਦੂਜੇ ਦਾ ਅਨੁਵਾਦ ਮਲੂਮ ਹੁੰਦੇ ਹਨ। ਸਭ ਉਸ ਸ਼ਕਤੀ ਮਾਨ ਦਾਤਾਰ ਪਾਸੋਂ, ਜੋ ਕਿ ਸਾਰੀ ਦੁਨੀਆਂ, ਸਾਡੀ ਸਭ ਜਿਸਮਾਨੀ, ਰੂਹਾਨੀ ਅਤੇ ਦਿਮਾਗੀ ਸ਼ਕਤੀਆਂ ਦਾ ਸਰਚਸ਼ਮਾ ਹੈ ਇਹੋ ਮੰਗ ਮੰਗਦੇ ਹਨ ਕਿ ਸਾਨੂੰ ਠੀਕ ਠਾਕ ਅਕਲ ਤੇ ਇਰਾਦਾ, ਅੰਦਰ ਦੀ ਰੌਸ਼ਨੀ ਅਤੇ ਹਿਦਾਇਤ ਬਖ਼ਸ਼ ਤਾਂ ਕਿ ਐਸੀ ਬੁਰਾਈਆਂ ਤੋਂ ਬਚ ਸਕੀਏ ਅਤੇ ਆਪਣਾ ਫਰਜ਼ ਠੀਕ ਤਰ੍ਹਾਂ ਪੂਰਾ ਕਰ ਸਕੀਏ।"[4] ਵਿਸ਼ਵ ਧਰਮਾਂ ਵਿਚ ਇਹ ਗੱਲ ਸਪੱਸ਼ਟ ਨਜ਼ਰ ਆਉਂਦੀ ਹੈ ਕਿ ਸਮੁੱਚੇ ਧਰਮ ਇਨਸਾਨ ਨੂੰ ਸਾਂਝੀਵਾਲਤਾ ਅਤੇ ਭਾਈਚਾਰੇ ਦਾ ਉਪਦੇਸ਼ ਦਿੰਦੇ ਹਨ ਜਿਸ ਨਾਲ ਧਰਤੀ ਸਵਰਗ ਬਣ ਸਕਦੀ ਹੈ ਪਰੰਤੂ ਅੱਜ ਤੱਕ ਇਹ ਸਿੱਖਿਆਵਾਂ ਅਸਲ ਅਰਥਾਂ ਵਿਚ ਦੱਸਣ ਦੀ ਬਜਾਇ ਮਨੁੱਖਤਾ ਦੇ ਘਾਣ ਲਈ ਧਰਮਾਂ ਨੂੰ ਗਲਤ ਪੇਸ਼ ਕੀਤਾ ਜਾ ਰਿਹਾ ਹੈ।

ਵੇਦਾਂ ਵਿਚ ਵੱਖ-ਵੱਖ ਦੇਵੀ ਦੇਵਤਿਆਂ ਅੱਗੇ ਅਰਦਾਸ ਦੇ ਅਨੇਕਾਂ ਰੂਪ ਸਾਹਮਣੇ ਆਉਂਦੇ ਹਨ। ਜੰਗਲਾਂ ਵਿਚ ਰਹਿਣ ਵਾਲਾ ਮਨੁੱਖ ਹੌਲੀ-ਹੌਲੀ ਅੱਗ, ਪਾਣੀ, ਹਵਾ ਆਦਿ ਨੂੰ ਦੇਵੀ-ਦੇਵਤੇ ਦੇ ਰੂਪ ਵਿਚ ਸਵੀਕਾਰ ਕਰ ਚੁੱਕਾ ਸੀ। ਪਰੰਤੂ ਉਹੀ ਮਨੁੱਖ ਜਦੋਂ ਵੇਦਾਂ ਵਿਚ ਉਹਨਾਂ ਸ਼ਕਤੀਆਂ ਨੂੰ ਸੁਚੱਜੇ ਰੂਪ ਵਿਚ ਸੰਬੋਧਿਤ ਹੁੰਦਾ ਸੀ। ਉਹ ਸ਼ਕਤੀਆਂ ਹੁਣ ਅਲੱਗ-ਅਲੱਗ ਦੇਵੀ ਦੇਵਤੇ ਬਣ ਗਈਆਂ ਅਤੇ ਉਹਨਾਂ ਦੀ ਪੂਜਾ ਵਿਧੀਵਤ ਢੰਗ ਨਾਲ ਹੋਣ ਲੱਗੀ। ਅਜਿਹਾ ਕਰਨ ਲਈ ਪੁਜਾਰੀ ਸ਼੍ਰੇਣੀ ਹੋਂਦ ਵਿਚ ਆਈ। ਦੂਜੇ ਪਾਸੇ ਜਾਦੂ ਟੂਣਿਆਂ ਦੀ ਅਗਵਾਈ ਵੀ ਅਜਿਹੀ ਇਕ ਸ਼੍ਰੇਣੀ ਕਰਨ ਲੱਗੀ ਭਾਵੇਂ ਕਿ ਬਾਅਦ ਵਿਚ ਇਸ ਸ਼੍ਰੇਣੀ ਨੇ ਲਾਲਚਵੱਸ ਕਈ ਸਦੀਆਂ ਮਨੁੱਖਤਾ ਨੂੰ ਅੰਧਕਾਰ ਵਿਚ ਵੀ ਸੁੱਟਿਆ।"ਮਨੁੱਖ ਸੁਭਾਵਿਕ ਤੌਰ ਤੇ ਹੀਣਾ, ਦੁਰਬਲ, ਤੇ ਨਿਤਾਣਾ ਵਾਕਿਆ ਹੋਇਆ ਹੈ। ਇਹ ਕੁਦਰਤੀ ਆਫਤਾਂ, ਅਤੰਕਵਾਦੀ ਘਟਨਾਵਾਂ ਜਾਂ ਪ੍ਰਤੀਕੂਲ ਵਾਤਾਵਰਣ ਤੋਂ ਪ੍ਰਭਾਵਤ ਹੋ ਕੇ ਸਹਿਜੇ ਹੀ ਸਹਿਮ, ਡਰ ਨਾਲ ਮਾਨਸਿਕ ਤੋਰ ਤੇ ਭੈਭੀਤ ਹੋ ਜਾਣਾ ਇਸਦੀ ਮੁਢਲੀ ਕਮਜ਼ੋਰੀ ਹੈ। ਘਬਰਾਹਟ, ਬੇਚੈਨੀ, ਅਤੇ ਹਲਚਲ ਦੇ ਕਾਰਨ ਮਨ ਦੀ ਅਵਸਥਾ ਅਡੋਲ ਤੇ ਸ਼ਾਂਤ ਕਦਾਚਿਤ ਨਹੀ ਰਹਿ ਸਕਦੀ। ਸਾਹਸਹੀਣ ਸ਼ਿਥਲਤਾ ਭਰਪੂਰ ਬਲਹੀਣ ਮਨੁੱਖ ਨੇ ਡੋਲਦੇ ਡਿਗਦੇ ਭੰਬਲਭੂਸੇ ਖਾਂਦੇ ਪੰਛੀ ਵਾਂਗ ਹਰੇ ਭਰੇ ਸੰਘਣੇ ਵਿਸ਼ਾਲ ਬ੍ਰਿਛ ਨੂੰ ਆਪਣੀ ਮਹਿਫੂਜ਼ ਪਨਾਹਗਾਹ ਮੰਨ ਕੇ ਸ਼ਕਤੀਸ਼ਾਲੀ ਸਰਵ-ਸ਼ਕਤੀਮਾਨ ਹਸਤੀ ਦਾ ਸਹਾਰਾ ਲਭ ਲਿਆ ਹੈ। ਜਿਸ ਨਾਲ ਅਰਦਾਸ ਦੇ ਜ਼ਰੀਏ ਜੁੜਿਆਂ ਇਹ ਪਰਮ ਸੱਤਾ ਹਿਤਾਸ਼ ਨਿਤਾਣੇ ਮਨੁੱਖ ਨੂੰ ਨਿਰਾਸ਼ਾ ਦੀ ਖਾਈ 'ਚੋਂ ਕੱਢ ਕੇ ਪ੍ਰੋਤਸਾਹਨ ਦੁਆਰਾ ਉਤਸ਼ਾਹ ਪਰਦਾਨ ਕਰਦੀ ਹੈ।"[5] ਅਰਦਾਸ ਵਰਗਾ ਅਹਿਮ ਧਾਰਮਿਕ ਪਹਿਲੂ ਮੁੱਢ ਤੋਂ ਧਰਮਾਂ ਦੇ ਨਾਲ ਚੱਲਿਆ ਆ ਰਿਹਾ ਹੈ।ਇਨ੍ਹਾਂ ਹੀ ਨਹੀਂ ਇਸਨੇ ਸ਼ੁਰੂ ਤੋਂ ਹੀ ਬੇਸਹਾਰਿਆਂ ਨੂੰ ਸਹਾਰਾ ਦੇ ਕੇ ਦੁੱਖਾਂ ਵਿਚੋਂ ਕੱਢਿਆ ਅਤੇ ਆਪਣੀ ਹੋਂਦ ਨੂੰ ਕਾਇਮ ਰੱਖਿਆ ਹੋਇਆ ਹੈ।

ਆਦਿਮ ਮਨੁੱਖ ਤੋਂ ਲੈ ਕੇ ਹੁਣ ਤੱਕ ਭਾਵੇਂ ਮਨੁੱਖ ਨੇ ਤਕਨੀਕੀ ਅਤੇ ਵਿਗਿਆਨਿਕ ਬੇਤਹਾਸ਼ਾ ਤਰੱਕੀ ਕੀਤੀ ਹੈ। ਪਰ ਕੁਦਰਤੀ ਘਟਨਾਵਾਂ ਅਜੇ ਵੀ ਉਸਨੂੰ ਇਹ ਸਮਝਾਉਂਦੀਆਂ ਹਨ ਕਿ ਸਾਰਾ ਕੁਝ ਮਨੁੱਖ ਦੇ ਵੱਸ ਵਿਚ ਨਹੀਂ। ਅਜੋਕੇ ਮਨੁੱਖ ਦਾ ਦੁਨਿਆਵੀ ਸੁਖ-ਸ਼ਾਂਤੀ ਭਰਿਆ ਜੀਵਨ ਮਾਨਸਿਕ ਤੌਰ ਤੇ

[4] **डा. भगवान दास** *सब धर्मों की बुनियादी एकता,* **पन्ना** 277.

[5] ਡਾ. ਇਕਬਾਲ ਸਿੰਘ, *ਗੁਰਮਤਿ ਮੰਥਨ*, ਪੰਨਾ 188.

ਉਸਨੂੰ ਬੇਚੈਨੀ ਵੱਲ ਧੱਕ ਚੁੱਕਾ ਹੈ। ਜਿਸਦਾ ਇਲਾਜ ਕੇਵਲ ਤੇ ਕੇਵਲ ਧਾਰਮਿਕ ਸੁੱਚਜਾ ਮਾਰਗ ਦਰਸ਼ਨ ਹੈ ਨਹੀਂ ਤੇ ਜਿਸ ਅਵਸਥਾ ਵਿਚ ਅਧੁਨਿਕ ਮਨੁੱਖ ਖੜਾ ਹੈ ਉਸਨੂੰ ਆਸ ਦੀ ਕਿਰਨ ਦਿਖਾਈ ਨਹੀਂ ਦਿੰਦੀ ਭਾਵੇ ਕਿ ਡਾਕਟਰੀ ਗਿਆਨ ਦੀ ਸਿਖਰ ਵੀ ਅਜੋਕਾ ਸਮਾਂ ਬਣ ਚੁੱਕਾ ਹੈ ਸੋ ਪਰਮਾਤਮਾ ਦੇ ਘਰ ਵਿਚ ਪ੍ਰਵੇਸ਼ ਕਰਨ ਲਈ ਉਸਨੂੰ ਅਰਦਾਸ ਦਾ ਸਹਾਰਾ ਲੈਣਾ ਪਵੇਗਾ ਨਹੀਂ ਤੇ ਉਸ ਤਬਾਹੀ ਵੱਲ ਵਧਦਾ ਰਹੇਗਾ।"ਅਰਦਾਸ ਦਾ ਆਰੰਭ ਸ੍ਰਿਸ਼ਟੀ ਦੀ ਉਤਪਤੀ ਦੇ ਨਾਲ ਹੀ ਸ਼ੁਰੂਵਾਦ ਹੋਇਆ ਤਸਲੀਮ ਕੀਤਾ ਜਾਂਦਾ ਹੈ। ਕਾਇਨਾਤ ਦੇ ਦੀਪਾਂ, ਲੋਆਂ, ਮੰਡਲਾਂ, ਖੰਡਾਂ, ਬ੍ਰਹਿਮੰਡਾਂ ਦੇ ਜੀਵਾਂ-ਜੰਤੂਆਂ ਦੀ ਸਰਬ ਸਾਂਝੀ ਵੇਦਨਾ, ਗਰਭ ਪੀੜਾ, ਤੜਪ ਤਰਾਟ ਤਾਪ ਸੰਤਾਪ ਬਿਹਬਲਤਾ ਵਿਆਕੁਲਤਾ ਦੇ ਪ੍ਰਗਟਾਵੇ ਦਾ ਇਕ ਮਾਤ੍ਰ ਮਾਧਿਅਮ ਅਰਦਾਸ ਹੀ ਹੈ।"[6] ਜਿਸ ਤਰ੍ਹਾਂ ਇਕ ਬੱਚਾ ਮਾਂ ਤੱਕ ਆਪਣੀ ਭੁੱਖ ਦਾ ਸੁਨੇਹਾ ਰੋ ਕੇ ਪਹੁੰਚਾਉਂਦਾ ਹੈ ਉਸੇ ਤਰ੍ਹਾਂ ਰੱਬ ਦਾ ਇਹ ਬੱਚਾ ਆਪਣੀ ਵਿਥਿਆ ਅਰਦਾਸ ਰਾਹੀਂ ਹੀ ਰੱਬ ਅੱਗੇ ਪੇਸ਼ ਕਰ ਸਕਦਾ ਹੈ ਇਸ ਤੋਂ ਇਲਾਵਾ ਇਸ ਕੋਲ ਦੂਜਾ ਰਸਤਾ ਨਹੀਂ

ਵਿਦਵਾਨ ਇਹ ਮੰਨਦੇ ਹਨ ਕਿ ਸ੍ਰਿਸ਼ਟੀ ਦੀ ਉਤਪਤੀ ਦੇ ਸਮੇਂ ਤੋਂ ਹੀ ਅਰਦਾਸ ਦਾ ਆਰੰਭ ਹੋ ਚੁੱਕਿਆ ਸੀ। ਕਾਇਨਾਤ ਦਾ ਜ਼ਰਾ-ਜ਼ਰਾ ਉਸ ਪਰਮਾਤਮਾ ਦੀ ਹਰ ਛਿਣ ਬਦੰਗੀ ਰੂਪੀ ਅਰਦਾਸ ਵਿਚ ਜੁੜਿਆ ਰਹਿੰਦਾ ਹੈ। ਅਜਿਹਾ ਸਾਰੇ ਧਰਮ ਗ੍ਰੰਥਾਂ ਦਾ ਮੰਨਣਾ ਹੈ। ਖੰਡ, ਬ੍ਰਹਿਮੰਡ ਪਾਤਾਲ, ਦੀਪ, ਨਛੱਤ੍ਰ, ਸੂਰਜ, ਚੰਦ, ਤਾਰੇ ਆਦਿਕ ਨੇ ਵੀ ਪਰਮਾਤਮਾ ਦੁਆਰਾ ਪੈਦਾ ਕੀਤਾ ਗਿਆ ਹੈ। ਉਹ ਉਸ ਦੇ ਨਿਰਮਲ ਭਉ ਰੂਪੀ ਅਰਦਾਸ ਦੇ ਆਸਰੇ ਆਪਣਾ ਕਾਰਜ ਕਰ ਰਹੇ ਹਨ। ਗੱਲ ਕੀ ਸਾਰੀ ਸ੍ਰਿਸ਼ਟੀ ਉਸ ਅੱਗੇ ਅਰਦਾਸ ਰੂਪ ਵਿਚ ਹਮੇਸ਼ਾਂ ਝੁਕੀ ਹੁੰਦੀ ਹੈ।"ਸਰਬ ਕਲਾਂ ਕੇ ਗਿਆਤੇ ਪਾਰਬ੍ਰਹਮ ਪ੍ਰਮੇਸ਼ਰ ਦੀ ਹਾਜ਼ਰ ਹਜ਼ੂਰੀ ਵਿਚ ਜੁੜ ਕੇ ਮਨ ਦੀਆਂ ਚਿਤ ਬਿਰਤੀਆਂ ਨੂੰ ਇਕਾਗਰ ਇਕਸੁਰ ਕਰਕੇ ਧੁਰ ਅੰਦਰ ਦੀਆਂ ਲੋਚਾਵਾਂ, ਕਾਮਨਾਵਾਂ ਆਸ਼ਾਵਾਂ, ਇਛਾਵਾਂ ਤਥਾ ਉਮੰਗਾਂ, ਅਭਿਲਾਸ਼ਾਵਾਂ ਨੂੰ ਰੂਪਮਾਨ ਕਰਨ ਲਈ ਜੋ ਅੱਖਰਾਂ ਦਾ ਸ਼ਾਬਦਿਕ ਜਾਮਾ ਪਹਿਨਾਇਆ ਜਾਂਦਾ ਹੈ ਉਸੇ ਨੂੰ ਅਰਦਾਸ ਕਿਹਾ ਜਾਂਦਾ ਹੈ।"[7] ਧਰਤੀ ਤੇ ਰਹਿਣ ਵਾਲੇ ਮਨੁੱਖ ਦੀਆਂ ਜ਼ਿਆਦਾਤਰ ਸੰਸਾਰਿਕ ਲੋੜਾਂ ਹੀ ਹੁੰਦੀਆਂ ਹਨ ਜੋ ਉਸਨੂੰ ਅਰਦਾਸ ਵਾਲੇ ਪਾਸੇ ਲੈ ਕੇ ਜਾਂਦੀਆਂ ਹਨ ਅਤੇ ਜਿਹੜੀਆਂ ਕਈ ਵਾਰ ਮਨੁੱਖ ਨੂੰ ਸੰਸਾਰ ਤੋਂ ਨਿਰੰਕਾਰ ਵੱਲ ਵੀ ਪ੍ਰੇਰਿਤ ਕਰਦੀਆਂ ਹਨ।

ਸੱਚੇ ਦਿਲੋਂ ਕੀਤੀ ਅਰਦਾਸ ਰੱਬ ਦੇ ਘਰ ਵਿਚ ਪਹੁੰਚਦੀ ਹੈ ਜਦਕਿ ਭਾਵਨਾ ਤੋਂ ਬਿਨਾਂ ਕੀਤੀਆਂ ਅਰਦਾਸਾਂ ਵਿਖਾਵੇ ਦੇ ਭਾਰ ਹੇਠ ਹੀ ਦੱਬ ਜਾਂਦੀਆਂ ਹਨ "ਅਰਦਾਸ, ਭਾਵਨਾ ਭਰੀ ਅਰਾਧਨਾ ਦਾ ਮੁਖ ਸਾਧਨ ਹੈ। ਇਹੀ ਉਹ ਦਸਤਕ ਹੈ ਜਿਸ ਨਾਲ ਦਰਗਾਹ ਦਾ ਦਰਵਾਜ਼ਾ ਖੁਲ੍ਹਦਾ ਹੈ। ਏਹੋ ਉਹ ਕੁੰਜੀ ਹੈ। ਜਿਸ ਨਾਲ ਮਨ ਦਾ ਤਾਕ ਉਘੜਦਾ ਹੈ। ਜਿਸਦੀ ਅਰਦਾਸ ਪੁੱਗ ਜਾਂਦੀ ਹੈ ਓਹੀ ਜਾਣਦਾ ਹੈ ਕਿ ਮਨ ਦਾ ਤਾਕ ਤੇ ਦਰਗਾਹ ਦਾ ਦੁਆਰ ਦਰ-ਅਸਲ ਇਕੋ ਵਸਤ ਹਨ।"[8] ਧਰਮ ਦੀ ਦੁਨੀਆਂ ਵਿਸ਼ਵਾਸ਼ ਦੇ

---

[6] ਡਾ. ਇਕਬਾਲ ਸਿੰਘ, *ਗੁਰਮਤਿ ਮੰਥਨ*,ਪੰਨਾ 186-187.

[7] ਉਹੀ, ਪੰਨਾ 187.

[8] ਡਾ. ਜਸਵੰਤ ਸਿੰਘ ਨੇਕੀ, *ਅਰਦਾਸ, ਦਰਸ਼ਨ ਰੂਪ ਤੇ ਅਭਿਆਸ*, ਪੰਨਾ 16.

ਆਸਰੇ ਚੱਲਦੀ ਹੈ ਅਤੇ ਅਰਦਾਸ ਤਾਂ ਵਿਸ਼ਵਾਸ਼ ਦਾ ਦੂਜਾ ਨਾਂ ਹੈ ਜੇ ਇਹ ਵਿਸ਼ਵਾਸ਼ ਹੀ ਨਹੀਂ ਕਿ ਮੇਰੀ ਅਰਦਾਸ ਸੁਣੀ ਜਾ ਰਹੀ ਹੈ ਤਾਂ ਪੂਰੀ ਕਿਸ ਤਰ੍ਹਾਂ ਹੋਵੇਗੀ।

ਅਰਦਾਸ ਦਾ ਮੁਖ ਮਨੋਰਥ ਕਰਤੇ ਨਾਲ ਆਪਣਾ ਸੰਬੰਧ ਜੋੜਨਾ ਹੈ। ਪਰ ਇਸਦੇ ਨਾਲ ਹੀ ਆਮ ਬੰਦਾ ਆਪਣੀਆਂ ਦੁਨਿਆਵੀਂ ਜ਼ਰੂਰਤਾਂ ਲਈ ਵੀ ਉਸ ਪਰਮੇਸ਼ਰ ਅੱਗੇ ਅਰਜੋਈਆਂ ਕਰਦਾ ਹੈ। ਇਸ ਲਈ ਅਰਦਾਸ ਦਾ ਮਹੱਤਵ ਅਧਿਆਤਮਿਕ ਖੇਤਰ ਦੇ ਨਾਲ-ਨਾਲ ਸਮਾਜਿਕ ਜ਼ਿੰਦਗੀ ਵਿਚ ਵੀ ਓਨਾ ਹੀ ਹੈ।"ਲੋੜਾਂ ਮਾਰੇ ਅਸੀਂ ਸਦਾ ਲੋੜਾਂ ਥੋੜਾਂ ਦੀ ਪੂਰਤੀ ਲਈ ਅਰਦਾਸ ਕਰਦੇ ਆਏ ਹਾਂ। ਇਸ ਤਰ੍ਹਾਂ ਦੀਆਂ ਪ੍ਰਾਰਥਨਾਵਾਂ ਅਰਦਾਸ ਦਾ ਮੁੱਢ ਹੀ ਬਣਦੀਆਂ ਹਨ, ਉਸਦਾ ਓੜਕ ਨਹੀਂ ਮਿਥਦੀਆਂ। ਉੱਚੀ ਅਰਦਾਸ ਤਾਂ ਆਤਮਕ ਪਰਿਪੂਰਨਤਾ ਲਈ ਉੱਠੀ ਵਿਲਕਣੀ ਹੋਂਦੀ ਹੈ। ਐਸੀ ਅਰਦਾਸ ਸਿਦਕ ਦੀਆਂ ਬਾਹਾਂ ਅੱਡ, ਭਾਵਨਾ ਨਾਲ ਪ੍ਰੀਤਮ ਦੀ ਉਡੀਕ ਕਰਦੀ ਹੈ। ਅਸਲ ਅਰਦਾਸ ਤਾਂ ਆਪਣੀ ਬਿਹਬਲ ਆਤਮਾ ਨੂੰ ਵਾਹਿਗੁਰੂ ਜੀ ਅੱਗੇ ਨੰਗਿਆਂ ਕਰਨਾ ਹੈ। ਇਹ ਵਿਆਕੁਲ ਮਨਾਂ ਦੀ ਪੁਕਾਰ ਹੀ ਨਹੀਂ, ਮਾਯੂਸ ਦਿਲਾਂ ਦਾ ਸਹਾਰਾ ਵੀ ਬਣਦੀ ਹੈ।"[9] ਮਨੁੱਖਤਾ ਵੱਲ ਨਜ਼ਰ ਮਾਰਦਿਆਂ ਸਹਿਜੇ ਹੀ ਅੰਦਾਜ਼ਾ ਹੋ ਜਾਂਦਾ ਹੈ ਕਿ ਧਰਮ ਦੀ ਦੁਨੀਆ ਵਿਚ ਜਦੋਂ ਵੀ ਮਨੁੱਖ ਨੇ ਕੁਝ ਪ੍ਰਾਪਤੀ ਕੀਤੀ ਤਾਂ ਉਸ ਵਿਚ ਅਰਦਾਸ ਅਹਿਮ ਸੀ।ਜਿਸ ਨਾਲ ਉਸ ਧਰਮ ਨੂੰ ਮੰਨਣ ਵਾਲਿਆਂ ਦੇ ਵਿਸ਼ਵਾਸ਼ ਵਿਚ ਅਰਦਾਸ ਪ੍ਰਤੀ ਹੋਰ ਨਿਸ਼ਠਾ ਵਧੀ।

ਅਜੋਕੇ ਸਮੇਂ ਵਿਚ ਅਰਦਾਸ ਵਰਗੀ ਅਨਮੋਲ ਦਾਤ ਮਨੁੱਖੀ ਮਾਨਸਿਕਤਾ ਨੂੰ ਸਮੇਂ ਦੇ ਚੱਲ ਰਹੇ ਅਣਗਣਿਤ ਤਣਾਵਾਂ ਵਿਚੋਂ ਕੱਢਣ ਦਾ ਵਾਹਿਦ ਵਸੀਲਾ ਮੰਨੀ ਗਈ ਹੈ। ਇਸੇ ਕਰਕੇ ਰੱਬ ਦੀ ਸ਼ਕਤੀ ਵਿਚ ਹੋਂਦ ਰੱਖਣ ਵਾਲੇ ਲੋਕ ਅਰਦਾਸ ਦੇ ਸਹਾਰੇ ਦੁਨਿਆਵੀ ਮੁਸ਼ਕਿਲਾਂ ਨੂੰ ਹੌਂਸਲੇ ਨਾਲ ਨਜਿਠਦੇ ਰਹੇ ਹਨ, ਜਦਕਿ ਅਰਦਾਸ ਵਿਹੂਣੇ ਲੋਕ ਅਜਿਹੇ ਕਿਸੇ ਸਹਾਰੇ ਤੋਂ ਬਿਨਾਂ ਆਪਣੇ ਆਪ ਨੂੰ ਤਬਾਹੀ ਵਾਲੇ ਪਾਸੇ ਲੈ ਜਾਂਦੇ ਹਨ।"ਸਭ ਤੋਂ ਅਵੱਲ, ਅਰਦਾਸ, ਆਪਣੇ ਕਰਤੇ ਦੀ ਕਿਰਤ ਹੋਣ ਦਾ ਇਕਬਾਲ ਹੈ। ਹੱਦਾਂ ਵਿਚ ਵਿਚਰਦਿਆਂ ਅਨਾਹਦ ਨਾਲ ਜੁੜਨ ਦਾ ਉਪਰਾਲਾ ਹੈ। ਰੱਬੀ ਮੇਹਰ ਕੇਵਲ ਸਾਡੀ ਪੁਕਾਰ ਦਾ ਹੁੰਗਾਰਾ ਹੀ ਨਹੀਂ ਭਰਦੀ, ਉਹ ਤਾਂ ਪਹਿਲੋਂ ਇਸ ਪੁਕਾਰ ਦੀ ਆਵਾਜ਼ ਬਣ ਕੇ ਆਉਂਦੀ ਹੈ। ਇਹ ਮਿਹਰਾਮਤ ਹੀ ਤਾਂ ਸਾਡੇ ਅੰਦਰੋਂ ਅਰਦਾਸ ਬਣ ਕੇ ਨਿਕਲਦੀ ਹੈ।"[10] ਅਰਦਾਸ ਦਾ ਮੁੱਢਲਾ ਅਸੂਲ ਸਮਰਪਣ ਅਤੇ ਪੂਰਨ ਭਰੋਸਾ ਮੰਨਿਆ ਗਿਆ ਹੈ। ਇਸ ਲਈ ਕਈ ਵਾਰੀ ਮਜ਼ਬ ਨੂੰ ਨਾ ਮੰਨਣ ਵਾਲੇ ਮਨੁੱਖ ਵੀ ਸਮਾਜਿਕ ਨੈਤਿਕਤਾ ਵਿੱਚ ਪੂਰੇ ਉੱਤਰਦੇ ਹਨ। ਇਸਦਾ ਕਾਰਨ ਉਨ੍ਹਾਂ ਦੁਆਰਾ ਕਿਸੇ ਅਸੂਲ ਜਾਂ ਸਿਧਾਂਤ ਨੂੰ ਆਪਣੇ ਜੀਵਨ ਵਿਚ ਸਰਵ ਉੱਚ ਮੰਨਣਾ ਹੁੰਦਾ ਹੈ। ਜਾਪ ਸਾਹਿਬ ਵਿੱਚ ਅਜਿਹੇ ਲੋਕਾਂ ਨੂੰ 'ਨਮਸਤੰ ਅਮਜਬੇ' ਬਿਆਨ ਕੀਤਾ ਗਿਆ ਹੈ।। ਮਨੁੱਖ ਦੀ ਸਭ ਤੋਂ ਪਹਿਲੀ ਜ਼ਰੂਰਤ ਉਸ ਕਰਤੇ ਨਾਲ ਆਪਣੇ ਪ੍ਰੇਮ ਭਰੇ ਸੰਬੰਧ ਸਥਾਪਿਤ ਕਰਨਾ ਹੈ।

---

[9] ਡਾ. ਜਸਵੰਤ ਸਿੰਘ ਨੇਕੀ, *ਅਰਦਾਸ, ਦਰਸ਼ਨ ਰੂਪ ਤੇ ਅਭਿਆਸ*, ਪੰਨਾ 16.
[10] ਉਹੀ, ਪੰਨਾ 16.

ਇਸ਼ਟ ਅੱਗੇ ਪ੍ਰਾਰਥਨਾ ਕਰਨ ਦੀ ਰਵਾਇਤ ਸਾਮੀਂ ਧਰਮਾਂ ਜਿਵੇਂ ਇਸਲਾਮ, ਈਸਾਈ ਮਤ ਅਤੇ ਯਹੂਦੀਆਂ ਵਿਚ ਵੀ ਹੈ। ਅਰਦਾਸ ਦਾ ਧਰਮ ਨਾਲ ਸੰਬੰਧ ਅਸਲ ਵਿਚ ਧਰਮ ਦੇ ਇਕ ਈਸ਼ਵਰਵਾਦੀ ਹੋਣ ਨਾਲ ਹੀ ਨਹੀਂ ਹੈ। ਬੇਸ਼ੱਕ ਧਰਮ ਵਿਚ ਆਤਮਾ ਦਾ ਪ੍ਰਮਾਤਮਾ ਨਾਲ ਸਿੱਧਾ ਸੰਪਰਕ ਸਮਝਿਆ ਜਾਂਦਾ ਹੈ। ਬਹੁਦੇਵਵਾਦੀ ਧਰਮਾਂ ਵਿਚ ਦੇਵਤਿਆਂ ਦੀ ਪੂਜਾ ਅਰਚਨਾ ਕੀਤੀ ਜਾਂਦੀ ਹੈ, ਉਨ੍ਹਾਂ ਨੂੰ ਖੁਸ਼ ਕਰਨ ਲਈ ਹੋਮ ਅਤੇ ਯੱਗ ਰਚੇ ਜਾਂਦੇ ਹਨ ਜੋ ਕਿ ਅਰਦਾਸ ਵਰਗਾ ਰੂਪ ਹੀ ਸਿਰਜਦੇ ਹਨ। ਇਸੇ ਲਈ ਬਹੁਦੇਵਵਾਦੀ ਧਰਮਾਂ ਵਿਚ ਅਰਦਾਸ ਨੂੰ ਬਹੁਤ ਮਹੱਤਵ ਪ੍ਰਾਪਤ ਹੈ ਜਿਵੇਂ ਕਿ ਹਿੰਦੂ ਧਰਮ ਵਿੱਚ ਵੇਦਕਾਲ ਤੋਂ ਲੈ ਕੇ ਦੇਵਤਿਆਂ ਨੂੰ ਖੁਸ਼ ਕਰਨ ਲਈ ਹਵਨ ਅਤੇ ਯੱਗ ਕੀਤੇ ਜਾਂਦੇ ਹਨ। ਵੇਦ-ਕਾਲ ਤੋਂ ਬਾਅਦ ਜਦੋਂ ਯੱਗ ਅਤੇ ਹਵਨ ਦਾ ਰਿਵਾਜ ਘਟ ਗਿਆ ਤਾਂ ਮੰਦਰਾਂ ਵਿਚ ਵੱਖ-ਵੱਖ ਦੇਵੀ ਦੇਵਤਿਆਂ ਦੇ ਬੁੱਤਾਂ ਦੀ ਪੂਜਾ ਦੇ ਨਾਲ-ਨਾਲ ਪ੍ਰਾਰਥਨਾ ਵੀ ਹੁੰਦੀ ਸੀ।"ਇਸਲਾਮ ਮਤਿ ਵਿੱਚ ਪ੍ਰਾਰਥਨਾ ਸਿੱਧੀ ਅੱਲਾਹ ਅੱਗੇ ਕੀਤੀ ਜਾਂਦੀ ਹੈ। ਧਾਰਮਿਕ ਰੀਤੀ ਅਨੁਸਾਰ ਪ੍ਰਾਰਥਨਾ ਨੂੰ ਸਾਲਾਤ ਕਿਹਾ ਜਾਂਦਾ ਹੈ। ਚੌਵੀ ਘੰਟਿਆਂ ਵਿੱਚ ਪੰਜ ਵਾਰ ਸਾਲਾਤ ਕੀਤੀ ਜਾਂਦੀ ਹੈ। ਸਾਲਾਤ ਵਿਚ ਡੰਡੌਤ ਅਥਵਾ ਸਿਜਦਾ ਕੀਤਾ ਜਾਂਦਾ ਹੈ। ਅੱਲਾਹ ਦੀ ਸਿਫਤ ਕੀਤੀ ਜਾਂਦੀ ਹੈ ਤੇ ਕੁਰਾਨ ਵਿਚੋਂ ਰੀਤੀ ਸੂਤਰ ਪੜ੍ਹੇ ਜਾਂਦੇ ਹਨ। ਸਾਲਾਤ ਦੁਪਿਹਰ ਨੂੰ ਕੀਤੀ ਜਾਂਦੀ ਹੈ। ਸਾਰਾ ਸਮੁਦਾਇ ਮਸੀਤ ਵਿਚ ਇਕੱਠਾ ਹੁੰਦਾ ਹੈ। ਇਸ ਪ੍ਰਾਰਥਨਾ ਲਈ ਘੱਟੋ ਘੱਟ 40 ਵਿਅਕਤੀਆਂ ਦਾ ਹਾਜ਼ਰ ਹੋਣਾ ਜ਼ਰੂਰੀ ਹੈ। ਸਾਲਾਤ ਦੀ ਵਿਸ਼ੇਸ਼ ਪੱਧਤੀ ਹੈ। ਕੁਰਾਨ ਵਿਚ ਅੱਲਾਹ ਸਭ ਤੋਂ ਸ਼੍ਰੇਸ਼ਟ ਹੈ ਪਰ ਅੱਲਾਹ ਦੀ ਸੱਤਾ ਦੇ ਨਾਲ ਫਰਿਸ਼ਤਿਆਂ ਤੇ ਜਿੰਨਾਂ ਦੀ ਸੱਤਾ ਨੂੰ ਵੀ ਸਵੀਕਾਰ ਕੀਤਾ ਗਿਆ ਹੈ। ਜਿੰਨ ਅੱਲਾਹ ਦੀ ਉਪਾਸਨਾ ਵਿਚ ਰੁਕਾਵਟ ਮੰਨੇ ਗਏ ਹਨ। ਮੁਹੰਮਦ ਸਾਹਿਬ ਨੂੰ ਰਸੂਲ ਅਥਵਾ ਪੈਗੰਬਰ ਰੂਪ ਮੰਨਿਆ ਗਿਆ ਹੈ। ਸਨਾਤਨ ਪੰਥੀ ਇਸਲਾਮ ਅਨੁਸਾਰ ਮਨੁੱਖ ਤੇ ਅੱਲਾਹ ਦਾ ਸੰਬੰਧ ਸਵਾਮੀ ਤੇ ਦਾਸ ਦਾ ਹੈ, ਪ੍ਰਾਰਥਨਾ ਦੁਆਰਾ ਜੋ ਆਪਣੇ ਗੁਨਾਹਾਂ ਦਾ ਪਛਤਾਵਾ ਕਰਕੇ ਅੱਲਾਹ ਦੀ ਸ਼ਰਨ ਵਿਚ ਚਲਾ ਜਾਂਦਾ ਹੈ, ਉਦੋਂ ਉਹ ਭੈਦਾਇਕ ਹੁੰਦਾ ਹੋਇਆ ਵੀ ਖਿਮਾਸ਼ੀਲ ਹੋ ਜਾਂਦਾ ਹੈ। ਅੱਲਾਹ ਬੁਰਾ ਕਰਨ ਵਾਲਿਆਂ ਨੂੰ ਦੰਡ ਤੇ ਸਤਿਕਰਮੀਆਂ ਨੂੰ ਸਵਰਗ ਦਾ ਸੁਖ ਦਿੰਦਾ ਹੈ।"[11] ਕਹਿਣ ਤੋਂ ਭਾਵ ਅਰਦਾਸ ਦਾ ਵਿਧਾਨ ਜਿੱਥੇ ਸਮੁੱਚੇ ਧਰਮਾਂ ਵਿਚ ਦੇਖਣ ਨੂੰ ਮਿਲਦਾ ਹੈ ਉੱਥੇ ਇਸਦੀ ਭਾਵਨਾ ਵੀ ਥੋੜ੍ਹੇ ਬਹੁਤੇ ਫਰਕ ਨਾਲ ਇਕੋ ਜਿਹੀ ਹੈ।

ਇਕ ਰੱਬ ਵਿਚ ਵਿਸ਼ਵਾਸ਼ ਕਰਨ ਵਾਲੇ ਹਰ ਇਕ ਧਰਮ ਨੇ ਉਸ ਪਰਮਾਤਮਾ ਵਿਚ ਲੀਨ ਹੋਣ ਦਾ ਹੀ ਵਿਚਾਰ ਆਪਣੇ ਪੈਰੋਕਾਰਾਂ ਨੂੰ ਦਿੱਤਾ ਹੈ। ਸਾਰੇ ਧਰਮ ਇਹ ਗੱਲ ਮੰਨਦੇ ਹਨ ਕਿ ਮਨੁੱਖ ਦੀ ਉਤਪਤੀ ਪਰਮਾਤਮਾ ਨੇ ਆਪਣੇ ਆਪ ਤੋਂ ਕੀਤੀ ਹੈ। ਮਨੁੱਖ ਦਾ ਮੂਲ ਮਨੋਰਥ ਵੀ ਜਿੱਥੋਂ ਪੈਦਾ ਹੋਇਆ ਹੈ, ਉਸੇ ਵਿਚ ਲੀਨ ਹੋਣ ਦਾ ਹੈ। ਜਿਸਦੀਆਂ ਅਨੇਕਾਂ ਉਦਾਹਰਣਾਂ ਧਰਮ ਗ੍ਰੰਥਾਂ ਵਿਚ ਦੇਖਣ ਨੂੰ ਮਿਲਦੀਆਂ ਹਨ, ਜਿਵੇਂ ਕਿ ਪਰਮਾਤਮਾ ਸਾਗਰ ਹੈ ਜਦਕਿ ਮਨੁੱਖ ਉਸਦੀ ਲਹਿਰ ਜਾਂ ਬੁਲਬਲਾ ਹੈ। ਪਰਮਾਤਮਾ ਸੂਰਜ ਹੈ ਮਨੁੱਖ ਉਸਦੀ ਕਿਰਨ ਹੈ। "ਅਰਦਾਸ ਜ਼ਰੂਰੀ ਤੌਰ ਤੇ ਲਾਭ ਮੰਗਣ ਹਿਤ ਦਰਖਾਸਤ ਨਹੀਂ ਹੈ ਮਨੁੱਖੀ ਆਤਮਾ ਦੀ ਉੱਚੀ ਸ਼ਕਤੀ ਨਾਲ ਕਿਸੇ ਵੀ ਤਰ੍ਹਾਂ ਦੀ ਵਾਰਤਾਲਾਪ ਨੂੰ

[11] *सूफीमत साधना और साहित्य,* पन्ना 250.

ਅਰਦਾਸ ਕਿਹਾ ਜਾ ਸਕਦਾ ਹੈ। ਇਕ ਈਸ਼ਵਰਵਾਦੀ ਦੀ ਪ੍ਰਾਰਥਨਾ ਰੱਬ ਨਾਲ ਗੱਲਬਾਤ ਦਾ ਜ਼ਰੀਆ ਹੈ। ਜਰਮੀਂ ਟੇਲਰ ਅਨੁਸਾਰ, ਪ੍ਰਾਰਥਨਾ ਮਨ ਦਾ ਪਰਮਾਤਮਾ ਵੱਲ ਉਥਾਨ ਹੈ। ਇਸ ਕਿਸਮ ਦੇ ਸਾਡੇ ਉਥਾਨ ਵਡਿਆਈ,ਪਛਤਾਵਾ,ਸ਼ੁਕਰਾਨਾ ਅਤੇ ਨਾਲ ਹੀ ਖਾਸ ਤੋਹਫਿਆਂ ਵਾਸਤੇ ਦਰਖਾਸਤ ਨੂੰ 'ਪ੍ਰਾਰਥਨਾ' ਮਦ ਵਿਚ ਸ਼ਾਮਿਲ ਕੀਤਾ ਜਾ ਸਕਦਾ ਹੈ। ਆਮ ਤੌਰ ਤੇ ਪ੍ਰਾਰਥਨਾ ਦਾ ਭਾਵ ਜੀਵ ਆਤਮਾ ਦੀ ਪਰਮਾਤਮਾ ਨਾਲ ਇਕਮਿਕਤਾ ਹੈ।"[12] ਸੋ ਮਨੁੱਖ ਦੀ ਆਪਣੇ ਧੁਰੇ ਨਾਲ ਜੁੜਨਾ ਹੀ ਜੀਵਨ ਦਾ ਮਕਸਦ ਹੈ। ਹਰ ਇਕ ਧਰਮ ਅਨੁਸਾਰ ਜਿਨ੍ਹੇ ਵੀ ਮਹਾਂਪੁਰਖਾਂ ਨੇ ਆਪਣੇ ਜੀਵਨ ਨੂੰ ਰੱਬ ਦੇ ਲੇਖੇ ਲਾਇਆ, ਉਹ ਉਸ ਧਰਮ ਵਿਚ ਪੂਜਣਯੋਗ ਹੋ ਗਏ, ਉਸ ਧਰਮ ਨੇ ਉਹਨਾਂ ਦੀਆਂ ਯਾਦਗਾਰਾਂ ਬਣਾਈਆਂ ਅਤੇ ਉਹਨਾਂ ਦੇ ਮਹਾਨ ਕਾਰਜਾਂ ਨੂੰ ਮੇਲਿਆਂ ਦੇ ਰੂਪ ਵਿੱਚ ਹਰ ਸਾਲ ਯਾਦ ਕੀਤਾ ਜਾਂਦਾ ਹੈ।

### ਅਰਦਾਸ ਸ਼ਬਦ ਦੇ ਅਰਥ

ਵੱਖ-ਵੱਖ ਭਾਸ਼ਾਵਾਂ ਵਿਚ,ਕੋਸ਼ਾਂ ਵਿਚ ਅਰਦਾਸ ਸ਼ਬਦ ਦੇ ਸਮਾਨਰਥੀ ਸ਼ਬਦਾਂ ਨੂੰ ਦੇਖਣ ਦਾ ਯਤਨ ਕਰਦੇ ਹਾਂ ਤਾਂ ਜੋ ਇਸ ਵਿਸ਼ੇ ਦੀ ਸਾਰਥਕਤਾ ਸਿੱਧ ਹੋ ਸਕੇ।

"**चद्**-ਕਿ.ਮੁ. ਕਹਿਣਾ; ਪ੍ਰਾਰਥਨਾ ਕਰਨਾ, ਬੇਨਤੀ ਕਰਨਾ"[13]

**प्रार्थना**- F. Prayer, Request[14]

ਭਾਈ ਕਾਨ੍ਹ ਸਿੰਘ ਨਾਭਾ ਰਚਿਤ *ਮਹਾਨ ਕੋਸ਼* ਅਨੁਸਾਰ ਅਰਦਾਸ, "ਨਿਆਜ਼-ਵਿਨਯ, ਪ੍ਰਾਰਥਨਾ, ਬੇਨਤੀ"[15]

*ਉਰਦੂ-ਪੰਜਾਬੀ ਕੋਸ਼* ਅਨੁਸਾਰ "ਦੁਆ, ਪ੍ਰਾਰਥਨਾ, ਅਰਦਾਸ,ਰੱਬ ਤੋਂ ਮੰਗਣਾ"[16]

ਅਮਰਵੰਤ ਸਿੰਘ ਦੁਆਰਾ ਸੰਕਲਿਤ *ਅਰਬੀ-ਫਾਰਸੀ ਵਿਚੋ ਉਤਪੰਨ ਪੰਜਾਬੀ ਸ਼ਬਦਾਵਲੀ* ਅਨੁਸਾਰ "ਅਰਜ਼-ਬੇਨਤੀ; ਦਰਖ਼ਾਸਤ; ਪੇਸ਼ ਕਰਨਾ; ਚੌੜਾਈ; ਬੇਨਤੀ; ਅਰਜ਼ੋਈ, ਬਰ; ਪਨ੍ਹਾ; ਚੌੜਾਈ"[17]

*ਉਰਦੂ-ਪੰਜਾਬੀ ਕੋਸ਼* ਅਨੁਸਾਰ "ਦਅਵਾ-ਦਾਅਵਾ, ਦਰਖ਼ਾਸਤ, ਬੇਨਤੀ, ਮੰਗ, ਅਰਦਾਸ, ਇੱਛਾ; ਰੱਬ ਅੱਗੇ ਪੁਕਾਰ; ਕਾਨੂੰਨੀ ਚਾਰਾਜੋਈ; ਦੋਸ਼"[18]

**डा हरदेव बाहरी रचित *अंग्रेज़ी-हिन्दी शब्दकोश* अनुसार**, "Pray **प्रे** I v. 1 v. t. i. (for, to ) ask earnestly for **प्रार्थना**F **करना; विनती**F **करना;** 2 v.t.i. (for) hope **आशा**F **करना;** 3 v.t. beg **माँगना**, ~ing for **(वांच्छित कामना पूर्ति की) बहुत अधिक/आवश्यकता होना/आशा करना;** II adv. (fml. Or lit.) (used for giving force to a request) **कृपया** ~er **प्रे'अर** n. a n$^{u}$. Request

[12] ਜੇਮਜ਼ ਹੇਸਟਿੰਗਜ਼, (ਸੰਪਾ.), *ਇਨਸਾਈਕਲੋਪੀਡੀਆ ਆਫ ਰੀਲੀਜੀਨ ਐਂਡ ਐਥਿਕਸ*, ਪੰਨਾ 166.
[13] ਡਾ., ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼*, ਪੰਨਾ 237.
[14] Winand M. Callewrert, *Dictonary of Bhakti*, Page 1286.
[15] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 700.
[16] *ਉਰਦੂ-ਪੰਜਾਬੀ ਕੋਸ਼*, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 231.
[17] ਸੰਕਲਨਕਰਤਾ ਅਮਰਵੰਤ ਸਿੰਘ,*ਅਰਬੀ-ਫਾਰਸੀ ਵਿਚੋ ਉਤਪੰਨ ਪੰਜਾਬੀ ਸ਼ਬਦਾਵਲੀ*, ਪੰਨਾ 411.
[18] *ਉਰਦੂ-ਪੰਜਾਬੀ ਕੋਸ਼*, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 231.

विनती[F] प्राथना[F], b nu. (off. Cap.) (of church service) प्रार्थना[F]; c hymn स्तोत्र, भजन; d request to God (ईश्वर से) प्रार्थना;"[19]

सम्पादक सत्यप्रकाश, बलभद्र प्रसाद मिश्र रचित *मानक अंग्रेज़ी-हिन्दी कोश* अनुसार "Prayer स. प्रार्थना, स्तुति, स्तवन, विनती, अर्चना, भजन, उपासना, जप-तप"[20]

ਅਮਰਵੰਤ ਸਿੰਘ ਦੁਆਰਾ ਸੰਕਲਿਤ *ਅਰਬੀ-ਫਾਰਸੀ ਵਿਚੋਂ ਉਤਪੰਨ ਪੰਜਾਬੀ ਸ਼ਬਦਾਵਲੀ* ਅਨੁਸਾਰ "ਦੁਆ-ਦੁਆਅ (ਰੱਬ ਤੋਂ ਮੰਗਣਾ) ਅਰਦਾਸ, ਅਰਜ਼ੋਈ, ਜੋਦੜੀ, ਪ੍ਰਾਰਥਨਾ, ਬੇਨਤੀ, ਅਰਜ਼, ਛੋਟੇ ਦਾ ਵੱਡੇ ਤੋਂ ਮੰਗਣਾ, ਅਸੀਨ, ਅਸ਼ੀਰਬਾਦ, ਰੱਬ ਤੋਂ ਕਿਸੇ ਵਾਸਤੇ ਭਲਾਈ ਚਾਹੁਣੀ"[21]

"**विनय**-ਬਿਨੈ, ਬੇਨਤੀ, ਨਿਮਰਤਾ, ਪ੍ਰਾਰਥਨਾ"[22]

"**वृत्ति**-ਇ. ਚੋਣ, ਛਾਂਟ, ਛਿਪਾਉਣਾ ਦੂਰ ਕਰਨਾ, ਮੰਗਣਾ; ਬਿਨੈ; ਬੇਨਤੀ, ਪ੍ਰਾਰਥਨਾ, ਸਿਫਾਰਸ਼ ਅਨੁਰੋਧ, ਨਿਮਰਤਾ, ਘੇਰਾ; ਲਪੇਟਾ, ਨਿਯੁਕਤੀ, ਢਕਣਾ, ਗੁਪਤ ਰੱਖਣਾ, ਵਾੜਾ, ਛਾੜਬੰਦੀ, ਵਾੜ"[23]

"**विनति**-ਬਿਨੈ, ਬੇਨਤੀ, ਪ੍ਰਾਰਥਨਾ, ਨਿਵੇਦਨ, ਗੁਜ਼ਾਰਸ਼, ਝੁਕਣਾ ਨੀਚੇ ਨੂੰ ਹੋਣਾ, ਨਿਮਰਤਾ"[24]

"ਯਾਚਨਾ, ਨਿਵੇਦਨ, ਇੱਛਾ, ਚਿੰਦਿਆ, ਕਾਮਨਾ, ਲੋਚਾ, ਚਾਹਨਾ, ਬੇਨਤੀ, ਆਵੇਦਨ, ਨਾਲਿਸ਼ ਫਰਿਆਦ, ਦਰਖਾਸਤ, ਮਿੰਨਤ, ਗੁਜ਼ਾਰਸ਼।"[25]

ਡਾ. ਜੀਤ ਸਿੰਘ ਸੀਤਲ ਦੁਆਰਾ ਸੰਕਲਿਤ *ਫਾਰਸੀ ਪੰਜਾਬੀ ਕੋਸ਼* ਅਨੁਸਾਰ ਦਰੂਦ : ਦੁਆ, ਪ੍ਰਾਰਥਨਾ, ਅਲਾਹ ਤਾਲਾ, 'ਅੱਲਾ ਤਾਅਲਾ ਵੱਲੋਂ ਹੋਵੇ ਤਾਂ ਰਹਿਮਤ' ਫਰਿਸ਼ਤਿਆਂ ਵੱਲੋਂ ਹੋਵੇ ਤਾਂ 'ਇਸਿਤਫਗ਼ਾਰ' ਇਨਸਾਨਾਂ ਵਲੋਂ ਹੋਵੇ ਤਾਂ 'ਦੁਆ', ਹੈਵਾਨਾਂ ਵੱਲੋ ਹੋਵੇ ਤਾਂ ਤਸਬੀਹ ਉਹ ਦੁਆ ਜਿਹੜੀ ਹਜ਼ਰਤ ਮੁਹੰਮਦ ਸਾਹਿਬ ਤੇ ਉਹਨਾਂ ਦੇ ਹੱਕ ਵਿਚ ਕੀਤੀ ਜਾਵੇ।"[26]

ਭਾਈ ਕਾਨ੍ਹ ਸਿੰਘ ਨਾਭਾ ਰਚਿਤ *ਮਹਾਨ ਕੋਸ਼* ਅਨੁਸਾਰ ਅਰਦਾਸ ਸੰ. ਅਦੂੰ (ਮੰਗਣਾ) ਆਸ (ਆਸ਼ਾ)

ਅਰਦਾਸਿ ਮੁਰਾਦ ਮੰਗਣ ਦੀ ਕ੍ਰਿਯਾ।

ਫਾ. ਅਰਜ਼ਦਾਸ਼ਤ, ਸੰਗਯਾ, ਪ੍ਰਾਰਥਨਾ

ਬੇਨਤੀ ਵਿਨਯ[27]

ਬੇਨਤੀ ਸੰ. ਵਿਨਤਿ ਸੰਗਯਾ-ਪ੍ਰਣਾਮ ਨਮਸਕਾਰ।

1. ਵਿਨਯ, ਪ੍ਰਾਰਥਨਾ 2. ਨੰਮ੍ਰਤਾ, ਹਲੀਮੀ[28]

---

[19] डा हरदेव बाहरी, *अंगेज़ी-हिन्दी शब्दकोश*, पन्ना 544.
[20] सम्पादक सत्यप्रकाश, बलभद्र प्रसाद मिश्र, मानक, *अंग्रेज़ी-हिन्दी कोश*, पन्ना 1054.
[21] ਸੰਕਲਨਕਰਤਾ ਅਮਰਵੰਤ ਸਿੰਘ,*ਅਰਬੀ-ਫਾਰਸੀ ਵਿਚੋਂ ਉਤਪੰਨ ਪੰਜਾਬੀ ਸ਼ਬਦਾਵਲੀ*,ਪੰਨਾ 24.
[22] ਸੰਪਾ, ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼*, ਪੰਨਾ 843.
[23] ਉਹੀ, ਪੰਨਾ 885.
[24] ਉਹੀ, ਪੰਨਾ 843.
[25] ਉਹੀ, 561.
[26] ਸੰਕਲਨਕਰਤਾ ਡਾ. ਜੀਤ ਸਿੰਘ ਸੀਤਲ, *ਫਾਰਸੀ ਪੰਜਾਬੀ ਕੋਸ਼*, ਪੰਨਾ 318.
[27] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 81.
[28]ਉਹੀ,ਪੰਨਾ 81.

ਬਿਨਉ ਸੰ. ਵਿਨਯ ਸੰਸਥਾ ਨੰਮ੍ਰਤਾ, ਹਲੀਮੀ।

2. ਅਰਦਾਸ ਬੇਨਤੀ

3. ਪ੍ਰਣਾਮ ਨਮਸਕਾਰ

ਯਾਚਨਾ : ਮੰਗਣਾ ਦੀ ਕ੍ਰਿਯਾ[29]

Pray :ਬੇਨਤੀ ਕਰਨਾ, ਅਰਜ਼ ਕਰਨਾ, ਅਰਦਾਸ ਕਰਨਾ, ਕੁਝ ਮੰਗਣਾ;ਸਿਮਰਨ ਕਰਨਾ, ਪੂਜਾ ਕਰਨਾ, ਉਪਾਸਨਾ ਕਰਨਾ, ਗਿੜਗਿੜਾਉਣਾ, ਹੱਥ ਪੈਰ ਜੋੜਨਾ, ਮਿੰਨਤ ਕਰਨਾ।

"ਅਰਜ਼ਦਾਸ਼ਤ : ਅਰਜ਼ੀ, ਬਿਨੈ-ਪੱਤਰ।"[30]

Prayer : ਪ੍ਰਾਰਥਨਾ, ਬੇਨਤੀ, ਅਰਜ਼, ਅਰਦਾਸ, ਜਾਚਨਾ, ਮੰਗ, ਸਵਾਲ, ਅਰਾਧਨਾ, ਉਪਾਸਨਾ, ਪੂਜਾ, ਜਾਪ : ਪਰਾਰਥੀ, ਬੇਨਤੀ ਕਰਨ ਵਾਲਾ, ਅਰਾਧਕ, ਪੁਜਾਰੀ, ਉਪਾਸ਼ਕ।[31]

ਗਿਆਨੀ ਪ੍ਰਤਾਪ ਸਿੰਘ ਰਚਿਤ ਗੁਰਮਤਿ ਫਿਲਾਸਫੀ ਅਨੁਸਾਰ, "ਅਰਜ਼ ਤੋਂ ਭਾਵ ਬੇਨਤੀ ਅਤੇ ਦਾਸ਼ਤ ਤੋਂ ਭਾਵ ਰਖਨਾ, ਬੇਨਤੀ ਕਰਨੀ ਲਿਆ ਹੈ।"[32]

ਡਾ. ਜੀਤ ਸਿੰਘ ਸੀਤਲ ਦੁਆਰਾ ਸੰਕਲਿਤ *ਫਾਰਸੀ ਪੰਜਾਬੀ ਕੋਸ਼* ਅਨੁਸਾਰ "ਦੁਆ: ਰੱਬ ਤੋਂ ਮੰਗਣਾ, ਬੁਲਾਉਣਾ, ਪੁਕਾਰਨਾ, ਇੱਛਾ ਹੋਣਾ, ਮੰਗਣਾ, ਪਰਾਰਥਨਾ, ਅਰਦਾਸ।"[33]

ਸਿਰਦਾਰ ਕਪੂਰ ਸਿੰਘ ਰਚਿਤ ਪ੍ਰਾਸ਼ਰਪ੍ਰਸ਼ਨਾ ਅਨੁਸਾਰ, "ਅਰਦਾਸ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸਦਾ ਰੂਟ ਅਰਦ (अर्द) ਅਤੇ ਆਸ ਵਿਚ ਹੈ। ਅਰਦ (अर्द) ਦਾ ਅਰਥ ਹੈ ਪੁੱਛਣਾ, ਮੰਗਣਾ, ਪ੍ਰਾਰਥਨਾ ਕਰਨੀ ਅਤੇ ਆਸ ਦਾ ਅਰਥ ਹੈ ਇੱਛਾ ਆਸ ਅਤੇ ਖਾਹਿਸ਼। ਇਸ ਤਰ੍ਹਾਂ ਅਰਦਾਸ ਦਾ ਪੂਰਨ ਅਰਥ ਹੈ, ਜੋ ਇੱਛਾ ਹੈ ਉਸਨੂੰ ਮੰਗਣਾ।"[34]

ਅਰਦਾਸ ਸ਼ਬਦ ਸੁਣਦਿਆਂ/ਪੜ੍ਹਦਿਆਂ ਸਾਡਾ ਧਿਆਨ ਸਿੱਖ ਧਰਮ ਵਿਚ ਹਰ ਧਾਰਮਿਕ ਕਾਰਜ ਦੀ ਸੰਪੂਰਨਤਾ ਤੋਂ ਬਾਅਦ ਕੀਤੀ ਜਾਣ ਵਾਲੀ ਅਰਦਾਸ ਵੱਲ ਜਾਂਦਾ ਹੈ। ਪਰੰਤੂ ਵੱਖ-ਵੱਖ ਧਰਮਾਂ ਵਿਚ ਅਰਦਾਸ ਲਈ ਪ੍ਰਾਰਥਨਾ, ਪ੍ਰੇਅਰ, ਦੁਆ ਆਦਿ ਸ਼ਬਦ ਵਰਤੇ ਜਾਂਦੇ ਹਨ ਪਰ ਪੰਜਾਬੀ ਵਿਚ ਹੀ ਇਸਦੇ ਸਮਾਨ ਅਰਥੀ ਸ਼ਬਦ ਬੇਨਤੀ, ਜੋਦੜੀ, ਬਿਨੈ, ਅਰਜੋਈ ਆਦਿ ਦੇਖੇ ਜਾ ਸਕਦੇ ਹਨ। ਹਥਲੇ ਖੋਜ ਕਾਰਜ ਦਾ ਮੁੱਖ ਮਕਸਦ ਵਿਸ਼ਵ ਦੇ ਪ੍ਰਮੁਖ ਧਰਮਾਂ ਵਿਚ ਪਏ ਹੋਏ ਅਰਦਾਸ ਦੇ ਸੰਕਲਪ ਨੂੰ ਉਜਾਗਰ ਕਰਨਾ ਹੈ। ਇਸ ਆਸ਼ੇ ਦੀ ਪੂਰਤੀ ਲਈ 'ਅਰਦਾਸ' ਸ਼ਬਦ ਦੀ ਵਿਉਂਤਪਤੀ ਸਬੰਧੀ ਵੱਖ-ਵੱਖ ਵਿਦਵਾਨਾਂ ਦੇ ਵਿਚਾਰਾਂ ਨੂੰ ਵੇਖਣਾ ਜਰੂਰੀ ਬਣਦਾ ਹੈ।

ਪੰਜਾਬੀ ਵਿਸ਼ਵਕੋਸ਼ ਅਨੁਸਾਰ "ਇਹ ਸ਼ਬਦ ਫਾਰਸੀ ਸ਼ਬਦ 'ਅਰਜ਼ਦਾਸ਼ਤ' ਤੋਂ ਵਿਗੜ ਕੇ ਬਣਿਆ ਹੈ ਜਿਸਦਾ ਅਰਥ ਅਰਜ਼ੀ ਜਾਂ ਬੇਨਤੀ ਹੈ। ਅਰਦਾਸ ਕਿਸੇ ਪਰਾਸਰੀਰਿਕ ਸ਼ਕਤੀ ਨੂੰ ਇੱਛਾ-

---

[29] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨ 871.

[30] ਸੰਕਲਨਕਰਤਾ ਡਾ. ਜੀਤ ਸਿੰਘ ਸ਼ੀਤਲ, *ਫਾਰਸੀ ਪੰਜਾਬੀ ਕੋਸ਼*, ਪੰਨਾ 484.

[31] *ਅੰਗਰੇਜ਼ੀ ਪੰਜਾਬੀ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 526-27.

[32] ਪ੍ਰਤਾਪ ਸਿੰਘ ਗਿਆਨੀ, *ਗੁਰਮਤਿ ਫਿਲਾਸਫੀ*, ਪੰਨਾ 227.

[33] ਸੰਕਲਨਕਰਤਾ ਡਾ. ਜੀਤ ਸਿੰਘ ਸ਼ੀਤਲ, *ਫਾਰਸੀ ਪੰਜਾਬੀ ਕੋਸ਼*, ਪੰਨਾ 327.

[34] Sirdar Kapoor Singh, *Parsharprashna*, Page 284.

ਪੂਰਤੀ ਲਈ ਕੀਤੀ ਗਈ ਬੇਨਤੀ ਹੈ। ਜਦੋਂ ਸਾਨੂੰ ਕੋਈ ਥੁੜ ਪਰਤੀਤ ਹੁੰਦੀ ਹੈ ਅਤੇ ਉਹ ਕਿਸੇ ਦੀ ਬਖਸ਼ਿਸ਼ ਨਾਲ ਪੂਰੀ ਹੋ ਸਕਣ ਦੀ ਆਸ ਹੁੰਦੀ ਹੈ ਤਾਂ ਅਸੀਂ ਉਸਦੀ ਬਖਸ਼ਿਸ਼ ਦਾ ਪਾਤਰ ਬਣਨ ਲਈ ਅਸੀਂ ਉਸ ਅੱਗੇ ਅਰਦਾਸ ਕਰਦੇ ਹਾਂ।"[35]

ਡਾ. ਰਤਨ ਸਿੰਘ ਜੱਗੀ ਰਚਿਤ ਗੁਰੂ ਗ੍ਰੰਥ ਵਿਸ਼ਵਕੋਸ਼ ਅਨੁਸਾਰ "ਅਰਦਾਸ ਸ਼ਬਦ ਦੀ ਵਿਉਂਤਪਤੀ ਬਾਰੇ ਦੋ ਧਾਰਣਾਵਾਂ ਪ੍ਰਚਲਿਤ ਹਨ। ਇਕ ਅਨੁਸਾਰ ਇਹ ਫ਼ਾਰਸੀ ਦੇ 'ਅਰਜ਼ਦਾਸਤ' ਸ਼ਬਦ ਦਾ ਤਦਭਵ ਰੂਪ ਹੈ। ਦੂਜੀ ਅਨੁਸਾਰ ਇਹ ਸੰਸਕ੍ਰਿਤ ਦੇ ਅਰਦ- (ਮੰਗਣਾ) ਧਾਤੂ ਨਾਲ 'ਆਸ਼ਾ' (ਆਸ) ਸ਼ਬਦ ਦੇ ਸੰਯੋਗ ਨਾਲ ਲੋਕ-ਉਚਾਰਣ ਅਨੁਰੂਪ ਬਣਿਆ ਸ਼ਬਦ ਹੈ।"[36]

ਪੰਜਾਬ ਕੋਸ਼ ਅਨੁਸਾਰ, "ਅਰਦਾਸ ਸ਼ਬਦ ਸੰਸਕ੍ਰਿਤ ਦੇ 'ਅਰਦ' ਧਾਤੂ ਅਤੇ ਫ਼ਾਰਸੀ ਦੇ ਅਰਜ਼ਦਾਸਤ ਤੋਂ ਬਣਿਆ ਹੈ ਜਿਸਦੇ ਅਰਥ 'ਯਾਚਨਾ' ਪ੍ਰਾਰਥਨਾ ਅਤੇ ਮੁਰਾਦ ਮੰਗਣ ਦੀ ਕਿਰਿਆ ਹਨ। ......... ਅਰਦਾਸ ਕਈ ਕਾਰਨਾਂ ਕਰਕੇ ਕੀਤੀ ਜਾਂਦੀ ਹੈ। ਉਦਾਹਰਨ ਵਜੋਂ 1. ਪਰਮੇਸ਼ਰ ਦੀ ਨੇੜਤਾ ਪ੍ਰਾਪਤ ਕਰਨ ਲਈ 2. ਦੁਨਿਆਵੀ ਸੁਖ ਪ੍ਰਾਪਤ ਕਰਨ ਲਈ 3. ਗੁਨਾਹ ਮਾਫ ਕਰਾਉਣ ਲਈ 4. ਸਫਲਤਾ ਪ੍ਰਾਪਤ ਕਰਨ ਲਈ। ਪਰਮਾਤਮਾ ਦੀ ਨੇੜਤਾ ਪ੍ਰਾਪਤ ਕਰਨ ਲਈ ਕੀਤੀ ਗਈ ਅਰਦਾਸ ਸਭ ਤੋਂ ਵਧੀਆ ਸਮਝੀ ਜਾਂਦੀ ਹੈ। ਗੁਰੂਆਂ, ਮਹਾਂਪੁਰਖਾਂ ਅਤੇ ਵਿਦਵਾਨਾਂ ਨੇ ਸੱਚੇ ਮਨ ਨਾਲ ਕੀਤੀ ਅਰਦਾਸ ਦੀ ਮਹਾਨ ਸ਼ਕਤੀ ਨੂੰ ਸਵੀਕਾਰ ਕੀਤਾ ਹੈ।"[37]

ਸਿੱਖ ਧਰਮਾਂ ਵਿਸ਼ਵਕੋਸ਼ ਅਨੁਸਾਰ "ਅਰਦਾਸ ਫਾਰਸੀ ਦੇ ਸ਼ਬਦ ਅਰਜ਼ਦਾਸਤ ਤੋਂ ਲਿਆ ਗਿਆ ਜਾਪਦਾ ਹੈ ਜਿਸਦਾ ਅਰਥ ਹੈ ਬੇਨਤੀ ਕਰਨਾ, ਯਾਦ ਦੁਆਉਣਾ ਜਾਂ ਆਪ ਤੋਂ ਵੱਡਿਆਂ ਨੂੰ ਸੰਬੋਧਨ ਕਰਨਾ।"[38]

ਡਾ. ਨਵਰਤਨ ਕਪੂਰ ਨੇ ਅਰਦਾਸ ਦੇ ਅੱਖਰੀ ਅਰਥ ਵੀ ਕੀਤੇ ਹਨ।[39]

ਅ – ਅੰਤਰਜਾਮੀ

ਰ – ਰਾਖਾ

ਦ – ਦਾਤਾਰ

ਸ – ਸਹਾਰਾ

ਉਰਦੂ ਇੰਗਲਿਸ਼ ਡਿਕਸ਼ਨਰੀ ਅਨੁਸਾਰ, "ਅਰਦਾਸ" ਸ਼ਬਦ ਦਾ ਨਿਕਾਸ ਅਰਬੀ ਫਾਰਸੀ ਦੇ ਸਮਾਸ ਅਰਜ਼ਦਾਸ਼ਤ ਵਿਚ ਹੈ। 'ਅਰਜ' ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦੇ ਕੋਸ਼ੀ ਅਰਥ ਹਨ A. Petition, Request, Solicitation, Representation, Exposition, Supplication, a Memorial."[40]

---

[35] *ਪੰਜਾਬੀ ਵਿਸ਼ਵ ਕੋਸ਼ (ਜਿਲਦ ਦੂਜੀ)*, ਭਾਸ਼ਾ ਵਿਭਾਗ, ਪੰਜਾਬ, ਪੰਨਾ 60.

[36] ਡਾ. ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ)* ਪੰਨਾ 75.

[37] ਰਛਪਾਲ ਸਿੰਘ ਗਿੱਲ (ਮੁਖ ਸੰਪਾਦਕ) *ਪੰਜਾਬ ਕੋਸ਼, (ਜਿਲਦ ਪਹਿਲੀ)* ਪੰਨਾ 133.

[38] ਡਾ.ਜੋਧ ਸਿੰਘ (ਮੁਖ ਸੰਪਾਦਕ) *ਸਿੱਖ ਧਰਮ ਵਿਸ਼ਵਕੋਸ਼ (ਪਹਿਲੀ ਸੈਂਚੀ)*, ਪੰਨਾ 191.

[39] ਡਾ. ਨਵਰਤਨ ਕਪੂਰ "ਸੱਚੀ ਅਰਦਾਸ : ਇਕ ਮਨੋ-ਵਿਸ਼ਲੈਸ਼ਣ, *ਨਾਨਕ ਪ੍ਰਕਾਸ਼ ਪੱਤ੍ਰਿਕਾ* 22 (1) 62-67, ਜੂਨ 1987.

[40] ਅਬਦੁਲ ਹੱਕ, *ਉਰਦੂ ਇੰਗਲਿਸ਼ ਡਿਕਸ਼ਨਰੀ,* ਪੰਨਾ 502.

"ਦਾਸ਼ਤ ਫਾਰਸੀ ਭਾਸ਼ਾ ਦਾ ਸ਼ਬਦ ਹੈ, ਜਿਸਦੇ ਕੋਸ਼ੀ ਅਰਥ ਹਨ – Bringing up, Taking Care do, Patronage, Service."[41]

"ਇਤਿਹਾਸਕ ਪ੍ਰਸੰਗ ਵਿਚ ਇਸ ਸ਼ਬਦ ਦਾ ਪ੍ਰਯੋਗ ਇਸਲਾਮੀ ਰਾਜ ਵਿਚ ਹੁੰਦਾ ਸੀ। ਕਿਸੇ ਹਾਕਮ ਨੂੰ ਪਟੀਸ਼ਨ ਅਥਵਾ ਪ੍ਰਾਰਥਨਾ ਪੱਤਰ ਦਿੱਤਾ ਜਾਂਦਾ ਸੀ ਤਾਂ ਉਸਨੂੰ 'ਅਰਜ਼ਦਾਸ਼ਤ' ਕਿਹਾ ਜਾਂਦਾ ਸੀ। ਇਹ ਸ਼ਬਦ ਪੜ੍ਹਿਆਂ ਲਿਖਿਆਂ ਦੀ ਭਾਸ਼ਾ ਵਿਚ ਅਥਵਾ ਦਰਬਾਰੀ ਖੇਤਰ ਵਿਚ ਪ੍ਰਯੁਕਤ ਹੁੰਦਾ ਸੀ। ਆਮ ਲੋਕਾਂ ਦੀ ਭਾਸ਼ਾ ਅਥਵਾ ਘੱਟ ਪੜ੍ਹਿਆਂ ਦੀ ਭਾਸ਼ਾ ਵਿੱਚ ਇਸਦਾ ਰੂਪ ਸੰਗਵਾ ਨਾ ਰਹਿ ਕੇ ਬਦਲਦਾ ਗਿਆ। ਇਸ ਤੋਂ ਇਲਾਵਾ ਭਾਸ਼ਾ ਵਿਗਿਆਨ ਦੇ ਨੁਕਤੇ ਤੋਂ ਵੀ ਲੰਮੇਰਾ ਸ਼ਬਦ ਹੋਣ ਕਾਰਨ ਅਤੇ 'ਜ਼' ਤੇ 'ਤ' ਧੁਨੀਆਂ ਤੇ ਜ਼ੋਰ ਘੱਟ ਹੋਣ ਕਾਰਨ ਦੋਵੇਂ ਵਿਅੰਜਨ ਲੱਥ ਗਏ, 'ਸ਼' ਦਾ 'ਸ' ਹੋ ਗਿਆ ਇਸ ਪ੍ਰਕਾਰ ਤਤਸਮ ਸ਼ਬਦ ਅਰਜ਼ਦਾਸ਼ਤ ਤੋਂ ਤਦਭਵ 'ਅਰਦਾਸ' ਬਣਿਆ।"[42]

*Encyclopedia of Religion and Ethics* "ਅਰਦਾਸ ਸਾਧਾਰਨ ਤੇ ਬਹੁਤ ਪ੍ਰਾਚੀਨ ਰੂਪ ਵਿਚ, ਕਿਸੇ ਇੱਛਾ ਦਾ ਪ੍ਰਗਟਾ ਹੈ ਜੋ ਕਿਸੇ ਅਪ੍ਰਾਕ੍ਰਿਤਕ ਸ਼ਕਤੀ ਜਾਂ ਸੱਤ ਨੂੰ ਪ੍ਰਭਾਵਿਤ ਕਰਨ ਲਈ ਅਰਜ਼ ਦੇ ਰੂਪ ਵਿਚ ਢਾਲੀ ਹੁੰਦੀ ਹੈ। ਆਧੁਨਿਕ ਅਰਦਾਸ ਵਿਚ ਇਸਦਾ ਭਾਵ ਰੂਹਾਨੀ ਵਸਲ ਤੋਂ ਲਿਆ ਜਾਂਦਾ ਹੈ। ਅਰਦਾਸ ਨੂੰ ਸ਼ਰਧਾਮਈ ਜਾਚਨਾ ਦੇ ਅਰਥਾਂ ਵਿਚ ਵੀ ਜਾਣਿਆ ਜਾਂਦਾ ਹੈ।"[43]

*Encyclopedia of Britanica* ਅਨੁਸਾਰ "ਅਰਦਾਸ ਪਦ ਆਮ ਤੌਰ ਤੇ ਨਿਰਮਾਣ ਭਾਵ ਵਾਲੀ ਬੇਨਤੀ ਜਾਂ ਜਾਚਨਾ ਲਈ ਵਰਤਿਆ ਜਾਂਦਾ ਹੈ। ਤਕਨੀਕੀ ਤੌਰ ਤੇ ਧਰਮ ਦੇ ਖੇਤਰ ਵਿਚ ਇਹ ਪਦ ਕਿਸੇ ਗੈਬੀ ਜਾਂ ਪਾਵਨ ਹਸਤੀ ਨੂੰ ਸੰਬੋਧਨ ਕਰਨ ਦੇ ਦਸਤੂਰ ਨਾਲ ਸਬੰਧਤ ਹੈ ਜਿਸ ਵਿਚ ਸਰਧਾਮਈ ਤਰਲੇ ਵਾਲੀ ਮਨੋਦਸ਼ਾ ਤੇ ਧਾਰਣਾ ਹਾਵੀ ਰਹਿੰਦੀ ਹੈ।"[44]

ਉਪਰੋਕਤ ਵਿਦਵਾਨਾਂ ਦੇ ਵਿਚਾਰਾਂ ਤੋਂ ਇਸ ਸਿੱਟੇ ਤੇ ਪਹੁੰਚਿਆ ਜਾ ਸਕਦਾ ਹੈ ਕਿ 'ਅਰਦਾਸ' ਸ਼ਬਦ ਦੀਆਂ ਜੜ੍ਹਾਂ ਫਾਰਸੀ ਅਤੇ ਸੰਸਕ੍ਰਿਤ ਭਾਸ਼ਾ ਵਿਚ ਪਈਆਂ ਹੋਈਆਂ ਹਨ। ਪਰ ਹੁਣ ਇਹ ਸ਼ਬਦ ਆਪਣੀ ਵਿਲੱਖਣ ਅਤੇ ਸੁਤੰਤਰ ਹੋਂਦ ਬਣਾ ਚੁੱਕਾ ਹੈ। ਇਹ ਪਰਿਭਾਸ਼ਾਵਾ ਸਿੱਧ ਕਰਦੀਆਂ ਹਨ ਕਿ ਅਰਦਾਸ ਆਪਣੇ ਤੋਂ ਉੱਚੀ ਸ਼ਕਤੀ ਅੱਗੇ ਕੀਤੀ ਜਾਂਦੀ ਹੈ, ਉਸ ਤੋਂ ਕੁਝ ਮੰਗਣ ਲਈ, ਭੁੱਲਾਂ ਬਖਸਾਉਣ ਲਈ, ਮੁਕਤੀ ਪ੍ਰਾਪਤੀ ਲਈ ਜਾਂ ਆਪੋ ਆਪਣੀ ਮਨੁੱਖੀ ਮਨੋਵਸਥਾ ਅਨੁਸਾਰ ਗੈਬੀ ਸ਼ਕਤੀ ਨਾਲ ਵਾਰਤਾਲਾਪ ਕੀਤਾ ਜਾਂਦਾ ਹੈ। ਇਸੇ ਕਾਰਣ ਹੀ ਹਰ ਧਰਮ ਵਿਚ ਅਰਦਾਸ ਦਾ ਸਿਧਾਂਤ ਮੌਜੂਦ ਹੈ, ਬੇਸ਼ੱਕ ਉਸਦੀ ਵਿਧੀ ਜਾਂ ਭਾਸ਼ਾ ਵਿਚ ਅੰਤਰ ਦੇਖਣ ਨੂੰ ਮਿਲਦੇ ਹਨ।

### ਅਰਦਾਸ ਦੀ ਪ੍ਰਕਿਰਤੀ

ਅਰਦਾਸ ਤੋਂ ਬਿਨਾਂ ਕੋਈ ਵੀ ਇਨਸਾਨ ਮੁਕਤੀ ਪ੍ਰਾਪਤੀ ਲਈ ਸੋਚ ਵੀ ਨਹੀਂ ਸਕਦਾ ਭਾਵੇਂ ਕਿ ਸੰਸਾਰ ਵਿਚ ਅਨੇਕਾਂ ਧਰਮ ਹਨ ਅਤੇ ਹਰ ਇਕ ਧਰਮ ਦੇ ਧਰਮ ਗ੍ਰੰਥ ਅਤੇ ਧਰਮ ਗ੍ਰੰਥ ਦੀ ਭਾਸ਼ਾ

---

[41] ਅਬਦੁਲ ਹੱਕ, *ਉਰਦੂ ਇੰਗਲਿਸ਼ ਡਿਕਸ਼ਨਰੀ*, ਪੰਨਾ 344.

[42] ਡਾ. ਬਲਬੀਰ ਕੌਰ, 'ਗੁਰਮਤਿ ਅਨੁਸਾਰ ਅਰਦਾਸ', *ਨਾਨਕ ਪ੍ਰਕਾਸ਼ ਪੱਤ੍ਰਿਕਾ* 22 (1) 157, ਜੂਨ 1987.

[43] *Encyclopedia of Religion and Ethics,* Vol 1, P. 154.

[44] *Encyclopedia of Britanica,* Vol 18, P. 421.

ਅਲੱਗ ਹੈ, ਉਹਨਾਂ ਧਰਮਾਂ ਨੂੰ ਮੰਨਣ ਵਾਲੇ ਪੈਰੋਕਾਰ ਵੱਖ-ਵੱਖ ਤਰੀਕਿਆਂ ਨਾਲ ਪ੍ਰਾਰਥਨਾ ਕਰਦੇ ਹਨ ਪਰੰਤੂ ਫਿਰ ਵੀ ਹਰ ਇਕ ਅਰਦਾਸ ਦਾ ਅਰਥ ਇਕੋ ਜਿਹਾ ਹੀ ਹੁੰਦਾ ਹੈ।"ਸੰਸਾਰ ਵਿਚ ਹਰ ਯਤਨ ਤੇ ਪੁਰਸ਼ਾਰਥ ਕਰਨ ਦੀ ਤਾਕਤ ਮਨ ਤੋਂ ਹੀ ਪੈਦਾ ਹੁੰਦੀ ਹੈ। ਅਰਦਾਸ ਕਰਨ ਨਾਲ ਮਨ ਇਕਾਗਰ ਹੁੰਦਾ ਹੈ। ਫਿਰ ਉਸ ਤੋਂ ਇਕ ਅਜਿਹੀ ਤਸੱਲੀ ਦੇਣ ਵਾਲੀ ਖਿਆਲਾਂ ਦੀ ਧਾਰਾ ਉਤਪੰਨ ਹੋ ਜਾਂਦੀ ਹੈ ਜੋ ਮਨੁੱਖ ਨੂੰ ਚੌਕਸ ਤੇ ਹੁਸ਼ਿਆਰ ਬਣਾਉਂਦੀ ਹੈ। ਉਸ ਅੰਦਰ ਸਬਰ, ਸੰਤੋਖ, ਧੀਰਜ, ਮੁਸੀਬਤ ਨੂੰ ਸਹਿਣ ਦਾ ਬਲ ਅਤੇ ਹਿੰਮਤ ਦੀਆਂ ਆਦਤਾਂ ਉਜਾਗਰ ਹੋ ਜਾਂਦੀਆ ਹਨ।"[45] ਅਰਦਾਸ ਕਰਨ ਨਾਲ ਮਨੁੱਖ ਵਿੱਚ ਗੁਣਾਂ ਦਾ ਵਾਧਾ ਹੁੰਦਾ ਹੈ, ਉਸ ਕਰਤੇ ਦੀ ਕਾਇਨਾਤ ਪ੍ਰਤੀ ਸਨੇਹ ਪੈਦਾ ਹੁੰਦਾ ਹੈ।

ਅਰਦਾਸ ਕਰਨ ਵਾਲੇ ਮਨੁੱਖ ਦੇ ਹਿਰਦੇ ਅੰਦਰ ਇਹ ਵਿਸ਼ਵਾਸ਼ ਪੈਦਾ ਹੁੰਦਾ ਹੈ ਕਿ ਕੋਈ ਅਜਿਹੀ ਸ਼ਕਤੀ ਹੈ ਜੋ ਉਸਦੀ ਮਦਦ ਕਰੇਗੀ, ਇਹ ਗਲ ਮਨੁੱਖ ਦੇ ਹਿਰਦੇ ਅੰਦਰ ਅਥਾਹ ਬਲ ਪੈਦਾ ਕਰਕੇ ਉਸਨੂੰ ਹਰ ਇਕ ਔਕੜ ਖਿੜੇ ਮੱਥੇ ਸਹਿਣ ਯੋਗ ਬਣਾਉਂਦੀ ਹੈ। ਅਰਦਾਸ ਉਪਰ ਅਟੁੱਟ ਵਿਸ਼ਵਾਸ਼ ਹੀ ਮਨੁੱਖੀ ਬੁੱਧੀ ਦੇ ਸਾਰੇ ਪਸਾਰਾਂ ਨੂੰ ਸੰਤੁਲਨ ਦੀ ਅਵਸਥਾ ਵਿਚ ਲਿਆ ਸਕਦਾ ਹੈ।"ਅਰਦਾਸ ਵਿਚ ਭਾਰੀ ਸ਼ਕਤੀ ਹੈ। ਸੱਚੇ ਹਿਰਦੇ ਵਿਚੋਂ ਨਿਕਲੀ ਪੁਕਾਰ ਆਵੇਸ਼ ਮਾਲਕ ਦੀ ਦਰਗਾਹ ਵਿਚ ਪੁੱਜਦੀ ਹੈ, ਪ੍ਰੰਤੂ ਬੇਨਤੀ ਸਦਾ ਉੱਚੀ ਸੁੱਚੀ ਦਾਤ ਲਈ ਕਰਨੀ ਚਾਹੀਦੀ ਹੈ। ਸੱਚਾ ਪ੍ਰੇਮੀ ਕਦੇ ਸੰਸਾਰ ਦੀਆਂ ਨਾਸ਼ਮਾਨ ਵਸਤਾਂ ਲਈ ਬੇਨਤੀ ਨਹੀਂ ਕਰਦਾ, ਬਲਕਿ ਉਹ ਆਪਣੇ ਪ੍ਰੀਤਮ ਤੋਂ ਕੇਵਲ ਪ੍ਰੀਤਮ ਨੂੰ ਹੀ ਮੰਗਦਾ ਹੈ।"[46] ਜੋ ਅਰਦਾਸ ਕੇਵਲ ਸੰਸਾਰਿਕ ਮੰਗਾਂ ਤੱਕ ਸੀਮਿਤ ਰਹਿ ਜਾਂਦੀ ਹੈ ਉਹ ਅਰਦਾਸ ਰੱਬ ਨੂੰ ਨਹੀਂ ਪਾ ਸਕਦੀ ਸਗੋਂ ਵਸਤੂਆਂ ਤੱਕ ਹੀ ਮਹਿਦੂਦ ਹੁੰਦੀ ਹੈ।

ਸੱਚੀ ਅਰਦਾਸ ਇਨਸਾਨ ਨੂੰ ਰੂਹਾਨੀ ਖੇੜਾ ਬਖਸ਼ਦੀ ਹੈ ਜਦਕਿ ਇਹ ਅਨੰਦ ਹੋਰ ਕਿਸੇ ਸੰਸਾਰਿਕ ਵਸਤੂ ਤੋਂ ਪ੍ਰਾਪਤ ਨਹੀਂ ਹੋ ਸਕਦਾ। ਇਹ ਹੀ ਉਸ ਸੁੱਖਾਂ ਦੇ ਖਜ਼ਾਨੇ ਰੱਬ ਦੇ ਘਰ ਦੀ ਚਾਬੀ ਬਣਦੀ ਹੈ। "ਅਰਦਾਸ ਰੂਹਾਨੀਅਤ ਦਾ ਅਤਰ ਹੈ ਜੋ ਕਿ ਸਰੀਰ, ਮਨ ਅਤੇ ਆਤਮਾ ਨੂੰ ਅਦਭੁਤ ਅਨੰਦ ਬਖਸ਼ਦਾ ਹੈ ਅਤੇ ਇਹ ਪੂਰਨਤਾ ਕਿਸੇ ਹੋਰ ਯਤਨ ਨਾਲ ਸੰਭਵ ਨਹੀਂ। ਅਰਦਾਸ ਇਕ ਮਹਾਨ ਸ਼ਕਤੀ ਹੈ ਜੋ ਇਨਸਾਨ ਨੂੰ ਜ਼ਿੰਦਗੀ ਦੀ ਕਸ਼ਮਕਸ਼ ਦੀ ਨਿਡਰਤਾ ਨਾਲ ਮੁਕਾਬਲਾ ਕਰਨ ਦੇ ਸਮੱਰਥ ਬਣਾਉਂਦੀ ਹੈ। ਅਰਦਾਸ ਉਹ ਚਾਬੀ ਹੈ ਜਿਸ ਨਾਲ ਕਿ ਬਹਿਸ਼ਤ ਦਾ ਬੂਹਾ ਖੁਲ੍ਹਦਾ ਹੈ।"[47] ਅਰਦਾਸ ਤੋਂ ਬਿਨਾਂ ਰੱਬ ਦੇ ਘਰ ਤੀਕ ਪਹੁੰਚਣ ਦਾ ਦੂਜਾ ਰਸਤਾ ਕੋਈ ਨਹੀਂ, ਜਿਸਨੇ ਰੱਬੀ ਨੂਰ ਦੇ ਜਲਵੇ ਦੇ ਦਰਸ਼ਨ ਕਰਨੇ ਹਨ ਉਸਨੂੰ ਇਸ ਰਸਤਿਉਂ ਹੀ ਲੰਘਣਾ ਪਵੇਗਾ।

ਇਹ ਵਿਚਾਰ ਸਿੱਧ ਕਰਦੇ ਹਨ ਕਿ ਅਰਦਾਸ ਅਧਿਆਤਮਿਕ ਸੰਸਾਰ ਦਾ ਪ੍ਰਮੁੱਖ ਪਹਿਲੂ ਹੈ। ਆਤਮਿਕ ਸਫਰ ਸ਼ੁਰੂ ਕਰਨ ਲੱਗਿਆਂ ਅਰਦਾਸ ਦੀ ਹੀ ਜ਼ਰੂਰਤ ਪੈਂਦੀ ਹੈ ਪਰ ਜਦੋਂ ਉਹ ਰੂਹ ਪਰਮਾਤਮਾ ਨਾਲ ਇਕਮਿਕਤਾ ਦੇ ਆਲਮ ਵਿਚ ਪ੍ਰਵੇਸ਼ ਕਰਦੀ ਹੈ, ਉੱਥੇ ਵੀ ਗੱਲਬਾਤ ਦਾ ਜ਼ਰੀਆ ਅਰਦਾਸ ਹੀ ਰਹਿੰਦਾ ਹੈ। ਕਹਿਣ ਤੋਂ ਭਾਵ ਕਿ ਰੱਬ ਨਾਲ ਮਿਲਾਪ ਦੀ ਪਹਿਲੀ ਅਤੇ ਆਖਰੀ ਪੌੜੀ

---

[45] *ਗੁਰਮਤਿ ਸਿਧਾਂਤ* (ਭਾਗ ਦੂਜਾ), ਪੰਨਾ 707.

[46] ਸੰਤ ਸਾਵਣ ਸਿੰਘ, *ਗੁਰਮਤਿ ਸਿਧਾਂਤ*, ਪੰਨਾ 157.

[47] ਸੰਤ ਕ੍ਰਿਪਾਲ ਸਿੰਘ, *ਪ੍ਰੇਅਰ*, ਪੰਨਾ 58.

ਅਰਦਾਸ ਹੀ ਹੈ ਭਾਵੇਂ ਕਿ ਇਸਦੇ ਤਰੀਕੇ ਸੰਸਾਰ ਭਰ ਵਿਚ ਵੱਖਰੇ-ਵੱਖਰੇ ਹਨ। "ਕੁਝ ਲੋਕ ਸਿੱਧੇ ਲੰਮੇ ਪੈ ਕੇ ਅਰਦਾਸ ਕਰਦੇ ਹਨ ਅਤੇ ਕੁਝ ਝੁਕ ਕੇ ਮੱਥਾ ਹੇਠਾਂ ਲਗਾ ਕੇ। ਆਰੀਆ ਲੋਕ ਬਾਹਵਾਂ ਉਪਰ ਉਠਾ ਕੇ ਅਰਦਾਸ ਕੀਤਾ ਕਰਦੇ ਸਨ। ਜਦੋਂ ਕਿ ਮੁਸਲਮਾਨ ਦਿਨ ਵਿਚ ਅੱਜ ਵੀ ਪੰਜ ਵਾਰ ਨਿਯਮਿਤ ਰੂਪ ਵਿਚ ਅਰਦਾਸ ਲਈ ਜੁੜਦੇ ਹਨ। ਅਰਦਾਸ ਦੌਰਾਨ ਨਿਮਾਜੀ ਸੱਤ ਵੱਖ-ਵੱਖ ਪੁਜੀਸ਼ਨਾਂ ਲੈਂਦਾ ਹੈ ਅਤੇ ਨਾਲ ਦੀ ਨਾਲ ਮੂੰਹੋ ਕੁਝ ਆਇਤਾਂ ਉਚਾਰਦਾ ਰਹਿੰਦਾ ਹੈ। ਭਾਵੇਂ ਅਰਦਾਸ ਦਾ ਮੰਤਵ ਸਭ ਦਾ ਤਕਰੀਬਨ ਇਕੋ ਜਿਹਾ ਹੁੰਦਾ ਹੈ, ਪ੍ਰੰਤੂ ਪੇਸ਼ਕਾਰੀ ਦਾ ਤੌਰ ਤਰੀਕਾ ਸਮੇਂ ਦੀ ਤੋਰ ਨਾਲ ਕੁਝ ਬਦਲਦਾ ਰਹਿੰਦਾ ਹੈ। ਕੁਝ ਲੋਕ ਖਾਸ ਨਿਰਧਾਰਤ ਸ਼ਬਦਾਵਲੀ ਦੀ ਵਰਤੋਂ ਕਰਦੇ ਹੋਏ ਕੁਝ ਗਿਣੇ ਚੁਣੇ ਸ਼ਬਦਾਂ ਵਿਚ ਅਰਦਾਸ ਕਰਕੇ ਅਹੁ ਜਾਂਦੇ ਹਨ ਅਤੇ ਜਦੋਂ ਕਿ ਕੁਝ ਹੋਰ ਲੰਬਾ ਸਮਾਂ ਅਰਦਾਸ ਵਿਚ ਜੁੜੇ ਰਹਿੰਦੇ ਹਨ।"[48] ਹਰ ਇਕ ਧਰਮ ਵਿਚ ਅਰਦਾਸ ਦੇ ਵਿਧੀ-ਵਿਧਾਨ ਦੀ ਵੱਖਰਤਾ ਵੇਖਣ ਨੂੰ ਮਿਲਦੀ ਹੈ ਪਰ ਇਸਦੀ ਮੂਲ ਭਾਵਨਾ ਲਗਭਗ ਇਕੋ ਜਿਹੀ ਹੀ ਰਹਿੰਦੀ ਹੈ।

ਇਹ ਗੱਲ ਸਿੱਧ ਕਰਦੀ ਹੈ ਹਰ ਇਕ ਇਨਸਾਨ ਦੀ ਕੁਦਰਤ ਵੱਲੋਂ ਜਿਵੇਂ ਸ਼ਕਲ, ਆਵਾਜ਼, ਚਾਲ ਆਦਿ ਭਿੰਨ ਹੈ, ਇਸੇ ਤਰ੍ਹਾਂ ਹਰ ਇਕ ਮਨੁੱਖ ਦੇ ਮਨ ਦਾ ਸੰਸਾਰ ਵੀ ਵੱਖੋ ਵੱਖ ਹੈ ਅਤੇ ਉਸੇ ਸੰਸਾਰ ਕਰਕੇ ਉਸ ਅੰਦਰ ਭਾਵਨਾਵਾਂ ਦਾ ਵਿਕਾਸ ਹੁੰਦਾ ਹੈ ਉਹਨਾਂ ਭਾਵਾਂ ਦੇ ਅਨੁਸਾਰ ਉਹ ਆਪਣੇ ਇਸ਼ਟ ਦੇ ਸਾਹਮਣੇ ਪ੍ਰਾਰਥਨਾ ਦੇ ਰੂਪ ਵਿੱਚ ਆਪਣੇ ਵਿਚਾਰ ਵਿਅਕਤ ਕਰਦਾ ਹੈ। ਬਹੁਤੀ ਵਾਰ ਦੇਖਣ ਨੂੰ ਮਿਲਦਾ ਹੈ ਕਿ ਹਰ ਇਕ ਧਰਮ ਵਿਚ ਅਰਦਾਸ ਦੇ ਸਥਾਪਿਤ ਕੀਤੇ ਬੋਲ ਕਿਸੇ ਮਰਯਾਦਾ ਵਿਚ ਬੱਝੇ ਹੁੰਦੇ ਹਨ ਜਦਕਿ ਦੂਜੇ ਪਾਸੇ ਪਰਮਾਤਮਾ ਦਾ ਪਿਆਰਾ ਮਨੁੱਖ ਆਪਣੇ ਸਿੱਧ-ਪੱਧਰੇ ਬੋਲਾਂ ਰਾਹੀਂ ਰੱਬ ਦੇ ਘਰ ਆਪਣੀ ਪੁਕਾਰ ਦਿਖਾਵੇ ਦੀਆਂ ਬੰਦਿਸ਼ਾਂ ਤੋਂ ਬਿਨਾਂ ਵੀ ਪੁਚਾਉਣ ਦੇ ਜ਼ਿਆਦਾ ਕਾਬਿਲ ਹੁੰਦਾ ਹੈ। ਪਰਮਾਤਮਾ ਦੇ ਦਰ ਤੇ ਭਾਵਾਂ ਦੀ ਪਾਕੀਜ਼ਗੀ ਹੀ ਪਰਵਾਨ ਚੜ੍ਹਦੀ ਹੈ ਜਦਕਿ ਬੋਲਾਂ ਦੀ ਮਰਯਾਦਾ ਵਿਚ ਬੱਝੀਆਂ ਵਿਖਾਵੇ ਦੀਆਂ ਪ੍ਰਾਰਥਾਨਾਵਾਂ ਬਹੁਤੀ ਵਾਰ ਬੇਅਸਰ ਹੋ ਜਾਂਦੀਆਂ ਹਨ।

ਅਰਦਾਸ ਇਕ ਤਰ੍ਹਾਂ ਨਾਲ ਰੱਬ ਨਾਲ ਕੀਤੀ ਗਈ ਸਿੱਧੀ ਗੱਲਬਾਤ ਹੈ, ਉਸੇ ਪ੍ਰਕਾਰ ਜਿਸ ਤਰ੍ਹਾਂ ਅਸੀਂ ਆਪਣੇ ਮਾਂ-ਪਿਉ, ਭੈਣ-ਭਰਾ, ਪਤੀ-ਪਤਨੀ ਜਾਂ ਹੋਰ ਰਿਸ਼ਤੇਦਾਰਾਂ/ਮਿੱਤਰਾਂ ਨਾਲ ਕਰਦੇ ਹਾਂ। ਜੇ ਅਜਿਹਾ ਸਬੰਧ ਅਸੀਂ ਕਰਤੇ ਨਾਲ ਸਥਾਪਿਤ ਕਰਾਂਗੇ ਤਾਂ ਦੁਨਿਆਵੀ ਜੀਵਨ ਆਪਣੇ ਆਪ ਸੁਖਮਈ ਹੋ ਜਾਵੇਗਾ। ਇਸ ਤਰ੍ਹਾਂ ਕੀਤੀ ਹੋਈ ਅਰਦਾਸ ਹੀ ਸਫਲ ਹੁੰਦੀ ਹੈ। "ਅਰਦਾਸ ਰੱਬ ਨਾਲ ਗੋਸ਼ਟੀ ਹੈ, ਉਸੇ ਨਾਲ ਮਸਲਤ ਹੈ। ਉਹੀ ਤਾਂ ਸਾਡਾ ਸਭੋ ਕੁਝ ਹੈ- ਮਾਤਾ-ਪਿਤਾ, ਭੈਣ-ਭਾਈ, ਪ੍ਰੇਮੀ-ਭਰਤਾ, ਨਾਇਕ-ਖਸਮ, ਸੱਜਣ-ਸੈਣ, ਸਾਕ-ਸਬੰਧੀ, ਕੀ ਨਹੀਂ ਉਹ ਸਾਡਾ? ਤਦੇ ਸਾਡਾ ਹਰ ਸਲਾਹ-ਮਸ਼ਵਰਾ ਉਸੇ ਨਾਲ ਬਣਦਾ ਹੈ, ਜੋ ਸਾਡੇ ਦਿਲਾਂ ਦਾ ਜਾਣੂ ਹੈ, ਅੰਗ ਸੰਗ ਹੋ ਕੇ ਸਾਡੀ ਨਿਗਾਹਬਾਨੀ ਕਰਦਾ ਹੈ ਉਸਦਾ ਨਿਰਮਲ ਭਰੋਸਾ ਹੀ ਸਾਡੀ ਅਰਦਾਸ ਦਾ ਆਧਾਰ ਬਣ ਸਕਦਾ ਹੈ।"[49] ਜਿਸ ਤਰ੍ਹਾਂ ਅਸੀਂ

---

[48] ਨਿਰਵੈਰ ਸਿੰਘ ਅਰਸ਼ੀ, ਅਰਦਾਸ: ਸੰਕਲਪ ਅਤੇ ਸਰੂਪ, *ਨਾਨਕ ਪ੍ਰਕਾਸ਼ ਪੱਤ੍ਰਿਕਾ*, 22(1) 109, ਜੂਨ 1987.
[49] ਡਾ. ਜਸਵੰਤ ਸਿੰਘ ਨੇਕੀ, *ਅਰਦਾਸ, ਦਰਸ਼ਨ ਰੂਪ ਤੇ ਅਭਿਆਸ,* ਪੰਨਾ 16.

ਦੁਨਿਆਵੀ ਕੰਮਾਂ ਵਿਚ ਆਪਣੇ ਸਾਥੀ ਦੀ ਸਲਾਹ ਲੈਂਦੇ ਹਾਂ ਇਸੇ ਤਰ੍ਹਾਂ ਜੇ ਹਰ ਕਿ ਕਾਰਜ ਸਮੇਂ ਰੱਬ ਅੱਗੇ ਅਰਜੋਈ ਕਰੀਏ ਤਾਂ ਸਾਡੇ ਸਾਰੇ ਕਾਰਜ ਰਾਸ ਹੋ ਜਾਣ।

ਅਰਦਾਸ ਹੋਰ ਵੀ ਅਨੇਕਾਂ ਭੇਦਭਰੀਆਂ ਰਮਜ਼ਾਂ ਦਾ ਖਜ਼ਾਨਾ ਹੈ। ਇਹ ਵਾਹਿਗੁਰੂ ਦੇ ਘਰ ਵਿਚ ਕਈ ਤਰੀਕਿਆ ਨਾਲ ਆਤਮਾ ਦਾ ਪ੍ਰਵੇਸ਼ ਕਰਵਾ ਸਕਦੀ ਹੈ। ਸ਼ੁਕਰਾਨੇ ਵਜੋਂ ਪਸ਼ਚਾਤਾਪ ਬਣਕੇ ਜਾਂ ਕਿਸੇ ਪ੍ਰਣ ਦੀ ਪੂਰਤੀ ਖਾਤਿਰ। ਅਰਦਾਸ ਦੇ ਲਈ ਸਭ ਤੋਂ ਜ਼ਰੂਰੀ ਤੱਤ ਭਾਸ਼ਾਂ ਹੈ। "ਅਰਦਾਸ ਕੇਵਲ ਬੇਨਤੀ ਯਾ ਪ੍ਰਾਥਨਾ ਹੀ ਨਹੀਂ, ਇਸਦੇ ਕਈ ਪਾਸਾਰ ਹਨ। ਇਹ, ਮਾਲਕ ਦਾ ਸ਼ੁਕਰਾਨਾ ਥੀ ਕੇ, ਉਸਦੀ ਸਿਫਤ ਸਲਾਹ ਬਣ ਕੇ, ਸਦਕੇ ਦੀ ਭਾਵਨਾ ਨਾਲ ਭਰੀਜ ਕੇ ਜਾ ਮਾਲਕ ਵੱਲ ਉਡਾਰੀ ਮਾਰਨ ਦੀ ਬਿਹਬਲਤਾ ਨਾਲ ਤੜਪ ਕੇ ਵੀ ਪ੍ਰਗਟ ਹੋ ਸਕਦੀ ਹੈ। ਪਛਤਾਵੇ ਦੇ ਹੰਝੂਆਂ ਨਾਲ ਭਿੱਜ ਕੇ ਤੇ ਨਵੀਂ ਕਿਸੇ ਪ੍ਰਤਿੱਗਿਆ ਦਾ ਬਚਨ ਬਣ ਕੇ ਵੀ ਰੂਪਮਾਨ ਹੋ ਸਕਦੀ ਹੈ। ਬੋਲਾਂ ਨਾਲ ਇਸਦਾ ਵਿਚਿਤ੍ਰ ਸੰਬੰਧ ਹੈ। ਬੋਲੀ ਹੀ ਸਾਡੇ ਮਨ ਦੀ ਬਿਹਬਲਤਾ ਨੂੰ ਪ੍ਰਗਟ ਕਰਦੀ ਹੈ। ਅਰਦਾਸ ਦਾ ਵਾਹਨ ਹੀ ਨਹੀਂ, ਕਈ ਵਾਰ ਤਾਂ ਇਹ ਅਰਦਾਸ ਦਾ ਤੱਤ ਸਾਰ ਹੀ ਬਣ ਜਾਂਦੀ ਹੈ।"[50] ਅਰਦਾਸ ਆਪਣੇ ਆਪ ਵਿਚ ਅਨੇਕਾਂ ਪਹਿਲੂਆਂ ਨੂੰ ਸਮੋ ਕੇ ਕਰਤੇ ਵੱਲ ਉਡਾਰੀ ਭਰਦੀ ਹੈ ਅਤੇ ਇਸਦਾ ਸਭ ਤੋਂ ਮਹੱਤਵਪੂਰਣ ਪੱਖ ਬੋਲੀ ਹੁੰਦਾ ਹੈ।

ਅਰਦਾਸ ਕਰਨ ਵਾਲਾ ਜੀਵ ਬੜਾ ਸਿਦਕੀ ਹੋਣਾ ਚਾਹੀਦਾ ਹੈ ਅਤੇ ਪਰਮਾਤਮਾ ਦੀ ਰਜ਼ਾ ਨੂੰ ਹੀ ਆਪਣਾ ਜੀਵਨ ਲਕਸ਼ ਮੰਨੇ, ਅਰਦਾਸ ਦੀ ਪੂਰਤੀ/ਅਪੂਰਤੀ ਉਸਦੇ ਲਈ ਇਕੋ ਜਿਹੇ ਹੋਣ। ਇਹ ਨਾ ਹੋਵੇ ਕਿ ਅਰਦਾਸ ਪੂਰੀ ਨਾ ਹੋਣ ਤੇ ਉਹ ਡੋਲ ਜਾਵੇ।ਸੱਚਾ ਸਾਧਕ ਅਰਦਾਸ ਰਾਹੀਂ ਰੱਬ ਦੀ ਪ੍ਰਾਪਤੀ ਕਰਦਾ ਹੈ। ਸਿਆਣਿਆਂ ਦਾ ਇਹ ਮੰਨਣਾ ਹੈ ਕਿ ਹਰ ਇਕ ਮਨੁੱਖ ਕਿਸੇ ਨਾ ਕਿਸੇ ਰੂਪ ਵਿੱਚ ਆਪਣੇ ਜੀਵਨ ਵਿਚ ਅਰਦਾਸ ਦਾ ਸਹਾਰਾ ਲੈਂਦਾ ਹੈ। ਜ਼ਰੂਰੀ ਨਹੀਂ ਕਿ ਉਹ ਅਰਦਾਸ ਹੱਥ ਜੋੜ ਕੇ ਹੀ ਕਿਸੇ ਨਿਯਮ ਅਨੁਸਾਰ ਕਰੇ। ਬਹੁਤੀ ਵਾਰ ਅਰਦਾਸ ਮਨੁੱਖੀ ਮਨ ਵਿਚੋਂ ਆਪ ਮੁਹਾਰੇ ਸ਼ੁਕਰਾਨੇ ਜਾਂ ਪਛਤਾਵੇ ਵਜੋਂ ਨਿਕਲਦੀ ਹੈ। ਪੂਰਨ ਧਾਰਮਿਕ ਪੁਰਸ਼ ਦਾ ਮਨ ਤਾਂ ਹਮੇਸ਼ਾ ਹੀ ਅਰਦਾਸ ਵਿਚ ਜੁੜਿਆ ਰਹਿੰਦਾ ਹੈ।"ਹਰ ਮਨੁੱਖ ਭਾਵੇਂ ਮੰਨੇ ਜਾਂ ਨਾ ਮੰਨੇ ਜਾਣਦਾ ਜਾਂ ਨਾ ਜਾਣਦਾ ਅਰਦਾਸ ਕਲਾ ਦੀ ਲੋਚਨਾ ਕਰ ਰਿਹਾ ਹੈ। ਇਸ ਸੰਸਾਰ ਵਿਚ ਕਦੀ ਕੋਈ ਐਸਾ ਪੁਰਸ਼ ਪੈਦਾ ਨਹੀਂ ਹੋਇਆ ਜਿਸ ਦਾ ਮਨ ਕਦੀ ਨਾ ਕਦੀ ਨਿਰਾਸ਼ਤਾ ਵਿਚ ਨਹੀਂ ਗਿਆ ਅਤੇ ਉਸਦੇ ਅੰਦਰੋਂ ਸਹਾਇਤਾ ਲਈ ਤਰਲਾ ਤਥਾ ਪੁਕਾਰ ਨਹੀਂ ਨਿਕਲੇ, ਇਹ ਪੁਕਾਰ ਜਦ ਗੁਰੂ-ਪ੍ਰਭੂ ਅੱਗੇ ਕੀਤੀ ਜਾਇ ਤਦ ਅਰਦਾਸ ਅਖਵਾਉਂਦੀ ਹੈ। ਅਮੀਰ ਹੋਵੇ ਜਾਂ ਗਰੀਬ, ਹਾਕਮ ਹੋਵੇ ਜਾਂ ਮਹਿਕੂਮ, ਬਿਉਪਾਰੀ ਹੋਵੇ ਜਾਂ ਦਿਹਾੜੀਦਾਰ, ਸਾਧ ਹੋਵੇ ਜਾਂ ਚੋਰ, ਬਾਲਕ ਹੋਵੇ ਜਾਂ ਬਿਰਧ, ਪੁਰਸ਼ ਹੋਵੇ ਜਾਂ ਇਸਤਰੀ ਹਰ ਇਕ ਨੂੰ ਅਰਦਾਸ ਦੀ ਅਵਕਸ਼ਤਾ ਉਪਜਦੀ ਹੈ"।[51] ਜਿਵੇਂ ਜ਼ਿੰਦਗੀ ਜਿਉਣ ਲਈ ਹਵਾ, ਪਾਣੀ, ਅੱਗ ਆਦਿ ਤੱਤਾਂ ਦੀ ਮਨੁੱਖ ਨੂੰ ਜਰੂਰਤ ਹੈ ਉਸੇ ਤਰ੍ਹਾਂ ਮਨੁੱਖ ਵੱਸ

---

[50] ਡਾ. ਜਸਵੰਤ ਸਿੰਘ ਨੇਕੀ, *ਅਰਦਾਸ, ਦਰਸ਼ਨ ਰੂਪ ਤੇ ਅਭਿਆਸ,* ਪੰਨਾ 17.
[51] ਪ੍ਰਿਤਪਾਲ ਸਿੰਘ, *ਅਰਦਾਸ ਕਲਾ*, ਪੰਨਾ 3.

ਤੋਂ ਬਾਹਰਲੀਆਂ ਘਟਨਾਵਾਂ ਤੋਂ ਬਚਣ ਜਾਂ ਜਾਣਨ ਲਈ ਅਰਦਾਸ ਦਾ ਸਹਾਰਾ ਮਨੁੱਖ ਨੂੰ ਲੈਣਾ ਹੀ ਪੈਂਦਾ ਹੈ।

ਹਰ ਇਕ ਧਰਮ ਨੇ ਅਰਦਾਸ ਕਰਨ ਲਈ ਸਮੇਂ, ਸਥਾਨ ਦੀਆਂ ਹੱਦ ਬੱਦੀਆ ਬਣਾਈਆਂ ਹਨ, ਪਰ ਸੱਚੀ ਅਰਦਾਸ ਇੰਨ੍ਹਾਂ ਬੰਦਿਸ਼ਾ ਤੋਂ ਪਾਰ ਹੀ ਵਿਚਰਦੀ ਹੈ। ਅਜਿਹੀ ਅਰਦਾਸ ਲਈ ਕਿਸੇ ਭਾਸ਼ਾ ਦੀ ਸੂਝ ਅਤੇ ਉਚਾਰਣ ਭੇਦ ਦਾ ਵੀ ਕੋਈ ਅਰਥ ਨਹੀਂ ਹੁੰਦਾ, ਕਿਉਂਕਿ ਗਿਣਤੀ ਮਿਣਤੀ ਵਿਚ ਕੀਤੇ ਗਏ ਕਾਰਜਾਂ ਵਿਚ ਨਿਰੋਲ ਭਾਵ ਮਨਫੀ ਹੋ ਜਾਂਦੇ ਹਨ। "ਅਰਦਾਸ ਕੋਈ ਗੀਤ ਜਾਂ ਗ਼ਜ਼ਲ ਨਹੀਂ ਜਿਸਦੇ ਸ਼ਬਦ ਅਤੇ ਮੀਟਰ ਕਿਸੇ ਵਲਗਣ ਵਿਚ ਵਲੇ ਹੋਏ ਹੋਣ ਅਤੇ ਨਾ ਹੀ ਕੋਈ ਰਾਗਾਤਮਕ ਕ੍ਰਿਤ ਹੈ ਜਿਸਦੇ ਅਲਾਪ ਦਾ ਸਮਾਂ ਨਿਸ਼ਚਤ ਹੈ। ਬਲਕਿ ਅਰਦਾਸ ਤਾਂ ਕਿਸੇ ਦੁਖੀ ਦਿਲ ਦੀ ਹੂਕ ਜਾਂ ਪੁਕਾਰ ਹੈ ਜੋ ਸਮੇਂ,ਸਥਾਨ, ਸ਼ਬਦਾਵਲੀ ਅਤੇ ਛੰਦਾਬੰਦੀ ਆਦਿ ਦੀਆਂ ਤਮਾਮ ਕੈਦਾਂ ਤੋਂ ਪੂਰੀ ਤਰ੍ਹਾਂ ਮੁਕਤ ਹੈ।"[52] ਪਰਮਾਤਮਾ ਨਾਲ ਗੱਲਬਾਤ ਕਰਨ ਦਾ ਕੋਈ ਬੱਝਵਾਂ ਸਮਾਂ ਨਹੀਂ , ਉਹ ਦਿਨ ਦੇ ਚੌਵੀ ਘੰਟਿਆਂ ਵਿੱਚ ਹਰ ਸਮੇਂ ਸਾਡੀ ਪੁਕਾਰ ਸੁਣਨ ਲਈ ਤਿਆਰ ਹੈ ਬਸ਼ਰਤੇ ਸਾਡੀ ਮੰਗ ਸਰਬੱਤ ਦੇ ਭਲੇ ਲਈ ਹੋਵੇ।

ਸੱਚੀ ਅਰਦਾਸ ਸੰਸਾਰਿਕ ਬੰਦਿਸ਼ਾਂ ਤੋਂ ਪਾਰ ਹੋ ਜਾਂਦੀ ਹੈ ਫਿਰ ਉਸਨੂੰ ਸਮੇਂ ਸਥਾਨ ਦੀ ਵਲਗਣ ਬੰਨ੍ਹ ਨਹੀਂ ਸਕਦੀ, "ਅਰਦਾਸ ਇਕ ਆਜ਼ਾਦ ਪੰਛੀ ਦੀ ਪਰਵਾਜ਼ ਹੈ- ਜਿਸਦਾ ਕੋਈ ਸਮਾਂ ਨਹੀਂ, ਜਿਸਦੀ ਕੋਈ ਸੀਮਾ ਨਹੀਂ, ਚਾਹੇ ਤਾਂ ਆਕਾਸ਼ ਦੀਆਂ ਬੁਲੰਦੀਆਂ ਨੂੰ ਛੂਹ ਲਵੇ। ਪਿੰਜਰੇ ਵਿਚ ਬੰਦ ਪੰਛੀ ਦੀ ਫੜਫੜਾਣ ਨੂੰ ਉਡਾਰੀ ਬਿਲਕੁਲ ਨਹੀਂ ਕਿਹਾ ਜਾ ਸਕਦਾ। ਅਰਦਾਸ ਇਕ ਵਿਸ਼ਾਲ ਸਮੁੰਦਰ ਵਿਚ ਅਠਖੇਲ੍ਹੀਆਂ ਕਰ ਰਹੀ ਮਛਲੀ ਦੀ ਤਾਰੀ ਹੈ ਜੋ ਜਦੋਂ ਚਾਹੇ ਸਮੁੰਦਰ ਦੇ ਗਰਭ ਵਿਚ ਛੁਪੇ ਸਿੱਪਾਂ ਅਤੇ ਮੋਤੀਆਂ ਨੂੰ ਛੂਹ ਲਵੇ, ਬੈਠਕ ਦੇ ਇਕ ਕੋਨੇ ਵਿਚ ਪਏ ਸ਼ੀਸ਼ੇ ਦੇ ਸ਼ੋਅ-ਪੀਸ ਵਿਚ ਕੈਦ ਕੀਤੀ ਰੰਗਦਾਰ ਮੱਛੀ ਦੇ ਚੱਲਣ ਫਿਰਨ ਨੂੰ ਤੈਰਨਾ ਕਹਿਣਾ ਮਹਿਜ਼ ਬੇਅਕਲੀ ਹੀ ਹੋਵੇਗੀ।"[53] ਸੱਚੀ ਅਰਦਾਸ ਕਰਨ ਨਾਲ ਅਸੀਂ ਪਰਮਾਤਮਾ ਦੀ ਸਾਰੀ ਕਾਇਨਾਤ ਦੇ ਮਾਲਕ ਹੋ ਜਾਂਦੇ ਹਾਂ ਅਤੇ ਸਾਡਾ ਆਪਾ ਉਸ ਪ੍ਰਭੂ ਨਾਲ ਇਕੀਮਕ ਹੋ ਜਾਂਦਾ ਹੈ।

ਅਰਦਾਸ ਵਿਚ ਕਿਸੇ ਅਧਿਆਤਮਿਕਤਾ ਦਾ ਮਰਕਜ਼ ਬਰਕਰਾਰ ਰਹਿੰਦਾ ਹੈ, ਉਥੇ ਆਪਣੇ ਆਪ ਦੀ ਹਾਲਤ ਦਾ ਬਿਆਨ ਵੀ ਕੀਤਾ ਜਾਂਦਾ ਹੈ। ਕੀਤੇ ਹੋਏ ਗੁਨਾਹਾਂ ਦੇ ਪਛਤਾਵੇ ਦੇ ਨਾਲ-ਨਾਲ ਭਲੇ ਕਾਰਜਾਂ ਨੂੰ ਕਰਨ ਲਈ ਉਦਮ ਅਤੇ ਉਪਰਾਲੇ ਦੀ ਮੰਗ ਵੀ ਕੀਤੀ ਜਾਂਦੀ ਹੈ। ਅਰਦਾਸ ਦੀਆਂ ਮੰਗਾਂ ਵੀ ਧਰਤੀ ਦੇ ਅਣਗਣਿਤ ਮਨੁੱਖਾਂ ਦੀ ਮਨੋਵਸਥਾ ਮੁਤਾਬਕ ਹੁੰਦੀਆਂ ਹਨ। ਅਰਦਾਸ ਜਿਥੇ ਆਤਮਾ ਨੂੰ ਸਵੱਛ ਕਰਦੀ ਹੈ। ਉਥੇ ਮਨ ਦੇ ਸ਼ੰਕਿਆ ਨੂੰ ਵੀ ਦੂਰ ਕਰਨ ਦਾ ਸਫਲ ਤਰੀਕਾ ਹੈ।"ਅਰਦਾਸ ਆਤਮਾ ਦਾ ਸ਼ਿੰਗਾਰ ਹੈ। ਅਰਦਾਸ ਕਰਨਾ ਆਪਣੇ ਆਪ ਨੂੰ ਦਿਲ ਦੇ ਸ਼ੀਸ਼ੇ ਵਿਚ ਵੇਖਣਾ ਹੈ, ਆਪਣੇ ਆਪ ਨੂੰ ਅੰਦਰ ਦੀ ਕਸਵੱਟੀ ਉੱਤੇ ਪਰਖਣਾ ਹੈ। ਅਰਦਾਸ ਦਾ ਅਰਥ ਹੈ ਕਿ ਅਸੀਂ ਆਪਣੇ ਮਾਲਕ ਦੇ ਸਾਹਮਣੇ ਜਾਣ ਤੋਂ ਪਹਿਲਾਂ ਇਹ ਵੇਖ ਲਈਏ ਕਿ ਸਾਡੇ ਅੰਦਰ ਕੋਈ ਦਾਗ ਜਾ ਬੁਰਾਈ ਨਾ ਰਹਿ ਜਾਏ। ਅਰਦਾਸ

---

[52] ਨਿਰਵੈਰ ਸਿੰਘ ਅਰਸ਼ੀ, 'ਅਰਦਾਸ: ਸੰਕਲਪ ਅਤੇ ਸਰੂਪ', *ਨਾਨਕ ਪ੍ਰਕਾਸ਼ ਪੱਤ੍ਰਿਕਾ*, 22(1) 111, ਜੂਨ 1987.
[53] ਉਹੀ, ਪੰਨਾ 111.

ਰੱਬ ਦੀ ਹੋਂਦ ਨੂੰ ਕਬੂਲ ਕਰਨਾ ਹੈ ਅਤੇ ਉਸ ਅਕਾਲਪੁਰਖ ਆਸਰੇ ਆਪਣੀ ਬੇੜੀ ਛੋੜਨਾ ਹੈ, ਇਹ ਨਹੀਂ ਕਿ ਆਪਣੇ ਤਨ ਮਨ ਦੀਆਂ ਲੋੜਾਂ ਅਕਾਲਪੁਰਖ ਨੂੰ ਸੁਨਾਣੀਆਂ ਹਨ। ਅਰਦਾਸ ਹਮੇਸ਼ਾ ਅਹੰਕਾਰ ਰਹਿਤ ਹੋਵੇ। ਸੱਚੀ ਅਰਦਾਸ ਵਹਿਮ ਦੇ ਕੱਪੜੇ ਕਦੀ ਨਹੀਂ ਪਾ ਸਕਦੀ। ਅਰਦਾਸ ਦੀ ਬੁਨਿਆਦ ਸੱਚ ਹੈ, ਰੱਬ ਉੱਤੇ ਦਿਲੀ ਭਰੋਸਾ ਹੈ।"[54] ਅਰਦਾਸ ਕਰਨਾ ਇਕ ਤਰ੍ਹਾਂ ਨਾਲ ਆਪੇ ਦੀ ਪਛਾਣ ਹੈ। ਆਪੇ ਦੀ ਮੈਲ ਧੋ ਕੇ ਹੀ ਪਰਮਾਤਮਾ ਅੱਗੇ ਪੇਸ਼ ਹੋਇਆ ਜਾ ਸਕਦਾ ਹੈ। ਅਰਦਾਸ ਰਾਹੀਂ ਹੀ ਰੱਬ ਦੀ ਹੋਂਦ ਵਿਚ ਸੱਚਾ ਵਿਸ਼ਵਾਸ਼ਾ ਬੱਝਦਾ ਹੈ।

ਅਰਦਾਸ ਮਨੁੱਖੀ ਮਨ ਦੀ ਹਾਲਤ ਨੂੰ ਬਿਆਨ ਕਰਨ ਦਾ ਸਭ ਤੋਂ ਪ੍ਰਮੁਖ ਤਰੀਕਾ ਹੈ ਅਤੇ ਜਿਵੇਂ ਜਿੰਨੇ ਮਨੁੱਖ ਹਨ ਉਨ੍ਹੀ ਤਰ੍ਹਾਂ ਦੀਆਂ ਮੰਗਾਂ/ਭਾਵਨਾਵਾਂ ਹੋ ਸਕਦੀਆਂ ਹਨ। "ਅਰਦਾਸ ਵਿਚ ਕਿਤੇ ਆਤਮ ਨਿਵੇਦਨ ਹੁੰਦਾ ਹੈ, ਕਿਤੇ ਬੇਨਤੀ, ਕਿਤੇ ਬਿਰਹੁੰ ਪੀੜਾ, ਕਿਤੇ ਦਰ ਘਰ ਪਹੁੰਚਣ ਦੀ ਅਭਿਲਾਖਾ, ਕਿਤੇ ਆਪਣੀ ਦੀਨਤਾ, ਹੀਨਤਾ ਜਾਂ ਅਲਪ ਸਾਧਨਾ ਦੀ ਗੱਲ, ਕਿਤੇ ਵਿਆਕੁਲਤਾ, ਕਿਤੇ ਪਸ਼ਚਾਤਾਪ, ਕਿਤੇ ਪ੍ਰਭੂ ਦੀ ਉਦਾਰਤਾ, ਸਮੱਰਥਾ ਤੇ ਸੁੰਦਰਤਾ, ਕਿਤੇ ਆਪਣੇ ਪਾਪਾਂ ਦੀ ਵਿਆਖਿਆ ਅਤੇ ਆਤਮ ਸਮਰਪਣ। ਕੁਦਰਤ ਦਾ ਕਾਨੂੰਨ ਹੈ ਕਿ ਜੋ ਸੋਚਿਆ ਜਾ ਸਕਦਾ ਹੈ, ਪੈਦਾ ਕੀਤਾ ਜਾ ਸਕਦਾ ਹੈ, ਸਿਰਜਿਆ ਜਾ ਸਕਦਾ ਹੈ। ਚੰਗੀ ਸੋਚ ਚੰਗੇ ਸਿੱਟੇ ਉਗਾਂਦੀ ਹੈ ਅਤੇ ਮਾੜੀ ਸੋਚ ਮਾੜੀ। ਅਰਦਾਸ ਸਾਡੀਆਂ ਚੰਗੀਆਂ ਸੋਚਾਂ ਦਾ ਸਾਰ ਹੈ। ਅਰਦਾਸ ਉਸ ਆਡ ਵਾਂਗ ਹੈ ਜਿਸ ਰਾਹੀਂ ਨਹਿਰ ਦੇ ਪਾਣੀ ਨੇ ਬਗੀਚੇ ਤੱਕ ਅੱਪੜਨਾ ਹੈ ਅਤੇ ਬ੍ਰਿਛਾਂ ਨੂੰ ਹਰਾ ਭਰਾ ਕਰਨਾ ਹੈ, ਸੋ ਆਡ ਨੂੰ ਅਸ਼ਰਧਾ, ਅਸ਼ਾਂਤੀ, ਸ਼ੰਕਿਆਂ ਅਤੇ ਖਾਹਿਸ਼ਾਂ ਰੂਪੀ ਘਾਹ ਬੂਟ ਤੋਂ ਪੂਰੀ ਤਰ੍ਹਾਂ ਮੁਕਤ ਰੱਖਣਾ ਹੋਵੇਗਾ।"[55] ਅਰਦਾਸ ਵਿਚ ਜਿੰਨੀ ਸ਼ੁੱਧਤਾ ਹੋਵੇਗੀ ਓਨ੍ਹੀ ਹੀ ਸਾਧਕ ਦੀ ਕਰਤੇ ਵਿੱਚ ਲੀਨ ਹੋਣ ਦਾ ਸਫਰ ਜਲਦੀ ਸੰਪੂਰਨ ਹੋਵੇਗਾ।

ਅਰਦਾਸ ਕਰਨ ਵਾਲਾ ਹਿਰਦਾ ਇਸ ਕਿਰਿਆ ਤੋਂ ਬਾਅਦ ਪੂਰੀ ਤਰ੍ਹਾਂ ਮੁਕਤ ਅਤੇ ਸ਼ਾਤ ਮਹਿਸੂਸ ਕਰਦਾ ਹੈ। ਕਿਉਂਕਿ ਉਸਦੇ ਸਾਰੇ ਡਰ ਤੌਖਲੇ ਲੱਥ ਜਾਂਦੇ ਹਨ। ਅਸੀਂ ਆਮ ਜ਼ਿੰਦਗੀ ਵਿਚ ਦੇਖਦੇ ਹਾਂ ਕਿ ਜਦੋਂ ਅਸੀਂ ਆਪਣਾ ਦੁੱਖ ਕਿਸੇ ਦੂਜੇ ਨੂੰ ਦੱਸਦੇ ਹਾਂ ਤਾਂ ਕੁਝ ਹੌਲੇ ਜਿਹੇ ਮਹਿਸੂਸ ਕਰਦੇ ਹਾਂ। ਭਾਵੇਂ ਕਿ ਜਿਸਨੂੰ ਦੁਖ ਦੱਸਿਆ ਹੋਵੇ, ਉਹ ਤੁਹਾਡੇ ਦੁੱਖ ਨੂੰ ਘੱਟ ਨਹੀਂ ਕਰ ਸਕਦਾ ਪਰ ਪਰਮਾਤਮਾ ਅੱਗੇ ਅਰਦਾਸ ਰਾਹੀਂ ਜਦੋਂ ਅਸੀਂ ਆਪਣੇ ਦੁੱਖਾਂ ਦਾ ਬਿਆਨ ਕਰਦੇ ਹਾਂ ਤਾਂ ਮਨ ਵਿਚ ਇਹ ਵਿਸ਼ਵਾਸ਼ ਹੁੰਦਾ ਹੈ ਕਿ ਦੁੱਖ ਦੂਰ ਹੋਣਗੇ। ਮਨੁੱਖ ਦਾ ਆਤਮ ਵਿਸ਼ਵਾਸ਼ ਵਧ ਜਾਂਦਾ ਹੈ ਅਤੇ ਉਹ ਢਹਿੰਦੀ ਕਲਾ ਵਿਚ ਪ੍ਰਵੇਸ਼ ਨਹੀਂ ਕਰਦਾ। ਕਿਉਂਕਿ ਉਹ ਮੰਨਦਾ ਹੈ ਕਿ ਕੋਈ ਸ਼ਕਤੀ ਹੈ ਜੋ ਉਸਦੇ ਦੁਖ ਦਰਦ ਦੂਰ ਕਰੇਗੀ। "ਅਰਦਾਸ ਮਨਸ਼ਕਤੀ ਨਿਰੋਗ ਰੱਖਣ ਵਾਲੀ ਇਕ ਰੂਹਾਨੀ ਤਾਕਤ (tonic) ਹੈ, ਰੱਬ ਦੀ ਹੋਂਦ ਨੂੰ ਮੁੜ ਚੇਤੰਨ ਕਰਨ ਵਾਲਾ ਜ਼ਰ੍ਹੀਆ ਹੈ।ਜਿਸਮਾਨੀ ਲੋੜਾਂ ਨੂੰ ਪੂਰਾ ਕਰਨ ਵਾਲਾ ਕੋਈ ਜੰਤ੍ਰ ਮੰਤ੍ਰ ਬਿਲਕੁਲ ਨਹੀਂ। ਅਰਦਾਸ ਮਨ ਦਾ ਇਜ਼ਹਾਰ ਹੈ, ਉਸ ਅਕਹਿ ਖੁਸ਼ੀ ਦੇ ਸਾਗਰ ਵਿਚ ਜਿੱਥੇ ਸਭ ਲੋੜਾਂ ਖਤਮ ਹੋ ਜਾਂਦੀਆਂ ਹਨ। ਅਰਦਾਸ ਇਕ ਮੰਗਤੇ ਦਾ ਛੰਨਾ ਨਹੀਂ, ਬਲਕਿ ਰੱਬ ਦਾ ਹੁਕਮ ਮੰਨਣ ਵਾਲੇ

---

[54] ਨਿਰਵੈਰ ਸਿੰਘ ਅਰਸ਼ੀ, 'ਅਰਦਾਸ ਦੀ ਸਫਲਤਾ ਦੇ ਭੇਦ', *ਨਾਨਕ ਪ੍ਰਕਾਸ਼ ਪੱਤ੍ਰਿਕਾ,* 22(1) 128, ਜੂਨ 1987.

[55] ਨਿਰਵੈਰ ਸਿੰਘ ਅਰਸ਼ੀ, ਅਰਦਾਸ: ਸੰਕਲਪ ਅਤੇ ਸਰੂਪ, *ਨਾਨਕ ਪ੍ਰਕਾਸ਼ ਪੱਤ੍ਰਿਕਾ,* 22(1) 111, ਜੂਨ 1987.

ਦੀ ਦੁਨੀਆਂ ਦੀਆਂ ਤਕਲੀਫਾਂ ਤੋਂ ਆਪਣੇ ਮਨ ਨੂੰ ਬਚਾਉਣ ਵਾਲੀ ਢਾਲ ਹੈ। ਅਰਦਾਸ ਕੋਈ ਅਫੀਮ ਦੀ ਗੋਲੀ ਵੀ ਨਹੀਂ ਜਿਸ ਨਾਲ ਇਨਸਾਨ ਆਪਣੇ ਦੁਖਾਂ-ਤਕਲੀਫਾਂ ਨੂੰ ਭੁੱਲੇ ਅਤੇ ਆਪਣੇ ਤਨ ਮਨ ਨੂੰ ਨਸ਼ਟ ਕਰੇ, ਬਲਕਿ ਮਨ ਨੂੰ ਚੜਦੀਆਂ ਕਲਾਂ ਵਿਚ ਰੱਖਣ ਵਾਲਾ ਇਕ ਰੂਹਾਨੀ ਮੱਦ ਹੈ।"[56] ਅਰਦਾਸ ਨੂੰ ਜਿਹੜੇ ਲੋਕ ਕੇਵਲ ਮੰਗਾਂ ਮੰਗਣ ਦਾ ਜ਼ਰੀਆ ਸਮਝਦੇ ਹਨ ਉਹਨਾਂ ਅਰਦਾਸ ਨੂੰ ਬਿਲਕੁਲ ਹੀ ਜਾਣਿਆ ਨਹੀਂ ਸਗੋਂ ਸੱਚੀ ਅਰਦਾਸ ਦਾ ਸੰਸਾਰਿਕ ਸੁੱਖਾਂ ਨਾਲ ਕੋਈ ਲੈਣ-ਦੇਣ ਹੀ ਨਹੀਂ ਰਹਿ ਜਾਂਦਾ।

ਅਰਦਾਸ ਕਰਨ ਨਾਲ ਮਨੁੱਖੀ ਮਨ ਨੂੰ ਉਹ ਹੌਸਲਾਂ ਮਿਲਦਾ ਹੈ ਜਿਹੜਾ ਕਿ ਕਿਸੇ ਦੁਨਿਆਵੀ ਵਸਤੂ ਤੋਂ ਨਹੀਂ ਮਿਲ ਸਕਦਾ। ਅਰਦਾਸ ਹਰ ਇਕ ਮਨੁੱਖ ਦੀ ਜ਼ਿੰਦਗੀ ਵਿਚ ਬੜਾ ਵੱਡਾ ਸਹਾਰਾ ਹੈ। "ਅਰਦਾਸ ਦਾ ਘੱਟੋ ਘੱਟ ਇਹ ਲਾਭ ਜ਼ਰੂਰ ਹੈ ਕਿ ਮਨ ਦੇ ਸਭ ਬੋਝ ਲਹਿ ਕੇ ਮਨ ਹੌਲਾ ਫੂਲ ਹੋ ਜਾਂਦਾ ਹੈ ਅਤੇ ਦੈਵੀ ਗੁਣਾਂ ਨਾਲ ਭਰ ਜਾਂਦਾ ਹੈ ਫੇਰ ਸੁਤੇ ਹੀ ਅੰਦਰ ਦੀਆਂ ਸ਼ਕਤੀਆਂ ਪ੍ਰੇਰਤ ਹੋ ਕੇ ਸਭ ਵਿਰੋਧੀ ਹਾਲਤਾਂ ਦਾ ਮੁਕਾਬਲਾ ਕਰਨ ਦੇ ਸਮੱਰਥ ਹੋ ਜਾਂਦੀਆ ਹਨ ਅਤੇ ਐਸੀ ਮਜ਼ਬੂਤ ਮਾਨਸਿਕ ਦਸ਼ਾ ਬਣ ਜਾਂਦੀ ਹੈ ਕਿ ਵਿਰੋਧੀ ਹਾਲਾਤ ਵਿਚ ਰਹਿੰਦਾ ਹੋਇਆ ਵੀ ਮਨੁੱਖ ਡੋਲਦਾ ਨਹੀਂ, ਅਰਦਾਸ ਦੇ ਇਸ ਫਲ ਤੋਂ ਵੱਧ ਹੋਰ ਕਿਸੇ ਨੇ ਕੀ ਲੈਣਾ ਹੁੰਦਾ ਹੈ"।[57] ਆਧੁਨਿਕ ਸਮਾਜ ਵਿਚ ਛੋਟੀਆਂ ਛੋਟੀਆਂ ਦੁਨਿਆਵੀ ਪ੍ਰਾਪਤੀਆਂ ਨਾ ਹੋਣ ਤੇ ਇਨਸਾਨ ਖੁਦਕੁਸ਼ੀ ਕਰਨ ਵੱਲ ਦੌੜਦਾ ਹੈ ਜਦਕਿ ਜੇ ਇਨਸਾਨ ਰੱਬ ਅਤੇ ਅਰਦਾਸ ਵਿਚ ਵਿਸ਼ਵਾਸ਼ ਕਰੇ ਤਾਂ ਉਸਦਾ ਸੋਚਣ ਦਾ ਨਜ਼ਰੀਆ ਹੀ ਬਦਲ ਜਾਵੇਗਾ।

ਸਿਆਣਿਆਂ ਦਾ ਮੰਨਣਾ ਹੈ ਕਿ ਮਨੁੱਖੀ ਜ਼ਿੰਦਗੀ ਅਰਦਾਸ ਬਿਨਾਂ ਅਧੂਰੀ ਹੈ। ਆਸਤਿਕ ਮਤ ਮੰਨਦੇ ਹਨ ਕਿ ਮਨੁੱਖ ਦੀ ਪਰਮਾਤਮਾ ਬਿਨਾਂ ਹੋਂਦ ਕਿਆਸੀ ਹੀ ਨਹੀਂ ਜਾ ਸਕਦੀ ਅਤੇ ਪਰਮਾਤਮਾ ਤੱਕ ਸੰਬੰਧ ਸਥਾਪਿਤ ਕਰਨ ਦਾ ਜ਼ਰੀਆ ਅਰਦਾਸ ਤੋਂ ਬਿਨਾਂ ਦੂਜਾ ਕੋਈ ਨਹੀਂ। ਉਦਾਹਰਣ ਵਜੋਂ ਜਿਸ ਤਰ੍ਹਾਂ ਮੱਛੀ ਦੀ ਹੋਂਦ ਪਾਣੀ ਤੋਂ ਬਿਨਾਂ ਮੰਨੀ ਨਹੀਂ ਜਾ ਸਕਦੀ ਉਸੇ ਤਰ੍ਹਾਂ ਅਰਦਾਸ ਤੋਂ ਬਿਨਾਂ ਮਨੁੱਖ ਦੀ ਪਰਮਾਤਮਾ ਦੇ ਘਰ ਵਿਚ ਕੋਈ ਰਸਾਈ ਨਹੀਂ।"ਪੰਛੀ ਨੂੰ ਉਡਾਰੀ ਲਈ ਜਿਸ ਤਰ੍ਹਾਂ ਖੰਭਾਂ ਦੀ ... ਬਿਰਖ ਨੂੰ ਮੌਲਣ ਲਈ ਜੜ੍ਹਾਂ ਦੀ ਜ਼ਰੂਰਤ ਹੈ । ਉਦਾ ਹੀ ਮਨੁੱਖ ਨੂੰ ਜੀਵਨ ਸਫਲਤਾ ਲਈ ਅਰਦਾਸ ਦੀ ਜ਼ਰੂਰਤ ਹੈ। ਜੋ ਅਭਾਗ ਵੱਸ ਮਨੁੱਖ ਅਰਦਾਸ ਨੂੰ ਛੱਡ ਬਹੇ ਤਾਂ ਜੀਵਨ ਦਾ ਬਣਿਆ ਤਣਿਆ ਬਿਰਖ ਸੁੱਕ ਕੇ ਢਹਿ ਢੇਰੀ ਹੋ ਜਾਂਦਾ ਹੈ।"[58] ਮਨੁੱਖੀ ਜ਼ਿੰਦਗੀ ਵਿੱਚ ਅਰਦਾਸ ਦਾ ਅਹਿਮ ਰੋਲ ਹੈ, ਧਰਮ ਅਰਦਾਸ ਤੋਂ ਹੀ ਸ਼ੁਰੂ ਹੁੰਦਾ ਹੈ ਅਤੇ ਅਰਦਾਸ ਵਿਚ ਹੀ ਚੱਲਦਾ ਹੈ।

ਸਮਾਜ ਵਿਚ ਵਿਚਰਦੇ ਮਨੁੱਖ ਨੂੰ ਹਰ ਪੱਧਰ ਤੇ ਕਿਸੇ ਨਾ ਕਿਸੇ ਸਹਾਰੇ ਦੀ ਜ਼ਰੂਰਤ ਹੁੰਦੀ ਹੈ, ਇਕੱਲਾ ਮਨੁੱਖ ਤਾਂ ਧਰਤੀ ਤੇ ਕੁਝ ਪਲ ਵੀ ਜੀਅ ਨਹੀਂ ਸਕਦਾ। ਜਿਵੇਂ ਬਚਪਨ ਵਿਚ ਮਾਂ ਪਿਉ ਦੀ, ਜਵਾਨੀ ਵਿਚ ਪਤੀ ਪਤਨੀ ਦੀ, ਬੁਢਾਪੇ ਵਿਚ ਬੱਚਿਆਂ ਦੀ ਜ਼ਰੂਰਤ ਹੈ, ਉਸੇ ਤਰ੍ਹਾਂ ਅਧਿਆਤਮਿਕ ਪੰਧ ਵਿਚ ਮਨੁੱਖ ਨੂੰ ਪਰਮਾਤਮਾ ਦੀ ਸਖ਼ਤ ਲੋੜ ਹੈ ਅਤੇ ਉਸ ਤੱਕ ਪਹੁੰਚਣ ਦਾ ਰਸਤਾ ਅਰਦਾਸ ਹੈ।"ਸਧਾਰਨ ਸ਼ਬਦਾਂ ਵਿਚ ਅਰਦਾਸ ਇਕ ਤਰ੍ਹਾਂ ਨਾਲ ਆਪਣੀ ਇੱਛਾ ਦੀ ਅਭਿਵਿਅਕਤੀ ਹੈ, ਬੇਨਤੀ

---

[56] ਰਾਮਿੰਦਰ ਸਿੰਘ, *ਸਿੱਖ ਤੇ ਵੀਹਵੀਂ ਸਦੀ*, ਪੰਨਾ 103.

[57] ਨਰੈਣ ਸਿੰਘ, *ਸਿੱਖ ਧਰਮ ਦੀਆਂ ਬੁਨਿਆਦਾਂ*, ਪੰਨਾ 177.

[58] ਪ੍ਰਿੰ. ਗੰਗਾ ਸਿੰਘ, *ਲੈਕਚਰ ਮਹਾਂਚਾਨਣ*, ਪੰਨਾ 139.

ਦੇ ਸ਼ਬਦਾਂ ਵਿਚ ਸੰਜੋਈ ਹੋਈ, ਜੋ ਕਿ ਕਿਸੇ ਗੈਬੀ ਤਾਕਤ ਜਾਂ ਦੈਵੀ ਸ਼ਕਤੀ ਨੂੰ ਪ੍ਰੇਰਿਤ ਕਰਨ ਲਈ ਕੀਤੀ ਜਾਂਦੀ ਹੈ।"[59] ਅਰਦਾਸ ਰਾਹੀਂ ਹੀ ਮਨੁੱਖ ਆਪਣੀ ਵਿਥਿਆ ਆਪਣੇ ਪਿਆਰੇ ਪ੍ਰੀਤਮ ਅੱਗੇ ਬਿਆਨ ਕਰ ਸਕਦਾ ਹੈ ਉਸ ਕੋਲ ਹੋਰ ਕੋਈ ਦੂਜਾ ਰਾਹ ਨਹੀਂ।

ਅਰਦਾਸ ਰਾਹੀਂ ਮਨੁੱਖ ਆਪਣੀ ਅਵਸਥਾ ਤਾ ਬਿਆਨ ਕਰਦਾ ਹੈ ਜਿਸ ਨਾਲ ਉਸ ਵਿਚ ਨਿਮਰਤਾ ਆਉਂਦੀ ਹੈ ਉਹ ਆਪਣੇ ਆਪਨੂੰ ਨਿਮਾਣਾ ਅਤੇ ਪਰਮਾਤਮਾ ਨੂੰ ਵੱਡਾ ਮੰਨਦਾ ਹੈ। "ਅਰਦਾਸ ਵਿਚ ਕੁਝ ਆਪਣੀ ਦੀਨ ਹੀਨ ਅਵਸਥਾ ਦਾ ਜ਼ਿਕਰ ਹੁੰਦਾ ਹੈ ਅਤੇ ਕੁਝ ਆਪਣੇ ਕਸ਼ਟਾਂ ਦੇ ਨਿਵਾਰਨ ਲਈ ਬਿਨੈ ਹੁੰਦੀ ਹੈ।"[60] ਜੇ ਧਰਤੀ ਤੇ ਅਰਦਾਸ ਨਾ ਹੁੰਦੀ ਤਾਂ ਮਨੁੱਖ ਨੂੰ ਉਸਦੇ ਕਸ਼ਟਾਂ ਵਿੱਚੋਂ ਕਿਸਨੇ ਕੱਢਣਾ ਸੀ। ਇਸ ਲਈ ਇਹ ਮਨੁੱਖੀ ਦੁਨੀਆਂ ਵਿੱਚ ਬਹੁਤ ਵੱਡਾ ਪਹਿਲੂ ਹੈ। ਜਿਹੜਾ ਮਨੁੱਖ ਨੂੰ ਤਰੋ-ਤਾਜ਼ਾ ਕਰਦਾ ਹੈ।

ਮਨੁੱਖੀ ਮਾਨਸਿਕਤਾ ਪ੍ਰਾਚੀਨ ਸਮੇਂ ਤੋਂ ਆਪਣੇ ਦੁੱਖਾਂ ਦੇ ਛੁਟਕਾਰੇ ਲਈ ਕਿਸੇ ਅਦਿੱਖ ਸ਼ਕਤੀ ਦਾ ਤਸੱਵਰ ਕਰਦੀ ਰਹੀ ਹੈ। ਜਿਸਦੇ ਆਸਰੇ ਚੱਲਦਿਆਂ ਮਨੁੱਖ ਆਧੁਨਿਕ ਮੰਜ਼ਿਲਾਂ ਦਾ ਪਾਂਧੀ ਹੋ ਨਿਬੜਿਆ ਹੈ। ਭਾਵੇਂ ਕਿ ਪੜ੍ਹੇ ਲਿਖੇ ਜਗਤ ਨੇ ਇਹ ਦਾਅਵਾ ਖੁਲ੍ਹੇਆਮ ਸੈਂਕੜੇ ਵਾਰ ਕੀਤਾ ਹੈ ਕਿ ਹੌਲੀ-ਹੌਲੀ ਸੰਸਾਰ ਤੋਂ ਧਰਮ ਖਤਮ ਹੋ ਜਾਣਗੇ, ਪਰ ਅਜਿਹਾ ਹੋਣ ਦੀ ਬਜਾਇ ਹੁਣ ਦੇ ਪਦਾਰਥਵਾਦੀ ਮਨੁੱਖ ਨੂੰ ਧਰਮ ਦੀ ਜ਼ਿਆਦਾ ਲੋੜ ਮਹਿਸੂਸ ਹੋ ਰਹੀ ਹੈ।"ਅਰਦਾਸ ਹਰੇਕ ਮਨੁੱਖ ਦੇ ਜੀਵਨ ਦਾ ਅਨਿਖੜਵਾਂ ਅੰਗ ਹੈ ਅਕਾਲ ਪੁਰਖ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ, ਆਤਮ ਸਮਰਪਣ ਕਰਕੇ, ਆਪਣੇ ਸ਼ੁਭ ਮਨੋਰਥਾਂ ਦੀ ਪੂਰਤੀ ਲਈ, ਮਨ ਦੀ ਸ਼ਾਂਤੀ ਲਈ ਅਪਰਾਧਾਂ ਦੀ ਮੁਆਫੀ ਲਈ ਅਤੇ ਰੱਬੀ ਰਹਿਮਤ ਦੀ ਜਾਚਨਾ ਲਈ ਅਰਜ਼ੋਈ ਕਰਨ ਦਾ ਨਾਂ 'ਅਰਦਾਸ' ਹੈ।"[61] ਸਮਾਜ ਵਿਚ ਪਸਰੀਆਂ ਪ੍ਰੇਸ਼ਾਨੀਆਂ ਤੋਂ ਛੁਟਕਾਰੇ ਲਈ ਉਹ ਆਪਣੇ ਇਸ਼ਟ ਨਾਲ ਦਿਲ ਫੋਲਦਾ ਹੈ ਜੋ ਕਿ ਅਰਦਾਸ ਹੈ। ਆਧੁਨਿਕ ਮਨੋਵਿਗਿਆਨੀ ਵੀ ਇਸ ਗੱਲ ਤੋਂ ਇਨਕਾਰੀ ਨਹੀਂ ਕਿ ਧਾਰਮਿਕ ਪੁਰਸ਼ ਬਿਮਾਰੀ ਦੀ ਹਾਲਤ ਵਿੱਚ ਨਾਸਤਕਿ ਲੋਕਾਂ ਤੋਂ ਜਲਦੀ ਠੀਕ ਹੁੰਦੇ ਹਨ।

ਅਸੀਂ ਜਿਹੋ ਜਿਹੇ ਸੰਸਾਰ ਵਿਚ ਜ਼ਿੰਦਗੀ ਬਸਰ ਕਰ ਰਹੇ ਹਾਂ ਉਥੇ ਅਰਦਾਸ ਵਰਗੀ ਅਨਮੋਲ ਦਾਤ ਦੀ ਬਹੁਤ ਜ਼ਰੂਰਤ ਹੈ ਨਹੀਂ ਤੇ ਉਹ ਦਿਨ ਦੂਰ ਨਹੀਂ ਜਦੋਂ ਮਾਨਸਿਕ ਤੌਰ ਤੇ ਪ੍ਰੇਸ਼ਾਨ ਵਿਅਕਤੀ ਹੀ ਧਰਤੀ ਤੇ ਰਹਿ ਜਾਣਗੇ। ਆਧੁਨਿਕ ਦੇਸ਼ਾਂ ਵਿੱਚ ਅਜਿਹਾ ਵਾਪਰ ਵੀ ਰਿਹਾ ਹੈ। "ਖੈਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਮਾਨਸਕ ਦੁੱਖਾਂ ਤੇ ਰੋਗਾਂ ਦੀ ਨਵਿਰਤੀ ਲਈ ਮਨ ਨੂੰ ਪ੍ਰਾਰਥਨਾ ਦੁਆਰਾ ਉਤਸ਼ਾਹਤ ਰੱਖਣ ਦੀ ਬੜੀ ਲੋੜ ਹੈ ਤੇ ਇਸ ਲੋੜ ਨੂੰ ਦੁਨੀਆਂ ਵੀ ਸਦਾ ਪਰਵਾਨ ਕਰਦੀ ਆਈ ਹੈ। ਕਿਸੇ ਸਰਬ ਸ਼ਕਤੀਮਾਨ ਦਾ ਤਸੱਵਰ ਆਤਮਾ ਲਈ ਬੜਾ ਸਹਾਰਾ ਬਣ ਜਾਂਦਾ ਹੈ ਜੋ ਆਤਮਾ ਨੂੰ ਪ੍ਰੇਰ ਕੇ ਉਤਸ਼ਾਹ ਤੇ ਚੜ੍ਹਦੀਆਂ ਕਲਾਂ ਵਿਚ ਰੱਖ ਸਕਦਾ ਹੈ"।[62] ਅਰਦਾਸ ਦੇ ਸਹਾਰੇ ਹੀ ਮਨੁੱਖ ਵੱਡੇ ਤੋਂ ਵੱਡੇ ਕਾਰਜ ਨੇਪਰੇ

---

[59] Ed. James Hestings, *Encyclopedia of Religion and Ethics Vol.* 10, P. 154.
[60] **राम चन्द्र वर्मा**, ***शब्दार्थ दर्शन***,ਪੰਨਾ 545.
[61] ਗਿ. ਹਰਬੰਸ ਸਿੰਘ ਨਿਰਣੈਕਾਰ, 'ਅਰਦਾਸ ਦੀ ਪਰੰਪਰਾ', *ਨਾਨਕ ਪ੍ਰਕਾਸ਼ ਪੱਤ੍ਰਿਕਾ* ਜੂਨ 22(1)83 ਜੂਨ 1987.
[62] ਨਰੈਣ ਸਿੰਘ, *ਸਿੱਖ ਧਰਮ ਦੀਆਂ ਬੁਨਿਆਦਾਂ*, ਪੰਨਾ 177.

ਚਾੜ ਸਕਦਾ ਹੈ ਅਤੇ ਇਤਿਹਾਸ ਵਿਚ ਅਜਿਹੀਆਂ ਅਨੇਕਾਂ ਘਟਨਾਵਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ।

ਬੇਸ਼ੱਕ ਪੜ੍ਹਾਈ ਲਿਖਾਈ ਬੜੀ ਜ਼ਰੂਰੀ ਹੈ ਪਰ ਆਧੁਨਿਕ ਸਮਾਜ ਨੇ ਇਸਦਾ ਅਸਰ ਕੇਵਲ ਪਦਾਰਥ ਨਾਲ ਜੋੜ ਕੇ ਹੀ ਵੇਖਿਆ ਹੈ। "ਡਾ. ਬਲਬੀਰ ਸਿੰਘ ਆਪਣੇ ਨਿਬੰਧ 'ਪ੍ਰਾਰਥਨਾ' ਵਿਚ ਲਿਖਦੇ ਹਨ: ਪੜੇ ਲਿਖੇ ਨੌਜਵਾਨ ਪੁੱਛਦੇ ਹਨ ਕੀ ਅਰਦਾਸ ਸੁਣੀ ਜਾਂਦੀ ਹੈ? ਕੀ ਅਰਦਾਸ ਦਾ ਉਤਰ ਮਿਲਦਾ ਹੈ? ਸ਼ਾਇਦ ਮਿਲਦਾ ਹੈ, ਪਰ ਉੱਤਰ ਦੀ ਜ਼ਰੂਰਤ ਨਹੀਂ। ਅਰਦਾਸ ਫਰਜ਼ ਹੈ, ਉੱਤਰ ਗੈਰਜ਼ਰੂਰੀ ਹੈ। ਆਇਰਿਸ਼ ਸਾਹਿਤਕਾਰ ਤੇ ਚਿੰਤਕ ਐਸਕਰ ਵਾਈਲਡ ਨੇ ਤਾਂ ਇੱਥੋ ਤੱਕ ਕਿਹਾ ਹੈ ਕਿ ਅਰਦਾਸ ਦਾ ਉੱਤਰ ਮਿਲਣਾ ਹੀ ਨਹੀਂ ਚਾਹੀਦਾ। ਜੇਕਰ ਅਰਦਾਸ ਦਾ ਉੱਤਰ ਮਿਲੇ ਤਾਂ ਉਹ ਅਰਦਾਸ ਹੀ ਨਹੀਂ ਰਹਿੰਦੀ ਬਲਕਿ ਖ਼ਤੋ ਖਿਤਾਬਤ ਦਾ ਸਿਲਸਿਲਾ ਬਣ ਜਾਂਦੀ ਹੈ।"[63] ਅਰਦਾਸ ਦਾ ਜੁਆਬ ਛੇਤੀ ਲੈਣ ਵਾਲਾ ਮਨੁੱਖ ਸਮਝੋ ਅਰਦਾਸ ਦੇ ਉੱਚੇ ਮੁਰਾਤਬੇ ਨੂੰ ਸਮਝ ਹੀ ਨਹੀਂ ਸਕਿਆ। ਇਹ ਗੱਲ ਵੀ ਆਧੁਨਿਕ ਮਨੁੱਖ ਦੇ ਦਿਮਾਗ ਦੇ ਉਪਜ ਹੈ। ਜੋ ਹਰ ਇਕ ਗੱਲ ਦਾ ਹੱਲ ਤੁਰੰਤ ਲੱਭਣਾ ਚਾਹੁੰਦਾ ਹੈ।

ਜਦੋਂ ਅਸੀਂ ਸੱਚੇ ਹਿਰਦੇ ਨਾਲ ਆਪਣੇ ਦੁੱਖ ਵਾਹਿਗੁਰੂ ਨੂੰ ਦੱਸਦੇ ਹਾਂ ਤਾਂ ਉਹ ਦੁੱਖ ਸਾਡੇ ਕੋਲ ਨਾ ਰਹਿ ਕੇ ਪਰਮਾਤਮਾ ਕੋਲ ਹੱਲ ਹੋਣ ਲਈ ਚਲੇ ਜਾਂਦੇ ਹਨ ਅਤੇ ਮਨੁੱਖ ਹੌਲਾ ਹੋ ਜਾਂਦਾ ਹੈ। "ਆਪਣੇ ਮਨ ਤੇ ਪਏ ਹੋਏ ਭਾਰ ਨੂੰ ਇਸ਼ਟ ਅੱਗੇ ਸੌਂਪ ਕੇ ਸੰਤੁਸ਼ਟੀ ਹੁੰਦੀ ਹੈ। ਅਰਦਾਸ ਦੁਆਰਾ ਜੀਵ ਦਾ ਪ੍ਰਭੂ ਨਾਲ ਮੇਲ ਹੁੰਦਾ ਹੈ। ਇਹ ਇਕ ਅਜਿਹੀ ਡੋਰੀ ਹੈ ਜੋ ਪ੍ਰਭੂ ਦਾ ਜੀਵਨ ਨਾਲ ਸੰਬੰਧ ਜੋੜਦੀ ਹੈ। ਇਸ ਡੋਰੀ ਨੂੰ ਘੁੱਟ ਕੇ ਫੜਨ ਵਾਲਾ ਉਸ ਸੱਚੀ ਦਰਗਾਹ ਵਿਚ ਪਹੁੰਚ ਜਾਂਦਾ ਹੈ। ਜਦੋਂ ਇਕ ਮਨ ਚਿੱਤ ਹੋ ਕੇ ਅਰਦਾਸ ਕੀਤੀ ਜਾਂਦੀ ਹੈ ਤਾਂ ਜੀਵ ਦੀ ਬਿਰਤੀ ਅੰਤਰ ਆਤਮੇ ਪ੍ਰਭੂ ਦੇ ਚਰਨਾਂ ਨਾਲ ਜਾ ਜੁੜਦੀ ਹੈ। ਇਸ ਤਰ੍ਹਾਂ ਉਹ ਆਪਣੇ ਆਪ ਨੂੰ ਉਸ ਨਾਲੋਂ ਵੱਖਰਾ ਪ੍ਰਤੀਤ ਨਹੀ ਕਰਦਾ। ਇਸ ਲਈ ਅਰਦਾਸ ਪ੍ਰਭੂ ਪ੍ਰਾਪਤੀ ਦਾ ਵਸੀਲਾ ਹੈ।"[64] ਸਿਆਣਿਆਂ ਦਾ ਮੰਨਣਾ ਹੈ ਕਿ ਆਪਣਾ ਦੁੱਖ ਕਿਸੇ ਨੂੰ ਦੱਸੇ ਤਾਂ ਹੌਲਾ ਹੋ ਜਾਂਦਾ ਹੈ ਜੇ ਉਹ ਦੂਜਾ ਖੁਦ ਪਰਮੇਸ਼ਵਰ ਹੀ ਹੋਵੇ ਤਾਂ ਇਹ ਵੀ ਆਸ ਬੱਝਦੀ ਹੈ ਕਿ ਉਹ ਦੁਖ ਤੋਂ ਛੁਟਕਾਰਾ ਦਿਵਾਏਗਾ। ਜੇ ਠੀਕ ਅਰਦਾਸ ਕਰਨ ਦਾ ਢੰਗ ਮਨੁੱਖ ਨੂੰ ਆ ਜਾਵੇ ਤਾਂ ਉਸਨੂੰ ਸਹਿਜੇ ਹੀ ਅੰਦਾਜ਼ਾ ਹੋ ਜਾਂਦਾ ਹੈ। ਕਿ ਅਰਦਾਸ ਵਿਚ ਕੀ ਮੰਗਣਾ ਹੈ ਫਿਰ ਉਹ ਦਾਤੇ ਤੋਂ ਦਾਤਾਂ ਦੀ ਥਾਂ ਦਾਤੇ ਦੀ ਹੀ ਖੁਦ ਮੰਗ ਕਰਦਾ ਹੈ ਸੋ ਇਸ ਤਰ੍ਹਾਂ ਅਰਦਾਸ ਪਰਮਾਤਮਾ ਨਾਲ ਮਿਲਾਉਣ ਦਾ ਕਾਰਨ ਵੀ ਬਣਦੀ ਹੈ ਭਾਵੇਂ ਕਿ ਅਜਿਹੀ ਅਰਦਾਸ ਨੂੰ ਬਣਨ ਲਈ ਕਈ ਵਾਰ ਕਈ ਜਨਮ ਲਗਦੇ ਹਨ ਅਜਿਹਾ ਸਾਰੇ ਧਰਮ ਗ੍ਰੰਥ ਮੰਨਦੇ ਹਨ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਪ੍ਰਾਰਥਨਾ ਕਿਹੜੇ ਢੰਗ ਤਰੀਕਿਆਂ ਨਾਲ ਸਹੀ ਰੂਪ ਵਿਚ ਕੀਤੀ ਜਾਵੇ ਕਿ ਜਿਸ ਨਾਲ ਸਾਡੀ ਸਮੱਸਿਆ ਹੱਲ ਹੋ ਜਾਵੇ। ਅਸੀਂ ਆਪਣੇ ਪਿਆਰੇ ਰੱਬ ਅੱਗੇ ਦਿਲ ਦੀਆਂ ਗੱਲਾਂ ਸਾਂਝੀਆ ਕਰ ਸਕੀਏ ਕਿਉਂਕਿ ਜ਼ਿੰਦਗੀ ਵਿਚ ਸੱਚੇ ਦਿਲੋਂ ਕੀਤੀ ਅਰਦਾਸ ਮਨੁੱਖੀ ਮਨ ਦੇ

---

[63] ਡਾ. ਬਲਬੀਰ ਸਿੰਘ, *ਲੰਮੀ ਨਦਰ*, ਪੰਨਾ 55.
[64] ਮਹਿੰਦਰ ਸਿੰਘ, *ਸਿੱਖ ਸੰਸਕਾਰ ਅਤੇ ਮਰਯਾਦਾ*, ਪੰਨਾ 118.

ਸਾਰੇ ਭਾਰ ਲਾਹ ਦਿੰਦੀ ਹੈ। ਅਜਿਹਾ ਕਰਨ ਲਈ ਮਨੁੱਖੀ ਮਨਰੂਪੀ ਭਾਡਾਂ ਠੀਕ ਰੂਪ ਵਿਚ ਮਾਂਜਿਆ ਸਵਾਰਿਆ ਹੋਣਾ ਚਾਹੀਦਾ ਹੈ ਤਾਂ ਹੀ ਉਸ ਵਿਚ ਪਰਮਾਤਮਾ ਦਾ ਕ੍ਰਿਪਾ ਰੂਪੀ ਪਵਿੱਤਰ ਦੁੱਧ ਸਾਂਭਿਆ ਜਾ ਸਕਦਾ ਹੈ। ਜੇ ਭਾਂਡਾ ਹੀ ਅਪਵਿੱਤਰ ਹੈ ਤਾਂ ਉਸ ਵਿਚ ਚੰਗੀ ਵਸਤ ਦਾ ਟਿਕਣਾ ਬੜੀ ਹੀ ਔਖੀ ਗੱਲ ਹੈ। "ਸਹੀ ਪ੍ਰਾਰਥਨਾ ਲਈ ਪਹਿਲਾਂ ਤਿਆਰੀ ਦੀ ਵੀ ਲੋੜ ਹੈ, ਪ੍ਰੀਤ, ਪ੍ਰਤੀਤ ਅਤੇ ਇਮਾਨਦਾਰੀ ਇਸਦੇ ਜ਼ਰੂਰੀ ਅੰਗ ਹਨ ਜੋ ਇਕ ਐਸੀ ਮਾਨਸਿਕ ਹਾਲਤ ਪੈਦਾ ਕਰ ਦਿੰਦੇ ਹਨ ਕਿ ਜੀਵਨ ਦੀ ਮੁਰਦਿਹਾਨ ਲਹਿ ਜਾਂਦੀ ਹੈ ਤੇ ਜੀਵਨ ਉਤਸ਼ਾਹ ਨਾਲ ਭਰ ਜਾਂਦਾ ਹੈ। ਸਹੀ ਪ੍ਰਾਰਥਨਾ ਆਤਮਾ ਦੀਆਂ ਤਰਬਾਂ ਹਿਲਾ ਦਿੰਦੀ ਹੈ ਤੇ ਮਨ ਹੌਲਾ ਹੋ ਜਾਂਦਾ ਹੈ। ਸੰਤ ਲੋਕਾਂ ਨੂੰ ਸਦਾ ਪ੍ਰਾਰਥਨਾ ਤੋਂ ਹੀ ਰੌਸ਼ਨੀ ਮਿਲਦੀ ਆਈ ਹੈ। ਮਨ ਦੀ ਸਾਰੀ ਬਿਰਥਾ ਉਸ ਪ੍ਰਮਾਤਮਾ ਅੱਗੇ ਰੱਖ ਦਿੱਤੀ ਜਾਂਦੀ ਹੈ ਤੇ ਸਭ ਕੁਝ ਉਸ ਤੇ ਛੱਡ ਦਿੱਤਾ ਜਾਂਦਾ ਹੈ। ਫਿਰ ਜੋ ਹੋਵੇ ਸਭ ਠੀਕ ਹੋ ਕੇ ਦਿਸਦਾ ਹੈ। ਇਹ ਇਕ ਤਰ੍ਹਾਂ ਰੱਬ ਦੇ ਹੁਕਮ ਨਾਲ ਇਕਸੁਰ ਹੋਣ ਦੀ ਬਾਤ ਹੈ ਤੇ ਆਤਮ ਰਾਹ ਦੀ ਸਫਲਤਾ ਦੀ ਬੁਨਿਆਦ।"[65] ਸੱਚੀ ਅਰਦਾਸ ਵਿਚ ਉਲਾਂਭੇ ਨਹੀਂ ਹੁੰਦੇ ਕਿਉਂਕਿ ਉਸਨੂੰ ਸਮਝ ਆ ਜਾਂਦਾ ਹੈ ਜੋ ਕੁਝ ਹੋ ਰਿਹਾ ਹੈ ਸਭ ਠੀਕ ਹੈ, ਉਸਦੀ ਰਜ਼ਾ ਵਿੱਚ ਹੈ।

ਅਰਦਾਸ ਕਿਸੇ ਪੜ੍ਹਾਈ ਲਿਖਾਈ ਦੀ ਮੁਥਾਜ ਨਹੀਂ ਸੰਸਾਰ ਦੇ ਜਿੰਨੇ ਵੱਡੇ ਸੰਤ ਮਹਾਪੁਰਸ਼ ਹੋਏ ਹਨ ਜ਼ਿਆਦਾਤਰ ਉਹਨਾਂ ਵਿਚੋਂ ਸੰਸਾਰਿਕ ਪੜ੍ਹਾਈ ਤੋਂ ਸੱਖਣੇ ਸਨ ਪਰ ਉਹਨਾਂ ਦੀ ਬਾਣੀ ਵਿੱਚ ਅਰਦਾਸ ਦਾ ਅਲੌਕਿਕ ਨਜ਼ਾਰਾ ਦੇਖਣ ਨੂੰ ਮਿਲਦਾ ਹੈ। "ਸੱਚੀ ਅਰਦਾਸ ਲਈ ਡਿਗਰੀਆਂ ਦੀ ਵੀ ਲੋੜ ਨਹੀਂ ਅਤੇ ਨਾ ਹੀ ਮਾਇਕ ਤੌਰ ਉੱਤੇ ਸੰਪੰਨ ਜਾ ਸਰੀਰਿਕ ਤੌਰ ਉੱਤੇ ਰਿਸ਼ਟ ਪੁਸ਼ਟ ਹੋਣ ਦੀ ਹੀ ਲੋੜ ਹੈ। ਇਕ ਗਰੀਬ, ਅਲਪਗ, ਲਾਚਾਰ ਤੇ ਬੀਮਾਰ ਵੀ ਅਰਦਾਸ ਕਰ ਸਕਦਾ ਹੈ। ਅਰਦਾਸ ਲਈ ਇਕੋ ਚੀਜ਼ ਲੋੜੀਂਦੀ ਹੈ ਅਤੇ ਉਹ ਹੈ ਰੱਬੀ ਪਿਆਰ ਵਿਚ ਮਤਵਾਲਾ ਮਨ।"[66] ਇਸੇ ਕਰਕੇ ਕਿਹਾ ਜਾ ਸਕਦਾ ਹੈ ਕਿ ਸੱਚਾ ਮਨ ਹੀ ਸੱਚੀ ਪ੍ਰਾਰਥਨਾ ਪੈਦਾ ਕਰ ਸਕਦਾ ਹੈ ਨਹੀਂ ਤੇ ਬਹੁਤੀ ਵਾਰ ਅਸੀਂ ਦੁਨੀਆਂ ਵਾਂਗ ਰੱਬ ਨਾਲ ਵੀ ਚਲਾਕੀ ਕਰਨ ਦੀ ਤਿਆਰੀ ਵਿਚ ਹੀ ਰਹਿੰਦੇ ਹਾਂ। ਰੱਬ ਦੇ ਘਰ ਵਿਚ ਪਰਵਾਨ ਹੋਣ ਲਈ ਆਪੇ ਦਾ ਨਾਸ਼ ਕਰਕੇ ਉਸ ਵਿੱਚ ਲੀਨ ਹੋਣਾ ਹੁੰਦਾ ਹੈ।

ਅਰਦਾਸ ਦਾ ਮਤਲਬ ਹੀ ਰੱਬ ਵਿੱਚ ਵਿਸ਼ਵਾਸ਼ ਇਸੇ ਕਰਕੇ ਇਹ ਆਸਤਿਕ ਲੋਕਾਂ ਦਾ ਮੁੱਢ ਤੋਂ ਹੀ ਧਿਆਨ ਕੇਂਦਰਿਤ ਕਰਦੀ ਰਹੀ ਹੈ। "ਅਰਦਾਸ ਬਾਜ਼ਾਰ ਵਿਚ ਵਿਕਣ ਵਾਲੀ ਸਾਧਾਰਨ ਸ਼ੈ ਨਹੀਂ, ਬਲਕਿ ਇਕ ਅਸਾਧਾਰਨ ਤੇ ਖ਼ੁਦਾਈ ਵਸਤੂ ਹੈ, ਜਿਸਦੀ ਉਪਜ ਇਨਸਾਨ ਦੇ ਭਗਵਾਨ ਪ੍ਰਤੀ ਯਕੀਨ ਅਤੇ ਵਿਸ਼ਵਾਸ਼ ਵਿਚੋਂ ਹੁੰਦੀ ਹੈ। ਈਸ਼ਵਰ ਵਿਚ ਵਿਸ਼ਵਾਸ਼ ਹੀ ਅਰਦਾਸ ਹੈ।"[67] ਅਰਦਾਸ ਨਾ ਤਾਂ ਖਰੀਦੀ ਜਾ ਸਕਦੀ ਹੈ ਨਾ ਵੇਚੀ ਜਾ ਸਕਦੀ ਹੈ ਇਹ ਤਾਂ ਆਪ ਮੁਹਾਰੇ ਚਸ਼ਮੇ ਵਾਂਗ ਫੁਟਦੀ ਹੈ ਜਦੋਂ ਮਨੁੱਖੀ ਮਨ ਕਿਸੇ ਖਾਸ ਅਵਸਥਾ ਵਿੱਚ ਪ੍ਰਵੇਸ਼ ਕਰਦਾ ਹੈ।

ਸੰਪੂਰਨ ਅਰਦਾਸ ਉਹ ਹੈ ਜੋ ਧਰਤੀ ਦੇ ਭਲੇ ਲਈ ਕੀਤੀ ਜਾਵੇ ਤਾਂ ਪਰਮਾਤਮਾ ਨਾਲ ਇਕਮਿਕ ਹੋਣ ਲਈ, ਜਿਹੜੀ ਅਰਦਾਸ ਕੇਵਲ ਦੁਨਿਆਵੀ ਖਾਹਿਸ਼ਾਂ ਤੱਕ ਹੀ ਅਟਕੀ ਹੈ, ਉਹ ਕੇਵਲ ਸੁਆਰਥੀ

[65] ਨਰੈਣ ਸਿੰਘ, *ਸਿੱਖ ਧਰਮ ਦੀਆਂ ਬੁਨਿਆਦਾਂ*, ਪੰਨਾ 177.
[66] ਨਿਰਵੈਰ ਸਿੰਘ ਅਰਸ਼ੀ, ਅਰਦਾਸ ਸੰਕਲਪ ਅਤੇ ਸਰੂਪ, *ਨਾਨਕ ਪ੍ਰਕਾਸ਼ ਪ੍ਰੱਤਿਕਾ* 22(1) 111, ਜੂਨ 1987.
[67] *Luther's Primary Works*, London, 1890.

ਮਨੁੱਖ ਦੀ ਹੀ ਹੋ ਸਕਦੀ ਹੈ। "ਬਿਲਕੁਲ ਛੋਟੀਆਂ ਗੱਲਾਂ ਦੀ ਮੰਗ ਨਾ ਕਰੋ। ਜੇਕਰ ਤੁਸੀਂ ਸੁਖ ਅਰਾਮ ਲਈ ਹੀ ਮੰਗਣਾ ਹੈ ਤਾਂ ਤੁਹਾਡੇ ਅਤੇ ਹੈਵਾਨ ਵਿਚ ਅੰਤਰ ਹੀ ਕੀ ਹੈ? ਆਪਣੇ ਆਪ ਨੂੰ ਉਨ੍ਹਾਂ ਤੋਂ ਉੱਚਾ ਜਾਣੋ। ਅਸੀਂ ਪਾਤਸ਼ਾਹ ਪਾਸ ਜਾਣਾ ਹੈ। ਅਸੀਂ ਉੱਥੇ ਭਿਖਾਰੀ ਦੇ ਕੱਪੜਿਆਂ ਵਿਚ ਬਿਲਕੁਲ ਨਹੀਂ ਜਾ ਸਕਾਂਗੇ। ਉੱਥੇ ਦੁਕਾਨਦਾਰਾਂ ਤੇ ਭਿਖਾਰੀਆਂ ਦੀ ਕੋਈ ਥਾਂ ਨਹੀਂ।"[68] ਰੱਬ ਕੋਲ ਪਹੁੰਚਣ ਲਈ ਕੀਤੀ ਜਾਣ ਵਾਲੀ ਅਰਦਾਸ ਵਿੱਚ ਦੁਨਿਆਵੀ ਮੰਗਾਂ ਦੀ ਕੋਈ ਥਾਂ ਨਹੀਂ।

ਇਸੇ ਕਰਕੇ ਦੁਨੀਆਂ ਵਿੱਚ ਸੱਚੇ ਇਨਸਾਨਾਂ ਦੀ ਪੂਜਾ ਹੁੰਦੀ ਹੈ ਕਿਉਂਕਿ ਉਹ ਸੱਚੇ ਦਿਲੋਂ ਅਰਦਾਸ ਕਰਦੇ ਹਨ ਅਤੇ ਜਿਸਦਾ ਅਸਰ ਵੀ ਸਾਨੂੰ ਨਜ਼ਰ ਆਉਂਦਾ ਹੈ। ਬਹੁਤੀ ਵਾਰ ਤਾਂ ਅਰਦਾਸ ਨੂੰ ਦੁਨਿਆਵੀ ਖਾਹਿਸ਼ਾਂ ਹੀ ਘੇਰ ਲੈਂਦੀਆਂ ਹਨ। "ਸਹੀ ਪ੍ਰਾਰਥਨਾ ਉਹ ਹੀ ਕਰ ਸਕਦਾ ਹੈ ਜੋ ਈਮਾਨਦਾਰ ਹੈ ਤੇ ਈਮਾਨਦਾਰੀ ਨਾਲ ਆਪਣੇ ਗੁਣ-ਅਉਗੁਣ ਨੰਗੇ ਕਰ ਸਕਦਾ ਹੈ ਤੇ ਜਿਸਨੂੰ ਆਪਣੇ ਅਵਗੁਣ ਤੇ ਕਮਜ਼ੋਰੀਆ ਦੁਖੀ ਕਰਦੀਆ ਰਹਿੰਦੀਆਂ ਹਨ ਤੇ ਜਿੰਨ੍ਹਾਂ ਤੋਂ ਉਹ ਰੱਬ ਦੀ ਸਹਾਇਤਾ ਨਾਲ ਛੁਟਕਾਰਾ ਚਾਹੁੰਦਾ ਹੈ। ਆਮ ਦੁਨੀਆਂ ਤਾਂ ਆਪਣੀਆਂ ਦੁਨਿਆਵੀ ਲੋੜਾਂ ਹੀ ਸਾਹਮਣੇ ਰੱਖਦੀ ਹੈ ਤੇ ਉਹਨਾਂ ਦੀਆ ਅਰਦਾਸਾਂ ਵੀ ਲੋੜਾਂ ਤੱਕ ਪੁੱਜ ਕੇ ਖਤਮ ਹੋ ਜਾਂਦੀਆ ਹਨ। ਉਹਨਾਂ ਦੇ ਸਾਹਮਣੇ ਆਤਮਕ ਜਾਂ ਸਦਾਚਾਰਕ ਉਸਾਰੀ ਦਾ ਸਵਾਲ ਹੀ ਨਹੀਂ ਹੁੰਦਾ। ਜਦ ਉਹਨਾਂ ਦੀਆਂ ਇਹ ਜਾਇਜ਼ ਜਾਂ ਨਾਜਾਇਜ਼ ਮੰਗਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਉਹ ਰੱਬ ਨੂੰ ਉਲ੍ਹਾਮੇ ਦਿੰਦੇ ਹਨ ਜਾ ਇਸ ਰਾਹ ਨੂੰ ਛੱਡ ਜਾਂਦੇ ਹਨ। ਉਹ ਤਾਂ ਕੇਵਲ ਰੱਬ ਦੀ ਖੁਸ਼ਾਮਦ ਕਰਕੇ ਉਸਤੋਂ ਆਪਣੇ ਕੰਮ ਕੱਢਣਾ ਚਾਹੁੰਦੇ ਹਨ, ਪਰ ਅਸਲ ਗੱਲ ਸਗੋਂ ਇਹ ਹੈ ਕਿ ਦੁਨਿਆਵੀ ਲੋੜਾਂ ਦੀ ਮੰਗ ਦੂਜੀ ਥਾਂ ਤੇ ਚਲੀ ਜਾਂਦੀ ਹੈ ਪਹਿਲੀ ਥਾਂ ਇਹ ਹੈ ਕਿ ਪਰਮਾਤਮਾ ਨਾਲ ਆਪਣੇ ਆਪ ਨੂੰ ਐਸਾ ਇਕਸੁਰ ਕਰਨਾ ਹੁੰਦਾ ਹੈ ਕਿ ਆਪਾ ਮਿਟਾ ਹੀ ਦੇਣਾ ਹੈ। ਆਪੇ ਨੂੰ ਮੁਕੰਮਲ ਤੌਰ ਤੇ ਉਸਦੇ ਹਵਾਲੇ ਕਰਨਾ ਹੈ ਤੇ ਜਿਵੇਂ ਉਹ ਤੋਰੇ ਤੁਰਨਾ ਹੈ।"[69] ਸੱਚੀ ਅਰਦਾਸ ਆਤਮਾ ਤੇ ਲੱਗੀ ਜਨਮਾਂ ਜਨਮਾਂ ਦੀ ਮੈਲ ਲਾਹ ਦਿੰਦੀ ਹੈ ਅਤੇ ਆਤਮਾ ਜਾਗ੍ਰਿਤ ਹੋ ਜਾਂਦੀ ਹੈ। ਜਿਸ ਨਾਲ ਉਸ ਮਨੁੱਖ ਦਾ ਦੁਨਿਅਵੀ ਸੰਪਰਕ ਟੁੱਟ ਜਾਂਦਾ ਹੈ ਅਤੇ ਉਹ ਪਰਮਾਤਮਾ ਦੇ ਘਰ ਦਾ ਮੈਂਬਰ ਬਣਦਾ ਹੈ। ਉਸਨੂੰ ਬੁਰਾਈਆਂ ਦਾ ਸਾਥ ਛੱਡਣਾ ਪੈਂਦਾ ਹੈ ਅਤੇ ਸੱਚ ਦੇ ਮਾਰਗ ਤੇ ਚੱਲਣ ਲਈ ਦੁਨੀਆਂਦਾਰਾ ਵੱਲੋਂ ਪਾਈਆਂ ਮੁਸ਼ਕਿਲਾਂ ਵਿਚੋਂ ਲੰਘਣਾ ਪੈਂਦਾ ਹੈ ਅਸਲ ਅਰਦਾਸ ਇਹੋ ਹੀ ਹੈ।

ਸੱਚੀ ਅਰਦਾਸ ਆਤਮਕ ਤੌਰ 'ਤੇ ਜਾਗਿਆ ਹੋਇਆ ਮਨੁੱਖ ਹੀ ਕਰ ਸਕਦਾ ਹੈ ਇਸੇ ਕਰਕੇ ਅਜਿਹੇ ਮਨੁੱਖ ਸੰਸਾਰ ਵਿਚ ਪੂਜੇ ਜਾਂਦੇ ਹਨ ਅਤੇ ਦੁਨਿਆਵੀ ਲੋਕ ਵੀ ਉਹਨਾਂ ਤੋਂ ਆਪਣੀਆਂ ਮੰਗਾਂ ਦੀ ਪੂਰਤੀ ਲਈ ਅਰਦਾਸ ਕਰਵਾਉਂਦੇ ਹਨ। " ... ਅਸਲ ਅਰਦਾਸ ਤਾਂ ਹੁੰਦੀ ਹੀ ਆਤਮਕ ਜਾਗਰਤੀ ਲਈ ਹੈ ਤੇ ਉਸ ਲਈ ਕੁਝ ਕੀਮਤ ਦੇਣੀ ਪੈਂਦੀ ਹੈ ਤੇ ਮਿਹਨਤ ਕਰਨੀ ਪੈਂਦੀ ਹੈ। ਤਿਆਗ ਤੇ ਕੁਰਬਾਨੀ ਦਾ ਰਾਹ ਫੜਨਾ ਪੈਂਦਾ ਹੈ। ਜਿਸ ਦੁਨੀਆਂ ਵਿਚ ਮਾਇਆ ਦੀ ਪੂਜਾ ਹੋ ਰਹੀ ਹੋਵੇ, ਉਸ ਵਿਚ ਰੱਬ ਦਾ ਹੋ ਕੇ ਰਹਿਣਾ ਆਸਾਨ ਨਹੀਂ। ਜੇ ਅਰਦਾਸ ਕਰਦਿਆ ਕੋਈ ਇਹ ਕਹਿੰਦਾ ਹੈ ਕਿ "ਦੇਹ ਸਿਵਾ ਬਰ

[68] *The Complete Works Swami Vivekanand,* Vol. IV, P. 38.
[69] ਨਰੈਣ ਸਿੰਘ, *ਸਿੱਖ ਧਰਮ ਦੀਆਂ ਬੁਨਿਆਦਾਂ*, ਪੰਨਾ 181.

ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨਾ ਟਰੋਂ" ਤੇ ਜੇ ਇਸ ਅਰਦਾਸ ਵਿਚ ਸੱਚ ਮੁਚ ਇਮਾਨਦਾਰੀ ਹੈ ਤਾਂ ਉਸਨੂੰ ਸੱਚ ਤੇ ਧਰਮ ਲਈ ਲੜਨ ਲਈ ਤਿਆਰੀ ਕਰਨੀ ਪੈਂਦੀ ਹੈ। ਬਾਹਰ ਦੁਨੀਆਦਾਰਾਂ ਦੀਆਂ ਪਾਈਆ ਰੋਕਾਂ ਕਟਨੀਆਂ ਹੁੰਦੀਆਂ ਹਨ ਤੇ ਅੰਦਰ ਕਾਮ, ਕ੍ਰੋਧ ਆਦਿਕ ਨਾਲ ਘੁਲਣਾ ਪੈਂਦਾ ਹੈ। ਸਚੀ ਅਰਦਾਸ ਦੇ ਇਹੋ ਲੱਛਣ ਹੁੰਦੇ ਹਨ।"[70] ਇਸ ਵਿਚ ਕੋਈ ਸ਼ੱਕ ਨਹੀਂ ਕਿ ਧਰਮ ਅਸਥਾਨਾਂ ਵਿੱਚ ਸਵੇਰ ਤੋਂ ਲੈ ਕੇ ਸ਼ਾਮ ਤੀਕ ਅਰਦਾਸਾਂ ਹੁੰਦੀਆਂ ਰਹਿੰਦੀਆਂ ਹਨ ਪਰ ਕਦੇ ਹੀ ਕੋਈ ਸੱਚੇ ਪ੍ਰੇਮ ਵਾਲਾ ਅਜਿਹਾ ਆਉਂਦਾ ਹੈ ਜੋ ਅਰਦਾਸ ਰਾਹੀਂ ਪਰਮਾਤਮਾ ਵਿਚ ਅਭੇਦਤਾ ਹਾਸਿਲ ਕਰਦਾ ਹੈ।

ਅਰਦਾਸ ਦਾ ਸੁਭਾਅ ਹਰ ਪਲ, ਹਰ ਛਿਣ ਬਣਨਾ ਚਾਹੀਦਾ ਹੈ, ਜ਼ਰੂਰੀ ਨਹੀਂ ਕਿ ਕਿਸੇ ਔਕੜ ਦੇ ਸਮੇਂ ਹੀ ਅਰਦਾਸ ਕੀਤੀ ਜਾਵੇ, ਔਕੜ ਤੋਂ ਬਿਨਾਂ ਕੀਤੀ ਜਾਣ ਵਾਲੀ ਅਰਦਾਸ ਹੀ ਅਸਲ ਅਰਦਾਸ ਹੈ।"ਭਗਵਾਨ ਦੇ ਪ੍ਰੇਮੀ ਨੂੰ ਦੁਨਿਆਵੀ ਸੁਖ ਅਰਾਮ ਲਈ ਹਰਗਿਜ਼ ਅਰਦਾਸ ਨਹੀਂ ਕਰਨੀ ਚਾਹੀਦੀ ਬਲਕਿ ਭਗਵੰਤ ਦੀ ਪ੍ਰੀਤੀ ਹੀ ਮੰਗਣੀ ਚਾਹੀਦੀ ਹੈ। ਪ੍ਰੰਤੂ ਲੋਕ ਅਜਿਹਾ ਨਹੀਂ ਕਰਦੇ। ਇਸ ਕਿਸਮ ਦੇ ਲੋਕ ਸਿਰਫ ਉਦੋਂ ਹੀ ਆਪਣੇ ਇਸ਼ਟ ਦੇਵਤਾ ਪਾਸ ਅਰਦਾਸ ਕਰਦੇ ਹਨ ਜਦੋਂ ਉਨ੍ਹਾਂ ਦੀਆਂ ਲੱਤਾਂ 'ਜਾਂ' ਸਿਰ ਵਿਚ ਦਰਦ ਹੋ ਰਿਹਾ ਹੋਵੇ ਜਾਂ ਜੇਬ ਖਾਲੀ ਹੋਵੇ ਜਾਂ ਕਿਸੇ ਦੇ ਸਿਰ ਉੱਤੇ ਅਜਿਹੀ ਕੋਈ ਮੁਸੀਬਤ ਆ ਜਾਵੇ ਜੋ ਬਰਦਾਸ਼ਤ ਤੋਂ ਬਾਹਰ ਹੋਵੇ ਤਾਂ ਉਸ ਲਈ ਇਜ਼ਾਜ਼ਤ ਹੈ ਕਿ ਮੁਨਾਸਬ ਸਹਾਰੇ ਜਾਂ ਬਰਦਾਸ਼ਤ ਲਈ ਤਾਂ ਭਾਵੇਂ ਅਰਦਾਸ ਕਰ ਲਵੇ ਪ੍ਰੰਤੂ ਆਪਣੀ ਮਰਜ਼ੀ ਦੇ ਮੁਆਫਿਕ ਨਤੀਜੇ ਹਾਸਲ ਕਰਨ ਲਈ ਹਰਗਿਜ਼ ਦੁਆ ਬੇਨਤੀ ਨਾ ਕਰੇ।"[71] ਅਰਦਾਸ ਦੀ ਦੁਨੀਆਂ ਵਿਚ ਸਵਾਰਥੀ ਲੋਕਾਂ ਦੀ ਕੋਈ ਥਾਂ ਨਹੀਂ ਬੇਸ਼ੱਕ ਧਰਮਾਂ ਵਿੱਚ ਅਜਿਹਾ ਹੀ ਹੋ ਰਿਹਾ ਹੈ ਪਰ ਮਨੁੱਖੀ ਸਮਾਜ ਦਾ ਇਸ ਵਿਚ ਭਲਾ ਨਹੀਂ।

ਆਮ ਦੁਨਿਆਵੀ ਮਨੁੱਖ ਇਹ ਇਤਰਾਜ਼ ਕਰਦਾ ਹੈ ਕਿ ਉਸਦੀ ਅਰਦਾਸ ਸੁਣੀ ਨਹੀਂ ਜਾਂਦੀ ਅਤੇ ਉਹ ਨਿਰਾਸ਼ ਹੁੰਦਾ ਹੈ ਜਦਕਿ ਮਨੁੱਖ ਨੂੰ ਆਪਣੇ ਕਰਮਾਂ ਵੱਲ ਝਾਤੀ ਮਾਰਨੀ ਚਾਹੀਦੀ ਹੈ ਕਿ ਉਸ ਵਿਚ ਕੋਈ ਖੋਟ ਤੇ ਨਹੀਂ। ਜਿਹੜੇ ਮਨੁੱਖ ਨੂੰ ਆਪਣੇ ਔਗੁਣ ਨਜ਼ਰ ਆ ਜਾਣ ਉਹ ਸਮਝੋ ਰੱਬ ਦੇ ਰਾਹ ਤੇ ਤੁਰ ਪਿਆ ਹੈ ਅਤੇ ਉਸ ਦੀ ਜ਼ਿੰਦਗੀ ਵਿਚੋਂ ਸੱਚੀ ਅਰਦਾਸ ਨਿਕਲਣ ਦੇ ਇਸ਼ਾਰੇ ਪਏ ਹੋਏ ਹਨ। "ਜੇ ਕੋਈ ਸਮਝੇ ਕਿ ਉਸ ਦੀ ਅਰਦਾਸ ਸੁਣੀ ਨਹੀਂ ਗਈ ਤਾਂ ਐਨ ਉਸ ਵੇਲੇ ਉਸਨੂੰ ਇਸ ਗੱਲ ਦੀ ਲੋੜ ਹੁੰਦੀ ਹੈ ਕਿ ਉਹ ਅੰਦਰ ਝਾਤ ਮਾਰ ਕੇ ਪਤਾ ਕਰੇ ਕਿ ਉਸਦੇ ਆਪਣੇ ਆਪ ਵਿਚ ਕੀ ਕਸਰ ਹੈ। ਉਸਨੂੰ ਆਪ ਕਈ ਵਾਰ ਪਤਾ ਹੀ ਨਹੀਂ ਹੁੰਦਾ ਕਿ ਉਸ ਲਈ ਕਿਹੜੀ ਚੀਜ਼ ਲਾਭਦਾਇਕ ਹੈ ਤੇ ਕੀ ਹਾਨੀਕਾਰਕ ਹੈ। ਜਿਵੇਂ ਮਾਂ ਨੂੰ ਪੁੱਤ ਪਿਆਰਾ ਹੁੰਦਾ ਹੈ ਪਰ ਫਿਰ ਵੀ ਉਹ ਕਈ ਵਾਰ ਉਸਨੂੰ ਮਾਰਦੀ ਝਿੜਕਦੀ ਹੈ ਤੇ ਇਹ ਮਾਰ ਝਿੜਕ ਉਸਦੇ ਪਿਆਰ ਭਰੇ ਹਿਰਦੇ ਵਿਚੋਂ ਹੀ ਨਿਕਲਦੀ ਹੈ ਤੇ ਬੱਚੇ ਦੇ ਭਲੇ ਹਿਤ ਹੁੰਦੀ ਹੈ ਤਿਵੇਂ ਸਭ ਦੁਨੀਆਂ ਦਾ ਪਿਤਾ ਵਾਹਿਗੁਰੂ, ਸਭ ਨੂੰ ਪਿਆਰਦਾ ਹੈ ਤੇ ਆਪਣੀ ਕੁਦਰਤ ਦੇ ਕਾਨੂੰਨਾਂ ਦੀ ਵਰਤੋਂ ਸਭ ਦੇ ਭਲੇ ਲਈ ਕਰਦਾ ਹੈ। ਸੱਚੀ ਅਰਦਾਸ ਇਸ ਤਰ੍ਹਾਂ ਦੀ ਨਜ਼ਰ ਬਣਾਦੀ

[70] ਨਰੈਣ ਸਿੰਘ, *ਸਿੱਖ ਧਰਮ ਦੀਆਂ ਬੁਨਿਆਦਾਂ*, ਪੰਨਾ 183.
[71] लाल साहिब, *सत्संग के उपदेश*, पन्ना 156-57.

ਹੈ।"[72] ਮਨੁੱਖ ਮੰਨਦਾ ਹੈ ਕਿ ਮੈਂ ਅਰਦਾਸ ਕਰਾਂ ਤੇ ਪੂਰੀ ਹੋ ਜਾਏ। ਪਰ ਜਦ ਅਜਿਹਾ ਨਹੀਂ ਹੁੰਦਾ ਉਹ ਨਿਰਾਸ਼ ਹੁੰਦਾ ਹੈ ਜਦਕਿ ਪਰਮਾਤਮਾ ਭਲੀ-ਭਾਂਤ ਜਾਣਦਾ ਹੈ ਕਿ ਉਸ ਮਨੁੱਖ ਨੂੰ ਕੀ ਦੇਣਾ ਹੈ ਤੇ ਕਦੋਂ ਦੇਣਾ ਹੈ?

ਜਦ ਅਰਦਾਸ ਮੰਗਾਂ ਤੋਂ ਪਾਰ ਚਲੀ ਜਾਂਦੀ ਹੈ ਤਾਂ ਉਹ ਅਸਲ ਅਰਦਾਸ ਬਣਦੀ ਹੈ ਨਹੀਂ ਤੇ ਜ਼ਿਆਦਾਤਰ ਅਰਦਾਸ ਸੰਸਾਰਿਕ ਮੰਗਾਂ ਕਾਰਣ ਸੰਸਾਰ ਦੀਆਂ ਹੱਦ ਬੰਦੀਆਂ ਵਿਚ ਹੀ ਰਹਿੰਦੀ ਹੈ। "ਬਹੁਤੇ ਲੋਕ ਅਰਦਾਸ ਰੱਬ ਕੋਲੋਂ ਕੁਝ ਮੰਗਣ ਲਈ ਹੀ ਕਰਦੇ ਹਨ। ਜੇ ਅਰਦਾਸ ਵਿਚ ਮੰਗੀ ਵਸਤ ਪ੍ਰਾਪਤ ਹੋ ਜਾਏ ਤਾਂ ਆਪਣੀ ਅਰਦਾਸ ਦੀ ਸਫਲਤਾ ਮੰਨਦੇ ਹਨ, ਪਰ ਜੇ ਨਾ ਪ੍ਰਾਪਤ ਹੋਵੇ ਤਾਂ ਉਸਨੂੰ ਰੱਬ ਦੀ ਲਾਪਰਵਾਹੀ ਸਮਝਦੇ ਹਨ। ਭੁੱਲ ਜਾਂਦੇ ਹਨ ਕਿ ਰਬ ਨੇ ਆਪਣੀ ਨਜ਼ਰ ਨਾਲ ਵੇਖਣਾ ਹੈ, ਸਾਡੀ ਨਾਲ ਨਹੀਂ। ਅਸੀਂ ਤਾਂ ਬਸ ਇਹ ਸਮਝ ਲੈਂਦੇ ਹਾਂ ਕਿ ਅਸਾਂ ਜੋ ਮੰਗਿਆ ਹੈ, ਰੱਬ ਨੂੰ ਅਵੱਸ ਸਾਡੀ ਝੋਲੀ ਪਾ ਦੇਣਾ ਚਾਹੀਦਾ ਹੈ। ਸੋਚੀਏ ਤਾਂ ਐਸੀ ਅਰਦਾਸ ਦਾ ਵਿਚੋਂ ਮਤਲਬ ਕੀ ਹੁੰਦਾ ਹੈ। ਉਹ ਇਹ ਹੁੰਦਾ ਹੈ ਕਿ "ਮਰਜੀ ਮੇਰੀ ਚੱਲੇ ਤੇ ਸ਼ਕਤੀ ਤੇਰੀ, ਤੇ ਜੋ ਮੈਂ ਚਾਹਾਂ ਤੁਰੰਤ ਪ੍ਰਾਪਤ ਹੋ ਜਾਏ।"[73] ਭਾਵੇਂ ਕਿ ਅਰਦਾਸ ਦਾ ਇਕ ਰੂਪ ਰੱਬ ਤੋਂ ਮੰਗਾਂ ਮੰਗਣ ਵਾਲਾ ਹੁੰਦਾ ਹੈ, ਪਰ ਇਹ ਅਧੂਰੀ ਅਰਦਾਸ ਹੈ ਕਿਉਂਕਿ ਇਹ ਤੁਹਾਨੂੰ ਆਪਣੀ ਮੰਗ ਨਾਲ ਜੋੜਦੀ ਹੈ ਨਾ ਕਿ ਦਾਤੇ ਨਾਲ। ਇਸੇ ਕਰਕੇ ਕੁਝ ਲੋਕ ਉਸ ਦੈਵੀ ਸ਼ਕਤੀ ਨਾਲ ਨਿਰਾਸ਼ ਹੋ ਜਾਂਦੇ ਹਨ ਕਿ ਅਸੀਂ ਜੋ ਮੰਗਿਆ ਸਾਨੂੰ ਮਿਲਿਆ ਨਹੀਂ। ਜਦਕਿ ਰੱਬੀ ਨਿਯਮ ਅਨੁਸਾਰ ਹੀ ਸੰਸਾਰ ਦਾ ਚੱਕਰ ਚੱਲ ਰਿਹਾ ਹੈ ਅਤੇ ਉਸੇ ਨਿਯਮ ਵਿਚ ਹੀ ਸਾਡੀਆਂ ਖਾਹਿਸ਼ਾਂ ਹਰ ਵਾਰ ਜਾਇਜ਼ ਹੀ ਹੋਣ। ਅਸੀਂ ਤਾਂ ਰੱਬ ਨੂੰ ਆਪਣੇ ਮੁਤਾਬਿਕ ਚਲਾਉਣਾ ਚਾਹੁੰਦੇ ਹਾਂ ਜਦਕਿ ਸਾਨੂੰ ਉਸ ਅਨੁਸਾਰ ਚਲੱਣਾ ਚਾਹੀਦਾ ਹੈ। ਸਾਡੀ ਭੁੱਲ ਹੀ ਇਹ ਹੈ ਕਿ ਅਸੀਂ ਪਰਮਾਤਮਾ ਨੂੰ ਆਪਣੇ ਮੁਤਾਬਿਕ ਮੰਨਦੇ ਹਾਂ ਜੇਕਰ ਉਸਨੂੰ ਉਸਦੇ ਮੁਤਾਬਿਕ ਮੰਨਿਆ ਜਾਵੇ ਤਾਂ ਸਾਡੀ ਅਰਦਾਸ ਦਾ ਰੂਪ ਆਪਣੇ ਆਪ ਹੀ ਬਦਲ ਜਾਵੇਗਾ। ਫਿਰ ਮਨੁੱਖ ਦੀਆਂ ਮੰਗਾਂ ਖ਼ਤਮ ਹੋ ਜਾਂਦੀਆਂ ਹਨ ਅਤੇ ਉਹ ਲੋਕ ਭਲਾਈ ਲਈ ਜਿਉਣਾ ਸ਼ੁਰੂ ਕਰ ਦਿੰਦਾ ਹੈ।

ਕੁਝ ਵਿਦਵਾਨ ਆਪਣੇ ਮੱਤ ਅਨੁਸਾਰ ਅਰਦਾਸ ਦੀਆਂ ਵੱਖ-ਵੱਖ ਅਵਸਥਾਵਾਂ ਬਿਆਨ ਕਰਦੇ ਹਨ ਜਿਸ ਤਰ੍ਹਾਂ ਸੂਫ਼ੀਆਂ ਅਨੁਸਾਰ ਅੱਲਾਹ ਦੇ ਘਰ ਪਹੁੰਚਣ ਲਈ, ਅਰਦਾਸ ਵੀ ਪੌੜੀ ਦਰ ਪੌੜੀ ਬਦਲਦੀ ਹੈ। "ਪ੍ਰਾਰਥਨਾ ਦੀਆਂ ਚਾਰ ਅਵੱਸਥਾਵਾਂ ਹੁੰਦੀਆਂ ਹਨ -ਪਹਿਲੀ ਅਵੱਸਥਾ ਵਿਚ ਅਸੀਂ ਗੱਲ ਕਰ ਰਹੇ ਹੁੰਦੇ ਹਾਂ। ਕੋਈ ਸੁਣ ਰਿਹਾ ਹੁੰਦਾ ਹੈ। ਪ੍ਰਾਰਥਨਾ ਦੀ ਸ਼ੁਰੂਆਤ ਸ਼ਬਦਾਂ ਨਾਲ ਹੁੰਦੀ ਹੈ ਅਤੇ ਜਿਸਦੇ ਵਿਚ ਮਨੁੱਖ ਆਪਣੀ ਇੱਛਾ ਕਰਦਾ ਹੈ ਅਤੇ ਜਿਸਨੂੰ ਰੱਬ ਸੁਣ ਰਿਹਾ ਹੁੰਦਾ ਹੈ। ਦੂਜੀ ਅਵਸਥਾ ਵਿਚ ਸਾਹਮਣੇ ਵਾਲਾ ਬੋਲ ਰਿਹਾ ਹੁੰਦਾ ਹੈ। ਅਸੀਂ ਸੁਣ ਰਹੇ ਹੁੰਦੇ ਹਾਂ। ਇਸ ਅਵਸਥਾ ਵਿਚ ਪ੍ਰਾਰਥਨਾ ਹੋ ਚੁੱਕੀ ਹੈ, ਹੁਣ ਸੰਕੇਤ ਅਤੇ ਸੰਦੇਸ਼ ਰਾਹੀਂ ਮਨੁੱਖ ਨੂੰ ਮਾਰਗ ਦਰਸ਼ਨ ਦਿੱਤਾ ਜਾ ਰਿਹਾ ਹੈ। ਇਸ ਤਰ੍ਹਾਂ ਪ੍ਰਾਰਥਨਾ ਪੂਰੀ ਹੋਣ ਵਾਸਤੇ ਜ਼ਰੂਰੀ ਕਿਰਿਆਵਾਂ ਕਰਨ ਦੇ ਸੰਕੇਤ ਮਿਲਦੇ ਹਨ। ਤੀਜੀ ਅਵੱਸਥਾ ਵਿਚ

[72] ਨਰੈਣ ਸਿੰਘ, *ਸਿੱਖ ਧਰਮ ਦੀਆਂ ਬੁਨਿਆਦਾਂ*, ਪੰਨਾ 185.
[73] ਡਾ. ਜਸਵੰਤ ਸਿੰਘ ਨੇਕੀ, *ਗੁਰਮਤਿ ਮਨੋਵਿਗਿਆਨ*, ਪੰਨਾ 163.

ਦੋਵੇਂ ਗੱਲਾਂ ਨਹੀਂ ਕਰ ਰਹੇ ਹਨ, ਦੋਵੇਂ ਮਿਲ ਕੇ ਸੁਣ ਰਹੇ ਹੁੰਦੇ ਹਨ। ਇਹੋ ਜਹੀ ਅਵੱਸਥਾ ਵਿਚ ਗੱਲਬਾਤ ਹੋ ਜਾਣ ਤੋਂ ਬਾਅਦ ਦੋਵੇਂ ਪੱਖਾਂ ਦੀ ਪ੍ਰਾਰਥਨਾ ਪੂਰੀ ਹੁੰਦੀ ਵੇਖਿਆ ਜਾ ਰਿਹਾ ਹੈ (ਸਾਖਸ਼ੀ ਭਾਵ) ਚੌਥੀ ਅਵੱਸਥਾ ਵਿਚ ਨਾ ਤਾਂ ਦੋਵੇਂ ਗੱਲਾਂ ਕਰ ਰਹੇ ਹਨ ਨਾ ਹੀ ਸੁਣ ਰਹੇ ਹਨ ਯਾਨੀ ਮੌਨ ਹੈ। ਆਖਿਰੀ ਅਵੱਸਥਾ ਵਿਚ ਪ੍ਰਾਰਥਨਾ ਪੂਰੀ ਹੋ ਗਈ ਹੈ। ਇਸ ਵਾਸਤੇ ਹੁਣ ਨਾ ਕਹਿਣ ਦੀ ਜ਼ਰੂਰਤ ਹੈ, ਨਾ ਸੁਣਨ ਦੀ। ਜਦੋਂ ਇਸ ਤਰ੍ਹਾਂ ਦੀ ਅਵੱਸਥਾ ਆਉਂਦੀ ਹੈ ਤਾਂ ਮੌਨ ਪ੍ਰਗਟ ਹੁੰਦਾ ਹੈ ਹੁਣ ਮੌਨ ਹੀ ਹੈ, ਮੌਨ ਹੀ ਮੰਜ਼ਿਲ ਹੈ।"[74] ਸੋ ਇਸ ਤਰ੍ਹਾਂ ਪ੍ਰਾਰਥਨਾ ਪੌੜੀ ਦਰ ਪੌੜੀ ਆਪਣੀ ਮੰਜ਼ਿਲ ਵੱਲ ਵਧਦੀ ਹੈ ਅਤੇ ਆਪਣੇ ਅਖੀਰ ਤੇ ਜਾ ਕੇ ਸਾਰਾ ਕੁਝ ਆਪਣੇ ਆਪ ਚੁੱਪ ਹੋ ਜਾਂਦਾ ਹੈ ਅਤੇ ਸਿਰਫ ਪਰਮਾਤਮਾ ਹੀ ਰਹਿ ਜਾਂਦਾ ਹੈ।

ਬੇਸ਼ੱਕ ਅਰਦਾਸ ਸ਼ੁਰੂ ਦੁਨਿਆਵੀ ਪਦਾਰਥਾਂ ਤੋਂ ਹੁੰਦੀ ਹੈ ਅਤੇ ਹੌਲੀ-ਹੌਲੀ ਇਸਦਾ ਰੂਪ ਬਦਲਦਾ ਰਹਿੰਦਾ ਹੈ ਅਤੇ ਜੇ ਅਰਦਾਸ ਠੀਕ ਰੂਪ ਵਿਚ ਚੱਲਦੀ ਰਹੇ ਤਾਂ ਇਕ ਦਿਨ ਰੱਬ ਦੀ ਪ੍ਰਾਪਤੀ ਵੱਲ ਮੁਖ ਕਰ ਲੈਂਦੀ ਹੈ। "ਪਹਿਲੀ ਅਵਸਥਾ ਵਿਚ ਆਪਣੀਆਂ ਇਛਾਵਾਂ ਦੀ ਪੂਰਤੀ ਵਾਸਤੇ ਅਰਦਾਸ ਕੀਤੀ ਜਾਂਦੀ ਹੈ ਅਤੇ ਇਹ ਜੀਵਨ ਵਿੱਚ ਪਰਿਵਰਤਨ ਆਉਣ ਨਾਲ ਤਬਦੀਲ ਹੁੰਦੀ ਰਹਿੰਦੀ ਹੈ ਜਿਵੇਂ ਇਕ ਬੱਚੇ ਦੀ ਅਰਦਾਸ ਇਕ ਮਨੁੱਖ ਦੀ ਅਰਦਾਸ ਨਾਲੋਂ ਵਿਲੱਖਣ ਹੋਵੇਗੀ। ਇਹ ਅਰਦਾਸ ਸਿਰਫ ਪਦਾਰਥਕ ਖੁਸ਼ਹਾਲੀ ਲਈ ਕੀਤੀ ਜਾਂਦੀ ਹੈ। ਦੂਸਰੀ ਜਦੋਂ ਮਨੁੱਖੀ ਜੀਵਨ ਵਿਚ ਕੁਝ ਤਬਦੀਲੀ ਆ ਜਾਂਦੀ ਹੈ ਤਾਂ ਮਨੁੱਖ ਨੂੰ ਪਤਾ ਲੱਗਦਾ ਹੈ ਕਿ ਜਿੰਨ੍ਹਾਂ ਵਸਤੂਆਂ ਦੀ ਪ੍ਰਾਪਤੀ ਲਈ ਉਹ ਲੋਚਦਾ ਰਿਹਾ ਹੈ ਉਹ ਸਦੀਵੀਂ ਨਹੀਂ ਸਗੋਂ ਬਿਨਸਨਹਾਰ ਹਨ। ਇਸ ਲਈ ਮਨੁੱਖ ਸੋਚਦਾ ਹੈ ਕਿ ਸਦੀਵੀਂ ਵਸਤੂ ਦੀ ਪ੍ਰਾਪਤੀ ਵਾਸਤੇ ਅਰਦਾਸ ਕਰੇ। ਤੀਸਰੀ ਅਵਸਥਾ ਵਿੱਚ ਪਰਮਾਤਮਾ ਨੂੰ ਅੰਗ ਸੰਗ ਸਮਝ ਕੇ ਅਨੰਦਿਤ ਰਹਿਣ ਲਈ ਇਕਸੁਰਤਾ ਪ੍ਰਾਪਤ ਕਰਨ ਲਈ ਅਰਦਾਸ ਕੀਤੀ ਜਾਂਦੀ ਹੈ।"[75] ਸੰਸਾਰ ਵਿਚ ਰਹਿਣ ਵਾਲਾ ਮਨੁੱਖ ਜ਼ਿਆਦਤਰ ਆਪਣੇ ਸੁੱਖਾਂ ਦੀ ਪ੍ਰਾਪਤੀ ਲਈ ਹੀ ਅਰਦਾਸ ਕਰਦਾ ਹੈ, ਇਹ ਅਰਦਾਸ ਦੀ ਮੁਢਲੀ ਅਵਸਥਾ ਹੈ ਅਤੇ ਅਜਿਹੀਆਂ ਅਰਦਾਸਾਂ ਸੰਸਾਰ ਵਿੱਚ, ਹਰ ਧਰਮ ਵਿਚ, ਹਰ ਧਾਰਮਿਕ ਸਥਾਨ ਵਿਚ ਅਣਗਿਣਤ ਹੁੰਦੀਆਂ ਹਨ, ਪਰੰਤੂ ਇਹ ਬਹੁਤ ਘੱਟ ਵਾਪਰਦਾ ਹੈ ਕਿ ਮਨੁੱਖ ਸੰਸਾਰਕ ਸੁੱਖਾਂ ਤੋਂ ਸੰਤੁਸ਼ਟ ਹੋ ਕੇ ਪਰਮਾਤਮਾ ਦੀ ਪ੍ਰਾਪਤੀ ਲਈ ਅਰਦਾਸ ਕਰੇ। ਇਹ ਸੁਭਾਗ ਸੰਸਾਰ ਦੇ ਕੁਝ ਕੁ ਲੋਕਾਂ ਦੇ ਹਿੱਸੇ ਹੀ ਆਉਂਦਾ ਹੈ। ਜਿਸ ਕਾਰਨ ਉਹ ਜੱਗ ਵਿੱਚ ਪੂਜੇ ਜਾਂਦੇ ਹਨ। ਫਿਰ ਉਹ ਅਰਦਾਸਾਂ ਉਹਨਾਂ ਅੱਗੇ ਹੋਣ ਲੱਗਦੀਆਂ ਹਨ। ਸੋ ਅਰਦਾਸ ਦੀਆਂ ਅਵਸਥਾਵਾਂ ਬਦਲਦੀਆਂ ਰਹਿੰਦੀਆਂ ਹਨ। ਪਰ ਹਰ ਅਰਦਾਸ ਵਿਚ ਅਵਸਥਾ ਦੀ ਟੇਕ ਲੈਣੀ ਲਾਜ਼ਮੀ ਬਣ ਜਾਂਦੀ ਹੈ। ਅਰਦਾਸ ਦਾ ਹੋਣਾ ਮਨੁੱਖਤਾ ਦੇ ਜਿਊਂਦੇ ਰਹਿਣ ਦੀ ਨਿਸ਼ਾਨੀ ਹੈ ਜਿਸ ਦਿਨ ਧਰਤੀ ਤੋਂ ਅਰਦਾਸ ਮੁੱਕੇਗੀ, ਉਹ ਮਨੁੱਖਤਾ ਦਾ ਆਖਰੀ ਦਿਨ ਹੋਵੇਗਾ।

---

[74] ਤੇਜਗੁਰੂ ਤੇਜਪਾਰਖੀ ਸਰਸ਼੍ਰੀ, *ਇਕ ਅਦਭੁਤ ਸ਼ਕਤੀ ਪ੍ਰਾਰਥਨਾ,* ਪੰਨਾ 8.

[75] ਮਹਿੰਦਰ ਸਿੰਘ, *ਸਿੱਖ ਸੰਸਕਾਰ ਅਤੇ ਮਰਯਾਦਾ,* ਪੰਨਾ 118.

ਅਰਦਾਸ ਅਸਲ ਵਿਚ ਹਿਰਦੇ ਨਾਲ ਸੰਬੰਧਿਤ ਕ੍ਰਿਆ ਹੈ। ਇਸ ਵਚ ਤਨ ਨਾਲੋਂ ਮਨ ਦਾ ਸ਼ਾਮਿਲ ਹੋਣ ਵਧੇਰੇ ਲਾਜ਼ਮੀ ਹੈ। ਕਿਉਂਕਿ ਅਰਦਾਸ ਇਕ ਧਾਰਮਿਕ ਕ੍ਰਿਆ ਹੈ ਅਤੇ ਧਰਮਾਂ ਦੀ ਦੁਨੀਆਂ ਵਿਚ ਰੱਬ ਨਾਲ ਗੱਲਾਂ ਕਰਨ ਲਈ ਅੰਦਰ ਦੀ ਜ਼ੁਬਾਨ ਹੀ ਵਰਤੀ ਜਾ ਸਕਦੀ ਹੈ। ਸੋ ਅਜਿਹਾ ਇਸ਼ਾਰਾ ਹੀ ਇਸ ਗੱਲ ਵਿੱਚ ਮਿਲਦਾ ਹੈ। "ਈਸ਼ਵਰ ਨੂੰ ਸੰਬੋਧਨ ਕਰਨ ਦੀ ਕ੍ਰਿਆ ਅਤੇ ਈਸ਼ਵਰ ਨੂੰ ਸੰਬੋਧਨ ਕਰਨ ਵਾਸਤੇ ਵਰਤੇ ਜਾਣ ਵਾਲੇ ਸ਼ਬਦ, ਇਹ ਸ਼ਬਦ ਨਿਸ਼ਚਤ ਵੀ ਹੋ ਸਕਦੇ ਹਨ ਅਤੇ ਸਹਿਜ ਸੁਭਾ ਉਚਾਰਨ ਕੀਤੇ ਜਾਣ ਵਾਲੇ ਵੀ, ਦੋਹਾਂ ਤਰ੍ਹਾਂ ਦੇ ਇਹ ਸ਼ਬਦ ਜੋ ਸੰਗਤੀ ਅਤੇ ਵਿਅਕਤੀਗਤ ਰੂਪ ਦੀ ਪ੍ਰਾਰਥਨਾ ਵੇਲੇ ਵਰਤੇ ਜਾਂਦੇ ਹਨ ਇਕ ਦੂਜੇ ਦੇ ਉਲਟ ਨਹੀਂ ਹੁੰਦੇ ਸਗੋ ਅਕਸਰ ਇਹ ਦੋਵੇਂ ਮਿਲਕੇ ਹੀ ਭਾਵਾਂ ਨੂੰ ਸੰਪੂਰਨਤਾ ਪ੍ਰਦਾਨ ਕਰਦੇ ਹਨ।"[76] ਭਾਵੇਂ ਕਿ ਹਰ ਇਕ ਧਰਮ ਨੇ ਅਰਦਾਸ ਕਰਨ ਲਈ ਵਿਸ਼ੇਸ਼ ਸਮਾਂ, ਸਥਾਨ ਅਤੇ ਸ਼ਬਦ ਮਰਯਾਦਾ ਵਿਚ ਬੰਨ੍ਹੇ ਹਨ, ਜਗਿਆਸੂ ਇਹਨਾਂ ਦੀ ਪਾਲਣਾ ਕਰਦਾ ਹੋਇਆ ਵੀ ਰੱਬ ਤੱਕ ਪਹੁੰਚ ਸਥਾਪਿਤ ਕਰ ਸਕਦਾ ਹੈ ਜਾਂ ਇੰਨ੍ਹਾਂ ਤੋਂ ਬਾਹਰ ਰਹਿ ਕੇ ਆਪਣੇ ਅਨੁਭਵ ਰਾਹੀਂ ਵੀ।

ਅਰਦਾਸ ਉਸ ਕਰਤੇ ਦੇ ਗੁਣਾਂ ਦਾ ਗੁਣਗਾਨ ਕਰਨਾ ਹੈ ਅਤੇ ਉਸ ਨਾਲ ਸਦੀਵੀਂ ਸੰਬੰਧ ਜੋੜਨਾ ਹੈ।"ਪ੍ਰਾਰਥਨਾ ਕਰਨ ਵੇਲੇ ਜੀਵ ਉਸ ਦ੍ਰਿਸ਼ਟ, ਅਦ੍ਰਿਸ਼ਟ ਸ਼ਕਤੀ ਦੇ ਗੁਣਾਂ ਦਾ ਗਾਇਨ ਕਰਦਾ ਹੈ, ਉਸ ਅੱਗੇ ਆਪਣੀਆਂ ਲੋੜਾਂ ਦੀ ਪੂਰਤੀ ਦੀ ਬੇਨਤੀ ਕਰਦਾ ਹੈ। ਪ੍ਰਾਰਥਨਾ ਦੀ ਸਹਾਇਤਾ ਨਾਲ ਪਰਮ ਸੱਤਾ ਨਾਲ ਆਤਮਿਕ ਸੰਬੰਧ ਸਥਾਪਿਤ ਕੀਤੇ ਜਾਂਦੇ ਹਨ ਅਤੇ ਨਾਲ ਹੀ ਉਸ ਪ੍ਰਤੀ ਸ਼ਰਧਾ ਤੇ ਸਤਿਕਾਰ ਭਾਵਨਾ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ।"[77] ਪ੍ਰਾਰਥਨਾ ਨਾਲ ਭਿੱਜਾ ਮਨ ਉਸ ਦੈਵੀ ਸ਼ਕਤੀ ਨੂੰ ਹਾਜ਼ਰ ਨਾਜ਼ਰ ਮੰਨ ਕੇ ਉਸ ਅੱਗੇ ਆਪਣੇ ਦਿਲ ਦੀ ਵਿਥਿਆ ਰੱਖਦਾ ਹੈ। ਉਹ ਦੈਵੀ ਸ਼ਕਤੀ ਕਿਸੇ ਲਈ ਪਰਮਾਤਮਾ ਵੀ ਹੋ ਸਕਦੀ ਹੈ ਅਤੇ ਜੈਨੀਆਂ ਅਤੇ ਬੋਧੀਆਂ ਲਈ ਉਹਨਾਂ ਦੇ ਹੋ ਚੁੱਕੇ ਪੂਜਣਯੋਗ ਵਿਅਕਤੀ, ਜਿੰਨ੍ਹਾਂ ਨੇ ਉਸ ਧਰਮ ਦੇ ਮੁੱਖ ਨਿਸ਼ਾਨੇ ਨੂੰ ਹਾਸਿਲ ਕਰ ਲਿਆ ਹੈ। ਸੋ ਇਸ ਤਰ੍ਹਾਂ ਅਰਦਾਸ ਦੇ ਮਹੱਤਵ ਨੂੰ ਹਰ ਇਕ ਧਰਮ ਨੇ ਮੰਨਿਆ ਹੈ, ਭਾਵੇਂ ਕਿ ਦੁਨੀਆਂ ਵਿਚ ਨਾਸਤਿਕ ਲੋਕਾਂ ਦੀ ਗਿਣਤੀ ਬਹੁਤ ਘੱਟ ਹੈ, ਧਰਤੀ ਉੱਤੇ ਜ਼ਿਆਦਾਤਰ ਲੋਕ ਉਹੀ ਹਨ ਜੋ ਆਸਤਿਕ ਹਨ ਅਤੇ ਪ੍ਰਾਰਥਨਾ ਵਿਚ ਵਿਸ਼ਵਾਸ਼ ਰੱਖਦੇ ਹਨ। ਬਹੁਤੀ ਵਾਰ ਕੁਝ ਲੋਕ ਉਸ ਧਰਮ ਨੂੰ ਉਵੇਂ ਨਹੀਂ ਮੰਨਦੇ ਜਿਸ ਤਰ੍ਹਾਂ ਉਸ ਧਰਮ ਦੇ ਪੈਗੰਬਰ ਨੇ ਕਿਹਾ ਹੁੰਦਾ ਹੈ ਪਰੰਤੂ ਫਿਰ ਵੀ ਅਰਦਾਸ ਦੀ ਕ੍ਰਿਆ ਉਹਨਾਂ ਨੂੰ ਉਸ ਹਸਤੀ ਦਾ ਅਹਿਸਾਸ ਕਰਵਾਉਂਦੀ ਹੈ। ਉਸ ਅੰਤਰਜਾਮੀ ਪਰਮੇਸ਼ਵਰ ਦੀ ਹੋਂਦ ਨੂੰ ਪ੍ਰਤੱਖ ਮੰਨ ਕੇ ਆਪਣੇ ਅੰਦਰ ਦੀ ਬਿਹਬਲਤਾ ਨੂੰ ਬੜੇ ਹੀ ਸੁਚਾਰੂ ਅਤੇ ਉਸਾਰੂ ਢੰਗ ਨਾਲ ਬਿਆਨ ਕਰਨਾ, ਆਪਣੀਆਂ ਇੱਛਾਵਾਂ/ਮੰਗਾਂ ਨੂੰ ਸ਼ਬਦਾਂ ਰਾਹੀਂ ਉਸ ਡਾਹਢੇ ਅੱਗੇ ਰੱਖਣਾ ਹੀ ਅਰਦਾਸ ਅਖਵਾਉਂਦਾ ਹੈ। ਭਾਵੇਂ ਕਿ ਸਾਧਕ ਇਹ ਗੱਲ ਮੰਨਦਾ ਹੈ ਕਿ ਉਸਨੂੰ ਉਸ ਪਰਮਾਤਮਾ ਅੱਗੇ ਆਪਣੀ ਵਿਥਿਆ ਰੱਖਣੀ ਨਹੀਂ ਆਉਂਦੀ ਪਰੰਤੂ ਫਿਰ ਵੀ ਭਾਸ਼ਾ ਤੋਂ ਬਿਨਾਂ ਉਹ ਆਪਣੇ ਭਾਵ ਕਿਸ ਤਰ੍ਹਾਂ ਵਿਅਕਤ ਕਰ ਸਕਦਾ ਹੈ।

---

[76] *Encyclopedia of Americana*, Vol 2, P. 515.

[77] ਪ੍ਰਿੰ. ਕੁਲਦੀਪ ਕੌਰ, *ਲੇਖ ਅਰਦਾਸ, ਮਾਸਿਕ ਸੂਰਾ,* ਸਤੰਬਰ 1971 ਪੰਨਾ 37.

ਅਰਦਾਸ ਕਰਨ ਵਾਲੇ ਦੇ ਮਨ ਵਿਚ ਇਹ ਪੂਰਾ ਭਰੋਸਾ ਹੋਣਾ ਚਾਹੀਦਾ ਹੈ ਕਿ ਉਸ ਸਾਰਿਆਂ ਗੁਣਾਂ ਅਤੇ ਦਾਤਾਂ ਦਾ ਮਾਲਕ ਹੈ, ਉਸਦੀ ਤਾਕਤ ਅਤੇ ਕਾਇਨਾਤ ਦੇ ਨਜ਼ਾਰਿਆਂ ਨੂੰ ਤੱਕਦਿਆਂ ਵਿਸਮਾਦਿਤ ਹੋ ਕੇ ਜੋ ਸੱਚੇ ਸ਼ਬਦ ਨਿਕਲਦੇ ਹਨ, ਉਹ ਅਰਦਾਸ ਦਾ ਹੀ ਰੂਪ ਹਨ। "ਸਰਬੱਗ ਵਾਹਿਗੁਰੂ ਚਿੰਤਾਮਣੀ, ਭਗਤ ਵੱਛਲ, ਕਰੁਣਾਮਈ, ਦੁਖਭੰਜਨ, ਸਰਵ-ਸ਼ਕਤੀਮਾਨ, ਤ੍ਰੈਕਾਲ ਦਰਸ਼ੀ, ਅੰਤਰਜਾਮੀ ਹੈ। ਸਾਰੀਆਂ ਦਾਤਾਂ, ਨੇਹਮਤਾ ਤੇ ਬਖਸ਼ਿਸ਼ਾਂ ਦਾ ਭਰਿਆ ਭੰਡਾਰ ਹੈ। ਪੂਰਬ ਨਿਸ਼ਚਾ, ਅਟੱਲ ਵਿਸ਼ਵਾਸ਼ ਅਤੇ ਸੱਚੇ ਸਿਦਕਦਿਲੀ ਜਜ਼ਬਾਤ, ਵਲਵਲਿਆਂ ਤੋਂ ਪ੍ਰੇਰਿਤ ਹੋ ਕੇ ਜੋ ਤਰੰਗਾਂ ਜਾਂ ਭਾਵ ਪੂਰਤ ਵੀਚਾਰ ਉਤੇਜਿਤ ਹੋ ਕੇ ਤੀਬਰ ਵੇਗ ਦੇ ਉਛਾਲ ਨਾਲ ਰਸਨਾ ਤੀਕ ਅਪੜਦੇ ਹਨ ਉਹ ਅਲਫਾਜ਼ ਦਾ ਰੂਪ ਧਾਰਨ ਕਰ ਲੈਂਦੇ ਹਨ ਉਸਨੂੰ ਹੀ ਅਰਦਾਸ ਕਿਹਾ ਜਾਦਾ ਹੈ।"[78] ਪਰਮਾਤਮਾ ਦੇ ਜਿੰਨੇ ਗੁਣ ਬਿਆਨ ਕੀਤੇ ਜਾਣ ਥੋੜ੍ਹੇ ਹਨ। ਬੇਸ਼ੱਕ ਉਹ ਸਾਡੇ ਤੇ ਸਾਰੀਆਂ ਬਖਸ਼ਿਸਾਂ ਕਰਦਾ ਹੈ। ਉਸ ਵਿਚ ਅਥਾਹ ਸ਼ਰਧਾ ਰੱਖਣ ਵਾਲੇ ਅਭਿਲਾਖੀ ਦੇ ਮਨ ਵਿਚ ਜੋ ਵਿਚਾਰ ਆਉਂਦੇ ਹਨ ਅਤੇ ਉਹ ਵਿਅਕਤ ਕਰਦਾ ਹੈ ਉਹ ਹੀ ਸੱਚੀ ਅਰਦਾਸ ਹੈ। ਜਿਵੇਂ ਦੁਨਿਆਵੀ ਪ੍ਰੇਮੀ ਇਕ ਦੂਜੇ ਦੇ ਗੁਣ ਗਾਉਂਦੇ ਹਨ। ਇਸੇ ਤਰ੍ਹਾਂ ਅਧਿਆਤਮਿਕ ਪ੍ਰੇਮ ਵਿਚ ਵੀ ਸਾਧਕ ਉਸ ਰੱਬ ਨਾਲ ਪ੍ਰੇਮ ਭਿੱਜੀਆ ਗੱਲਾਂ ਅਰਦਾਸ ਰੂਪ ਵਿਚ ਕਰਦਾ ਹੈ।

ਪਰਮਾਤਮਾ ਨਾਲ ਮਿਲਾਪ ਦਾ ਅਰਦਾਸ ਤੋਂ ਬਿਨਾਂ ਹੋਰ ਕੋਈ ਤਰੀਕਾ ਨਹੀਂ ਜਿੰਨ੍ਹੇ ਵੀ ਜਗਿਆਸੂ ਅੱਜ ਤੱਕ ਪਰਮਾਤਮਾ ਨਾਲ ਵਸਲ ਦਾ ਆਨੰਦ ਮਾਣ ਸਕੇ ਹਨ ਸਾਰਿਆਂ ਨੇ ਅਰਦਾਸ ਦਾ ਸਹਾਰਾ ਲਿਆ ਹੈ। "ਅਰਦਾਸ ਵਾਹਿਗੁਰੂ ਨਾਲ ਆਤਮਿਕ ਮੇਲ ਮਿਲਾਪ ਪੈਦਾ ਕਰਨ ਦਾ ਨਿਮਾਣਾ ਜਿਹਾ ਯਤਨ ਹੁੰਦਾ ਹੈ। ਇਸਨੂੰ ਜੀਵ ਅਤੇ ਪਰਮਾਤਮਾ ਦੇ ਸੁਮੇਲ ਸੰਗਮ ਲਈ ਪੁਲ ਦੀ ਉਪਮਾ ਵੀ ਦਿੱਤੀ ਜਾਂਦੀ ਹੈ। ਜੀਵ ਆਤਮਾ ਆਪਣੇ ਅਸਲ ਸਰੋਤ ਪਰਮਾਤਮਾ ਨਾਲ ਵਸਲ ਦਾ ਰਸ ਅਨੰਦ ਮਾਨਣ ਲਈ ਸਦਾ ਤਤਪਰ ਰਹਿੰਦੀ ਹੈ। ਅਰਦਾਸ ਮਨੁੱਖ ਜਾਤੀ ਲਈ ਵਾਹਿਗੁਰੂ ਦੇ ਦਰਬਾਰ ਤੀਕ ਰਸਾਈ ਕਰਨ ਲਈ ਬਰਕਤਾਂ ਭਰੀ ਫੁਲਵਾੜੀ ਦੇ ਫਾਟਕ ਦੀ ਸੁਨੈਹਰੀ ਕੁੰਜੀ ਹੈ। ਬੂਹਾ ਖੋਲ੍ਹ ਕੇ ਅੰਦਰ ਪ੍ਰਵੇਸ਼ ਕਰੋ ਸਦਾ ਬਹਾਰੀਂ ਮਹਿਕਦੇ ਟਹਿਕਦੇ ਫੁੱਲਾਂ ਦੇ ਭਰਜੋਬਨੀ ਨਿਖਾਰ ਨਾਲ ਮਨ ਆਪਾ ਸੁਗੰਧਿਤ ਕਰ ਲਉ।"[79] ਪਰਮਾਤਮਾ ਤੱਕ ਪਹੁੰਚਣ ਦਾ ਪਹਿਲਾ ਤੇ ਆਖਰੀ ਜ਼ਰੀਆ ਅਰਦਾਸ ਹੀ ਹੈ।ਜਿਹੜੀ ਕਿ ਜੀਵ ਆਤਮਾ ਤੇ ਪਰਮਾਤਮਾ ਵਿਚਕਾਰ ਪੁਲ ਦਾ ਕੰਮ ਕਰਦੀ ਹੈ। ਜੀਵ ਆਤਮਾ ਦੀ ਤੜਫ ਹਮੇਸ਼ਾ ਪਰਮਾਤਮਾ ਨੂੰ ਪਾਉਣ ਦੀ ਬਣੀ ਰਹਿੰਦੀ ਹੈ। ਅਰਦਾਸ ਹੀ ਕੇਵਲ ਮਾਤਰ ਅਜਿਹੀ ਕੁੰਜੀ ਹੈ ਜਿਹੜੀ ਰੱਬ ਦੇ ਘਰ ਦੀਆਂ ਬਰਕਤਾਂ ਦੇ ਜਿੰਦਰੇ ਨੂੰ ਖੋਲ੍ਹਣ ਦੀ ਸਮਰੱਥਾ ਰੱਖਦੀ ਹੈ। ਜਿੰਨ੍ਹਾਂ ਜਿਊੜਿਆਂ ਨੂੰ ਅਰਦਾਸ ਰਾਹੀਂ ਇਹ ਦੈਵੀ ਦਰਵਾਜ਼ਾ ਖੋਲ੍ਹਣਾ ਆ ਗਿਆ ਉਹਨਾਂ ਦੀਆਂ ਝੋਲੀਆਂ ਸਦੀਵੀਂ ਬਰਕਤਾਂ ਨਾਲ ਭਰ ਜਾਂਦੀਆ ਹਨ। ਕਿਉਂਕਿ ਉਸਦੇ ਪਿਆਰੇ ਇਹ ਦੱਸਦੇ ਹਨ ਕਿ ਪਰਮਾਤਮਾ ਤਾਂ ਆਪਣਾ ਖਜ਼ਾਨਾ ਲੁਟਾਉਣ ਲਈ ਤਿਆਰ ਬੈਠਾ ਹੈ। ਇਹ ਤਰੀਕਾ ਸਾਡੇ ਕੋਲ ਹੋਣਾ ਚਾਹੀਦਾ ਹੈ ਕਿ ਅਸੀਂ ਉਸਦੀਆਂ ਬਰਕਤਾਂ ਦੇ ਭਾਈਵਾਲ ਕਿੰਝ ਬਣੀਏ ਅਤੇ ਉਸਦਾ ਰਸਤਾ ਅਰਦਾਸ ਤੋਂ ਹੀ ਸ਼ੁਰੂ ਹੁੰਦਾ ਹੈ।

---

[78] ਡਾ. ਇਕਬਾਲ ਸਿੰਘ, *ਗੁਰਮਤਿ ਮੰਥਨ*, ਪੰਨਾ 187.
[79] ਉਹੀ, ਪੰਨਾ 188.

ਸੱਚੇ ਦਿਲੋਂ ਕੀਤੀ ਅਰਦਾਸ ਤਤਕਾਲ ਹੀ ਰਬ ਦੇ ਘਰ ਤੱਕ ਪਹੁੰਚਦੀ ਹੈ ਅਤੇ ਮਨ ਨੂੰ ਤਸੱਲੀ ਹੁੰਦੀ ਹੈ ਕਿ ਉਸਦੇ ਕਾਰਜ ਪਰਮਾਤਮਾ ਆਪ ਸਵਾਰੇਗਾ। "ਜਿਵੇਂ ਨਾੜੀ ਵਿਚ ਲਗਾਏ ਗਏ ਟੀਕੇ ਦਾ ਪ੍ਰਭਾਵ ਤਤਕਾਲ ਸਰੀਰ ਤੇ ਹੁੰਦਾ ਹੈ ਉਵੇਂ ਹੀ ਪ੍ਰੇਮ ਪਿਆਰ ਅਤੇ ਦ੍ਰਿੜ ਵਿਸ਼ਵਾਸ਼ ਨਾਲ ਕੀਤੀ ਅਰਦਾਸ ਦਾ ਅਸਰ ਫੌਰਨ ਹੀ ਮਨ ਤੇ ਸਿੱਧਾ ਪੈਂਦਾ ਹੈ, ਨਾ ਉਮੀਦੀ ਦੇ ਵਹਿਣ ਵਿਚ ਰੁੜਿਆ ਗੋਤੇ ਖਾਂਦਾ; ਮੰਦਹਾਲੀ ਤੇ ਮਾਯੂਸੀ ਦੇ ਚਿਕੱੜ ਖੋਭੇ ਵਿਚ ਖੁਭਿਆ ਹੀਣ ਭਾਵ ਦਾ ਸ਼ਿਕਾਰ ਹੋਇਆ ਮਾਨਸਿਕ ਤੌਰ ਤੇ ਪਰੇਸ਼ਾਨ ਜਗਿਆਸੂ ਤੁਰੰਤ ਹੀ ਪੁਨਰਜੀਵਤ ਪ੍ਰਫੁੱਲਤ ਹੋ ਉਠਦਾ ਹੈ। ਤਾਜ਼ਗੀ, ਤਵਾਨਾਈ, ਸਫੁਰਤੀ ਅਨੁਭਵ ਕਰਦਾ ਹੋਇਆ ਚੜ੍ਹਦੀ ਕਲਾ ਵਿੱਚ ਇਸਥਿਤ ਹੋ ਜਾਂਦਾ ਹੈ। ਅਰਦਾਸ ਦੀ ਅਜ਼ਮਤ ਮਹਾਨਤਾ ਅਤੇ ਮਾਣ ਮਰਯਾਦਾ ਨੂੰ ਸਿੱਖ ਜਗਤ ਵਿਚ ਖਾਸ ਮੁਕਾਮ, ਸਰਵ ਉਚ ਮਰਤਬੇ ਦੀ, ਸਰਬ ਬੁਲੰਦੀ ਦੀ, ਸਿਖਰ ਛੋਹ ਦਾ ਸਨਮਾਨ ਪ੍ਰਾਪਤ ਹੈ।"[80] ਅਰਦਾਸ ਦਾ ਪਹਿਲਾ ਪੱਖ ਸ਼ਰਧਾ ਤੇ ਵਿਸ਼ਵਾਸ਼ ਹੈ ਭਾਵੇਂ ਕਿ ਅਜਿਹੀ ਅਰਦਾਸ ਮਨੁੱਖੀ ਮਨ ਵਿਚ ਨਿਕਲਦੀ ਉਦੋਂ ਹੀ ਹੈ ਜਦੋਂ ਸਾਰੇ ਸੰਸਾਰਿਕ ਹੀਲੇ ਖ਼ਤਮ ਹੋ ਜਾਂਦੇ ਹਨ। ਜਦ ਕੇਵਲ ਮਨੁੱਖ ਦਾ ਆਸਰਾ ਪਰਮਾਤਮਾ ਰਹਿ ਜਾਂਦਾ ਹੈ। ਇਕਾਗਰ ਮਨ ਨਾਲ ਪਰਮਾਤਮਾ ਨੂੰ ਹਾਜ਼ਰ ਨਾਜ਼ਰ ਮੰਨ ਕੇ ਕੀਤੀ ਅਰਦਾਸ ਉਸਨੂੰ ਤਰੋ ਤਾਜ਼ਾ ਕਰਦੀ ਹੈ। ਅਜਿਹੀ ਅਰਦਾਸ ਤਾਂ ਹੀ ਬਣੇਗੀ ਜੇ ਜਗਿਆਸੂ ਧੁਰ ਅੰਦਰੋਂ ਹੀ ਪਰਮਾਤਮਾ ਨੂੰ ਮੰਨਦਾ ਹੈ ਅਤੇ ਉਸਨੂੰ ਇਹ ਵਿਸ਼ਵਾਸ਼ ਹੈ ਕਿ ਉਸਦਾ ਕਾਰਜ ਸੰਪੂਰਨ ਹੋਵੇਗਾ। ਇਸੇ ਕਰਕੇ ਧਰਮਾਂ ਵਿੱਚ ਅਰਦਾਸ ਦਾ ਖਾਸ ਮਹੱਤਵ ਹੈ। ਹਰੇਕ ਕਾਰਜ ਲਈ ਪਰਮਾਤਮਾ ਅੱਗੇ ਜੋਦੜੀ ਕਰਨਾ ਮਰਿਯਾਦਾ ਹੈ ਜਿਸ ਨਾਲ ਮਨੁੱਖੀ ਫਿਤਰਤ ਰੱਬੀ ਰਜ਼ਾ ਵਿਚ ਰਹਿਣ ਦਾ ਢੰਗ ਸਿੱਖਦੀ ਹੈ।

ਅਸਲ ਅਰਦਾਸ ਹੁੰਦੀ ਹੀ ਉਦੋਂ ਹੈ ਜਦੋਂ ਮਨੁੱਖ ਦੇ ਸਾਰੇ ਵਸੀਲੇ ਖ਼ਤਮ ਹੋ ਜਾਣ। ਜਦੋਂ ਉਸਦੀਂ ਜ਼ਿੰਦਗੀਂ ਸ਼ੰਘਰਸ਼ ਵਿਚੋਂ ਲੰਘਦੀ ਹੈ। ਇਸੇ ਕਰਕੇ ਜ਼ਿਆਦਾਤਰ ਰੱਬੀ ਮਿਲਾਪ ਉਹਨਾਂ ਮਨੁੱਖਾਂ ਨੂੰ ਹਾਸਿਲ ਹੋਇਆ ਜੋ ਆਰਥਿਕ ਤੌਰ 'ਤੇ ਗਰੀਬ ਸਨ। "ਸੰਸਾਰ ਵਿਚ ਵਿਚਰਦਿਆਂ ਮਨੁੱਖ ਨੂੰ ਕਈ ਪਰਕਾਰ ਦੀਆਂ ਆਰਥਿਕ ਪਦਾਰਥਕ ਉਲਝਣਾਂ ਨਾਲ ਜੂਝਣਾ ਪੈਂਦਾ ਹੈ। ਦੁੱਖਾਂ, ਔਕੜਾਂ, ਸੰਕਟਾਂ, ਸੰਤਾਪਾਂ ਤਥਾ ਬਿਪਤਾਵਾਂ ਦੇ ਸੰਘਰਸ਼ੀ ਸੰਗਰਾਮ ਵਿਚ ਘੋਲ ਘੁਲਣਾ ਪੈਦਾ ਹੈ। ਕਿਸੇ ਭਾਵੀ ਹੋਣੀ ਦਾ ਜਾਂ ਵਿਘਨਕਾਰੀ ਸ਼ਕਤੀਆਂ ਨਾਲ ਲੋਹਾ ਲੈਣਾ ਪੈਂਦਾ ਹੈ, ਐਸੀ ਦਰਦਨਾਕ ਹਾਲਤ ਵਿੱਚ ਨਿੰਮੋਝੂਣਾ ਮਾਨਵ ਕੇਂਦਰੀ ਸ਼ਕਤੀ ਅੱਗੇ ਯਾਚਨਾ ਕਰਨ 'ਤੇ ਮਜ਼ਬੂਰ ਹੋ ਉਠਦਾ ਹੈ ਕਿ ਸ਼ਰਨ ਵਿਚ ਆ ਕੇ ਡਿੱਗੇ, ਢੱਠੇ, ਲਾਚਾਰ, ਜਾਚਕ ਨੂੰ ਆਪਣੇ ਕਰ ਕੰਵਲਾਂ ਦੁਆਰਾ ਕਲਾਵੇ ਵਿਚ ਲੈ ਕੇ ਉਭਾਰ ਲਵੇ। ਦਿਲ ਤੋਂ ਕੀਤੀ ਦੁਆ ਸਦਾ ਪਰਵਾਨ ਹੁੰਦੀ ਹੈ।"[81] ਆਧੁਨਿਕ ਮਨੁੱਖ ਸੰਸਾਰਿਕ ਜ਼ਿੰਦਗੀ ਆਪਣੇ ਆਪ ਤੱਕ ਸੀਮਤ ਕਰੇ ਜਿਊਂਦਾ ਹੈ। ਜਿਸ ਵਿਚ ਉਸਨੂੰ ਰਸ ਨਹੀਂ ਮਿਲਦਾ ਅਤੇ ਉਹ ਕਈ ਤਰ੍ਹਾਂ ਦੀਆਂ ਬੇਲੋੜੀਆਂ ਖਾਹਿਸ਼ਾਂ ਕਾਰਨ ਦੁਖੀ ਰਹਿੰਦਾ ਹੈ ਉਸਦੇ ਮਨ ਵਿਚ ਪਰਮਾਤਮਾ ਦਾ ਖਿਆਲ ਤੱਕ ਨਹੀਂ ਆਉਂਦਾ ਬਲਕਿ ਉਹ ਤਾਂ ਪਰਮਾਤਮਾ ਦੀ ਹੋਂਦ ਤੋਂ ਮੁਨਕਰ ਹੋ ਰਿਹਾ ਹੈ ਅਤੇ ਨਾਸਤਿਕਤਾ ਵੱਲ ਵਧ ਰਿਹਾ ਹੈ। ਜਿਸ ਨਾਲ ਉਸਦੀ ਬੇਚੈਨੀ ਦਿਨੋ ਦਿਨ

---

[80] ਡਾ. ਇਕਬਾਲ ਸਿੰਘ, *ਗੁਰਮਤਿ ਮੰਥਨ*, ਪੰਨਾ 189.
[81] ਉਹੀ, ਪੰਨਾ 189.

ਵਧ ਰਹੀ ਹੈ। ਸਮਾਜਿਕ ਰਿਸ਼ਤੇ ਤੇਜ਼ੀ ਨਾਲ ਟੁੱਟ ਰਹੇ ਹਨ। ਪਿਛਲੇ ਸਮਿਆਂ ਵਿੱਚ ਜਿੱਥੇ ਖੂਨ ਦੇ ਰਿਸ਼ਤਿਆਂ ਦੇ ਨਾਲ-ਨਾਲ ਬਾਹਰਲੇ ਲੋਕਾਂ ਨਾਲ ਵੀ ਪ੍ਰੇਮ ਵਧਾਇਆ ਜਾਂਦਾ ਸੀ ਅਜੋਕੇ ਸਮਾਜ ਦਾ ਮਨੁੱਖ ਆਪਣਿਆਂ ਨਾਲ ਹੀ ਰਹਿਣ ਨੂੰ ਤਿਆਰ ਨਹੀਂ। ਇਸ ਲਈ ਸਮਾਜ ਵਿਚ ਅਰਾਜਕਤਾ ਦਾ ਮਾਹੌਲ ਬਣਿਆ ਹੋਇਆ ਹੈ ਸੋ ਮਨੁੱਖਤਾ ਨੂੰ ਕੋਈ ਸਾਂਝੀ ਅਰਦਾਸ ਹੀ ਬਚਾ ਸਕਦੀ ਹੈ।

ਬਹੁਤੀ ਵਾਰ ਸੱਚੀ ਅਰਦਾਸ ਨੂੰ ਤਾਂ ਸ਼ਬਦ ਵੀ ਮੁਸ਼ਕਿਲ ਨਾਲ ਨਸੀਬ ਹੁੰਦੇ ਹਨ ਇਸ ਲਈ ਜਦੋਂ ਜਗਿਆਸੂ ਸਰੀਰ ਅਤੇ ਮਨ ਕਰਕੇ ਚੁੱਪ ਹੋ ਜਾਂਦਾ ਹੈ ਤਾਂ ਅਰਦਾਸ ਲਗਾਤਾਰ ਚੱਲਦੀ ਰਹਿੰਦੀ ਹੈ।"ਅਰਦਾਸ ਕੇਵਲ ਕੁਝ ਬੋਲਣ ਦਾ ਨਾਮ ਨਹੀਂ ਸਗੋਂ ਪੂਰੇ ਦਿਲੋ ਕੀਤੀ ਬੇਨਤੀ ਹੈ ਉਸ ਮਹਾਨ ਸ਼ਕਤੀ ਅੱਗੇ ਜੋ ਹਰਥੇ ਹਾਜ਼ਰ ਨਾਜ਼ਰ ਹੈ। ਇਹ ਉਸ ਨਾਲ ਸਪਰਸ਼ ਕਾਇਮ ਕਰਨ ਦੀ ਜੋਦੜੀ ਹੁੰਦੀ ਹੈ। ਇਸ ਅੰਦਰ ਇਕ ਉਮਾਹ ਹੁੰਦਾ ਹੈ ਉਸ ਸਰਵ ਵਿਆਪਕ ਹੋਂਦ ਨਾਲ ਜੁੜਨ ਦਾ ਜਿਸ ਅੰਦਰ ਸਭ ਕੁਝ ਸਮਾਇਆ ਹੋਇਆ ਹੈ ਅਤੇ ਜੋ ਸਭ ਕਾਸੇ ਤੋਂ ਵੱਡੀ ਅਸਲੀਅਤ ਹੈ। ਇਸਨੂੰ ਕਿਸੇ ਵਸਤ ਵਾਂਗ ਵੇਖਿਆ ਨਹੀਂ ਜਾ ਸਕਦਾ। ਨਾ ਹੀ ਵਸਤਾਂ ਵਾਂਗ ਸਮਝਿਆ ਜਾ ਸਕਦਾ ਹੈ ਨਾ ਮਹਿਸੂਸਿਆ। ਸਮਸਤ ਸ਼ਕਤੀਆਂ ਦੇ ਉਸ ਸੋਮੇ ਪੁਰ ਧਿਆਨ ਕੇਦਰਿਤ ਕਰਨਾ ਅਰਦਾਸ ਲਈ ਪਹਿਲਾ ਕਦਮ ਹੋਣਾ ਚਾਹੀਦਾ ਹੈ। ਸੱਚੇ ਮਨੋਂ ਕੀਤੀ ਅਰਦਾਸ ਨਾਲ ਅਰਦਾਸੀਆ ਪ੍ਰਾਣੀ ਕੇਵਲ ਆਪਣੀ ਬੇਨਤੀ ਹੀ ਰੱਬ ਦੇ ਧਿਆਨ ਕੇਂਦਰਿਤ ਨਹੀਂ ਕਰਵਾ ਸਕਦਾ, ਸਗੋਂ ਉਹ ਅਨੇਕਾਂ ਪਰਾ-ਮਾਨਵੀ ਸ਼ਕਤੀਆਂ ਦਾ ਸੁਆਮੀ ਵੀ ਹੋ ਸਕਦਾ ਹੈ ਕਿਉਂਕ ਸਰਵ ਸ਼ਕਤੀਮਾਨ ਮਾਲਕ ਉਸਦੇ ਨੇੜੇ ਜੁ ਹੋ ਜਾਂਦਾ ਹੈ"।[82] ਅਰਦਾਸ ਸਰਵ ਵਿਆਪਕ ਪ੍ਰਭੂ ਅੱਗੇ ਸਿਰਫ ਸ਼ਾਬਦਿਕ ਦੁਹਰਾਉ ਨਹੀਂ ਸਗੋਂ ਤਨੋ ਮਨੋ ਭਾਵਨਾਵਾਂ ਦੀ ਉਸ ਸਵੱਛਤਾ ਨੂੰ ਪੇਸ਼ ਕਰਨਾ ਹੈ ਅਤੇ ਉਸ ਨਾਲ ਸੰਬੰਧ ਸਥਾਪਿਤ ਕਰਨਾ ਹੈ। ਉਸ ਰੱਬ ਨੂੰ ਕਿਸੇ ਦਿਸਦੀ ਚੀਜ਼ ਵਾਂਗ ਨਹੀਂ ਮੰਨਿਆ ਜਾ ਸਕਦਾ। ਉਸ ਅੱਗੇ ਆਪਣੀਆਂ ਸਮੁੱਚੀਆਂ ਗਿਆਨ ਇੰਦਰੀਆਂ, ਕਰਮ ਇੰਦਰੀਆਂ ਆਦਿ ਨੂੰ ਇਕਾਗਰਤਾ ਵਿਚ ਲਿਆ ਕੇ ਹੀ ਅਰਦਾਸ ਹੋ ਸਕਦੀ ਹੈ। ਅਰਦਾਸ ਕਰਨ ਨਾਲ ਜਿਥੇ ਮਨ ਸ਼ੁੱਧ ਹੁੰਦਾ ਹੈ ਉਥੇ ਪਰਮਾਤਮਾ ਦੀ ਨੇੜਤਾ ਮਿਲਦੀ ਹੈ ਉਥੇ ਹੀ ਅਭਿਲਾਖੀ ਸਾਰੀਆਂ ਕੁਦਰਤੀ ਵਸਤਾਂ ਦਾ ਮਾਲਕ ਵੀ ਬਣਦਾ ਹੈ ਕਿਉਂਕਿ ਰੱਬ ਉਸ ਦੇ ਬਿਲਕੁਲ ਨਜ਼ਦੀਕ ਆ ਬਿਰਾਜਦਾ ਹੈ।

ਮੁੱਢ ਤੋਂ ਹੀ ਮਨੁੱਖ ਕਿਸੇ ਐਸੀ ਸ਼ਕਤੀ ਦੀ ਤਲਾਸ਼ ਵਿਚ ਰਿਹਾ ਹੈ ਜੋ ਉਸਨੂੰ ਤਾਂ ਇਕ ਦੁੱਖ ਵਿਚੋਂ ਕੱਢ ਲਵੇ ਅਤੇ ਬਿਨਾਂ ਕਿਸੇ ਝਿਜਕ ਦੇ ਮਨੁੱਖ ਉਸ ਕੋਲ ਆਪਣਾ ਆਪਾ ਪੇਸ਼ ਕਰ ਸਕੇ।"ਅਰਦਾਸ ਕੀ ਹੈ? ਮਨੁੱਖੀ ਆਤਮਾ ਦਾ ਆਪਣੇ ਸੋਮੇ ਪ੍ਰਮਾਤਮਾ ਵੱਲ ਰੁਖ ਕਰਨਾ। ਅਸੀ ਉਸਦੀ ਅੰਸ਼ ਹਾਂ, ਇਸ ਲਈ ਉਸ ਨਾਲ ਮਿਲਣ ਦੀ ਤੜਪ ਰੱਖਦੇ ਹਾਂ ਅੰਦਰਲੀ ਉਮੰਗ ਦਾ ਨਾਂ ਅਰਦਾਸ ਹੈ। ਮਨੁੱਖ ਸੁਭਾਵਕ ਤੌਰ ਤੇ ਕਮਜ਼ੋਰ ਹੈ। ਇਸ ਸੰਸਾਰ ਵਿਚ ਘਟਨਾਵਾਂ ਦੀ ਹਨੇਰੀ ਚੱਲਦੀ ਹੈ। ਉਸ ਵਿਚ ਮਨੁੱਖ ਦੇ ਮਨ ਦਾ ਦ੍ਰਿੜ੍ਹ ਰਹਿਣਾ ਕਠਿਨ ਹੈ। ਉਹ ਕਈ ਵੇਰ ਡੋਲ ਜਾਂਦਾ ਹੈ। ਉਸਨੂੰ ਕਿਸੇ ਉਚੀ ਟੇਕ ਦੀ ਲੋੜ ਹੁੰਦੀ ਹੈ। ਸਰਵ ਸ਼ਕਤੀਮਾਨ ਨਾਲ ਜੁੜਨ ਦਾ ਲੋੜ ਹੁੰਦੀ ਹੈ, ਜੋ ਮਨੁੱਖ ਨਾਲੋਂ ਵਧੇਰੇ ਸਾਧਨਾ ਦਾ ਮਾਲਕ ਹੋਵੇ, ਉਹ ਵਾਹਿਗੁਰੂ ਹੈ। ਉਸ ਪਰ ਭਰੋਸਾ ਕਰਨਾ ਮਨੁੱਖ ਨੂੰ ਬਹੁਤ ਸਾਰੀਆਂ ਪਰੇਸ਼ਾਨੀਆਂ ਤੋਂ

[82] ਡਾ. ਜਸਵੰਤ ਸਿੰਘ ਨੇਕੀ, *ਗੁਰਮਤਿ ਮਨੋਵਿਗਿਆਨ*, ਪੰਨਾ 164.

ਬਚਾ ਦਿੰਦਾ ਹੈ। ਇਸ ਲਈ ਸਾਰੇ ਆਸਤਿਕ ਮਤ ਅਰਦਾਸ ਉਤੇ ਸਹਿਮਤ ਹਨ। ਅਰਦਾਸ ਨਾਲ ਮਨ ਨੂੰ ਸ਼ਾਤੀ ਪ੍ਰਾਪਤ ਹੁੰਦੀ ਹੈ। ਆਦਮੀ ਮਹਿਸੂਸ ਕਰਦਾ ਹੈ ਕਿ ਉਹ ਆਪਣੇ ਤੋਂ ਵੱਡੀ ਕਿਸੇ ਸ਼ਕਤੀ ਨਾਲ ਜੁੜਿਆ ਹੈ।"[83] ਅਰਦਾਸ ਅਸਲ ਵਿਚ ਹੁੰਦੀ ਹੀ ਉਦੋਂ ਹੈ ਜਦੋਂ ਆਤਮਾ ਪੂਰੀ ਤਰ੍ਹਾਂ ਜਾਗ੍ਰਿਤ ਹੋ ਜਾਵੇ। ਕਿਉਂਕਿ ਇਸਤੋਂ ਪਹਿਲਾ ਅਰਦਾਸ ਹੋ ਨਹੀਂ ਸਕਦੀ ਜੋ ਸਮਾਜ ਵਿਚ ਪ੍ਰਚਲਿਤ ਹੈ ਉਹ ਤਾਂ ਪਰਮਾਤਮਾ ਤੋਂ ਮੰਗਾਂ ਮੰਗੀਆਂ ਜਾਂਦੀਆਂ ਹਨ। ਪਰਮਾਤਮਾ ਨਾਲ ਉਸਦਾ ਵਾਸਤਾ ਕੋਈ ਨਹੀਂ ਹੁੰਦਾ। ਅਜੋਕਾ ਮਨੁੱਖ ਦੁਨਿਆਵੀ ਚੀਜ਼ਾਂ ਵਿਚ ਇਨਾ ਲੁਪਤ ਹੋ ਗਿਆ ਹੈ ਕਿ ਪਰਮਾਤਮਾ ਦੀ ਹੋਂਦ ਨੂੰ ਵੀ ਨਹੀਂ ਸਵੀਕਾਰਦਾ। ਉਦਾਹਰਣ ਵਜੋਂ ਜਿਵੇਂ ਬੱਚਾ ਖਿਡੌਣਿਆਂ ਤੋਂ ਅੱਕ ਕੇ ਆਲੇ-ਦੁਆਲੇ ਮਾਂ ਨੂੰ ਲੱਭਦਾ ਹੈ ਇਸੇ ਤਰ੍ਹਾਂ ਮਨ ਰੂਪੀ ਬੱਚੇ ਨੂੰ ਵੀ ਪਰਮਾਤਮਾ ਰੂਪੀ ਮਾਂ ਚਾਹੀਦੀ ਹੈ ਜਦੋਂ ਉਸਨੂੰ ਇਸ ਗੱਲ ਦੀ ਸੋਝੀ ਆ ਜਾਂਦੀ ਹੈ ਤਾਂ ਮਨ ਆਪ ਹੁਦਰੇਪਣ ਨੂੰ ਛੱਡ ਕੇ ਆਪਣਾ ਆਪਾ ਕਿਸੇ ਵੱਡੀ ਸ਼ਕਤੀ ਦੇ ਸਪੁਰਦ ਕਰਦਾ ਹੈ। ਉਦੋਂ ਅਰਦਾਸ ਸ਼ੁਰੂ ਅਤੇ ਅਤੇ ਨਾਲ ਦੀ ਨਾਲ ਸੰਪੂਰਨ ਹੁੰਦੀ ਹੈ। ਸਮਰਪਣ ਤੋਂ ਬਿਨਾਂ ਅਰਦਾਸ ਬਾਰੇ ਸੋਚਿਆ ਨਹੀਂ ਜਾ ਸਕਦਾ। ਪਹਿਲਾਂ ਜੇ ਅਸੀਂ ਮੰਨਾਗੇ ਕਿ ਪਰਮਾਤਮਾ ਹੈ ਤੇ ਉਹ ਸਰਬ ਸਮੱਰਥ ਹੈ ਫਿਰ ਹੀ ਅਰਦਾਸ ਕਰਾਂਗੇ ਜੇ ਮਨ ਇਹ ਗੱਲ ਮੰਨ ਹੀ ਨਹੀਂ ਰਿਹਾ ਤਾਂ ਅਰਦਾਸ ਕਿਸ ਅੱਗੇ ਕਰਾਂਗੇ। ਸੋ ਅਰਦਾਸ ਦਾ ਪਹਿਲਾ ਕਦਮ ਵਿਸ਼ਵਾਸ਼ ਹੈ।

ਸੋ ਉਪਰੋਕਤ ਵਿਚਾਰ ਇਹ ਸਿੱਧ ਕਰਦੇ ਹਨ ਕਿ ਅਰਦਾਸ ਧਰਮ ਦੀ ਦੁਨੀਆਂ ਦਾ ਸਭ ਤੋਂ ਮਹੱਤਵਪੂਰਣ ਪੱਖ ਹੈ। ਅਧਿਆਤਮਿਕਤਾ ਦਾ ਸਫ਼ਰ ਇਸ ਕਦਮ ਤੋਂ ਸ਼ੁਰੂ ਹੁੰਦਾ ਹੈ। ਇਹ ਪਹਿਲਾ ਅਤੇ ਆਖ਼ਰੀ ਕਦਮ ਹੋ ਨਿਬੜਦਾ ਹੈ। ਜਦੋਂ ਇਸ ਵਿਚ ਮਨੁੱਖ ਦਾ ਆਪਾ ਪੂਰੀ ਤਰ੍ਹਾਂ ਸਮਰਪਿਤ ਹੋਵੇ ਪਰੰਤੂ ਜ਼ਿਆਦਾਤਰ ਅਜਿਹਾ ਨਹੀਂ ਹੁੰਦਾ ਜਿਸ ਕਾਰਣ ਅਰਦਾਸ ਕਰਮਕਾਂਡੀ ਰੂਪ ਧਾਰਨ ਕਰਕੇ ਕੇਵਲ ਧਾਰਮਿਕ ਸਥਾਨਾਂ ਦਾ ਖੋਖਲਾ ਰਿਵਾਜ ਹੋ ਜਾਂਦੀ ਹੈ। ਮਨੁੱਖ ਨੂੰ ਜਦੋਂ ਇਹ ਸੋਝੀ ਆ ਗਈ ਕਿ ਸੱਚੀ ਅਰਦਾਸ ਅਤੇ ਪਰਮਾਤਮਾ ਦੇ ਮਿਲਾਪ ਵਿਚ ਕੋਈ ਫ਼ਰਕ ਨਹੀਂ, ਇਧਰ ਅਸੀਂ ਅਰਦਾਸ ਸ਼ੁਰੂ ਕੀਤੀ ਉਪਰ ਪਰਮਾਤਮਾ ਦਾ ਮਿਲ ਜਾਣਾ ਹੋ ਗਿਆ। ਇਸੇ ਕਰਕੇ ਅਰਦਾਸ ਵਰਗੀ ਮਹਾਨ ਚੀਜ਼ ਦੀ ਬਖ਼ਸ਼ਿਸ਼ ਧਰਮਾਂ ਉਧਰ ਪੈਗੰਬਰਾਂ ਨੇ ਕੀਤੀ ਹੈ ਕਿਉਂਕਿ ਉਹ ਹੀ ਪਰਮਾਤਮਾ ਦੇ ਘਰ ਦਾ ਰਸਤਾ ਜਾਣਦੇ ਹਨ ਅਤੇ ਅਜੇ ਤੱਕ ਜੋ ਵੀ ਉਹਨਾਂ ਦੇ ਦਰਸਾਏ ਮਾਰਗ ਤੇ ਚੱਲਿਆ ਹੈ ਉਹ ਸਿੱਧਾ ਪਰਮਾਤਮਾ ਦੇ ਘਰ ਹੀ ਪਹੁੰਚਿਆ ਹੈ। ਜੇਕਰ ਕੋਈ ਮਨੁੱਖ ਇਹ ਸੋਚੇ ਕਿ ਅਰਦਾਸ ਦੇ ਰਾਹ ਤੇ ਚੱਲੇ ਬਿਨਾਂ ਹੀ ਉਹ ਪਰਮਾਤਮਾ ਨੂੰ ਪਾ ਲਵੇਗਾ ਤਾਂ ਇਹ ਉਸਦਾ ਮਹਿਜ਼ ਭਰਮ ਹੋਵੇਗਾ ਕਿਉਂਕਿ ਅਰਦਾਸ ਹੀ ਅਜਿਹਾ ਪੁਲ ਹੈ ਜਿਹੜਾ ਸੰਸਾਰ ਰੂਪੀ ਸਮੁੰਦਰ ਪਾਰ ਕਰਵਾ ਸਕਦਾ ਹੈ। ਅਰਦਾਸ ਹੀ ਰੱਬ ਦੇ ਘਰ ਤੱਕ ਪਹੁੰਚਾਉਣ ਦਾ ਇਕੋ ਇਕ ਰਸਤਾ ਹੈ।

[83] ਗਿਆਨੀ ਪ੍ਰਤਾਪ ਸਿੰਘ, *ਗੁਰਮਤਿ ਫਿਲਾਸਫੀ*, ਪੰਨਾ 241.

## ਅਧਿਆਇ-ਦੂਜਾ

# ਪ੍ਰਾਪਤ ਅਧਿਐਨ : ਸਰਵੇਖਣ ਅਤੇ ਮੁਲਾਂਕਣ

ਇਸ ਅਧਿਆਇ ਵਿਚ ਖੋਜ-ਕਾਰਜ ਦੌਰਾਨ ਸਿੱਧੇ ਤੌਰ ਤੇ ਜਿਹੜੀਆਂ ਪੁਸਤਕਾਂ ਇਸ ਵਿਸ਼ੇ ਨਾਲ ਸੰਬੰਧਿਤ ਹਨ ਉਹਨਾਂ ਪੁਸਤਕਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਜਿੰਨ੍ਹਾ ਵਿਚ ਰਸਾਲੇ,ਖੋਜ-ਪ੍ਰਬੰਧ, ਖੋਜ-ਨਿਬੰਧ, ਪਤ੍ਰਿਕਾਵਾਂ, ਪੰਜਾਬੀ, ਹਿੰਦੀ, ਅੰਗਰੇਜ਼ੀ ਦੀਆਂ ਪੁਸਤਕਾਂ ਨੂੰ ਵਿਚਾਰਿਆ ਗਿਆ ਹੈ। ਜਿਸ ਨਾਲ ਖੋਜ-ਨਿਬੰਧ ਦੀ ਆਧਾਰ ਸਮੱਗਰੀ ਵੀ ਨਿਸ਼ਚਿਤ ਹੋਈ ਹੈ ਅਤੇ ਇਸ ਵਿਸ਼ੇ ਤੇ ਖੋਜ ਕਰਨ ਵਾਲੇ ਖੋਜਾਰਥੀਆਂ ਨੂੰ ਇਕ ਜਗ੍ਹਾ ਤੇ ਇਸ ਵਿਸ਼ੇ ਨਾਲ ਸੰਬੰਧਿਤ ਸਮੱਗਰੀ ਮੁਹਈਆ ਹੋਈ ਹੈ। ਇੰਨ੍ਹਾ ਹੀ ਨਹੀਂ ਉਹਨਾਂ ਪੁਸਤਕਾਂ ਦੇ ਲੇਖਕ, ਛਪਣ ਦਾ ਸਥਾਨ, ਸੰਨ ਅਤੇ ਉਸ ਪੁਸਤਕ ਵਿਚ ਮੋਟੇ ਤੌਰ ਤੇ ਆਏ ਵਿਚਾਰਾਂ ਨੂੰ ਵੀ ਉਭਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸਭ ਤੋਂ ਪਹਿਲਾ ਉਹ ਪੁਸਤਕਾਂ ਸ਼ਾਮਿਲ ਕੀਤੀਆਂ ਗਈਆਂ ਹਨ ਜਿਹੜੀਆਂ ਪੂਰਨ ਤੌਰ ’ਤੇ ਅਰਦਾਸ ਵਿਸ਼ੇ ਨਾਲ ਸੰਬੰਧਿਤ ਹਨ।

### ਉਹ ਪੁਸਤਕਾਂ ਜਿਹੜੀਆਂ ਸੰਪੂਰਨ ਤੌਰ ’ਤੇ ਅਰਦਾਸ ਵਿਸ਼ੇ ਨਾਲ ਸੰਬੰਧਿਤ ਹਨ:

1. ***ਅਰਦਾਸ ਕਲਾ*** **:** ਇਹ ਪੁਸਤਕ ਦੇ ਮੁੱਖ ਰਚੇਤਾ ਸਚਖੰਡ ਵਾਸੀ ਸੰਤ ਬਾਬਾ ਸੁਰੈਣ ਸਿੰਘ ਜੀ ਅਤੇ ਸ੍ਰੀ ਮਾਨ ਸੰਤ ਗਿਆਨੀ ਨਿਰੰਜਨ ਸਿੰਘ ਜੀ ਪਟਿਆਲੇ ਵਾਲੇ ਹਨ। ਇਸਦੇ ਲੇਖਕ ਪ੍ਰਿਤਪਾਲ ਸਿੰਘ ਹਨ ਅਤੇ ਇਸਦੀ ਪ੍ਰਕਾਸ਼ਨਾ ਜਲੰਧਰ ਵਿੱਚ ਜਨਵਰੀ 1978 ਵਿਚ ਹੋਈ। 134 ਪੰਨਿਆਂ ਦੀ ਇਸ ਪੁਸਤਕ ਵਿੱਚ ਅਰਦਾਸ ਦੇ ਅਮਲੀ ਪਹਿਲੂਆਂ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਇਹ ਇਸ ਵਿਸ਼ੇ ਨਾਲ ਸੰਬੰਧਿਤ ਹਥਲੇ ਖੋਜ ਕਾਰਜ ਦੀ ਆਧਾਰ ਸਮਗਰੀ ਅਨੁਸਾਰ ਪਹਿਲੀ ਪੁਸਤਕ ਹੈ।

2. ***ਅਰਦਾਸ ਦਾ ਸਿੱਖ ਪ੍ਰਸੰਗ*** **:** ਅਰਦਾਸ ਵਿਸ਼ੇ ਨਾਲ ਸੰਬੰਧਿਤ ਮਹੱਤਵਪੂਰਣ ਰਚਨਾ ਜੋ ਨਾਨਕ ਪ੍ਰਕਾਸ਼ ਪੱਤ੍ਰਿਕਾ ਵੱਲੋਂ ਕੱਢਿਆ ਗਿਆ ਅਰਦਾਸ ਵਿਸ਼ੇਸ਼ ਅੰਕ ਸੀ। ਜਿਸਦੇ ਸੰਪਾਦਕ ਬਲਕਾਰ ਸਿੰਘ ਹਨ ਅਤੇ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਜੂਨ 1987 ਵਿਚ ਇਸ ਦਾ ਅੰਕ ਪਹਿਲਾ ਅਤੇ ਜਿਲਦ ਬਾਈਵੀਂ ਕੱਢੀ ਗਈ ਸੀ। 246 ਪੰਨਿਆਂ ਦੀ ਇਸ ਪੁਸਤਕ ਵਿੱਚ 14 ਵਿਦਵਾਨਾਂ ਦੇ ਖੋਜ-ਪੱਤਰ ਸ਼ਾਮਿਲ ਕੀਤੇ ਗਏ ਹਨ। ਜਿੰਨ੍ਹਾਂ ਵਿੱਚ ਹਰਿੰਦਰ ਸਿੰਘ ਮਹਿਬੂਬ, ਪ੍ਰਿੰਸੀਪਲ ਪ੍ਰਕਾਸ਼ ਸਿੰਘ, ਪ੍ਰੋ. ਜੋਗਿੰਦਰ ਸਿੰਘ, ਡਾ. ਮਹਿੰਦਰ ਕੌਰ ਗਿੱਲ, ਡਾ. ਨਵਰਤਨ ਕਪੂਰ ਗਿਆਨੀ ਹਰਬੰਸ ਸਿੰਘ, ਸ੍ਰ. ਨਿਰਵੈਰ ਸਿੰਘ ਅਰਸ਼ੀ, ਡਾ. ਪਿਆਰ ਸਿੰਘ, ਪ੍ਰਿੰਸੀਪਲ ਸੁਰਜੀਤ ਸਿੰਘ, ਡਾ. ਇੰਦਰਜੀਤ ਸਿੰਘ ਵਾਸੂ, ਡਾ.ਬਲਬੀਰ ਕੌਰ, ਡਾ. ਸ਼ਮਸ਼ੇਰ ਸਿੰਘ, ਡਾ. ਗੁਰਨਾਮ ਕੌਰ, ਸ੍ਰ.ਮੇਵਾ ਸਿੰਘ ਸਿੱਧੂ ਜਿਹੇ ਪ੍ਰਬੁਧ ਵਿਦਵਾਨਾਂ ਦੇ ਖੋਜ-ਪੱਤਰ ਹਨ। ਇਸਦੇ ਅੰਤ ਵਿਚ ਰਵਿੰਦਰ ਕੌਰ ਵੱਲੋਂ ਗੁਰੂ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਅਰਦਾਸ ਨਾਲ ਸੰਬੰਧਿਤ ਤੁਕਾਂ ਦਾ ਵੇਰਵਾ ਵੀ ਦਿੱਤਾ ਗਿਆ ਹੈ। ਜਿੰਨ੍ਹਾਂ ਵਿਦਵਾਨਾਂ ਦੀਆਂ ਅਰਦਾਸ ਵਿਸ਼ੇ ਉਪਰ ਰਚਨਾਵਾਂ ਸਾਡੇ ਸਨਮੁੱਖ ਹੁੰਦੀਆਂ ਹਨ ਉਹ ਇਸ ਵਿਸ਼ੇਸ਼ ਅੰਕ ਤੋਂ

ਬਾਅਦ ਹੀ ਆਉਂਦੀਆਂ ਹਨ ਜਿਸਤੋਂ ਸਿੱਧ ਹੁੰਦਾ ਹੈ ਕਿ ਇਸ ਵਿਸ਼ੇਸ਼ ਅੰਕ ਨੇ ਅਰਦਾਸ ਵਿਸ਼ੇ ਪ੍ਰਤੀ ਖੋਜ ਕਰਨ ਲਈ ਵਿਦਵਾਨਾਂ ਨੂੰ ਪ੍ਰੇਰਿਤ ਕੀਤਾ। ਕਿਉਂਕਿ ਇਸ ਤੋਂ ਪਹਿਲਾਂ ਜੋ ਰਚਨਾਵਾਂ 'ਅਰਦਾਸ' ਵਿਸ਼ੇ ਉਪਰ ਮਿਲਦੀਆਂ ਹਨ ਉਹ ਪ੍ਰਚਾਰਕ ਪੱਧਰ ਦੀਆਂ ਸਨ, ਜਿੰਨ੍ਹਾਂ ਨੂੰ ਅਕਾਦਮਿਕ ਖੇਤਰ ਵਿਚ ਰੱਖਿਆ ਨਹੀਂ ਸੀ ਜਾ ਸਕਦਾ। ਸੋ ਇਹ ਵਿਸ਼ੇਸ਼ ਅੰਕ ਇਸ ਵਿਸ਼ੇ ਦਾ ਮੀਲ ਪੱਥਰ ਸਾਬਿਤ ਹੋਇਆ।

3. ***ਅਰਦਾਸ : ਪ੍ਰੰਪਰਾ ਤੇ ਇਤਿਹਾਸ* :** ਇਸ ਲੜੀ ਵਿਚ ਇਕ ਹੋਰ ਪੁਸਤਕ ਇਸ ਵਿਸ਼ੇ ਨਾਲ ਸੰਬੰਧਿਤ ਹੈ ਜੋ ਕਿ ਪ੍ਰੋਫੈਸਰ ਜੋਗਿੰਦਰ ਸਿੰਘ ਦੁਆਰਾ ਰਚਿਤ ਹੈ, ਜਿਸਦੇ ਪ੍ਰਕਾਸ਼ਕ ਸੁੰਦਰ ਸਰੂਪ ਪ੍ਰਕਾਸ਼ਨ, ਨਵੀਂ ਦਿੱਲੀ ਤੋਂ ਹਨ ਅਤੇ ਇਸਦੇ ਛਪਣ ਦਾ ਮਹੀਨਾ ਅਤੇ ਸੰਨ ਸਤੰਬਰ 1988 ਹੈ। ਇਹ ਰਚਨਾ ਮੁਖ ਰੂਪ ਵਿੱਚ ਸਿੱਖ ਅਰਦਾਸ ਦੇ ਵੱਖ-ਵੱਖ ਪਹਿਲੂਆਂ ਦੀ ਸਮਾਜਿਕ-ਇਤਿਹਾਸਿਕ ਪਰਿਪੇਖ ਵਿਚ ਵਿਆਖਿਆ ਕਰਦੀ ਹੈ। ਜਿਥੇ ਸਿੱਖ ਅਰਦਾਸ ਵਿੱਚ ਆਏ ਵੱਖ-ਵੱਖ ਸਿਧਾਤਾਂ ਨੂੰ ਉਜਾਗਰ ਕਰਦੀ ਹੈ ਉਥੇ ਨਾਲ ਹੀ ਅਰਦਾਸ ਦੇ ਸੰਕਲਪ, ਸਰੂਪ, ਸਿੱਖ ਧਰਮ ਦੇ ਉਦਭਵ, ਵਿਕਾਸ ਦੇ ਨਾਲ-ਨਾਲ ਇਸਦੇ ਉਦੇਸ਼ਾਂ ਨੂੰ ਵੀ ਉਭਾਰਦੀ ਹੈ। 216 ਪੰਨਿਆਂ ਦੀ ਇਸ ਪੁਸਤਕ ਵਿੱਚ ਪ੍ਰੋਫੈਸਰ ਜੋਗਿੰਦਰ ਸਿੰਘ ਨੇ ਅਰਦਾਸ ਵਿਚ ਸ਼ਾਮਿਲ ਸਿੱਖਾਂ ਦੇ ਗੌਰਵਮਈ ਵਿਰਸੇ ਨੂੰ ਬੜੇ ਹੀ ਸ਼ਾਹਾਨਾ ਢੰਗ ਨਾਲ ਪੇਸ਼ ਕੀਤਾ ਹੈ। ਇਸ ਰਚਨਾ ਦੇ ਪ੍ਰਕਾਸ਼ਨਾਂ ਦੇ ਸੰਨ ਤੋਂ ਸਹਿਜੇ ਹੀ ਅੰਦਾਜ਼ਾ ਹੁੰਦਾ ਹੈ ਕਿ ਇਸ ਵਿਸ਼ੇ ਉਪਰ ਪੂਰੀ ਦੀ ਪੂਰੀ ਇਹ ਤੀਜੀ ਰਚਨਾ ਸਾਡੇ ਨਜ਼ਰੀਂ ਪਈ ਹੈ ਜੋ ਕਿ ਇਸ ਵਿਸ਼ੇ ਉਪਰ ਮੁੱਢਲਾ ਤੇ ਮਹੱਤਵਪੂਰਨ ਕਾਰਜ ਹੈ। ਇਸ ਰਚਨਾ ਦੇ ਰਾਹੀਂ ਸਿੱਖ ਅਰਦਾਸ ਦੇ ਕਈ ਅਹਿਮ ਪਹਿਲੂ ਉਜਾਗਰ ਹੋਏ।

4. ***ਅਰਦਾਸ; ਦਰਸ਼ਨ, ਰੂਪ, ਅਭਿਆਸ* :** ਹਥਲੇ ਖੋਜ-ਕਾਰਜ ਨਾਲ ਸੰਬੰਧਿਤ ਇਕ ਹੋਰ ਮਹੱਤਵਪੂਰਨ ਪੁਸਤਕ ਡਾ.ਜਸਵੰਤ ਸਿੰਘ ਨੇਕੀ ਦੀ ਹੈ। ਜਿਹੜੀ ਕਿ ਪਹਿਲੀ ਵਾਰ ਜੁਲਾਈ 1989 ਵਿਚ ਅਤੇ ਸੱਤਵੀ ਵਾਰ ਸਤੰਬਰ 2004 ਵਿਚ ਸਿੰਘ ਬ੍ਰਦਰਜ਼ ਅੰਮ੍ਰਿਤਸਰ ਵਾਲੇ ਛਾਪ ਚੁੱਕੇ ਹਨ। ਇਸ ਰਚਨਾ ਵਿਚ ਡਾ. ਜਸਵੰਤ ਸਿੰਘ ਨੇਕੀ ਜੀ ਨੇ ਸਿੱਖ ਧਰਮ ਦੇ ਨਿੱਤ ਦੀ ਅਰਦਾਸ ਨਾਲ ਜੁੜੇ ਦਾਰਸ਼ਨਿਕ ਅਤੇ ਇਤਿਹਾਸਿਕ ਪਹਿਲੂਆਂ ਨੂੰ ਬਾਖੂਬੀ ਉਘਾੜਿਆ ਹੈ। ਇਸ ਰਚਨਾ ਵਿਚ ਡਾ. ਨੇਕੀ ਨੇ ਅਰਦਾਸ ਨੂੰ ਸਮਝਣ ਦੇ ਤਿੰਨ ਪੜਾਅ ਬਣਾਏ ਹਨ। ਪਹਿਲਾ ਦਰਸ਼ਨ ਜਿਸ ਵਿੱਚ ਅਰਦਾਸ ਹੁੰਦੀ ਕੀ ਹੈ, ਵੱਖ-ਵੱਖ ਵਿਦਵਾਨਾਂ ਦੀ ਇਸ ਸ਼ਬਦ ਪ੍ਰਤੀ ਵਿਉਂਤਪਤੀ ਨੂੰ ਉਭਾਰਿਆ ਹੈ। ਇਸੇ ਤਰ੍ਹਾਂ ਅੱਗੇ ਜਾ ਕੇ ਅਰਦਾਸ ਪਿੱਛੇ ਲੁਕੀ ਭਾਵਨਾ ਨੂੰ ਬਿਆਨਦੇ ਹਨ ਅਤੇ ਨਾਲ ਹੀ ਇਹ ਵੀ ਦੱਸਦੇ ਹਨ ਕਿ ਅਰਦਾਸ ਕਰਨ ਵੇਲੇ ਤੁਹਾਡੇ ਕੋਲ ਨਿਮ੍ਰਤਾ, ਸਿਦਕ, ਆਤਮ ਸਮਰਪਨ ਜਿਹੇ ਗੁਣ ਹੋਣੇ ਜ਼ਰੂਰੀ ਹਨ ਤਾਂ ਹੀ ਅਰਦਾਸ ਕਬੂਲ ਹੁੰਦੀ ਹੈ। ਇਸੇ ਪ੍ਰਕਾਰ ਅਰਦਾਸ ਨਾਲ ਪੈਦਾ ਹੋਣ ਵਾਲੀ ਸਾਂਝੀਵਾਲਤਾ ਦਾ ਜ਼ਿਕਰ ਕਰਦੇ ਹਨ ਕਿ ਕਿਸ ਤਰ੍ਹਾਂ ਅਰਦਾਸ ਹਰ ਇਕ ਧਰਮ ਦਾ ਜ਼ਰੂਰੀ ਅੰਗ ਹੈ। ਉਸ ਤੋਂ ਬਾਅਦ ਅਰਦਾਸ ਕਿਸ ਅੱਗੇ ਕਰਨੀ ਚਾਹੀਦੀ ਹੈ ਇਸ ਗੱਲ ਨੂੰ ਵੀ ਧਿਆਨ ਵਿੱਚ ਰੱਖਿਆ ਹੈ। ਉਸ ਤੋਂ ਬਾਅਦ ਸਿੱਖ

ਧਰਮ ਵਿੱਚ ਅਰਦਾਸ ਦੇ ਮਹੱਤਵ ਪੂਰਨ ਵਿਸ਼ੇ ਉਪਰ ਵਿਚਾਰ ਸਾਂਝੇ ਕੀਤੇ ਹਨ। ਸਿੱਖ ਧਰਮ ਵਿੱਚ ਦੋ ਵੇਲੇ ਅਰਦਾਸ ਕਰਨ ਦੀ ਮਰਯਾਦਾ ਹੈ ਅਤੇ ਅਰਦਾਸ ਦੇ ਅੰਤ ਵਿੱਚ ਸਰਬੱਤ ਦਾ ਭਲਾ ਮੰਗਣਾ ਵੀ ਅਰਦਾਸ ਦਾ ਅਤਿ ਜ਼ਰੂਰੀ ਹਿੱਸਾ ਪ੍ਰਵਾਨਿਆ ਗਿਆ ਹੈ। ਪੁਸਤਕ ਵਿੱਚ ਅਰਦਾਸ ਕਰਨ ਅਤੇ ਕਰਵਾਉਣ ਦੀ ਪਰੰਪਰਾ ਨੂੰ ਵੀ ਬਾਖੂਬੀ ਉਭਾਰਿਆ ਹੈ ਕਿ ਕਿਸ ਤਰ੍ਹਾਂ ਅਰਦਾਸ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਈ ਸੀ, ਸਿੱਖ ਅਰਦਾਸ ਦੀਆਂ ਵਿਸੇਸ਼ਤਾਵਾਂ ਨੂੰ ਵੀ ਬਿਆਨਿਆ ਗਿਆ ਹੈ। ਸਿੱਖ ਧਰਮ ਵਿੱਚ ਅਰਦਾਸ ਕਰਨ ਦੀ ਜੋ ਮਰਯਾਦਾ ਹੈ ਉਸਦਾ ਵੀ ਜ਼ਿਕਰ ਕੀਤਾ ਹੈ। ਉਸ ਅਰਦਾਸ ਦੇ ਇਕੱਲੇ ਇਕੱਲੇ ਪਹਿਲੂ ਦੀ ਵਿਆਖਿਆ ਕੀਤੀ ਗਈ ਹੈ ਜਿਸ ਨਾਲ ਅਰਦਾਸ ਵਿੱਚ ਆਏ ਹਰ ਇਕ ਬੰਦ ਦਾ ਸਿੱਖ ਇਤਿਹਾਸ ਅਨੁਸਾਰ ਮਹੱਤਵ ਉਜਾਗਰ ਹੁੰਦਾ ਹੈ। ਇਸ ਤੋਂ ਬਾਅਦ ਅਰਦਾਸ ਕਰਨ ਦੇ ਅਭਿਆਸ ਉਪਰ ਚਾਨਣਾ ਪਾਇਆ ਹੈ।ਇਹ ਵੀ ਦੱਸਿਆ ਗਿਆ ਹੈ ਕਿ ਅਰਦਾਸ ਦੋ ਤਰ੍ਹਾਂ ਦੀ ਹੈ ਨਿੱਜੀ ਅਤੇ ਸਾਂਝੀ, ਸਾਂਝੀ ਅਰਦਾਸ ਉਹ ਜੋ ਸੰਗਤੀ ਰੂਪ ਵਿਚ ਕਿਸੇ ਇੱਕਠ ਵਿੱਚ ਕੀਤੀ ਜਾਵੇ ਅਤੇ ਨਿੱਜੀ ਉਹ ਹੈ ਜੋ ਆਪਣੇ ਲਈ ਕੀਤੀ ਜਾਵੇ।

ਅਰਦਾਸ ਕਰਨ ਵੇਲੇ ਪੇਸ਼ ਹੁੰਦੀਆਂ ਕਠਿਨਾਈਆ ਨੂੰ ਵੀ ਬਿਆਨਿਆ ਹੈ ਜਿਵੇਂ ਅਸ਼ਰਧਾ, ਸ਼ੰਕਾ, ਨਿਰਾਸ਼ਤਾ ਆਦਿ। ਇਸ ਵਿਚ ਮਾਨਸਿਕ ਦੇ ਨਾਲ-ਨਾਲ ਦਾਰਸ਼ਨਿਕ ਸਮੱਸਿਆਵਾਂ ਨੂੰ ਵੀ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਅਮਲੀ ਊਣਤਾਈਆਂ ਦਾ ਵੀ ਜ਼ਿਕਰ ਕੀਤਾ ਗਿਆ ਹੈ। ਅਰਦਾਸ ਦੀਆਂ ਪੰਜ ਮੰਜ਼ਿਲਾ ਨੂੰ ਵੀ ਉਭਾਰਿਆ ਹੈ ਪਹਿਲੀ ਅੰਤਿਕਾ ਵਿਚ ਸਿੱਖ ਧਰਮ ਦੀ ਅਰਦਾਸ ਦੇ ਰੂਪ ਨੂੰ ਹੂ-ਬ-ਹੂ ਦਰਜ ਕੀਤਾ ਹੈ। ਦੂਜੀ ਅੰਤਿਕਾ ਵਿੱਚ ਫਤਹਿ, ਜੈਕਾਰਾ ਤੇ ਦੋਹਿਰੇ ਦੀ ਵਿਆਖਿਆ ਕੀਤੀ ਗਈ ਹੈ ਅਤੇ ਇਸ ਰਚਨਾ ਦੇ ਅੰਤ ਵਿੱਚ ਵਿਸ਼ੇ ਸੂਚੀ ਤੇ ਨਾਮ ਸੂਚੀ ਅੰਕਿਤ ਕੀਤੀ ਗਈ ਹੈ। ਸੋ ਜਸਵੰਤ ਸਿੰਘ ਨੇਕੀ ਜੀ ਦਾ ਅਰਦਾਸ ਵਿਸ਼ੇ ਉਪਰ ਕੀਤਾ ਇਹ ਮੁੱਢਲਾ ਕਾਰਜ ਕਿਹਾ ਜਾ ਸਕਦਾ ਹੈ ਜੋ ਇਸ ਵਿਸ਼ੇ ਉਪਰ ਕੰਮ ਕਰਨ ਵਾਲੇ ਖੋਜਾਰਥੀਆਂ ਲਈ ਮੀਲ ਪੱਥਰ ਸਾਬਿਤ ਹੋ ਰਿਹਾ ਹੈ।

5. ***ਵਿਸ਼ਵ ਅਰਦਾਸ* :** ਡਾ. ਜਸਵੰਤ ਸਿੰਘ ਨੇਕੀ ਜੀ ਦੀ ਇਹ ਇਕ ਹੋਰ ਰਚਨਾ ਹੈ ਜੋ ਅਰਦਾਸ ਵਿਸ਼ੇ ਨਾਲ ਸੰਬੰਧਿਤ ਹੈ ਜਿਹੜੀ ਕਿ ਸਿੰਘ ਬ੍ਰਦਰਜ਼ ਅੰਮ੍ਰਿਤਸਰ ਵੱਲੋਂ ਪਹਿਲੀ ਵਾਰ 1997 ਅਤੇ ਦੂਜੀ ਵਾਰ 2010 ਵਿੱਚ ਛਾਪੀ ਗਈ ਹੈ। ਜਿਸ ਵਿੱਚ ਸੰਸਾਰ ਭਰ ਦੀਆਂ 400 ਨਿੱਕੀਆਂ ਵੱਡੀਆਂ ਅਰਦਾਸਾਂ ਸ਼ਾਮਿਲ ਹਨ। ਇਹ ਦੋਵੇਂ ਰਚਨਾਵਾਂ ਹੀ ਪਾਠਕਾਂ ਅਤੇ ਖੋਜਾਰਥੀਆਂ ਨੂੰ ਇਸ ਵਿਸ਼ੇ ਦੇ ਅਗਲੇਰੇ ਸਫਰ ਵੱਲ ਤੋਰਦੀਆਂ ਹਨ। ਡਾ.ਜਸਵੰਤ ਸਿੰਘ ਨੇਕੀ ਜੀ ਦਾ ਇਸ ਵਿਸ਼ੇ ਉਪਰ ਇਹ ਠੋਸ ਅਤੇ ਪ੍ਰਮੁੱਖ ਖੋਜ ਕਾਰਜ ਸਾਡੇ ਸਾਹਮਣੇ ਆਇਆ ਹੈ। ਬੇਸ਼ੱਕ ਨੇਕੀ ਸਾਹਿਬ ਵਰਗੇ ਵਿਦਵਾਨ ਤੋਂ ਬਾਅਦ ਇਸ ਵਿਸ਼ੇ ਉਪਰ ਕੰਮ ਕਰਨਾ ਆਸਾਨ ਨਹੀਂ ਹੈ ਪਰ ਹਰ ਇਕ ਵਿਸ਼ੇ ਉਪਰ ਕੰਮ ਕਰਨ ਦੀਆਂ ਕਈ ਦਿਸ਼ਾਵਾਂ ਬਣਦੀਆਂ ਹਨ। ਸੋ ਅਸੀਂ ਇਸ ਕਾਰਜ

ਨੂੰ ਆਪਣਾ ਆਧਾਰ ਸ੍ਰੋਤ ਬਣਾ ਕੇ ਇਸ ਤੋਂ ਅਲੱਗ ਅਤੇ ਅਗਲੇਰਾ ਕਾਰਜ ਕਰਨ ਦੀ ਕੋਸ਼ਿਸ਼ ਕੀਤੀ ਹੈ।

6. ***'ਪ੍ਰਾਰਥਨਾ' ਇਕ ਅਦਭੁਤ ਸ਼ਕਤੀ :*** ਇਸੇ ਲੜੀ ਤਹਿਤ ਪੰਜਾਬੀ ਭਾਸ਼ਾ ਵਿਚ ਇਹ ਪੁਸਤਕ ਸਾਡੇ ਸਾਹਮਣੇ ਆਈ ਹੈ ਜਿਹੜੀ ਕਿ ਤੇਜਗੁਰੂ ਸਰਸ਼੍ਰੀ ਤੇਜਪਾਰਖੀ ਦੁਆਰਾ ਲਿਖਤ ਆਰਸੀ ਪਬਲਿਸਰਜ ਦਿੱਲੀ ਤੋਂ 2009 ਵਿੱਚ ਛਪੀ ਸੀ। 113 ਪੰਨਿਆਂ ਦੀ ਇਹ ਪੁਸਤਕ ਕਿਸੇ ਆਸ਼ਰਮ ਦੇ ਮੁਖੀ ਦੁਆਰਾ ਰਚਿਤ ਜਾਪਦੀ ਹੈ। ਜਿਸ ਦੇ ਸ਼ੁਰੂ ਵਿੱਚ ਜਗਿਆਸੂਆਂ ਵੱਲੋਂ ਸਰਸ਼੍ਰੀ ਤੋਂ ਪ੍ਰਾਰਥਨਾ ਨਾਲ ਸੰਬੰਧਿਤ ਸੁਆਲ ਪੁੱਛੇ ਹਨ ਅਤੇ ਉਹ ਜੁਆਬ ਦਿੰਦੇ ਹਨ। ਇਸ ਪੁਸਤਕ ਵਿੱਚ ਪ੍ਰਾਰਥਨਾ ਦੇ ਅਹਿਮ ਨੁਕਤਿਆਂ ਨੂੰ ਉਭਾਰਿਆ ਗਿਆ ਹੈ। ਜਿਵੇਂ ਪ੍ਰਾਰਥਨਾ ਦਾ ਉਦੇਸ਼ ਪ੍ਰਾਰਥਨਾ ਦੀਆਂ (ਸੱਤ) ਅਵਸ਼ਕਤਾਵਾਂ, ਪ੍ਰਾਰਥਨਾ ਅਸਰਦਾਰ ਕਿਸ ਤਰ੍ਹਾਂ ਬਣੇ? ਈਸ਼ਵਰ, ਗੁਰੂ ਕ੍ਰਿਪਾ ਵਾਸਤੇ ਪ੍ਰਾਰਥਨਾ, ਸਾਰਿਆਂ ਧਰਮਾਂ ਅਤੇ ਸੰਤਾਂ ਦੀਆਂ ਪ੍ਰਾਰਥਨਾਵਾ ਆਦਿ ਵਿਸ਼ਿਆਂ ਨੂੰ ਛੂੰਹਦੀ ਇਹ ਪੁਸਤਕ ਸਾਡੇ ਖੋਜ ਕਾਰਜ ਵਿੱਚ ਸਹਾਇਕ ਸਿੱਧ ਹੋਈ ਹੈ। ਭਾਵੇਂ ਕਿ ਇਸ ਪੁਸਤਕ ਵਿਚ ਕਿਸੇ ਵੀ ਤਰ੍ਹਾਂ ਦੇ ਦਾਰਸ਼ਨਿਕ ਪਹਿਲੂ ਦੀ ਝਲਕ ਉਸ ਤਰ੍ਹਾਂ ਨਹੀਂ ਮਿਲਦੀ ਪਰ ਫਿਰ ਵੀ ਇਹ ਪੁਸਤਕ ਪ੍ਰਾਰਥਨਾ ਕਰਨ ਵੱਲ ਮਨੁੱਖੀ ਮਨ ਨੂੰ ਜ਼ਰੂਰ ਪ੍ਰੇਰਦੀ ਹੈ।

7. ***Prayers of All Relgions of the World*** **:** ਇਹ ਪੁਸਤਕ ਸ਼ੰਕਰ ਪ੍ਰਸ਼ਾਦ ਐਸ.ਭੱਟ ਦੀ ਰਚਨਾ ਹੈ ਅਤੇ ਇਸ ਨੂੰ ਪ੍ਰਦੀਪ ਐਸ ਭੱਟ ਨੇ ਸੰਪਾਦਿਤ ਕੀਤਾ ਹੈ। ਇਹ ਪੁਸਤਕ ਓਰਿਜਨਲ ਪ੍ਰਕਾਸ਼ਨ ਦਿੱਲੀ ਤੋਂ 2006 ਵਿਚ 3 Vol. ਵਿਚ ਛਪੀ ਹੈ। ਇਸ ਪੁਸਤਕ ਵਿਚ ਸੰਸਾਰ ਦੇ ਸਮੁੱਚੇ ਧਰਮਾਂ ਵਿਚ ਦਰਜ ਅਰਦਾਸ ਨੂੰ ਬੜੇ ਹੀ ਵਿਸਥਾਰ ਨਾਲ ਬਿਆਨਿਆ ਗਿਆ ਹੈ। ਸੰਸਾਰ ਦੇ ਹਰ ਇਕ ਧਰਮ ਦੀ ਸਮੁੱਚੀ ਜਾਣ-ਪਛਾਣ ਕਰਵਾਉਣ ਤੋਂ ਬਾਅਦ ਲੇਖਕ ਨੇ ਅਰਦਾਸ ਦੇ ਵਿਸ਼ੇ ਨੂੰ ਉਭਾਰਿਆ ਹੈ ਅਤੇ ਉਹਨਾਂ ਧਰਮਾਂ ਵਿਚਲੀਆਂ ਅਰਦਾਸਾਂ ਦੇ ਸੰਕਲਪ ਨੂੰ ਵਿਦਵਤਾ ਭਰਪੂਰ ਢੰਗ ਨਾਲ ਪੇਸ਼ ਕੀਤਾ ਹੈ।

8. ***ਮੈ ਤੁਧੁ ਆਗੈ ਅਰਦਾਸਿ***: ਗਿਆਨੀ ਜਸਵੰਤ ਸਿੰਘ ਪਰਵਾਨਾ ਦੁਆਰਾ ਰਚਿਤ ਇਹ ਪੁਸਤਕ ਨਿਊ ਬੁੱਕ ਕੰਪਨੀ, ਜਲੰਧਰ ਵਲੋਂ 1997 ਵਿਚ ਛਪੀ ਹੈ। ਇਸ ਪੁਸਤਕ ਵਿਚ ਰਚਨਾਕਾਰ ਗੁਰੂ ਸਾਹਿਬਨ ਦੇ ਜੀਵਨ ਨਾਲ ਸੰਬੰਧਤ ਕਰਕੇ ਅਰਦਾਸ ਵਿਸ਼ੇ ਨੂੰ ਉਭਾਰਿਆ ਹੈ।

9. ***ਅਰਦਾਸ*** **:** ਭਾਈ ਪਿੰਦਰਪਾਲ ਸਿੰਘ ਦੁਆਰਾ ਅਰਦਾਸ ਵਿਸ਼ੇ ਉਪਰ ਕੀਤੀ ਹੋਈ ਕਥਾ ਨੂੰ ਭਾਈ ਪਰਮਜੀਤ ਸਿੰਘ ਖਾਲਸਾ ਨੇ ਸੰਪਾਦਿਤ ਕੀਤਾ ਹੈ। ਜਿਸ ਨੂੰ ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਨੇ 2012 ਵਿਚ ਛਾਪਿਆ ਹੈ। ਇਸ ਪੁਸਤਕ ਵਿਚ ਅਰਦਾਸ ਵਿਸ਼ੇ ਦੇ ਇਕਲੇ-ਇਕਲੇ ਬੰਦ ਦੀ ਵਿਆਖਿਆ ਕੀਤੀ ਗਈ ਹੈ। ਇਹ ਪੁਸਤਕ ਦੋ ਭਾਗਾਂ ਵਿਚ ਹੈ। ਪਹਿਲੇ ਭਾਗ ਵਿਚ ਸਿੱਖ ਅਰਦਾਸ ਨੂੰ ਸ਼ੁਰੂ ਤੋਂ ਲੈ ਕਿ ਪੰਜ ਤਖਤਾਂ ਤੱਕ ਦੇ ਵਿਸ਼ੇ ਦੀ ਵਿਆਖਿਆ ਇਤਹਾਸਿਕ ਤੌਰ ਤੇ ਕੀਤੀ ਗਈ ਹੈ ਅਤੇ ਦੂਜੇ ਭਾਗ ਵਿਚ ਅਰਦਾਸ ਦੇ ਦੂਜੇ ਹਿੱਸੇ ਨੂੰ ਵਿਸ਼ਾ ਬਣਾਇਆ ਗਿਆ ਹੈ।

10. ***ਅਰਦਾਸ ਸ਼ਕਤੀ*** **:** ਰਘਬੀਰ ਸਿੰਘ ਬੀਰ ਦੁਆਰਾ ਰਚਿਤ ਇਹ ਪੁਸਤਕ ਆਤਮ ਸਾਇੰਸ ਟ੍ਰਸਟ, ਨਵੀਂ ਦਿੱਲੀ ਵਲੋਂ 1989 ਵਿਚ ਛਪੀ ਹੈ। ਇਸ ਪੁਸਤਕ ਵਿਚ ਸਿੱਖ ਧਰਮ ਦੇ ਸ਼ਰਧਾ ਦੇ ਪੱਖ ਨੂੰ ਅਰਦਾਸ ਵਿਸ਼ੇ ਰਾਹੀਂ ਉਭਾਰਿਆ ਗਿਆ ਹੈ।

## ਉਹ ਪੁਸਤਕਾਂ ਜਿੰਨ੍ਹਾਂ ਵਿੱਚ ਅਰਦਾਸ ਵਿਸ਼ੇ ਨਾਲ ਸੰਬੰਧਿਤ ਲੇਖ ਹਨ:

1. ***ਸਿੱਖ ਸੰਸਕਾਰ ਅਤੇ ਮਰਯਾਦਾ*** **:** ਪ੍ਰੋ. ਮਹਿੰਦਰ ਸਿੰਘ ਰਚਿਤ 'ਸਿੱਖ ਸੰਸਕਾਰ ਅਤੇ ਮਰਿਯਾਦਾ' ਧਰਮ ਪ੍ਰਚਾਰ ਕਮੇਟੀ ਸੈਂਟਰਲ ਖਾਲਸਾ ਯਤੀਮਖਾਨਾ, ਖਾਲਸਾ ਦੀਵਾਨ ਅੰਮ੍ਰਿਤਸਰ ਵੱਲੋਂ 2008 ਵਿਚ ਤੀਜੀ ਵਾਰ ਪ੍ਰਕਾਸ਼ਿਤ ਕੀਤੀ ਹੈ। ਇਸ ਪੁਸਤਕ ਵਿਚ ਅਰਦਾਸ ਦਾ ਵੀ ਲਗਭਗ ਪੰਜ ਪੰਨਿਆਂ ਉਪਰ ਦਾ ਜ਼ਿਕਰ ਕੀਤਾ ਗਿਆ ਹੈ। ਅਰਦਾਸ ਦੇ ਵੱਖ-ਵੱਖ ਧਰਮਾਂ ਵਿੱਚ ਪਏ ਪਸਾਰਾਂ ਦਾ ਜ਼ਿਕਰ ਕਰਦਿਆ ਸਿੱਖ ਅਰਦਾਸ ਦੀ ਮਰਿਯਾਦਾ ਉਪਰ ਚਾਨਣਾ ਪਾਇਆ ਹੈ।
2. ***ਗੁਰਮਤਿ ਸਿਧਾਂਤ (ਭਾਗ ਦੂਜਾ)*** **:** ਇਸ ਪੁਸਤਕ ਦੇ ਸੰਗ੍ਰਹਿ ਕਰਤਾ ਮਹਾਰਾਜ ਸਾਵਣ ਸਿੰਘ ਜੀ ਜੋ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਮੁੱਖੀ ਰਹੇ ਹਨ। ਇਹ ਪੁਸਤਕ ਰਾਧਾ ਸੁਆਮੀ ਸਤਿਸੰਗ ਬਿਆਸ ਵੱਲੋਂ 1970 ਈ. ਵਿੱਚ ਤੀਜੀ ਵਾਰ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਪੁਸਤਕ ਦੇ ਲਗਭਗ 150 ਪੰਨਿਆਂ ਵਿਚ ਵੱਖ-ਵੱਖ ਸੰਤਾਂ ਮਹਾਂਪੁਰਖਾਂ ਦੀਆਂ ਅਰਦਾਸਾਂ, ਅਰਦਾਸ ਦੀਆਂ ਅਵਸਥਾਵਾਂ ਅਤੇ ਕਿਸਮਾਂ ਆਦਿ ਦਾ ਵਰਣਨ ਬੜੇ ਹੀ ਵਿਸਥਾਰਪੂਰਵਕ ਢੰਗ ਨਾਲ ਕੀਤਾ ਗਿਆ ਹੈ।
3. ***ਪ੍ਰਮੁੱਖ ਸਿੱਖ ਸੰਸਥਾਵਾਂ*:** ਡਾ. ਨਰਿੰਦਰ ਕੌਰ ਭਾਟੀਆ ਅਤੇ ਜਸਵਿੰਦਰ ਕੌਰ ਢਿੱਲੋਂ ਦੁਆਰਾ ਸੰਪਾਦਿਤ ਪੁਸਤਕ ਜਿਹੜੀ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ 2005 ਵਿਚ ਛਪੀ ਹੈ ਅਤੇ ਜਿਸ ਵਿੱਚ 23 ਵਿਦਵਾਨਾਂ ਦੇ ਖੋਜ ਪੱਤਰ ਵੱਖ-ਵੱਖ ਵਿਸ਼ਿਆਂ ਉਪਰ ਸ਼ਾਮਿਲ ਹਨ। ਇਸ ਪਸੁਤਕ ਵਿਚ 'ਅਰਦਾਸ' ਵਿਸ਼ੇ ਉਪਰ ਅਰੀਦਮਨ ਸਿੰਘ ਝਬਾਲ ਜੀ ਦਾ ਪਰਚਾ ਵੀ ਸ਼ਾਮਿਲ ਹੈ। 14 ਪੰਨਿਆਂ ਦੇ ਇਸ ਖੋਜ ਪੱਤਰ ਵਿੱਚ ਉਹਨਾਂ ਨੇ ਸਿੱਖ ਅਰਦਾਸ ਦੇ ਇਤਿਹਾਸਕ ਪਹਿਲੂਆਂ ਨੂੰ ਬਾਖੂਬੀ ਉਭਾਰਿਆ ਹੈ।
4. ***ਮੇਰੇ ਲੈਕਚਰ*:** ਪ੍ਰਿੰ. ਸਤਿਬੀਰ ਸਿੰਘ ਰਚਿਤ ਜਿਸਦੀ ਸੰਪਾਦਕ ਸਿਮਰਨ ਕੌਰ ਹੈ ਅਤੇ ਜੋ ਨਿਊ ਬੁਕ ਕੰਪਨੀ, ਜਲੰਧਰ ਵਾਲਿਆਂ ਨੇ 2002 ਵਿੱਚ ਪ੍ਰਕਾਸ਼ਿਤ ਕੀਤੀ ਸੀ। ਇਸ ਪੁਸਤਕ ਵਿੱਚ **'ਸਾਡੀ ਅਰਦਾਸ'** ਨਾਂ ਦਾ ਲੇਖ ਪੰਨਾ 159 ਤੋਂ 171 ਤੱਕ ਦਰਜ ਹੈ ਜਿਸ ਵਿੱਚ ਅਰਦਾਸ ਦਾ ਸਿੱਖ ਇਤਿਹਾਸ ਵਿਚ ਜੋ ਪੱਖ ਉਭਰਦਾ ਹੈ ਉਸਨੂੰ ਇਤਿਹਾਸ ਦੀਆਂ ਘਟਨਾਵਾਂ ਸਹਿਤ ਬਿਆਨ ਕੀਤਾ ਹੈ। ਇਹ ਆਪਣੇ ਆਪ ਵਿਚ ਬੜਾ ਭਾਵਪੂਰਤ ਲੇਖ ਹੈ।
5. ***ਸਿੱਖ ਫਿਲਾਸਫੀ ਕੀ ਹੈ*** **:** ਡਾ. ਹਰਜਿੰਦਰ ਸਿੰਘ ਰਚਿਤ ਇਹ ਪੁਸਤਕ ਭਾਈ ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ ਤੋਂ 2001 ਵਿੱਚ ਪ੍ਰਕਾਸ਼ਿਤ ਹੋਈ ਹੈ। ਇਸ ਪੁਸਤਕ ਵਿਚ **'ਸਿੱਖਾਂ ਦੀ ਕੌਮੀ ਅਰਦਾਸਿ'** ਨਾ ਦਾ ਲੇਖ ਪੰਨਾ 91 ਤੋਂ 97 ਪੰਨੇ ਤੱਕ ਦਰਜ ਹੈ। ਜਿਸ ਵਿੱਚ

ਅਰਦਾਸ ਦਾ ਵੱਖ-ਵੱਖ ਧਰਮਾਂ ਵਿੱਚ ਬਣਦਾ ਸਥਾਨ ਦਰਸਾਇਆ ਗਿਆ ਹੈ ਅਤੇ ਮੁਖ ਤੌਰ ਤੇ ਸਿੱਖ ਅਰਦਾਸ ਦੇ ਪ੍ਰਮੁੱਖ ਪਹਿਲੂਆਂ ਉਪਰ ਵਿਚਾਰ ਪੇਸ਼ ਕੀਤੇ ਗਏ ਹਨ।

6. ***ਨੇਮ ਤੇ ਪ੍ਰੇਮ* :** ਡਾ. ਤਾਰਨ ਸਿੰਘ ਰਚਿਤ ਇਹ ਪੁਸਤਕ ਜਿਹੜੀ ਕਿ ਨਿਊ ਬੁਕ ਕੰਪਨੀ ਜਲੰਧਰ ਨੇ 1992 ਵਿੱਚ ਛਾਪੀ ਸੀ। ਇਸ ਪੁਸਤਕ ਦੇ 190 ਤੋਂ 196 ਪੰਨੇ ਤੱਕ **'ਅਰਦਾਸ'** ਨਾ ਦਾਂ ਲੇਖ ਸ਼ਾਮਿਲ ਹੈ। ਜਿਸ ਵਿਚ ਡਾ.ਤਾਰਨ ਸਿੰਘ ਜੀ ਨੇ ਅਰਦਾਸ ਦੇ ਅਹਿਮ ਨੁਕਤਿਆਂ ਨੂੰ ਸਾਂਝਾ ਕੀਤਾ ਹੈ।

7. ***ਸਿੱਖ ਰਹਿਤ ਤੇ ਸਿੱਖ ਆਚਰਣ* :** ਸੁਰਜੀਤ ਸਿੰਘ ਦੁਆਰਾ ਰਚਿਤ ਇਹ ਪੁਸਤਕ ਲਾਹੌਰ ਬੁਕ ਸ਼ਾਪ, ਲੁਧਿਆਣਾ ਤੋਂ 1999 ਵਿਚ ਛਪੀ ਸੀ। ਇਸ ਪੁਸਤਕ ਦੇ ਪੰਨਾ 55-56 ਉਪਰ **'ਅਰਦਾਸ'** ਵਿਸ਼ੇ ਉਪਰ ਵਿਚਾਰ ਪੇਸ਼ ਕੀਤੇ ਹਨ। ਇਸ ਲੇਖ ਵਿਚ ਸਿੱਖ ਪੰਥ ਵਿੱਚ ਅਰਦਾਸ ਦੇ ਭਾਵਪੂਰਤ ਅਰਥਾਂ ਨੂੰ ਖੋਲ੍ਹਿਆ ਗਿਆ ਹੈ।

8. ***ਗੁਰ ਮੂਰਤਿ ਗੁਰ ਸ਼ਬਦ ਹੈ* :** ਇਕਵਾਕ ਸਿੰਘ ਪੱਟੀ ਰਚਿਤ ਇਹ ਪੁਸਤਕ ਨਵੀਨ ਪ੍ਰਕਾਸ਼ਨ ਅੰਮ੍ਰਿਤਸਰ ਤੋਂ 2011 ਵਿੱਚ ਪ੍ਰਕਾਸ਼ਿਤ ਹੋਈ ਸੀ। ਇਸ ਪੁਸਤਕ ਦੇ ਪੰਨੇ 71 ਤੋ 74 ਤੇ **'ਸਾਡੀ ਅਰਦਾਸ ਸਾਡੀ ਸੋਚ'** ਨਾਂ ਦਾ ਲੇਖ ਸ਼ਾਮਿਲ ਹੈ ਜੋ ਕਿ ਪ੍ਰਚਾਰਕ ਤਰਜ਼ ਉਪਰ ਲਿਖਿਆ ਹੋਇਆ ਹੈ।

9. ***ਧਾਰਮਿਕ ਸੰਸਕਾਰਾਂ ਨਾਲ ਜੁੜੇ ਵਹਿਮ ਅਤੇ ਭਰਮ* :** ਇਹ ਪੁਸਤਕ ਡਾ.ਪੂਰਨ ਸਿੰਘ ਰਚਿਤ ਹੈ ਅਤੇ ਕੈਨੇਡੀਅਨ ਸਟੱਡੀ ਤੇ ਟੀਚਿੰਗ ਸੁਸਾਇਟੀ ਕੈਨੇਡਾ ਵੱਲੋਂ 2004 ਵਿੱਚ ਪ੍ਰਕਾਸ਼ਿਤ ਕੀਤੀ ਗਈ ਸੀ। ਇਸ ਪੁਸਤਕ ਵਿੱਚ ਅਰਦਾਸ ਨਾਲ ਸੰਬੰਧਿਤ ਪੰਜ ਛੋਟੇ-ਛੋਟੇ ਲੇਖ ਹਨ ਜੋ ਕਿ ਸੁਧਾਰਵਾਦੀ ਨੁਕਤਾ ਨਿਗਾਹ ਤੋਂ ਲਿਖੇ ਹੋਏ ਹਨ।

10. ***ਗੁਰਬਾਣੀ ਵਿਚਾਰਦਿਆਂ* :** ਮਿਹਰ ਸਿੰਘ ਸੰਧੂ ਰਚਿਤ ਇਸ ਪੁਸਤਕ ਨੂੰ ਕੁਨਾਲ ਪ੍ਰਕਾਸ਼ਨ ਜਲੰਧਰ ਨੇ 2004 ਵਿੱਚ ਛਾਪਿਆ ਸੀ। ਇਸ ਪੁਸਤਕ ਦੇ ਪੰਨਾ 126 ਤੋਂ 133 ਤੱਕ **'ਗੁਰਸਿੱਖੀ ਅਤੇ ਅਰਦਾਸ'** ਨਾਂ ਦਾ ਲੇਖ ਦਰਜ ਹੈ। ਜਿਸ ਵਿਚ ਲੇਖਕ ਨੇ ਗੁਰਬਾਣੀ ਦੇ ਹਵਾਲਿਆਂ ਨਾਲ ਅਰਦਾਸ ਦੀ ਮਹਾਨਤਾ ਨੂੰ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ।

11. ***ਗੁਰਮਤਿ ਮੰਥਨ* :** ਡਾ. ਇਕਬਾਲ ਸਿੰਘ ਰਚਿਤ ਇਹ ਪੁਸਤਕ ਨੈਸ਼ਨਲ ਬੁੱਕ ਸ਼ਾਪ, ਦਿੱਲੀ ਨੇ ਛਾਪੀ ਹੈ। ਇਹ ਪੁਸਤਕ ਦੇ ਪੰਨਾ 186 ਤੋਂ 197 ਤੱਕ **'ਜਨ ਕੀ ਅਰਦਾਸਿ'** ਨਾਂ ਦਾ ਲੇਖ ਹੈ।ਇਸ ਲੇਖ ਵਿੱਚ ਮਨੁੱਖੀ ਜ਼ਿੰਦਗੀ ਵਿਚ ਅਰਦਾਸ ਦੀ ਜ਼ਰੂਰਤ ਨੂੰ ਪੇਸ਼ ਕੀਤਾ ਗਿਆ ਹੈ।

12. **ਸਿੱਖੀ ਦੀ ਆਤਮਾ :** ਪ੍ਰੋ.ਪੂਰਨ ਸਿੰਘ ਰਚਿਤ ਇਸ ਪੁਸਤਕ ਦੇ ਅਨੁਵਾਦਕ ਕ੍ਰਿਪਾਲ ਸਿੰਘ ਕਸੇਲ ਹਨ ਅਤੇ ਇਹ ਪੁਸਤਕ ਲਾਹੌਰ ਬੁੱਕ ਸ਼ਾਪ ਲੁਧਿਆਣਾ ਤੋਂ 2007 ਵਿਚ ਛਪੀ ਸੀ ਇਸ ਪੁਸਤਕ ਵਿਚ **'ਆਤਮਾ ਦੀ ਅਦੁਤੀ ਪ੍ਰਾਰਥਨਾ (ਅਰਦਾਸ)** ਨਾਂ ਦਾ ਲੇਖ ਸ਼ਾਮਿਲ ਹੈ। ਜਿਸ ਵਿੱਚ ਪ੍ਰੋ.ਪੂਰਨ ਸਿੰਘ ਨੇ ਬੜੇ ਹੀ ਸੰਖੇਪ ਵਿਚ ਆਪਣੇ ਵਿਚਾਰ ਅਰਦਾਸ ਵਿਸ਼ੇ ਉਪਰ ਪੇਸ਼ ਕੀਤੇ ਹਨ।

13. ***ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ*** **:** ਡਾ. ਰੂਪ ਸਿੰਘ ਦੁਆਰਾ ਸੰਪਾਦਿਤ ਇਸ ਪੁਸਤਕ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ ਨੇ 2012 ਵਿੱਚ ਇਸਨੂੰ ਛਾਪਿਆ ਸੀ, ਇਸ ਵਿਚ **'ਅਰਦਾਸ'** ਤੇ **'ਸਿੱਖ ਅਰਦਾਸ'** ਨਾਂ ਦੇ ਦੋ ਲੇਖ ਸ਼ਾਮਿਲ ਹਨ।

14. ***ਸਿਮਰਨ ਵਿਧੀ*** **:** ਸੂਬੇਦਾਰ ਬਘੇਲ ਸਿੰਘ ਰਚਿਤ ਇਸ ਨੂੰ ਪੁਸਤਕ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਟਿਡ, ਲੁਧਿਆਣਾ ਨੇ 1992 ਵਿਚ ਇਸਨੂੰ ਛਾਪਿਆ ਸੀ। ਇਸ ਪੁਸਤਕ ਦੇ 171 ਤੋਂ 181 ਪੰਨੇ ਤਕ **'ਅਰਦਾਸ'** ਵਿਸ਼ੇ ਨੂੰ ਛੋਹਿਆ ਹੈ। 10 ਪੰਨਿਆਂ ਦੇ ਇਸ ਲੇਖ ਵਿਚ ਅਰਦਾਸ ਦੇ ਅਹਿਮ ਪਹਿਲੂਆਂ ਨੂੰ ਉਭਾਰਿਆ ਹੈ।

15. ***ਗੁਰਮਤਿ ਸੰਕਲਪ*** **:** ਗੁਰਨਾਮ ਕੌਰ ਬੇਦੀ ਦੁਆਰਾ ਰਚਿਤ ਇਹ ਪੁਸਤਕ ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ ਨੇ 1999 ਵਿਚ ਛਾਪੀ ਸੀ, ਇਸ ਪੁਸਤਕ ਦੇ ਪੰਨੇ 9 ਤੋਂ 15 ਤੱਕ **'ਅਰਦਾਸ ਸਿੱਖੀ ਜੀਵਨ ਜਾਂਚ'** ਨਾਂ ਦਾ ਲੇਖ ਦਰਜ ਹੈ। ਇਹ ਲੇਖ ਅਰਦਾਸ ਵਿਸ਼ੇ ਉਪਰ ਆਪਣੀ ਕਿਸਮ ਦੀਆਂ ਨਵੀਆਂ ਦਿਸ਼ਾਵਾਂ ਨੂੰ ਛੂੰਹਦਾ ਹੈ।

16. ***ਮਾਰਗਿ ਮੋਤੀ*** **:** ਸਰੂਪ ਸਿੰਘ ਅਲੱਗ ਇਸ ਪੁਸਤਕ ਦੇ ਲੇਖਕ ਅਤੇ ਪ੍ਰਕਾਸ਼ਕ ਖੁਦ ਹਨ ਅਤੇ ਇਸਦਾ ਅੰਮ੍ਰਿਤ ਪ੍ਰੀਤ ਕਮਿਯੂਨੀਕੇਸ਼ਨ, ਜਲੰਧਰ ਤੋਂ ਦੂਜਾ ਐਡੀਸ਼ਨ ਅਪ੍ਰੈਲ 1997 ਵਿਚ ਛਪਿਆ ਹੈ। ਇਸ ਪੁਸਤਕ ਦੇ ਪੰਨਾ 13 ਤੋਂ 19 ਤੱਕ **'ਗੁਰਸਿੱਖੀ ਵਿਚ ਅਰਦਾਸ ਦੀ ਮਹੱਤਤਾ'** ਵਿਸ਼ੇ ਉਪਰ ਬੜੇ ਸੁੰਦਰ ਵਿਚਾਰ ਪੇਸ਼ ਕੀਤੇ ਹੋਏ ਹਨ।

17. ***ਸਿੱਖ ਸਿਧਾਂਤ*** **:** ਇਕਬਾਲ ਸਿੰਘ (ਬਾਬਾ) ਦੁਆਰਾ ਰਚਿਤ ਇਹ ਪੁਸਤਕ ਕਲਗੀਧਰ ਟਰੱਸਟ ਗੁਰਦੁਆਰਾ ਬੜੂ ਸਾਹਿਬ ਹਿਮਾਚਲ ਪ੍ਰਦੇਸ਼ ਦੁਆਰਾ ਦੂਜੀ ਵਾਰ 2006 ਵਿਚ ਛਪੀ ਹੈ। ਜਿਸ ਵਿਚ ਸਿੱਖ ਨੁਕਤਾ ਨਿਗਾਹ ਤੋਂ **'ਅਰਦਾਸ'** ਵਿਸ਼ੇ ਉਪਰ ਪੰਨਾ 234 ਤੋਂ 236 ਤੱਕ ਵਿਚਾਰ ਪੇਸ਼ ਕੀਤੇ ਗਏ ਹਨ।

18. ***ਅਸਲ ਵਿੱਦਿਆ*** **:** ਡਾ. ਜਸਵੰਤ ਸਿੰਘ ਨੇਕੀ ਰਚਿਤ ਇਹ ਪੁਸਤਕ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਅੰਮ੍ਰਿਤਸਰ ਵੱਲੋਂ 2012 ਵਿਚ ਛਪੀ ਸੀ। ਇਸ ਵਿਚ ਜਸਵੰਤ ਸਿੰਘ ਨੇਕੀ ਨੇ ਅਧਿਆਤਮਿਕ ਪੁਰਖਾਂ ਦੀਆਂ ਯਾਦਾਂ ਨੂੰ ਕਲਮਬੱਧ ਕੀਤਾ ਹੈ ਅਤੇ ਜੀਵਨ ਦੀ ਕਿਸੇ ਘਟਨਾ ਰਾਹੀਂ ਪੰਨਾ 80 ਤੋਂ 82 ਤੱਕ **'ਅਰਦਾਸ ਦੀ ਸਮਝ'** ਲੇਖ ਰਾਹੀਂ ਅਰਦਾਸ ਦੀ ਬਰਕਤ ਦੀ ਮਹਾਨਤਾ ਦਰਸਾਈ ਹੈ।

19. ***ਪ੍ਰੇਮ ਸੁਮਾਰਗ*** **:** ਇਸ ਗ੍ਰੰਥ ਦੀ ਸੰਪਾਦਨਾ ਰਣਧੀਰ ਸਿੰਘ ਹਿਸਟਰੀ ਰੀਸਰਚ ਸਕਾਲਰ ਨੇ ਕੀਤੀ ਹੈ ਇਹ ਗ੍ਰੰਥ ਨਿਊ ਬੁਕ ਕੰਪਨੀ ਜਲੰਧਰ ਵੱਲੋਂ 1965 ਵਿਚ ਛਾਪਿਆ ਗਿਆ ਸੀ। ਇਸ ਗ੍ਰੰਥ ਵਿਚ **'ਖਾਲਸਾ ਜੀ ਦੀ ਅੱਰਦਾਸਿ'** ਵਿਸ਼ੇ ਉਪਰ ਜੋ ਵਿਚਾਰ ਮਿਲਦੇ ਹਨ ਉਸਤੋਂ ਇਹ ਅੰਦਾਜ਼ਾ ਹੁੰਦਾ ਹੈ ਕਿ ਆਧੁਨਿਕ ਪ੍ਰਚਲਿਤ ਸਿੱਖ ਅਰਦਾਸ ਪੁਰਾਤਨ ਅਰਦਾਸ ਨਾਲੋਂ ਅਲੱਗ ਹੈ।

20. ***ਗੁਰਮਤਿ ਫਿਲਾਸਫੀ ਸਿੱਖ ਸੰਸਕਾਰ, ਰਹਿਤ ਮਰਯਾਦਾ ਅਤੇ ਰਹਿਤਨਾਮੇ :*** ਗਿਆਨੀ ਪ੍ਰਤਾਪ ਸਿੰਘ ਦੁਆਰਾ ਰਚਿਤ ਇਹ ਪੁਸਤਕ ਖਾਲਸਾ ਬ੍ਰਦਰਜ਼ ਮਾਈ ਸੇਵਾ, ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਹੈ। ਇਸ ਪੁਸਤਕ ਦੇ 241 ਤੋਂ 259 ਪੰਨੇ ਤੱਕ **'ਅਰਦਾਸ'** ਵਿਸ਼ੇ ਉਪਰ ਬੜੇ ਹੀ ਭਾਵਪੂਰਤ ਵਿਚਾਰ ਪੇਸ਼ ਕੀਤੇ ਗਏ ਹਨ।

21. ***ਗੁਰਮਤਿ ਮਨੋਵਿਗਿਆਨ*** **:** ਜਸਵੰਤ ਸਿੰਘ ਨੇਕੀ ਦੁਆਰਾ ਰਚਿਤ ਪੁਸਤਕ ਸਿੰਘ ਬ੍ਰਦਰਜ਼, ਅੰਮਿਤਸਰ ਤੋਂ 2009 ਵਿਚ ਪਹਿਲੀ ਵਾਰ ਛਪੀ ਸੀ। ਇਸ ਵਿਚ ਨੇਕੀ ਜੀ ਦੇ ਪੰਨਾ 163-164 ਉਪਰ **'ਅਰਦਾਸ'** ਨਾ ਦੇ ਦੋ ਲੇਖ ਹਨ ਜੋ ਗੁਰਬਾਣੀ ਦੇ ਆਧਾਰ ਤੇ ਅਰਦਾਸ ਦੀ ਵਿਆਖਿਆ ਕਰਦੇ ਹਨ।

22. ***ਬਾਣੀਸਾਰ*** **:** ਡਾ. ਮਹਿੰਦਰ ਕੌਰ ਗਿੱਲ ਰਚਿਤ ਇਹ ਪੁਸਤਕ ਨਵਯੁਗ ਪਬਲਿਸ਼ਰਜ਼ ਦਿੱਲੀ ਤੋਂ 1989 ਵਿਚ ਛਪੀ ਸੀ। ਇਸਦੇ ਪੰਨਾ 213 ਤੋਂ 232 ਤੱਕ **'ਅਰਦਾਸ : ਵਸਤੂ ਵਿਵੇਚਨ'** ਨਾਂ ਦਾ ਲੇਖ ਬੜੇ ਹੀ ਵਿਦਵਤਾ ਭਰਪੂਰ ਢੰਗ ਨਾਲ ਲਿਖਿਆ ਹੈ ਜਿਸਤੋਂ ਸਿੱਖ ਅਰਦਾਸ ਦੇ ਨਵੇਂ ਪਹਿਲੂ ਉਜਾਗਰ ਹੁੰਦੇ ਹਨ।

23. ***ਸਿਰ ਨੀਵਾਂ ਕਰ ਦੇਖ*** **:** ਪੂਰਨ ਸਿੰਘ ਪਾਂਧੀ ਰਚਿਤ ਇਹ ਪੁਸਤਕ ਚੇਤਨਾ ਪ੍ਰਕਾਸ਼ਨ, ਲੁਧਿਆਣਾ ਤੋਂ 2006 ਵਿਚ ਛਪੀ ਹੈ। ਇਸਦੇ ਪੰਨਾ 78 ਤੋਂ 82 ਤੱਕ ਅਰਦਾਸ ਨਾਂ ਦਾ ਲੇਖ ਅੰਕਿਤ ਹੈ। ਜਿਸ ਵਿਚ ਸਿੱਖ ਪੰਥ ਦੇ ਨੁਕਤਾ-ਨਿਗਾਹ ਤੋਂ **'ਅਰਦਾਸ'** ਵਿਸ਼ੇ ਉਪਰ ਵਿਚਾਰ ਪੇਸ਼ ਕੀਤੇ ਗਏ ਹਨ।

24. ***ਵੈਦਿਕ ਸੰਕਲਪ*** **:** ਪ੍ਰੋ. ਬ੍ਰਜਬਿਹਾਰੀ ਚੌਬੇ ਰਚਿਤ ਇਸ ਪੁਸਤਕ ਨੂੰ ਦਰਸ਼ਨ ਸਿੰਘ ਨਿਰਵੈਰ ਨੇ ਅਨੁਵਾਦਿਤ ਕੀਤਾ ਹੈ ਅਤੇ ਸੰਗਿਆਨ ਵੈਦਿਕ ਅਧਿਐਨ ਅਤੇ ਸ਼ੋਧ ਕੇਂਦਰ ਹੁਸ਼ਿਆਰਪੁਰ ਦੁਆਰਾ 1997 ਵਿਚ ਇਸ ਨੂੰ ਛਾਪਿਆ ਗਿਆ ਹੈ। ਇਸ ਪੁਸਤਕ ਵਿਚ ਵੇਦਾਂ ਵਿਚ ਆਏ ਪ੍ਰਾਰਥਨਾ ਦੇ ਵੱਖ-ਵੱਖ ਸੰਕਲਪਾਂ ਦਾ ਵਰਣਨ ਕੀਤਾ ਗਿਆ ਹੈ। ਇਹ ਪੁਸਤਕ ਹਥਲੇ ਖੋਜ-ਕਾਰਜ ਲਈ ਬਹੁਤ ਸਹਾਇਕ ਸਿੱਧ ਹੋਈ ਹੈ।

25. ***ਬੰਦਗੀ ਨਾਮਾ :*** ਰਘਬੀਰ ਸਿੰਘ ਬੀਰ ਦੁਆਰਾ ਰਚਿਤ ਇਹ ਪੁਸਤਕ ਕਵੀ ਪ੍ਰੈਸ, ਕਲਕੱਤਾ ਵਲੋਂ 1977 ਵਿਚ ਛਪੀ ਹੈ। ਇਸ ਪੁਸਤਕ ਦੇ ਪੰਨਾ 63-87 ਤੱਕ ਅਰਦਾਸ ਵਿਸ਼ੇ ਉਪਰ ਸਿੱਖ ਅਰਦਾਸ ਅਨੁਸਾਰ ਵਿਚਾਰ ਪੇਸ਼ ਕੀਤੇ ਗਏ ਹਨ।

## ਹਿੰਦੀ ਦੀਆਂ ਪੁਸਤਕਾਂ :

1. ***वैदिक वन्दना*** **:** ਡਾ. ਕ੍ਰਿਸ਼ਨ ਲਾਲ, ਪੂਰਵ ਆਚਾਰੀਆ, ਸੰਸਕ੍ਰਿਤ ਵਿਭਾਗ, ਦਿੱਲੀ ਯੂਨੀਵਰਸਿਟੀ ਵਲੋਂ ਰਚਿਤ ਇਹ ਪੁਸਤਕ ਵਿਭੂਵੈਭਵਮ ਪ੍ਰਕਾਸ਼ਾਨ, ਦਿੱਲੀ ਤੋਂ ਸੰਨ. 2000 ਵਿਚ ਛਪੀ ਹੈ। ਇਸ ਵਿਚ ਵੇਦਾਂ ਵਿਚ ਆਈਆਂ ਪ੍ਰਮੁੱਖ ਪ੍ਰਾਰਥਨਾਵਾਂ ਅਤੇ ਸਤੁਤੀਆਂ ਨੂੰ ਅਰਥਾਂ ਸਮੇਤ ਦਰਜ ਕੀਤਾ ਹੈ। ਜਿਹੜੀ ਕਿ ਹਥਲੇ ਖੋਜ ਕਾਰਜ ਲਈ ਕਾਫੀ ਸਹਾਇਕ ਸਿੱਧ ਹੋਈ ਹੈ।

2. ***वैदिक नित्यकर्म एवं पन्चमहायज्ञ विधि*:** ਆਚਾਰੀਆ ਸੱਤਿਆਨੰਦ ਰਚਿਤ ਇਹ ਪੁਸਤਕ ਸੱਤਿਆ ਧਰਮ ਪ੍ਰਕਾਸ਼ਨ, ਰਾਜਸਥਾਨ ਦੁਆਰਾ ਇਸਦਾ ਤੀਜਾ ਸੰਸਕਰਣ 1999 ਵਿਚ ਛਪਿਆ ਹੈ। ਯੱਗ ਦੇ ਕਰਮਕਾਂਡ ਦੇ ਵਿਸ਼ੇ ਤੇ ਖੋਜਪੂਰਨ ਪੁਸਤਕ ਹੈ। ਇਸ ਵਿਚ ਹਿੰਦੂ ਧਰਮ ਦੇ ਮੰਤਰਾਂ ਦਾ ਸੰਗ੍ਰਹਿ ਹੈ ਜੋ ਸਮੇਂ-ਸਮੇਂ ਵਰਤੇ ਜਾਂਦੇ ਹਨ ਜਿਵੇਂ ਸਵੇਰ ਦੀ ਪੂਜਾ ਦੇ ਮੰਤਰ, ਇਸ਼ਨਾਨ ਦੇ ਮੰਤਰ ਭਾਵ ਕਿ ਜੀਵਨ ਦੇ ਹਰ ਪਹਿਲੂ ਤੇ ਰਿਸ਼ੀਆਂ ਦੁਆਰਾ ਨਿਰੂਪਣ ਕੀਤੇ ਹੋਏ ਮੰਤਰਾਂ ਦਾ ਵਰਣਨ ਹੈ।

3. ***भावनाश्तकम, (तीर्थंकर ऐसे बने)* :** ਇਸ ਪੁਸਤਕ ਦੇ ਰਚਨਾਕਾਰ ਆਚਾਰੀਆ 108 ਵਿਦਿਆਧਰ ਜੀ ਮਹਾਰਾਜ ਹਨ ਅਤੇ ਇਸਦਾ ਸੰਸਕ੍ਰਿਤ ਟੀਕਾ ਡਾ. ਪੰਨਾ ਲਾਲ ਸਾਹਿਤਿਆਚਾਰੀਆ ਵਲੋਂ ਕੀਤਾ ਗਿਆ ਹੈ ਅਤੇ ਇਸਦਾ ਦੂਜਾ ਸੰਸਕਰਣ 2008 ਨਿਰਗ੍ਰੰਥ ਸਾਹਿਤਯ ਪ੍ਰਕਾਸ਼ਨ ਕਲੱਕਤੇ ਵਲੋਂ ਕੀਤਾ ਗਿਆ ਸੀ। ਇਸ ਪੁਸਤਕ ਵਿਚ ਜੈਨ ਧਰਮ ਦੀ ਭਗਤੀ ਨਾਲ ਸੰਬੰਧਿਤ ਪ੍ਰਾਰਥਨਾਵਾਂ ਸ਼ਾਮਿਲ ਹਨ।

4. ***भक्ति संग्रह*:** ਆਚਾਰੀਆ ਗਿਆਨਸਾਗਰ ਰਚਿਤ ਇਹ ਪੁਸਤਕ ਸੰਨ 2000 ਵਿਚ ਨਿਊ ਬਲਾਕ ਐਂਡ ਪ੍ਰਿੰਟਿਜ਼ ਅਜਮੇਰ ਵਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਜਿਸ ਵਿਚ ਜੈਨ ਧਰਮ ਦੀਆਂ ਅਲੱਗ-ਅਲੱਗ ਸਤਿਕਾਰਤ ਹਸਤੀਆਂ ਦੀ ਭਗਤੀ ਰੂਪ ਵਿਚ ਪ੍ਰਾਰਥਨਾਵਾਂ ਦਰਜ ਹਨ।

### ਅੰਗਰੇਜ਼ੀ ਦੀਆਂ ਪੁਸਤਕਾਂ:

1. ***Heritage of sikh culture* :** ਪ੍ਰੀਤਮ ਸਿੰਘ ਗਿੱਲ ਰਚਿਤ ਇਹ ਪੁਸਤਕ, ਨਿਊ ਅਕੈਡਮਿਕ ਪਬਲਿਸ਼ਿੰਗ ਕੰਪਨੀ, ਜਲੰਧਰ ਵੱਲੋਂ 1975 ਵਿਚ ਛਪੀ ਸੀ। ਇਸ ਪੁਸਤਕ ਦੇ 166 ਤੋਂ 119 ਪੰਨੇ ਤੱਕ **'Prayer (Ardas)'** ਨਾਂ ਦਾ ਲੇਖ ਹੈ। ਜਿਸ ਵਿਚ ਉਹਨਾਂ ਨੇ ਅਲੱਗ-ਅਲੱਗ ਧਰਮਾਂ ਦੀਆਂ ਪ੍ਰਾਰਥਨਾਵਾਂ ਦਾ ਸੰਖੇਪ ਵਿਚ ਵਰਣਨ ਕਰਨ ਦੇ ਨਾਲ-ਨਾਲ ਅਰਦਾਸ ਦੀਆਂ ਕਿਸਮਾਂ ਅਤੇ ਹਾਲਾਤਾਂ ਦਾ ਵੀ ਜ਼ਿਕਰ ਕੀਤਾ ਹੈ।

2. ***Parasarparasna* :** ਸਿਰਦਾਰ ਕਪੂਰ ਸਿੰਘ ਰਚਿਤ ਇਸ ਪੁਸਤਕ ਨੂੰ ਪਿਆਰ ਸਿੰਘ ਅਤੇ ਮਦਨਜੀਤ ਕੌਰ ਦੁਆਰਾ ਸੰਪਾਦਿਤ ਕੀਤਾ ਗਿਆ ਜਿਸ ਨੂੰ 1989 ਵਿਚ ਦੂਜੀ ਵਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੁਰੂ ਨਾਨਕ ਅਧਿਐਨ ਵਿਭਾਗ ਵਲੋਂ ਛਾਪਿਆ ਗਿਆ। ਜਿਸ ਵਿਚ ਪੰਨਾ 284 ਤੋਂ 296 ਤੱਕ ਸਿਰਦਾਰ ਕਪੂਰ ਸਿੰਘ ਜੀ ਦਾ **'Ardas or the Sikh Congregational Prayer'** ਨਾ ਦਾ ਬਹੁਤ ਹੀ ਗੰਭੀਰ ਲੇਖ ਹੈ। ਜਿਹੜਾ ਕਿ ਸਿੱਖ ਅਰਦਾਸ ਦੇ ਨਵੇਂ ਪਹਿਲੂ ਉਜਾਗਰ ਕਰਦਾ ਹੈ।

3. ***Ritulism and its rejection in Sikhsim:*** ਪ੍ਰੋਫੈਸਰ ਸੁਰਿੰਦਰ ਸਿੰਘ ਕੋਹਲੀ ਰਚਿਤ ਇਹ ਪੁਸਤਕ ਸਿੰਘ ਬ੍ਰਦਰਜ਼ ਅੰਮ੍ਰਿਤਸਰ ਵੱਲੋਂ ਸੰਨ 2000 ਵਿਚ ਛਪੀ ਸੀ। ਇਸ ਦੇ ਪੰਨਾ 69 ਤੋਂ 74 ਉਪਰ 'Impact Of Brehamenism Regarding daily prayers ਨਾਂ ਦਾ ਲੇਖ ਹੈ।ਜਿਸ

ਵਿਚ ਸੁਧਾਰਵਾਦੀ ਨੁਕਤਾ ਨਿਗ੍ਹਾ ਤੋਂ ਹਿੰਦੂ ਧਰਮ ਦੇ ਰੀਤੀ ਰਿਵਾਜ਼ ਉਪਰ ਗੁਰਬਾਣੀ ਦੀ ਇਕਹਿਰੀ ਵਿਆਖਿਆ ਅਨੁਸਾਰ ਵਿਚਾਰ ਪੇਸ਼ ਕੀਤੇ ਗਏ ਹਨ।

4. ***The Sikh Memory:*** ਗੁਰਭਗਤ ਸਿੰਘ ਅਤੇ ਦੀਪਇੰਦਰਜੀਤ ਰੰਧਾਵਾ ਰਚਿਤ ਇਹ ਪੁਸਤਕ ਸਿੰਘ ਬ੍ਰਦਰਜ ਅੰਮ੍ਰਿਤਸਰ ਤੋਂ 2009 ਵਿੱਚ ਛਪੀ ਸੀ। ਇਸ ਪਸੁਤਕ ਦਾ ਅਧਿਆਇ ਪੰਜਵਾਂ **'The Sikh Ardas specific and co-existential memory'** ਅਰਦਾਸ ਵਿਸ਼ੇ ਉਪਰ ਚਾਨਣਾ ਪਾਉਂਦਾ ਹੈ। ਆਕਾਰ ਪੱਖੋਂ ਇਹ ਕਾਫੀ ਵੱਡਾ ਲੇਖ 102 ਪੰਨੇ ਤੋਂ 125 ਪੰਨੇ ਤੱਕ ਦਰਜ ਹੈ। ਜਿਸ ਵਿਚ ਗੁਰਭਗਤ ਸਿੰਘ ਜੀ ਵਰਗੇ ਪ੍ਰਬੁੱਧ ਵਿਦਵਾਨ ਵੱਲੋਂ ਅਰਦਾਸ ਵਿਸ਼ੇ ਦੀਆਂ ਅਨੇਕਾਂ ਪਰਤਾਂ ਨੂੰ ਖੋਲ੍ਹਿਆ ਗਿਆ ਹੈ।

5. ***A Modern Guide to the Pratice of Sikh Faith*** **:** ਸੁਰਿੰਦਰ ਸਿੰਘ ਬਖ਼ਸ਼ੀ ਰਚਿਤ ਇਹ ਪੁਸਤਕ ਸਿੰਘ ਬ੍ਰਦਰਜ਼, ਅੰਮ੍ਰਿਤਸਰ ਤੋਂ 2010 ਵਿਚ ਛਪੀ ਸੀ। ਇਸ ਪੁਸਤਕ ਦੇ ਪੰਨਾ 153 ਤੋਂ 158 ਤੱਕ **'Sikh Ardas'** ਨਾਂ ਦਾ ਲੇਖ ਦਰਜ ਹੈ। ਜਿਸ ਵਿਚ ਸਿੱਖ ਧਰਮ ਦੇ ਨੁਕਤਾ-ਨਿਗਾਹ ਤੋਂ ਅਰਦਾਸ ਨੂੰ ਵਾਚਿਆ ਗਿਆ ਹੈ।

6. ***Basic Beliefs of Sikhism*** **:** ਡਾ. ਵਜ਼ੀਰ ਸਿੰਘ ਰਚਿਤ ਇਹ ਪੁਸਤਕ ਨੈਸ਼ਨਲ ਬੁੱਕ ਸ਼ਾਪ ਦਿੱਲੀ ਵੱਲੋਂ 2013 ਵਿੱਚ ਛਪੀ ਸੀ। ਇਸਦੇ ਪੰਨਾ 98 ਤੋਂ 103 ਤੱਕ **'The Sikh mode of prayer'** ਨਾਂ ਦਾ ਲੇਖ ਦਰਜ ਹੈ। ਜਿਸ ਵਿਚ ਉਹਨਾਂ ਨੇ ਸਿੱਖ ਅਰਾਦਸ ਦੇ ਪਹਿਲੂਆਂ ਉਪਰ ਦਾਰਸ਼ਨਿਕ ਢੰਗ ਨਾਲ ਵਿਚਾਰ ਪੇਸ਼ ਕੀਤੇ ਹਨ।

## English Journals

***The Sikh Review***: ਇਹ ਹਰ ਮਹੀਨੇ ਕੱਲਕਤੇ ਤੋਂ ਛਪਦਾ ਸਿੱਖ ਜਰਨਲ ਹੈ। ਇਸਦੇ ਛੇ ਵੱਖ-ਵੱਖ ਅੰਕਾਂ ਵਿੱਚ ਅਰਦਾਸ ਨਾਲ ਸੰਬੰਧਿਤ ਲੇਖ ਛਪੇ ਹਨ, ਜਿੰਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

**1. Vol 47:7, July 1999, No. 547 :**

ਇਸ ਅੰਕ ਵਿੱਚ ਅਰਦਾਸ ਉਪਰ ਤਿੰਨ ਲੇਖ ਛਪੇ ਹਨ, ਪਹਿਲਾ ਲੇਖ **Principal S.S Prince** ਦਾ '**Power of Prayer'** ਪੰਨਾ 9-10 ਉਪਰ ਅਰਦਾਸ ਵਿਸ਼ੇ ਉਪਰ ਵਿਚਾਰ ਪ੍ਰਗਟਾਏ ਹਨ। ਦੂਜਾ ਲੇਖ 'Prayer Therapy to the Rescue' Parminder Singh ਦੁਆਰਾ ਰਚਿਤ ਹੈ ਅਤੇ ਪੰਨਾ 11 ਤੇ ਦਰਜ ਹੈ। ਜਿਸ ਵਿਚ ਗੁਰਬਾਣੀ ਦੇ ਆਧਾਰ ਤੇ ਆਪਣੇ ਅਰਦਾਸ ਦੇ ਅਨੁਭਵ ਪ੍ਰਗਟਾਏ ਹਨ। ਤੀਜਾ ਲੇਖ **'Power of Prayer A Reminiscence' L.T. Col. Baldev Singh Bhulllar (Retd.)** ਦੁਆਰਾ ਰਚਿਤ ਪੰਨਾ 12-13 ਤੇ ਦਰਜ ਹੈ ਇਹਨਾਂ ਲੇਖਾਂ ਵਿਚ ਲੇਖਕਾਂ ਦੇ ਨਿੱਜੀ ਜੀਵਨ ਵਿਚ ਅਰਦਾਸ ਕਿਵੇਂ ਸਹਾਰਾ ਬਣੀ, ਨੂੰ ਦਰਸਾਇਆ ਹੈ।

**2. Vol 52:1, Janauary 2004, No. 601:**

ਇਸ ਅੰਕ ਦੇ ਪੰਨਾ 8 ਤੋਂ 10 ਉਪਰ **'Simran As Silent Prayer'** ਨਾਂ ਦਾ ਲੇਖ **Vivek Singh Gehunia** ਦੁਆਰਾ ਲਿਖਿਆ ਹੋਇਆ ਹੈ। ਜਿਸ ਵਿਚ ਸਿਮਰਨ ਨੂੰ ਵੀ ਇਕ ਤਰ੍ਹਾਂ ਦੀ ਅਰਦਾਸ ਹੀ ਦਰਸਾਇਆ ਹੈ ਅਤੇ ਉਸਦੀਆਂ ਵੱਖ-ਵੱਖ ਅਵਸਥਾਵਾਂ ਦਾ ਜ਼ਿਕਰ ਕੀਤਾ ਹੈ।

3. **Vol. 52:2, Februry 2004, No. 602:**

(ਇਹ ਸਪੈਸ਼ਲ ਅੰਕ ਨਵੀਂ ਪੀੜੀ ਨੂੰ ਸਮਰਪਿਤ ਹੈ) ਇਸ ਅੰਕ ਵਿਚ ਅਰਦਾਸ ਵਿਸ਼ੇ ਉਪਰ ਦੋ ਲੇਖ ਅੰਕਿਤ ਹਨ ਪਹਿਲਾ '**Prayer in the Life of a Sikh'** ਨਾਂ ਦਾ ਲੇਖ **Bhai Harbans Lal** ਦੁਆਰਾ ਰਚਿਤ 11 ਤੋਂ 13 ਪੰਨੇ ਤੱਕ ਦਰਜ ਹੈ। ਜਿਸ ਵਿਚ ਸਿੱਖ ਅਰਦਾਸ ਉਪਰ ਵਿਚਾਰ ਦਰਸਾਏ ਹਨ। ਦੂਜਾ ਲੇਖ **Dr. S.S Sodhi** ਦੁਆਰਾ ਰਚਿਤ **'Uplifting Power of Ardas'** ਪੰਨਾ 13 ਤੋਂ 15 ਤੱਕ ਦਰਜ ਹੈ। ਜਿਸ ਵਿਚ ਅਰਦਾਸ ਦੁਆਰਾ ਹੁੰਦੇ ਸਫਲ ਕਾਰਜਾਂ ਉਪਰ ਚਾਨਣਾ ਪਾਇਆ ਹੈ।

4. **Vol 53:6, June 2005, No. 618:**

(ਇਹ ਅੰਕ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਹੈ) ਇਸ ਅੰਕ ਵਿਚ **Dr. Shamsher Singh** ਦਾ ਲੇਖ **'Ardas: The Concept of Prayer in Sikhsim'** ਪੰਨਾ 15 ਤੋਂ 24 ਉਪਰ ਅੰਕਿਤ ਹੈ ਜਿਸ ਵਿਚ ਅਰਦਾਸ ਦੇ ਸ਼ਾਬਦਿਕ ਅਰਥ, ਮਹੱਤਵ, ਅਰਦਾਸ ਦੀ ਸ਼ੁਰੂਆਤ, ਕਿਸਮਾਂ ਤਰੀਕਾ, ਲੱਛਣ,ਪ੍ਰਭਾਵ ਦੇ ਨਾਲ-ਨਾਲ ਸਿੱਖ ਅਰਦਾਸ ਦੇ ਮਹੱਤਵ ਨੂੰ ਉਜਾਗਰ ਕੀਤਾ ਹੈ।

5. **Vol 57:12, Dec 2009, No. 672:**

ਇਸ ਅੰਕ ਵਿਚ **'Ardas and its methdologies'** ਨਾਂ ਦਾ ਲੇਖ **'Kulwant Singh Khokhar'** ਦੁਆਰਾ ਲਿਖਿਆ ਗਿਆ ਹੈ ਅਤੇ ਪੰਨਾ 24 ਤੋਂ 27 ਤੱਕ ਸ਼ਾਮਿਲ ਕੀਤਾ ਗਿਆ ਹੈ। ਜਿਸ ਵਿਚ ਸਿੱਖ ਅਰਦਾਸ ਉਪਰ ਵਿਚਾਰ ਪੇਸ਼ ਕੀਤੇ ਹਨ।

6. **Vol 59:7, July 2011, No 691:**

ਇਸ ਅੰਕ ਵਿਚ **Dr.Kulwant Singh** ਦਾ ਲੇਖ **'Ardas its Mystique and Evolution'** ਪੰਨਾ 32 ਤੋਂ 36 ਤੱਕ ਸ਼ਾਮਿਲ ਕੀਤਾ ਗਿਆ ਹੈ। ਜਿਸ ਵਿਚ ਉਹਨਾਂ ਨੇ ਸਿੱਖ ਅਰਦਾਸ ਉਪਰ ਆਪਣੇ ਭਾਵਪੂਰਤ ਵਿਚਾਰ ਪੇਸ਼ ਕੀਤੇ ਹਨ।

**The Journal of Religious Studies :** ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਛਪਦੇ ਇਸ ਜਰਨਲ ਦਾ Vol XXI, Spring 1992 ਵਿਚ **Sant Singh Sekhon** ਦਾ **'Guru Gobind Singh's Prayer'** ਲੇਖ 47 ਤੋਂ 56 ਪੰਨੇ ਤੱਕ ਸ਼ਾਮਿਲ ਹੈ। ਜਿਸ ਵਿਚ ਦਸਮ ਪਿਤਾ ਦੇ ਅਕਾਲ ਪੁਰਖ ਅੱਗੇ ਵੱਖ-ਵੱਖ ਬਾਣੀਆਂ ਰਾਹੀਂ ਕੀਤੀ ਅਰਦਾਸ ਦਾ ਜ਼ਿਕਰ ਕੀਤਾ ਹੈ।

**ਖੋਜ-ਪ੍ਰਬੰਧ**

ਖੋਜਾਰਥਣ ਅਮਰਜੀਤ ਕੌਰ ਵੱਲੋਂ ਡਾ. ਬਲਵੰਤ ਸਿੰਘ ਢਿੱਲੋਂ ਦੀ ਨਿਗਰਾਨੀ ਹੇਠ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ 2013 ਵਿਚ 'ਸਿੱਖ ਪੂਜਾ ਵਿਧਾਨ: ਉਤਪਤੀ ਅਤੇ ਪ੍ਰਕ੍ਰਿਤੀ' ਨਾਂ ਦਾ ਖੋਜ-ਪ੍ਰਬੰਧ ਮੁਕੰਮਲ ਕੀਤਾ ਗਿਆ ਹੈ। ਇਸ ਖੋਜ-ਪ੍ਰਬੰਧ ਵਿਚ ਅਰਦਾਸ ਦੇ ਵਿਸ਼ੇ ਨੂੰ ਵੀ ਵਿਚਾਰਿਆ ਗਿਆ ਹੈ। ਜਿਹੜਾ ਕਿ ਹਥਲੇ ਖੋਜ ਕਾਰਜ ਲਈ ਸਹਾਈ ਸਿੱਧ ਹੋਇਆ ਹੈ।

**ਖੋਜ-ਨਿਬੰਧ**

ਇਸ ਵਿਸ਼ੇ ਨਾਲ ਸੰਬਧਿਤ ਤਿੰਨ ਖੋਜ-ਨਿਬੰਧ ਜਿਹੜੇ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੁਰੂ ਨਾਨਕ ਅਧਿਐਨ ਵਿਭਾਗ ਦੁਆਰਾ ਕਰਵਾਏ ਗਏ ਹਨ।

1. ਅਰਦਾਸ ਦੀ ਇਤਿਹਾਸਿਕ ਮਹੱਤਤਾ-ਪਰਮਿੰਦਰਜੀਤ ਕੌਰ
2. ਸਿੱਖ ਧਰਮ ਵਿਚ ਅਰਦਾਸ ਦੀ ਸਮਾਜਿਕ ਮਹੱਤਤਾ-ਕਰਮ ਸਿੰਘ
3. ਸਿੱਖ ਅਰਦਾਸ ਦੀ ਸਮੀਖਿਆ-ਦਲਜੀਤ ਕੌਰ

**ਖੋਜ ਪੱਤ੍ਰਿਕਾਵਾਂ :**

**ੳ.** **ਗੁਰਮਤਿ ਪ੍ਰਕਾਸ਼**-ਇਹ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦਾ ਮਾਸਿਕ ਪੱਤਰ ਹੈ।

**1.** ਸੰਪਾ. ਅਜੀਤ ਸਿੰਘ ਅੰਬਾਲਵੀ ਜਿਲਦ 17ਵੀਂ ਅੰਕ ਤੀਜਾ ਜੂਨ 1974 ਜੇਠ ਨਾਨਕਾਸ਼ਾਹੀ 504 ਵਿਚ **ਸ. ਸੁਰਜੀਤ ਸਿੰਘ**, ਪ੍ਰਿੰਸੀਪਲ ਸਰਕਾਰੀ ਕਾਲਜ ਬਠਿੰਡਾ ਦਾ ਪੰਨਾ 70 ਤੋਂ 78 ਤੱਕ **'ਅਰਦਾਸ'** ਨਾਂ ਦਾ ਲੇਖ ਸ਼ਾਮਿਲ ਕੀਤਾ ਗਿਆ ਹੈ। ਜਿਸ ਵਿਚ ਉਹਨਾਂ ਨੇ ਹਉਮੈ ਵਰਗੇ ਦੀਰਘ ਰੋਗ ਤੋਂ ਛੁਟਕਾਰੇ ਲਈ ਅਰਦਾਸ ਦਾ ਸਹਾਰਾ ਲੈਣ ਦੀ ਗੱਲ ਕੀਤੀ ਹੈ।

**2.** ਸੰਪਾਦਕ ਅਜੀਤ ਸਿੰਘ ਅੰਬਾਲਵੀ ਇਸਦੀ ਜਿਲਦ 17ਵੀਂ ਅੰਕ ਤੀਜਾ ਜਨਵਰੀ 1975 ਪੋਹ ਨਾਨਕਸ਼ਾਹੀ 506 ਦੇ ਅੰਕ ਵਿਚ **ਪ੍ਰੋ. ਰਣਜੀਤ ਸਿੰਘ** ਦਾ **'ਅਰਦਾਸ'** ਨਾਂ ਦਾ ਲੇਖ ਪੰਨਾ 51 ਤੋਂ 55 ਤੱਕ ਦਰਜ ਹੈ ਜਿਸ ਵਿਚ ਅੰਗਰੇਜ਼ ਵਿਦਵਾਨਾਂ ਦੇ ਵਿਚਾਰਾਂ ਨੂੰ ਨਾਲ ਲੈ ਕੇ ਅਰਦਾਸ ਵਿਸ਼ੇ ਉਪਰ ਵਿਚਾਰ ਪੇਸ਼ ਕੀਤੇ ਹਨ।

**3.** ਸੰਪਾਦਕ ਅਜੀਤ ਸਿੰਘ ਅੰਬਾਲਵੀ ਜਿਲਦ 19ਵੀਂ ਅੰਕ 5ਵਾਂ ਅਗਸਤ 1975 ਸਾਵਨ ਨਾਨਕਸ਼ਾਹੀ 506 ਵਿਚ **'ਕੇਵਲ ਸਿੰਘ ਨਿਰਦੋਸ਼'** ਮੇਰਠ ਕੈਂਟ ਜੀ ਦਾ **'ਅਰਦਾਸ ਦੀਆਂ ਬਰਕਤਾਂ'** ਨਾਂ ਦਾ ਲੇਖ ਛਪਿਆ ਹੈ। ਲੇਖ ਦੇ ਨਾਂ ਤੋਂ ਹੀ ਪਤਾ ਲੱਗਦਾ ਹੈ ਕਿ ਲੇਖਕ ਨੇ ਅਰਦਾਸ ਦੇ ਨਾਲ ਜੁੜੀਆਂ ਬਰਕਤਾਂ ਦਾ ਜ਼ਿਕਰ ਬੜੇ ਸੁੰਦਰ ਢੰਗ ਨਾਲ ਕੀਤਾ ਹੈ।ਇਹ ਲੇਖ ਪੰਨਾ 21 ਤੋਂ 24 ਤੱਕ ਦਰਜ ਹੈ।

**4.** ਸੰਪਾ. ਸਰਮੁਖ ਸਿੰਘ ਅਮੋਲ ਜਿਲਦ 23ਵੀਂ ਅੰਕ 8 ਨਵੰਬਰ 1979 ਕੱਤਕ-ਮੱਘਰ ਸੰਮਤ ਨਾਨਕਸ਼ਾਹੀ 511 ਵਿਚ **ਸ੍ਰ.ਸਰੂਪ ਸਿੰਘ ਜੀ ਪਟਿਆਲਾ** ਦਾ ਲੇਖ **'ਗੁਰਸਿਖੀ ਵਿਚ**

**ਅਰਦਾਸ**' ਪੰਨਾ 45 ਤੋਂ 48 ਤੱਕ ਛਪਿਆ ਹੈ। ਜਿਸ ਵਿਚ ਸਿੱਖ ਅਰਦਾਸ ਦੀ ਮਹੱਤਤਾ ਨੂੰ ਦਰਸਾਇਆ ਗਿਆ ਹੈ।

**5.** ਸੰਪਾ. ਸਰਮੁਖ ਸਿੰਘ ਅਮੋਲ ਜਿਲਦ 25ਵੀਂ ਅੰਕ 7 ਅਕਤੂਬਰ 1981 ਅੱਸੂ ਕੱਤਕ ਸੰਮਤ ਨਾਨਕਸ਼ਾਹੀ 512 ਵਿਚ **'ਸ. ਸ. ਅਮੋਲ'** ਦਾ **'ਸੁਣੀ ਅਰਦਾਸਿ ਸੁਆਮੀ ਮੇਰੇ'** ਨਾਂ ਦਾ ਲੇਖ ਛਪਿਆ ਹੈ। ਜਿਸ ਵਿਚ ਪ੍ਰਮਾਤਮਾ ਅੱਗੇ ਸ਼ਰਧਾਲੂ ਦੇ ਰੂਪ ਵਿਚ ਅਰਦਾਸ ਕੀਤੀ ਹੋਈ ਹੈ।

**ਅ. ਸਿੱਖ ਸੰਦੇਸ਼** :

1. ਮੁਖ ਸੰਪਾ. ਤੇ ਸਰਪ੍ਰਸਤ ਮਹੰਤ ਬਚਿੱਤਰ ਸਿੰਘ ਅਤੇ ਸੰਪਾ. ਗਿਆਨੀ ਤਾਰਾ ਸਿੰਘ 'ਸ਼ਾਂਤ' ਅਕਤੂਬਰ 1973 ਜਿਲਦ 7ਵੀਂ ਵਾਲੇ ਅੰਕ ਵਿਚ **'ਭਾਈ ਸਾਹਿਬ ਸ਼ੇਰ ਸਿੰਘ'** ਦੁਆਰਾ ਰਚਿਤ **'ਅਰਦਾਸ ਸ੍ਰੀ ਭਗੌਤੀ ਜੀ ਸਹਾਇ ਦੇ ਗੂੜ੍ਹੇ ਅਰਥ'** ਨਾਂ ਦਾ ਲੇਖ ਪੰਨਾ 11 ਤੋਂ 13 ਤੱਕ ਸ਼ਾਮਿਲ ਕੀਤਾ ਗਿਆ ਹੈ ਜਿਸ ਵਿਚ ਸਿੱਖ ਅਰਦਾਸ ਦੇ ਪਹਿਲੇ ਬੰਦ ਦੇ ਅਰਥਾਂ ਨੂੰ ਵਿਚਾਰਿਆ ਗਿਆ ਹੈ।
2. ਮੁਖ ਸੰਪਾ. ਮਹੰਤ ਬਚਿੱਤਰ ਸਿੰਘ ਅਤੇ ਸੰਪਾ. ਬਚਨ ਸਿੰਘ ਪ੍ਰਦੇਸੀ ਡਿਗਿਆਨਾ ਜੰਮੂ ਜਨਵਰੀ 1983 ਦੇ ਅੰਕ ਵਿਚ ਪੰਨਾ 25 ਤੋਂ 27 ਉਪਰ **'ਜਸਬੀਰ ਸਿੰਘ ਸਰਨਾ'** ਦੁਆਰਾ ਰਚਿਤ **'ਕਿ ਅਰਦਾਸ ਧਰਮ ਦਾ ਮੁਢਲਾ ਚਿੰਨ੍ਹ ਹੈ?'** ਨਾਂ ਦਾ ਲੇਖ ਛਪਿਆ ਹੈ। ਜਿਸ ਵਿਚ ਬੜੇ ਹੀ ਭਾਵ ਪੂਰਤ ਅੰਦਾਜ਼ ਵਿਚ ਅਰਦਾਸ ਨੂੰ ਹਰ ਇਕ ਧਰਮ ਦਾ ਅਹਿਮ ਅੰਗ ਸਥਾਪਿਤ ਕੀਤਾ ਗਿਆ ਹੈ ਅਤੇ ਦਰਸਾਇਆ ਹੈ ਕਿ ਸਿੱਖ ਧਰਮ ਵਿਚ ਹੀ ਨਹੀਂ ਬਲਕਿ ਹਰ ਧਰਮ ਵਿਚ ਅਰਦਾਸ ਦਾ ਮਹੱਤਵ ਹੈ।

**ੲ. ਸੱਚਖੰਡ ਪੱਤਰ** : ਸੰਪਾ. ਗੁਰਚਰਨ ਸਿੰਘ ਸੰਘਾ ਸਾਲ ਅਠਾਰਵਾਂ ਅੰਕ ਪੰਜਵਾਂ ਫਰਵਰੀ 1992 ਵਿਚ **'ਗੁਰਦਰਸ਼ਨ ਸਿੰਘ ਸੋਢੀ'** ਦਾ **'ਅਰਦਾਸ'** ਨਾਂ ਦਾ ਲੇਖ 41 ਤੋਂ 45 ਪੰਨੇ ਤੱਕ ਸ਼ਾਮਿਲ ਕੀਤਾ ਗਿਆ ਹੈ, ਜਿਸ ਵਿਚ ਅਰਦਾਸ ਵਿਸ਼ੇ ਨੂੰ ਗੁਰਬਾਣੀ ਅਨੁਸਾਰ ਵਿਚਾਰਿਆ ਗਿਆ ਹੈ।

## ਅਧਿਆਇ-ਤੀਜਾ
## ਭਾਰਤੀ ਧਰਮਾਂ ਵਿਚ ਪ੍ਰਾਰਥਨਾ: ਸੰਕਲਪ ਅਤੇ ਸਰੂਪ

### ਹਿੰਦੂ ਧਰਮ:

ਹਿੰਦੂ ਧਰਮ ਦੇ ਪ੍ਰਾਰੰਭ ਅਤੇ ਇਸਦੇ ਕਿਸੇ ਨਿਸ਼ਚਿਤ ਮੋਢੀ ਬਾਰੇ ਦਾਅਵੇ ਨਾਲ ਨਹੀਂ ਕਿਹਾ ਜਾ ਸਕਦਾ। ਇਸ ਵਿਚ ਅਨੇਕਾਂ ਅਲੱਗ ਅਲੱਗ ਸੰਪ੍ਰਦਾਵਾਂ ਹਨ, ਮੁੱਖ ਰੂਪ ਵਿੱਚ ਜਿਵੇਂ ਸ਼ੈਵ, ਵੈਸ਼ਨਵ, ਸਾਕਤ ਆਦਿ। ਹਿੰਦੂ ਧਰਮ ਪਰਮਾਤਮਾ ਦੀ ਪੂਜਾ ਵੱਖ ਵੱਖ ਦੇਵੀ-ਦੇਵਤਿਆਂ ਦੇ ਰੂਪ ਵਿਚ ਕਰਦਾ ਹੈ। ਹਿੰਦੂ ਧਰਮ ਵਿੱਚ 33 ਕਰੋੜ ਦੇਵੀ-ਦੇਵਤਿਆਂ ਦੀ ਗਿਣਤੀ ਕੀਤੀ ਜਾਂਦੀ ਹੈ। ਹਰ ਇਕ ਦੇਵੀ ਦੇਵਤੇ ਦੀ ਪੂਜਾ ਵਿਧੀਆ ਦਾ ਢੰਗ ਤਰੀਕਾ ਵੀ ਵੱਖਰਾ ਹੈ। ਹਰ ਇਕ ਦੇਵਤੇ ਨੂੰ ਪ੍ਰਸੰਨ ਕਰਨਾ ਅਤੇ ਉਸ ਅੱਗੇ ਮਨੋਕਾਮਨਾਵਾਂ ਨੂੰ ਲੈ ਕੇ ਪ੍ਰਾਰਥਨਾਵਾਂ ਵੀ ਵੱਖੋ-ਵੱਖਰੀਆਂ ਹਨ। ਹਥਲੇ ਖੋਜ ਕਾਰਜ ਦਾ ਵਿਸ਼ਾ ਪ੍ਰਾਰਥਨਾ ਨਾਲ ਸੰਬੰਧਿਤ ਹੋਣ ਕਾਰਣ ਹਿੰਦੂ ਧਰਮ ਵਿੱਚ ਆਈਆਂ ਵੱਖ-ਵੱਖ ਪ੍ਰਾਰਥਾਨਾਵਾਂ ਦਾ ਮੁਲਾਂਕਣ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਭਾਵੇਂ ਕਿ ਹਿੰਦੂ ਧਰਮ ਦਾ ਫੈਲਾਅ ਵਿਸ਼ਾਲ ਹੋਣ ਕਾਰਣ ਖੋਜ-ਕਾਰਜ ਦੀ ਸੀਮਾ ਨੂੰ ਧਿਆਨ ਵਿਚ ਰੱਖਦਿਆ ਸੰਖੇਪਤਾ ਨੂੰ ਪ੍ਰਮੁੱਖਤਾ ਦਿੱਤੀ ਜਾਵੇਗੀ ਅਤੇ ਮੁਖ ਤੌਰ ਤੇ ਵੇਦਾਂ ਵਿਚ ਆਈਆਂ ਪ੍ਰਾਰਥਨਾਵਾਂ ਜਾਂ ਦੈਨਿਕ ਜੀਵਨ ਦੀਆਂ ਪ੍ਰਮੁੱਖ ਪ੍ਰਾਰਥਨਾਵਾਂ ਹੀ ਮੁਖ ਤੌਰ 'ਤੇ ਵਾਚੀਆਂ ਜਾਣਗੀਆਂ।

ਭਾਰਤੀ ਅਧਿਆਤਮਿਕਤਾ ਦੇ ਮੂਲ ਸ੍ਰੋਤ ਵੇਦ ਹਨ ਅਤੇ ਵੇਦਾਂ ਵਿਚੋਂ ਹੀ ਪ੍ਰਾਰਥਨਾ ਦਾ ਆਰੰਭ ਹੁੰਦਾ ਹੈ। ਰਿਗਵੇਦ ਵਿਚ ਇੰਦ੍ਰ, ਮਿੱਤਰ, ਅਗਨੀ, ਵਰੁਣ ਆਦਿ ਦੇਵਤਿਆਂ ਦੀ ਆਰਾਧਨਾ ਮਿਲਦੀ ਹੈ ਪਰ ਇਹਨਾਂ ਸਾਰਿਆਂ ਨੂੰ ਬ੍ਰਹਮ ਦਾ ਰੂਪ ਹੀ ਸਵੀਕਾਰ ਕੀਤਾ ਗਿਆ ਹੈ। ਵੈਦਿਕ ਕਾਲ ਦੇ ਤਿੰਨ ਪ੍ਰਮੁੱਖ ਦੇਵਤੇ ਬ੍ਰਹਮਾ, ਵਿਸ਼ਨੂੰ ਅਤੇ ਰੁਦ੍ਰ ਹਨ। ਪ੍ਰੰਤੂ ਪੌਰਾਣਿਕ ਕਾਲ ਵਿਚ ਬ੍ਰਹਮਾ ਦੀ ਪ੍ਰੱਮੁਖਤਾ ਘਟ ਗਈ ਅਤੇ ਗਣੇਸ਼, ਸੂਰਜ ਅਤੇ ਦੇਵੀ ਦਾ ਸਥਾਨ ਵਧ ਗਿਆ, ਉਸ ਸਮੇਂ ਦੀਆਂ ਪ੍ਰਾਰਥਨਾਵਾਂ ਵਿਚ ਇੰਨ੍ਹਾਂ ਦੀਆਂ ਸ਼ਕਤੀਆਂ ਦੇ ਨਾਲ-ਨਾਲ ਇੰਨ੍ਹਾਂ ਦੇ ਸਾਜ਼, ਗਹਿਣੇ ਆਦਿ ਦੀ ਵੀ ਪ੍ਰਸੰਸਾ ਮਿਲਦੀ ਹੈ।ਇਸ ਤੋਂ ਇਲਾਵਾ ਇੰਨ੍ਹਾਂ ਦੇਵੀ-ਦੇਵਤਿਆਂ ਦੇ ਅਨੇਕਾ ਰੂਪਾਂ ਅਤੇ ਅਵਤਾਰਾਂ ਦੀ ਵੀ ਉਸਤਤ ਹੋਣ ਲੱਗੀ। ਅਵਤਾਰਾਂ ਵਿਚ ਵਿਸ਼ਨੂੰ ਜੀ ਪ੍ਰਮੁਖ ਹੋ ਗਏ। ਉਨ੍ਹਾਂ ਦੇ ਚੌਵੀ ਅਵਤਾਰਾਂ ਵਿਚੋਂ ਦਸ ਪ੍ਰਮੁਖ ਮੰਨੇ ਜਾਣ ਲੱਗੇ। ਉਨ੍ਹਾਂ ਦੇ ਨਾਲ-ਨਾਲ ਉਨ੍ਹਾਂ ਦੀਆਂ ਸ਼ਕਤੀਆਂ, ਲੱਛਮੀ, ਸੀਤਾ, ਰਾਧਾ ਆਦਿ ਦੀ ਵੀ ਆਰਾਧਨਾ ਹੋਣ ਲੱਗੀ। ਸ਼ਿਵ ਦੇ ਅਨੇਕ ਜੋਤਰਲਿੰਗਾਂ ਉਪਰ ਸਲੋਕ ਰਚੇ ਗਏ। ਦੁਰਗਾ ਦੇ ਨੌ ਰੂਪਾਂ ਦੀ ਆਰਾਧਨਾ ਹੋਣ ਲੱਗੀ। ਗਣੇਸ਼ ਜੀ ਦੇ ਨਾਲ-ਨਾਲ ਉਨ੍ਹਾਂ ਦੀਆਂ ਰਿੱਧੀਆਂ-ਸਿੱਧੀਆਂ ਵੀ ਧਿਆਈਆਂ ਜਾਣ ਲੱਗੀਆਂ। ਪਰੰਤੂ ਹਥਲੇ ਖੋਜ-ਕਾਰਜ ਦੀ ਸੀਮਾ ਅਤੇ ਹਿੰਦੂ ਧਰਮ ਦੀ ਵਿਸ਼ਾਲਤਾ ਨੂੰ ਧਿਆਨ ਵਿਚ ਰੱਖਦਿਆਂ ਵਿਚ ਕੇਵਲ ਵੇਦਾਂ ਵਿਚਲੀਆਂ ਪ੍ਰਾਰਥਨਾਵਾਂ ਨੂੰ ਹੀ ਪ੍ਰਮੁੱਖ ਰੂਪ ਵਿਚ ਆਧਾਰ ਬਣਾਇਆ ਗਿਆ ਹੈ।

#### ਵੇਦ

ਵੇਦ ਕਾਲ ਭਾਰਤ ਦੇ ਜਾਂ ਹਿੰਦੂ ਧਰਮ ਦੇ ਗ੍ਰੰਥ ਨਾ ਹੋ ਕੇ ਸਾਰੇ ਵਿਸ਼ਵ ਦੇ ਸਾਂਝੇ ਗਰੰਥ ਹਨ ਕਿਉਂਕਿ ਗਿਆਨ ਕਦੇ ਕਿਸੇ ਦੇਸ਼, ਜ਼ਾਤ ਜਾਂ ਬੋਲੀ ਦਾ ਮੁਥਾਜ ਨਹੀਂ ਹੁੰਦਾ, ਉਹ ਤਾਂ ਸਾਰਿਆਂ ਦੇ ਜੀਵਨ

ਦੇ ਸਵਾਰਨ ਲਈ ਹੁੰਦਾ ਹੈ। "ਵੈਦਿਕ ਧਰਮ ਦਾ ਆਰੰਭ ਵੇਦਾਂ ਤੋਂ ਮੰਨਿਆ ਜਾਂਦਾ ਹੈ। ਵੇਦ ਭਾਰਤੀ ਸਾਹਿਤ, ਇਤਿਹਾਸ ਅਤੇ ਦਰਸ਼ਨ ਦਾ ਮੁੱਢ ਮੰਨੇ ਜਾਂਦੇ ਹਨ। ਇਹਨਾਂ ਰਾਹੀਂ ਜਿਹੜੀ ਜੀਵਨ ਜਾਂਚ ਪ੍ਰਗਟ ਹੋਈ ਹੈ ਉਸ ਵਿਚੋਂ ਪ੍ਰਾਚੀਨ ਭਾਰਤ ਦੀ ਝਲਕ ਦਿਖਾਈ ਦਿੰਦੀ ਹੈ। ਵੇਦਾਂ ਬਾਰੇ ਜਾਣਕਾਰੀ ਹਾਸਲ ਕਰਨ ਦਾ ਭਾਵ ਹੈ ਕਿ ਭਾਰਤੀ ਪਰੰਪਰਾ ਦੇ ਮੁਢਲੇ ਦੌਰ ਵਿਚ ਗਿਆਨ ਦਾ ਜਿਹੜਾ ਸਰੂਪ ਪ੍ਰਗਟ ਹੋਇਆ ਉਸ ਦੇ ਪਰਤੱਖ ਦਰਸ਼ਨ ਕਰਨਾ। ਇਹ ਉਹ ਗਿਆਨ ਹੈ ਜਿਹੜਾ ਰਿਸ਼ੀਆਂ ਨੇ ਸਮਾਧੀ ਰਾਹੀਂ ਗ੍ਰਹਿਣ ਕੀਤਾ ਸੀ। ਉਹਨਾਂ ਨੇ ਅੰਤਰ ਧਿਆਨ ਹੋ ਕੇ ਸ਼ੁੱਧ ਮਨ ਨਾਲ ਜਿਸ ਗਿਆਨ ਦੇ ਦਰਸ਼ਨ ਕੀਤੇ ਸਨ, ਉਸਨੂੰ ਉਹਨਾਂ ਨੇ ਲੋਕਾਂ ਤੱਕ ਪਹੁੰਚਾਇਆ ਸੀ।"[1] ਵੇਦਾਂ ਦਾ ਗਿਆਨ ਅਨੇਕਾਂ ਰਿਸ਼ੀਆਂ ਦੀ ਅਧਿਆਤਮਿਕ ਕਮਾਈ ਨੂੰ ਆਪਣੇ ਵਿਚ ਸਮੋਈ ਬੈਠਾ ਹੈ ਉਹਨਾਂ ਰਿਸ਼ੀਆਂ ਨੇ ਇਸ ਗਿਆਨ ਨੂੰ ਸਾਡੇ ਤੱਕ ਪਹੁੰਚਾਉਣ ਲਈ ਕਈ ਪੀੜ੍ਹੀਆਂ ਤੱਕ ਜੁਬਾਨੀ ਹੀ ਕੰਠ ਕੀਤੀ ਰੱਖਿਆ ਅਤੇ ਬਾਅਦ ਵਿਚ ਲਿਖਤ ਵਿਚ ਲਿਆਂਦਾ।

ਭਾਰਤੀ ਪਰੰਪਰਾ ਵਿਚ ਵੇਦਾਂ ਦਾ ਇਕ ਅਹਿਮ ਸਥਾਨ ਹੈ, ਵੇਦ ਜਿੱਥੇ ਭਾਰਤੀ ਧਰਮ ਪਰੰਪਰਾ ਦੇ ਲਖਾਇਕ ਹਨ। ਉਸ ਦੇ ਨਾਲ ਹੀ ਭਾਰਤੀ ਸੱਭਿਅਤਾ ਦੇ ਮੂਲ ਸ੍ਰੋਤ ਵਜੋਂ ਵੀ ਜਾਣੇ ਜਾਂਦੇ ਹਨ। ਪ੍ਰਮੁਖ ਰੂਪ ਵਿਚ ਚਾਰ ਵੇਦ ਮੰਨੇ ਗਏ ਹਨ। ਰਿਗਵੇਦ, ਸਾਮਵੇਦ, ਅਥਰਵੇਦ, ਯਜੁਰਵੇਦ। ਭਾਰਤੀ ਪਰੰਪਰਾ ਦੀ ਅਧਿਆਤਮਿਕਤਾ ਅਤੇ ਸੱਭਿਅਤਾ ਬਾਰੇ ਇੰਨ੍ਹਾਂ ਵਿਚੋਂ ਸਮੱਗਰ ਰੂਪ ਵਿਚ ਜਾਣਕਾਰੀ ਉਪਲਬਧ ਹੁੰਦੀ ਹੈ। ਇਸਦੇ ਨਾਲ ਹੀ ਭਾਰਤੀ ਸੱਭਿਅਤਾ ਦੇ ਵਿਕਾਸ ਪਿੱਛੇ ਕਾਰਜਸ਼ੀਲ ਤੱਤਾਂ ਦੀ ਪਛਾਣ ਕਰਨ ਹਿਤ ਇਹ ਗ੍ਰੰਥ ਸਹਾਈ ਹੁੰਦੇ ਹਨ। ਇਸੇ ਪ੍ਰਕਾਰ ਹੀ ਧਰਮ ਦੀ ਆਤਮਾ ਵਜੋਂ ਜਾਣੀ ਜਾਂਦੀ ਪ੍ਰਾਰਥਨਾ ਨੂੰ ਗਿਆਨ ਦੇ ਪੱਧਰ ਤੇ ਸਮਝਣ ਲਈ ਵੀ ਇਹ ਗ੍ਰੰਥ ਮੂਲ ਸਮੱਗਰੀ ਵਜੋਂ ਅਧਿਐਨ ਦਾ ਹਿੱਸਾ ਬਣਦੇ ਹਨ। ਖੋਜ ਕਾਰਜ ਦੇ ਵਿਸ਼ੇ ਅਨੁਸਾਰ ਹਿੰਦੂ ਧਰਮ ਵਿਚ ਅਰਦਾਸ ਦੇ ਸਰੂਪ ਅਤੇ ਪ੍ਰਕਿਰਤੀ ਨੂੰ ਸਮਝਣ ਹਿਤ ਇਹਨਾਂ ਗ੍ਰੰਥਾਂ ਤੱਕ ਪਹੁੰਚ ਸਥਾਪਿਤ ਕੀਤੀ ਜਾ ਰਹੀ ਹੈ। ਇਸ ਮਨੋਰਥ ਹਿਤ ਸਭ ਤੋਂ ਪਹਿਲਾ ਰਿਗਵੇਦ ਵਿਚ ਪ੍ਰਾਰਥਨਾ ਸੰਬੰਧੀ ਆਏ ਹਵਾਲਿਆ ਰਾਹੀਂ ਅਰਦਾਸ ਦੇ ਸਰੂਪ ਅਤੇ ਪ੍ਰਕਿਰਤੀ ਦਾ ਅਧਿਐਨ ਕੀਤਾ ਜਾਵੇਗਾ।

ਭਾਰਤੀ ਪਰੰਪਰਾ ਵਿਚ ਮੁੱਢ ਤੋਂ ਹੀ ਸੁਣਨ ਦੀ ਕ੍ਰਿਆ ਨੂੰ ਮਹਾਨ ਮੰਨਿਆ ਹੈ ਜਿਸਨੂੰ ਬਾਅਦ ਵਿਚ ਸ੍ਰਵਣ ਪਰੰਪਰਾ ਦਾ ਨਾ ਦਿੱਤਾ ਗਿਆ ਹੈ ਅਤੇ ਵੇਦਾਂ ਨੂੰ ਸ਼ਰੁਤੀ ਪ੍ਰਰੰਪਰਾ ਅਧੀਨ ਰੱਖਿਆ ਗਿਆ। "ਵੈਦਿਕ ਪਰੰਪਰਾ ਦੇ ਦੋ ਪ੍ਰਮੁਖ ਪਹਿਲੂ ਹਨ-ਸ਼ਰੁਤੀ ਅਤੇ ਸਿਮਰਤੀ। ਬ੍ਰਾਹਮਣਾਂ ਨੇ ਵੇਦ ਨੂੰ ਸ਼ਰੁਤੀ ਕਿਹਾ ਹੈ। ਸ਼ਰੁਤੀ ਦਾ ਅਰਥ ਹੈ ਸੁਣਨਾ। ਸੁਣ ਕੇ ਰਿਸ਼ੀਆਂ ਨੇ ਜੋ ਗਿਆਨ ਹਾਸਲ ਕੀਤਾ ਉਸ ਨੂੰ ਸ਼ਰੁਤੀ ਕਿਹਾ ਗਿਆ ਹੈ। ਦੁਨੀਆਂ ਵਿਚ ਵੇਦ ਹੀ ਅਜਿਹੇ ਗ੍ਰੰਥ ਹਨ ਜੋ ਸ਼ਰੁਤੀ ਪਰੰਪਰਾ ਅਨੁਸਾਰ ਗਿਆਨ ਹਾਸਲ ਕਰਨ ਨੂੰ ਆਪਣਾ ਅਧਿਕਾਰ ਮੰਨਦੇ ਹਨ। ਸ੍ਰਵਣ ਕਰ ਕੇ ਹਾਸਲ ਕੀਤਾ ਇਹ ਗਿਆਨ ਭਾਰਤੀ ਪਰੰਪਰਾ ਦਾ ਮੁੱਢ ਬਣਿਆ ਹੈ। ਇਸ ਦੈਵੀ ਗਿਆਨ ਨੂੰ ਲੋਕਾਂ ਤੱਕ ਪਹੁੰਚਾਉਣ ਅਤੇ ਇਸ ਦੇ ਆਧਾਰ ਤੇ ਰਿਸ਼ੀਆਂ ਨੇ ਧਾਰਮਿਕ ਅਤੇ ਸਮਾਜਿਕ ਰੀਤੀ-ਰਿਵਾਜਾਂ ਨੂੰ ਇਕ ਨਿਰਧਾਰਿਤ ਮਰਯਾਦਾ

[1] ਡਾ.ਪਰਮਵੀਰ ਸਿੰਘ, ਡਾ.ਪਰਦੁਮਨ ਸ਼ਾਹ ਸਿੰਘ, *ਭਾਰਤ ਦੇ ਪ੍ਰਮੁਖ ਧਰਮ*, ਪੰਨਾ 3.

ਅਧੀਨ ਗ੍ਰਹਿਣ ਕਰਨ ਪਰੰਪਰਾ ਵਿਚ ਵੈਦਿਕ ਗਿਆਨ ਦੇ ਮਹੱਤਵ ਨੂੰ ਉਜਾਗਰ ਕਰਨਾ ਸੀ।"[2] ਪੁਰਾਤਨ ਅਤੇ ਆਧੁਨਿਕ ਹਿੰਦੂ ਸਮਾਜ ਦਾ ਆਧਾਰ ਵੇਦ ਹੀ ਹਨ। ਹਿੰਦੂ ਧਰਮ ਦਾ ਸੰਗੀਤ, ਕਲਾ, ਵਿਗਿਆਨ, ਨਾਟਕ, ਸਾਹਿਤ ਆਦਿ ਇਸਦੇ ਅਧੀਨ ਆਉਂਦੇ ਹਨ।

ਜਿਸ ਤਰ੍ਹਾਂ ਹਿੰਦੂ ਧਰਮ ਵਿਚ ਚਾਰ ਆਸ਼ਰਮ ਅਤੇ ਚਾਰ ਪੁਰਸ਼ਾਰਥ ਹਨ ਉਸੇ ਤਰ੍ਹਾਂ ਡਾ. ਨਿਰਾਕਾਰੀ ਨੇ ਵੇਦਾਂ ਦੇ ਚਾਰ ਭਾਗਾਂ ਦੀ ਵਿਆਖਿਆ ਚਾਰ ਆਸ਼ਰਮਾਂ ਰਾਹੀਂ ਕੀਤੀ ਹੈ।"ਡਾ. ਰਾਮਦਾਸ ਨਿਰਾਕਾਰੀ ਵੇਦ ਦੇ ਸੰਬੰਧ ਵਿੱਚ ਆਪਣੇ ਵਿਚਾਰ ਪ੍ਰਗਟ ਕਰਦੇ ਹਨ ਕਿ ਵੇਦ ਦੇ ਇਹਨਾਂ ਚਾਰਾਂ ਭਾਗਾਂ ਦਾ ਸੰਬੰਧ ਮਨੁੱਖੀ ਜੀਵਨ ਦੇ ਚਾਰ ਭਾਗਾਂ ਨਾਲ ਵੀ ਜੋੜਿਆ ਜਾਂਦਾ ਹੈ। ਵੇਦਾਂ ਵਿਚ ਮਨੁੱਖ ਦੀ ਉਮਰ ਸੌ ਸਾਲ ਮੰਨੀ ਗਈ ਹੈ ਅਤੇ ਸੌ ਸਾਲ ਤੱਕ ਜਿਉਣ ਦੀ ਪ੍ਰਾਰਥਨਾ ਕੀਤੀ ਗਈ ਹੈ। ਜੀਵਨ ਦੇ ਪਹਿਲੇ ਪੱਚੀ ਸਾਲ ਵੇਦਾਂ ਦੇ ਪਹਿਲੇ ਭਾਗ ਨਾਲ ਸੰਬੰਧ ਰੱਖਦੇ ਹਨ ਅਤੇ ਉਹਨਾਂ ਦੇ ਅਧਿਐਨ ਵਾਸਤੇ ਵਿਅਕਤੀ ਨੂੰ ਬ੍ਰਹਮਚਾਰੀ ਧਰਮ ਦੇ ਪਾਲਣ ਦਾ ਉਪਦੇਸ਼ ਦਿੱਤਾ ਜਾਂਦਾ ਹੈ। ਜੀਵਨ ਦੇ ਅਗਲੇ ਪੱਚੀ ਸਾਲਾਂ ਵਾਸਤੇ ਬ੍ਰਾਹਮਣ ਗ੍ਰੰਥ ਅਨੁਸਾਰ ਯੱਗ ਆਦਿ ਕਰਮ ਕਰਦੇ ਹੋਏ ਗ੍ਰਹਿਸਥ ਧਰਮ ਦੀ ਪਾਲਣਾ ਕਰਨ ਦਾ ਉਪਦੇਸ਼ ਦਿੱਤਾ ਜਾਂਦਾ ਹੈ। ਜੀਵਨ ਦੇ ਤੀਜੇ ਪੱਚੀ ਸਾਲਾਂ ਨੂੰ ਵੇਦਾਂ ਦੇ ਤੀਜੇ ਆਰਣਿਅਕ ਭਾਗ ਨਾਲ ਜੋੜਿਆ ਜਾਂਦਾ ਹੈ ਅਤੇ ਵਿਅਕਤੀ ਨੂੰ ਵਣ ਵਿਚ ਵਾਸ ਕਰ ਕੇ ਆਤਮ ਸਾਧਨਾ ਦਾ ਉਪਦੇਸ਼ ਦਿੱਤਾ ਜਾਂਦਾ ਹੈ। ਜੀਵਨ ਦੇ ਚੌਥੇ ਅਤੇ ਆਖਰੀ ਪੱਚੀ ਸਾਲਾਂ ਦਾ ਸੰਬੰਧ ਵੇਦ ਦੇ ਚੌਥੇ ਭਾਗ ਉਪਨਿਸ਼ਦਾਂ ਨਾਲ ਜੋੜਿਆ ਜਾਂਦਾ ਹੈ ਤਾਂ ਜੋ ਵਿਅਕਤੀ ਆਤਮ ਗਿਆਨ ਪ੍ਰਾਪਤ ਕਰ ਕੇ ਬ੍ਰਹਮਲੀਨ ਹੋਣ ਦਾ ਯਤਨ ਕਰੇ।"[3] ਵੈਦਿਕ ਰਿਸ਼ੀਆਂ ਨੇ ਵੇਦਾਂ ਦੀ ਹਰ ਇਕ ਗੱਲ ਨੂੰ ਮਨੁੱਖੀ ਸਮਾਜ ਦੇ ਭਲੇ ਹਿਤ ਹੀ ਵੇਖਿਆ ਹੈ ਇਹ ਕਦੇ ਵੀ ਨਹੀਂ ਹੋ ਸਕਦਾ ਕਿ ਵੇਦਾਂ ਦੀ ਕਿਸੇ ਵੀ ਰਿਚਾ ਦਾ ਸੰਬੰਧ ਮਨੁੱਖੀ ਸਮਾਜ ਨਾਲ ਨਾ ਹੋਵੇ ਭਾਵੇਂ ਕਿ ਅਧਿਆਤਮਿਕਤਾ ਨੂੰ ਅਜੋਕਾ ਮਨੁੱਖ ਨਿੱਜੀ ਸਰੋਕਾਰ ਮੰਨਣੋਂ ਮੁਨਕਰ ਹੈ ਪਰ ਪੁਰਾਤਨ ਰਿਸ਼ੀ ਅਜਿਹਾ ਨਹੀਂ ਸਨ ਮੰਨਦੇ।

ਵੇਦਾਂ ਦੇ ਸਾਰੇ ਮੰਤਰ ਕਿਸੇ ਨਾ ਕਿਸੇ ਕੁਦਰਤੀ ਸ਼ਕਤੀ ਦੀ ਦੇਵਤੇ ਦੇ ਰੂਪ ਵਿਚ ਉਸਤਤ ਕਰਦੇ ਹਨ ਜਿਸ ਨਾਲ ਇਕ ਤਾਂ ਉਹ ਕੁਦਰਤ ਦੀ ਹਰ ਚੀਜ਼ ਵਿਚ ਦੈਵੀ ਸ਼ਕਤੀ ਦਾ ਅਨੁਭਵ ਕਰਦੇ ਹਨ ਦੂਜਾ ਉਹ ਕਿਸੇ ਵੀ ਕੁਦਰਤੀ ਸੋਮੇ ਨੂੰ ਹਾਨੀ ਨਹੀਂ ਪਹੁੰਚਾਉਂਦੇ। "ਵੇਦਾਂ ਦੇ ਮੰਤਰ ਪ੍ਰਕ੍ਰਿਤੀ ਦੀ ਉਸਤਤ ਨਾਲ ਸੰਬੰਧਿਤ ਹਨ। ਰਿਸ਼ੀ ਪ੍ਰਕ੍ਰਿਤੀ ਦੀ ਕਿਸੇ ਇਕ ਸ਼ਕਤੀ ਨੂੰ ਦੇਵਤਾ ਮੰਨ ਕੇ ਉਸ ਦੀ ਉਸਤਤ ਕਰਦੇ ਸਨ ਅਤੇ ਉਸ ਵਿਚ ਵਿਸ਼ਵਾਸ਼ ਦ੍ਰਿੜ੍ਹ ਕਰਾਉਂਦੇ ਹੋਏ ਮੰਤਰਾਂ ਦਾ ਉਚਾਰਨ ਕਰਦੇ ਸਨ। ਜੈ ਚੰਦਰ ਵਿਦਿਆਲੰਕਾਰ ਕਹਿੰਦੇ ਹਨ ਕਿ ਦੇਵਤਾ ਦਾ ਅਰਥ ਹੈ ਵਿਸ਼ੇ। ਜਿਸ ਦੇ ਵਿਸ਼ੇ ਵਿਚ ਜਾਂ ਜਿਸਨੂੰ ਸੰਬੋਧਨ ਕਰ ਕੇ ਰਿਚਾ ਕਹੀ ਗਈ ਹੋਵੇ ਉਹ ਉਸ ਰਿਚਾ ਦਾ ਦੇਵਤਾ ਹੁੰਦਾ ਹੈ। ਅਨੇਕ ਰਿਸ਼ੀਆਂ ਦੇ ਨਾਂ ਉਹਨਾਂ ਦੀਆਂ ਰਿਚਾਵਾਂ ਦੇ ਅੰਦਰ ਵੀ ਆਉਂਦੇ ਹਨ ਜਿਵੇਂ ਹਿੰਦੀ ਦੇ ਕਵੀ ਆਪਣਾ ਨਾਂ ਕਵਿਤਾ ਵਿਚ ਪਾ ਦਿੰਦੇ ਹਨ। ਰਿਗਵੇਦ ਸੰਹਿਤਾ ਦੇ ਪਹਿਲੇ ਮੰਡਲ ਦੇ ਪਹਿਲੇ ਪੰਜਾਹ ਸੂਕਤ ਅਤੇ ਸਮੁੱਚਾ ਅਠਵਾਂ ਮੰਡਲ ਕਾਣਵ

---

[2] ਡਾ.ਪਰਮਵੀਰ ਸਿੰਘ, ਡਾ.ਪਰਦੁਮਨ ਸ਼ਾਹ ਸਿੰਘ, *ਭਾਰਤ ਦੇ ਪ੍ਰਮੁਖ ਧਰਮ*, ਪੰਨਾ 3-4.
[3] ਡਾ. ਆਰ.ਡੀ. ਨਿਰਾਕਾਰੀ, *ਰਿਸ਼ੀ ਦਰਸ਼ਨ,* ਪੰਨਾ 13.

ਵੰਸ਼ ਦੇ ਰਿਸ਼ੀਆਂ ਦਾ ਹੈ। ਦੂਜਾ ਮੰਡਲ ਗ੍ਰਿਤਸਮਦ ਵੰਸ਼ ਦੇ, ਤੀਜਾ ਵਿਸ਼ਵਾਮਿਤਰ ਵੰਸ਼ ਦੇ, ਚੌਥਾ ਵਾਸਦੇਵ ਵੰਸ਼ ਦੇ, ਪੰਜਵਾਂ ਆਤ੍ਰੇਯ ਵੰਸ਼ ਦੇ, ਛੇਵਾਂ ਭਾਰਦਵਾਜ ਵੰਸ਼ ਦੇ ਅਤੇ ਸਤਵਾਂ ਮੰਡਲ ਵਸ਼ਿਸ਼ਟ ਵੰਸ਼ ਦੇ ਰਿਸ਼ੀਆਂ ਦਾ ਹੈ। ਨੌਵੇਂ ਮੰਡਲ ਵਿਚ ਇਕ ਹੀ ਦੇਵਤੇ, ਸੋਮਾ ਪਵਮਾਨ, ਬਾਰੇ ਵੱਖ-ਵੱਖ ਰਿਸ਼ੀਆਂ ਦੇ ਸੂਕਤ ਹਨ ਅਤੇ ਦਸਵੇਂ ਮੰਡਲ ਤੇ ਪਹਿਲੇ ਮੰਡਲ ਦਾ ਬਾਕੀ ਹਿੱਸਾ (51-191) ਵੱਖ ਵੱਖ ਰਿਸ਼ੀਆਂ ਦੇ ਅਤੇ ਵੱਖ-ਵੱਖ ਵਿਸ਼ਿਆਂ ਬਾਰੇ ਹਨ। ਇਸ ਤਰ੍ਹਾਂ ਰਿਗਵੇਦ ਦੀ ਰਚਨਾ ਵਿਚ ਕਿਸੇ ਇਕ ਰਿਸ਼ੀ ਦਾ ਵਿਸ਼ੇਸ਼ ਤੌਰ ਤੇ ਪਤਾ ਨਹੀ ਲੱਗਦਾ ਬਲਕਿ ਵੱਖ-ਵੱਖ ਰੂਪਾਂ ਵਿੱਚ ਚੱਲੀਆਂ ਵੰਸ਼ ਪਰੰਪਰਾਵਾਂ ਨੇ ਰਿਗਵੇਦ ਦੇ ਮੰਤਰਾਂ ਦੀ ਰਚਨਾ ਕੀਤੀ ਹੈ।"[4] ਬੇਸ਼ੱਕ ਵੇਦ ਕਿਸੇ ਇਕ ਰਿਸ਼ੀ ਪਰੰਪਰਾ ਦੀ ਕ੍ਰਿਤ ਨਾ ਹੋ ਕੇ ਵੱਖ-ਵੱਖ ਰਿਸ਼ੀ ਪਰੰਪਰਾਵਾਂ ਦੁਆਰਾ ਹੋਂਦ ਵਿਚ ਆਏ ਹੋਣਗੇ ਕਿਉਂਕਿ ਗਿਆਨ ਦਾ ਏਨਾ ਵੱਡਾ ਖਜ਼ਾਨਾ ਹੋਂਦ ਵਿਚ ਲਿਆਉਣਾ ਆਸਾਨ ਕੰਮ ਨਹੀਂ।

ਪਹਿਲੋਂ ਪਹਿਲ ਤਿੰਨ ਹੀ ਵੇਦ ਸਨ ਅਥਰਵਵੇਦ ਨੂੰ ਅਖੀਰ ਵਿਚ ਸ਼ਾਮਿਲ ਕੀਤਾ ਗਿਆ ਅਤੇ ਇੰਨ੍ਹਾਂ ਦੀ ਗਿਣਤੀ ਚਾਰ ਹੋ ਗਈ।ਡਾ. ਪ੍ਰੇਮ ਪ੍ਰਕਾਸ਼ ਰਚਿਤ ਸੰਸਕ੍ਰਿਤ ਪੰਜਾਬੀ ਕੋਸ਼ ਅਨੁਸਾਰ ਵੇਦ, "ਗਿਆਨ, ਅਧਿਆਤਿਮਕ ਗਿਆਨ; ਵਿੱਦਿਆ, ਹਿੰਦੂਆਂ ਦੇ ਇਲਹਾਮੀ ਧਰਮ ਗ੍ਰੰਥ। ਮੂਲ ਰੂਪ ਵਿਚ ਵੇਦ ਕੇਵਲ ਤਿੰਨ ਸਨ। ਰਿਗਵੇਦ, ਯਜੁਰਵੇਦ ਅਤੇ ਸਾਮਵੇਦ ਜਿੰਨ੍ਹਾਂ ਨੂੰ ਇਕੱਠੇ ਰੂਪ ਵਿਚ ਤ੍ਰੈਈ ਕਿਹਾ ਜਾਂਦਾ ਹੈ ਸੀ ਪਰ ਬਾਅਦ ਵਿਚ ਅਥਰਵਵੇਦ ਵੀ ਇਨ੍ਹਾਂ ਨਾਲ ਜੁੜ ਗਿਆ। ਹਰ ਇਕ ਵੇਦ ਦੇ ਦੋ ਭਾਗ ਹਨ ਮੰਤਰ ਜਾਂ ਸੰਹਿਤਾਭਾਗ ਅਤੇ ਬ੍ਰਾਹਮਣ ਭਾਗ। ਹਿੰਦੂਆਂ ਦੀ ਮਾਨਤਾ ਅਨੁਸਾਰ ਵੇਦ ਮਨੁੱਖੀ ਰਚਨਾ ਨਹੀਂ ਹਨ ਕਿਉਂਕਿ ਇਹ ਪਰਮਾਤਮਾ ਵੱਲੋਂ ਪ੍ਰਗਟ ਹੋਏ ਜਾਂ ਸੁਣੇ ਗਏ ਹਨ ਇਸੇ ਲਈ ਇੰਨ੍ਹਾਂ ਨੂੰ ਸ਼ਰੁਤੀ ਕਹਿੰਦੇ ਹਨ। ਇਸਦੇ ਵਿਪਰੀਤ ਸਿਮਰਿਤੀ ਗ੍ਰੰਥ ਹਨ ਜੋ ਮਨੁੱਖਾਂ ਦੀਆਂ ਰਚਨਾਵਾਂ ਹਨ, ਸਿਮਰਿਤੀ ਦਾ ਅਰਥ ਹੈ ਉਹ ਜੋ ਯਾਦ ਰੱਖੇ ਜਾਣ।"[5] ਵੇਦਾਂ ਨੂੰ ਮਨੁੱਖੀ ਕ੍ਰਿਤ ਨਹੀਂ ਮੰਨਿਆ ਜਾਂਦਾ ਬਲਕਿ ਵੇਦ ਮੰਤਰਾਂ ਦੇ ਦਰਸ਼ਨ ਰਿਸ਼ੀਆਂ ਨੇ ਕੀਤੇ ਅਤੇ ਬਾਅਦ ਵਿਚ ਇਸਨੂੰ ਲਿਖਤ ਰੂਪ ਵਿਚ ਲਿਆਂਦਾ।

ਵਿਦਵਾਨ ਮੰਨਦੇ ਹਨ ਕਿ ਪਹਿਲੋ ਪਹਿਲ ਇਕ ਹੀ ਵੇਦ ਸੀ ਰਿਗਵੇਦ ਅਤੇ ਬਾਅਦ ਵਿਚ ਉਸਦੇ ਗਾਉਣ ਵਾਲੇ ਮੰਤਰਾਂ ਤੋਂ ਸਾਮਵੇਦ ਬਣਿਆ, ਕਰਮਕਾਂਡੀ ਕ੍ਰਿਆਵਾਂ ਯਜੁਰਵੇਦ ਵਿਚ ਆ ਗਈਆ ਅਤੇ ਅੰਤ ਵਿਚ ਜਾਦੂ-ਟੂਣਿਆਂ ਨਾਲ ਸੰਬੰਧਿਤ ਮੰਤਰ ਅਥਰਵਵੇਦ ਵਿਚ ਇਕੱਠੇ ਕੀਤੇ ਗਏ। "ਪਹਿਲਾਂ ਪਹਿਲਾਂ ਵੇਦਾਂ ਦਾ ਕੋਈ ਵਰਗੀਕਰਨ ਨਹੀਂ ਸੀ। ਜਿਉਂ ਹੀ ਵੈਦਿਕ ਪਰੰਪਰਾ ਅੱਗੇ ਤੁਰੀ ਤਾਂ ਸੰਹਿਤਾ ਦੇ ਰੂਪ ਵਿਚ ਸੰਗ੍ਰਹਿ ਕੀਤੇ ਮੰਤਰਾਂ ਨੂੰ ਵੇਦਾਂ ਦਾ ਨਾਮ ਦਿੱਤਾ ਗਿਆ। ਵੇਦਾਂ ਦਾ ਵਰਗੀਕਰਨ ਕਰਦੇ ਹੋਏ ਮੰਤਰਾਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਗਿਆ। ਜਿੰਨ੍ਹਾਂ ਨੂੰ ਰਿਗ, ਯਜੁਰ ਅਤੇ ਸਾਮ ਦਾ ਨਾਮ ਦਿੱਤਾ ਗਿਆ ਇਸ ਸਮੇਂ ਤੱਕ ਚੌਥੇ ਵੇਦ ਦੀ ਕੋਈ ਹੋਂਦ ਨਹੀਂ ਸੀ ਅਤੇ ਪਹਿਲੇ ਤਿੰਨ ਵੇਦਾਂ ਦੇ ਸਮੂਹ ਨੂੰ ਵੇਦ-ਤ੍ਰਈ' ਕਿਹਾ ਗਿਆ। ਚੌਥੇ ਵੇਦ ਨੂੰ ਬਾਅਦ ਵਿਚ ਸ਼ਾਮਲ ਕੀਤਾ ਗਿਆ ਜਿਸ ਵਿਚ ਪਹਿਲੀਆਂ ਤਿੰਨ ਸੰਹਿਤਾਵਾਂ ਵਿਚੋਂ ਬਚੇ ਮੰਤਰਾਂ ਨੂੰ ਸ਼ਾਮਲ ਕਰ ਕੇ ਅਥਰਵੇਦ ਦਾ ਨਾਂ ਦਿੱਤਾ ਗਿਆ। ਇਸ ਵੇਦ ਦੀ

[4] ਡਾ.ਪਰਮਵੀਰ ਸਿੰਘ, ਡਾ. ਪਰਦੁਮਨ ਸ਼ਾਹ ਸਿੰਘ, *ਭਾਰਤ ਦੇ ਪ੍ਰਮੁਖ ਧਰਮ*, ਪੰਨਾ 7.
[5] ਸੰਪਾ ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼*, 892.

ਪਹਿਲੇ ਤਿੰਨ ਵੇਦਾਂ ਨਾਲੋਂ ਵਿਲੱਖਣਤਾ ਇਹ ਸੀ ਕਿ ਇਸ ਵਿਚ ਜਾਦੂ-ਟੂਣਿਆਂ ਨਾਲ ਸਬੰਧਿਤ ਮੰਤ੍ਰਾਂ ਨੂੰ ਸ਼ਾਮਲ ਕੀਤਾ ਗਿਆ ਜਿਨ੍ਹਾਂ ਦੀ ਪਹਿਲੇ ਤਿੰਨ ਵੇਦਾਂ ਵਿਚ ਅਣਹੋਂਦ ਸਪਸ਼ਟ ਦੇਖਣ ਨੂੰ ਮਿਲਦੀ ਹੈ।"[6] ਵੇਦਾਂ ਦਾ ਵਰਗੀਕਰਨ ਵੇਦ ਵਿਆਸ ਵੱਲੋਂ ਮੰਨਿਆ ਜਾਂਦਾ ਹੈ ਉਹਨਾਂ ਦਾ ਅਸਲ ਨਾ ਤਾਂ ਕ੍ਰਿਸ਼ਨ ਦਵੈਪਾਇਨ ਸੀ ਪਰ ਵੇਦਾਂ ਨੂੰ ਵਰਗੀਕ੍ਰਿਤ ਕਰਨ ਨਾਲ ਉਹਨਾਂ ਦਾ ਨਾਂ ਵੇਦ ਵਿਆਸ ਪਿਆ ਭਾਵ ਵੇਦਾਂ ਦਾ ਵਿਸਥਾਰ ਕਰਨ ਵਾਲਾ। ਕੁਝ ਵਿਦਵਾਨ ਵੇਦ ਵਿਆਸਾਂ ਦੀ ਪਰੰਪਰਾ ਦੀ ਲੜੀ ਨੂੰ ਵੀ ਮੰਨਦੇ ਹਨ।

**ਰਿਗਵੇਦ ਵਿਚ ਆਈਆਂ ਪ੍ਰਮੁੱਖ ਪ੍ਰਾਰਥਨਾਵਾਂ :**

ਵਿਦਵਾਨ ਇਸ ਗੱਲ ਤੇ ਇਕਮਤ ਹਨ ਕਿ ਸੰਸਾਰ ਦੀ ਸਭ ਤੋਂ ਪਹਿਲੀ ਲਿਖੀ ਜਾਣ ਵਾਲੀ ਰਚਨਾ ਰਿਗਵੇਦ ਹੈ ਜਿਸ ਵਿਚ ਜ਼ਿੰਦਗੀ ਦੇ ਹਰ ਪੱਖ ਦਾ ਗਿਆਨ ਸ਼ਾਮਿਲ ਹੈ। "ਸੰਸਾਰ ਦੀ ਸਭ ਤੋਂ ਪਹਿਲੀ ਪੁਸਤਕ ਦਾ ਨਾਂ ਰਿਗਵੇਦ ਹੈ, ਇਹ ਸਾਰੇ ਪੱਛਮੀ ਤੇ ਭਾਰਤੀ ਵਿਦਵਾਨਾਂ ਦਾ ਮਤ ਹੈ। ਇਸ ਪੁਸਤਕ ਵਿਚ ਹਾਲਾਂਕਿ ਵੈਦਿਕ ਰਿਸ਼ੀਆਂ ਨੇ ਦੇਵਤਿਆਂ ਦੀਆਂ ਉਸਤਤੀਆਂ ਕਈ ਰੂਪਾਂ ਵਿਚ ਕੀਤੀਆਂ ਹਨ, ਫਿਰ ਵੀ ਇਸ ਗ੍ਰੰਥ ਵਿਚ ਅਨੇਕ ਵਿਸ਼ਿਆ ਤੇ ਪ੍ਰਕਾਸ਼ ਪਾਇਆ ਗਿਆ ਹੈ। ਇਥੇ ਜਗਤ ਦੀ ਰਚਨਾ ਦੇ ਕਈ ਰੂਪ ਮਿਲਦੇ ਹਨ, ਪ੍ਰਕਿਰਤੀ ਦੇ ਤੱਤਾਂ ਦੇ ਪਦਾਰਥਾਂ ਨੂੰ ਵੀ ਦੇਵਤਾ ਮੰਨਿਆ ਗਿਆ ਹੈ; ਅਗਨੀ, ਵਾਯੂ, ਸੂਰਜ, ਪ੍ਰਿਥਵੀ, ਦਿਊ, ਅੰਤਰਿਕਸ਼, ਮੇਘ, ਜਲ, ਪਹਾੜ, ਨਦੀਆਂ, ਸਮੁੰਦਰ, ਔਸ਼ਧੀਆਂ, ਪਸ਼ੂ, ਪੰਛੀ, ਪਰਭਾਤ ਆਦਿ ਅਨੇਕ ਅਜਿਹੇ ਵਿਸ਼ੇ ਹਨ ਜਿੰਨ੍ਹਾਂ ਦਾ ਵਰਨਣ ਇਥੇ ਮਿਲਦਾ ਹੈ। ਅੱਜ ਕਲ ਦੇ ਆਤੰਕਵਾਦ ਦੇ ਬੀਜਾਂ ਬਾਰੇ ਵੀ ਵੇਦਾਂ ਵਿਚ ਬਹੁਤ ਕੁਝ ਕਿਹਾ ਗਿਆ ਹੈ। ਵ੍ਰਿਤਰ ਆਦਿ ਅਸੁਰ ਮਨੁੱਖਤਾ ਦੇ ਦੁਸ਼ਮਨ ਮੰਨੇ ਗਏ ਹਨ, ਜਿੰਨ੍ਹਾਂ ਦੇ ਖਾਤਮੇ ਵਾਸਤੇ ਵੈਦਿਕ ਰਿਸ਼ੀ ਦੇਵਤਿਆਂ ਦੀਆਂ ਕਈ ਢੰਗਾਂ ਨਾਲ ਪ੍ਰਾਰਥਨਾਵਾਂ ਕਰਦੇ ਹਨ। ਇਹ ਵੈਦਿਕ ਰਿਸ਼ੀ ਮਨੁੱਖੀ ਜੀਵਨ ਵਿੱਚ, ਸਮਾਜ ਵਿਚ ਅਤੇ ਸਾਰੀ ਪ੍ਰਕਿਰਤੀ ਵਿਚ ਸ਼ਾਂਤੀ ਚਾਹੁੰਦੇ ਹਨ; ਇਸ ਸ਼ਾਂਤੀ ਦੀ ਪ੍ਰਾਪਤੀ ਲਈ ਅਨੇਕ ਮੰਤਰਾਂ ਵਿਚ ਕਈ ਤਰ੍ਹਾਂ ਦੀਆਂ ਪ੍ਰਾਰਥਨਾਵਾਂ ਦਾ ਮਹੱਤਵ ਵੈਦਿਕ ਕਾਲ ਨਾਲੋਂ ਵਰਤਮਾਨ ਕਾਲ ਵਿਚ ਜ਼ਿਆਦਾ ਪ੍ਰਤੀਤ ਹੁੰਦਾ ਹੈ, ਕਿਉਂਕਿ ਇਹ ਲੱਗਦਾ ਹੈ ਕਿ ਪਹਿਲਾਂ ਨਾਲੋਂ ਵਰਤਮਾਨ ਮਨੁੱਖੀ ਸਮਾਜ ਨੂੰ ਸ਼ਾਂਤੀ ਦੀ ਜ਼ਿਆਦਾ ਲੋੜ ਹੈ"।[7] ਸੰਸਾਰ ਦੇ ਸਾਰੇ ਧਰਮ ਗ੍ਰੰਥ ਮਨੁੱਖਤਾ ਦੀ ਭਲਾਈ ਲਈ ਹੀ ਰਚੇ ਗਏ ਹਨ ਅਤੇ ਸਾਰੇ ਮਨੁੱਖਾਂ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਰਲ ਕੇ ਰਹਿਣ ਦਾ ਉਪਦੇਸ਼ ਹਰ ਧਰਮ ਦੇ ਗ੍ਰੰਥ ਵਿੱਚ ਮਿਲਦਾ ਹੈ। ਓਹ ਅਲੱਗ ਗੱਲ ਹੈ ਕਿ ਬਹੁਤੀ ਵਾਰ ਸਮਾਜ ਦੇ ਕੁਝ ਚਲਾਕ ਲੋਕ ਉਹਨਾਂ ਸਾਂਝੇ ਉਪਦੇਸ਼ਾਂ ਨੂੰ ਛੱਡ ਕੇ ਧਰਮ ਦੇ ਨਾਂ ਤੇ ਦੰਗਾ-ਫਸਾਦ ਕਰਵਾ ਕੇ ਜ਼ਿਆਦਾ ਖੁਸ਼ ਰਹਿੰਦੇ ਹਨ।

ਧਰਮ ਦੀ ਦੁਨੀਆਂ ਵਿਚ ਪ੍ਰਾਰਥਨਾ ਦੀ ਬੜੀ ਅਹਿਮੀਅਤ ਹੈ ਕਿਉਂਕਿ ਹੋਰ ਕੋਈ ਦੂਜਾ ਰਾਹ ਹੀ ਨਹੀਂ ਰੱਬ ਤੱਕ ਪਹੁੰਚ ਸਥਾਪਿਤ ਕਰਨ ਦਾ। "ਸਾਰਿਆਂ ਉਤਮ ਕੰਮਾਂ ਵਿੱਚ ਈਸ਼ਵਰ ਦੀ ਸਹਾਇਤਾ ਦੀ ਕਾਮਨਾ ਕਰਨਾ 'ਪ੍ਰਾਰਥਨਾ' ਹੈ। ਮਨੁੱਖ ਨਿਰਬਲ ਅਤੇ ਥੋੜ੍ਹੀ ਸਮਰੱਥਾ ਵਾਲਾ ਹੈ ਅਤੇ ਪਰਮਾਤਮਾ ਸਰਵਸਮੱਰਥਵਾਨ ਹੈ। ਸਮੱਰਥਾਵਾਨ ਕੋਲ ਹੀ ਪ੍ਰਾਰਥਨਾ ਹੁੰਦੀ ਹੈ। ਉਹੀ ਪ੍ਰਾਰਥਨਾ ਕਰਨ ਦੇ ਯੋਗ

---

[6] ਡਾ.ਪਰਮਵੀਰ ਸਿੰਘ, ਡਾ.ਪਰਦੁਮਨ ਸ਼ਾਹ ਸਿੰਘ, *ਭਾਰਤ ਦੇ ਪ੍ਰਮੁਖ ਧਰਮ* ,ਪੰਨਾ 5-6.

[7] ਆਰ.ਡੀ. ਨਿਰਾਕਾਰੀ, *ਰਿਗਵੇਦ; ਰਿਸ਼ੀ ਸੰਵਾਦ*, ਪੰਨਾ 5.

ਹੈ।"[8] ਪ੍ਰਾਰਥਨਾ ਕਰਨ ਦੇ ਲਾਇਕ ਪਰਮਾਤਮਾ ਹੀ ਹੈ ਬਾਕੀ ਸਾਰਾ ਉਸਦਾ ਬਣਾਇਆ ਹੈ ਜੇ ਉਸਦੀ ਬਣਾਈ ਚੀਜ ਕੋਲ ਪ੍ਰਾਰਥਨਾ ਕਰੋਗੇ ਤਾਂ ਇਹ ਪਰਮਾਤਮਾ ਦਾ ਨਿਰਾਦਰ ਹੋਵੇਗਾ।

ਡਾ. ਸੁਰਿੰਦਰ ਕੁਮਾਰ ਨੇ ਰਿਗਵੇਦ ਦੀਆਂ ਰਿਚਾਵਾਂ ਦਾ ਬੜਾ ਭਾਵਪੂਰਕ ਵਰਗੀਕਰਨ ਕੀਤਾ ਹੈ ਜਿਸ ਨਾਲ ਇਹ ਦੇਖਣਾ ਅਸਾਨ ਹੋ ਜਾਂਦਾ ਹੈ ਕਿ ਉਸਤਤ, ਪ੍ਰਾਰਥਨਾਵਾਂ ਅਤੇ ਉਪਾਸਨਾ ਦੀਆਂ ਰਿਚਾਵਾਂ ਕਿਹੜੀਆਂ ਹਨ। "ਰਿਗਵੇਦ ਵਿਚ ਕੁਝ ਰਿਚਾਵਾਂ ਉਸਤਤ ਕਰਨ ਵਾਲੀਆਂ ਹਨ, ਕੁਝ ਪ੍ਰਾਰਥਨਾ ਕਰਨ ਵਾਲੀਆਂ ਅਤੇ ਉਪਾਸਨਾ ਭਰਪੂਰ। ਸੋ ਇੱਥੇ ਉਸਤਤ ਪ੍ਰਾਰਥਨਾ, ਉਪਾਸਨਾ ਵਿਚ ਜਿਹੜਾ ਅੰਤਰ ਆਉਂਦਾ ਹੈ, ਉਸ ਉਪਰ ਪ੍ਰਕਾਸ਼ ਪਾਉਣਾ ਜਰੂਰੀ ਹੈ। ਈਸ਼ਵਰ ਦੇ ਗੁਣਾਂ ਦੀ ਪ੍ਰਸੰਸਾ ਉਸਤਤ ਕਹਾਉਂਦੀ ਹੈ। ਗੁਣਾਂ ਨੂੰ ਅਪਨਾਉਣ ਅਤੇ ਔਗੁਣਾ ਨੂੰ ਛੱਡਣ ਵਿਚ ਈਸ਼ਵਰ ਦੀ ਸਹਾਇਤਾ ਦੀ ਮੰਗ ਪ੍ਰਾਰਥਨਾ ਅਤੇ ਆਤਮ ਸਮਰਪਣ ਉਪਾਸਨਾ ਕਹਾਉਂਦੀ ਹੈ।"[9] ਵੈਦਿਕ ਰਿਸ਼ੀਆਂ ਨੇ ਨਿੱਜੀ ਅਨੁਭਵ ਦੁਆਰਾ ਮੰਤਰਾਂ ਦਾ ਪ੍ਰਤੱਖ ਦਰਸ਼ਨ ਕੀਤਾ ਅਤੇ ਉਸਨੂੰ ਸਾਂਭ ਕੇ ਰੱਖਿਆ।

**ਗਾਇਤਰੀ ਮੰਤਰ :**

**ओउम भूर्भुव: स्व:। तत्सवितुर्वरेणयं भर्गो देवस्य धीमिह। धियो यो न: प्रचोदयात।** [10]

ਸੰਸਕ੍ਰਿਤ ਪੰਜਾਬੀ ਕੋਸ਼ ਅਨੁਸਾਰ "ਮਾਤਰਾਵਾਂ ਦਾ ਇਕ ਵੈਦਿਕ ਛੰਦ, ਵੇਦਮਾਤਾ, ਬ੍ਰਾਹਮਣਾਂ ਦਾ ਉਪਾਸਨਾ ਕਰਨ ਯੋਗ ਇਕ ਵੈਦਿਕ ਮੰਤਰ, ਦੁਰਗਾ, ਗੰਗਾ।"[11]

ਮਹਾਨ ਕੋਸ਼ ਵਿਚ ਗਾਯਤ੍ਰੀ ਬਾਰੇ ਇਸ ਪ੍ਰਕਾਰ ਲਿਖਿਆ ਹੈ, "ਵੈਦਿਕ ਸੂਤਰਾਂ ਨੂੰ ਗਾਉਣ ਵਾਲਾ, ਸਾਮਵੇਦ ਦੇ ਮੰਤਰਾਂ ਨੂੰ ਵਿਸ਼ੇਸ਼ ਰੂਪਾਂ ਵਿੱਚ ਗਾਉਣ ਵਾਲਾ।ਜੋ ਗਾਉਣ ਵਾਲੇ ਦੀ ਰੱਖਿਆ ਕਰੇ ਉਹ ਗਾਯਤ੍ਰੀ, ਨਿਰੁਕ੍ਤ ਵਿਚ ਅਰਥ ਕੀਤਾ ਹੈ ਕਿ ਸਤੂਤਿ ਕਰਦੇ ਹੋਏ ਬ੍ਰਹਮਾ ਦੇ ਮੁਖ ਤੋਂ ਨਿਕਲਣੇ ਕਾਰਨ ਗਾਯਤ੍ਰੀ ਸੰਗਯਾ ਹੈ, ਫੇਰ ਨਿਰੁਕਤ ਨੇ ਹੋਰ ਅਰਥ ਕੀਤਾ ਹੈ ਤ੍ਰਿ-ਗਾਯ ਦਾ ਉਲਟ ਗਾਯਤ੍ਰੀ ਹੈ, ਅਰਥਾਤ ਤ੍ਰੈ ਪੈਰਾਂ ਵਾਲੀ ਤ੍ਰਿਪਦਾ, ਗਾਇ੍ਤ੍ਰੀ ਹਿੰਦੂਆਂ ਦਾ ਮਹਾਂਮੰਤ੍ਰ ਹੈ ਜਿਸਨੂੰ ਕੇਵਲ ਦ੍ਵਿਜ (ਬ੍ਰਾਹਮਣ, ਕਛਤ੍ਰਿਯ, ਵੈਸ਼ਯ) ਜਪ ਸਕਦੇ ਹਨ।

ਪਦਮ ਪੁਰਾਣ ਵਿਚ ਕਥਾ ਹੈ ਕਿ ਇਕ ਵੇਰ ਬ੍ਰਹਮਾ ਯੱਗ ਕਰਨ ਲੱਗਾ ਅਤੇ ਆਪਣੀ ਇਸਤ੍ਰੀ ਸਾਵਿਤ੍ਰੀ ਨੂੰ ਬਲਾਉਣ ਲਈ ਇੰਦ੍ਰ ਭੇਜਿਆ ਕਿਉਂਕਿ ਅਰਧਾਂਗਿਨੀ ਬਿਨਾਂ ਯਗਯ ਹੋ ਨਹੀਂ ਸਕਦਾ ਸੀ। ਸਾਵਿਤ੍ਰੀ ਨੇ ਕਿਹਾ ਕਿ ਮੈਂ ਆਪਣੀਆਂ ਸਹੇਲੀਆਂ ਬਿਨਾਂ ਨਹੀਂ ਜਾਂਦੀ। ਜਦ ਇੰਦ੍ਰ ਖਾਲੀ ਆਇਆ ਤਦ ਬ੍ਰਹਮਾ ਨੇ ਆਖਿਆ ਕਿ ਮੇਰੇ ਵਾਸਤੇ ਕੋਈ ਹੋਰ ਇਸਤ੍ਰੀ ਲਿਆ ਇੰਦ੍ਰ ਨੇ ਮਰਤਯ ਲੋਕ ਤੋਂ ਇਕ ਗਵਾਲਨ ਲੈ ਆਂਦੀ ਜਿਸਦਾ ਨਾਉ ਗਾਯ੍ਤ੍ਰੀ ਸੀ ਬ੍ਰਹਮਾ ਨੇ ਉਸ ਨਾਲ ਗਾਂਧ੍ਰਵ ਵਿਆਹ ਕਰਕੇ ਯਗਯ ਪੂਰਾ ਕੀਤਾ।

---

[8] आचार्य स्तिआनम्द, वैदिक नितयकरम *इेवम पम्चमहाँय्ग (हिम्दी)* पम्ना 45.

[9] डा.सुरेन्द्र कुमार, ऋग्वेद *में विविध विद्याएं,* पन्ना 32.

[10] *ਰਿਗਵੇਦ* 3.62.10

[11] ਸੰਪਾ: ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼*, ਪੰਨਾ 216.

ਗਾਯਤ੍ਰੀ ਦਾ ਰੂਪ ਇਉਂ ਦੱਸਿਆ ਗਿਆ ਹੈ ਕਿ ਇਕ ਹੱਥ ਵਿਚ ਮ੍ਰਿਗ ਦਾ ਸਿੰਗ ਅਤੇ ਦੂਜੇ ਹੱਥ ਵਿਚ ਕਮਲ ਹੈ, ਲਾਲ ਵਸਤ੍ਰ, ਗਲੇ ਮੋਤੀਆਂ ਦਾ ਹਾਰ, ਕੰਨਾਂ ਵਿਚ ਕੁੰਡਲ ਅਤੇ ਮੱਥੇ ਉਪਰ ਮੁਕਟ ਹੈ।

ਵੇਦ ਬ੍ਰਾਹਮਣਾਂ ਵਿਚ ਜ਼ਿਕਰ ਆਇਆ ਹੈ ਕਿ ਇਕ ਵਾਰ ਵ੍ਰਿਹਸਪਤੀ ਨੇ ਲੱਤ ਮਾਰ ਕੇ ਗਾਯਤ੍ਰੀ ਦਾ ਮੱਥਾ ਭੰਨ ਦਿੱਤਾ ਅਤੇ ਉਸ ਜ਼ਖ਼ਮ ਵਿਚੋਂ ਵਖਟਕਾਰ ਦੇਵਤਾ ਪੈਦਾ ਹੋ ਗਏ; ਗਾਯਤ੍ਰੀ ਨੂੰ ਵੇਦਾਂ ਦੀ ਮਾਤਾ ਲਿਖਿਆ ਹੈ ਅਸਲ ਵਿਚ ਇਹ ਰਿਗਵੇਦ ਦਾ ਮੰਤ੍ਰ ਵਿਸ਼ਵਾਮਿਤ੍ਰ ਰਿਖੀ ਦੀ ਰਚਨਾ ਹੈ।

2. ਛੰਦਾਂ ਦੀ ਉਹ ਜਾਤਿ ਜਿੰਨਾਂ ਦੇ ਪ੍ਰਤਿ ਚਰਣ ਛੀ ਛੀ ਅਖਰ ਹੋਣ, ਜੈਸੇ ਸਸਿਵਦਨਾ ਅਤੇ ਸੋਮਰਾਜੀ।"[12]

ਡਾ. ਰਤਨ ਸਿੰਘ ਜੱਗੀ ਕ੍ਰਿਤ ਗੁਰੂ ਗ੍ਰੰਥ ਵਿਸ਼ਵਕੋਸ਼ ਅਨੁਸਾਰ, "ਇਹ ਹਿੰਦੂ ਧਰਮ ਦੇ ਇਕ ਮਹੱਤਵਪੂਰਣ 'ਵੈਦਿਕ' ਮੰਤ੍ਰ ਦਾ ਨਾਂ ਹੈ। ਮੂਲ ਰੂਪ ਵਿਚ ਇਹ ਇਕ ਛੰਦ ਦਾ ਨਾਂ ਹੈ ਜਿਸਦੀ ਵਰਤੋਂ 'ਰਿਗ-ਵੇਦ' ਵਿਚ ਹੋਈ ਹੈ। ਇਸ ਵਿਚ ਅੱਠ-ਅੱਠ ਅੱਖਰਾਂ ਦੇ ਤਿੰਨ ਚਰਣ ਹੁੰਦੇ ਹਨ। 'ਰਿਗ-ਵੇਦ' ਵਿਚ ਇਸ ਛੰਦ ਦੀ ਸਭ ਤੋਂ ਵੱਧ ਵਰਤੋਂ ਹੋਈ ਹੈ। ਇਸਦਾ ਅਰਥ ਹੈ। ਗਾਉਣ ਵਾਲੇ ਦੀ ਰੱਖਿਆ ਕਰਨ ਵਾਲੀ।"[13] ਸੋ ਇਸ ਤਰ੍ਹਾਂ ਹਿੰਦੂ ਧਰਮ ਵਿਚ ਗਾਇਤ੍ਰੀ ਮੰਤਰ ਦੀ ਬਹੁਤ ਮਹਾਨਤਾ ਹੈ ਜਿਵੇਂ ਸਿੱਖਾਂ ਵਿਚ ਮੂਲਮੰਤ੍ਰ ਦੀ ਅਤੇ ਮੁਸਲਮਾਨਾਂ ਵਿਚ ਕਲਮੇ ਦੀ ਹੈ।

ਗਾਇ੍ਰਿਤੀ ਮੰਤਰ ਦੇ ਅਰਥ ਕਰਦਿਆ ਦੱਸਿਆ ਗਿਆ ਹੈ ਕਿ ਪਰਮਾਤਮਾ ਅਸੀਮ ਅਤੇ ਸਾਰੀਆਂ ਸ਼ਕਤੀਆਂ ਦਾ ਮਾਲਕ ਹੈ ਅਤ ਉਸਦੇ ਕੀਤਿਆਂ ਹੀ ਸਾਰੇ ਕਾਰਜ ਰਾਸ ਹੁੰਦੇ ਹਨ। "ਧਰਤੀ, ਅੰਤਰਿਕਸ਼ ਅਤੇ ਆਕਾਸ਼ ਭਾਵ ਸਾਰੇ ਬ੍ਰਹਿਮੰਡ ਨੂੰ ਧਿਆਨ ਵਿੱਚ ਰੱਖ ਕੇ ਪਰਮਾਤਮਾ ਦੀ ਵਿਸ਼ਾਲਤਾ ਦਾ ਅਸੀਂ ਅਨੁਭਵ ਕਰਦੇ ਹਾਂ। ਅਸੀਂ ਇਹ ਵੀ ਅਨੁਭਵ ਕਰਦੇ ਹਾਂ ਕਿ ਉਹ ਸਤ ਵਾਸਤਵਿਕ ਹੈ, ਚਿਤ ਹੈ, ਸੰਸਾਰ ਦੇ ਪਿੱਛੇ ਵਿਚਾਰ ਸ਼ਕਤੀ ਹੈ ਅਤੇ ਕੇਵਲ ਅਨੰਦ ਸਰੂਪ ਹੈ। ਉਹ ਅਨੰਦ ਹੀ ਅਨੰਦ ਹੈ। ਉਹ ਪ੍ਰਕਾਸ਼ ਅਤੇ ਪਰਮ ਗਿਆਨ ਵੀ ਹੈ। ਉਹ ਸਾਰਿਆਂ ਨੂੰ ਪੈਦਾ ਕਰਨ ਵਾਲਾ ਹੈ, ਪਰਮੇਸ਼ਵਰ ਦੇ ਉਸ ਪ੍ਰਕਾਸ਼ ਦਾ ਧਿਆਨ ਧਰੋ, ਜਿਹੜਾ ਸਾਡੀ ਬੁੱਧੀ ਨੂੰ ਸ਼ੁਭ ਕੰਮਾਂ ਲਈ ਪ੍ਰੇਰਿਤ ਕਰਦਾ ਹੈ। ਅਗਿਆਨ ਰੂਪੀ ਹਨ੍ਹੇਰੇ ਦੀ ਥਾਂ ਪ੍ਰਕਾਸ਼ ਕਰੋ। ਪਰਮਾਤਮਾ ਦਾ ਤੇਜ ਸੁਪ੍ਰਸਿੱਧ ਹੈ। ਉਹ ਪ੍ਰਕਾਸ਼ ਰੂਪ ਹੈ। ਉਸਦੇ ਨਾਲ ਹੀ ਸਭ ਕੁਝ ਪ੍ਰਕਾਸ਼ਿਤ ਹੁੰਦਾ ਹੈ।ਉਹ ਸਾਰੇ ਸੰਸਾਰ ਨੂੰ ਪ੍ਰੇਰਨਾ ਦਿੰਦਾ ਹੈ। ਸਾਰੇ ਛੋਟੇ ਤੋਂ ਵੱਡੇ ਉਸਦੀ ਪ੍ਰੇਰਨਾ ਨਾਲ ਆਪੋ ਆਪਣੇ ਕਾਰਜ ਕਰਦੇ ਹਨ। ਉਹ ਪਰਮੇਸ਼ਵਰ ਸਾਡੀ ਸਾਰਿਆਂ ਦੀ ਬੁੱਧੀ ਨੂੰ ਚੰਗੀ ਤਰ੍ਹਾਂ ਪ੍ਰਕਾਸ਼ਿਤ ਕਰੇ। ਭਾਵ ਕਿ ਉਸਦੇ ਸ਼ੁਭ ਕਰਮ ਸਾਡੇ ਵਿੱਚ ਪ੍ਰਵੇਸ਼ ਕਰਨ, ਸਾਰੇ ਪ੍ਰਾਣੀਆਂ ਵਿਚੋਂ ਮਨੁੱਖ ਨੂੰ ਹੀ ਉਤਮ ਬੁੱਧੀ ਮਿਲੀ ਹੈ। ਉਸ ਬੁੱਧੀ ਕੁਸ਼ਲਤਾ ਲਈ ਹੀ ਇਹ ਪ੍ਰਾਰਥਨਾ ਕੀਤੀ ਗਈ ਹੈ।"[14] ਪਰਮਾਤਮਾ ਅੱਗੇ ਪ੍ਰਾਰਥਨਾ ਕਰਨ ਨਾਲ ਉਸਦੇ ਗੁਣਾਂ ਦਾ ਵਾਸਾ ਸਾਡੇ ਅੰਦਰ ਹੁੰਦਾ ਹੈ ਅਤੇ ਅਸੀਂ ਸੰਸਾਰ ਵਿਚ ਚੰਗੇ ਕਰਮ ਕਰਦੇ ਹਾਂ।

---

[12] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 403.

[13] ਡਾ. ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵ ਕੋਸ਼ (ਭਾਗ ਪਹਿਲਾ)*, ਪੰਨਾ 379-80.

[14] **डा. कृष्ण लाल, *वैदिक वन्दना,* पन्ना** 7.

**ਲੰਬੀ ਉਮਰ ਲਈ ਪ੍ਰਾਰਥਨਾ:**

सविता पश्चातात् सविता पुरस्तात् सवितोतरातात् सविताधरातात्।

सविता न : सुवतु सर्वतार्ति सविता नो रासतां दीर्घमायु:।।[15]

ਮਹਾਨ ਕੋਸ਼ ਅਨੁਸਾਰ ਉਮ੍ਰ, "ਸੰਗਯਾ: ਅਵਸਥਾ, ਆਯੂ, ਜੀਵਨ ਦੀ ਹਾਲਤ ਅਤੇ ਉਸਦੀ ਅਵਧਿ, ਚਰਕ ਸੰਹਿਤਾ ਵਿਚ ਲਿਖਿਆ ਹੈ ਕਿ ਸਰੀਰ, ਇੰਦ੍ਰੀਆਂ, ਮਨ ਅਤੇ ਆਤਮਾ ਇੰਨ੍ਹਾਂ ਚੌਹਾਂ ਦੇ ਸੰਜੋਗ ਦੀ ਦਸ਼ਾ 'ਆਯੂ' ਉਮਰ ਹੈ। ਵੇਦਾਂ ਵਿਚ ਆਦਮੀ ਦੀ ਉਮਰ ਸੌ ਵਰ੍ਹਾ ਮਨੂ ਨੇ ਚਾਰ ਸੌ ਵਰ੍ਹਾ ਸਤਯੁਗ ਦੀ ਅਤੇ ਸੌ ਸੌ ਵਰਾ ਘਟਾ ਕੇ ਕਲਿਜੁਗਿ ਦੀ ਸੌ ਵਰ੍ਹਾ ਲਿਖੀ ਹੈ ਪੁਰਾਣਾਂ ਵਿਚ ਹਜ਼ਾਰਾਂ ਤੇ ਲੱਖਾਂ ਵਰ੍ਹਿਆਂ ਦੀ ਲਿਖੀ ਹੈ।"[16]

ਇਹ ਪ੍ਰਾਰਥਨਾ ਸਾਡੇ ਸਮਾਜ ਲਈ ਬੜਾ ਹੀ ਭਾਵਪੂਰਤ ਹੈ ਕਿ ਜਿਸ ਵਿਚ ਲੰਬੀ ਉਮਰ ਦੇ ਨਾਲ-ਨਾਲ ਸਰੀਰਿਕ, ਮਾਨਸਿਕ ਅਤੇ ਬੌਧਿਕ ਤੰਦਰੁਸਤੀ ਮੰਗੀ ਗਈ ਹੈ ਅਤੇ ਨਾਲ ਹੀ ਪ੍ਰਕਿਰਤੀ ਦੇ ਨਾਲ ਰਹਿਣ ਦੀ ਵੀ ਇੱਛਾ ਪ੍ਰਗਟਾਈ ਹੈ ਇਸਦੇ ਉਲਟ ਅਜੋਕਾ ਮਨੁੱਖ ਪ੍ਰਕਿਰਤੀ ਨਾਲੋਂ ਟੁੱਟ ਕੇ ਹੀ ਦੁਖੀ ਹੋ ਰਿਹਾ ਹੈ। "ਇਸ ਮੰਤਰ ਵਿੱਚ ਪਰਮੇਸ਼ਵਰ ਅੱਗੇ ਪ੍ਰਾਰਥਨਾ ਕੀਤੀ ਗਈ ਹੈ ਕਿ ਉਹ ਸਾਨੂੰ ਸਾਰਿਆਂ ਪਾਸਿਆਂ ਤੋਂ ਸੰਪੂਰਨ ਕਰੇ ਅਰਥਾਤ ਸਰੀਰਿਕ ਮਾਨਸਿਕ ਅਤੇ ਬੌਧਿਕ ਰੂਪ ਵਿੱਚ ਅਸੀਂ ਸੰਪੂਰਨ ਹੋ ਜਾਈਏ। ਜਦੋਂ ਮਨੁੱਖ ਵਿਚ ਤਿੰਨ ਤਰ੍ਹਾਂ ਦੀ ਸਿਹਤ ਉਤਪੰਨ ਹੋ ਜਾਂਦੀ ਹੈ ਤਾਂ ਉਹ ਲੰਬੀ ਉਮਰ ਪ੍ਰਾਪਤ ਕਰਨ ਲਈ ਸਫਲ ਹੋ ਜਾਂਦਾ ਹੈ। ਜੇਕਰ ਅਸੀਂ ਲੰਬੀ ਉਮਰ ਪ੍ਰਾਪਤ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਹਰ ਤਰ੍ਹਾਂ ਦਾ ਪੂਰਨ ਤੰਦਰੁਸਤ ਲਾਭ ਪ੍ਰਾਪਤ ਕਰਨਾ ਚਾਹੀਦਾ ਹੈ। ਸਾਡੀ ਪ੍ਰਾਰਥਨਾ ਹੈ ਕਿ ਸਾਰੀਆਂ ਦਿਸ਼ਾਵਾਂ ਵਿਚ ਪ੍ਰਕ੍ਰਿਤਕ ਵਾਤਾਵਰਣ ਸਾਡੇ ਅਨੁਕੂਲ ਹੋਵੇ ਅਸੀਂ ਆਪਣੇ ਆਪਨੂੰ ਪਕ੍ਰਿਤੀ ਅਨੁਕੂਲ ਢਾਲ ਲਈਏ, ਪ੍ਰਕਿਰਤੀ ਦੇ ਨਾਲ ਚੱਲੀਏ ਇਹ ਸਿਹਤਮੰਦ ਲੰਬੀ ਉਮਰ ਦਾ ਮੂਲ ਸੂਤਰ ਹੈ, ਪ੍ਰਕਿਰਤੀ ਤੋਂ ਦੂਰਾ ਹੋਣਾ, ਪ੍ਰਕਿਰਤੀ ਤੋਂ ਕੱਟਣਾ ਸਿਹਤ ਨੂੰ ਪ੍ਰਭਾਵਿਤ ਕਰਦਾ ਹੈ।"[17] ਵੇਦਾਂ ਦੀਆਂ ਇਹ ਪ੍ਰਾਰਥਨਾਵਾਂ ਸਿੱਧ ਕਰਦੀਆਂ ਹਨ ਕਿ ਵੈਦਿਕ ਰਿਸ਼ੀਆਂ ਨੂੰ ਪ੍ਰਕਿਰਤੀ ਨਾਲ ਕਿੰਨਾ ਪਿਆਰ ਸੀ। ਉਹਨਾਂ ਦੁਆਰਾ ਰਚੇ ਗ੍ਰੰਥਾਂ ਨੂੰ ਪੜ੍ਹਨ ਦਾ ਸਾਨੂੰ ਲਾਭ ਤਾਂ ਹੀ ਹੈ ਜੇ ਉਹਨਾਂ ਦੁਆਰਾ ਦਿੱਤੀ ਸਿੱਖਿਆ ਤੇ ਚੱਲੀਏ। ਅਜੋਕਾ ਸਮਾਜ ਪੂਰੀ ਤਰ੍ਹਾਂ ਕੁਦਰਤ ਨਾਲੋਂ ਟੁੱਟ ਕੇ ਬਣਾਉਟੀ ਜੀਵਨ ਜਿਉਂ ਰਿਹਾ ਹੈ। ਅਜਿਹੀਆਂ ਵੈਦਿਕ ਰਿਚਾਵਾਂ ਸਾਨੂੰ ਪ੍ਰਕਿਰਤੀ ਨਾਲ ਜੋੜਦੀਆਂ ਹਨ।

**ਦਾਨੀ ਬਣਨ ਲਈ ਪ੍ਰਾਰਥਨਾ:**

अवन्तुन : पितर : सुव्रवाचना उत देव देवपुत्रे ऋतावृधा।

रथ न दुर्गाद्वसव: सुवानवो विशवसमान्नो अंहसो निष्पिपर्तन।[18]

---

[15] *ਰਿਗਵੇਦ* 10.36.14.

[16] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 16.

[17] डा. कृष्ण लाल, *वैदिक वन्दना,* पन्ना 29-30.

[18] *ਰਿਗਵੇਦ* 1.106.3.

ਸੰਸਕ੍ਰਿਤ ਪੰਜਾਬੀ ਕੋਸ਼ ਅਨੁਸਾਰ ਦਾਨਮ, "ਦਾਨ ਦੇਣ ਜਾਂ ਸੌਂਪਣ ਦੀ ਕਿਰਿਆ, ਦਾਨ, ਭੇਂਟ, ਉਪਹਾਰ, ਪੁਰਸਕਾਰ, ਇਨਾਮ; ਉਦਾਰਤਾ"[19]

ਮਹਾਨ ਕੋਸ਼ ਅਨੁਸਾਰ ਦਾਨ, "ਦੇਣ ਦਾ ਕਰਮ, ਖੈਰਾਤ 2. ਉਹ ਵਸਤੂ ਜੋ ਦਾਨ ਵਿਚ ਦਿੱਤੀ ਜਾਵੇ, 3. ਮਹਿਸੂਲ, ਕਰ, ਟੈਕਸ, ਰਾਜਨੀਤੀ ਦਾ ਇਕ ਅੰਗ, ਕੁਝ ਦੇ ਕੇ ਵੈਰੀ ਨੂੰ ਵੱਸ ਕਰਨ ਦਾ ਉਪਾਅ"[20] ਦਾਨ ਦੇਣਾ ਮਨੁੱਖੀ ਸਮਾਜ ਵਿਚ ਬੜਾ ਵੱਡਾ ਗੁਣ ਹੈ।

"ਇਸ ਮੰਤਰ ਵਿਚ ਜਿੰਨ੍ਹਾਂ ਸ਼ਕਤੀਆਂ ਤੋਂ ਰੱਖਿਆ ਦੀ ਪ੍ਰਾਰਥਨਾ ਕੀਤੀ ਗਈ ਹੈ, ਓਹ ਵਿਸ਼ੇਸ਼ਣ ਮੱਹਤਵਪੂਰਨ ਹਨ। ਉਹਨਾਂ ਵਿਸ਼ੇਸਣਾਂ ਤੇ ਦੂਰ ਦ੍ਰਿਸ਼ਟੀ ਨਾਲ ਵਿਚਾਰਨ ਤੋਂ ਪ੍ਰਤੀਤ ਹੁੰਦਾ ਹੈ ਕਿ ਵੈਦਿਕ ਮੰਤਰ ਇਹ ਸੁਝਾਅ ਦੇਣਾ ਚਾਹੁੰਦੇ ਹਨ ਕਿ ਸਾਨੂੰ ਉਹਨਾਂ ਸ਼ਕਤੀਆਂ ਨੂੰ ਪ੍ਰਾਰਥਨਾ ਕਰਦੇ ਹੋਏ ਆਪਣੇ ਆਪ ਨੂੰ ਉਹਨਾਂ ਗੁਣਾਂ ਵਿਚ ਸੰਪੂਰਨ ਕਰਨਾ ਚਾਹੀਦਾ ਹੈ। ਸਾਰਿਆਂ ਤੋਂ ਪਹਿਲਾ ਅਸੀਂ ਚੰਗੇ ਉਪਦੇਸ਼ਕ ਹੋਈਏ। ਉਤਮ ਉਪਦੇਸ਼ਕ ਦਾ ਇਹ ਗੁਣ ਹੈ ਕਿ ਉਹ ਉਹੀ ਗੱਲ ਕਹਿੰਦਾ ਹੈ ਜੋ ਆਪਣੇ ਆਪ ਅਨੁਭਵ ਕਰਦਾ ਹੈ। ਅਰਥਾਤ ਜੋ ਕਰਦਾ ਹੈ ਉਹੀ ਕਹਿੰਦਾ ਹੈ। ਭਾਵ ਸਾਡੇ ਮਨ ਵਿਚ ਸਚਾਈ ਹੋਣੀ ਚਾਹੀਦੀ ਹੈ। ਦੂਜੇ ਸ਼ਬਦਾਂ ਵਿਚ ਪ੍ਰਿਥਵੀ ਅਤੇ ਆਕਾਸ਼ ਦੇ ਗੁਣਾਂ ਦੇ ਰੂਪ ਵਿੱਚ ਇਸਨੂੰ ਹੀ ਸੱਚਾ ਧਰਮ ਕਿਹਾ ਗਿਆ ਹੈ। ਅੰਤ ਵਿਚ ਸੰਪੂਰਨ ਪਾਪ ਤੋਂ ਬਚਣ ਲਈ ਉਤਮ ਦਾਨ ਭਾਵ ਸਾਰਿਆਂ ਨੂੰ ਵਸਾਉਣ ਵਾਲੇ ਪ੍ਰਿਥਵੀ ਜਲ, ਵਾਯੂ, ਅਗਨੀ, ਸੂਰਜ ਆਦਿ ਦੇਵਤਿਆਂ ਨੂੰ ਪ੍ਰਾਰਥਨਾ ਕੀਤੀ ਗਈ ਹੈ। ਸਾਰੰਸ਼ ਇਹ ਹੈ ਕਿ ਦਾਨ ਹੀ ਅਜਿਹਾ ਪੁੰਨ ਹੈ ਜਿਸਦੇ ਨਾਲ ਪਾਪਾਂ ਤੋਂ ਬਚਿਆ ਜਾ ਸਕਦਾ ਹੈ, ਕਿਉਂਕਿ ਦਾਨ ਨਾ ਦੇ ਕੇ ਧਨ ਇਕੱਠਾ ਕਰਨਾ ਪਾਪ ਹੈ।"[21] ਦਾਨ ਦੇਣ ਨਾਲ ਸਮਾਜ ਵਿਚ ਸਦਭਾਵਨਾ ਦਾ ਵਾਧਾ ਹੁੰਦਾ ਹੈ।

**ਲੰਬੀ ਉਮਰ ਅਤੇ ਤੀਖਣ ਬੁੱਧੀ ਲਈ ਪ੍ਰਾਰਥਨਾ:**

इन्द्र मृड महां जीवातुमिच्छ चोदय धियमयसो ना धाराम्।
यत्कि चाह त्वायुरिदं वदामि तज्जुषस्व कृधि मा देववन्तम्।[22]

ਸੰਸਕ੍ਰਿਤ ਪੰਜਾਬੀ ਕੋਸ਼ ਅਨੁਸਾਰ ਬੁੱਧੀ, "ਬੁੱਧੀ, ਸੂਝ , ਸਮਝ, ਸਿਆਣਪ, ਗਿਆਨ, ਜਾਣਕਾਰੀ, ਸਮਝਦਾਰੀ, ਅਕਲ, ਤਮੀਜ਼, ਵਿਵੇਕ, ਸੋਝੀ, ਸੂਖਮ ਦ੍ਰਿਸ਼ਟੀ; ਸੂਖਮ ਵਿਚਾਰ; ਵਿਚਾਰ ਸ਼ਕਤੀ, ਤਰਕ ਸ਼ਕਤੀ।"[23]

ਮਹਾਨ ਕੋਸ਼ ਵਿਚ ਬੁੱਧੀ ਦੇ ਅਰਥ ਇਸ ਪ੍ਰਕਾਰ ਕੀਤੇ ਹਨ "ਅਕਲ, ਸਮਝ, ਵਿਵੇਕਸ਼ਕਤਿ"[24]

ਰਿਗਵੇਦ ਦੀ ਇਹ ਪ੍ਰਾਰਥਨਾ ਸਿੱਧ ਕਰਦੀ ਹੈ ਕਿ ਪੁਰਾਤਨ ਰਿਸ਼ੀ ਮਨੁੱਖੀ ਬੁੱਧੀ ਨੂੰ ਕਿੰਨਾ ਉਤਮ ਸਮਝਦੇ ਸਨ। ਚੰਗੀ ਸੁਚੱਜੀ ਬੁੱਧੀ ਹੀ ਚੰਗੇ ਸਮਾਜ ਦਾ ਨਿਰਮਾਣ ਕਰ ਸਕਦੀ ਹੈ। ਚੰਗੇ ਸਮਾਜ ਵਿੱਚ ਵਿੱਦਿਆ, ਕਾਨੂੰਨ, ਵਾਤਾਵਰਣ, ਸੁਰੱਖਿਆ, ਧਰਮ, ਰਾਜਨੀਤੀ ਆਦਿ ਸਾਰੇ ਪਹਿਲੂ ਸ਼ਾਮਿਲ ਹੁੰਦੇ ਹਨ।

---

[19] ਸੰਪਾ. ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼*, ਪੰਨਾ 30.
[20] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 628.
[21] डा. कृष्ण लाल, वैदिक वन्दना, पन्ना 33-34.
[22] *ਰਿਗਵੇਦ* 6.47.10.
[23] ਸੰਪਾਦਕ ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼*, ਪੰਨਾ 594.
[24] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 882.

ਜੇ ਇਹਨਾਂ ਗੱਲਾਂ ਨੂੰ ਹੁਣ ਦੇ ਸਮਾਜ ਦੇ ਸੰਦਰਭ ਵਿੱਚ ਦੇਖੀਏ ਤਾਂ ਸਾਡੀ ਸਮਾਜਿਕ ਸਥਿਤੀ ਬੜੀ ਤਰਸਯੋਗ ਹੈ। ਜਿਸ ਤੋਂ ਸਿੱਧ ਹੁੰਦਾ ਹੈ ਕਿ ਸਾਡੇ ਸਮਾਜਿਕ ਆਗੂਆ ਕੋਲ ਸਵੱਛ ਬੁੱਧੀ ਦੀ ਘਾਟ ਹੈ। ਜਿਸ ਕਾਰਨ ਆਧੁਨਿਕ ਮਨੁੱਖ ਮਾਨਸਿਕ ਤਲ ਤੇ ਦਿਨੋਂ-ਦਿਨ ਨਿਘਰਦਾ ਜਾ ਰਿਹਾ ਹੈ। "ਇਸ ਮੰਤਰ ਵਿਚ ਜਿੱਥੇ ਈਸ਼ਵਰ ਕੋਲ ਲੰਬੇ ਜੀਵਨ ਦੀ ਪ੍ਰਾਰਥਨਾ ਹੈ ਉਥੇ ਲੋਹੇ ਦੀ ਧਾਰ ਵਰਗੀ ਤਿੱਖੀ ਬੁੱਧੀ ਦੀ ਕਾਮਨਾ ਵੀ ਕੀਤੀ ਹੈ। ਜਿਵੇਂ ਤਿੱਖੀ ਧਾਰ ਵਾਲਾ ਲੋਹੇ ਦਾ ਉਪਕਰਨ ਕਿਸੇ ਪਦਾਰਥ ਨੂੰ ਕੱਟ ਕੇ ਉਹਨਾਂ ਕੱਟੇ ਹੋਏ ਹਿੱਸਿਆਂ ਨੂੰ ਅਲੱਗ ਕਰ ਦਿੰਦਾ ਹੈ, ਉਸੇ ਤਰ੍ਹਾਂ ਤੀਖਣ ਬੁੱਧੀ ਪਦਾਰਥਾਂ ਦਾ ਵਿਸ਼ਲੇਸ਼ਣ ਕਰਦੀ ਹੈ ਅਤੇ ਚੰਗੇ ਮਾੜੇ ਨੂੰ ਅਲੱਗ ਕਰਦੀ ਹੈ। ਬਿਨਾਂ ਸ਼ੱਕ ਉਸ ਲੰਬੇ ਜੀਵਨ ਦਾ ਕੀ ਮੁੱਲ ਜਿਸ ਵਿਚ ਮਨੁੱਖ ਦੀ ਵਿਵੇਕ-ਸ਼ਕਤੀ ਖਤਮ ਹੋ ਜਾਵੇ। ਉਸ ਅਵਸਥਾ ਵਿਚ ਕਿਸੇ ਹੋਰ ਦਾ ਭਲਾ ਕਰਨਾ ਤਾਂ ਦੂਰ ਦੀ ਗੱਲ ਹੈ ਉਸ ਲਈ ਤਾਂ ਆਪਣਾ ਭਲਾ ਵੀ ਔਖਾ ਹੋ ਜਾਵੇਗਾ। ਮਨੁੱਖ ਵਿਚ ਬੁੱਧੀ ਹੀ ਇਕਲੌਤਾ ਤੱਤ ਹੈ, ਜਿਸਦੇ ਕਾਰਣ ਉਹ ਪਸ਼ੂਆਂ ਤੋਂ ਭਿੰਨ ਹੈ, ਅੱਗੇ ਜਾ ਕੇ ਦੈਵੀ ਸ਼ਕਤੀ ਨਾਲ ਭਰਪੂਰ ਕਰਨ ਦੀ ਪ੍ਰਾਰਥਨਾ ਵੀ ਕੀਤੀ ਗਈ ਹੈ। ਦੈਵੀ ਸ਼ਕਤੀ ਤੋਂ ਭਾਵ-ਦਾਨ ਸ਼ਕਤੀ, ਤੇਜ ਸ਼ਕਤੀ! ਇੰਨ੍ਹਾਂ ਸ਼ਕਤੀਆਂ ਦੇ ਮੁੱਢ ਵਿਚ ਵੀ ਬੁੱਧੀ ਹੀ ਆਧਾਰਤ ਤੱਤ ਹੈ। ਸੋ ਸਾਨੂੰ ਮਨੁੱਖਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਵੇਕ ਦਾ ਪ੍ਰਯੋਗ ਕਰਨਾ ਚਾਹੀਦਾ ਹੈ। ਵਿਵੇਕ ਤੋਂ ਬਿਨਾਂ ਮਨੁੱਖ ਦਾ ਲੰਬਾ ਜੀਵਨ ਬੇਅਰਥ ਹੈ।"[25] ਧਾਰਮਿਕ ਗ੍ਰੰਥ ਇਸੇ ਕਾਰਣ ਹੀ ਸਾਡੇ ਮਾਰਗ ਦਰਸ਼ਕ ਸਿੱਧ ਹੁੰਦੇ ਹਨ ਤਾਂ ਜੋ ਅਸੀਂ ਇਹਨਾਂ ਤੋਂ ਚੰਗੀ ਸਿੱਖਿਆ ਲੈ ਸਕੀਏ। ਸੋ ਅਜਿਹੀਆਂ ਪ੍ਰਾਰਥਨਾਵਾਂ ਰਿਗਵੈਦਿਕ ਕਾਲ ਵਿੱਚ ਹੀ ਸਹਾਈ ਨਹੀਂ ਸੀ ਹੁੰਦੀਆਂ ਇਹ ਹੁਣ ਵੀ ਸਾਡੀ ਮਦਦ ਕਰ ਸਕਦੀਆਂ ਹਨ ਜੇ ਸਾਰਾ ਸਮਾਜ ਇਹਨਾਂ ਉਪਰ ਆਪਣਾ ਜੀਵਨ ਢਾਲਣ ਦਾ ਯਤਨ ਕਰੇ।

**ਅਧਿਆਤਮਿਕ ਮਾਰਗ ਲਈ ਸੱਚੇ ਗੁਰੂ ਦੀ ਪ੍ਰਾਪਤੀ ਲਈ ਪ੍ਰਾਰਥਨਾ :**

सं पूषन् विदुषा नया यो अञ्जसानुशासति। य एवेदमिति ब्रवत्।।[26]

ਸੰਸਕ੍ਰਿਤ ਪੰਜਾਬੀ ਕੋਸ਼ ਵਿਚ ਗੁਰੂ ਦੇ ਅਰਥ ਇਸ ਪ੍ਰਕਾਰ ਕੀਤੇ ਹਨ, "ਗੁਰੂ – ਪਿਤਾ; ਸਤਿਕਾਰਯੋਗ ਵਿਅਕਤੀ; ਬੁੱਢਾ, ਬਜ਼ੁਰਗ; ਅਧਿਆਪਕ, ਸਿੱਖਿਅਕ, ਆਚਾਰੀਆ; ਸੁਆਮੀ, ਪ੍ਰਧਾਨ; ਬ੍ਰਿਹਸਪਤੀ (ਦੇਵਤਿਆਂ ਦਾ ਗੁਰੂ), ਬਿਹਸਪਤੀ ਨਛੱਤਰ, ਨਵੇਂ ਸਿਧਾਂਤ ਦਾ ਸਥਾਪਕ; ਸੰਚਾਲਕ।"[27]

ਮਹਾਨ ਕੋਸ਼ ਦਾ ਕਰਤਾ ਗੁਰੂ ਦੇ ਅਰਥ ਇਸ ਪ੍ਰਕਾਰ ਕਰਦਾ ਹੈ, "ਇਹ ਸ਼ਬਦ ਗ੍ਰੀ ਧਾਤੂ ਤੋਂ ਬਣਿਆ ਹੈ ਜਿਸਦੇ ਅਰਥ ਹਨ, ਨਿਗਲਣਾ ਅਤੇ ਸਮਝਾਉਣਾ ਹੈ ਜੋ ਅਗਿਆਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤਤ੍ਵਗਯਾਨ ਸਮਝਾਉਂਦਾ ਹੈ ਉਹ ਗੁਰੂ ਹੈ, ਧਰਮ ਉਪਦੇਸ਼ਕ, ਧਾਰਮਿਕ ਸਿੱਖਿਆ ਦੇਣ ਵਾਲਾ, ਆਚਾਰੀਆ, ਮਤ ਦਾ ਆਚਾਰਯ, ਕਿਸੇ ਮੱਤ ਨੂੰ ਚਲਾਉਣ ਵਾਲੇ"[28]

ਅਧਿਆਤਮਿਕ ਗੁਰੂ ਦੀ ਉਚਾਈ ਨੂੰ ਰਿਗਵੇਦ ਵਿਚ ਬੜੇ ਸੁੰਦਰ ਢੰਗ ਨਾਲ ਬਿਆਨਿਆ ਹੈ। ਅਜਿਹੀਆਂ ਪ੍ਰਾਰਥਨਾਵਾਂ ਆਪਣੇ ਆਪ ਆਤਮਾ ਨੂੰ ਪਰਮਾਤਮਾ ਤੱਕ ਪੁਚਾਉਣ ਵਾਲੇ ਜਿੱਥੇ ਗੁਰੂ ਦੀ

---

[25] डा. कृष्ण लाल, *वैदिक वन्दना,* पन्ना 37,38.
[26] *ਰਿਗਵੇਦ,* 16.6.54.1
[27] डा. कृष्ण लाल, *वैदिक वन्दना,* पन्ना 41-42.
[28] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 415.

ਤਲਾਸ਼ ਕਰਵਾਉਂਦੀਆਂ ਹਨ, ਉੱਥੇ ਪਰਮਾਤਮਾ ਦੇ ਘਰ ਦਾ ਰਸਤਾ ਵੀ ਦਿਖਾਉਂਦੀਆਂ ਹਨ। "ਅਸਲ ਗਿਆਨ ਉਹ ਗੁਰੂ ਦੇ ਸਕਦਾ ਹੈ ਜਿਸਦੇ ਮਨ ਵਿਚ ਖੁਦ ਕਿਸੇ ਤਰ੍ਹਾਂ ਦਾ ਵੀ ਸੰਦੇਹ ਨਾ ਹੋਵੇ। ਈਸ਼ਵਰ ਸੰਬੰਧੀ ਗਿਆਨ ਦੇ ਵਿਸ਼ੇ ਵਿਚ ਇਹ ਗੱਲ ਹੋਰ ਵੀ ਜ਼ਰੂਰੀ ਹੈ। ਈਸ਼ਵਰ ਦਾ ਕੋਈ ਇਕ ਸਰੂਪ ਨਿਸ਼ਚਿਤ ਤਾਂ ਹੈ ਨਹੀਂ ਜਿਸਨੂੰ ਪ੍ਰਤੱਖ ਦੇਖਿਆ ਜਾ ਸਕੇ। ਸੋ ਉਸ ਨਿਰਗੁਣ ਨਿਰਾਕਾਰ ਦਾ ਗਿਆਨ ਕਰਵਾਉਣ ਲਈ ਕਿਸੇ ਹੋਰ ਪੱਖ ਤੋਂ ਸੰਦੇਹਰਹਿਤ ਗੁਰੂ ਲਈ ਪ੍ਰਾਰਥਨਾ ਕੀਤੀ ਗਈ ਹੈ ਜੋ ਸਾਧਕ ਨੂੰ ਉਚਿਤ ਮਾਰਗ ਦੱਸ ਸਕੇ। ਈਸ਼ਵਰ ਨਿਰਗੁਣ ਹੈ ਕਿਉਂਕਿ ਉਹ ਇੰਦਰੀਆਂ, ਮਨ ਅਤੇ ਭੌਤਿਕ ਗੁਣਾਂ ਨਾਲ ਸੰਬੰਧਿਤ ਨਹੀਂ ਹੈ ਪਰੰਤੂ ਉਸ ਵਿਚ ਆਪਣੀ ਭੌਤਿਕਤਾ ਤੋਂ ਉਪਰ ਵਿਆਪਕ ਅੰਤਰਆਤਮਿਕ, ਰੱਖਿਅਕ, ਪਾਲਣ ਵਾਲਾ, ਨਿਆਂ ਕਰਨ ਵਾਲਾ ਗੁਣ ਹੈ। ਜਿੰਨ੍ਹੇ ਅਜਿਹੇ ਗੁਣਾਂ ਦਾ ਅਨੁਭਵ ਕੀਤਾ ਹੈ। ਉਹ ਉਸਦਾ ਯਥਾਰਥ ਉਪਦੇਸ਼ਕ ਹੋ ਸਕਦਾ ਹੈ।"[29] ਸਾਰੇ ਧਰਮਾਂ ਵਿਚ ਗੁਰੂ ਦਾ ਦਰਜਾ ਬੜਾ ਉੱਚਾ ਹੈ। ਗੁਰੂ ਤੋਂ ਬਿਨਾਂ ਅਧਿਆਤਮਿਕ ਮਾਰਗ ਤੇ ਚੱਲਣਾ ਬੜਾ ਕਠਿਨ ਹੈ। ਭਾਰਤੀ ਧਰਮਾਂ ਵਿਚ ਗੁਰੂ ਦੀ ਬੜੀ ਮਹਾਨਤਾ ਦਰਸਾਈ ਗਈ ਹੈ ਭਾਵੇਂ ਉਹ ਅਧਿਆਤਮਿਕ ਰਸਤਾ ਹੋਵੇ ਜਾਂ ਦੁਨਿਆਵੀ। ਸੋ ਰਿਗਵੇਦ ਵਿੱਚ ਵੀ ਅਜਿਹੇ ਮੰਤਰ ਗੁਰੂ ਦੀ ਉਪਮਾ ਕਰਦੇ ਹਨ।

**ਬੁਰਾਈ ਤੋਂ ਦੂਰ ਰੱਖਣ ਦੀ ਪ੍ਰਾਰਥਨਾ:**

सुगो हि वो अर्यमन् मित्र पन्था अनृक्षरो वरुण साधुरस्ति।

तेनादित्या अधि वोचता नो यच्छता नो दुष्परिहरन्तु शर्म।[30]

ਮਹਾਨ ਕੋਸ਼ ਵਿਚ ਬੁਰਾਈ ਦੇ ਅਰਥ ਇਸ ਪ੍ਰਕਾਰ ਕੀਤੇ ਹਨ, "ਬੁਰਾਪਨ, ਖਰਾਬੀ, ਖੋਟਾਪਨ"[31]
ਰਿਗਵੇਦ ਦੀ ਇਹ ਪ੍ਰਾਰਥਨਾ ਬੁਰਾਈ ਤੋਂ ਦੂਰ ਰਹਿਣ ਲਈ ਕੀਤੀ ਗਈ ਹੈ।ਇਹ ਪ੍ਰਾਰਥਨਾ ਸਿੱਧ ਕਰਦੀ ਹੈ ਕਿ ਮਨੁੱਖ ਦੇ ਸਾਰੇ ਗੁਣਾਂ ਦਾ ਮਾਲਕ ਉਹ ਆਪ ਪਰਮਾਤਮਾ ਹੈ। ਮਨੁੱਖ ਲਈ ਇਹ ਅਤਿ ਜ਼ਰੂਰੀ ਹੈ ਕਿ ਉਹ ਆਪਣੇ ਗੁਣਾਂ ਨੂੰ ਵਧਾਉਣ ਅਤੇ ਔਗੁਣਾਂ ਤੋਂ ਛੁਟਕਾਰਾ ਪਾਉਣ ਲਈ ਹਮੇਸ਼ਾ ਉਸ ਅੱਗੇ ਪ੍ਰਾਰਥਨਾ ਕਰੇ। "ਬਿਨਾਂ ਸ਼ੱਕ, ਬੁਰਾਈ ਤੋਂ ਦੂਰ ਰੱਖਣ ਵਾਲਾ ਮਾਰਗ ਹੀ ਦਿਵ ਮਾਰਗ ਹੈ। ਉਹ ਹੀ ਹਰ ਇੱਕ ਮਨੁੱਖ ਲਈ ਉੱਤਮ ਹੈ। ਉਹੀ ਮਾਰਗ ਪ੍ਰਕਾਸ਼ ਵੱਲ ਲੈ ਕੇ ਜਾਂਦਾ ਹੈ। ਉਹੀ ਰੁਕਾਵਟਾਂ ਤੋਂ ਬਿਨਾਂ ਸੌਖਾ ਅਤੇ ਉਚਿਤ ਹੈ ਕਿਉਂਕਿ ਉਸ ਵਿਚ ਮਨੁੱਖ ਨੂੰ ਕੋਈ ਡਰ ਨਹੀਂ ਰਹਿ ਜਾਂਦਾ। ਜਦੋਂ ਕੋਈ ਬੁਰਾਈ ਹੀ ਨਹੀਂ ਤਾਂ ਡਰ ਕਿਸਦਾ? ਇਸ ਲਈ ਹੇ ਈਸ਼ਵਰ! ਸਾਨੂੰ ਉਸ ਮਾਰਗ ਤੇ ਚੱਲਣ ਦਾ ਉਪਦੇਸ਼ ਦਿਉ। ਉਸ ਮਾਰਗ ਤੇ ਚੱਲਣ ਲਈ ਗਤੀਸ਼ੀਲ ਅਤੇ ਕਰਮਸ਼ੀਲ ਹੋਣਾ ਚਾਹੀਦਾ ਹੈ। ਉਸਨੂੰ ਸਾਰਿਆਂ ਨਾਲ ਮਿੱਤਰਤਾ ਦਾ ਵਿਵਹਾਰ ਕਰਨਾ ਚਾਹੀਦਾ ਹੈ ਅਤੇ ਆਪਣੇ ਸਤਕਰਮਾਂ ਦੁਆਰਾ ਸਰਵਵਿਆਪੀ ਵਡਿਆਈ ਵਾਲੇ ਅਤੇ ਤੇਜਸਵੀ ਬਣੀਏ।"[32] ਧਰਮ ਗ੍ਰੰਥਾਂ ਵਿਚਲੇ ਇਹ ਵਿਚਾਰ ਮਨੁੱਖ ਮਾਤਰ ਨੂੰ ਪਰਮਾਤਮਾ ਦੇ ਲੜ ਲੱਗਣ ਵੱਲ ਪ੍ਰੇਰਦੇ ਹਨ, ਇਸੇ ਪ੍ਰੇਰਨਾ ਵਿਚ ਸਮਾਜ ਕਲਿਆਣ ਦਾ ਰਾਜ ਛੁਪਿਆ ਹੋਇਆ ਹੈ।

---

[29] ਸੰਪਾਦਕ ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼*, ਪੰਨਾ 220.
[30] *ਰਿਗਵੇਦ,* 2.27.6
[31] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 883.
[32] डा. कृष्ण लाल, *वैदिक वन्दना*, पन्ना 53-54.

ਕਿਉਂਕਿ ਪਰਮਾਤਮਾ ਮੁੱਖ ਤੌਰ ਤੇ ਗੁਣਾਂ ਦੇ ਖਜ਼ਾਨੇ ਦਾ ਨਾਂ ਹੀ ਹੈ। ਜੇ ਹਰੇਕ ਮਨੁੱਖ ਗੁਣ ਧਾਰਨ ਕਰ ਲਵੇ ਤਾਂ ਸਮਾਜ ਵਿਚ ਪਸਰਿਆ ਹਨ੍ਹੇਰਾ ਆਪਣੇ ਆਪ ਅਲੋਪ ਹੋ ਜਾਵੇਗਾ।

**ਧੀਰਜ ਅਤੇ ਵਿਵੇਕ ਦੇਣ ਵਾਲੀ ਪਰਪੱਕ ਬੁੱਧੀ ਲਈ ਪ੍ਰਾਰਥਨਾ :**

**न दक्षिणा विचिकते ना सव्या न प्राचीनमादित्या नोत पश्चा।।**

**पाक्या चिद्वसवो धीर्या चिद्युष्मातीतो अभयं ज्योतिरश्याम्।।**[33]

ਭਾਈ ਕਾਨ੍ਹ ਸਿੰਘ ਨਾਭਾ ਨੇ ਧੀਰਜ ਦੇ ਅਰਥ ਇਸ ਪ੍ਰਕਾਰ ਕੀਤੇ ਹਨ "ਧੀਰਜ, ਚਿੱਤ ਦਾ ਟਿਕਾਉ"[34]

ਸੰਸਕ੍ਰਿਤ ਪੰਜਾਬੀ ਕੋਸ਼ ਵਿਚ ਵਿਵੇਕ ਦੇ ਅਰਥ ਇਸ ਪ੍ਰਕਾਰ ਦਿੱਤੇ ਹਨ, "ਵਿਵੇਕ - ਭਲੀ ਬੁਰੀ ਵਸਤੂ ਦਾ ਗਿਆਨ, ਅੱਛੇ ਬੁਰੇ ਦਾ ਗਿਆਨ, ਮਨ ਦੀ ਉਹ ਸ਼ਕਤੀ ਜਿਸ ਨਾਲ ਭਲੇ ਬੁਰੇ ਦਾ ਗਿਆਨ ਹੋਇਆ ਕਰਦਾ ਹੈ, ਚੰਗਾ ਮੰਦਾ ਪਛਾਣਨ ਦੀ ਸ਼ਕਤੀ, ਸਮਝ, ਵਿਚਾਰ, ਸੱਚਾ, ਗਿਆਨ, ਸਾਂਖਯ ਦਰਸ਼ਨ ਅਨੁਸਾਰ ਪ੍ਰਕਿਰਤੀ ਅਤੇ ਪੁਰਸ਼ ਦੀ ਵਿਭਿੰਨਤਾ ਦਾ ਗਿਆਨ, ਜਲ ਦਾ ਘੜਾ ਜਾਂ ਪਾਣੀ ਰੱਖਣ ਦਾ ਬਰਤਨ।"[35]

ਭਾਈ ਕਾਨ੍ਹ ਸਿੰਘ ਨਾਭਾ ਨੇ ਬਿਬੇਕ ਨੂੰ ਇਸ ਪ੍ਰਕਾਰ ਵਰਨਣ ਕੀਤਾ ਹੈ, "ਵਸਤੂ ਦੇ ਠੀਕ ਠਾਕ ਸਰੂਪ ਦਾ ਨਿਸ਼ਚਾ ਕਰਨਾ, 2. ਸਿੱਖ ਧਰਮ ਦੇ ਨਿਯਮਾਂ ਦੀ ਦ੍ਰਿੜ੍ਹ ਧਾਰਨਾ, 3. ਧਾਰਮਿਕ ਫੈਸਲੇ"[36]

ਰਿਗਵੇਦ ਦੇ ਇਸ ਮੰਤਰ ਵਿਚ ਵੈਦਿਕ ਰਿਸ਼ੀਆਂ ਨੇ ਧੀਰਜ ਦੇਣ ਵਾਲੀ ਨਿਰਮਲ ਬੁੱਧੀ ਦੀ ਮੰਗ ਕੀਤੀ ਹੈ। ਇਸ ਤਰ੍ਹਾਂ ਰਿਗਵੈਦਿਕ ਰਿਸ਼ੀ ਪਲ-ਪਲ ਉਸ ਪਰਮਾਤਮਾ ਵਿਚ ਲੀਨ ਹੋਣ ਲਈ ਪ੍ਰਾਰਥਨਾਵਾਂ ਦਾ ਸਹਾਰਾ ਲੈਂਦੇ ਹਨ ਅਤੇ ਬੁੱਧੀ ਕਾਰਣ ਹੀ ਮਨੁੱਖ ਭੌਤਿਕ ਸੰਸਾਰ ਵਿਚ ਵਿਚਰਦਾ ਹੈ ਉਸ ਬੁਧੀ ਵਿਚ ਚੰਗੇ ਗੁਣਾ ਦਾ ਹੋਣਾ ਹੀ ਪਰਮਾਤਮਾ ਤੱਕ ਪਹੁੰਚਾ ਸਕਦਾ ਹੈ। "ਮਨੁੱਖ ਦੇ ਸਨਮੁੱਖ ਸਦਾ ਹੀ ਸਾਰਾ ਵਿਸ਼ਵ ਰਿਹਾ ਹੈ। ਉਹ ਅੱਖਾਂ ਨਾਲ ਸਾਰਾ ਕੁਝ ਦੇਖਦੇ ਹੋਏ ਵੀ ਅੰਤਰਦ੍ਰਿਸ਼ਟੀ ਤੋਂ ਬਿਨਾਂ ਤੱਤ (ਪਰਮਾਤਮਾ) ਨੂੰ ਨਹੀਂ ਜਾਣ ਸਕਦਾ। ਸਾਰੀਆਂ ਦਿਸ਼ਾਵਾਂ ਦੇਖਣ ਦੇ ਬਾਵਜੂਦ ਵੀ ਉਹਨਾਂ ਵਿਚਲੀ ਸਮਾਨਤਾ ਉਸਨੂੰ ਨਜ਼ਰ ਨਹੀਂ ਆਉਂਦੀ। ਜਦੋਂ ਤੱਕ ਉਸ ਵਿਚ ਗਿਆਨ ਅਤੇ ਧੀਰਜ ਉਤਪੰਨ ਨਹੀਂ ਹੁੰਦਾ। ਉਦੋਂ ਤੱਕ ਉਹ ਪਸ਼ੂ ਜਾਂ ਕਿਸੇ ਯੰਤਰ ਵਰਗਾ ਹੁੰਦਾ ਹੈ। ਈਸ਼ਵਰ ਦੀ ਹੋਂਦ ਨੂੰ ਜਾਣੇ ਬਿਨਾਂ ਇਹ ਛੋਟੀਆਂ ਛੋਟੀਆਂ ਸ਼ਕਤੀਆਂ ਤੋਂ ਭੈਭੀਤ ਹੁੰਦਾ, ਆਪਣੀ ਆਤਮਾ ਦੀ ਆਵਾਜ਼ ਨੂੰ ਨਹੀਂ ਪਹਿਚਾਣਦਾ। ਇਸ ਲਈ ਇਥੇ ਧੀਰਜ ਅਤੇ ਵਿਵੇਕ ਦੇਣ ਵਾਲੀ ਪਰਪੱਕ ਬੁੱਧੀ ਦੀ ਪ੍ਰਾਰਥਨਾ ਕੀਤੀ ਗਈ ਹੈ। ਜਿਸ ਨਾਲ ਮਨੁੱਖ ਈਸ਼ਵਰ ਦੀ ਹੋਂਦ ਦਾ ਅਨੁਭਵ ਕਰਦੇ ਹੋਏ ਉਸਦੀ ਆਗਿਆ ਦਾ ਪਾਲਣ ਕਰੇ। ਕਿਸੇ ਦੂਜੇ ਤੋਂ ਭੈਭੀਤ ਨਾ ਹੋਵੇ ਅਤੇ ਉਸ ਨਿਡਰ ਦੀ ਸਥਿਤੀ ਵਿਚ ਪਰਮ ਅਨੰਦ ਨੂੰ ਪ੍ਰਾਪਤ ਕਰੇ। ਪਰਮੇਸ਼ਰ ਹੀ

---

[33] *ਰਿਗਵੇਦ,* 31.27.11.
[34] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 668.
[35] ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼*, ਪੰਨਾ 865.
[36] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 873.

ਅਭੈਦਾਨ ਦੇਣ ਵਾਲਾ ਪ੍ਰਕਾਸ਼ ਦਾ ਪੁੰਜ ਹੈ।"[37] ਅਜਿਹੀਆਂ ਪ੍ਰਾਰਥਨਾਵਾਂ ਅਜੋਕੇ ਮਨੁੱਖ ਨੂੰ ਧੀਰਜ ਦਾ ਉਪਦੇਸ਼ ਵੀ ਦਿੰਦੀਆਂ ਹਨ ਜਿਹੜਾ ਕਿ ਬਹੁਤ ਜ਼ਰੂਰੀ ਹੈ। ਅਜੋਕੇ ਮਨੁੱਖ ਦੇ ਆਪਹੁਦਰੇ ਵਿਵਹਾਰ ਕਾਰਣ ਸਮਾਜ ਅਸ਼ਾਂਤ ਹੋ ਗਿਆ ਹੈ ਅਤੇ ਸ਼ਾਂਤੀ ਨੂੰ ਧੀਰਜ ਦੁਆਰਾ ਹੀ ਮੁੜ ਸਥਾਪਿਤ ਕੀਤਾ ਜਾ ਸਕਦਾ ਹੈ ਅਤੇ ਧੀਰਜ ਵਿਚ ਰਹਿਣ ਲਈ ਪਰਮਾਤਮਾ ਨਾਲ ਜੁੜਨਾ ਬੇਹੱਦ ਜ਼ਰੂਰੀ ਹੈ।

**ਅਭੈ ਦਾਨ, ਸੁਖੀ ਅਤੇ ਸ਼ਾਂਤ ਜੀਵਨ ਲਈ ਪ੍ਰਾਰਥਨਾ :**

भवा नो अग्ने सुमना उपेतौ सखेव पितरेव साधुः।

पुरुद्रुहो हि क्षितयो जनानां प्रति प्रतोचीर्दहतादरातीः।।[38]

ਸੰਸਕ੍ਰਿਤ ਪੰਜਾਬੀ ਕੋਸ਼ ਅਨੁਸਾਰ, "ਨਿਰਭੈ, ਸੁਰੱਖਿਅਤ, ਭੈ-ਮੁਕਤ, ਅਭੈ, ਨਿਡਰ, ਬੇਖੌਫ਼"[39]

ਮਹਾਨ ਕੋਸ਼ ਵਿੱਚ ਅਭੈ ਦੇ ਅਰਥ ਇਸ ਪ੍ਰਕਾਰ ਕੀਤੇ ਹਨ,"ਬਿਨਾਂ ਡਰ, ਨਿਰਭੈ, ਬੇਖੌਫ਼"[40]

ਈਸ਼ਵਰ ਸਾਰੀਆਂ ਦਾਤਾਂ ਦਾ ਮਾਲਕ ਹੈ, ਉਸਤੋਂ ਜੋ ਮੰਗੋਗੇ ਮਿਲੇਗਾ ਇਸ ਪ੍ਰਾਰਥਨਾ ਵਿਚ ਪਹਿਲੀ ਚੀਜ਼ ਭੈ ਰਹਿਤ ਹੋਣਾ ਮੰਗਿਆ ਗਿਆ ਹੈ। ਮਨੁੱਖ ਨੂੰ ਭੈਅ ਕਿਸ ਤੋਂ ਹੈ? ਆਪਣੇ ਤੋਂ ਵੱਡੇ ਤੋਂ ਡਰਦਾ ਹੈ ਅਤੇ ਛੋਟੇ ਨੂੰ ਡਰਾਉਂਦਾ ਹੈ, ਜੇ ਸਾਰੇ ਬਰਾਬਰ ਹੋ ਜਾਣ ਤਾਂ ਡਰ ਕਿਸਦਾ? ਦੂਜੀ ਇਸ ਪ੍ਰਾਰਥਨਾ ਵਿਚ ਦਾਨ ਦੀ ਪ੍ਰਵਿਰਤੀ ਮੰਗੀ ਗਈ ਹੈ। "ਈਸ਼ਵਰ ਕੋਲ ਅਭੈ ਦਾਨ ਦੀ ਪ੍ਰਾਰਥਨਾ ਕੀਤੀ ਗਈ ਹੈ। ਈਸ਼ਵਰ ਸਰਵੱਗ ਅਤੇ ਸਰਵਸ਼ਕਤੀਮਾਨ ਹੈ। ਉਸ ਤੋਂ ਵਧਕੇ ਕਿਸੇ ਤਰ੍ਹਾਂ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਉਸ ਤੋਂ ਅਭੈ ਪ੍ਰਾਪਤ ਕਰਨ ਦਾ ਬਹੁਤ ਵੱਡਾ ਉਪਾਅ ਦਾਨ ਦੀ ਭਾਵਨਾ ਹੈ। ਕਾਰਣ ਇਹ ਹੈ ਕਿ ਦਾਨ-ਭਾਵਨਾ ਦੇ ਅਧਾਰ 'ਤੇ ਹੀ ਈਸ਼ਵਰ ਦੁਆਰਾ ਇਹ ਸਾਰਾ ਬ੍ਰਹਿਮੰਡ ਸੰਚਾਲਿਤ ਹੁੰਦਾ ਹੈ। ਵੈਸੇ ਇਹ ਕੁਦਰਤੀ ਪ੍ਰਵਿਰਤੀ ਹੈ ਜੇਕਰ ਇਕ ਹੀ ਸਥਾਨ ਤੇ ਕੁਝ ਲੋਕ ਰਹਿੰਦੇ ਹੋਣ ਤਾਂ ਉਹ ਇਕ ਦੂਜੇ ਦੇ ਵੈਰੀ ਹੋ ਜਾਂਦੇ ਹਨ ਕਿਉਂਕਿ ਸਾਰੇ ਇਕ ਦੂਜੇ ਤੋਂ ਆਪਣੇ ਲਈ ਕੁਝ ਨਾ ਕੁਝ ਪ੍ਰਾਪਤ ਕਰਨਾ ਚਾਹੁੰਦੇ ਹਨ ਪਰੰਤੂ ਕਿਸੇ ਦੀ ਮਦਦ ਲਈ ਕੁਝ ਦਾਨ ਨਹੀਂ ਕਰਨਾ ਚਾਹੁੰਦੇ। ਇਸ ਲਈ ਈਸ਼ਵਰ ਅੱਗੇ ਇਹ ਪ੍ਰਾਰਥਨਾ ਕੀਤੀ ਗਈ ਹੈ ਕਿ ਸੁਖੀ ਅਤੇ ਸ਼ਾਂਤ ਜੀਵਨ ਲਈ ਉਹ ਇਸ ਪ੍ਰਕਾਰ ਦੀ ਪ੍ਰਵਿਰਤੀ ਦਾ ਨਾਸ਼ ਕਰ ਦੇਵੇ। ਸਮਾਜ ਵਿਚ ਦਾਨ (ਕਿਸੇ ਦੀ ਮਦਦ ਕਰਨੀ) ਭਾਵਨਾ ਜਿੰਨੀ ਜ਼ਿਆਦਾ ਹੋਵੇਗੀ ਉਨ੍ਹਾਂ ਹੀ ਸਮਾਜ ਸੁਖ ਅਤੇ ਸ਼ਾਂਤੀ ਵੱਲ ਵਧੇਗਾ।" [41] ਸਮਾਜ ਵਿਚ ਸਾਰਿਆਂ ਨੂੰ ਬਰਾਬਰ ਦਾ ਸਮਝਣ ਨਾਲ ਕਿਸੇ ਵੀ ਤਰ੍ਹਾਂ ਦਾ ਡਰ ਨਹੀਂ ਰਹਿੰਦਾ ਅਤੇ ਦਾਨ ਦੀ ਪ੍ਰਵਿਰਤੀ ਨਾਲ ਆਰਥਿਕ ਤੌਰ 'ਤੇ ਛੋਟੇ ਮਨੁੱਖ ਨੂੰ ਆਪਣੇ ਬਰਾਬਰ ਲਿਆਂਦਾ ਜਾ ਸਕਦਾ ਹੈ।

**ਸੂਰਜ ਅਤੇ ਚੰਦਰਮਾ ਵਰਗੇ ਗੁਣੀ ਬਣਨ ਦੀ ਪ੍ਰਾਰਥਨਾ :**

स्वस्ति पन्धामनुचरेम सूर्याचन्द्रसाविव।

---

[37] डा. कृष्ण लाल, *वैदिक वन्दना*, पन्ना 57-58.
[38] *ਰਿਗਵੇਦ,* 3.17.1.
[39] ਡਾ. ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼,* ਪੰਨਾ 42.
[40] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 71.
[41] डा. कृष्ण लाल, *वैदिक वन्दना*, पन्ना 61-62.

**पुनर्ददताध्नता जानता संगमेमहि।।**[42]

'ਭਾਰਤ ਦੇ ਪ੍ਰਮੁੱਖ ਧਰਮ' ਪੁਸਤਕ ਵਿਚ ਸੂਰਜ ਬਾਰੇ ਇਸ ਪ੍ਰਕਾਰ ਦੱਸਿਆ ਹੈ, "ਅਗਨੀ ਦੀ ਤਰ੍ਹਾਂ ਸੂਰਜ ਵੀ ਸਥੂਲ ਰੂਪ ਵਿਚ ਭੌਤਿਕ ਜਗਤ ਦਾ ਹਿੱਸਾ ਹੈ। ਰਿਗਵੇਦ ਦੇ ਕਈ ਸੂਕਤਾਂ ਵਿਚ ਇਸ ਦੇਵਤੇ ਦਾ ਜ਼ਿਕਰ ਮਿਲਦਾ ਹੈ। ਸੂਰਜ ਨੂੰ ਪ੍ਰਕਾਸ਼ ਅਤੇ ਗਿਆਨ ਰੂਪੀ ਤੇਜ ਦਾ ਪ੍ਰਤੀਕ ਮੰਨਿਆ ਗਿਆ ਹੈ। ਯਜੁਰਵੇਦ ਦੇ ਦਸਵੇਂ ਅਧਿਆਇ ਵਿਚ ਸੂਰਜ ਨੂੰ ਗਤੀਸ਼ੀਲ ਅਤੇ ਸਥਿਰ ਤੱਤਾਂ ਦਾ ਆਤਮ ਕਿਹਾ ਗਿਆ ਹੈ ਕਿਉਂਕਿ ਸੂਰਜ ਅਤੇ ਆਤਮਾ ਸਾਡੇ ਜੀਵਨ ਦਾ ਆਧਾਰ ਹਨ ਅਤੇ ਦੋਵੇਂ ਜੋਤੀ ਸਰੂਪ ਹਨ। ਇਹ ਸੂਰਜ ਆਤਮਜੋਤੀ ਦਾ ਬਾਹਰੀ ਪ੍ਰਤੀਕ ਹੈ। ਸੂਰਜ ਨੂੰ ਹੀ ਊਸ਼ਾ ਦਾ ਸਰੋਤ ਮੰਨਿਆ ਗਿਆ ਹੈ ਜੋ ਕਿ ਸਵੇਰ ਵੇਲੇ ਮਨੁੱਖਾਂ ਦਾ ਕਲਿਆਣ ਰੂਪ ਸੁਆਗਤ ਕਰਦੀ ਹੈ। ਰਿਗਵੇਦ ਦੇ ਸਤਵੇਂ ਮੰਡਲ ਵਿਚ ਇਕ ਰਿਸ਼ੀ ਦਾ ਕਹਿਣਾ ਹੈ ਕਿ ਇਹ ਉਹੀ ਊਸ਼ਾ ਜਾਂ ਪ੍ਰਭਾਤ ਹੈ ਜਿਹੜੀ ਆਪਣੇ ਤੇਜ ਦੁਆਰਾ ਹਨ੍ਹੇਰੇ ਜਾਂ ਅੰਧਕਾਰ ਦਾ ਨਾਸ਼ ਕਰ ਦਿੰਦੀ ਹੈ (ਅਧਿ. 7.80.2)। ਇਸ ਦੇ ਨਾਲ ਹੀ ਸੂਰਜ ਦੀ ਹਰ ਇਕ ਕਿਰਨ ਨਾਲ ਘੋੜਿਆਂ, ਗਾਵਾਂ, ਜਲ, ਅਨਾਜ, ਘਿਉ, ਬੀਰਾਂ ਆਦਿ ਦੀ ਪ੍ਰਾਪਤੀ ਲਈ ਊਸ਼ਾ ਅੱਗੇ ਪ੍ਰਾਰਥਨਾ ਕੀਤੀ ਗਈ ਹੈ"।[43]

ਮਹਾਨ ਕੋਸ਼ ਵਿਚ ਸੂਰਜ ਬਾਰੇ ਇਸ ਪ੍ਰਕਾਰ ਲਿਖਿਆ ਹੈ, "ਦਿਵਾਕਰ, ਦਿਨਮਣਿ, 2. ਬਾਰਾਂ ਗਿਣਤੀ ਦਾ ਬੋਧਕ ਕਿਉਂਕਿ ਪੁਰਾਣਾਂ ਵਿੱਚ ਬਾਰ੍ਹਾਂ ਸੂਰਜ ਮੰਨੇ ਹਨ।"[44]

ਮਹਾਨ ਕੋਸ਼ ਵਿਚ ਚੰਦ੍ਰਮਾ ਦੇ ਅਰਥ ਇਹ ਹਨ, "ਚੰਦ, ਚਾਂਦ, ਇੱਕ ਗਿਣਤੀ ਦਾ ਬੋਧਕ।"[45]

ਸੰਸਕ੍ਰਿਤ ਪੰਜਾਬ ਕੋਸ਼ ਅਨੁਸਾਰ "ਸੂਰਜ, ਰਵੀ, ਆਫਤਾਬ,ਅੱਕ ਦਾ ਬੂਟਾ, ਬਾਰ੍ਹਾਂ ਦੀ ਗਿਣਤੀ।"[46]

ਸੰਸਕ੍ਰਿਤ ਪੰਜਾਬੀ ਕੋਸ਼ ਵਿਚ **चन्द्र** ਦੇ ਅਰਥ ਇੰਝ ਕੀਤੇ ਹਨ, "ਚੰਨ, ਚੰਦ, ਚੰਦਰਮਾ, ਚੰਨ ਗ੍ਰਹਿਣ, ਪਾਣੀ, ਆਬ, ਜਲ, ਨੀਰ, ਸੋਨਾ, ਕਪੂਰ, ਮੁਸ਼ਕ ਕਪੂਰ।"[47]

ਮਨੁੱਖੀ ਜੀਵਨ ਕੁਦਰਤੀ ਸ਼ਕਤੀਆਂ ਵਾਂਗ ਪਰਉਪਕਾਰੀ ਭਾਵਨਾ ਵਾਲਾ ਹੋਣਾ ਚਾਹੀਦਾ ਹੈ, ਮਰਯਾਦਾ ਵਾਲਾ ਹੋਣਾ ਚਾਹੀਦਾ ਹੈ ਅਤੇ ਬਿਨਾਂ ਕਿਸੇ ਭਾਵਨਾ ਤੋਂ ਸੇਵਾ ਵਾਲਾ ਹੋਣਾ ਚਾਹੀਦਾ ਹੈ, "ਈਸ਼ਵਰ ਦੀਆਂ ਮਹਾਨ ਸ਼ਕਤੀਆਂ ਸਦਾ ਭਲੇ ਕਾਰਜਾਂ ਵਿਚ ਹੀ ਲੱਗੀਆਂ ਰਹਿੰਦੀਆਂ ਹਨ। ਰੱਬ ਦੇ ਇਸ ਸੁਭਾਅ ਤੋਂ ਮਨੁੱਖ ਨੂੰ ਵੀ ਪਰਉਪਕਾਰ ਦਾ ਸਬਕ ਸਿੱਖਣਾ ਚਾਹੀਦਾ ਹੈ। ਇਸ ਲਈ ਇਸ ਮੰਤਰ ਲਈ ਸੂਰਜ ਅਤੇ ਚੰਦਰਮਾ ਦਾ ਉਦਾਹਰਣ ਦੇ ਕੇ ਇਹ ਪ੍ਰਾਰਥਨਾ ਕੀਤੀ ਗਈ ਹੈ ਕਿ ਜਿਸ ਪ੍ਰਕਾਰ ਇਹ ਦੋਵੇਂ ਪ੍ਰਾਣੀ ਮਾਤਰ ਦਾ ਕਲਿਆਣ ਕਰਨ ਲਈ ਤਤਪਰ ਰਹਿੰਦੇ ਹਨ, ਸੂਰਜ ਪ੍ਰਕਾਸ਼ ਦਿੰਦਾ ਹੈ, ਸਮੁੰਦਰ ਵਿਚ ਵਾਸ਼ਪ ਬਣਾ ਕੇ ਵਰਖਾ ਉਤਪੰਨ ਕਰਦਾ ਹੈ, ਕੀਟਾਣੂਆਂ ਦਾ ਨਾਸ਼ ਕਰਦਾ ਹੈ ਆਦਿ ਅਤੇ ਚੰਦਰਮਾ ਔਸ਼ਧੀ-ਵਨਸਪਤੀਆਂ ਵਿਚ ਰਸ ਦਾ ਸੰਚਾਰ ਕਰਦਾ ਹੈ, ਸ਼ੀਤਲਤਾ ਪ੍ਰਦਾਨ ਕਰਦਾ ਹੈ ਆਦਿ। ਉਸੇ

---

[42] *ਰਿਗਵੇਦ*, 5.51.15
[43] ਡਾ.ਪਰਮਵੀਰ ਸਿੰਘ, ਡਾ.ਪਰਦੁਮਨ ਸ਼ਾਹ ਸਿੰਘ, *ਭਾਰਤ ਦੇ ਪ੍ਰਮੁਖ ਧਰਮ*, ਪੰਨਾ 25.
[44] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 224.
[45] ਉਹੀ ਪੰਨਾ 483.
[46] ਡਾ.ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼*, ਪੰਨਾ 1045.
[47] ਉਹੀ ਪੰਨਾ 237.

ਪ੍ਰਕਾਰ ਅਸੀਂ ਵੀ ਜਨ ਕਲਿਆਣ ਦੇ ਕਾਰਜਾਂ ਵਿਚ ਲੱਗੀਏ। ਦਾਨਸ਼ੀਲ, ਅਹਿੰਸਕ, ਭਾਵਨਾ ਵਾਲੇ ਅਤੇ ਗਿਆਨੀ ਜਨਾਂ ਦਾ ਮਿਲਾਪ ਹੋਵੇ। ਜਿਸ ਨਾਲ ਅਸੀਂ ਉਤਮ ਗੁਣ ਗ੍ਰਹਿਣ ਕਰੀਏ। ਸੂਰਜ ਅਤੇ ਚੰਦਰਮਾ ਨਿਯਮ ਪੂਰਵਕ ਕਾਰਜ ਦੇ ਪ੍ਰਤੀਕ ਹਨ। ਉਹਨਾਂ ਦੇ ਇਸ ਨਿਯਮ ਦੇ ਅਧਾਰ ਤੇ ਹੀ ਕਾਲ ਨੂੰ ਮਾਪਿਆਂ ਜਾ ਸਕਦਾ ਹੈ। ਇਸ ਆਧਾਰ ਤੇ ਸੈਂਕੜੇ ਦੀ ਥਾਂ ਹਜ਼ਾਰਾਂ ਵਰ੍ਹਿਆਂ ਦੀ ਗਿਣਤੀ ਮਨੁੱਖ ਕਰਦਾ ਹੈ। ਇਹ ਦੋਵੇਂ ਤੇਜ ਅਤੇ ਸ਼ੀਤਲਤਾ ਦੇ ਪ੍ਰਤੀਕ ਵੀ ਹਨ। ਭਾਵਨਾ ਇਹ ਹੈ ਕਿ ਮਨੁੱਖ ਵਿਚ ਇਹਨਾਂ ਦੋਵਾਂ ਦਾ ਸੁਮੇਲ ਹੋਣਾ ਚਾਹੀਦਾ ਹੈ। ਸ਼ਤਰੂਆਂ ਅਤੇ ਕਠਿਨਾਈਆ ਨਾਲ ਜੂਝਣ ਲਈ ਗਰਮੀ ਜ਼ਰੂਰੀ ਹੈ। ਦੂਜੇ ਪਾਸੇ ਸੱਜਣਾਂ ਅਤੇ ਦੀਨ ਦੁਖੀਆਂ ਲਈ ਸ਼ੀਤਲ ਸ਼ਾਂਤ ਵਿਵਹਾਰ ਜ਼ਰੂਰੀ ਹੈ।"[48] ਪਰਮਾਤਮਾ ਨੇ ਕੁਦਰਤ ਦੀਆਂ ਸ਼ਕਤੀਆਂ ਨੂੰ ਮਨੁੱਖ ਦੀ ਸੇਵਾ ਵਿਚ ਲਾਇਆ ਹੈ ਪਰ ਮਨੁੱਖ ਦਾ ਵੀ ਫਰਜ਼ ਹੈ ਕਿ ਪਰਮਾਤਮਾ ਦੇ ਗੁਣਾਂ ਨੂੰ ਆਪਣੇ ਹਿਰਦੇ ਵਿਚ ਵਸਾਏ।

**ਮਾਨਸਿਕ ਸੁਖ ਦੀ ਪ੍ਰਾਪਤੀ ਲਈ :**

**त्वं हि न: पिता वसो त्वं माता शतक्रतो बभूविथ।**

**अधा ते सुम्नमीमहे।।**[49]

ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਮਾਨਸਿਕ ਦੇ ਅਰਥ "ਮਨ ਨਾਲ ਜਿਸਦਾ ਸੰਬੰਧ, ਦਿਲੀ"[50] ਕੀਤੇ ਹਨ।

ਡਾ.ਪ੍ਰੇਮ ਪ੍ਰਕਾਸ਼ ਸਿੰਘ ਨੇ ਸੰਸਕ੍ਰਿਤ ਪੰਜਾਬੀ ਕੋਸ਼ ਵਿਚ ਮਾਨਿਸਕ ਦੇ ਅਰਥ, "ਮਨ ਸੰਬੰਧੀ, ਮਾਨਸਿਕ, ਦਿਲੀ, ਹਾਰਦਿਕ, ਮਨੋਵਿਗਿਆਨਕ"[51]

ਸੰਸਕ੍ਰਿਤ ਪੰਜਾਬੀ ਕੋਸ਼ ਅਨੁਸਾਰ "ਸੁਖ, ਖੁਸ਼, ਸੁਖੀ, ਪਿਆਰਾ, ਪ੍ਰੀਤਮ, ਮਹਿਬੂਬ, ਧਾਰਮਿਕ, ਮਜ਼ਹਬੀ, ਆਸਾਨ, ਸਰਲ, ਸੌਖਾ, ਉਪਯੁਕਤ।"[52]

ਪਰਮਾਤਮਾ ਨੇ ਮਨੁੱਖਾ ਦੇਹ ਦੇ ਕੇ ਸਾਡੇ ਉੱਤੇ ਪਰਉਪਕਾਰ ਕੀਤਾ ਹੈ, ਸਾਡਾ ਵੀ ਇਹ ਫਰਜ਼ ਹੈ ਕਿ ਅਸੀਂ ਗੁਣਾਂ ਦੇ ਧਾਰਨੀ ਹੋ ਕੇ ਸਮਾਜ ਵਿਚ ਸੇਵਾ ਭਾਵਨਾ ਨਾਲ ਵਿਚਰੀਏ, "ਪਰਮੇਸ਼ਵਰ ਆਪਣੀਆਂ ਅਨੰਤ ਕਿਰਿਆਵਾਂ ਦੁਆਰਾ ਸਾਡਾ ਜਨਮਦਾਤਾ ਅਤੇ ਪਾਲਣ ਕਰਤਾ ਹੈ। ਉਸਦੇ ਇਸ ਗੁਣ ਤੋਂ ਸਾਨੂੰ ਵੀ ਪ੍ਰੇਰਨਾ ਮਿਲਦੀ ਹੈ ਕਿ ਅਸੀਂ ਵੀ ਸੁਖ ਪ੍ਰਾਪਤ ਕਰਨ ਲਈ ਆਲਸ ਵਿਚ ਨਾ ਪਏ ਰਹੀਏ ਬਲਕਿ ਵਾਸਤਵਿਕ ਸੁਖ ਲਈ ਵਿਭਿੰਨ ਕਿਰਿਆਵਾਂ ਕਰੀਏ। ਇਹ ਕਿਰਿਆਵਾਂ ਸਾਰਿਆਂ ਨੂੰ ਸੁਖ ਦਿੰਦੀਆਂ ਹਨ। ਉਹ ਸੁਖ ਵੀ ਆਮ ਭੌਤਿਕ ਸੁਖ ਨਹੀਂ ਹੈ। ਅਸੀਂ ਜਾਣਦੇ ਹਾਂ ਕਿ ਭੌਤਿਕ ਦ੍ਰਿਸ਼ਟੀ ਤੋਂ ਸੁਖੀ ਵਿਅਕਤੀ ਵੀ ਮਨ ਤੋਂ ਦੁਖ ਦਾ ਅਨੁਭਵ ਕਰਦਾ ਹੈ। ਵਾਸਤਵਿਕ ਸੁਖ ਮਾਨਸਿਕ ਸੁਖ ਹੀ ਹੈ। ਪਰਮੇਸ਼ਵਰ ਹੀ ਸਾਡਾ ਮਾਤਾ ਅਤੇ ਪਿਤਾ ਹੈ। ਉਹ ਮਾਤਾ ਵਾਂਗ ਮਮਤਾਪੂਰਨ ਵੀ ਹੈ ਅਤੇ ਪਿਤਾ ਵਾਂਗ ਨਿਯੰਤਰਣ ਕਰਨ ਵਾਲਾ ਹੈ। ਉਸਨੇ ਸਾਡੇ ਜੀਵਨ ਲਈ ਸੰਪੂਰਨ ਵਿਸ਼ਵ ਬਣਾਇਆ ਹੈ। ਉਸਨੇ ਹੀ

---

[48] डा. कृषण लाल, *वैदिक वन्दना*, पन्ना 65-66.

[49] *ਰਿਗਵੇਦ* 7.17.11.

[50] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 964.

[51] ਸੰਪਾ. ਪ੍ਰੇਮ ਪ੍ਰਕਾਸ਼, *ਸੰਸਕ੍ਰਿਤ ਪੰਜਾਬ ਕੋਸ਼,* ਪੰਨਾ 669.

[52] ਉਹੀ ਪੰਨਾ 1028.

ਸਾਰੀਆਂ ਸੁਖ ਸੁਵਿਧਾਵਾਂ ਪ੍ਰਦਾਨ ਕੀਤੀਆਂ ਹਨ। ਇਸ ਕਾਰਨ ਹੋਰ ਸੰਸਾਰਿਕ ਵਿਅਕਤੀ ਤੋਂ ਸੁਖ ਦੀ ਮੰਗ ਕਰਨ ਦਾ ਉਨ੍ਹਾਂ ਲਾਭ ਨਹੀਂ ਜਿੰਨ੍ਹਾਂ ਉਸ ਪਰਮੇਸ਼ਵਰ ਤੋਂ ਹੈ।"[53] ਸੋ ਇਹ ਪ੍ਰਾਰਥਨਾ ਜਿੱਥੇ ਸਾਨੂੰ ਈਸ਼ਵਰੀ ਗੁਣਾਂ ਨਾਲ ਜੋੜਦੀ ਹੈ ਉੱਥੇ ਸਾਨੂੰ ਵੀ ਉਹਨਾਂ ਗੁਣਾਂ ਨਾਲ ਭਰਪੂਰ ਹੋਣ ਦੀ ਪ੍ਰੇਰਨਾ ਦਿੰਦੀ ਹੈ। ਭਾਵ ਕਿ ਆਲਸ ਨਾ ਕਰੋ, ਹਰ ਸਮੇਂ ਕਿਰਿਆਵਾਂ ਵਿਚ ਲੱਗੇ ਰਹੋ, ਜਿਸ ਨਾਲ ਸਮਾਜ ਦਾ ਵੀ ਭਲਾ ਹੋਵੇ, ਜਿਸ ਨਾਲ ਮਨ ਨੂੰ ਵੀ ਸ਼ਾਤੀ ਮਿਲਦੀ ਹੈ। ਪਰਮੇਸ਼ਵਰ ਸਾਡੇ ਮਾਂ,ਪਿਉ ਵਾਂਗ ਸਾਡੀ ਰੱਖਿਆ ਕਰਦਾ ਹੈ। ਇਹ ਵਿਸ਼ਵ ਸਾਡੇ ਲਈ ਬਣਾਇਆ ਹੈ ਸੋ ਮਨੁੱਖ ਨੂੰ ਪ੍ਰਾਰਥਨਾ ਪਰਮਾਤਮਾ ਅੱਗੇ ਹੀ ਕਰਨੀ ਚਾਹੀਦੀ ਹੈ ਅਤੇ ਉਹ ਹੀ ਇਸਨੂੰ ਸੰਪੂਰਨ ਕਰ ਸਕਦਾ ਹੈ।

**ਸ਼ਾਂਤੀ ਲਈ ਪ੍ਰਾਰਥਨਾ :**

**शनन : सूर्य उरुचक्षा उदेतु शन्नश्चतस्त्र : प्रदिशो भवन्तु।**

**शन्न : पर्वता ध्रुवयो भवन्तु शन्न : सिन्धव : शमु सत्वाप :।।**[54]

ਸੰਸਕ੍ਰਿਤ ਪੰਜਾਬੀ ਕੋਸ਼ ਅਨੁਸਾਰ **शान्ति,** "ਚੈਨ, ਸੰਤੋਖ, ਵੈਰਾਗ, ਮਨ ਦੀ ਸਥਿਰਤਾ, ਤਸੱਲੀ, ਅਰਾਮ, ਸੰਨਾਟਾ, ਸੁੰਨਸਾਨ, ਜੰਗਬੰਦੀ ; ਬਚਾਉ"[55]

ਮਹਾਨ ਕੋਸ਼ ਅਨੁਸਾਰ "ਸ਼ੀਤਲਤਾ 2. ਮਨ ਦਾ ਠਹਿਰਾਉ, 3. ਵਿਸ਼੍ਰਾਮ, ਅਮਨ, ਚੈਨ"[56]

ਮਨੁੱਖੀ ਜੀਵਨ ਵਿਚ ਸ਼ਾਂਤੀ ਦਾ ਬੜਾ ਵੱਡਾ ਸਥਾਨ ਹੈ। ਸ਼ਾਂਤ ਮਨੁੱਖ ਹੀ ਸਮਾਜ ਸਿਰਜਨਾ ਵਿਚ ਆਪਣਾ ਰੋਲ ਬਾਖੂਬੀ ਨਿਭਾ ਸਕਦਾ ਹੈ, ਦੂਜੇ ਪਾਸੇ ਅਸ਼ਾਂਤ ਮਨੁੱਖ ਤਾਂ ਸਮਾਜ ਵਿਚ ਅਸ਼ਾਂਤੀ ਫੈਲਾਉਣ ਹੀ ਕਾਰਨ ਬਣਦਾ ਹੈ।"ਸਾਰਿਆਂ ਪਾਸਿਆਂ ਤੋਂ ਸਾਰੀਆਂ ਮਹਾਨ ਸ਼ਕਤੀਆਂ ਤੋਂ ਸ਼ਾਂਤੀ ਦੀ ਕਾਮਨਾ ਕੀਤੀ ਗਈ ਹੈ। ਮਨੁੱਖ ਜੀਵਨ ਭਰ ਸ਼ਾਂਤੀ ਦੀ ਪ੍ਰਾਪਤੀ ਲਈ ਵਿਭਿੰਨ ਕਾਰਜ ਕਰਦਾ ਰਹਿੰਦਾ ਹੈ। ਸਰੀਰਿਕ ਸਿਹਤ ਜਿੱਥੇ ਸ਼ਾਂਤੀ ਦਾ ਆਧਾਰ ਹੈ, ਉੱਥੇ ਬਹਤਾ ਸਰੀਰਿਕ ਸੁਖ ਹੋਣ 'ਤੇ ਵੀ ਚਿਤ ਅਸ਼ਾਂਤ ਰਹਿੰਦਾ ਹੈ। ਸ਼ਾਂਤੀ ਬਾਹਰ ਤੋਂ ਨਹੀਂ ਸਗੋਂ ਵਿਅਕਤੀ ਦੇ ਮਨ ਅੰਦਰੋਂ ਹੀ ਪੈਦਾ ਹੁੰਦੀ ਹੈ। ਇਸ ਲਈ ਪ੍ਰਾਰਥਨਾ ਹੈ ਕਿ ਉਪਰੋਕਤ ਸ਼ਕਤੀਆਂ ਦੇ ਵਿਵਹਾਰ ਤੋਂ ਸਾਡਾ ਚਿੱਤ ਸ਼ਾਂਤ ਹੋਵੇ, ਅਸੀਂ ਪ੍ਰੇਸ਼ਾਨ ਨਾ ਹੋਈਏ। ਮਨ ਵਿਚ ਸ਼ਾਂਤੀ ਹੋਣ ਨਾਲ ਮਨੁੱਖ ਸਾਰੀਆਂ ਪ੍ਰਸਥਿਤੀਆਂ ਵਿਚ ਸ਼ਾਂਤ ਰਹਿ ਸਕਦਾ ਹੈ। ਸਾਰਿਆਂ ਪਾਸੇ ਸ਼ਾਂਤੀ ਦੀ ਸਥਿਤੀ ਸਾਡੇ ਆਪਣੇ ਵਿਵਹਾਰ ਤੇ ਨਿਰਭਰ ਹੈ। ਮਨੁੱਖ ਪ੍ਰਦੂਸ਼ਣ ਨਹੀਂ ਫੈਲਾਏਗਾ ਤਾਂ ਸਾਰਿਆਂ ਪਾਸੋਂ ਉਸਨੂੰ ਸ਼ਾਂਤੀ ਹੀ ਪ੍ਰਾਪਤ ਹੋਵੇਗੀ।"[57] ਇਹ ਪ੍ਰਾਰਥਨਾ ਮਨੁੱਖੀ ਮਨ ਦੀ ਆਦਿ ਤੋਂ ਜਿਸ ਚੀਜ਼ ਵੱਲ ਤਲਾਸ਼ ਹੈ, ਜਿਹੜੀ ਕਿ ਸ਼ਾਂਤੀ ਹੈ, ਉਸ ਵੱਲ ਇਸ਼ਾਰਾ ਕਰਦੀ ਹੈ। ਮਨੁੱਖ ਭੌਤਿਕ ਪਦਾਰਥਾਂ ਤੋਂ ਮਨ ਦੀ ਸ਼ਾਂਤੀ ਲੱਭਣ ਦੀ ਕੋਸ਼ਿਸ਼ ਕਰਦਾ ਹੈ ਪ੍ਰੰਤੂ ਸ਼ਾਂਤੀ ਉਸਨੂੰ ਪਰਮਾਤਮਾ ਦੇ ਕੋਲੋਂ ਹੀ ਮਿਲਦੀ ਹੈ। ਇਸ ਪ੍ਰਾਰਥਨਾ ਦੀ ਅਖੀਰਲੀ ਲਾਈਨ ਸਾਡੇ ਲਈ ਅਤਿ ਮਹੱਤਵਪੂਰਨ ਹੈ ਕਿ ਜੇਕਰ ਮਨੁੱਖ ਪ੍ਰਦੂਸ਼ਣ ਨਾ ਫੈਲਾਏ ਤਾਂ ਸ਼ਾਂਤੀ ਮਿਲੇਗੀ। ਆਧੁਨਿਕ ਸਮਾਜ ਵਿਚ ਜਿਥੇ ਹਵਾ ਪ੍ਰਦੂਸ਼ਣ, ਸ਼ੋਰ ਪ੍ਰਦੂਸ਼ਣ, ਪਾਣੀ

---

[53] डा. कृष्ण लाल, *वैदिक वन्दना*, पन्ना 69-70.

[54] *ਰਿਗਵੇਦ* 7.35.17

[55] ਸੰਪਾ. ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼*, ਪੰਨਾ 930.

[56] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 181.

[57] डा. कृष्ण लाल, *वैदिक वन्दना*, पन्ना 77-78.

ਪ੍ਰਦੂਸ਼ਣ, ਸੱਭਿਆਚਾਰ ਪ੍ਰਦੂਸ਼ਣ ਭਾਵ ਕਿ ਮਨੁੱਖ ਨੇ ਹਰ ਚੀਜ਼ ਪ੍ਰਦੂਸ਼ਤ ਕੀਤੀ ਹੈ। ਜਿਸ ਨਾਲ ਉਸਦਾ ਜੀਵਨ ਵੀ ਨਰਕ ਬਣ ਚੁੱਕਾ ਹੈ, ਸੋ ਸਾਨੂੰ ਇਹ ਪ੍ਰਾਰਥਨਾ ਕੁਦਰਤੀ ਵਾਤਾਵਰਣ ਨੂੰ ਸੁੰਦਰ ਰੱਖ ਕੇ ਕੁਦਰਤ ਨਾਲ ਇਕਮਿਕ ਹੋਣ ਦਾ ਸੁਨੇਹਾ ਦਿੰਦੀ ਹੈ।

**ਅੰਹਕਾਰ ਤੋਂ ਦੂਰ ਰਹਿਣ ਦੀ ਪ੍ਰਾਰਥਨਾ :**

अपामीवामप विश्वामनाहुतिमपारतिं दुर्विदत्रामवायत:।

आरे देवा द्वेषो अस्मद्युयोतनोरु ण: शर्म यच्छता स्वस्तये।।[58]

ਅਹੰਕਾਰ ਇਕ ਐਸਾ ਰੋਗ ਹੈ ਜੋ ਮਨੁੱਖ ਦੇ ਸਾਰੇ ਗੁਣਾਂ ਨੂੰ ਖਾ ਜਾਂਦਾ ਹੈ ਅਤੇ ਮਨੁੱਖ ਰੋਗੀ ਹੋ ਕੇ ਸਮਾਜ ਵਿਚ ਅਰਾਜਕਤਾ ਫੈਲਾਉਣ ਦਾ ਕੰਮ ਕਰਦਾ ਹੈ। ਸਾਰੇ ਧਰਮ ਗ੍ਰੰਥ ਇਹ ਸਵੀਕਾਰ ਕਰਦੇ ਹਨ ਪਰਮਾਤਮਾ ਦੇ ਘਰ ਵਿਚ ਇਕੋ ਚੀਜ਼ ਪ੍ਰਵਾਨ ਨਹੀਂ ਅਤੇ ਉਹ ਹੈ ਹੰਕਾਰ। "ਸਾਡਾ ਜੀਵਨ ਸਰਵ ਵਿਆਪੀ ਅਤੇ ਸਰਵ ਅੰਤਰਜਾਮੀ ਈਸ਼ਵਰ ਦੀਆਂ ਸ਼ਕਤੀਆਂ ਦੇ ਨਿਯੰਤਰਣ ਵਿਚ ਰਹਿੰਦਾ ਹੈ। ਸੋ ਉਸ ਕੋਲ ਪ੍ਰਕਿਤੀ ਦੇ ਵਿਭਿੰਨ ਅੰਗਾਂ ਤੇ ਰੋਗਾਂ ਆਦਿ ਨੂੰ ਦੂਰ ਕਰਨ ਦੀ ਪ੍ਰਾਰਥਨਾ ਕੀਤੀ ਗਈ ਹੈ। ਦੇਵਤੇ ਵਿਦਵਾਨ ਵੀ ਹਨ, ਉਹ ਵੀ ਆਪਣੇ ਸਦ ਉਪਦੇਸ਼ਾਂ ਨਾਲ ਸਾਰਿਆਂ ਦੇ ਕਸ਼ਟ ਦੂਰ ਕਰਦੇ ਹਨ। ਇਸ ਤੋਂ ਇਲਾਵਾ ਮਨੁੱਖਾਂ ਵਿਚ ਆਪਸੀ ਭਾਈਚਾਰਾ ਬਣਿਆ ਰਹੇ, ਇਸ ਦੀ ਵੀ ਪ੍ਰਾਰਥਨਾ ਹੈ ਕਿਉਂਕਿ ਇਸ ਭਾਈਚਾਰੇ ਦੀ ਭਾਵਨਾ ਬਿਨਾਂ ਭੌਤਿਕ ਤਰੱਕੀ ਹੋਣ 'ਤੇ ਵੀ ਸੁਖ-ਸ਼ਾਂਤੀ ਦੀ ਘਾਟ ਰਹਿੰਦੀ ਹੈ। ਇਸ ਲਈ ਹੰਕਾਰ ਦਾ ਤਿਆਗ ਅਤਿ ਜ਼ਰੂਰੀ ਹੈ। ਹੰਕਾਰ ਹੀ ਕਲੇਸ਼ ਦਾ ਕਾਰਣ ਹੈ। ਉਸਨੂੰ ਤਿਆਗ ਕੇ ਹੀ ਮਨੁੱਖ ਮਾਤਰ ਦਾ ਕਲਿਆਣ ਸੰਭਵ ਹੈ। ਈਸ਼ਵਰ ਦੀ ਸ਼ਰਨ ਦਾ ਸੁਖ ਪ੍ਰਾਪਤ ਕਰਨ ਲਈ ਮੰਦ ਭਾਵਨਾ ਦਾ ਤਿਆਗ ਕਰਕੇ ਈਸ਼ਵਰੀ ਆਚਰਣ ਗ੍ਰਹਿਣ ਕਰਨਾ ਜ਼ਰੂਰੀ ਹੈ। ਸੋ ਇੱਥੇ ਇਹ ਪ੍ਰਾਰਥਨਾ ਕੀਤੀ ਗਈ ਹੈ ਹੰਕਾਰ ਆਦਿ ਦੀ ਸੌੜੀ ਬਿਰਤੀ ਸਾਥੋਂ ਦੂਰ ਰਹੇ।"[59] ਅਜਿਹੀਆਂ ਪ੍ਰਾਰਥਨਾਵਾਂ ਵੇਦਾਂ ਅਤੇ ਵੈਦਿਕ ਰਿਸ਼ੀਆਂ ਦੀ ਮਹਾਨਤਾ ਵੱਲ ਸਾਡਾ ਧਿਆਨ ਦਿਵਾਉਂਦੀਆਂ ਹਨ। ਉਹਨਾਂ ਰਿਸ਼ੀਆਂ ਦਾ ਹਰ ਇਕ ਕਾਰਜ ਪ੍ਰਾਰਥਨਾ ਨਾਲ ਹੀ ਸ਼ੁਰੂ ਹੁੰਦਾ ਹੈ, ਪ੍ਰਾਰਥਨਾ ਨਾਲ ਹੀ ਖਤਮ ਭਾਵੇਂ ਉਹ ਸਮਾਜਿਕ, ਧਾਰਮਿਕ, ਰਾਜਨੀਤਿਕ ਜਾਂ ਮਾਨਸਿਕ ਕਾਰਜ ਹੀ ਕਿਉਂ ਨਾ ਹੋਵੇ। ਅਜਿਹੀਆਂ ਪ੍ਰਾਰਥਨਾਵਾਂ ਜਿੱਥੇ ਉਹਨਾਂ ਦੀ ਧਾਰਮਿਕਤਾ ਸਿੱਧ ਕਰਦੀਆਂ ਹਨ ਉਥੇ ਉਹਨਾਂ ਦਾ ਸੁਚੱਜੇ ਸਮਾਜ ਪ੍ਰਤੀ ਨਜ਼ਰੀਏ ਨੂੰ ਵੀ ਸਾਹਮਣੇ ਲਿਆਉਂਦੀਆ ਹਨ। ਜੇਕਰ ਉਹਨਾਂ ਦੁਆਰਾ ਦੱਸੇ ਮਾਰਗ ਤੇ ਸੰਸਾਰ ਚੱਲ ਪਏ ਤਾਂ ਕਿਸੇ ਤਰ੍ਹਾਂ ਦੀ ਵੀ ਮੁਸ਼ਕਿਲ ਨਹੀਂ ਰਹੇਗੀ।

**ਅਨੰਦ ਸਰੂਪ ਨੂੰ ਜਾਣਨ ਲਈ ਪ੍ਰਾਰਥਨਾ :**

धामन् ते विश्व भुवनमधि श्रितमंन्त: समुद्रे हद्यन्तरायुषि।

अपामनीके समिथे य आभृतस्तमश्याम मधुमन्तं त ऊर्मिम्।।[60]

ਭਾਈ ਕਾਨ੍ਹ ਸਿੰਘ ਨਾਭਾ ਨੇ ਅਨੰਦ ਦੇ ਅਰਥ ਇਸ ਪ੍ਰਕਾਰ ਕੀਤੇ ਹਨ, "ਖੁਸ਼ੀ, ਪ੍ਰਸੰਨਤਾ"[61]

---

[58] *ਰਿਗਵੇਦ* 10.63.12

[59] डा. कृष्ण लाल, *वैदिक वन्दना*, पन्ना 81-82.

[60] *ਰਿਗਵੇਦ* 4.58.11

ਵੇਦਾਂ ਵਿਚ ਆਈਆਂ ਸਾਰੀਆਂ ਪ੍ਰਾਰਥਨਾਵਾਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਮਨੁੱਖ ਨੂੰ ਪਰਮਾਤਮਾ ਨਾਲ ਜੁੜਨ ਦੀ ਤਾਕੀਦ ਕਰਦੀਆਂ ਹਨ ਅਤੇ ਉਸਨੂੰ ਜਾਣਨ ਲਈ ਹਰ ਵਕਤ ਯਤਨ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਮਨੁੱਖਾ ਜੀਵਨ ਦੇ ਵਿਚ ਹੀ ਪਰਮਾਤਮਾ ਵਿਚ ਲੀਨ ਹੋ ਸਕੇ। "ਇਹ ਸੰਸਾਰ ਪਰਮੇਸ਼ਵਰ ਦੇ ਆਧਾਰ ਤੇ ਟਿਕਿਆ ਹੋਇਆ ਹੈ। ਇਹ ਆਧਾਰ ਉਸ ਪ੍ਰਕਾਰ ਵਿਆਪਕ ਹੈ ਜਿਵੇਂ ਵਿਸ਼ਾਲ ਸਮੁੰਦਰ ਹੈ। ਉਹ ਆਧਾਰ ਹਿਰਦੇ ਵਰਗਾ ਹੈ ਜਿਵੇਂ ਦਿਲ ਆਪਣੀਆਂ ਕਿਰਿਆਵਾਂ ਦੁਆਰਾ ਸਰੀਰ ਨੂੰ ਜਿਊਂਦਾ ਰੱਖਦਾ ਹੈ। ਉਸੇ ਤਰ੍ਹਾਂ ਪਰਮੇਸ਼ਵਰ ਰੂਪੀ ਆਧਾਰ ਸਾਰੇ ਸੰਸਾਰ ਦਾ ਸੰਚਾਲਨ ਕਰਦਾ ਹੈ। ਉਸੇ ਹਿਰਦੇ ਰੂਪੀ ਸਮੁੰਦਰ ਦੇ ਵਿਚਕਾਰ ਅਤੇ ਜੀਵਨ ਨਮਿਤ ਪ੍ਰਾਣ ਦੇ ਵਿਚਕਾਰ ਉਸਨੂੰ ਆਧਾਰ ਬਣਾ ਕੇ ਇਹ ਸਾਰਾ ਸੰਸਾਰ ਟਿਕਿਆ ਹੈ। ਜਿਸ ਪ੍ਰਕਾਰ ਸਰੀਰ ਲਈ ਦਿਲ ਜ਼ਰੂਰੀ ਹੈ ਅਤੇ ਦਿਲ ਦੇ ਲਈ ਜਾਨ, ਉਸੇ ਤਰ੍ਹਾਂ ਉਹ ਪਰਮੇਸ਼ਵਰ ਇਹ ਸੰਸਾਰ ਲਈ ਦਿਲ ਵੀ ਹੈ ਅਤੇ ਜਾਨ ਵੀ। ਅਜਿਹੇ ਪਰਮੇਸ਼ਵਰ ਦੇ ਸਾਹਮਣੇ ਦਿਵਯ ਅਨੰਦ ਦੀ ਪ੍ਰਾਪਤੀ ਲਈ ਪ੍ਰਾਰਥਨਾ ਕੀਤੀ ਗਈ ਹੈ। ਪਰਮੇਸ਼ਵਰ ਅਨੰਦ ਸਰੂਪ ਹੈ ਜਿਸ ਪ੍ਰਕਾਰ ਉਹ ਸਰਵਵਿਆਪੀ ਹੈ, ਉਸੇ ਤਰ੍ਹਾਂ ਉਸਦਾ ਅਨੰਦ ਵੀ ਸਰਵਵਿਆਪੀ ਹੈ। ਉਹ ਅਨੰਦ ਸਾਰਿਆਂ ਪ੍ਰਾਣੀਆਂ ਵਿਚ ਸਥਾਪਿਤ ਕੀਤਾ ਗਿਆ ਹੈ। ਪਰੰਤੂ ਹੋਰ ਪ੍ਰਾਣੀ ਤਾਂ ਚੇਤੰਨ, ਬੁੱਧੀ ਅਤੇ ਗਿਆਨ ਦੀ ਘਾਟ ਕਾਰਣ ਉਸਨੂੰ ਪ੍ਰਾਪਤ ਨਹੀਂ ਕਰ ਸਕਦੇ। ਮਨੁੱਖਾਂ ਵਿਚੋਂ ਵੀ ਕੋਈ ਕੋਈ ਮਨੁੱਖ ਹੀ ਵਿਸ਼ੇਸ਼ ਪ੍ਰਯਤਨਾਂ ਅਤੇ ਸਾਧਨਾਂ ਦੁਆਰਾ ਉਸਨੂੰ ਪ੍ਰਾਪਤ ਕਰ ਸਕਦਾ ਹੈ। ਉਹ ਅਨੰਦ ਹੀ ਸ਼ਾਂਤੀ ਦਾ ਮੁਖ ਸ੍ਰੋਤ ਹੈ। ਉਸਦੇ ਅੱਗੇ ਜੀਵਨ ਦੇ ਸਾਰੇ ਸੁਖ ਫਿੱਕੇ ਹਨ। ਉਸ ਅਨੰਦ ਦੀ ਪ੍ਰਾਪਤੀ ਕਰਨ ਵਾਲੇ ਦੇ ਮਨ ਵਿਚ ਮਿਠਾਸ ਹੀ ਮਿਠਾਸ ਅਤੇ ਦੈਵੀ ਸੰਗੀਤ ਵਿਆਪਕ ਰਹਿੰਦਾ ਹੈ। ਪਰੰਤੂ ਉਸ ਅਨੰਦ ਦੀ ਪ੍ਰਾਪਤੀ ਦੇ ਲਈ ਪਰਮੇਸ਼ਵਰ ਦੀ ਸਰਵ ਵਿਆਪਕਤਾ ਦੇ ਗਿਆਨ ਦਾ ਅਨੁਭਵ ਹੋਣਾ ਜ਼ਰੂਰੀ ਹੈ"।[62] ਸਾਰੇ ਧਰਮ ਇਹ ਮੰਨਦੇ ਹਨ ਕਿ ਮਨੁੱਖ ਦੇ ਜਨਮ ਲੈਣ ਦਾ ਮੁੱਖ ਮਨੋਰਥ ਉਸ ਕਰਤੇ ਵਿੱਚ ਲੀਨ ਹੋਣ ਦਾ ਹੈ। ਸੋ ਕਿਸੇ ਮੰਜ਼ਿਲ ਵੱਲ ਤਾਂ ਹੀ ਵਧਾਂਗੇ ਜੇ ਉਸ ਬਾਰੇ ਜਾਣਦੇ ਹੋਵਾਂਗੇ, ਸੋ ਜਾਣਨਾ ਉਸ ਪਰਮਾਤਮਾ ਨੂੰ ਹੈ ਜੋ ਸਾਰਿਆਂ ਦਾ ਕਰਤਾ-ਧਰਤਾ ਹੈ ਕਿਉਂਕਿ ਸਾਰਿਆਂ ਗਿਆਨਾਂ ਦਾ ਉਹ ਇੱਕੋ ਇੱਕ ਮਾਲਕ ਹੈ ਸੋ ਵੇਦਾਂ ਦੀ ਇਹ ਪ੍ਰਾਰਥਨਾ ਮਨੁੱਖ ਨੂੰ ਪਰਮਾਤਮਾ ਨਾਲ ਜੁੜਨ ਦੀ ਤਾਕੀਦ ਕਰਦੀ ਹੈ।

**ਬੁੱਧੀ ਨੂੰ ਸ਼ੁੱਧ ਗਿਆਨ ਨਾਲ ਭਰਨ ਦੀ ਪ੍ਰਾਰਥਨਾ:**

आ नो भद्रा: क्रतवो यन्तु विश्वतो---दब्धासो अपरीतास उद्भिद:।

देवा नो यथा सदमिवृधे असन्नप्रयुवो रक्षितारो दिवे दिवे।[63]

ਭਾਈ ਕਾਨ੍ਹ ਸਿੰਘ ਨਾਭਾ ਨੇ ਗਿਆਨ ਦੇ ਅਰਥ ਇਸ ਪ੍ਰਕਾਰ ਕੀਤੇ ਹਨ, "ਜਾਣਨਾ, ਬੋਧ, ਸਮਝ, ਇਲਮ"[64]

---

[61] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼, ਪੰਨਾ* 64.
[62] डा. कृष्ण लाल, *वैदिक वन्दना*, पन्ना 93-94.
[63] ਉਹੀ, ਪੰਨਾ 96.
[64] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 407.

ਇਹ ਪ੍ਰਾਰਥਨਾ ਪਰਮੇਸ਼ਵਰ ਤੋਂ ਰੌਸ਼ਨ ਦਿਮਾਗ ਦੀ ਮੰਗ ਕਰ ਰਹੀ ਹੈ ਕਿਉਂਕਿ ਮਨੁੱਖ ਦੀ ਅਸਲ ਕਿਰਿਆ ਉਹੀ ਹੁੰਦੀ ਹੈ ਜਿਹੜੀ ਉਸਦੀ ਬੁੱਧੀ ਵਿਚ ਚੱਲ ਰਹੀ ਹੁੰਦੀ ਹੈ ਇਸ ਲਈ ਬੁੱਧੀ ਦਾ ਨਿਰਮਲ ਸਵੱਛ ਹੋਣਾ ਬੜਾ ਜ਼ਰੂਰੀ ਹੈ। "ਹੇ ਪਰਮੇਸ਼ਵਰ, ਅਸੀਂ ਨਿਮਰਤਾਪੂਰਵਕ ਪ੍ਰਾਰਥਨਾ ਕਰਦੇ ਹਾਂ ਕਿ ਤੁਸੀਂ ਸਾਡੀਆਂ ਬੁੱਧੀਆਂ ਵਿਚ ਅਜਿਹਾ ਵਿਵੇਕ ਭਰੋ, ਜਿਸ ਨਾਲ ਅਸੀਂ ਸੰਸਾਰ ਦੀਆਂ ਔਖੀਆਂ, ਉਲਟ ਪਰਸਥਿਤੀਆਂ ਵਿਚ ਰਹਿੰਦੇ ਹੋਏ ਵੀ ਕਲਿਆਣ ਪੂਰਨ ਕੰਮ ਹੀ ਕਰਦੇ ਰਹੀਏ, ਯੱਗਮਈ ਕਰਮ ਤਿਆਗ ਭਾਵਨਾ ਨਾਲ ਕਰਦੇ ਰਹੀਏ, ਜਿਸ ਨਾਲ ਸਾਰਿਆਂ ਦਾ ਕਲਿਆਣ ਹੋਵੇ। ਅਜਿਹੇ ਕਰਮ ਕੀ ਸਾਡੀ ਭਾਵਨਾ ਕਿਸੇ ਦੇ ਦਬਾਅ ਹੇਠ ਨਾ ਆਵੇ ਨਾ ਹੀ ਹੋਰ ਦੂਸ਼ਿਤ, ਸੁੰਗੜੇ, ਅੰਧ-ਵਿਸ਼ਵਾਸਾਂ, ਸਵਾਰਥਾਂ ਨਾਲ ਘਿਰੀ ਹੋਵੇ। ਇਹ ਉਸੇ ਪ੍ਰਕਾਰ ਹਿਰਦੇ ਵਿਚ ਆਪਣੇ ਆਪ ਪੈਦਾ ਹੋਵੇ ਜਿਵੇਂ ਧਰਤੀ ਵਿਚੋਂ ਕੋਈ ਪੌਦਾ ਉਤਪੰਨ ਹੋ ਕੇ ਹੌਲੀ-ਹੌਲੀ ਸਾਰਿਆਂ ਦੇ ਭਲੇ ਲਈ ਵੱਡੇ ਰੁੱਖ ਦਾ ਰੂਪ ਧਾਰਨ ਕਰ ਲੈਂਦਾ ਹੈ। ਸਾਰਿਆਂ ਨੂੰ ਛਾਂ ਦਿੰਦਾ ਹੈ, ਪੰਛੀਆਂ ਨੂੰ ਆਸਰਾ ਦਿੰਦਾ ਹੈ, ਫੁੱਲਾਂ ਵਿਚ ਸੁਗੰਧ ਪੈਦਾ ਕਰਦਾ ਹੈ ਅਤੇ ਫਲਾਂ ਨਾਲ ਤ੍ਰਿਪਤੀ ਕਰਦਾ ਹੈ ਅਤੇ ਆਪਣੇ ਹਰ ਇਕ ਅੰਗ ਤੋਂ ਔਸ਼ਧਰੂਪ ਰਾਹੀਂ ਕਲਿਆਣ ਕਰਦਾ ਹੈ। ਕਰਮ ਵਾਂਗ ਵਿਚਾਰ ਵੀ ਕਲਿਆਣ ਦੀ ਭਾਵਨਾ ਨਾਲ ਪ੍ਰੇਰਿਤ ਹੋਵੇ। ਹਰੇਕ ਕੰਮ ਦੇ ਮੂਲ ਵਿਚ ਵਿਚਾਰ ਹੀ ਤਾਂ ਹੁੰਦਾ ਹੈ। ਅਸੀਂ ਵਿਵੇਕ ਪੂਰਨ ਕਰਮ ਦੁਆਰਾ ਸਾਰਿਆ ਦਾ ਕਲਿਆਣ ਕਰਦੇ ਹੋਏ ਉੱਨਤੀ ਦੇ ਮਾਰਗ ਵੱਲ ਵਧੀਏ।"[65] ਹਿੰਦੂ ਧਰਮ ਦੀਆਂ ਇਹ ਪ੍ਰਾਰਥਨਾਵਾਂ ਇਸ ਗੱਲ ਵੱਲ ਇਸ਼ਾਰਾ ਕਰਦੀਆਂ ਹਨ ਕਿ ਜੇ ਬੁੱਧੀ ਵਿੱਚ ਗਿਆਨ ਹੋਵੇ ਤਾਂ ਉਹ ਵੀ ਸ਼ੁੱਧ ਹੋਵੇ, ਜਿਹੜਾ ਕਿ ਲੋਕ ਭਲਾਈ ਦੇ ਕੰਮ ਆਵੇ। ਜਿਵੇਂ ਆਧੁਨਿਕ ਸਮਾਜ ਵਿੱਚ ਗਿਆਨ ਦੀਆਂ ਅਨੇਕਾਂ ਦਿਸ਼ਾਵਾਂ ਹੋਂਦ ਵਿੱਚ ਆ ਚੁੱਕੀਆਂ ਹਨ। ਪਰ ਉਹ ਗਿਆਨ ਹਾਸਿਲ ਕਰਕੇ ਮਨੁੱਖ ਦਾ ਕੇਵਲ ਹੰਕਾਰ ਹੀ ਵਧ ਰਿਹਾ ਹੈ, ਜਿਸ ਨਾਲ ਦੇਸ਼ਾਂ ਕੌਮਾਂ, ਨਸਲਾਂ, ਸਮਾਜਾਂ ਵਿੱਚ ਅਰਜਕਤਾ ਫੈਲ ਰਹੀ ਹੈ, ਅਜਿਹਾ ਗਿਆਨ ਕਿਸ ਕੰਮ ਦਾ? ਸਾਡਾ ਗਿਆਨ ਸ਼ੁੱਭ ਹੋਣਾ ਚਾਹੀਦਾ ਹੈ, ਜੋ ਸਮਾਜ ਦੀ ਸੇਵਾ ਕਰ ਸਕੇ।

**ਮੁਕਤੀ ਦੀ ਪ੍ਰਾਰਥਨਾ:**

**त्रयम्बकं यजामहे सुगन्धिं पुष्टिवर्धनम्। उर्वारुकमिव बन्धनान्मृत्योमुक्षीय मामृतात्।** [66]

ਸੰਸਕ੍ਰਿਤ ਪੰਜਾਬੀ ਕੋਸ਼ ਅਨੁਸਾਰ ਮੁਕਤੀ, "ਛੁਟਕਾਰਾ, ਮੁਕਤ ਹੋਣ ਦਾ ਭਾਵ, ਰਿਹਾਈ, ਆਜ਼ਾਦੀ, ਮੋਕਸ਼, ਤਿਆਗ; ਸੁੱਟਣਾ, ਛੱਡਣਾ, ਖੋਲ੍ਹਣਾ, ਅਦਾ ਕਰਨਾ।"[67]

ਮਹਾਨ ਕੋਸ਼ ਵਿਚ ਮੁਕਤੀ ਦੇ ਅਰਥ ਇਸ ਪ੍ਰਕਾਰ ਹਨ, "ਛੁਟਕਾਰਾ, ਰਿਹਾਈ"[68]

ਹਿੰਦੂ ਧਰਮ ਦੇ ਚਾਰ ਪੁਰਸ਼ਾਰਥਾਂ ਵਿੱਚ ਅਖੀਰਲਾ ਮੁਕਤੀ ਹੈ, ਜੀਵਨ ਨੂੰ ਇਸ ਤਰ੍ਹਾਂ ਜਿਊਂਦਾ ਹੈ ਕਿ ਮੌਤ ਸਮਾਂ ਕਰਮਾਂ ਦਾ ਭਾਰ ਨਾਲ ਨਾ ਜਾਵੇ ਤਾਂ ਮਨੁੱਖ ਆਪਣੇ ਆਪ ਹੀ ਮੁਕਤ ਹੋ ਗਿਆ। ਮੁਕਤੀ ਦਾ ਸੰਕਲਪ ਜੈਨ, ਬੁੱਧ ਅਤੇ ਸਿੱਖ ਧਰਮ ਵਿਚ ਵੀ ਮਿਲਦਾ ਹੈ ਪਰ ਉਸਦਾ ਰੂਪ ਹਿੰਦੂ ਧਰਮ ਨਾਲੋਂ ਭਿੰਨ

---

[65] डा. कृष्ण लाल, *वैदिक वन्दना*, पन्ना 96.
[66] *ਰਿਗਵੇਦ* 8.59.22
[67] ਸੰਪਾਦਕ.ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼*, ਪੰਨਾ 679.
[68] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 735.

ਹੈ। "ਇਸ ਮੰਤਰ ਵਿਚ ਭੌਤਿਕ ਐਸ਼ਵਰਜ ਦੀ ਨਹੀਂ, ਬਲਕਿ ਜਨਮ ਮਰਨ ਦੇ ਚੱਕਰ ਤੋਂ ਮੁਕਤੀ ਦੀ, ਪੂਰਨ ਸ਼ਾਂਤੀ ਦੀ ਪ੍ਰਾਰਥਨਾ ਕੀਤੀ ਗਈ ਹੈ। ਜਦੋਂ ਪਿਛਲੇ ਜਨਮਾਂ ਦੇ ਕਰਮਾਂ ਦਾ ਫਲ ਸਮਾਪਤ ਹੋ ਜਾਂਦਾ ਹੈ ਤਾਂ ਮੌਤ ਅਰਥਾਤ ਇਸ ਸੰਸਾਰ ਤੋਂ ਮੁਕਤੀ ਜ਼ਰੂਰ ਮਿਲਦੀ ਹੈ। ਕੋਈ ਵੀ ਫਲ ਪੱਕ ਜਾਂਦਾ ਹੈ ਤਾਂ ਹਮੇਸ਼ਾਂ ਡੰਡਲ ਤੋਂ ਅਲੱਗ ਹੋ ਜਾਂਦਾ ਹੈ, ਇਸ ਲਈ ਜਦੋਂ ਮੈਂ ਉਮਰ ਕਰਕੇ ਪੱਕ ਜਾਵਾਂ ਅਤੇ ਜਦੋਂ ਮੇਰੇ ਪਿਛਲੇ ਜਨਮਾਂ ਦੇ ਕਰਮਾਂ ਦਾ ਫਲ ਪੱਕ ਜਾਵੇ ਤਾਂ ਮੈਂ ਮੌਤ ਦੁਆਰਾ ਸੰਸਾਰ ਤੋਂ ਮੁਕਤ ਹੋ ਜਾਵਾਂ ਪਰੰਤੂ ਅਮਰਤਵ ਜਾਂ ਮੋਕਸ਼ ਤੋਂ ਮੁਕਤ ਨਾ ਹੋਵਾਂ ਅਰਥਾਤ ਮੁਕਤੀ ਨੂੰ ਪ੍ਰਾਪਤ ਹੋਵਾਂ। ਮੌਤ ਸੰਸਾਰ ਦਾ ਨਾਮ ਹੈ ਅਤੇ ਸੰਸਾਰ ਵਿਚ ਸਾਰਾ ਕੁਝ ਨਾਸ਼ਵਾਨ ਹੈ ਜਾਂ ਇੱਥੇ ਰਹਿੰਦੇ ਹੋਏ ਕੋਈ ਪੂਰਨ ਸ਼ਾਤੀ, ਨਿਸ਼ਚਿੰਤਤਾ ਅਤੇ ਭੌਤਿਕ ਅਨੰਦ ਤੋਂ ਉਪਰ ਦੈਵੀ ਅਨੰਦ ਨੂੰ ਪ੍ਰਾਪਤ ਕਰਦਾ ਹੈ, ਉਹ ਹੀ ਮੁਕਤੀ ਹੈ।

ਲੰਬੀ ਉਮਰ ਅਤੇ ਮੁਕਤੀ ਦੀ ਕਾਮਨਾ ਮਨੁੱਖ ਦੇ ਜੀਵਨ ਦਾ ਲਕਸ਼ ਹੈ ਲੰਬੀ ਉਮਰ ਕਿਹੋ ਜਿਹੀ? ਪੱਕੇ ਖ਼ਰਬੂਜੇ ਵਾਂਗ ਜੋ ਸਭ ਨੂੰ ਰਸ ਦਿੰਦਾ ਹੈ, ਮਿਠਾਸ ਦਿੰਦਾ ਹੈ, ਤ੍ਰਿਪਤੀ ਦਿੰਦਾ ਹੈ, ਅਗਲੇ ਜੀਵਨ ਲਈ ਬੀਜ ਦਿੰਦਾ ਹੈ, ਜੇਕਰ ਜੀਵਨ ਅਜਿਹਾ ਨਹੀਂ ਤਾਂ ਕਿਸ ਕੰਮ ਦਾ? ਇਹੀ ਮੁਕਤੀ ਹੈ।"[69]ਹਿੰਦੂ ਧਰਮ ਵਿਚ ਮੁਕਤੀ ਦੇ ਸਿਧਾਂਤ ਦਾ ਬੜਾ ਮਹੱਤਵ ਹੈ, ਇਸੇ ਕਾਰਨ ਹਿੰਦੂ ਧਰਮ ਵਿੱਚ ਭਗਤੀ ਲਹਿਰ ਤੋਂ ਪਹਿਲਾ ਕੁਝ ਚਲਾਕ ਲੋਕਾਂ ਦੁਆਰਾਂ ਮੁਕਤੀ ਦਿਵਾਉਣ ਦੇ ਕਈ ਕਰਮ-ਕਾਂਡ ਪ੍ਰਚੱਲਿਤ ਕੀਤੇ ਗਏ,ਜਿਸ ਵਿੱਚ ਮਨੁੱਖੀ ਜੀਵਨ ਨੂੰ ਬੇਕਾਰ ਮੰਨ ਕੇ ਕੇਵਲ ਪ੍ਰਲੋਕ ਨੂੰ ਹੀ ਸਭ ਕੁਝ ਮੰਨਿਆ ਗਿਆ ਅਤੇ ਮੁਕਤੀ ਲਈ ਵਰਤਮਾਨ ਜੀਵਨ ਨੂੰ ਨਿਛਾਵਰ ਕਰਨ ਦਾ ਭਰਮ ਜਾਲ ਪ੍ਰਚੱਲਿਤ ਕੀਤਾ ਗਿਆ। ਹਿੰਦੂ ਧਰਮ ਦੇ ਚਾਰ ਪੁਰਸ਼ਾਰਥਾਂ ਵਿਚ ਅਖੀਰਲਾ ਮੁਕਤੀ ਹੈ,ਪਰ ਇਸ ਮੁਕਤੀ ਨੂੰ ਠੀਕ ਰਾਹ ਤੇ ਚੱਲ ਕੇ ਹੀ ਹਾਸਲ ਕਰਨਾ ਹੈ।

**ਸਦਬੁੱਧੀ ਦੀ ਪ੍ਰਾਰਥਨਾ :**

अपां मध्ये तस्थिवांसं तृष्णाविदज्जरितारम्। मृळा सुक्षत्र मृळय।[70]

ਕਿਸੇ ਵੀ ਚੀਜ਼ ਦੀ ਠੀਕ ਗਲਤ ਪਛਾਣ ਲਈ ਸਦਬੁੱਧੀ ਦਾ ਹੋਣਾ ਜ਼ਰੂਰੀ ਹੈ। ਬਹੁਤੀ ਵਾਰ ਸੰਸਾਰ ਵਿਚ ਮਨੁੱਖ ਸਦਬੁੱਧੀ ਦੀ ਘਾਟ ਕਾਰਣ ਆਪਣਾ ਜੀਵਨ ਅਜਾਂਈ ਗਵਾ ਲੈਂਦੇ ਹਨ। "ਬਹੁਤ ਵਚਿੱਤਰ ਸਥਿਤੀ ਹੈ। ਭਗਤ ਕਹਿੰਦਾ ਹੈ, ਹੇ ਈਸ਼ਵਰ ਤੁਹਾਡੀ ਉਸਤਤ ਕਰਨ 'ਤੇ ਵੀ ਮੈਨੂੰ ਤ੍ਰਿਸ਼ਨਾਵਾਂ ਨਹੀਂ ਛੱਡਦੀਆਂ। ਤੁਹਾਡੀਆਂ ਉਸਤਤੀਆਂ ਮਹਾਨ ਸਮੁੰਦਰ ਵਾਂਗ ਹਨ। ਪਰੰਤੂ ਫਿਰ ਵੀ ਇਹ ਸੰਸਾਰ ਖਾਰੇ ਸਮੁੰਦਰ ਦੀ ਤਰ੍ਹਾਂ ਹੈ। ਇਸ ਪਾਣੀ ਨਾਲ ਪਿਆਸ ਸ਼ਾਂਤ ਨਹੀਂ ਹੋ ਸਕਦੀ। ਇਹੀ ਉਹੋ ਸਥਿਤੀ ਹੈ ਜਿਵੇਂ 'ਪਾਣੀ ਵਿਚ ਮਛਲੀ ਪਿਆਸੀ' ਹੋਵੇ। ਅਸਲ ਵਿਚ ਸੰਸਾਰਿਕ ਖਿੱਚ ਅਤੇ ਚਕਾਚੌਂਧ ਇੰਨੇ ਪ੍ਰਬਲ ਹਨ ਕਿ ਨਾ ਤਾਂ ਮਨੁੱਖ ਉਹਨਾਂ ਦੇ ਬੰਧਨਾਂ ਤੋਂ ਮੁਕਤ ਹੁੰਦਾ ਹੈ ਅਤੇ ਨਾ ਹੀ ਉਸਦੀ ਤ੍ਰਿਸ਼ਨਾ ਪੂਰੀ ਹੁੰਦੀ ਹੈ। ਮੇਰੇ ਚਾਰੇ ਪਾਸੇ ਪਰਮੇਸ਼ਵਰ ਨੂੰ ਸਮਝਣ ਲਈ ਉਸ ਦੁਆਰਾ ਬਣਾਏ ਅਦਭੁੱਤ ਪਦਾਰਥ ਹਨ ਫਿਰ ਵੀ ਮੈਂ ਕੇਵਲ ਉਸਤਤ ਹੀ ਕਰਦਾ ਹਾਂ। ਉਸਦੀ ਮਹਿਮਾ ਨੂੰ ਸਮਝਦਾ ਨਹੀਂ। ਉਹ ਅਤਿਅੰਤ

[69] डा. कृष्ण लाल, *वैदिक वन्दना,* पन्ना 101-02.

[70] *ਰਿਗਵੇਦ* 8.7.9.4

ਸ਼ਕਤੀਸ਼ਾਲੀ ਪਰਮੇਸ਼ਵਰ ਇਸ ਭਵਸਾਗਰ ਤੋਂ ਮੈਨੂੰ ਪਾਰ ਕਰਵਾ ਸਕਦਾ ਹੈ ਅਤੇ ਸੁਖ ਤੇ ਅਨੰਦ ਦੇ ਸਕਦਾ ਹੈ। ਮੈ ਉਸਦੀ ਦਇਆ ਦੀ ਕਾਮਨਾ ਕਰਦਾ ਹਾਂ ਕਿ ਮੈਨੂੰ ਸਦਬੁੱਧੀ ਦੇਵੇ।"[71] ਇਸ ਪ੍ਰਾਰਥਨਾ ਵਿੱਚ ਆਪਣੇ ਆਪਨੂੰ ਸੰਸਾਰਿਕ ਤ੍ਰਿਸ਼ਨਾਵਾਂ ਤੋਂ ਬਚਾਉਣ ਲਈ ਇਸ਼ਟ ਅੱਗੇ ਵਿਥਿਆ ਰੱਖੀ ਗਈ ਹੈ ਕਿ ਮਨੁੱਖ ਦੀ ਤ੍ਰਿਸ਼ਨਾ ਕਦੇ ਵੀ ਪੂਰੀ ਨਹੀਂ ਹੋ ਸਕਦੀ। ਸਬਰ ਦਾ ਪੱਲਾ ਫੜਨ ਨਾਲ ਹੀ ਕਾਮਯਾਬੀ ਹਾਸਿਲ ਹੁੰਦੀ ਹੈ। ਮਾਇਆ ਵੀ ਸੰਸਾਰਕ ਮਨੁੱਖ ਨੂੰ ਕਿਸੇ ਪਾਸੇ ਨਹੀਂ ਲਾ ਸਕਦੀ। ਇਸੇ ਕਾਰਣ ਧਰਮ ਦੀ ਦੁਨੀਆਂ ਵਿਚ ਜਦੋਂ ਮਨੁੱਖ ਚਾਰੇ ਪਾਸਿਉਂ ਘਿਰ ਜਾਵੇ, ਕੋਈ ਰਾਹ ਨਾ ਲੱਭੇ ਤਾਂ ਪ੍ਰਾਰਥਨਾ ਦਾ ਸਹਾਰਾ ਲੈਣ ਦੀ ਗੱਲ ਕੀਤੀ ਗਈ ਹੈ ਅਤੇ ਇਹ ਪ੍ਰਾਰਥਨਾ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਜੇ ਮਨੁੱਖ ਕੋਲ ਸਦਬੁੱਧੀ ਹੋਵੇਗੀ ਫਿਰ ਹੀ ਉਹ ਠੀਕ ਗਲਤ ਦਾ ਫੈਸਲਾ ਕਰ ਸਕੇਗਾ।

**ਪਰਮੇਸ਼ਵਰ ਨੂੰ ਮਾਂ ਦਾ ਰੂਪ ਮੰਨ ਕੇ ਪ੍ਰਾਰਥਨਾ :**

**यो व: शिवतमो रसस्तस्य भाजयतेह न:। उशतीरिव मातर:।।**[72]

ਦੁਨੀਆਂ ਵਿਚ ਮਾਂ-ਪੁੱਤ ਦਾ ਰਿਸ਼ਤਾ ਸਭ ਤੋਂ ਵੱਡਾ ਮੰਨਿਆ ਜਾਂਦਾ ਹੈ। ਜਿਹੋ ਜਿਹੀ ਪਾਲਣਾ ਮਾਂ ਬੱਚੇ ਦੀ ਕਰ ਸਕਦੀ ਹੈ ਦੂਜਾ ਹੋਰ ਕੋਈ ਨਹੀਂ ਕਰ ਸਕਦਾ। ਸੋ ਇਸ ਪ੍ਰਾਰਥਨਾ ਵਿਚ ਪਰਮੇਸ਼ਵਰ ਨੂੰ ਮਾਂ ਜਾਣ ਕੇ ਉਸਦੀ ਵਡਿਆਈ ਕੀਤੀ ਗਈ ਹੈ। "ਜਿਵੇਂ ਪਰਮਾਣੂ ਰੂਪ ਵਿਚ ਜਲ ਸੰਪਰੂਨ ਸ੍ਰਿਸ਼ਟੀ ਵਿਚ ਵਿਆਪਕ ਹੈ ਅਤੇ ਹਰੇਕ ਪ੍ਰਾਣੀ ਨੂੰ ਜੀਵਨਰਸ ਪ੍ਰਦਾਨ ਕਰਦਾ ਹੈ ਉਸੇ ਤਰ੍ਹਾਂ ਪਰਮੇਸ਼ਵਰ ਨੂੰ ਸਮਝਣਾ ਚਾਹੀਦਾ ਹੈ। ਵਿਆਪਕ ਪਰਮੇਸ਼ਵਰ ਮਾਤਾ ਵਰਗਾ ਹੈ। ਮਾਤਾਵਾਂ ਆਪਣੇ ਬੱਚਿਆਂ ਲਈ ਉਹਨਾਂ ਦੇ ਪੋਸ਼ਣ ਦੀ ਕਾਮਨਾ ਕਰਦੇ ਹੋਏ ਆਪਣੇ ਉਤਮਰਸ ਦੁੱਧ ਦਾ ਸੇਵਨ ਕਰਵਾ ਦਿੰਦੀਆਂ ਹਨ। ਬੱਚੇ ਲਈ ਉਸਤੋਂ ਵੱਧ ਕੇ ਕੋਈ ਭੋਜਨ ਨਹੀਂ ਹੁੰਦਾ। ਜਲ ਵੀ ਤਾਂ ਇਹੀ ਕੰਮ ਕਰਦਾ ਹੈ। ਵਿਆਪਕ ਪਰਮੇਸ਼ਵਰ ਵੀ ਅਨੇਕਾਂ ਪਦਾਰਥਾਂ ਨਾਲ ਆਪਣੀ ਮਨੁੱਖ ਰੂਪ ਸੰਤਾਨ ਦਾ ਪੋਸ਼ਣ ਮਾਂ ਦੀ ਤਰ੍ਹਾਂ ਹੀ ਕਰਦਾ ਹੈ। ਜੀਵਨ ਧਾਰਨ ਕਰਨ ਲਈ ਪਰਮੇਸ਼ਵਰ ਨੇ ਜਲ ਅਤੇ ਹਵਾ ਦੋ ਜ਼ਰੂਰੀ ਉੱਤਮ ਪਦਾਰਥ ਬਣਾਏ ਹਨ। ਉਹਨਾਂ ਨੂੰ ਅਤੇ ਉਹਨਾਂ ਦੇ ਮਾਧਿਅਮ ਨਾਲ ਅਨੰਦਰਸ ਪ੍ਰਾਪਤ ਕਰਵਾ ਕੇ ਉਹ ਸੁਖੀ ਕਰਦਾ ਰਹੇ। ਮਨੁੱਖ ਅੰਤਿਮ ਲਕਸ਼ ਦੇ ਰੂਪ ਵਿਚ ਭੌਤਿਕ ਸੁਖ ਤੋਂ ਉਪਰ ਉੱਠ ਕੇ ਪਰਮੇਸ਼ਵਰ-ਗਿਆਨਰੂਪੀ ਦੈਵੀ ਅਨੰਦ ਪ੍ਰਾਪਤ ਕਰਨਾ ਚਾਹੁੰਦਾ ਹੈ। ਪਰਮੇਸ਼ਵਰ ਕਿਉਂਕਿ ਮਾਂ ਹੈ, ਮਾਤਾ ਹੈ ਨਿਰਮਾਣ ਕਰਨ ਵਾਲਾ ਹੈ।ਉਹ ਆਪਣੇ ਬੱਚਿਆਂ ਨੂੰ ਉਤਮ ਅਨੰਦ ਰਸ ਪ੍ਰਾਪਤ ਕਰਵਾਉਂਦਾ ਰਹੇ, ਐਸੀ ਪ੍ਰਾਰਥਨਾ ਹੈ। ਉਹ ਤਾਂ ਮਾਂ ਹੈ, ਸੰਤਾਨਾਂ ਲਈ ਉਤਮ ਰਸ ਦਿੰਦੀ ਹੀ ਹੈ। ਅਸੀਂ ਹੀ ਆਪਣੇ ਆਪ ਨੂੰ ਉਨ੍ਹਾਂ ਦੇ ਯੋਗ ਬਣਾ ਨਹੀਂ ਪਾਉਂਦੇ।"[73] ਵੈਦਿਕ ਰਿਸ਼ੀਆਂ ਨੇ ਪਰਮੇਸ਼ਵਰ ਨੂੰ ਮਾਂ ਮੰਨ ਕੇ ਬੜੀ ਭਾਵਪੂਰਤ ਪ੍ਰਾਰਥਨਾ ਕੀਤੀ ਹੈ। ਜਿਵੇਂ ਦੁਨਿਆਵੀ ਮਾਂ ਆਪਣੇ ਬੱਚੇ ਤੋਂ ਸਭ ਕੁਝ ਨਿਛਾਵਰ ਕਰਦੀ ਹੈ ਉਸੇ ਤਰ੍ਹਾਂ ਪਰਮੇਸ਼ਵਰ ਰੂਪੀ ਮਾਂ ਵੀ ਆਪਣੇ ਮਨੁੱਖ ਰੂਪੀ ਬੱਚੇ ਨੂੰ ਤਰ੍ਹਾਂ-ਤਰ੍ਹਾਂ ਦੇ ਪਦਾਰਥਾਂ ਨਾਲ ਨਿਵਾਜਿਆ ਹੈ, । ਫਸਲਾਂ, ਨਹਿਰਾਂ,

[71] डा. कृष्ण लाल, *वैदिक वन्दना*, पन्ना 105-06.

[72] *ਰਿਗਵੇਦ* 10.1.2.

[73] डा. कृष्ण लाल, *वैदिक वन्दना*, पन्ना 109-10.

ਦਰਿਆ, ਰਿਸ਼ਤੇ-ਨਾਤੇ ਆਦਿ ਮਨੁੱਖ ਦੀ ਸਹੂਲਤ ਲਈ ਹਨ, ਉਹ ਉਹਨਾਂ ਦਾ ਅਨੰਦ ਮਾਣੇ ਅਤੇ ਕਰਤੇ ਨਾਲ ਜੁੜੇ।

**ਬੁੱਧੀ ਅਤੇ ਧੰਨ ਸੰਪੱਤੀ ਲਈ ਪ੍ਰਾਰਥਨਾ :**

**भग प्रणोतर्भग सत्यराधो भगेमां धियमुदवा ददेत्र:।**

**भग प्र णो जनय गोभिरश्वैर्भग प्र नृभिर्नवन्त: स्याम।।**[74]

"ਹੇ ਉਸਤਤੀ-ਪ੍ਰਾਰਥਨਾ-ਉਪਾਸਨਾ ਕਰਨ ਯੋਗ ਉੱਤਮ ਕੰਮਾਂ ਦੇ ਪ੍ਰੇਰਕ, ਸਤਸਰੂਪ, ਅਵਿਨਾਸ਼ੀ! ਸਭ ਦੇ ਪੂਜਣਯੋਗ! ਸਾਨੂੰ ਉਤਮ ਬੁੱਧ ਦਿਉ ਅਤੇ ਇਸ ਵਿਚ ਵਾਧਾ ਕਰਦੇ ਹੋਏ ਰੱਖਿਆ ਕਰੋ, ਹੇ ਐਸ਼ਵਰਜ ਦੇ ਮਾਲਕ ਪਰਮੇਸ਼ਵਰ! ਸਾਨੂੰ ਗਾਂਵਾਂ, ਘੋੜੇ ਸਾਧਨਾ ਨਾਲ ਉੱਨਤ ਅਤੇ ਸੰਪੰਨ ਕਰੋ। ਹੇ ਸਾਰਿਆਂ ਦੁਆਰਾ ਸੇਵਾ ਕੀਤੇ ਜਾਣ ਵਾਲੇ ਪਰਮਾਤਮਾ! ਅਸੀਂ ਭਰੇ-ਪੂਰੇ ਪਰਿਵਾਰ ਅਤੇ ਸਮਾਜ ਵਾਲੇ ਹੋਈਏ।"[75] ਰਿਗਵੇਦ ਦੀ ਇਸ ਪ੍ਰਾਰਥਨਾ ਵਿਚ ਪਰਮਾਤਮਾ ਨੂੰ ਸੰਬੋਧਿਤ ਹੋ ਕੇ ਉਸਨੂੰ ਸਾਰੇ ਚੰਗੇ ਕਰਮਾਂ ਦੇ ਪ੍ਰੇਰਕ, ਸੱਤਸਰੂਪ, ਅਵਿਨਾਸ਼ੀ, ਸਭ ਦੇ ਪੂਜਣਯੋਗ ਮੰਨ ਕੇ ਉਸ ਤੋਂ ਉਤਮ ਬੁੱਧੀ ਦੀ ਮੰਗ ਅਤੇ ਇਸ ਵਿਚ ਵਾਧੇ ਦੀ ਮੰਗ ਕੀਤੀ ਗਈ ਹੈ। ਇਸ ਲਈ ਪਰਮਾਤਮਾ ਤੋਂ ਘੋੜਿਆਂ ਆਦਿ ਸਾਧਨਾਂ ਦੀ ਮੰਗ ਕੀਤੀ ਗਈ ਹੈ ਅਤੇ ਨਾਲ ਹੀ ਉਸ ਤੋਂ ਭਰੇ ਪੂਰੇ ਸਮਾਜ ਅਤੇ ਪਰਿਵਾਰ ਦੀ ਮੰਗ ਵੀ ਕੀਤੀ ਗਈ ਹੈ। ਪਰਮਾਤਮਾ ਜੋ ਸਰਬ ਗੁਣ ਸੰਪੰਨ ਹੈ ਉਸ ਅੱਗੇ ਸਾਰੇ ਗੁਣ ਦੇਣ ਦੀ ਪ੍ਰਾਰਥਨਾ ਹੈ। ਜਿਸ ਵਿੱਚ ਅਧਿਆਤਮਿਕ ਅਤੇ ਲੌਕਿਕ ਦੋਵੇਂ ਤਰ੍ਹਾਂ ਦੀਆਂ ਮੰਗਾਂ ਸ਼ਾਮਿਲ ਹਨ ਕਿਉਂਕਿ ਪਰਮਾਤਮਾ ਹੀ ਹੈ ਜੋ ਦੋਵੇਂ ਤਰ੍ਹਾਂ ਦੇ ਸੁਖ ਪ੍ਰਦਾਨ ਕਰ ਸਕਦਾ ਹੈ।

**ਵਿਦਵਾਨਾਂ ਤੋਂ ਸਿੱਖਿਆ ਪ੍ਰਾਪਤ ਕਰਨ ਸਬੰਧੀ ਪ੍ਰਾਰਥਨਾ :**

उतेदानीं भगवन्त: स्यामोत प्रपित्व उत मध्ये अह्नाम्।

उतोदिता मधवन्त्सूर्यस्य वयं देवाना सुमतौ स्याम।।[76]

"ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ ਵਿਦਵਾਨ, "ਵਿੱਦਿਆ ਵਾਲਾ, ਪੰਡਿਤ, ਆਲਮ, ਪੰਜਾਬੀ ਦਾ ਇਕ ਇਮਤਿਹਾਨ"[77]

ਰਿਗਵੇਦ ਵਿਚ ਅਜਿਹੀਆ ਅਨੇਕਾਂ ਅਰਦਾਸਾਂ ਦੇ ਦਰਸ਼ਨ ਹੁੰਦੇ ਹਨ ਜਿਸ ਵਿਚ ਪਰਮਾਤਮਾ ਤੋਂ ਅਨੇਕ ਤਰ੍ਹਾਂ ਦੀਆਂ ਮੰਗਾਂ ਮੰਗੀਆਂ ਗਈਆ ਹਨ। ਜਿਵੇ ਇਹ ਪ੍ਰਾਰਥਨਾ ਗੁਣੀ ਵਿਦਵਾਨਾਂ ਦੀ ਸੰਗਤ ਵੱਲ ਇਸ਼ਾਰਾ ਕਰਦੀ ਹੈ। ਭਾਵ ਸਤਿਪੁਰਖਾਂ ਦੀ ਸੰਗਤ ਜਿੱਥੇ ਮਨੁੱਖ ਦਾ ਜੀਵਨ ਸੁਧਾਰਦੀ ਹੈ ਉਥੇ ਚੰਗੇ ਸਿਹਤਮੰਦ ਸਮਾਜ ਦੀ ਵੀ ਸਿਰਜਣਾ ਕਰਦੀ ਹੈ। "ਹੇ ਪਰਮਾਤਮਾ! ਤੁਹਾਡੀ ਕ੍ਰਿਪਾ ਨਾਲ ਅਸੀਂ ਇਸ ਉਪਾਸਨਾ ਦੇ ਪ੍ਰਭਾਤ ਕਾਲ ਵਿਚ ਅਤੇ ਹਰੇਕ ਦਿਨ ਦੇ ਪ੍ਰਭਾਤ ਵਿਚ, ਮੱਧਕਾਲ ਵਿਚ ਹਰ ਇਕ ਤਰ੍ਹਾਂ ਦੇ ਸੁਖ ਵਿਚ ਸੰਪੂਰਨ ਹੋਈਏ। ਭਗਤੀ, ਸ਼ਕਤੀ, ਅਰੋਗਤਾ, ਸੰਪੱਤੀ ਆਦਿ ਵਿਚ ਸੰਪੰਨ ਹੋਈਏ। ਹੇ ਸੁਖਾਂ

---

[74] *ਰਿਗਵੇਦ* 8.41.3.

[75] आचार्य सत्यानन्द, *वैदिक नित्यकरम एवं पञ्चमहायज्ञ विधि*, पन्ना 7.

[76] *ਰਿਗਵੇਦ* 8.41.4

[77] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 1100.

ਦੀ ਵਰਖਾ ਕਰਨ ਵਾਲੇ ਦਾਤੇ! ਅਸੀਂ ਸੂਰਜ ਚੜ੍ਹਨ ਦੇ ਸਮੇਂ ਤੋਂ ਹੀ ਦੈਵੀ ਗੁਣ, ਚੰਗੇ ਕਰਮ, ਚੰਗੇ ਸੁਭਾਅ ਵਾਲੇ ਵਿਦਵਾਨਾਂ ਦੀ ਉੱਤਮ ਬੁੱਧੀ ਵਿਚ ਰਹੀਏ ਭਾਵ ਦਿਨ ਦੇ ਸ਼ੁਰੂ ਵਿਚ ਹੀ ਅਸੀਂ ਗੁਣੀ ਵਿਦਵਾਨਾਂ ਦੀ ਕ੍ਰਿਪਾ ਅਤੇ ਸਿੱਖਿਆ ਦੇ ਪਾਤਰ ਬਣੀਏ।"[78] ਸੋ ਇਹ ਅਰਦਾਸ ਜੇ ਉਸ ਸਮੇਂ ਪੂਰੀ ਢੁਕਵੀ ਸੀ ਤਾਂ ਅੱਜ ਦੇ ਸਮਾਜ ਲਈ ਵੀ ਇਹ ਅਰਦਾਸ ਲਾਹੇਵੰਦੀ ਹੈ ਕਿਉਂਕਿ ਆਧੁਨਿਕ ਸਮਾਜ ਜਿਸ ਤਰ੍ਹਾਂ ਦਿਸ਼ਾਹੀਣ ਹੋ ਕੇ ਭਟਕ ਰਿਹਾ ਹੈ ਉਸਨੂੰ ਵੀ ਸਿਆਣੇ ਪੁਰਖਾਂ ਦੀ ਸੰਗਤ ਦੀ ਸਖ਼ਤ ਜ਼ਰੂਰਤ ਹੈ।

ਖੋਜ-ਕਾਰਜ ਦੇ ਇਸ ਅਧਿਆਇ ਵਿੱਚ ਹਿੰਦੂ ਧਰਮ ਦੀਆਂ ਉਹਨਾਂ ਪ੍ਰਾਰਥਨਾਵਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ, ਜਿਹੜੀਆਂ ਕਿ ਦਿਨ ਦੇ ਵਿਚ ਹਰ ਰੋਜ਼ ਕੀਤੀਆਂ ਜਾਣ ਵਾਲੀਆਂ ਹਨ, ਜਿਵੇਂ ਭੋਜਨ ਕਰਨ ਵੇਲੇ ਦੀ ਪ੍ਰਾਰਥਨਾ, ਭਾਵ ਕਿ ਹਰ ਇਕ ਕਾਰਜ ਕਰਨ ਲੱਗਿਆ ਧਾਰਮਿਕ ਪੁਰਸ਼ ਪਰਮਾਤਮਾ ਅੱਗੇ ਪ੍ਰਾਰਥਨਾ ਕਰਦੇ ਸਨ, ਜਿਸ ਤੋਂ ਇਕ ਗੱਲ ਆਪਣੇ ਆਪ ਇਸ ਵਿਸ਼ੇ ਬਾਰੇ ਸਿੱਧ ਹੁੰਦੀ ਹੈ ਕਿ ਪ੍ਰਾਰਥਨਾ ਦਾ ਵਿਸ਼ਾ ਧਾਰਮਿਕ ਜੀਵਨ ਵਿਚ ਕਿੰਨ੍ਹਾ ਮਹੱਤਵਪੂਰਨ ਹੈ, ਕਿਉਂਕਿ ਜਿਹੜਾ ਕਾਰਜ ਕਿਸੇ ਤੋਂ ਆਗਿਆ ਲੈ ਕੇ ਜਾਂ ਪ੍ਰਾਰਥਨਾ ਕਰਕੇ ਕੀਤਾ ਜਾਵੇ ਉਸ ਵਿਚ ਬਰਕਤ ਪੈਣੀ ਲਾਜ਼ਮੀ ਹੈ। ਇਸ ਕਰਕੇ ਸੰਸਾਰ ਧਰਮਾਂ ਤੇ ਨਜ਼ਰ ਮਾਰਦਿਆਂ ਅਰਦਾਸ ਵਰਗਾ ਭਾਵਪੂਰਤ ਸਿਧਾਂਤ ਆਪਣੇ ਆਪ ਹੀ ਸਾਡੇ ਸਾਹਮਣੇ ਦ੍ਰਿਸ਼ਟੀਗੋਚਰ ਹੁੰਦਾ ਹੈ।

### 3.24 ਭੋਜਨ ਕਰਨ ਤੋਂ ਬਾਅਦ ਦਾ ਮੰਤਰ:

**मोघमन्नं विन्दते अप्रचेता: सत्यं ब्रवीम वध इत्स तस्य।**

**नार्यमणं पुष्यति नो सखायं केवलाधो भवित केवलादी।।**[79]

ਇਹ ਪ੍ਰਾਰਥਨਾ ਸਾਡੇ ਸਮਾਜ ਨੂੰ ਵੰਡ ਛਕਣ ਵੱਲ ਪ੍ਰੇਰਿਤ ਕਰਦੀ ਹੈ ਭਾਵ ਜਿਸ ਆਦਮੀ ਨੂੰ ਪਰਮਾਤਮਾ ਨੇ ਜ਼ਿਆਦਾ ਦਿੱਤਾ। ਉਹ ਸਾਰਿਆਂ ਨਾਲ ਵੰਡ ਕੇ ਛਕੇ ਜਿਸ ਨਾਲ ਉਸ ਵਿਚ ਹਮਦਰਦੀ ਅਤੇ ਤਿਆਗ ਵਧੇਗਾ ਅਤੇ ਹੰਕਾਰ ਦਾ ਨਾਸ਼ ਹੋਵੇਗਾ। "ਉਹ ਮਨੁੱਖ ਜਿਹੜੇ ਸਵਾਰਥੀ ਹਨ, ਕੇਵਲ ਆਪਣੇ ਖਾਣੇ ਦਾ ਹੀ ਧਿਆਨ ਰੱਖਦੇ ਹਨ, ਉਹ ਪਾਪ ਵੱਲ ਵੱਧਦੇ ਹਨ। ਵਿਦਵਾਨਾਂ ਅਤੇ ਚੰਗੇ ਮਿੱਤਰਾਂ ਦੀ ਸੰਗਤ ਦੀ ਅਣਹੋਂਦ ਕਾਰਣ ਉਹਨਾਂ ਨੂੰ ਚੰਗੇ ਕਰਮਾਂ ਦੀ ਸਿੱਖਿਆ ਨਹੀਂ ਮਿਲਦੀ। ਸੋ ਵੰਡ ਕੇ ਖਾਣਾ ਪੀਣਾ ਚਾਹੀਦਾ ਹੈ। ਕੇਵਲ ਆਪਣੀ ਉਦਰ ਪੂਰਤੀ ਦੀ ਚਿੰਤਾ ਤੱਕ ਹੀ ਸੀਮਿਤ ਨਹੀਂ ਹੋਣਾ ਚਾਹੀਦਾ। ਅਜਿਹਾ ਕਰਨਾ ਪਸ਼ੂ ਬਿਰਤੀ ਹੈ, ਮਨੁੱਖਤਾ ਨਹੀਂ। ਅਜਿਹੀ ਪ੍ਰਵਿਰਤੀ ਮਨੁੱਖੀ ਸਮਾਜ ਨੂੰ ਅਧੋਗਤੀ ਵੱਲ ਲੈ ਕੇ ਜਾਂਦੀ ਹੈ। ਇਸ ਲਈ ਭਾਰਤੀ ਸੰਸਕ੍ਰਿਤੀ ਵਿਚ ਪਹਿਲਾਂ ਘਰ ਵਿਚ ਪ੍ਰਾਹੁਣੇ ਆਦਿ ਨੂੰ ਖੁਆ ਕੇ ਬਾਅਦ ਵਿੱਚ ਖਾਣਾ ਖਾਧਾ ਜਾਂਦਾ ਹੈ। ਇਸ ਨਾਲ ਤਿਆਗ, ਨਿਰਲੇਪਤਾ ਅਤੇ ਸ਼ਹਿਣਸ਼ੀਲਤਾ ਦੇ ਭਾਵ ਵਧਦੇ ਹਨ।"[80] ਇਹ ਮੰਤਰ ਇਹ ਸਿੱਧ ਕਰਦੇ ਹਨ ਕਿ ਪੁਰਾਤਨ ਸਮੇਂ ਤੋਂ ਹੀ ਸਾਡੀ ਭਾਰਤੀ ਪਰੰਪਰਾ ਵਿਚ ਭੋਜਨ ਦਾ ਸਤਿਕਾਰ ਅਤੇ ਇਸਨੂੰ ਵੰਡ ਕੇ ਛਕਣ ਦੀ ਭਾਵਨਾ ਸਮਾਈ ਹੋਈ ਸੀ। ਕਿਉਂਕਿ ਸਾਡੇ ਸਮਾਜ ਵਿਚ ਕਹਾਵਤ ਵੀ ਹੈ 'ਜੈਸਾ ਖਾਵੇ ਅੰਨ ਤੈਸਾ ਹੋਵੇ ਮਨ' ਇਸ ਕਰਕੇ ਘਰਾਂ ਵਿਚ ਔਰਤਾਂ ਰਸੋਈ

---

[78] आचार्य सत्यानन्द, *वैदिक नित्यकरम ऐवम पञ्चमहायज्ञ विधि,* पन्ना 7.

[79] *ਰਿਗਵੇਦ* 10.118.6

[80] आचार्य सत्यानन्द, *वैदिक नित्यकरम एवं पञ्चमहायज्ञ विधि,* पन्ना 14.

ਦਾ ਬਹੁਤ ਸਤਿਕਾਰ ਕਰਦੀਆਂ ਸਨ ਅਤੇ ਉਥੇ ਜੁੱਤੀਆ ਪਾ ਕੇ ਨਹੀਂ ਜਾਂਦੀਆ ਸਨ ਅਤੇ ਭੋਜਨ ਨੂੰ ਵੀ ਪਰਮਾਤਮਾ ਦਾ ਰੂਪ ਮੰਨ ਕੇ ਭੋਜਨ ਨੂੰ ਪੇਸ਼ ਆਇਆ ਜਾਂਦਾ ਸੀ। ਭੋਜਨ ਕਰਨ ਸਮੇਂ ਅਤੇ ਭੋਜਨ ਦੀ ਸਮਾਪਤੀ ਵੇਲੇ ਪਰਮਾਤਮਾ ਅੱਗੇ ਪ੍ਰਾਰਥਨਾ ਕੀਤੀ ਜਾਂਦੀ ਸੀ।

### 3.25 ਸੌਣ ਸਮੇਂ ਦੀ ਪ੍ਰਾਰਥਨਾ :

**यजाग्रजो दूरमुदैति दैवं तदु सुप्तस्य तथैवैति।**

**दूरङ्गमं ज्योतिषां ज्योतिरेकं तन्मे मन: शिवसंकल्पमस्तु।।**[81]

ਪੁਰਾਤਨ ਰਿਸ਼ੀਆਂ ਅਨੁਸਾਰ ਮਨੁੱਖ ਨੂੰ ਸੌਣ ਸਮੇਂ ਵੀ ਪਰਮਾਤਮਾ ਅੱਗੇ ਪ੍ਰਾਰਥਨਾ ਕਰਨੀ ਚਾਹੀਦੀ ਹੈ। ਜਿਸ ਨਾਲ ਮਨ ਪਵਿੱਤਰ ਅਤੇ ਸ਼ਾਂਤ ਹੁੰਦਾ ਹੈ। ਉੱਠਣ ਵੇਲੇ ਸੁਖ ਸ਼ਾਂਤੀ ਦਾ ਅਨੁਭਵ ਹੁੰਦਾ ਹੈ ਕਿਉਂਕਿ ਮਨੁੱਖ ਦੀ ਸੌਣ ਸਮੇਂ ਜੋ ਭਾਵਨਾ ਹੁੰਦੀ ਹੈ। ਉਸਨੂੰ ਸੁੱਤੇ ਹੋਏ ਵੀ ਅਜਿਹੇ ਵਿਚਾਰ ਹੀ ਆਉਂਦੇ ਹਨ। ਯਜੁਰਵੇਦ ਵਿਚ ਅਜਿਹੇ ਮੰਤਰਾਂ ਦਾ ਜ਼ਿਕਰ ਮਿਲਦਾ ਹੈ। "ਹੇ ਪਰਮਾਤਮਾ। ਮੇਰਾ ਦੈਵੀਗੁਣਾਂ ਵਾਲਾ, ਇੰਦ੍ਰੀਆਂ ਨਾਲ ਪ੍ਰਕਾਸ਼ਿਤ ਮਨ, ਜਿਵੇਂ ਜਾਗਦੇ ਹੋਏ ਦੂਰ-ਦੂਰ ਤੱਕ ਜਾਂਦਾ ਹੈ। ਉਸੇ ਤਰ੍ਹਾਂ ਮੇਰਾ ਮਨ ਸੁੱਤੇ ਹੋਏ ਵੀ ਦੂਰ-ਦੂਰ ਤੱਕ ਜਾਂਦਾ ਹੈ। ਦੂਰ ਤੱਕ ਜਾਣ ਵਾਲਾ, ਦੂਰ ਤੱਕ ਜਾਣ ਵਾਲੇ ਸੁਭਾਅ ਵਾਲਾ, ਸ਼ਬਦ ਆਦਿ ਵਿਸ਼ਿਆਂ ਦਾ ਪ੍ਰਕਾਸ਼ਕ, ਇੰਦ੍ਰੀਆਂ ਦਾ ਵੀ ਪ੍ਰਕਾਸ਼ਕ, ਸਾਧਕ ਜੋ ਇਕ ਹੀ ਹੈ ਉਹ ਮੇਰਾ ਮਨ, ਸ਼ੁਭ ਸੰਕਲਪ-ਵਿਕਲਪ ਵਿਚਾਰਾਂ ਵਾਲਾ ਹੋਵੇ।"[82] ਇਹ ਮੰਤਰ ਸਿੱਧ ਕਰਦਾ ਹੈ ਕਿ ਪੁਰਾਤਨ ਰਿਸ਼ੀ ਕਿਸ ਤਰ੍ਹਾਂ ਆਪਣੇ ਨਾਲ ਜੁੜੀ ਹਰ ਇਕ ਗਤੀਵਿਧੀ ਵੇਲੇ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿਉਂਕਿ ਮਨੁੱਖੀ ਮਨ ਹੀ ਹੈ ਜੋ ਸਰੀਰ ਅਤੇ ਦਿਮਾਗ ਨੂੰ ਕੰਟਰੋਲ ਵਿਚ ਰੱਖਦਾ ਹੈ ਅਤ ਉਸ ਤੋਂ ਆਪਹੁਦਰੇ ਕਾਰਜ ਕਰਵਾਉਂਦਾ ਹੈ। ਜੇਕਰ ਮਨ ਉਪਰ ਕਾਬੂ ਪਾਉਣਾ ਆ ਜਾਵੇ ਤਾਂ ਮਨੁੱਖਾ ਜਨਮ ਧਾਰਨ ਦਾ ਮਕਸਦ ਪੂਰਾ ਹੋ ਜਾਂਦਾ ਹੈ। ਸੋ ਇਹ ਪਰਮਾਤਮਾ ਅੱਗੇ ਪ੍ਰਾਰਥਨਾ ਕਰਨ ਨਾਲ ਹੀ ਹੋ ਸਕਦਾ ਹੈ।

### 3.26 ਪ੍ਰਾਰਥਨਾ ਨੂੰ ਪੂਰੀ ਕਰਨ ਦੀ ਪ੍ਰਾਰਥਨਾ :

**ओं तत्त्वा यामि ब्रह्मणा वन्दमानस्तदा शास्ते यजमानो हविर्भि;।**

**अहेळमानो वरुणह बोध्युरुशंस मा न आयु: प्र मोषी: स्वाहा।।**

**इदं वरुणाय-इदन्न मम।।**[83]

ਇਸ ਪ੍ਰਾਰਥਨਾ ਵਿਚ ਸਾਧਕ ਪਰਮਾਤਮਾ ਅੱਗੇ ਇਹ ਬੇਨਤੀ ਕਰ ਰਿਹਾ ਹੈ ਕਿ ਮੇਰੀ ਪ੍ਰਾਰਥਨਾ ਵੱਲ ਤਵੱਜੋਂ ਦੇ ਅਤੇ ਇਸਨੂੰ ਜਲਦੀ ਪੂਰਨ ਕਰ, ਅਜਿਹਾ ਨਾ ਹੋਵੇ ਕਿ ਤੂੰ ਮੇਰੀ ਪ੍ਰਾਰਥਨਾ ਵੱਲ ਧਿਆਨ ਹੀ ਨਾ ਦੇਵੇਂ। "ਹੇ ਸਰਵਰੱਖਿਅਕ ਪਰਮਾਤਮਾ। ਤੁਹਾਨੂੰ ਵੇਦਮੰਤਰਾਂ ਦੁਆਰਾ ਉਸਤਤ ਕਰਦਾ ਹੋਇਆ ਅਤੇ ਯੱਗ ਦੁਆਰਾ ਉਪਾਸਨਾ ਕਰਦਾ ਹੋਇਆ ਪ੍ਰਾਪਤ ਹੁੰਦਾ ਹਾਂ, ਸ਼ਰਨ ਵਿਚ ਆਉਂਦਾ ਹਾਂ। ਯੱਗ ਅਨੁਸ਼ਠਾਨ ਕਰਨ ਵਾਲਾ ਆਹੁਤੀ ਦਿੰਦੇ ਹੋਏ ਇਸ ਪ੍ਰਾਪਤੀ ਦੀ ਆਸ਼ਾ ਕਰਦਾ ਹੈ। ਹੇ ਵਰਣਨਯੋਗ,

---

[81] *ਯਜੁਰਵੇਦ*, 34.1.

[82] आचार्य सत्यानन्द, *वैदिक नित्यकरम एवं पञ्चमहायज्ञ विधि,* पन्ना 14.

[83] *ਰਿਗਵੇਦ,* 1.24.11.

ਪੂਜਾਯੋਗ ਪਰਮਾਤਮਾ ਮੇਰੀਆਂ ਪ੍ਰਾਰਥਨਾਵਾਂ ਤੇ ਕ੍ਰੋਧਿਤ ਨਾ ਹੁੰਦੇ ਹੋਏ ਉਸਨੂੰ ਬੇਧਿਆਨ ਨਾ ਕਰਦੇ ਹੋਏ ਆਪ ਇਸੇ ਪੂਜਾ ਵਿਧੀ ਵਿਚ ਸਾਡੀ ਪ੍ਰਾਰਥਨਾ ਸੁਣੋ। ਸਾਰਿਆਂ ਦੁਆਰਾ ਉਸਤਤ ਕੀਤੇ ਜਾਣ ਵਾਲੇ ਪਰਮਾਤਮਾ। ਸਾਡੀ ਉਮਰ ਨੂੰ ਘਟਣ ਨਾ ਦੇ ਸਗੋਂ ਭਾਵਪੂਰਤ ਉਮਰ ਦਾ ਉਪਭੋਗ ਕਰੀਏ। ਇਸ ਕਾਮਨਾ ਲਈ ਮੈਂ ਇਹ ਆਹੂਤੀ ਦਿੰਦਾ ਹਾਂ।"[84] ਰਿਗਵੇਦ ਵਿਚ ਦਰਜ ਅਜਿਹੀਆਂ ਅਨੇਕਾਂ ਪ੍ਰਾਰਥਨਾਵਾਂ ਇਹ ਸਿੱਧ ਕਰਦੀਆ ਹਨ ਕਿ ਪ੍ਰਾਰਥਨਾ ਦੀ ਮਹਾਨ ਸ਼ਕਤੀ ਦਾ ਪਤਾ ਪੁਰਾਤਨ ਸਮੇਂ ਤੋਂ ਹੀ ਸਿਆਣੇ ਪੁਰਖਾਂ ਨੂੰ ਲੱਗ ਗਿਆ ਸੀ। ਜਿਸ ਕਾਰਨ ਅੱਜ ਵੀ ਹਰ ਇਕ ਧਰਮ ਵਿਚ ਇਹ ਕਿਰਿਆ ਕਿਸੇ ਨਾ ਕਿਸੇ ਰੂਪ ਵਿਚ ਵਿਦਮਾਨ ਹੈ, ਪਰ ਪੁਰਾਤਨ ਸਮੇਂ ਵਿਚ ਇੰਝ ਹਰ ਪਲ ਪ੍ਰਾਰਥਨਾ ਦਾ ਸਹਾਰਾ ਲੈਂਦੇ ਵੇਖ ਕੇ, ਉਹਨਾਂ ਪਵਿੱਤਰ ਆਤਮਾਵਾਂ ਦਾ ਰੱਬ ਪ੍ਰਤੀ ਸਨੇਹ ਦੇਖ ਕੇ ਮਨ ਖੁਸ਼ ਅਤੇ ਹੈਰਾਨ ਵੀ ਹੁੰਦਾ ਹੈ।

### 3.27 ਯੱਗ ਦੇ ਵਿਰੋਧੀਆਂ ਨੂੰ ਸਜ਼ਾ ਦਿਵਾਉਣ ਦੀ ਪ੍ਰਾਰਥਨਾ :

न्यक्रतून ग्रथिनो मृध्रवाच पणीर श्रद्धाँ अयज्ञान।
प्र प्र तान्दस्यूँरग्निर्विवाय पूर्वश्चकारापरां अयज्यून।। [85]

ਵੇਦਾਂ ਵਿਚ ਯੱਗ ਨਾ ਕਰਨ ਵਾਲੇ ਭਾਵ ਅਧਾਰਮਿਕ ਪੁਰਖ ਜੋ ਕਿ ਸਮਾਜ ਵਿੱਚ ਠੱਗੀ ਦਾ ਵਿਹਾਰ ਕਰਦੇ ਹਨ ਅਤੇ ਦੁਨੀਆਂ ਵਿਚ ਕੌੜੇ ਸ਼ਬਦ ਬੋਲਦੇ ਹਨ, ਪਰਮਾਤਮਾ ਪ੍ਰਤੀ ਅਸ਼ਰਧਾਵਾਨ, ਗਿਆਨ ਤੋਂ ਸੱਖਣੇ, ਯੱਗ ਆਦਿਕ ਦੇ ਵਿਰੋਧੀ ਲੁਟੇਰਿਆਂ ਨੂੰ ਦੂਰ ਕਰਨ ਅਤੇ ਹਰ ਪ੍ਰਕਾਰ ਨਾਲ ਛੋਟੇ ਅਤੇ ਤ੍ਰਿਸਕਾਰੀ ਬਨਾਉਣ ਦੀ ਬੇਨਤੀ ਅਗਨੀ ਦੇਵਤੇ ਸਾਹਮਣੇ ਕੀਤੀ ਗਈ ਹੈ। ਜਿਸਦਾ ਜ਼ਿਕਰ ਰਿਗਵੇਦ ਵਿਚ ਇਸ ਪ੍ਰਕਾਰ ਆਇਆ ਹੈ। ਜਿਹੜੇ ਲੋਕ ਯੱਗ ਦੁਆਰਾ ਸਮਾਜ ਨੂੰ ਚਲਾਉਂਦੇ, ਪਾਲਨ ਕਰਦੇ ਅਤੇ ਸਮਾਜਿਕ ਉਨਤੀ ਲਈ ਤਤਪਰ ਰਹਿੰਦੇ ਹਨ, ਉਹ ਸਤਿਕਾਰ ਦੇ ਪਾਤਰ ਹਨ ਪਰੰਤੂ ਜੋ ਲੋਕ ਇਸਦੇ ਉਲਟ ਵਿਵਹਾਰ ਕਰਦੇ ਹਨ ਉਹ ਬਣੀਆਂ ਦੇ ਨਾਮ ਨਾਲ ਜਾਣੇ ਜਾਂਦੇ ਹਨ ਜਿਸਦਾ ਅਰਥ ਉਸ ਸਮੇਂ ਬੇਈਮਾਨ ਕੀਤਾ ਜਾਂਦਾ ਸੀ।

### 3.28 ਗੁਰੂ ਦੀ ਯੋਗਤਾ ਨਾਲ ਸੰਬੰਧਿਤ ਪ੍ਰਾਰਥਨਾ :

ਵੇਦਾਂ ਵਿਚ ਗੁਰੂ ਦੀ ਯੋਗਤਾ ਬਾਰੇ ਵੀ ਅਨੇਕਾਂ ਮੰਤਰ ਮੌਜੂਦ ਹਨ, ਗੁਰੂ ਚੰਗੇ ਗੁਣਾਂ ਦਾ ਧਾਰਨੀ ਹੋਣਾ ਚਾਹੀਦਾ ਹੈ। ਉਹ ਸਾਰੀਆਂ ਵਿਦਿਆਵਾਂ ਦਾ ਗਿਆਤਾ ਹੋਵੇ ਭਾਵੇ ਕਿ ਅਜਿਹੇ ਗੁਰੂ ਦਾ ਮਿਲਣਾ ਔਖਾ ਹੈ ਜੋ ਆਪਣੇ ਚੇਲੇ ਨੂੰ ਆਪਣਾ ਸਾਰਾ ਕਮਾਇਆ ਗਿਆਨ ਬਿਨਾਂ ਕਿਸੇ ਸੁਆਰਥ ਦੇ ਸਮਾਜ ਦੀ ਭਲਾਈ ਲਈ ਦੇਵੇ। ਕਿਉਂਕਿ ਜਿਵੇਂ ਪਰਮਾਤਮਾ ਸਹਿਜੇ ਹੀ ਮਿਲਦਾ ਹੈ ਉਸੇ ਤਰ੍ਹਾਂ ਉਸ ਤੱਕ ਪਹੁੰਚਣ ਵਾਲਾ ਗਿਆਨ ਵੀ ਸਹਿਜ ਹੀ ਮਿਲਣਾ ਚਾਹੀਦਾ ਹੈ। "ਹੇ ਅਗਨੀ! ਪਿਤਾ ਜਿਵੇਂ ਪੁੱਤਰ ਦੇ ਕੋਲ ਆਪ ਹੀ ਪਹੁੰਚ ਜਾਂਦੈ, ਵੈਸੇ ਹੀ ਤੂੰ ਸਾਨੂੰ ਸੌਖਿਆਂ ਪ੍ਰਾਪਤ ਹੋ ਜਾਂਦਾ ਹੈ। ਇਸ ਲਈ ਤੂੰ ਸਾਡੇ ਲਈ ਮੰਗਲਦਾਤਾ ਬਣ।"[86] ਅਜਿਹੀ ਹੀ ਇਕ ਪ੍ਰਾਰਥਨਾ ਰਿਗਵੇਦ ਵਿਚ ਅਗਨੀ ਦੇਵਤੇ ਅੱਗੇ ਕੀਤੀ ਹੋਈ ਮਿਲਦੀ ਹੈ।

---

[84] आचार्य सत्यानन्द, *वैदिक नित्यकरम एवं पञ्चमहायज्ञ विधि,* पन्ना 45.
[85] *ਰਿਗਵੇਦ* 7.6.3.
[86] ਪੰਡਿਤ ਸ੍ਰੀ ਰਾਮ ਸ਼ਰਮਾ ਆਚਾਰੀਆ, *ਰਿਗਵੇਦ ਭਾਗ-1*, ਪੰਨਾ 34.

ਜਿਵੇਂ ਪਿਤਾ ਪੁੱਤਰ ਕੋਲ ਬਿਨਾਂ ਕਿਸੇ ਉਚੇਚ ਦੇ ਆ ਜਾਂਦਾ ਹੈ। ਇਸ ਲਈ ਕਿਸੇ ਵਿਸ਼ੇਸ਼ ਉਪਰਾਲੇ ਦੀ ਲੋੜ ਨਹੀਂ।

**3.29 ਰਾਜੇ ਦੇ ਰਾਜਭਾਗ ਦੀ ਸਥਿਰਤਾ ਲਈ ਪ੍ਰਾਰਥਨਾ :**

ਆ ਤ੍ਵਾਹਾਰ੍ਸ਼ਮੰਤਰੇਧਿ ਧ੍ਰਵਸ਼ੁਤਸ਼ਠਾਵਿਚਾਚਿਲ।
ਵਿਸ਼ਸ੍ਤ੍ਵਾ ਸਰੁਵਾ ਵਾਞ੍ਛੰਤੁ ਮਾ ਤ੍ਵਦ੍ਰਾਸ੍ਟ੍ਰਮਧਿ ਭ੍ਰਸ਼ਤ੍॥
ਇਹੈਵੈਧਿ ਮਾਪ ਚ੍ਯੋਸਠਾ: ਪਰ੍ਵਤਇਵਾਵਿਚਾਚਲਿ।
ਇੰਦ੍ਇਵੇਹ ਧ੍ਰਵਸਤਿਠਸੇਹ ਰਾਸ਼ਟ੍ਰਮ ਧਾਰਯ ॥2॥
ਧਵਾ ਦੁਯੋਰ੍ਧ੍ਰਵਾ ਪ੍ਰਥਿਵੀ ਧ੍ਰਵਾਸ; ਪਰਵਤਾ ਇਮੇ।
ਧੁਵੰ ਵਿਸ਼੍ਵਮਿਦੰ ਜਗਦ੍ ਧ੍ਰਵੋ ਰਾਜਾ ਵਿਸ਼ਾਮਯਮ॥4॥
ਧ੍ਰਵੰ ਤੇ ਰਾਜਾ ਵਰੁਣੋ ਧ੍ਰਵੰ ਦੇਵੋ ਬ੍ਰਹਸਪਤਿ :।
ਧੁਵੰ ਤ ਇੰਦ੍ਰਸ਼੍ਚਾਗ੍ਨਿਸ਼ਚ ਰਾਸ੍ਟ੍ਰੰ ਧਾਰਯਤ ਧੁਵਮ੍॥5॥[87]

ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਰਾਜੇ ਦੇ ਅਰਥ ਇਸ ਪ੍ਰਕਾਰ ਕੀਤੇ ਹਨ, "ਰੱਜਿਆ, ਤ੍ਰਿਪਤ, ਸੰਤੁਸ਼ਟ 2. ਆਪਣੀ ਨੀਤੀ ਆਪਣੇ ਸ਼ੁਭ ਗੁਣਾਂ ਨਾਲ ਪ੍ਰਜਾ ਨੂੰ ਰੰਜਨ ਕਰਨ ਵਾਲਾ"[88]

ਰਾਜੇ ਨੂੰ ਪੁਰਾਤਨ ਸਮੇਂ ਵਿਚ ਰੱਬ ਵੱਲੋਂ ਥਾਪਿਆ ਹੋਇਆ ਮੰਨ ਕੇ ਸਤਿਕਾਰ ਦਿੱਤਾ ਜਾਂਦਾ ਸੀ ਅਤ ਰਾਜੇ ਲਈ ਦੇਵਤਿਆਂ ਵਾਂਗ ਅਟੱਲ ਰਹਿਣ ਦੀ ਪ੍ਰਾਰਥਨਾ ਕੀਤੀ ਜਾਂਦੀ ਸੀ। "ਐ ਰਾਜਾ ! ਤੈਨੂੰ ਅਸਾਂ ਨੇ ਆਪਣੇ ਰਾਸ਼ਟਰ ਦਾ ਮੁਖੀ ਮੰਨ ਲਿਆ ਹੈ। ਮੁਖੀ ਹੁੰਦਿਆਂ ਹੋਇਆ ਵੀ ਤੂੰ ਸਾਡੇ ਵਰਗਾ ਏਂ ਸਾਡੇ ਸਮਾਨ ਏਂ! ਤੂੰ ਪੱਕੇ ਪੈਰੀਂ ਰਹੋ ਅਤੇ ਜ਼ਰਾ ਭਰ ਵੀ ਨਾ ਡੋਲ। ਸਾਡੇ ਲੋਕ ਤੇਰੀ ਹਾਮੀ ਭਰਨ ਅਤੇ ਕਦੇ ਵੀ ਰਾਜ-ਭਾਗ ਤੇਰੇ ਹੱਥੋਂ ਨਾ ਜਾਵੇ। ਤੂੰ ਇੱਥੇ ਟਿਕਿਆ ਰਹੋ। ਰਾਸ਼ਟਰ-ਮੁਖੀ! ਤੂੰ ਇੰਦਰ ਦੀ ਤਰ੍ਹਾਂ ਡਟਿਆ ਰਹਿ ਅਤੇ ਰਾਸ਼ਟਰ ਦੀ ਰੱਖਿਆ ਕਰਦਾ ਰਹਿ। ਆਕਾਸ਼, ਜ਼ਮੀਨ, ਪਹਾੜ, ਸੰਸਾਰ ਆਦਿ ਸਭ ਆਪਣੀ-ਆਪਣੀ ਜਗ੍ਹਾ ਸਥਿਰ ਅਤੇ ਅਟਲ ਹਨ। ਰਾਜਾ! ਤੂੰ ਵੀ ਏਨਾ ਦੀ ਤਰ੍ਹਾਂ ਸਥਿਰ ਅਤੇ ਦ੍ਰਿੜ੍ਹ ਰਹਿ। ਤੇਰੇ ਰਾਜ-ਭਾਗ ਲਈ ਵਰੁਣ ਵੀ ਅਟੱਲ ਰਹੇ। ਤੇਰੇ ਲਈ ਦੋਵੇਂ ਇੰਦਰ ਅਤੇ ਬ੍ਰਹਸਪਤੀ ਦੇਵਤੇ ਵੀ ਅਟੱਲ ਰਹਿਣ ਅਤੇ ਰਾਸ਼ਟਰ ਨੂੰ ਸਥਿਰ ਅਤੇ ਅਟੱਲ ਰੱਖਣ।"[89] ਸੋ ਰਿਗਵੇਦ ਦੇ ਅਜਿਹੇ ਪ੍ਰਾਰਥਨਾ ਰੂਪੀ ਮੰਤਰ ਜਿੱਥੇ ਰਾਸ਼ਟਰ ਦੇ ਆਗੂ ਲਈ ਲਾਹੇਵੰਦ ਸਿੱਧ ਹੋ ਸਕਦੇ ਹਨ ਜੇਕਰ ਉਹਨਾਂ ਰਿਸ਼ੀਆਂ ਦੀ ਕਲਪਨਾ ਆਧੁਨਿਕ ਸਮਾਜ ਵਿਚ ਸੱਚ ਦਾ ਰੂਪ ਧਾਰ ਲਏ ਤਾਂ ਕਿਸੇ ਵੀ ਕਿਸਮ ਦਾ ਦੁਖ ਤਕਲੀਫ ਨਾ ਰਹੇ ਅਤੇ ਚਾਰੇ ਪਾਸੇ ਅਮਨ ਸ਼ਾਂਤੀ ਬਹਾਲ ਹੋਵੇ। ਅਜੋਕੇ ਸਮਾਜ ਲਈ ਅਜਿਹੀਆਂ ਪ੍ਰਾਰਥਨਾਵਾਂ ਬੜੀਆਂ ਕਾਰਗਰ ਸਿੱਧ ਹੋ ਸਕਦੀਆਂ ਹਨ।

**3.30 ਰੁਦ੍ਰ ਦੇਵਤੇ ਦੀ ਨਾਰਾਜ਼ਗੀ ਤੋਂ ਬਚਣ ਦੀ ਪ੍ਰਾਰਥਨਾ:**

---

[87] *ਰਿਗਵੇਦ* 10.173.1-2,4-5.

[88] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 1029.

[89] ਪ੍ਰੋ. ਬ੍ਰਜਬਿਹਾਰੀ ਚੌਬੇ, ਅਨੁਵਾਦ ਡਾ. ਦਰਸ਼ਨ ਸਿੰਘ ਨਿਰਵੈਰ, ਵੈਦਿਕ ਸੰਕਲਪ, ਪੰਨਾ 11.

ਮਾ ਤ੍ਵਾ ਰੁਦ੍ਰ ਚੁਕ੍ਰਧਾਮਾ ਨਮੋਭਿਰ੍ਮਾ ਦੁਸ਼੍ਟੁਤੀ ਵ੍ਰਸ਼ਭ ਮਾ ਸਹੂਤ੍ਰੀ।[90]

ਰੁਦ੍ਰ ਵੇਦਾ ਵਿਚ ਇਕ ਭਿਆਨਕ ਦੇਵਤਾ ਵੀ ਗਿਣਿਆ ਜਾਂਦਾ ਹੈ ਜਿਹੜਾ ਹਨੇਰੀ ਤੇ ਤੂਫਾਨ ਦਾ ਦੇਵਤਾ ਹੈ ਜਿਸਨੂੰ ਅਸੀਂ ਸ਼ਿਵ ਜੀ ਵੀ ਕਹਿੰਦੇ ਹਾਂ ਅਤੇ ਉਹਨਾਂ ਦਾ ਕ੍ਰੋਧ ਭਿਆਨਕ ਹੈ। ਸੋ ਰਿਸ਼ੀ ਇਸ ਮੰਤਰ ਵਿਚ ਇਹ ਪ੍ਰਾਰਥਨਾ ਕਰਦਾ ਹੈ ਕਿ ਅਜਿਹਾ ਨਾ ਹੋਵੇ ਕਿ ਜਿੱਡੀ ਉਸ ਦੇਵਤੇ ਦੀ ਹਸਤੀ ਹੋਵੇ ਉਸ ਮੁਤਾਬਿਕ ਸੰਬੋਧਨੀ ਸ਼ਬਦ ਨਾ ਕਹੇ ਜਾ ਸਕਣ। "ਰਿਗਵੇਦ ਦੇ ਦੂਸਰੇ ਮੰਡਲ ਦੀ ਰਿਸ਼ੀ ਗ੍ਰਿਸਤਮਦ 'ਰੁਦ੍ਰ' ਨੂੰ ਇਵੇਂ ਸੰਬੋਧਿਤ ਕਰਦਾ ਹੈ, ਹੇ ਰੁਦ੍ਰ! ਅਸੀਂ ਸਾਵਧਾਨ ਹਾਂ ਕਿ ਕਿਧਰੇ ਅਜਿਹਾ ਨਾ ਹੋਵੇ ਕਿ ਤੇਰੇ ਸੁਆਗਤ 'ਚ ਕਹੇ ਸ਼ਬਦ ਤੈਨੂੰ ਭੜਕਾ ਦੇਣ, ਕਿਧਰੇ ਅਜਿਹਾ ਵੀ ਨਾ ਹੋਵੇ ਕਿ ਸਾਡੇ ਦੁਆਰਾ ਕੀਤੀ ਗਈ ਅਢੁਕਵੀਂ ਉਸਤਤ ਸਾਡੇ ਸਾਰਿਆਂ ਵੱਲੋਂ ਮਿਲਕੇ ਕੀਤੀ ਗਈ ਉਸਤਤ, ਜਾਂ ਫਿਰ ਸਾਡੇ ਵੱਲੋਂ ਇੱਕਲਿਆਂ ਇਕੱਲਿਆਂ ਕੀਤੀ ਗਈ ਉਸਤਤ ਜਾਂ ਮੰਗਲਾਚਰਨ ਤੇਰੇ 'ਚ ਕ੍ਰੋਧ ਪੈਦਾ ਕਰਨ ਦਾ ਕਾਰਣ ਬਣ ਜਾਣ। ਭਾਵ, ਅਨਜਾਣੇ, ਭੁੱਲ ਕੇ ਵੀ, ਕਿਸੇ ਅਜਿਹੇ ਸ਼ਬਦ ਦੀ ਵਰਤੋਂ ਨਾ ਹੋ ਜਾਵੇ। ਜਿਸ ਕਾਰਨ ਤੂੰ ਨਰਾਜ਼ ਹੋ ਜਾਵੇਂ।"[91] ਸੋ ਜਿੱਥੇ ਇਹ ਪ੍ਰਾਰਥਨਾ ਵੈਦਿਕ ਰਿਸ਼ੀਆਂ ਦੀ ਦੇਵਤਿਆਂ ਪ੍ਰਤੀ ਸ਼ਰਧਾ ਦਾ ਅਹਿਸਾਸ ਕਰਵਾਉਂਦੀ ਹੈ। ਉੱਥੇ ਨਾਲ ਹੀ ਉਹਨਾਂ ਵਿਚਲੀ ਨਿਮਰਤਾ ਅਤੇ ਸਾਵਧਾਨੀ ਦਾ ਵੀ ਪਤਾ ਲੱਗਦਾ ਹੈ ਕਿਉਂਕਿ ਕਿਸੇ ਵੀ ਸ਼ਕਤੀ ਅੱਗੇ ਕੀਤੀ ਜਾ ਰਹੀ ਪ੍ਰਾਰਥਨਾ ਬਹੁਤ ਹੀ ਨਿਮਰਤਾ ਅਤੇ ਜਾਗਰੂਕਤਾ ਵਿਚ ਹੋਣੀ ਚਾਹੀਦੀ ਹੈ। ਸੁਸਤ ਵਿਹਾਰ ਅਤੇ ਅਵੇਸਲੇਪਣ ਵਿਚ ਕੀਤੀ ਗਈ ਅਰਜੋਈ ਦਾ ਫਲ ਨਹੀਂ ਮਿਲਦਾ।

### 3.31 ਇੰਦ੍ਰ ਦੇਵਤੇ ਅੱਗੇ ਪ੍ਰਾਰਥਨਾ :

ਅਸ਼ਮੇ ਤਾ ਤ ਇੰਦ੍ਰ ਸੰਤੁ ਸਤਯਾਹਿੰਸੰਤੀਰਪਸ੍ਪ੍ਰਸ:[92]

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ ਇੰਦ੍ਰ ਦੇਵਤਾ, "ਸੰਗਯਾ-ਰਾਜਾ 2. ਵਾਹਗੁਰੂ , ਜਗਤਨਾਥ 3. ਦੇਵਰਾਜ, ਅਮਰਵਤੀ ਦਾ ਸੁਆਮੀ, ਜੋ ਵਰਖਾ ਦਾ ਦੇਵਤਾ ਮੰਨਿਆ ਹੈ ਅਤੇ ਜਿਸਦਾ ਜੰਗ ਵ੍ਰਿਤ੍ਰ ਨਾਮਕ ਦੁਰਭਿੱਖ ਦੇ ਸੁਆਮੀ ਦੈਂਤ ਨਾਲ ਹੁੰਦਾ ਰਹਿੰਦਾ ਹੈ, ਰਿਗਵੇਦ ਵਿੱਚ ਇਸ ਦੀ ਵੱਡੀ ਮਹਿਮਾ ਗਾਈ ਹੈ। ਪੁਰਾਣਾਂ ਅਨੁਸਾਰ ਇਹ ਅਦਿਤਿ ਦੇ ਗਰਭ ਤੋਂ ਕਸ਼ਯਪ ਦਾ ਪੁੱਤਰ ਹੈ, ਵਾਮਨ ਇਸਦਾ ਛੋਟਾ ਭਾਈ ਲਿਖਿਆ ਹੈ, ਇੰਦ੍ਰ ਦੀ ਇਸਤਰੀ ਦਾ ਨਾਮ ਸ਼ਚੀ ਅਤੇ ਪੁੱਤ੍ਰ ਜਯੰਤ ਹੈ ਇਸਦਾ ਸ਼ਸ਼ਤ੍ਰ ਵਜ੍ਰ ਹੈ ਸਵਾਰੀ ਏਰਾਵਤ ਹਾਥੀ ਹੈ, ਸਭਾ ਦਾ ਨਾਮ ਸੁਧਰਮਾ ਹੈ, ਰਥਵਾਹੀ ਮਾਤਲਿ ਹੈ, ਸਵਾਰੀ ਦਾ ਘੋੜਾ ਉੱਚੈ:ਸ਼੍ਰਵਾ ਹੈ 4. ਵਿ. ਸ਼੍ਰੇਸ਼੍ਰ ਉੱਤਮ 5. ਵਿਭੂਤਿ ਵਾਲਾ, ਐਸ਼ਵਰਯ ਵਾਲਾ"[93]

ਡਾ.ਪ੍ਰੇਮ ਪ੍ਰਕਾਸ਼ ਸਿੰਘ ਰਚਿਤ ਸੰਸਕ੍ਰਿਤ ਪੰਜਾਬੀ ਕੋਸ਼ ਅਨੁਸਾਰ, "ਦੇਵਤਿਆਂ ਦਾ ਸੁਆਮੀ, ਇੰਦ੍ਰ; ਵਰਖਾ ਦਾ ਦੇਵਤਾ; ਸੁਆਮੀ, ਮਾਲਕ, ਸ਼ਾਸ਼ਕ, ਖਾਸ ਵੈਦਿਕ ਦੇਵਤਾ; ਰਾਤ, ਇਕ ਯੋਗ ਦਾ ਨਾਮ"[94]

---

[90] *ਰਿਗਵੇਦ* 2.33.4.

[91] ਪ੍ਰੋ. ਬ੍ਰਜਬਿਹਾਰੀ ਚੌਬੇ, ਅਨੁਵਾਦ ਡਾ. ਦਰਸ਼ਨ ਸਿੰਘ ਨਿਰਵੈਰ, ਵੈਦਿਕ ਸੰਕਲਪ, ਪੰਨਾ 57.

[92] *ਰਿਗਵੇਦ* 10.22.13.

[93] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 124.

[94] ਸੰਪਾ. ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼,* ਪੰਨਾ 96.

ਇਹ ਪ੍ਰਾਰਥਨਾ ਸਿੱਧ ਕਰਦੀ ਹੈ ਕਿ ਵੈਦਿਕ ਰਿਸ਼ੀ ਨਿਮਰਤਾ ਵਾਲੇ ਸਨ ਜੋ ਪ੍ਰਾਰਥਨਾ ਕਰਨ ਤੋਂ ਬਾਅਦ ਵੀ ਇਹ ਪ੍ਰਾਰਥਨਾ ਕਰਦੇ ਸਨ ਕਿ ਸਾਡੀ ਪ੍ਰਾਰਥਨਾ ਵਿਚ ਕਿਸੇ ਵੀ ਤਰ੍ਹਾਂ ਦਾ ਅਜਿਹਾ ਸ਼ਬਦ ਨਾ ਹੋਵੇ ਜੋ ਉਸ ਦੇਵਤੇ ਨੂੰ ਬੁਰਾ ਲੱਗੇ। "ਹੇ ਇੰਦ੍ਰ ਦੇਵਤਾ! ਤੇਰੇ ਅੱਗੇ ਕੀਤੀਆਂ ਪ੍ਰਾਰਥਨਾਵਾਂ ਸੱਚੀਆਂ ਹੋਣ ਅਤੇ ਤੈਨੂੰ ਕਿਸੇ ਤਰ੍ਹਾਂ ਵੀ ਨ ਚੁਭਣ ਵਾਲੀਆਂ ਹੋਣ; ਬੁਰੀਆਂ ਲੱਗਣ ਵਾਲੀਆਂ ਨਾ ਹੋਣ।"[95] ਕਹਿਣ ਤੋਂ ਭਾਵ ਇਹ ਕਿ ਮਿਠਾਸ ਨਾਲ ਭਰੇ ਇਹ ਵਿਚਾਰ ਸਾਡੇ ਸਮਾਜ ਨੂੰ ਸਵਰਗ ਬਣਾ ਸਕਦੇ ਹਨ।

"वज्रस्य भर्ता भुवनस्य गोप्ता वृत्रस्य हन्ता नमुचेर्निहन्ता।।

कृष्णो वसानो वसने महात्मा सत्यानृते यो विविनक्ति लोके।।

यां वाजनि गर्भमयां पुराणं वैश्वानरं वाहनम्युपैति ।।

न्मोस्तु तम्मै जगदीश्वराय लोकत्रयेशाय पुरन्दाय।।

ਇੰਦ੍ਰ ਦੇਵਤਾ ਵੈਦਿਕ ਦੇਵਤਿਆਂ ਵਿਚ ਪ੍ਰਮੁਖ ਮੰਨਿਆਂ ਜਾਂਦਾ ਹੈ ਕਿ ਇਹ ਵਰਖਾ ਅਤੇ ਯੁੱਧ ਦਾ ਦੇਵਤਾ ਹੈ। ਇਸਨੇ ਦਸਯੂ ਲੋਕਾਂ ਦਾ ਬੁਰੀ ਤਰ੍ਹਾਂ ਨਾਸ਼ ਕੀਤਾ ਸੀ। ਇਸਦੀ ਮੁਖ ਖੁਰਾਕ ਸੋਮਰਸ ਹੈ। ਜੋ ਮਹਾਤਮਾ ਵਜਰ ਧਾਰਨ ਕਰਕੇ ਤਿੰਨਾਂ ਲੋਕਾਂ ਦੀ ਰੱਖਿਆ ਕਰਦੇ ਹਨ, ਜਿੰਨ੍ਹਾਂ ਨੇ ਵਰਿਤਾਸਰ ਨੂੰ ਮਾਰਿਆ ਅਤੇ ਨਮੁਚੀ ਦਾਨਵ ਦਾ ਸੰਘਾਰ ਕੀਤਾ ਹੈ। ਜੋ ਕਾਲੇ ਰੰਗ ਦੇ ਦੋ ਵਸਤਰ ਪਹਿਨਦੇ ਹਨ ਅਤੇ ਲੋਕਾਂ ਵਿਚ ਸਤ ਅਤੇ ਅਸਤ ਦਾ ਗਿਆਨ ਕਰਦੇ ਹਨ। ਜਲ ਤੋਂ ਪ੍ਰਗਟ ਹੋਏ ਪ੍ਰਾਚੀਨ ਵੈਸ਼ਵਾਨਰ ਰੂਪ ਘੋੜੇ ਨੂੰ ਵਾਹਨ ਬਣਾ ਕੇ ਉਸ 'ਤੇ ਚੜ੍ਹਦੇ ਹਨ ਅਤੇ ਜੋ ਤਿੰਨਾਂ ਲੋਕਾਂ ਦੇ ਸ਼ਾਸ਼ਕ ਹਨ, ਉਹ ਜਗਦੀਸ਼ਵਰ, ਪੁਰੰਦਰ ਨੂੰ ਮੇਰਾ ਨਸਮਕਾਰ ਹੈ।"[96]

ਡਾ. ਪਰਮਵੀਰ ਸਿੰਘ ਅਤੇ ਡਾ. ਪਰਦੁਮਣ ਸ਼ਾਹ ਸਿੰਘ ਰਚਿਤ ਭਾਰਤ ਦੇ ਪ੍ਰਮੁਖ ਧਰਮ ਅਨੁਸਾਰ ਇੰਦਰ ਦੇਵਤਾ, "ਇੰਦਰ ਵੈਦਿਕ ਲੋਕਾਂ ਦਾ ਸਭ ਤੋਂ ਵਧੇਰੇ ਮਨਪਸੰਦ ਦੇਵਤਾ ਹੈ। ਇਸ ਨੂੰ ਜਲ ਅਤੇ ਬਲ ਪ੍ਰਦਾਨ ਕਰਨ ਵਾਲਾ ਦੇਵਤਾ ਕਿਹਾ ਜਾਂਦਾ ਹੈ। ਇਹ ਆਕਾਸ਼ ਜਾਂ ਮੱਧ ਸਥਾਨ ਵਿਚ ਨਿਵਾਸ ਕਰਦਾ ਹੈ। ਇਸ ਦੀ ਨਗਰੀ 'ਇੰਦਰਾਪੁਰੀ' ਅਤੇ ਰਾਜਧਾਨੀ 'ਅਮਰਾਵਤੀ' ਮੰਨੀ ਗਈ ਹੈ। ਇਸ ਨੂੰ ਦੇਵਤਿਆਂ ਦਾ ਰਾਜਾ ਕਿਹਾ ਜਾਂਦਾ ਹੈ। ਰਿਗਵੇਦ ਵਿਚ ਇੰਦਰ ਨਾਲ ਸੰਬੰਧਤ 250 ਦੇ ਲਗਭਗ ਸੂਕਤ ਹਨ। ਯਾਸਕ ਮੁਨੀ ਨੇ ਨਿਰੁਕਤ ਦੇ ਹਿਸਾਬ ਨਾਲ ਇਸ ਸ਼ਬਦ ਦੀ ਉਤਪਤੀ 'ਇਰਾ' ਸ਼ਬਦ ਤੋਂ ਮੰਨੀ ਹੈ ਜਿਸਦਾ ਅਰਥ ਹੈ ਅਨਾਜ। ਅਨਾਜ ਦੀ ਉਤਪਤੀ ਲਈ ਇੰਦਰ ਨੂੰ ਪ੍ਰਮੁਖ ਸਹਾਇਕ ਤੌਰ 'ਤੇ ਪੂਜਿਆ ਜਾਂਦਾ ਹੈ ਜਿਸ ਦੁਆਰਾ ਵਰਖਾ ਕਰਨ 'ਤੇ ਧਰਤੀ ਵਿਚ ਬੀਜ ਪੁੰਗਰਦਾ ਹੈ ਅਤੇ ਭਰਪੂਰ ਫ਼ਸਲ ਹੁੰਦੀ ਹੈ। ਲੋਕ ਇਸ ਨੂੰ ਅੰਨਦਾਤਾ ਮੰਨਦੇ ਹਨ ਕਿਉਂਕਿ ਜੇਕਰ ਇਹ ਕ੍ਰੋਧਿਤ ਹੋ ਕੇ ਝੱਖੜ ਅਤੇ ਬਿਜਲੀ ਸੁੱਟਣ ਲੱਗ ਪਵੇ ਤਾਂ ਫਸਲ ਤਬਾਹ ਹੋ ਜਾਂਦੀ ਹੈ। ਇਸ ਤਰ੍ਹਾਂ ਭੈਅ ਕਾਰਨ ਵੀ ਲੋਕ ਇਸ ਦੀ ਪੂਜਾ ਕਰਦੇ ਹਨ।"[97]ਇੰਦ੍ਰ ਦੇਵਤੇ ਤੋਂ ਬਲ ਦੀ ਪ੍ਰਾਪਤੀ ਲਈ ਵੀ ਪ੍ਰਾਰਥਨਾ ਕੀਤੀ ਜਾਂਦੀ ਸੀ। ਇਹ ਸਵਰਗ ਦਾ

---

[95] ਪ੍ਰੋ. ਬ੍ਰਜਬਿਹਾਰੀ ਚੌਬੇ, ਅਨੁਵਾਦ ਡਾ. ਦਰਸ਼ਨ ਸਿੰਘ ਨਿਰਵੈਰ, *ਵੈਦਿਕ ਸੰਕਲਪ*, ਪੰਨਾ 56.

[96] आचार्य अशोक सहजानन्द, *ग्रह शाँति दीपिका*, पन्ना 129-30

[97] ਡਾ.ਪਰਮਵੀਰ ਸਿੰਘ, ਡਾ.ਪਰਦੁਮਨ ਸ਼ਾਹ ਸਿੰਘ, *ਭਾਰਤ ਦੇ ਪ੍ਰਮੁਖ ਧਰਮ*, ਪੰਨਾ 26-27.

ਰਾਜਾ ਮੰਨਿਆ ਜਾਂਦਾ ਹੈ ਕਿ ਸਾਰੇ ਦੇਵਤੇ ਦੀ ਇਸਦੇ ਅਧੀਨ ਹਨ ਇਸ ਲਈ ਇਸਨੂੰ 'ਦੇਵਰਾਜ ਇੰਦ੍ਰ' ਕਿਹਾ ਜਾਂਦਾ ਹੈ।

### 3.32 ਗਊਆਂ ਦੀ ਸਲਾਮਤੀ ਦੀ ਪ੍ਰਾਰਥਨਾ :

ਮਾਕਿਰ੍ਨੇਸ਼ਨ੍ਮਾਰ੍ਕੀ ਰਿਸ਼ਨ੍ ਮਾਰਕੀ ਸੰਸਾਰਿ ਕੇਵਟੇ। ਅਥਾਰਿਸ਼੍ਟਾਭਿਰਾਗਹਿ॥[98]

ਵੈਦਿਕ ਰਿਸ਼ੀ ਛੋਟੀ ਤੋਂ ਛੋਟੀ ਗੱਲ ਲਈ ਵੀ ਸੰਬੰਧਤ ਦੇਵਤੇ ਨੂੰ ਪ੍ਰਾਰਥਨਾ ਕਰਦੇ ਹਨ ਭਾਵ ਉਸ ਸਮੇਂ ਪ੍ਰਾਰਥਨਾ ਦਾ ਕਿੰਨਾ ਮਹੱਤਵ ਸੀ। ਆਪਣੇ ਪਸ਼ੂਆਂ ਦੇ ਕਲਿਆਣ ਲਈ ਵੈਦਿਕ ਰਿਸ਼ੀ ਪਸ਼ੂਆਂ ਦੇ ਦੇਵਤੇ ਅੱਗੇ ਅਰਦਾਸ ਕਰ ਰਹੇ ਹਨ। "ਹੇ ਪੂਸ਼ਣ ਦੇਵਤਾ। ਸਾਡੀਆਂ ਗਊਆਂ ਕਿਧਰੇ ਵੀ ਨਾ ਗਵਾਚਣ। ਸਾਡੀਆਂ ਗਊਆਂ ਦੀ ਕਿਸੇ ਵੀ ਤਰ੍ਹਾਂ ਹਾਨੀ ਨਾ ਹੋਵੇ। ਸਾਡੀ ਕਿਸੇ ਗਊ ਦਾ ਖੂਹ ਟੋਭੇ ਵਿਚ ਡਿੱਗ ਕੇ ਨੁਕਸਾਨ ਨਾ ਹੋਵੇ। ਸਾਡੀਆਂ ਗਊਆਂ ਨੂੰ ਕੋਈ ਸੱਟ ਫੇਟ ਵੀ ਨਾ ਲੱਗੇ ਅਤੇ ਉਹ ਸਹੀ ਸਲਾਮਤ ਘਰ ਮੁੜ ਆਉਣ।"[99] ਇਸ ਗੱਲ ਤੋਂ ਇਕ ਤਾਂ ਇਹ ਸਿੱਧ ਹੁੰਦਾ ਹੈ ਕਿ ਉਸ ਸਮੇਂ ਪਸ਼ੂਆਂ ਦੇ ਕਲਿਆਣ ਲਈ ਕਿੰਨਾ ਸੋਚਿਆ ਜਾਂਦਾ ਸੀ। ਉਸ ਸਮੇਂ ਦਾ ਧਨ ਅਤੇ ਹਿੰਦੂ ਧਰਮ ਵਿਚ ਸਤਿਕਾਰੀ ਜਾਣ ਵਾਲੀ ਗਾਂ ਦੀ ਪੂਜਾ ਦੀ ਗੱਲ ਕੀਤੀ ਗਈ ਹੈ ਭਾਵੇਂ ਕਿ ਗਊ ਉਸ ਸਮੇਂ ਆਰਥਿਕਤਾ ਦਾ ਵੀ ਪ੍ਰਤੀਕ ਸੀ।

### 3.33 ਸੱਚੀ ਕਮਾਈ ਕਰਵਾਉਣ ਦੀ ਪ੍ਰਾਰਥਨਾ :

ਅਗ੍ਨੇ ਨਯ ਸੁਪਥਾ ਰਯੇ ਅਸ੍ਮਾਨ੍॥[100]

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ ਕਮਾਈ, **"**ਖੱਟੀ 2. ਘਾਲ, ਮਿਹਨਤ, 3. ਅਭਿਆਸ, ਅਮਲ, 4. ਕਾਮ-ਆਈ, ਕੰਮ ਆਉਂਦਾ ਹੈ 5. ਮਿੱਟੀ ਦੀ ਠੂਠੀ, ਚੂੰਗੜਾ[101]

ਮਨੁੱਖੀ ਸਮਾਜ ਮੁੱਢ ਤੋਂ ਹੀ ਜਦੋਂ ਦਾ ਉਸਨੂੰ ਕੰਮ ਕਰਕੇ ਧਨ ਕਮਾਉਣ ਦਾ ਪਤਾ ਲਗਾ ਹੈ ਉਦੋਂ ਤੋਂ ਹੀ ਨੇਕ ਕਮਾਈ ਕਰਵਾਉਣ ਦੀ ਪ੍ਰਾਰਥਨਾ ਆਪਣੇ ਇਸ਼ਟ ਅੱਗੇ ਕਰਦਾ ਰਿਹਾ ਹੈ। "ਹੇ ਅਗਨੀ ਦੇਵਤਾ! ਧਨ ਕਮਾਉਣ ਦਾ ਸਹੀ ਢੰਗ ਦੱਸੋ।"[102] ਰਿਗਵੇਦ ਦੇ ਰਿਸ਼ੀ ਦੀ ਅਗਨੀ ਦੇਵਤੇ ਅੱਗੇ ਇਹ ਪ੍ਰਾਰਥਨਾ ਸਿੱਧ ਕਰਦੀ ਹੈ ਕਿ ਧਨ ਸਹੀ ਤਰੀਕੇ ਨਾਲ ਹੀ ਕਮਾਉਣਾ ਚਾਹੀਦਾ ਹੈ। ਉਸਦਾ ਹੀ ਵਾਧਾ ਹੈ ਅਤੇ ਅਜਿਹਾ ਧਨ ਹੀ ਬਰਕਤ ਵਾਲਾ ਹੁੰਦਾ ਹੈ।

### 3.34 ਪਾਪ ਤੋਂ ਬਚਾਉਣ ਲਈ ਪ੍ਰਾਰਥਨਾ :

विश्वदेवा ना अद्या स्वस्तये वैशानरो वसुरग्नि, सवस्न्ये।

देवा अकन्तवृभव स्वस्तये स्वस्ति नां सुदः पात्वंहम।।[103]

ਡਾ.ਪ੍ਰੇਮ ਪ੍ਰਕਾਸ਼ ਸਿੰਘ ਨੇ ਸੰਸਕ੍ਰਿਤ ਪੰਜਾਬੀ ਕੋਸ਼ ਵਿਚ ਪਾਪ ਦੇ ਅਰਥ ਇੰਝ ਕੀਤੇ ਹਨ, "ਪਾਪੀ, ਬੁਰਾ, ਬਦ, ਦੁਸ਼ਟ, ਦੁਰਾਚਾਰੀ; ਨੀਚ, ਘਟੀਆ"[104]

---

[98] *ਰਿਗਵੇਦ* 6.54.7.
[99] ਪ੍ਰੋ. ਬ੍ਰਜਬਿਹਾਰੀ ਚੌਬੇ, ਅਨੁਵਾਦ ਡਾ. ਦਰਸ਼ਨ ਸਿੰਘ ਨਿਰਵੈਰ, *ਵੈਦਿਕ ਸੰਕਲਪ*, ਪੰਨਾ 86.
[100] *ਰਿਗਵੇਦ* 1.189.1.
[101] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 299.
[102] ਪ੍ਰੋ. ਬ੍ਰਜਬਿਹਾਰੀ ਚੌਬੇ, ਅਨੁਵਾਦ ਡਾ. ਦਰਸ਼ਨ ਸਿੰਘ ਨਿਰਵੈਰ, *ਵੈਦਿਕ ਸੰਕਲਪ*, ਪੰਨਾ 89.
[103] *ਰਿਗਵੇਦ* 5.52.13.

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ, "ਜਿਸ ਤੋਂ ਆਪਣੇ ਆਪਨੂੰ ਬਚਾਈਏ, ਅਜਿਹਾ ਕਰਮ: ਦੋਸ਼ ਗੁਨਾਹ, ਕੁਕਰਮ"[105]

ਰਿਗਵੇਦ ਦੇ ਇਸ ਮੰਤਰ ਵਿਚ ਪਾਪ ਤੋਂ ਬਚਾਉਣ ਦੀ ਪ੍ਰਾਰਥਨਾ ਈਸ਼ਵਰ ਦੀ ਰੁਦ੍ਰ ਨਾਮੀ ਸ਼ਕਤੀ ਕੋਲ ਕੀਤੀ ਗਈ ਹੈ ਅਤੇ ਇਹ ਕੇਵਲ ਆਪਣੇ ਲਈ ਨਹੀਂ ਸਗੋਂ ਸਮੁੱਚੇ ਸਮਾਜ ਲਈ ਇਹ ਪ੍ਰਾਰਥਨਾ ਹੈ। "ਈਸ਼ਵਰ ਦੀਆਂ ਵਿਭਿੰਨ ਸ਼ਕਤੀਆਂ ਤੋਂ ਕਲਿਆਣ ਲਈ ਪ੍ਰਾਰਥਨਾ ਕੀਤੀ ਗਈ ਹੈ। ਇਸ ਪ੍ਰਾਰਥਨਾ ਵਿਚ ਈਸ਼ਵਰ ਦੀ ਉਸ ਸ਼ਕਤੀ ਅੱਗੇ ਪ੍ਰਾਰਥਨਾ ਹੈ ਜਿਹੜੀ ਸ੍ਰਿਸ਼ਟੀ ਦੇ ਨਿਰਮਾਣ ਕਾਰਜ ਵਿਚ ਸਹਾਇਤਾ ਕਰਦੀ ਹੈ। ਇਸ ਵਿਚ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਪਾਪ ਤੋਂ ਬਚਣ ਲਈ ਰੁਦ੍ਰ ਨਾਮੀ ਸ਼ਕਤੀ ਅੱਗੇ ਪ੍ਰਾਰਥਨਾ ਕੀਤੀ ਗਈ ਹੈ। ਰੁਦ੍ਰ ਦਾ ਅਰਥ ਕਠੋਰ ਹੁੰਦਾ ਹੈ। ਪਾਪ ਤੋਂ ਤਾਂ ਹੀ ਬਚਿਆ ਜਾ ਸਕਦਾ ਹੈ ਜਦੋਂ ਪ੍ਰਕ੍ਰਿਤੀ ਦੇ ਸਮੁੱਚੇ ਨਿਯਮਾਂ ਦੀ ਪਾਲਣਾ ਕੀਤੀ ਜਾਵੇ। ਰਿਗਵੇਦ ਦੀ ਇਹ ਪ੍ਰਾਰਥਨਾ ਨਿੱਜੀ ਨਾ ਹੋ ਕੇ ਸਮੁਚੇ ਸਮਾਜ ਲਈ ਕੀਤੀ ਗਈ ਹੈ।"[106] ਸੋ ਰਿਗਵੇਦ ਦਾ ਇਹ ਮੰਤਰ ਜਿੱਥੇ ਪਾਪ ਤੋਂ ਬਚਣ ਵੱਲ ਇਸ਼ਾਰਾ ਕਰਦਾ ਹੈ ਉਥੇ ਸਮੁੱਚੇ ਸਮਾਜ ਲਈ ਸਾਂਝੀ ਪ੍ਰਾਰਥਨਾ ਇਹ ਸਿੱਧ ਕਰਦੀ ਹੈ ਕਿ ਭਾਰਤੀ ਸੱਭਿਅਤਾ ਵਿਚ ਸ਼ੁਰੂ ਤੋਂ ਹੀ ਸਮਾਜ ਕਲਿਆਣ ਦੀ ਰੁਚੀ ਭਾਰੂ ਰਹੀ ਹੈ ਜਿਹੜੀ ਕਿ ਹੁਣ ਤੱਕ ਦੇ ਸਮਾਜ ਵਿਚ ਵੀ ਕਿਸੇ ਨਾ ਕਿਸੇ ਰੂਪ ਵਿਚ ਸਾਹਮਣੇ ਆਉਂਦੀ ਹੈ। ਜਦੋਂ ਤੋਂ ਮਨੁੱਖ ਬੁੱਧੀ ਦੇ ਆਸਰੇ ਤੇ ਸਮਾਜ ਵਿਚ ਵਿਚਰਿਆ ਹੈ ਉਦੋਂ ਤੋਂ ਹੀ ਪਾਪ ਤੋਂ ਬਚਣ ਦੀ ਕੋਸ਼ਿਸ਼ ਵਿਚ ਹੈ। ਦੁਨੀਆਂ ਦਾ ਹਰ ਇਕ ਧਰਮ ਆਪਣੇ ਪੈਰੋਕਾਰਾਂ ਨੂੰ ਪਾਪ ਤੋਂ ਲਾਂਭੇ ਰਹਿਣ ਦੀ ਤਾਕੀਦ ਕਰਦਾ ਹੈ।

### 3.35 ਵਿਕਾਰਾਂ ਤੋਂ ਸੁਰੱਖਿਆ ਲਈ ਪ੍ਰਾਰਥਨਾ :

अयमग्ने जरिता त्वे अभ्रधाए सहस: सुनो न हन्यदस्त्यायम्।

भद्रं हि शर्म त्रिवरुधमस्ति त आरे हसिंनामय दिद्युमा कृघि।[107]

ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਸੰਸਕ੍ਰਿਤ ਪੰਜਾਬੀ ਕੋਸ਼ ਵਿਚ ਵਿਕਾਰ ਦੇ ਅਰਥ ਇਸ ਪ੍ਰਕਾਰ ਕੀਤੇ ਹਨ, " ਵਿਕਾਰ, ਵਿਗਾੜ, ਨਿਘਾਰ, ਖ਼ਰਾਬ, ਤਬਦੀਲੀ, ਪਰਿਵਰਤਨ, ਰੁਪਾਂਤਰਨ, ਅਦਲ-ਬਦਲ, ਸੁਧਾਰ, ਬਿਮਾਰੀ, ਰੋਗ, ਮਨ ਦਾ ਬਦਲਣਾ, ਭਾਵਨਾ, ਉਤੇਜਨਾ, ਘਬਰਾਹਟ; ਵੇਦਾਂਤ ਅਤੇ ਸਾਂਖਯ ਦਰਸ਼ਨ ਅਨੁਸਾਰ ਕਿਸੇ ਦੇ ਰੂਪ ਆਦਿ ਦਾ ਬਦਲ ਜਾਣਾ, ਪਰਿਣਾਮ, ਨਤੀਜਾ"[108]

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ, "ਸੰ. ਵਿਕਾਰ ਸੰਗਯਾ.ਪ੍ਰਕਿਰਤੀ ਦਾ ਬਦਲਣਾ, ਹੋਰ ਸ਼ਕਲ ਵਿੱਚ ਹੋਣਾ, ਤਬਦੀਲੀ 2. ਰੋਗ 3. ਖਾਮ, ਕਰੋਧ ਆਦਿ।ਸੰ. ਵਿਕਾਰ, ਐਬ 5. ਪਾਪ ਕਰਮ 6. ਬੇਕਾਰ, ਨਿਕੰਮਾ, ਨਿਕਾਰਾ"[109]

---

[104] ਸੰਪਾ: ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼,* ਪੰਨਾ 457.
[105] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 764.
[106] डा. कृष्ण लाल, *वैदिक वन्दना,* पन्ना 26.
[107] *ਰਿਗਵੇਦ* 10.142.2.
[108] ਸੰਪਾ: ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼,* ਪੰਨਾ 823.
[109] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 865.

ਸੰਸਾਰ ਵਿਚ ਸਾਡੇ ਜਿੰਨ੍ਹੇ ਮਰਜ਼ੀ ਰਿਸ਼ਤੇ-ਨਾਤੇ ਤਾਕਤਵਰ ਹੋਣ ਪਰੰਤੂ ਉਸ ਪਰਮ ਪਿਤਾ ਪਰਮਾਤਮਾ ਜਿੰਨ੍ਹਾਂ ਤਾਕਤਵਰ ਕੋਈ ਨਹੀਂ ਹੋ ਸਕਦਾ। ਸੋ ਇਸੇ ਕਰਕੇ ਸਾਡੀ ਪ੍ਰਾਰਥਨਾ ਉਸੇ ਅੱਗੇ ਹੈ ਕਿ ਸਾਨੂੰ ਕ੍ਰੋਧ ਵਰਗੇ ਵੈਰੀ ਤੋ ਬਚਾ। ਜਿਹੜਾ ਕਿ ਮਨੁੱਖੀ ਬੁੱਧੀ ਦਾ ਮੁੱਖ ਵੈਰੀ ਹੈ। ਪਰਮਾਤਮਾ ਹੀ ਮਨੁੱਖ ਦੀ ਰੱਖਿਆ ਕਰਕੇ ਉਸਦੀ ਬੁੱਧੀ ਨੂੰ ਬਚਾ ਸਕਦਾ ਹੈ।"ਇਸ ਸੰਸਾਰ ਵਿਚ ਕੋਈ ਵੀ ਮਨੁੱਖ ਸਾਡਾ ਕਿੰਨਾ ਵੀ ਹਮਦਰਦ ਕਿਉਂ ਨਾ ਹੋਵੇ ਉਸ ਤੋਂ ਈਸ਼ਵਰ ਜਿਹੀ ਸੁਰੱਖਿਆ ਪ੍ਰਾਪਤ ਨਹੀਂ ਹੋ ਸਕਦੀ। ਈਸ਼ਵਰ ਜਿਹੜਾ ਕਿ ਸ਼ਰਨ ਦਿੰਦਾ ਹੈ ਪਰ ਉਸਦਾ ਆਪਣਾ ਸਵਾਰਥ ਕੋਈ ਨਹੀਂ ਹੁੰਦਾ। ਪ੍ਰਿਥਵੀ, ਆਕਾਸ਼ ਅਤੇ ਅੰਤਰਿਕਸ਼ ਦੀ ਕੋਈ ਵੀ ਸ਼ਕਤੀ ਈਸ਼ਵਰ ਦੁਆਰਾ ਸੁਰੱਖਿਆ ਪ੍ਰਾਪਤ ਮਨੁੱਖ ਨੂੰ ਹਾਨੀ ਨਹੀਂ ਪਹੁੰਚਾ ਸਕਦੀ। ਇਸ ਲਈ ਪ੍ਰਾਰਥਨਾ ਕੀਤੀ ਗਈ ਹੈ ਕਿ ਹਿੰਸਾ ਦੇ ਸ਼ਸਤਰ ਕ੍ਰੋਧ ਨੂੰ ਸਾਡੇ ਤੋਂ ਦੂਰ ਰੱਖੋ। ਇਸ ਮੰਤਰ ਵਿਚ ਈਸ਼ਵਰ ਨੂੰ ਬਲ ਦਾ ਪੁੱਤਰ ਕਿਹਾ ਗਿਆ ਹੈ। ਵਾਸਤਵ ਵਿਚ ਅਸੀਂ ਈਸ਼ਵਰ ਦੇ ਨਜ਼ਦੀਕ ਤਾਂ ਹੀ ਪਹੁੰਚ ਸਕਦੇ ਹਾਂ ਜੇ ਅਸੀਂ ਪਰਮਾਤਮਾ ਦੇ ਕੁਝ ਗੁਣ ਗ੍ਰਹਿਣ ਕਰੀਏ। ਈਸ਼ਵਰ ਦੀ ਸ਼ਰਨ ਪ੍ਰਾਪਤ ਕਰਨ ਲਈ ਸਾਨੂੰ ਬਲ ਸੰਗ੍ਰਹਿਤ ਕਰਨਾ ਚਾਹੀਦਾ ਹੈ ਅਤੇ ਅਕਾਰਣ ਕ੍ਰੋਧ ਨੂੰ ਵੀ ਦੂਰ ਰੱਖਣਾ ਚਾਹੀਦਾ ਹੈ। ਕਿਉਂਕਿ ਸਾਰਿਆਂ ਕਲੇਸ਼ਾਂ ਦੀ ਜੜ੍ਹ ਕ੍ਰੋਧ ਹੈ। ਸਾਡੇ ਵਿਚ ਇਹ ਕ੍ਰੋਧ ਨਾ ਹੋਵੇ ਪਰੰਤੂ ਦੂਜੇ ਦੇ ਅੱਤਿਆਚਾਰ ਦੇ ਜੁਆਬ ਦਾ ਬਲ ਜ਼ਰੂਰ ਹੋਵੇ। ਇਹ ਬਲ ਈਸ਼ਵਰ ਸਾਰਿਆਂ ਵਿਚ ਸਥਾਪਿਤ ਕਰਦਾ ਹੈ।"[110] ਆਧੁਨਿਕ ਸਮਾਜ ਵਿਚ ਰਿਸ਼ਤੇ ਨਾਤਿਆਂ ਦੇ ਤਿੜਕਣ ਦਾ ਕਾਰਣ ਕ੍ਰੋਧ ਹੀ ਹੈ। ਇਸ ਲਈ ਸਾਰੇ ਧਾਰਮਿਕ ਗ੍ਰੰਥ ਇਹ ਕਹਿੰਦੇ ਹਨ ਕਿ ਜਿਸਨੇ ਕ੍ਰੋਧ ਤੇ ਕਾਬੂ ਪਾ ਲਿਆ ਸਮਝੋ ਉਸਨੇ ਸੰਸਾਰ ਦੀ ਬਾਜ਼ੀ ਜਿੱਤ ਲਈ।

### 3.36 ਅਗਨੀ ਦੇਵਤੇ ਅੱਗੇ ਪ੍ਰਾਰਥਨਾ :

ਇਹ ਤ੍ਵੰ ਸੂਨੋ ਸਹਸੋ ਨੋ ਅਦ੍ਯ ਜਾਤੋ ਜਾਤ ਉਭਯਾਂ ਅੰਤਰਗਨੇ।
ਦਤ ਈਯਸੇ ਯੁਯਜਾਨ ਰਟਸ਼ਵ ਰਜਮੁਸ੍ਕਾਨ ਵ੍ਸ਼ਣ: ਸ਼ੁਕ੍ਰਾਂਸ੍ਚ॥[111]

ਡਾ.ਪਰਮਵੀਰ ਸਿੰਘ, ਡਾ.ਪਰਦੁਮਨ ਸ਼ਾਹ ਸਿੰਘ ਰਚਿਤ *ਭਾਰਤ ਦੇ ਪ੍ਰਮੁਖ ਧਰਮ* ਅਨੁਸਾਰ ਅਗਨੀ ਦੇਵਤਾ, "ਅਗਨੀ ਪ੍ਰਮੁਖ ਵੈਦਿਕ ਦੇਵਤਾ ਹੈ। ਰਿਗਵੇਦ ਵਿਚ ਅਗਨੀ ਨਾਲ ਸੰਬੰਧਿਤ ਲਗਭਗ 200 ਸੂਕਤ ਹਨ ਅਤੇ ਇਸ ਵੇਦ ਦਾ ਅਰੰਭ ਵੀ ਅਗਨੀ ਦੇਵਤੇ ਦੀ ਉਸਤਤ ਨਾਲ ਹੁੰਦਾ ਹੈ। ਸਾਮਵੇਦ ਦੇ ਪੂਰਵ ਅਰਚਿਕ ਭਾਗ ਦੇ ਪਹਿਲੇ ਅਧਿਆਇ ਦਾ ਸੰਬੰਧ ਵੀ ਅਗਨੀ ਨਾਲ ਹੈ ਇਸ ਕਰ ਕੇ ਇਸ ਨੂੰ 'ਅਗਨੇਯ ਕਾਂਡ' ਵੀ ਕਿਹਾ ਜਾਂਦਾ ਹੈ। ਅਗਨੀ ਦੀ ਵਰਤੋਂ ਸੂਰਜ ਵਿਚ ਕਰਦੇ ਹੋਏ ਇਸ ਨੂੰ ਅਕਾਸ਼ ਦਾ ਮਸਤਕ ਕਿਹਾ ਗਿਆ ਹੈ, ਘਰਾਂ ਵਿਚ ਇਸਨੂੰ ਰੌਸ਼ਨੀ ਦੇ ਨਾਲ ਪਾਪਾਂ ਅਤੇ ਬੁਰਾਈਆਂ ਦੇ ਖਾਤਮੇ ਦਾ ਪ੍ਰਤੀਕ ਮੰਨਿਆ ਗਿਆ ਹੈ ਅਤੇ ਪੁਲਾੜ ਵਿਚ ਇਸਨੂੰ ਬਿਜਲੀ ਕਿਹਾ ਗਿਆ ਹੈ।"[112]

ਵੈਦਿਕ ਰਿਸ਼ੀ ਕਿਸੇ ਵੀ ਦੇਵਤੇ ਅੱਗੇ ਪ੍ਰਾਰਥਨਾ ਕਰਨ ਤੋਂ ਪਹਿਲਾਂ ਉਸ ਦੇਵਤੇ ਦੀ ਵਡਿਆਈ ਕਰਦੇ ਸਨ,ਉਸਦੇ ਗੁਣਾਂ ਦਾ ਬਿਆਨ ਕਰਦੇ ਸਨ"ਹੇ ਸ਼ਕਤੀ ਪੁੱਤਰ ਅਗਨੀ! ਤੂੰ ਸਖ਼ਤ ਕੰਮ ਕਰਕੇ

[110] डा. कृष्ण लाल, *वैदिक वन्दना*, पन्ना 26.
[111] *ਰਿਗਵੇਦ* 5.2.2.
[112] ਡਾ.ਪਰਮਵੀਰ ਸਿੰਘ, ਡਾ.ਪਰਦੁਮਨ ਸ਼ਾਹ ਸਿੰਘ, *ਭਾਰਤ ਦੇ ਪ੍ਰਮੁਖ ਧਰਮ*, ਪੰਨਾ 25.

ਆਪਣੇ ਪੱਠੇ ਪੁਖਤਾ ਕੀਤੇ ਹੋਏ ਹਨ। ਆਪਣਾ ਜਿਸਮ ਕਮਾਇਆ ਹੋਇਆ ਹੈ। ਤੂੰ ਲਿਸ਼ਕਦੇ-ਪੁਸ਼ਕਦੇ ਬਲਵਾਨ ਘੋੜੇ ਵਾਂਗ ਏ। ਤੂੰ ਸਾਡੇ ਕੰਮ ਆਉਣ ਲਈ ਹੀ ਜਨਮ ਲਿਆ ਹੈ। ਤੂੰ ਮਨੁੱਖ ਅਤੇ ਦੇਵਤਿਆਂ ਵਿਚਕਾਰ ਸੁਨੇਹਾ ਪੱਤਾ ਲੈ ਜਾਣ ਵਾਲਾ ਸੱਚਾ-ਸੁੱਚਾ ਦੂਤ ਏਂ।"[113]

ਇਸ ਮੰਤਰ ਵਿਚ ਕਵੀ ਵਾਮਦੇਵ ਅਗਨੀ ਅੱਗੇ ਪ੍ਰਾਰਥਨਾ ਕਰ ਰਿਹਾ ਹੈ। ਜਿਸ ਵਿਚ ਅਗਨੀ ਦਾ ਮਾਨਵੀਕਰਨ ਕਰਕੇ ਉਸਨੂੰ ਇਕ ਸੁਡੌਲ ਪੁਰਸ਼ ਦੇ ਰੂਪ ਵਿਚ ਪੇਸ਼ ਕੀਤਾ ਹੈ ਅਤੇ ਉਸ ਅੱਗੇ ਪ੍ਰਾਰਥਨਾ ਇਸ ਰੂਪ ਨਾਲ ਕੀਤੀ ਜਾ ਰਹੀ ਹੈ ਕਿ ਤੂੰ ਸਾਡੇ ਕੰਮਾਂ ਨੂੰ ਸੁਆਰਨ ਲਈ ਹੀ ਜਨਮ ਲਿਆ ਹੈ। ਅਗਨੀ ਦੇਵਤੇ ਨੂੰ ਮਨੁੱਖਾਂ ਦਾ ਸੁਨੇਹਾ ਦੇਵਤਿਆਂ ਤੱਕ ਪਹੁੰਚਾਉਣ ਵਾਲਾ ਮੰਨਿਆ ਜਾਂਦਾ ਹੈ। ਉਸਦੇ ਤਾਕਤਵਰ ਪੱਠਿਆਂ ਦੀ ਉਸਤਤ ਕਰਕੇ ਉਸਨੂੰ ਖੁਸ਼ ਕਰਨ ਦੇ ਨੁਕਤੇ ਤੋਂ ਆਪਣੀਆਂ ਪ੍ਰਾਰਥਨਾਵਾਂ ਸਵੀਕਾਰ ਕਰਵਾਉਣ ਦੀ ਪ੍ਰਰਾਥਨਾ ਕੀਥੀ ਜਾ ਰਹੀ ਹੈ।

### 3.1.2 ਸਾਮਵੇਦ ਦੀਆਂ ਪ੍ਰਮੁੱਖ ਪ੍ਰਰਾਥਨਾਵਾਂ :

ਸਾਮਵੇਦ ਚਾਰਾਂ ਵੇਦਾਂ ਵਿਚ ਦੂਜਾ ਸਥਾਨ ਰੱਖਦਾ ਹੈ।ਇਸ ਵੇਦ ਵਿਚ ਉਹ ਮੰਤਰ ਸ਼ਾਮਿਲ ਹਨ ਜੋ ਗਾਉਣ ਦੇ ਨਾਲ ਸੰਬੰਧਤ ਹਨ। ਸਾਮ ਦਾ ਇਕ ਅਰਥ ਗਾਉਣਾ ਵੀ ਹੁੰਦਾ ਹੈ। ਇਹ ਆਕਾਰ ਵਿਚ ਦੂਜਿਆਂ ਨਾਲੋਂ ਛੋਟਾ ਹੈ। ਇਸਦੇ ਮੰਤਰਾਂ ਨੂੰ ਗਾ ਕੇ ਦੇਵਤਿਆਂ ਨੂੰ ਖੁਸ਼ ਕੀਤਾ ਜਾਂਦਾ ਹੈ।

"ਡਾ.ਪਰਮਵੀਰ ਸਿੰਘ ਅਤੇ ਡਾ.ਪਰਦੁਮਨ ਸ਼ਾਹ ਸਿੰਘ ਰਚਿਤ *ਭਾਰਤ ਦੇ ਪ੍ਰਮੁਖ ਧਰਮ* ਅਨੁਸਾਰ ਸਾਮਵੇਦ,"ਸਾਮਵੇਦ ਦਾ ਸੰਬੰਧ ਗਾਇਨ ਨਾਲ ਹੈ। ਇਸ ਵਿਚ ਉਹਨਾਂ ਮੰਤਰਾਂ ਨੂੰ ਸੰਕਲਿਤ ਕੀਤਾ ਗਿਆ ਹੈ ਜੋ ਗਾਇਨ ਨਾਲ ਸੰਬੰਧਿਤ ਹਨ। ਕਿਹਾ ਜਾਂਦਾ ਹੈ ਕਿ ਹਰ ਇਕ ਮੰਤਰ ਵਿਚ ਵਿਸ਼ੇਸ਼ ਸੁਰ ਮੌਜੂਦ ਹੁੰਦੀ ਹੈ ਅਤੇ ਉਸ ਮੰਤਰ ਦਾ ਉਸੇ ਸੁਰ ਵਿਚ ਗਾਇਨ ਕਿਵੇਂ ਕਰਨਾ ਹੈ ਇਸ ਦਾ ਗਿਆਨ ਸਾਮਵੇਦ ਤੋਂ ਪ੍ਰਾਪਤ ਹੁੰਦਾ ਹੈ। ਵੇਦਾਨਾਂ ਸਾਮਵੇਦਹ ਕਹਿ ਕੇ ਭਗਵਦ ਗੀਤਾ ਵਿਚ ਇਸ ਵੇਦ ਦੀ ਮਹਿਮਾ ਦੱਸੀ ਗਈ ਹੈ ਜਿਸਦਾ ਭਾਵ ਹੈ ਕਿ ਵੇਦਾਂ ਵਿਚੋਂ ਮੈਂ (ਕ੍ਰਿਸ਼ਨ) ਸਾਮਵੇਦ ਹਾਂ (ਅਧਿ.10.22)। ਦੂਜੇ ਅਰਥਾਂ ਵਿਚ ਕਿਹਾ ਜਾ ਸਕਦਾ ਹੈ ਕਿ ਸਾਮਵੇਦ ਨੂੰ ਸਮਝ ਲੈਣ ਨਾਲ ਕ੍ਰਿਸ਼ਨ ਜੀ ਦੇ ਅਸਲ ਸਰੂਪ ਨੂੰ ਸਹੀ ਰੂਪ ਵਿਚ ਸਮਝਿਆ ਜਾ ਸਕਦਾ ਹੈ। ਸਾਮਵੇਦ ਦੇ ਮੰਤਰਾਂ ਦਾ ਕਾਰਜ ਦੇਵਤਿਆਂ ਨੂੰ ਪ੍ਰਸੰਨ ਕਰਨਾ ਹੈ। ਦੇਵਤਿਆਂ ਨੂੰ ਪ੍ਰਸੰਨ ਕਰਨ ਲਈ ਇਸ ਵੇਦ ਦੇ ਮੰਤਰਾਂ ਦਾ ਉਸਤਤੀ ਗਾਇਨ ਕੀਤਾ ਜਾਂਦਾ ਹੈ ਜਿਸ ਨਾਲ ਦੇਵਤੇ ਪ੍ਰਸੰਨ ਹੋ ਕੇ ਮਨੋਕਾਮਨਾਵਾਂ ਪੂਰੀਆਂ ਕਰਦੇ ਹਨ।"[114]

ਸਾਮਵੇਦ ਵਿਚ ਆਈਆਂ ਪ੍ਰਮੁੱਖ ਪ੍ਰਾਰਥਨਾਵਾਂ ਇਸ ਪ੍ਰਕਾਰ ਹਨ:-

#### 3.1.2.1 ਇੰਦ੍ਰ ਨੂੰ ਖੁਸ਼ ਕਰਨ ਲਈ ਪ੍ਰਾਰਥਨਾ :

ਇਸੇ ਤਰ੍ਹਾਂ ਸਾਮਵੇਦ ਦੇ ਤੀਜੇ ਖੰਡ ਵਿੱਚ ਇੰਦ੍ਰ ਦੇਵਤੇ ਨਾਲ ਸੰਬੰਧਤ ਪ੍ਰਾਰਥਨਾ ਦਾ ਹਵਾਲਾ ਮਿਲਦਾ ਹੈ। ਜਿਸ ਵਿੱਚ ਇੰਦ੍ਰ ਨੂੰ ਆਪਣੀ ਮਨਸ਼ਾ ਪੂਰਤੀ ਹਿਤ ਭੇਟਾਵਾਂ ਅਰਪਣ ਕੀਤੀਆਂ ਜਾਂਦੀਆਂ ਹਨ ਤਾਂ ਕਿ ਇੰਦ੍ਰ ਪ੍ਰਸੰਨ ਹੋ ਕੇ ਉਹਨਾਂ ਦੀਆਂ ਇਛਾਵਾਂ ਨੂੰ ਪੂਰਾ ਕਰਨ ਦਾ ਵਰਦਾਨ ਦੇਵੇ। "ਹੇ ਇੰਦ੍ਰ!

---

[113] ਪ੍ਰੋ. ਬ੍ਰਜਬਿਹਾਰੀ ਚੌਬੇ, ਅਨੁਵਾਦ ਡਾ. ਦਰਸ਼ਨ ਸਿੰਘ ਨਿਰਵੈਰ, ਵੈਦਿਕ ਸੰਕਲਪ, ਪੰਨਾ 100.
[114] ਡਾ.ਪਰਮਵੀਰ ਸਿੰਘ, ਡਾ.ਪਰਦੁਮਨ ਸ਼ਾਹ ਸਿੰਘ, *ਭਾਰਤ ਦੇ ਪ੍ਰਮੁਖ ਧਰਮ*, ਪੰਨਾ 13.

ਇਹ ਸੋਮ ਤੈਨੂੰ ਪ੍ਰਸੰਨ ਕਰੇ। ਹੇ ਵਰਜਿਨ! ਤੂੰ ਧਨ ਏਂ। ਬ੍ਰਾਹਮਣ ਦੇ ਵੈਰੀਆਂ ਨੂੰ ਨਸ਼ਟ ਕਰੋ। ਸਾਡੇ ਦੁਆਰਾ ਦਿੱਤੇ ਇਸ ਸੋਮ ਦਾ ਪਾਨ ਕਰੋ। ਸਾਡੇ ਕੋਲ ਤੇਰੇ ਦੁਆਰਾ ਦਿੱਤਾ ਅੰਨ ਹੀ ਰਹਿੰਦਾ ਹੈ। ਹੇ ਯਜਮਾਨੋ! ਇਹ ਇੰਦ੍ਰ ਹੀ ਹੈ ਜੋ ਤੁਹਾਨੂੰ ਯੱਗ ਕਰਨ ਲਈ ਪ੍ਰੇਰਿਤ ਕਰਦਾ ਹੈ। ਹੇ ਇੰਦ੍ਰ! ਕੋਈ ਵੀ ਦੇਵਤਾ ਤੈਥੋਂ ਵੱਧ ਕੇ ਨਹੀਂ ਹੈ। ਸਥਿਰ ਮਨ ਵਾਲੇ, ਵਿਸ਼ਵ ਨੂੰ ਦੇਖਣ ਵਾਲੇ ਇੰਦ੍ਰ, ਭੈਅ ਦਾ ਨਾਸ਼ ਕਰਨ ਵਾਲੇ ਹਨ। ਅਸੀਂ ਦੇਖਣ ਵਾਲੇ ਇੰਦ੍ਰ ਨੂੰ ਅੰਨ ਅਤੇ ਜਲ ਦੀ ਪ੍ਰਾਪਤੀ ਲਈ ਬੁਲਾਉਂਦੇ ਹਾਂ। ਤੈਥੋਂ ਵੱਡਾ ਵੀ ਕੋਈ ਨਹੀਂ, ਉੱਚਾ ਵੀ ਕੋਈ ਨਹੀਂ।"[115] ਸਾਮਵੇਦ ਦੇ ਇਸ ਸਲੋਕ ਵਿਚ ਇੰਦ੍ਰ ਦੇਵਤੇ ਨੂੰ ਪ੍ਰਸੰਨ ਕਰਨ ਲਈ ਉਸਨੂੰ ਆਹੂਤੀ ਦਿੱਤੀ ਜਾਂਦੀ ਹੈ। ਉਸਨੂੰ ਅੰਨ ਜਲ ਦਾ ਦੇਵਤਾ ਮੰਨ ਕੇ ਖੁਸ਼ ਕਰਨ ਲਈ ਪ੍ਰਾਰਥਨਾ ਕੀਤੀ ਜਾਂਦੀ ਹੈ। ਇਸ ਸਲੋਕ ਵਿਚ ਉਸਨੂੰ ਸਾਰਿਆਂ ਤੋਂ ਵੱਡਾ ਦੇਵਤਾ ਦਰਸਾਇਆ ਗਿਆ ਹੈ ਅਤੇ ਉਸ ਅੱਗੇ ਹੀ ਅਰਦਾਸ ਕਰਕੇ ਆਪਣੀਆਂ ਮਨੋਕਾਮਨਾਵਾਂ ਪੂਰੀਆ ਹੋਣ ਦਾ ਮਨਸ਼ਾ ਰੱਖਿਆ ਜਾਂਦਾ ਹੈ। ਇਸ ਵਿਚ ਯੱਗ ਕਰਨ ਵਾਲਿਆਂ ਨੂੰ ਵੀ ਕਿਹਾ ਜਾਂਦਾ ਹੈ ਕਿ ਇਹ ਯੱਗ ਉਹ ਇੰਦ੍ਰ ਦੀ ਪ੍ਰੇਰਨਾ ਸਦਕਾ ਹੀ ਕਰ ਰਹੇ ਹਨ।"

### 3.1.2.2 ਇੰਦਰ ਦੇਵਤੇ ਤੋਂ ਸ਼ਕਤੀ ਮੰਗਣ ਲਈ ਪ੍ਰਾਰਥਨਾ

ਸਾਮਵੇਦ ਦੇ ਪੰਜਵੇਂ ਖੰਡ ਵਿਚ ਇੰਦ੍ਰ ਦੇਵਤੇ ਨੂੰ ਪ੍ਰਾਰਥਨਾ ਕੀਤੀ ਗਈ ਹੈ ਇਸ ਪ੍ਰਾਰਥਨਾ ਵਿਚ ਇੰਦ੍ਰ ਦੁਆਰਾ ਸੋਮਰਸਪਾਨ ਕਰਕੇ ਸ਼ੰਭਰਾਸੁਰ ਦਾ ਨਾਸ਼ ਕਰਨ ਦਾ ਜ਼ਿਕਰ ਵੀ ਮਿਲਦਾ ਹੈ। ਇੰਦ੍ਰ ਤੋਂ ਆਪਣੇ ਪੁੱਤਰਾਂ,ਪੋਤਰਿਆਂ ਦੀ ਲੰਬੀ ਉਮਰ ਦੀ ਕਾਮਨਾ ਵੀ ਕੀਤੀ ਗਈ ਹੈ। "ਹੇ ਇੰਦ੍ਰ! ਤੇਰੇ ਉਤਮ ਬਲ ਲਈ ਅਤੇ ਯੋਗ ਲਈ ਤੇਰੀ ਵੰਦਨਾ ਕਰਦਾ ਹਾਂ। ਹੇ ਇੰਦ੍ਰ! ਜਿਸ ਸੋਮਪਾਨ ਦੇ ਸੇਵਨ ਦੁਆਰਾ ਤੂੰ ਦਿਵੋਦਾਸ ਦੇ ਦੁਸ਼ਮਣ ਸ਼ੰਭਰਾਸੁਰ ਨਾਲ ਜੰਗ ਕੀਤਾ, ਉਸਨੂੰ ਗ੍ਰਹਿਣ ਕਰੋ। ਹੇ ਇੰਦ੍ਰ! ਤੁਸੀਂ ਸ਼ਤਰੂਆਂ ਦਾ ਨਾਸ਼ ਕਰਨ ਵਾਲੇ, ਸ਼ਤਰੂਆਂ ਤੇ ਜਿੱਤ ਪ੍ਰਾਪਤ ਕਰਨ ਵਾਲੇ, ਸਾਰਿਆਂ ਨੂੰ ਪਿਆਰੇ, ਸਵਰਗ ਦੇ ਰਾਜੇ ਅਤੇ ਪਰਬਤ ਦੀ ਤਰ੍ਹਾਂ ਮਹਾਨ ਹੋ,ਤੁਸੀਂ ਸਾਡੇ ਕੋਲ ਆਉ। ਹੇ ਸੋਮ ਦਾ ਸੇਵਨ ਕਰਨ ਵਾਲੇ ਇੰਦ੍ਰ,ਸਾਡੇ ਤੋਂ ਰੋਗਾਂ ਨੂੰ ਦੂਰ ਰੱਖੋ। ਰੁਕਾਵਟਾਂ ਪਾਉਣ ਵਾਲੇ ਦੁਸ਼ਮਣਾਂ ਨੂੰ ਭਜਾਉ, ਸਾਨੂੰ ਦੁੱਖ ਦੇਣ ਵਾਲਿਆ ਨੂੰ ਭਜਾਉ ਅਤੇ ਸਾਨੂੰ ਪਾਪ ਤੋ ਮੁਕਤ ਕਰੋ।"[116]ਇਸ ਸਲੋਕ ਵਿਚ ਇੰਦ੍ਰ ਦੇਵਤੇ ਕੋਲੋਂ ਆਪਣੀ ਹਰ ਕਾਮਨਾ ਦੀ ਇੱਛਾ ਪੂਰਤੀ ਹਿਤ ਪ੍ਰਾਰਥਨਾ ਕੀਤੀ ਗਈ ਹੈ। ਇੰਦ੍ਰ ਦੀ ਉਸ ਸ਼ਕਤੀ ਦੀ ਪੂਜਾ ਕੀਤੀ ਗਈ ਹੈ। ਜਿਸ ਦੁਆਰਾ ਉਹ ਦੁਸ਼ਮਣਾਂ ਦਾ ਨਾਸ਼ ਕਰਦਾ ਹੈ। ਸੋ ਇਸ ਤਰ੍ਹਾਂ ਇਹਨਾਂ ਪ੍ਰਾਰਥਨਾਵਾਂ ਵਿਚ ਇੰਦ੍ਰ ਪਮੁੱਖ ਦੇਵਤੇ ਵਜੋਂ ਉਭਰਦਾ ਹੈ ਅਤੇ ਪ੍ਰਾਰਥਨਾ ਕਰਨ ਵਾਲੇ ਲਈ ਸਭ ਕੁਝ ਇੰਦ੍ਰ ਤੋਂ ਹੀ ਮੰਗਿਆ ਜਾਂਦਾ ਹੈ।

ਪ੍ਰੇਮ ਪ੍ਰਕਾਸ਼ ਸਿੰਘ ਰਚਿਤ *ਸੰਸਕ੍ਰਿਤ ਪੰਜਾਬੀ ਕੋਸ਼* ਅਨੁਸਾਰ ਸ਼ਕਤੀ, "ਬਲ, ਸਮਰੱਥਾ, ਤਾਕਤ, ਦੁਰਗਾ, ਦੇਵੀ, ਦਿੱਵਸ਼ਕਤੀ; ਭਾਲਾ: ਤੀਰ, ਈਸ਼ਵਰ ਦੀ ਮਾਇਆ ਜੋ ਸੰਸਾਰ ਦੀ ਰਚਨਾ ਕਰਦੀ ਹੈ।"[117]

1. ਭਾਈ ਕਾਨ੍ਹ ਸਿੰਘ ਨਾਭਾ ਰਚਿਤ *ਮਹਾਨ ਕੋਸ਼ ਅਨੁਸਾਰ* ਸ਼ਕਤਿ, "ਸ. ਸ਼ਕ੍ਤਿ, ਸੰਗਯਾ- ਤਾਕਤ, ਸਾਮਰਥਯ 2. ਪ੍ਰਭਾਵ, ਅਮਰ 3.ਮਾਇਆ 4. ਇਸਤ੍ਰੀ, 5. ਕੁਦਰਤ, ਪ੍ਰਕਿਤੀ, 6. ਬਰਛੀ, ਸੈਹਥੀ 7. ਪਦ ਦੇ

---

[115] *ਸਾਮਵੇਦ* 3:1 ਪੰਨਾ 25.

[116] *ਸਾਮਵੇਦ* 5:1, ਪੰਨਾ ਨੰ: 45.

[117] ਸੰਪਾ: ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼* ਪੰਨਾ 922

ਵਾਕਯ ਦੀ ਉਹ ਬ੍ਰਿਤੀ ਜੋ ਅਰਥ ਬੋਧਨ ਕਹਾਉਂਦੀ ਹੈ 8. ਦੇਵਤਿਆਂ ਦੀ ਸਮਰਥਯ ਅਤੇ ਉਹਨਾਂ ਦੀ ਇਸਤ੍ਰੀਆਂ ਨੂੰ ਸ਼ਕਤੀ ਲਿਖਿਆ ਹੈ 9. ਸੰਬੰਧ, ਸੰਯੋਗ।"[118]

### 3.1.2.3 ਆਰਥਿਕ ਲਾਭ ਲਈ ਪ੍ਰਾਰਥਨਾ

ਸਾਮਵੇਦ ਦੇ ਪੰਜਵੇ ਖੰਡ ਦੇ ਦੂਜੇ ਸਲੋਕ ਵਿਚ ਇੰਦ੍ਰ ਅੱਗੇ ਆਰਥਿਕ ਲਾਭ, ਧਨ ਦੀ ਪ੍ਰਾਪਤੀ ਦੀ ਪ੍ਰਾਰਥਨਾ ਕਿਸੇ ਵੀ ਤਰ੍ਹਾਂ ਦੀ ਹਾਨੀ ਹੋਣ ਤੋਂ ਬਚਾਉਣ ਲਈ, ਪਦਾਰਥਾਂ ਦੀ ਕਾਮਨਾ ਲਈ ਪ੍ਰਾਰਥਨਾ ਕੀਤੀ ਗਈ ਹੈ। "ਹੇ ਇੰਦ੍ਰ, ਤੂੰ ਜਨਮ ਤੋਂ ਹੀ ਬੰਧਨਰਹਿਤ, ਸ਼ਤਰੂ ਰਹਿਤ ਹੈ। ਜਦੋਂ ਤੁਸੀਂ ਆਪਣੇ ਕਿਸੇ ਮਿੱਤਰ ਦੀ ਰੱਖਿਆ ਕਰਨੀ ਹੁੰਦੀ ਹੈ ਤਾਂ ਉਸਦੇ ਮਿਤਰ ਹੋ ਜਾਂਦੇ ਹੋ। ਹੇ ਮਿੱਤਰ! ਜਿਹੜੇ ਇੰਦ੍ਰ ਨੇ ਇਹ ਧਨ ਸਾਨੂੰ ਬਹੁਤ ਮਾਤਰਾ ਵਿਚ ਦਿੱਤਾ ਹੈ। ਉਸ ਧੰਨ ਵਾਲੇ ਇੰਦ੍ਰ ਦੀ ਤੁਹਾਡੇ ਧੰਨ ਲਾਭ ਅਤੇ ਰੱਖਿਆ ਲਈ ਅਰਦਾਸ ਕਰਦਾ ਹਾਂ। ਤੁਸੀਂ ਦ੍ਰਿੜ੍ਹ ਪਰਬਤਾਂ ਨੂੰ ਵੀ ਨਿਯਮ ਵਿਚ ਰੱਖਦੇ ਹੋ। ਹੇ ਘੋੜਿਆਂ, ਗਾਵਾਂ ਅਤੇ ਧਰਤੀ ਦੇ ਮਾਲਕ ਇੰਦ੍ਰ। ਤੁਹਾਡੇ ਲਈ ਇਹ ਸੋਮਰਸ ਪ੍ਰਸਤੁਤ ਹੈ। ਤੁਸੀਂ ਆ ਕੇ ਪੀਉ।"[119] ਸੋ ਇਸ ਪ੍ਰਕਾਰ ਸਾਮਵੇਦ ਵਿਚ ਇੰਦ੍ਰ ਦੇਵਤੇ ਅੱਗੇ ਅਨੇਕਾਂ ਪ੍ਰਾਰਥਨਾਵਾਂ ਮਿਲਦੀਆਂ ਹਨ। ਜਿਸ ਵਿਚ ਸ਼ਕਤੀ ਧੰਨ, ਲੰਬੀ ਉਮਰ, ਲਾਭ ਆਦਿ ਦੀ ਕਾਮਨਾ ਮਿਲਦੀ ਹੈ ਸਾਮਵੇਦ ਵਿਚ ਦੇਵਤਿਆਂ ਅੱਗੇ ਅਰਦਾਸਾਂ ਦੀ ਭਰਮਾਰ ਹੈ। ਜਿਸ ਵਿਚ ਯਜਮਾਨ ਆਪਣੀ ਇੱਛਾ ਅਨੁਸਾਰ ਯੱਗ ਰਾਹੀਂ ਆਪਣੀ ਕਾਮਨਾ ਪੇਸ਼ ਕਰਦਾ ਹੈ।

### 3.1.2.4 ਅਗਨੀ ਦੇਵਤੇ ਨੂੰ ਖੁਸ਼ ਕਰਨ ਲਈ ਪ੍ਰਾਰਥਨਾ

ਵੇਦਾਂ ਵਿਚ ਅਗਨੀ ਇਕ ਪ੍ਰਮੁੱਖ ਦੇਵਤੇ ਵਜੋਂ ਉੱਭਰ ਕੇ ਸਾਹਮਣੇ ਆਉਂਦਾ ਹੈ। ਅਗਨੀ ਦੇਵਤੇ ਨੂੰ ਮਨੁੱਖ ਅਤੇ ਹੋਰਨਾਂ ਦੇਵਤਿਆਂ ਵਿਚਕਾਰ ਇਕ ਅਹਿਮ ਕੜੀ ਵਜੋਂ ਜਾਣਿਆ ਜਾਂਦਾ ਹੈ ਕਿਉਂਕਿ ਮਨੁੱਖ ਆਪਣੀ ਇੱਛਾ ਪੂਰਤੀ ਹਿਤ ਯੱਗ ਅਗਨੀ ਵਿਚ ਆਹੂਤੀ ਦੇ ਕੇ ਪ੍ਰਾਰਥਨਾ ਕਰਦਾ ਹੈ ਕਿ ਅਗਨੀ ਦੇਵ ਖੁਸ਼ ਹੋ ਕੇ ਉਸਦੀ ਆਹੂਤੀ ਨੂੰ ਸੰਬੰਧਿਤ ਦੇਵਤੇ ਤੱਕ ਪਹੁੰਚਾਵੇ।ਇਸ ਲਈ ਸਾਮਵੇਦ ਦੇ ਪਹਿਲੇ ਸਲੋਕ ਵਿਚ ਹੀ ਅਗਨੀ ਨੂੰ ਅਰਾਧਿਆ ਗਿਆ ਹੈ। "ਹੇ ਅਗਨੀ! ਸਾਡੀ ਵੰਦਨਾ ਤੋਂ ਆਹੂਤੀ ਗ੍ਰਹਿਣ ਕਰਨ ਅਤੇ ਉਸਨੂੰ ਦੇਵਤਿਆਂ ਤੱਕ ਪਹੁੰਚਾਉਣ ਲਈ ਬਿਰਾਜੋ। ਹੇ ਅਗਨੀ, ਤੁਸੀਂ ਸਾਰੇ ਯੱਗਾਂ ਦੇ ਪੂਰਨ ਕਰਤਾ ਹੋ। ਤੁਸੀਂ ਦੇਵਤਿਆਂ ਦਾ ਅਵਾਹਨ ਕਰਨ ਵਾਲੇ ,ਰਿਸ਼ੀਆਂ ਦੁਆਰਾ ਵੰਦਨਾ ਨਾਲ ਸਤਿਕਾਰੇ ਜਾਂਦੇ ਹੋ। ਧਨ ਅਤੇ ਦਾਨ ਦੇ ਇੱਛੁਕ ਉਪਾਸ਼ਕਾਂ ਤੋਂ ਪ੍ਰਕਾਸ਼ਿਤ ਅਗਨੀ ਉਹਨਾਂ ਦੀ ਵੰਦਨਾ ਤੋਂ ਪ੍ਰਸੰਨ ਹੋਵੇ ਅਤੇ ਦੁਸ਼ਟਾਂ ਅਤੇ ਅੰਧਕਾਰ ਦਾ ਨਾਸ਼ ਹੋਵੇ। ਮੈਂ ਤਹਾਨੂੰ ਸਾਡੀ ਕਲਿਆਣਕਾਰੀ ਪ੍ਰਿਥਵੀ ਵੱਲ ਆਕਰਸ਼ਿਤ ਕਰਨਾ ਚਾਹੁੰਦਾ ਹਾਂ। ਤੂੰ ਸਾਡੀ ਰੱਖਿਆ ਲਈ ਸੂਰਜ ਆਦਿ ਲੋਕਾਂ ਨੂੰ ਸੰਪੂਰਨ ਕਰ ਕਿਉਂਕਿ ਤੁਸੀਂ ਅਤਿਅੰਤ ਪ੍ਰਕਾਸ਼ਿਤ ਵਿਖਾਈ ਦਿੰਦੇ ਹੋ।"[120] ਆਚਾਰੀਆ ਮਾਨਿਕ ਦੁਆਰਾ ਸਾਮਵੇਦ ਦਾ ਹਿੰਦੀ ਅਨੁਵਾਦ ਕੀਤਾ ਗਿਆ ਹੈ ਜਿਸ ਵਿਚ ਇਹ ਸਾਮਵੇਦ ਦਾ ਪਹਿਲਾ ਸਲੋਕ ਹੈ ਜਿਸ ਵਿਚ ਅਗਨੀ ਦੀ ਉਪਮਾ ਕੀਤੀ ਗਈ ਹੈ।

---

[118] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 141.
[119] *ਸਾਮਵੇਦ* 5:2, ਪੰਨਾ 46.
[120] *ਸਾਮਵੇਦ* 1.1 ਪਹਿਲੇ ਸਲੋਕ ਦਾ ਹਿੰਦੀ ਅਨੁਵਾਦ, *ਆਚਾਰਯ ਮਾਨਿਕ,* ਪੰਨਾ 5.

### 3.1.3 ਯਜੁਰਵੇਦ ਦੀਆਂ ਪ੍ਰਮੁੱਖ ਪ੍ਰਾਰਥਨਾਵਾਂ :

ਯਜੁਰਵੇਦ ਵਿਚ ਮੁੱਖ ਤੌਰ ਤੇ ਯੱਗ ਆਦਿ ਨਾਲ ਸੰਬੰਧਤ ਕਰਮਕਾਂਡ ਮੁਖ ਰੂਪੂ ਵਿਚ ਸ਼ਾਮਿਲ ਹਨ।ਯੱਗ ਵੇਦੀ ਬਣਾਉਣ ਦੀਆਂ ਵਿਧੀਆਂ ਦਾ ਜ਼ਿਕਰ ਹੈ।ਯੱਗ ਕਰਨ ਦੇ ਵੱਖ-ਵੱਖ ਉਦੇਸ਼ ਸ਼ਾਮਿਲ ਹਨ। ਇਸ ਵਿਚ ਬਹੁਤੇ ਮੰਤਰ ਪ੍ਰਾਰਥਨਾ ਦੇ ਰੂਪ ਵਿਚ ਹਨ ਜੋ ਲੋਕ ਭਲਾਈ ਹਿਤ ਕੀਤੀਆਂ ਜਾਂਦੀਆਂ ਹਨ।

#### 3.1.3.1 ਲੋਕ ਅਤੇ ਪਰਲੋਕ ਦੇ ਸੁਖ ਦੀ ਪ੍ਰਾਰਥਨਾ

ਆਂ ਸ਼ਤ੍ਰਾਂ ਦੇਵੀਰਭਿਸ਼੍ਟਯ ਆਯੋ ਭਵਨ੍ਤੁ ਪੋਤਯੇ। ਸ਼ੰਯੋਰਭਿਸਵਨ੍ਤੁ ਨ: [121]

ਇਸ ਮੰਤਰ ਵਿਚ ਪਰਮਾਤਮਾ ਅੱਗੇ ਅਰਦਾਸ ਕਰਕੇ ਮੁਖ ਤੌਰ ਤੇ ਉਸ ਤੋਂ ਸੁਖ-ਸ਼ਾਤੀ ਦੀ ਮੰਗ ਕੀਤੀ ਗਈ ਹੈ। ਪਰਮੇਸ਼ਵਰ ਅੱਗੇ ਇਹ ਬੇਨਤੀ ਇਸ ਕਰਕੇ ਹੈ ਕਿਉਂਕਿ ਸਰਵ ਗੁਣ ਸੰਪੰਨ ਤਾਂ ਉਹ ਆਪ ਹੀ ਹੋ ਸਕਦਾ ਹੈ "ਦੈਵੀਗੁਣਾਂ ਨਾਲ ਭਰਪੂਰ ਸਾਰਿਆਂ ਦਾ ਪ੍ਰਕਾਸ਼ਕ, ਸਾਰਿਆਂ ਨੂੰ ਅਨੰਦ ਦੇਣ ਵਾਲਾ ਸਰਵਵਿਆਪਕ ਪਰਮੇਸ਼ਵਰ, ਮਨੋਇੱਛਤ ਲੌਕਿਕ ਸੁਖ ਅਨੰਦ ਦੀ ਪ੍ਰਾਪਤੀ ਲਈ ਅਤੇ ਮੁਕਤੀ ਦੀ ਪ੍ਰਾਪਤੀ ਲਈ ਅਤੇ ਪੂਰਨ ਰੱਖਿਆ ਲਈ ਸਾਡੇ ਤੇ ਕਲਿਆਣਕਾਰੀ ਹੋਵੇ। ਸਾਡੇ ਤੇ ਸੁਖ ਸ਼ਾਤੀ ਦੀ ਚਾਰਾਂ ਪਾਸਿਆਂ ਤੋਂ ਵਰਖਾ ਕਰੋ। ਅਸੀਂ ਪਰਮ ਪਿਤਾ ਪਰਮੇਸ਼ਵਰ ਅੱਗੇ ਇਹ ਪ੍ਰਾਰਥਨਾ ਕਰਦੇ ਹਾਂ।"[122]

ਭਾਰਤੀ ਸਮਾਜ ਮੁੱਢ ਤੋਂ ਹੀ ਇਕ ਆਦਰਸ਼ਕ ਸਮਾਜ ਦੀ ਸਿਰਜਣਾ ਲਈ ਯਤਨਸ਼ੀਲ ਰਿਹਾ ਹੈ। ਜਿਸ ਕਾਰਣ ਉਹ ਹਮੇਸ਼ਾ ਇਹ ਚਾਹੁੰਦਾ ਹੈ ਕਿ ਸਮਾਜ ਵਿਚ ਵਿਚਰਣ ਵਾਲੇ ਵਿਅਕਤੀ ਗੁਣਾਂ ਨਾਲ ਭਰਪੂਰ ਹੋਣ ਅਤੇ ਇਹ ਗੁਣ ਉਹਨਾਂ ਨੂੰ ਪਰਮਾਤਮਾ ਦੀ ਕ੍ਰਿਪਾ ਦੇ ਨਾਲ ਹੀ ਪ੍ਰਾਪਤ ਹੋ ਸਕਦੇ ਹਨ।

ਸੰਪਾਦਕ ਪ੍ਰੇਮ ਪ੍ਰਕਾਸ਼ ਸਿੰਘਰਚਿਤ *ਸੰਸਕ੍ਰਿਤ ਪੰਜਾਬੀ ਕੋਸ਼ ਅਨੁਸਾਰ,* "ਦੁਨੀਆ, ਸੰਸਾਰ, ਜਨਤਾ, ਅਵਾਮ, ਬ੍ਰਹਿਮੰਡ ਜਾਂ ਵਿਸ਼ਵ ਦਾ ਇੱਕ ਹਿੱਸਾ ਸਾਧਾਰਨ ਤੌਰ ਤੇ ਤਿੰਨ ਲੋਕ ਮੰਨੇ ਜਾਂਦੇ ਹਨ= ਸਵਰਗ ਲੋਕ, ਪ੍ਰਿਥਵੀ ਲੋਕ, ਅਤੇ ਪਾਤਾਲ ਲੋਕ ਪਰੰਤੂ ਵਿਸ਼ੇਸ਼ ਰੂਪ ਤੋਂ ਵਰਨਣ ਕਰਨ ਵਾਲਿਆਂ ਨੇ ਲੋਕਾਂ ਦੀ ਸੰਖਿਆ 14 ਮੰਨੀ ਹੈ, ਇੰਨ੍ਹਾਂ ਵਿਚੋਂ ਸੱਤ ਉਰਧਵ ਲੋਕ ਅਤੇ ਸੱਤ ਅਪ੍ਰਲੋਕ ਹਨ, ਮਾਨਵ ਸਮੂਹ; ਪਰਜਾ; ਸਮੁਦਾਇ; ਪ੍ਰਾਂਤ, ਰੀਤੀ ਰਿਵਾਜ, ਲੋਕਾਚਾਰ ਆਮ ਲੋਕ ਵਿਵਹਾਰ; ਦ੍ਰਿਸ਼ਟੀ, ਨਜ਼ਰ, ਜਸ, ਸਨਮਾਨ, ਸੱਤ ਜਾ ਚੌਦਾਂ ਦੀ ਸੰਖਿਆ"[123]

ਭਾਈ ਕਾਨ੍ਹ ਸਿੰਘ ਨਾਭਾ ਰਚਿਤ *ਮਹਾਨ ਕੋਸ਼ ਅਨੁਸਾਰ*, "ਇਲਾਕਾ, ਖੇਤਰ, ਪ੍ਰਾਣੀ, ਸਮਾਜ, ਸਧਾਰਣ ਪ੍ਰਥਾ ਜਾਂ ਲੋਕ ਅਤੇ ਪਰਲੋਕ-ਲੋਕ, ਦੇਖਣਾ, ਪਰਲੋਕ, ਅਦ੍ਰਿਸ਼।"[124]

ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਪਰਲੋਕ ਦੇ ਅਰਥ ਇਸ ਪ੍ਰਕਾਰ ਕੀਤੇ ਹਨ, "ਪਰਾਏ ਲੋਕ ਜੋ ਆਪਣੇ ਨਹੀਂ ਸੰ. ਦੂਸਰਾ ਲੋਕ, ਉਹ ਅਸਥਾਨ ਜੋ ਸਰੀਰ ਛੱਡਣ ਪਿੱਛੋਂ ਪ੍ਰਾਪਤ ਹੋਣ ਵਾਲਾ ਹੈ, ਸਵਰਗ, ਬੈਕੁੰਠ, ਬਹਿਸ਼ੂ ਆਦਿ 3. ਜੋ ਸਭ ਲੋਕਾਂ ਤੋਂ ਪਰ੍ਹੇ ਹੈ"।[125]

---

[121] *ਯਜੁਰਵੇਦ* 36.12.

[122] आचार्य सत्यानन्द, *वैदिक नित्यकरम ऐवम पञ्चमहांयज्ञ विधि* पन्ना 28.

[123] ਸੰਪਾਦਕ ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼*, ਪੰਨਾ 763.

[124] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 803.

### 3.1.3.2 ਦੈਵੀ ਨਿਯਮਾਂ ਅਨੁਸਾਰ ਜੀਵਨ ਜਿਊਣ ਦੀ ਪ੍ਰਾਰਥਨਾ

अग्ने व्रतपते व्रतं चरिष्यामि तच्छकेयं तन्मे राध्यताम्।

इदमहमनृतात् सत्यमुपैमि।[126]

ਸੰਪਾਦਕ ਪ੍ਰੇਮ ਪ੍ਰਕਾਸ਼ ਸਿੰਘ ਰਚਿਤ ਸੰਸਕ੍ਰਿਤ ਪੰਜਾਬੀ ਕੋਸ਼ ਅਨੁਸਾਰ ਨਿਯਮ, "ਨਿਯਮ, ਵਿਧੀ, ਕਾਨੂੰਨ, ਅਸੂਲ, ਕਾਇਦਾ, ਵਿਧਾਨ, ਨਿਯਮਾਂ ਦੇ ਅਨੁਰੂਪ ਨਿਯੰਤਰਨ; ਦਬਾਉ, ਸ਼ਾਸਨ; ਬੱਝਿਆ ਹੋਇਆ ਕੰਮ, ਪ੍ਰਚਲਿਤ ਨਿਯਮ: ਪਰੰਪਰਾ, ਦਸਤੂਰ, ਰੀਤ, ਵਿਵਸਥਾ ਪੱਧਤੀ; ਸ਼ਰਤ, ਨਿਸ਼ਚਾ, ਪ੍ਰਤਿਗਿਆ ਵਰਤ, ਵਾਅਦਾ, ਜ਼ੁਬਾਨ, ਤਪੱਸਿਆ, ਭਗਤੀ, ਧਾਰਮਿਕ ਕੰਮ।"[127]

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ ਨਿਯਮ, "ਦਸਤੂਰ, ਕਾਇਦਾ, 2. ਪ੍ਰਤਿਗਯਾ, ਪ੍ਰਣ, 3. ਯੋਗ ਦਾ ਇਕ ਅੰਗ ਅਰਥਾਤ ਤਪ, ਸੰਤੋਖ, ਪਵਿਤਰਤਾ, ਵਿਦਿਆਭਯਾਸ, ਦਾਨ ਆਦਿ ਦਾ ਨਿਰੰਤਰ ਪਾਲਨ।"[128]

ਇਹ ਪ੍ਰਾਰਥਾਨਾਵਾਂ ਸਿੱਧ ਕਰਦੀਆਂ ਹਨ ਕਿ ਪੁਰਾਤਨ ਰਿਸ਼ੀ ਚਾਹੁੰਦੇ ਸਨ ਕਿ ਮਨੁੱਖ ਨਿਯਮਪੂਰਵਕ ਚੱਲਣ ਵਾਲਾ ਹੋਣਾ ਚਾਹੀਦਾ ਹੈ ਅਤੇ ਉਹ ਅਜਿਹੇ ਹੀ ਸਮਾਜ ਦੀ ਕਲਪਨਾ ਕਰਦੇ ਸਨ। "ਪ੍ਰਕਿਰਤੀ ਅਤੇ ਸਮਾਜ ਦੇ ਨਿਯਮਾਂ ਦੇ ਆਚਰਣ ਦਾ ਮਾਰਗ ਹੀ ਸਤਮਾਰਗ ਹੈ। ਉਸ ਨਾਲ ਹੀ ਕਲਿਆਣ ਹੁੰਦਾ ਹੈ। ਇੱਥੇ ਈਸ਼ਵਰ ਨੂੰ ਨਿਯਮਪਾਲਕ ਕਹਿਣ ਦਾ ਵਿਸ਼ੇਸ ਉਦੇਸ਼ ਇਹ ਹੈ ਕਿ ਉਸਦੇ ਮਾਧਿਅਮ ਤੋਂ ਪ੍ਰਕਿਰਤੀ ਦੇ ਨਿਯਮਾਂ ਵਿਚ ਨਾ ਤਾਂ ਕੋਈ ਬਾਧਕ ਹੋ ਸਕਦਾ ਹੈ ਅਤੇ ਨਾ ਹੀ ਕੋਈ ਉਨ੍ਹਾਂ ਵਿਚ ਕਮੀ ਕੱਢ ਸਕਦਾ ਹੈ। ਜਿਸ ਪ੍ਰਕਾਰ ਇਹ ਨਿਯਮ ਅਟੱਲ ਹੈ ਉਸ ਤਰ੍ਹਾਂ ਮਨੁੱਖ ਨੂੰ ਵੀ ਸੱਚ, ਦਾਨ ਆਦਿ ਨਿਯਮਾਂ ਤੇ ਅਟੱਲ ਰਹਿਣਾ ਚਾਹੀਦਾ ਹੈ। ਝੂਠ ਨੂੰ ਛੱਡ ਕੇ ਸੱਚ ਦਾ ਆਚਰਣ ਕਰਨਾ ਹੀ ਈਸ਼ਵਰ ਉਪਾਸਨਾ ਦੀ ਪਹਿਲੀ ਪੌੜੀ ਹੈ। ਇਹੀ ਯੱਗਮਈ ਜੀਵਨ ਦੀ ਦੀਖਿਆ ਹੈ। ਅਸਲ ਵਿਚ ਸੱਚ ਉਹੀ ਹੈ ਜਿਸ ਵਿਚ ਲੋਕ ਜੀਵਨ ਦੀ ਭਾਵਨਾ ਹੋਵੇ। ਸੱਚ ਉਹ ਹੈ ਜਿਸ ਵਿਚ ਉਹੀ ਕਿਹਾ ਜਾਵੇ ਅਤੇ ਕੀਤਾ ਜਾਵੇ ਜੋ ਮਨ ਵਿਚ ਹੋਵੇ ਅਤੇ ਉਹੀ ਮਨ ਵਿਚ ਹੋਵੇ ਜੋ ਪ੍ਰਗਟ ਰੂਪ ਵਿਚ ਕਿਹਾ ਜਾ ਕੀਤਾ ਜਾਵੇ।"[129]ਇਹ ਪ੍ਰਾਰਥਾਨਾਵਾਂ ਸਿੱਧ ਕਰਦੀਆਂ ਹਨ ਕਿ ਪੁਰਾਤਨ ਰਿਸ਼ੀ ਚਾਹੁੰਦੇ ਸਨ ਕਿ ਮਨੁੱਖ ਨਿਯਮਪੂਰਵਕ ਚੱਲਣ ਵਾਲਾ ਹੋਣਾ ਚਾਹੀਦਾ ਹੈ ਅਤੇ ਉਹ ਅਜਿਹੇ ਹੀ ਸਮਾਜ ਦੀ ਕਲਪਨਾ ਕਰਦੇ ਸਨ। ਜਦਕਿ ਆਧੁਨਿਕ ਮਨੁੱਖ ਜਾਂ ਸਮਾਜ ਆਪਣੇ ਧਰਮ ਗ੍ਰੰਥਾਂ ਦੀ ਸਿੱਖਿਆ ਨੂੰ ਛੱਡ ਕੇ ਪਾਸ਼ਵਿਕ ਬਿਰਤੀਆਂ ਦਾ ਗੁਲਾਮ ਹੋਇਆ ਫਿਰਦਾ ਹੈ। ਅਜਿਹੀਆਂ ਪ੍ਰਾਰਥਨਾਵਾਂ ਸਾਨੂੰ ਪਰਮਾਤਮਾ ਨਾਲ ਜੋੜਦੀਆਂ ਹਨ ਅਤੇ ਸਫਲ ਜੀਵਨ ਦਾ ਰਾਜ ਵੀ ਇਹਨਾਂ ਵਿਚ ਹੀ ਛੁਪਿਆ ਹੈ।

### 3.1.3.3 ਮਨ ਵਿਚ ਸ਼ੁਭ ਵਿਚਾਰ ਚੱਲਣ ਦੀ ਪ੍ਰਾਰਥਨਾ

यज्जाग्रतो दूरमूदैति दैवं तदु सुप्तस्य तथैवैति।

---

[125] ਉਹੀ, ਪੰਨਾ 749.

[126] *ਯਜੁਰਵੇਦ* 1.5.

[127] ਸੰਪਾਦਕ: ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼*, ਪੰਨਾ 379.

[128] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 710.

[129] डा. कृष्ण लाल, *वैदिक वन्दना*, पन्ना 69-70.

दूरङ्गमं ज्योतिषां ज्योतिरेकं तन्मे मन: शिवसङ्कल्पमस्तु।।[130]

ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਵਿਚਾਰ ਦੇ ਅਰਥ ਇਸ ਪ੍ਰਕਾਰ ਕੀਤੇ ਹਨ, "ਵਿਚਾਰ, ਵਿਵੇਕ, ਤਤ ਦਾ ਨਿਰਣਾ, ਅਸਲੀਅਤ ਜਾਣਨ ਦੀ ਕ੍ਰਿਆ"[131]

ਡਾ.ਪ੍ਰੇਮ ਪ੍ਰਕਾਸ਼ ਸਿੰਘ ਰਚਿਤ ਸੰਸਕ੍ਰਿਤ ਪੰਜਾਬੀ ਕੋਸ਼ ਅਨੁਸਾਰ, "ਵਿਚਾਰ,ਚਿੰਤਨ, ਸੋਚ, ਕਲਪਨਾ, ਮਨ ਵਿੱਚ ਉੱਠਣ ਵਾਲੀ ਗੱਲ,ਉਹ ਜੋ ਮਨ ਤੋਂ ਸੋਚਿਆ ਜਾਵੇ ਜਾਂ ਸੋਚ ਕੇ ਨਿਸ਼ਚਿਤ ਕੀਤਾ ਜਾਵੇ, ਭਾਵਨਾ, ਖਿਆਲ, ਪ੍ਰੀਖਿਆ, ਜਾਂਚ, ਪੜਤਾਲ, ਨਿਰਣਾ, ਵਿਵੇਚਨ,ਨਿਸ਼ਚਾ, ਫੈਸਲਾ, ਸੰਕਲਪ, ਚੋਣ, ਸੰਦੇਹ, ਸ਼ੱਕ, ਸਾਵਧਾਨੀ, ਚੌਕਸੀ"[132]

ਇਹਨਾਂ ਪ੍ਰਾਰਥਨਾਵਾਂ ਤੋਂ ਸਹਿਜੇ ਹੀ ਅੰਦਾਜ਼ਾ ਲੱਗਦਾ ਹੈ ਕਿ ਪੁਰਾਤਨ ਰਿਸ਼ੀ ਜਿੱਥੇ ਮਨ ਦੀ ਸ਼ਕਤੀ ਤੋਂ ਵਾਕਿਫ ਸਨ ਉਥੇ ਮਨ ਦਾ ਠੀਕ ਦਿਸ਼ਾ ਵਿਚ ਚੱਲਣ ਨੂੰ ਵੀ ਤਰਜੀਹ ਦਿੰਦੇ ਸਨ। ਮਨ ਦਾ ਠੀਕ ਰੂਪ ਵਿਚ ਚੱਲਣਾ ਜਿੱਥੇ ਉਸ ਇਨਸਾਨ ਦੇ ਭਲੇ ਵਿਚ ਹੈ। "ਇਸ ਸੰਸਾਰ ਵਿਚ ਮਨ ਬਹੁਤ ਵੱਡੀ ਸ਼ਕਤੀ ਹੈ। ਮਨ ਦੀ ਸ਼ਕਤੀ ਨਾਲ ਮਨੁੱਖ ਵੱਡੇ-ਵੱਡੇ ਅਸੰਭਵ ਕਾਰਜ ਕਰਨ ਵਿਚ ਵੀ ਸਮਰੱਥ ਹੋ ਜਾਂਦਾ ਹੈ। ਇਹ ਮਨ ਮਨੁੱਖ ਦੇ ਸੌਂ ਜਾਣ 'ਤੇ ਵੀ ਕਿਰਿਆਸ਼ੀਲ ਰਹਿੰਦਾ ਹੈ। ਮਨੁੱਖ ਸੌਂਦਾ ਹੈ ਤਾਂ ਵੀ ਮਨ ਵਿਚ ਸੰਜੋਏ ਹੋਏ ਵਿਚਾਰਾਂ ਦੇ ਕਾਰਣ ਮਨੁੱਖ ਸੁਪਨੇ ਦੇਖਦਾ ਹੈ। ਅਣਜਾਣੇ ਦੂਰ ਦੇ ਸਥਾਨਾਂ ਵਿਚ ਯਾਤਰਾਵਾਂ ਕਰਦਾ ਹੈ। ਮਨੋਵਿਸ਼ਲੇਸ਼ਕ ਦੱਸਦੇ ਹਨ ਕਿ ਜਾਣੇ-ਅਣਜਣੇ ਜੋ ਮਨੁੱਖ ਸੋਚਦਾ ਹੈ ਉਹ ਸੁਪਨ ਅਵਸਥਾ ਵਿਚ ਉਸਦੇ ਸਨਮੁਖ ਆਉਂਦਾ ਹੈ। ਇਸ ਲਈ ਇਸਨੂੰ ਬਹੁਤ ਵੱਡਾ ਪ੍ਰਕਾਸ਼ ਦੱਸਿਆ ਗਿਆ ਹੈ। ਵਿਭਿੰਨ ਗਿਆਨ ਵਿਗਿਆਨ ਸ਼ੁੱਧ ਮਨ ਵਿਚ ਹੀ ਪ੍ਰਕਾਸ਼ਿਤ ਹੁੰਦੇ ਹਨ। ਮਨੁੱਖੀ ਜੀਵਨ ਦੀ ਉੱਤਮਤਾ ਲਈ ਮਨ 'ਤੇ ਕੰਟਰੋਲ ਅਤੇ ਮਨ ਦੀ ਸ਼ੁੱਧੀ ਅਤਿਅੰਤ ਜ਼ਰੂਰੀ ਹੈ। ਇਸ ਲਈ ਇਸ ਮੰਤਰ ਵਿਚ ਪ੍ਰਾਰਥਨਾ ਕੀਤੀ ਗਈ ਹੈ ਕਿ ਮੇਰਾ ਮਨ ਸਦਾ ਸ਼ੁਭ ਵਿਚਾਰਾਂ ਵਾਲਾ ਹੋਵੇ। ਇਸ ਲਈ ਮਨ ਵਿਚ ਸਦਾ ਪਰਉਪਕਾਰ, ਦਇਆ, ਆਦਿ ਸ਼ੁਭ ਵਿਚਾਰ ਹੀ ਰਹਿਣ ਜਿਸ ਨਾਲ ਸਿਹਤਮੰਦ,ਸੁਖੀ ਅਤੇ ਪਰਸਪਰ ਸਹਿਯੋਗ ਵਾਲੇ ਸਮਾਜ ਦੀ ਰਚਨਾ ਹੋ ਸਕੇ।"[133] ਇਹਨਾਂ ਪ੍ਰਾਰਥਨਾਵਾਂ ਤੋਂ ਸਹਿਜੇ ਹੀ ਅੰਦਾਜ਼ਾ ਲੱਗਦਾ ਹੈ ਕਿ ਪੁਰਾਤਨ ਰਿਸ਼ੀ ਜਿੱਥੇ ਮਨ ਦੀ ਸ਼ਕਤੀ ਤੋਂ ਵਾਕਿਫ ਸਨ ਉਥੇ ਮਨ ਦਾ ਠੀਕ ਦਿਸ਼ਾ ਵਿਚ ਚੱਲਣ ਨੂੰ ਵੀ ਤਰਜੀਹ ਦਿੰਦੇ ਸਨ। ਮਨ ਦਾ ਠੀਕ ਰੂਪ ਵਿਚ ਚੱਲਣਾ ਜਿੱਥੇ ਉਸ ਇਨਸਾਨ ਦੇ ਭਲੇ ਵਿਚ ਹੈ। ਉੱਥੇ ਹੀ ਸਮਾਜ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਵੀ ਲਾਹੇਵੰਦ ਸਿੱਧ ਹੁੰਦਾ ਹੈ। ਪੁਰਾਤਨ ਗ੍ਰੰਥ ਅਤੇ ਰਿਸ਼ੀ ਧਰਮ ਗ੍ਰੰਥਾਂ ਵੱਲ ਚੱਲਣ ਦਾ ਹੀ ਉਪਦੇਸ਼ ਦਿੰਦੇ ਹਨ। ਜਿਸ ਨਾਲ ਵਿਅਕਤੀ ਦੇ ਸੁਭਾਅ ਅਤੇ ਕਾਰਜ ਆਪਣੇ ਆਪ ਹੀ ਉੱਤਮਤਾ ਵਾਲੇ ਹੁੰਦੇ ਹਨ।

### 3.1.3.4 ਵੇਦਾਂ ਦੀ ਰਾਸ਼ਟਰੀ ਪ੍ਰਾਰਥਨਾ

अ ब्रहान् ब्रहाणो ब्रहवर्चसी जायतामा रास्ट्रे राजन्य: शूर इषव्योतिव्याधी

महारथो जायताम्। दोग्ध्री धेनुर्वोडाज नड्वानाशु: सप्ति: पुरन्धिर्योषा जिष्णू रथेष्ठा:

[130] *ਯਜੁਰਵੇਦ* 34.1
[131] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 867.
[132] ਡਾ.ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼,* ਪੰਨਾ 829.
[133] डा. कृष्ण लाल, *वैदिक वन्दना,* पन्ना 85-86.

**सभेयो युवास्य यजमानस्य वीरो जायताम् निकामे निकामे न: पर्जन्यो वर्षतु। फलवत्यो न ओषधय।**

**पच्यन्ताम्र। : कलपताम्।।**[134]

ਸੰਪਾ: ਪ੍ਰੇਮ ਪ੍ਰਕਾਸ਼ ਸਿੰਘ ਰਚਿਤ ਸੰਸਕ੍ਰਿਤ ਪੰਜਾਬੀ ਕੋਸ਼ ਅਨੁਸਾਰ ਰਾਸ਼ਟਰਮ, "ਦੇਸ਼, ਰਾਜ, ਮੁਲਕ, ਪਰਜਾ, ਜਾਤੀ, ਜਨਤਾ, ਲੋਕ, ਕਿਸੇ ਵੀ ਤਰ੍ਹਾਂ ਦਾ ਮੁਲਕੀ ਜਾਂ ਦੇਸ਼ ਵਿਆਪੀ ਸੰਕਟ"।[135]
ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ ਰਾਸ਼ਟਰ, "ਦੇਸ਼, ਮੁਲਕ। 2. ਰਾਜਯ, ਰਿਆਸਤ, 3. ਮਹਾਰਾਸ਼ਟਰ ਦਾ ਸੰਖੇਪ"[136]

ਇਹ ਵੇਦਾਂ ਦੀ ਰਾਸ਼ਟ੍ਰੀ ਪ੍ਰਾਰਥਨਾ ਹੈ ਜਿਵੇਂ ਅੱਜ ਅਸੀਂ ਭਾਰਤ ਦੇਸ਼ ਦਾ ਰਾਸ਼ਟਰੀ ਗਾਣ ਬੋਲਦੇ ਹਾਂ ਜਾਂ ਹਰ ਇਕਦੇਸ਼ ਦਾ ਕੋਈ ਨਾ ਕੋਈ ਰਾਸ਼ਟਰੀ ਗੀਤ ਹੁੰਦਾ ਹੈ।ਉਸੇ ਤਰ੍ਹਾਂ ਵੇਦਾਂ ਦੇ ਸਮੇਂ ਇਸ ਭਾਵਪੂਰਤ ਪ੍ਰਾਰਥਨਾ ਨੂੰ ਗਾਇਆ ਜਾਂਦਾ ਸੀ।ਇਸ ਪ੍ਰਾਰਥਨਾ ਵਿਚ ਜੀਵਨ ਦੇ ਸਾਰੇ ਪੱਖਾਂ ਦਾ ਮਹੱਤਵ ਸਮਝ ਕੇ ਉਹਨਾਂ ਦੀ ਤੰਦਰੁਸਤੀ ਅਤੇ ਵਾਧੇ ਦੀ ਕਾਮਨਾ ਕੀਤੀ ਗਈ ਹੈ। ਸਾਰਿਆਂ ਤੋਂ ਪਹਿਲਾ ਬ੍ਰਾਹਮਣ ਦੇ ਬ੍ਰਹਮਤੇਜ ਦੀ ਪ੍ਰਾਰਥਨਾ ਹੈ ਕਿਉਂਕਿ ਅਧਿਐਨ ਅਧਿਆਪਨ ਕਰਨ ਵਾਲਾ ਵਿਅਕਤੀ ਹੀ ਵਿਚਾਰਕ ਹੁੰਦਾ ਹੈ। ਸਿਹਤਮੰਦ ਚਿੰਤਨ ਤੋਂ ਬਿਨਾਂ ਰਾਸ਼ਟਰ ਅਸਲ ਵਾਧੇ ਵੱਲ ਵਧ ਨਹੀਂ ਸਕਦਾ। ਰਾਸ਼ਟਰ ਵਿਚ ਕਿਸੇ ਪ੍ਰਕਾਰ ਦੀ ਸ਼ਕਤੀ ਦੀ ਕਲਪਨਾ, ਸਿਹਤਮੰਦ ਚਿੰਤਨ ਯੋਜਨਾਵਾਂ ਅਤੇ ਉਹਨਾਂ ਦੇ ਨਵੀਨ ਕਾਰਜਾਂ ਤੋਂ ਬਿਨਾਂ ਨਹੀਂ ਕੀਤੀ ਜਾ ਸਕਦੀ। ਬ੍ਰਾਹਮਣ ਅਤੇ ਰਾਜਾ ਜਾਤੀ ਵਿਸ਼ੇਸ਼ ਦੇ ਸੂਚਕ ਨਹੀਂ ਬਲਕਿ ਚਿੰਤਕ ਅਤੇ ਯੁੱਧ ਕੁੱਸ਼ਲ ਵੀਰਾਂ ਦੇ ਪ੍ਰਤੀਕ ਹਨ। ਰਾਸ਼ਟਰ ਵਿਚ ਗਾਂ, ਬੈਲ, ਘੋੜਾ ਆਦਿ ਪਾਲਤੂ ਪਸ਼ੂਆਂ ਦੀ ਸੁਰੱਖਿਆ ਵੀ ਜ਼ਰੂਰੀ ਹੈ। ਰਾਸ਼ਟਰ ਦੀਆਂ ਔਰਤਾਂ ਵੀ ਘੱਟ ਸਤਿਕਾਰਯੋਗ ਨਹੀਂ। ਉਹ ਖੁਸ਼ਹਾਲੀ ਲਈ ਬਰਾਬਰ ਰੂਪ ਵਿਚ ਸਹਾਇਕ ਹਨ। ਨੌਜਵਾਨਾਂ ਨੂੰ ਵੀ ਸੁਸਿਖਿਅਤ, ਸੱਭਿਆ ਅਤੇ ਸਭਾ ਦੇ ਨਿਯਮਾਂ ਤੋਂ ਜਾਣੂੰ ਹੋਣਾ ਚਾਹੀਦਾ ਹੈ। ਇੰਨ੍ਹਾਂ ਸਾਰਿਆਂ ਦੇ ਸੰਤੁਲਿਤ ਵਿਕਾਸ ਨਾਲ ਮਨੁੱਖ ਵਿਧਾਤਾ ਨੂੰ ਵੀ ਆਪਣੇ ਵੱਸ ਵਿਚ ਕਰ ਸਕਦਾ ਹੈ। ਈਸ਼ਵਰ ਉਸਦੇ ਕਿਸੇ ਵੀ ਕੰਮ ਵਿਚ ਰੋਕ ਨਹੀਂ ਪਾਉਂਦਾ। ਮਨੁੱਖ ਨੂੰ ਸੁਖ-ਸ਼ਾਂਤੀ ਪ੍ਰਾਪਤ ਕਰਨ ਲਈ ਨਿਸ਼ਚਾਪੂਰਵਕ ਚਿੰਤਨ ਅਤੇ ਸ਼ੁੱਭ ਕਾਰਜ ਕਰਕੇ ਆਪਣੇ ਆਪ ਨੂੰ ਉਸਦੇ ਯੋਗ ਬਨਾਉਣਾ ਚਾਹੀਦਾ ਹੈ।"[137]ਇਸ ਪ੍ਰਾਰਥਨਾ ਵਿੱਚ ਕਿਸੇ ਦੇਸ਼ ਲਈ ਜੋ ਜ਼ਰੂਰੀ ਮੁਖ ਲੋੜਾਂ ਹੁੰਦੀਆਂ ਹਨ ਉਨ੍ਹਾਂ ਦੀ ਮੰਗ ਰੱਖੀ ਗਈ ਹੈ, ਜਿਵੇਂ ਸਿਆਣੇ ਬ੍ਰਾਹਮਣ ਭਾਵ ਧਾਰਮਿਕ ਵਿਅਕਤੀ ਕਿਉਂਕਿ ਇਹ ਵਿਅਕਤੀ ਹੀ ਸਮਾਜ ਦੇ ਸੁਚੱਜੇ ਨਿਰਮਾਣ ਵਿਚ ਮੀਲ ਪੱਥਰ ਸਾਬਤ ਹੋ ਸਕਦੇ ਹਨ। ਇਹਨਾਂ ਤੋਂ ਬਾਅਦ ਰਾਜੇ ਦੀ ਵੀਰਤਾ ਦੀ ਭਾਵਨਾ ਰਾਸ਼ਟਰ ਨੂੰ ਬਚਾਉਂਦੀ ਹੈ। ਦੇਸ਼ ਲਈ ਚੰਗੇ ਜਾਨਵਰ, ਫਸਲਾਂ, ਔਰਤਾਂ ਦੀ ਮੰਗ ਕੀਤੀ ਗਈ ਹੈ। ਨੌਜਵਾਨ ਕੁਸ਼ਲ, ਮਿਹਨਤੀ ਹੋਣੇ ਚਾਹੀਦੇ ਹਨ ਤਾਂ ਜੋ ਰਾਸ਼ਟਰ ਦਾ ਭਵਿੱਖ ਰੌਸ਼ਨ ਹੋਵੇ।

### 3.1.3.5 ਭੋਜਨ ਕਰਨ ਵੇਲੇ ਦੀ ਪ੍ਰਾਰਥਨਾ

---

[134] *ਯਜੁਰਵੇਦ* 22.22

[135] ਸੰਪਾ: ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼*, ਪੰਨਾ 734.

[136] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 1052.

[137]डा. कृष्ण लाल, *वैदिक वन्दना*, पन्ना 89-90.

ओम् अन्नपते न्नस्य नो देह्ययनमीवस्य शुष्मिण:।

प्र प्रदातार तारिष ऊर्ज्जं नो धेहि द्विपदे चतुष्पदे।।[138]

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ ਭੋਜਨ, "ਖਾਣ ਯੋਗ ਪਦਾਰਥ, ਭੋਗਣਾ, ਖਾਣਾ"[139]

ਡਾ.ਪ੍ਰੇਮ ਪ੍ਰਕਾਸ਼ ਸਿੰਘ ਰਚਿਤ ਸੰਸਕ੍ਰਿਤ ਪੰਜਾਬੀ ਕੋਸ਼ ਅਨੁਸਾਰ, "ਰੋਟੀ ਮੂੰਹ ਵਿੱਚ ਰੱਖ ਕੇ ਖਾਣਾ, ਕੋਈ ਉਪਭੋਗੀ ਵਸਤੂ, ਧਨ, ਦੌਲਤ, ਜਾਇਦਾਦ"[140]

ਇਹ ਮੰਤਰ ਭੋਜਨ ਕਰਨ ਵੇਲੇ ਉਚਾਰਣ ਕਰਦੇ ਹਨ। ਇਸ ਦਾ ਉਚਾਰਣ ਇਸ ਲਈ ਕੀਤਾ ਜਾਂਦਾ ਹੈ ਕਿ ਭੋਜਨ ਕਰਨ ਵੇਲੇ ਪ੍ਰਭੂ ਨੂੰ ਯਾਦ ਕਰਕੇ ਸ਼ੁਕਰਾਨਾ ਕੀਤਾ ਜਾਂਦਾ ਹੈ। ਖਾਣਾ ਉਸਨੂੰ ਬਲ ਪ੍ਰਦਾਨ ਕਰੇ ਅਤੇ ਖਾਣੇ ਨੂੰ ਵੰਡ ਕੇ ਛਕਣ ਦੀ ਭਾਵਨਾ ਮਨ ਵਿਚ ਆਵੇ । ਹਰ ਰੋਜ਼ ਇਹਨਾਂ ਮੰਤਰਾਂ ਦੇ ਉਚਾਰਣ ਨਾਲ ਚੰਗੇ ਸੰਸਕਾਰ ਬਣਦੇ ਹਨ।"ਹੇ ਅੰਨ ਪ੍ਰਦਾਨ ਕਰਨ ਵਾਲੇ ਸੁਆਮੀ ਪਰਮਾਤਮਾ ਸਾਨੂੰ ਰੋਗਰਹਿਤ ਅਤੇ ਬਲ ਦੇਣ ਵਾਲੇ ਭੋਜਨ ਦਿਉ। ਅੰਨ ਦਾ ਦਾਨ ਕਰਨ ਵਾਲੇ ਨੂੰ ਆਪਣੀ ਕ੍ਰਿਪਾ ਨਾਲ ਉੱਨਤ ਅਤੇ ਸਮੱਰਥ ਬਣਾਉ ਸਾਡੇ ਪਰਿਵਾਰ ਜਨਾਂ ਲਈ ਅਤੇ ਸਾਡੇ ਪਸ਼ੂਆਂ ਲਈ ਅੰਨ ਬਲ ਪ੍ਰਦਾਨ ਕਰੋ।"[141] ਵੇਦਾਂ ਵਿਚ ਮਨੁੱਖ ਵੱਲੋਂ ਕੀਤੇ ਜਾਣ ਵਾਲੇ ਹਰ ਕਾਰਜ ਦੀ ਪ੍ਰਾਰਥਨਾ ਦੇਖਣ ਨੂੰ ਮਿਲਦੀ ਹੈ। ਭਾਵ ਜਿਹੜੇ ਵੀ ਕਰਮ ਨਾਲ ਜੁੜਿਆ ਕੋਈ ਕੁਦਰਤੀ ਸ੍ਰੋਤ ਹੁੰਦਾ ਹੈ ਉਸਨੂੰ ਦੇਵਤਾ ਸਰੂਪ ਮੰਨ ਕੇ ਉਸ ਅੱਗੇ ਅਰਦਾਸ ਦਾ ਵਿਧਾਨ ਹਿੰਦੂ ਧਰਮ ਵਿਚ ਹਰ ਥਾਂ ਵੇਖਣ ਨੂੰ ਮਿਲਦਾ ਹੈ।

### 3.1.3.6 ਔਗੁਣਾਂ ਨੂੰ ਛੱਡ ਗੁਣਾਂ ਨੂੰ ਧਾਰਨ ਕਰਨ ਦੀ ਪ੍ਰਾਰਥਨਾ

विश्वानि देव सवितर्दुरितानि परासुव। यद्भद्रं तन्न आ सुव।।[142]

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ ਔਗੁਣ ਦੇ ਅਰਥ "ਗੁਣ ਦੇ ਵਿਰੁੱਧ" ਕੀਤੇ ਹਨ।[143]

ਡਾ. ਪ੍ਰੇਮ ਪ੍ਰਕਾਸ਼ ਸਿੰਘ ਰਚਿਤ ਸੰਸਕ੍ਰਿਤ ਪੰਜਾਬੀ ਕੋਸ਼ ਅਨੁਸਾਰ, "ਔਗੁਣ, ਦੋਸ਼, ਅਪਰਾਧ, ਗਲਤੀ, ਬੁਰਿਆਈ, ਐਬ।"[144]

ਇਹ ਸਾਰੇ ਮੰਤਰ ਪਰਮਾਤਮਾ ਜਾਂ ਕਿਸੇ ਦੇਵਤੇ ਅੱਗੇ ਕੁਝ ਨਾ ਕੁਝ ਪ੍ਰਾਪਤ ਕਰਨ ਦੀਆਂ ਪ੍ਰਾਰਥਨਾਵਾਂ ਹੀ ਹਨ ਪਰੰਤੂ ਉਸ ਪਰਮ ਸ਼ਕਤੀ ਤੋਂ ਹਰ ਇਕ ਚੀਜ਼ ਪ੍ਰਾਰਥਨਾ ਦੇ ਜ਼ਰੀਏ ਮੰਗਣੀ ਪੁਰਾਤਨ ਲੋਕਾਂ ਦੀ ਵਡਮੁੱਲੀ ਗੱਲ ਸੀ। ਅਜਿਹਾ ਜੀਵਨ ਜਿਸ ਵਿਚ ਕਿਸੇ ਵੱਡੀ ਸ਼ਕਤੀ ਦਾ ਆਸਰਾ ਲੈ ਕੇ ਹਰ ਇਕ ਕਾਰਜ ਕੀਤਾ ਜਾਵੇ ਤਾਂ ਉਸ ਜੀਵਨ ਦਾ ਅਨੰਦ ਵੱਖਰੀ ਪ੍ਰਕਾਰ ਦਾ ਹੁੰਦਾ ਹੈ। "ਹੇ ਦੈਵੀ ਗੁਣ ਨਾਲ ਭਰਪੂਰ ਅਨੰਦ ਦੇਣ ਵਾਲੇ ਸਾਰੇ ਜਗਤ ਦੇ ਉਤਪਤੀਕਰਤਾ ਅਤੇ ਪ੍ਰਮੁੱਖ ਐਸ਼ਵਰਯ ਯੁਕਤ

[138] *ਯਜੁਰਵੇਦ* 11.83
[139] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 925.
[140] ਸੰਪਾ. ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼,* ਪੰਨਾ 626.
[141] डा. कृष्ण लाल, *वैदिक वन्दना,* पन्ना 90-91.
[142] ਯਜੁਰਵੇਦ, 30.3.
[143] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 24.
[144] ਸੰਪਾ. ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼,* ਪੰਨਾ 24.

ਪਰਮੇਸ਼ਵਰ! ਤੁਸੀਂ ਸਾਡੇ ਸੰਪੂਰਨ ਔਗੁਣਾਂ ਅਤੇ ਦੁੱਖਾਂ ਨੂੰ ਦੂਰ ਕਰ ਦਿਉ ਅਤੇ ਜੋ ਕਲਿਆਣਕਾਰੀ ਕਰਮ ਹਨ, ਉਹਨਾਂ ਨੂੰ ਸਾਨੂੰ ਪ੍ਰਾਪਤ ਕਰਵਾਉ।"[145] ਆਧੁਨਿਕ ਮਨੁੱਖ ਆਪ ਹੁਦਰੀ ਜ਼ਿੰਦਗੀ ਜਿਉਂ ਰਿਹਾ ਹੈ, ਜਿਸ ਵਿੱਚ ਉਸ ਨੂੰ ਕਈ ਤਰ੍ਹਾਂ ਦੇ ਸਰੀਰਿਕ ਅਤੇ ਮਾਨਸਿਕ ਦੁਖਾਂ ਨੇ ਘੇਰਿਆ ਹੋਇਆ ਹੈ। ਕਿਉਂਕਿ ਉਹ ਦੈਵੀ ਸ਼ਕਤੀ ਦੀ ਹੋਂਦ ਤੋਂ ਹੀ ਮਨੁਕਰ ਹੈ। ਜਦਕਿ ਪੁਰਾਤਨ ਰਿਸ਼ੀ ਮੁਨੀਆਂ ਦੇ ਕੁਦਰਤ ਪ੍ਰਤੀ ਇਸ ਤਰ੍ਹਾਂ ਦੇ ਅਕੀਦੇ ਅੱਗੇ ਆਪਣੇ ਆਪ ਹੀ ਸਿਰ ਝੁਕਦਾ ਹੈ।

### 3.1.3.7 ਦੇਸ਼ ਦੀ ਖੁਸ਼ਹਾਲੀ ਲਈ ਪ੍ਰਾਰਥਨਾ

ਆ ਬ੍ਰਹ੍ਮਨ੍ ਬ੍ਰਾਹ੍ਮਣੋ ਬ੍ਰਹ੍ਮਵਰ੍ਚਸੀ ਜਾਯਤਾਮਾ ਰਾਸ਼੍ਟ੍ਰੇ ਰਾਜਨ੍ਯ:
ਸ਼ੁਰ ਇਸ਼ਵ੍ਯੋਤਿਵ੍ਯਾਧੀ ਮਹਾਰਥੋ ਜਾਯਤਾਮ੍। ਦੋਗ੍ਧ੍ਰੀਰ੍ਧੇਨੁਰ੍ਵੋਢਾਨ-ਡ੍ਵਾਨਾਸ਼ੁ: ਸਪ੍ਰਿਤਿ:
ਪੁਰੰਧਿਰ੍ਯੋਸ਼ਾ ਜਿਸ਼੍ਣੂ ਰਥੇਸ਼੍ਠਾ: ਸਭੇਯੋ ਯੁਵਾਸ੍ਯ ਯਜਮਾਨਸਯ ਵੀਰੋ ਜਾਯਤਾਮ੍॥[146]

ਉਸ ਸਮੇਂ ਦੇ ਵੱਡੇ ਯੱਗ ਅਸ਼ਵਮੇਧ ਦੀ ਸਮਾਪਤੀ ਸਮੇਂ ਅੰਤ ਵਿਚ ਪੁਰੋਹਿਤ ਰਾਜੇ ਨੂੰ ਉਪਰੋਕਤ ਅਸ਼ੀਰਵਾਦ ਦਿੰਦਾ ਸੀ ਇਸਨੂੰ ਉਸ ਸਮੇਂ ਦਾ ਰਾਸ਼ਟਰੀ ਗੀਤ ਵੀ ਕਿਹਾ ਜਾ ਸਕਦਾ ਹੈ। "ਸੱਚੇ ਸੁੱਚੇ ਗਿਆਨ 'ਚ ਮੰਨਿਆ ਪ੍ਰਮੰਨਿਆ ਸਰਬੋਤਮ ਬ੍ਰਾਹਮਣ ਸਾਡੇ ਰਾਸ਼ਟਰ 'ਚ ਜਨਮ ਲਵੇ। ਸਾਡੇ ਰਾਸ਼ਟਰ ਵਿਚ ਦਲੇਰ, ਤੀਰਅੰਦਾਜ਼ੀ 'ਚ ਮਾਹਿਰ, ਮਹਾਨ ਯੋਧੇ, ਖੱਤਰੀ ਦਾ ਜਨਮ ਹੋਵੇ। ਸਾਰਾ ਰਾਸ਼ਟਰ ਵਧੇਰੇ ਦੁੱਧ ਦੇਣ ਵਾਲੀਆਂ ਗਾਵਾਂ ਨਾਲ ਭਰਿਆ ਰਹੇ। ਹਵਾ ਨਾਲ ਗੱਲਾਂ ਕਰਨ ਵਾਲੇ ਤੇਜ਼ ਘੋੜੇ ਸਾਡੇ ਰਾਸ਼ਟਰ ਦਾ ਸ਼ਿੰਗਾਰ ਹੋਣ। ਰੱਥ ਤੇ ਵਿਰਾਜਮਾਨ ਜੇਤੂ, ਦਲੇਰ, ਸਪੂਤ ਪੈਦਾ ਹੋਣ ਅਤੇ ਬਲੀਦਾਨੀਆ ਦੀ ਸਭਾ 'ਚ ਬੈਠਣ ਦੇ ਯੋਗ ਸਮਰੱਥ ਹੋਣ।"[147] ਇਹ ਪ੍ਰਾਰਥਨਾ ਅਸਲ ਵਿਚ ਰਾਸ਼ਟਰੀ ਗੀਤ ਹੈ, ਕਿਉਂਕਿ ਇਸ ਵਿਚ ਰਾਸ਼ਟਰ ਦੇ ਮਹੱਤਵਪੂਰਨ ਪੱਖਾਂ ਦੀ ਖੁਸ਼ਹਾਲੀ ਦੀ ਪ੍ਰਾਰਥਨਾ ਹੈ। ਅਜਿਹੇ ਗੁਣਾਂ ਭਰਪੂਰ ਰਾਸ਼ਟਰ ਵਿਚ ਦੇਵਤਿਆ ਦਾ ਵਾਸ ਹੋਣ ਮੰਨਿਆ ਜਾਂਦਾ ਹੈ ਅਤੇ ਚਾਰੇ ਪਾਸੇ ਖੁਸ਼ੀਆ ਅਤੇ ਖੇੜੇ ਹੁੰਦੇ ਹਨ।

### 3.1.3.8 ਵਰਤ ਦੀ ਸੰਪਰੂਨਤਾ ਲਈ ਪ੍ਰਾਰਥਨਾ

ਵਤਪਤੇ ਵ੍ਰਰੇ ਚਰਿਸ਼ਯਾਮਿ ਤਚਵਕੇਯੰ ਤਨਮੇ ਰਾਧਯਤਾਮ੍।[148]

ਡਾ.ਪ੍ਰੇਮ ਪ੍ਰਕਾਸ਼ ਸਿੰਘ ਰਚਿਤ ਸੰਸਕ੍ਰਿਤ ਪੰਜਾਬੀ ਕੋਸ਼ ਅਨੁਸਾਰ ਵਰਤ, "ਕਿਸੇ ਗੱਲ ਦਾ ਪੱਕਾ ਸੰਕਲਪ, ਪ੍ਰਣ, ਪ੍ਰਤ੍ਰਿਗਿਆ, ਵਾਇਦਾ; ਅਰਾਧਨਾ, ਪੂਜਾ, ਭਗਤੀ, ਪੁੰਨ ਕਮਾਉਣ ਦਾ ਸਾਧਨ, ਉਪਵਾਸ ਆਦਿ[149]

ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਰਚਿਤ ਮਹਾਨ ਕੋਸ਼ ਵਿਚ ਵਰਤ ਦੇ ਅਰਥ ਇੰਝ ਕੀਤੇ ਹਨ, "ਸੰਗਯਾ-ਨੇਮ (ਨਿਯਮ), ਪ੍ਰਤਿਗਯਾ, ਪ੍ਰਣ 2. ਆਗਿਆ, ਹੁਕਮ 3. ਧਰਮ ਦੀ ਰੀਤਿ 4. ਉਪਵਾਸ, ਭੋਜਨ ਦਾ ਖਾਸ ਸਮੇਂ ਲਈ ਤਿਆਗ, ਇਸ ਦਾ ਨਾਮ ਵ੍ਰਤ ਇਸ ਲਈ ਹੋ ਗਿਆ ਹੈ ਕਿ ਵ੍ਰਤੀ ਪ੍ਰਣ ਕਰਦਾ ਹੈ ਕਿ ਮੈਂ ਇਤਨੇ ਸਮੇਂ ਲਈ ਇਹ ਚੀਜ਼ ਅੰਗੀਕਾਰ ਨਹੀਂ ਕਰਾਂਗਾ।

---

145 आचार्य सत्यानन्द, *वैदिक नित्यकरम एवं पञ्चमहायज्ञ विधि,* पन्ना 45.
146 *ਯਜੁਰਵੇਦ* 22.22.
147 ਪ੍ਰੋ. ਬ੍ਰਜਬਿਹਾਰੀ ਚੌਬੇ, ਅਨੁਵਾਦ ਡਾ. ਦਰਸ਼ਨ ਸਿੰਘ ਨਿਰਵੈਰ
148 *ਯੁਜਰਵੇਦ* .1.5.
149 ਡਾ.ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼,* ਪੰਨਾ 919.

"ਹਿੰਦੂ ਦੇ ਵ੍ਰਤਾਂ ਦੀ ਗਿਣਤੀ ਕੋਈ ਨਹੀਂ ਕਰ ਸਕਦਾ, ਕੋਈ ਤਿਥੀ ਅਰ ਮਹੀਨਾ ਐਸਾ ਨਹੀਂ; ਜਿਸ ਵਿੱਚ ਕਿਸੇ ਨਾ ਕਿਸੇ ਪ੍ਰਕਾਰ ਦਾ ਵਤ੍ਰ ਨਾ ਵਿਧਾਨ ਹੋਵੇ, ਬਹੁਤ ਪ੍ਰਸਿੱਧ ਏਕਾਦਸ਼ੀ ਆਦਿਕ ਵ੍ਰਤ ਹਨ, ਹੋਰ ਮੱਤਾ ਵਿੱਚ ਵੀ ਵ੍ਰਤ ਦੀ ਮਹਿਮਾ ਪਾਈ ਜਾਂਦੀ ਹੈ, ਬਾਈਬਲ ਆਰ ਕੁਰਾਨ ਵਿੱਚ ਭੀ ਅਨੇਕ ਪ੍ਰਕਾਰ ਦੇ ਵ੍ਰਤ ਹਨ ਪਰ ਬਹੁਤ ਕਰਕੇ ਯਹੂਦੀਆਂ ਦੇ 40 ਅਤੇ ਮੁਸਲਮਾਨਾਂ ਦੇ 30 ਰੋਜ਼ੇ ਹੀ ਪ੍ਰਧਾਨ ਵ੍ਰਤ ਹਨ, ਇੰਨ੍ਹਾਂ ਵ੍ਰਤਾ ਵਿਚ ਦਿਨ ਭਰ ਅੰਨ ਜਲ ਦਾ ਤਿਆਗ ਹੁੰਦਾ ਹੈ ਅਰ ਰਾਤ੍ਰੀ ਨੂੰ ਭੋਜਨ ਕੀਤਾ ਜਾਂਦਾ ਹੈ।"[150]

ਉਸ ਸਮੇਂ ਦੇ ਰਿਸ਼ੀ ਜੇ ਵਰਤ ਵੀ ਰੱਖਦੇ ਹਨ ਤਾਂ ਉਸਨੂੰ ਪੂਰਾ ਕਰਨ ਲਈ ਵੀ ਦੇਵਤਿਆਂ ਅੱਗੇ ਅਰਜੋਈ ਕਰਦੇ ਸਨ। "ਅਗਨੀਦੇਵ। ਵਰਤਾਂ ਦੇ ਸੁਆਮੀ ਮੈਂ ਵਰਤ ਦੀ ਪਾਲਣਾ ਕਰੂੰਗਾ। ਮੈਨੂੰ ਤੌਫੀਕ ਦੇ ਤਾਂਕਿ ਮੈਂ ਧਾਰੇ ਹੋਏ ਵਰਤ ਨੂੰ ਸਹੀ ਤਰ੍ਹਾਂ ਨੇਪਰੇ ਚਾੜ ਸਕਾਂ।"[151]

ਪੁਰਾਤਨ ਰਿਸ਼ੀ ਕੋਈ ਵੀ ਕਾਰਜ ਆਪਣੇ ਦੁਆਰਾ ਕੀਤਾ ਨਹੀਂ ਮੰਨਦੇ ਸਨ ਸਗੋਂ ਪਰਮਾਤਮਾ ਦੁਆਰਾ ਕੀਤਾ ਗਿਆ ਮੰਨਦੇ ਸਨ। ਜਿਹਾ ਕਿ ਅੱਜਕਲ ਅਸੀਂ ਕਰਦੇ ਹਾਂ। ਇਸੇ ਮੈਂ ਕਰਕੇ ਹੀ ਆਧੁਨਿਕ ਸਮਾਜ ਹੰਕਾਰਗ੍ਰਸਤ ਹੋ ਕੇ ਗਰਕ ਰਿਹਾ ਹੈ। ਪੁਰਾਣੇ ਲੋਕ ਹਰ ਇਕ ਗੱਲ ਪਰਮਾਤਮਾ ਦੁਆਰਾ ਕੀਤੀ ਜਾਂਦੀ ਮੰਨਦੇ ਸਨ।

### 3.1.3.9 ਸਰੀਰਿਕ ਤੰਦਰੁਸਤੀ ਲਈ ਪ੍ਰਾਰਥਨਾ

ਜਿੱਥੇ ਪ੍ਰਾਰਥਨਾ ਦਾ ਸਬੰਧ ਆਤਮਾ ਨਾਲ ਮੰਨਿਆ ਗਿਆ ਹੈ ਉੱਥੇ ਨਾਲ ਹੀ ਸਰੀਰ ਦੀ ਤੰਦਰੁਸਤੀ ਲਈ ਵੀ ਪ੍ਰਭੂ ਦੀ ਆਰਧਨਾ ਜਰੂਰੀ ਮੰਨੀ ਗਈ ਹੈ। ਇਸ ਲਈ ਵੈਦਿਕ ਰਿਸ਼ੀ ਸਰੀਰਿਕ ਤੰਦਰੁਸਤ ਦੀ ਕਾਮਨਾ ਹਿਤ ਪ੍ਰਾਰਥਨਾ ਕਰਦੇ ਸਨ।

**तनूया अग्ने सि तन्वं से पाहि। आयुर्दा अग्ने ड स्यापुर्मो देहि।**

**वर्चादा अग्नÝसि वची मे देहि। अग्ने यन्मे तन्वा ऊनं तन्म आपृण।**[152]

ਯਜੁਰਵੇਦ ਵਿਚ ਸਰੀਰ ਦੀ ਤੰਦਰੁਸਤੀ ਲਈ ਇਹ ਅਰਦਾਸ ਕੀਤੀ ਹੋਈ ਮਿਲਦੀ ਹੈ। ਜਿਵੇਂ ਇਸ ਸਲੋਕ ਦੀ ਵਿਆਖਿਆ ਅਨੁਸਾਰ "ਜੀਵਨ ਵਿਚ ਸਫਲ ਹੋਣ ਲਈ ਗਿਆਨ ਕਰਮ ਆਦਿ ਸਾਰੇ ਗੁਣਾਂ ਦੀ ਲੋੜ ਹੈ। ਪਰੰਤੂ ਇਹਨਾਂ ਸਾਰਿਆਂ ਦਾ ਮੂਲ ਸਰੀਰ ਹੈ। ਮਨੁੱਖ ਉਦੋਂ ਤੱਕ ਕੋਈ ਕਾਰਜ ਨਹੀਂ ਕਰ ਸਕਦਾ ਜਦੋਂ ਤੱਕ ਸਰੀਰ ਤੰਦਰੁਸਤ ਨਾ ਹੋਵੇ। ਇੱਥੋਂ ਤੱਕ ਕਿ ਤੰਦਰੁਸਤ ਸਰੀਰ ਵਿਚ ਹੀ ਤੰਦਰੁਸਤ ਵਿਚਾਰ ਪੈਦਾ ਹੋ ਸਕਦੇ ਹਨ। ਇਸ ਲਈ ਯਜੁਰਵੇਦ ਦਾ ਇਹ ਮੰਤਰ ਵੀ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਹੇ ਈਸ਼ਵਰ ਸਾਨੂੰ ਸਾਡਾ ਸਰੀਰ ਅਤੇ ਬੁੱਧੀ ਤੰਦਰੁਸਤ ਰੱਖਣ ਦੀ ਸ਼ਕਤੀ ਦੇ। ਸਾਨੂੰ ਲੰਬੀ ਉਮਰ ਅਤੇ ਬਲ ਦੇ ਤਾਂ ਕਿ ਸਾਰੇ ਕਾਰਜ ਚੰਗੇ ਢੰਗਾਂ ਨਾਲ ਅਤੇ ਜ਼ਿਆਦਾ ਸਮੇਂ ਤੱਕ ਕਰ ਸਕੀਏ। ਸਾਡੇ ਸਰੀਰ ਵਿਚ ਕਿਸੇ ਤਰ੍ਹਾਂ ਦੀ ਕਮੀਂ ਨਾ ਹੋਵੇ। ਸਰੀਰ ਵੱਲੋਂ ਨਿਸ਼ਚਿੰਤ ਹੋ ਕੇ ਅਸੀਂ ਜ਼ਿਆਦਾ ਗਿਆਨ

---

[150] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 1113.
[151] ਪ੍ਰੋ. ਬ੍ਰਜਬਿਹਾਰੀ ਚੌਬੇ, ਅਨੁਵਾਦ ਡਾ. ਦਰਸ਼ਨ ਸਿੰਘ ਨਿਰਵੈਰ, *ਵੈਦਿਕ ਸੰਕਲਪ*, ਪੰਨਾ 95.
[152] *ਯਜੁਰਵੇਦ* 3.18

ਪ੍ਰਾਪਤ ਕਰੀਏ ਅਤੇ ਭਲਾਈ ਦੇ ਕਾਰਜ ਕਰ ਸਕੀਏ। ਸਾਡੇ ਲਈ ਸਿਹਤ ਅਤਿ ਜ਼ਰੂਰੀ ਹੈ। ਸਿਹਤ ਠੀਕ ਨਹੀਂ ਤਾਂ ਇੱਛਾ ਦੇ ਹੋਣ ਨਾਲ ਵੀ ਅਸੀਂ ਸੁਚਾਰੂ ਕਾਰਜ ਕਰਨ ਵਿਚ ਸਫਲ ਨਹੀਂ ਹੋ ਸਕਦੇ।"[153]

---

[153] डा. कृष्ण लाल, *वैदिक वन्दना*, पन्ना 14.

## 3.1.4 ਅਥਰਵਵੇਦ ਦੀਆਂ ਪ੍ਰਮੁੱਖ ਪ੍ਰਾਰਥਨਾਵਾਂ :

ਅਥਰਵਵੇਦ ਵੇਦਾਂ ਦੀ ਲੜੀ ਵਿਚ ਚੌਥਾ ਵੇਦ ਹੈ। ਮੰਨਿਆ ਜਾਂਦਾ ਹੈ ਕਿ ਪਹਿਲਾ ਤਿੰਨ ਵੇਦ ਹੀ ਹੁੰਦੇ ਸਨ। ਇਸ ਵੇਦ ਨੂੰ ਬਾਅਦ ਵਿਚ ਸ਼ਾਮਿਲ ਇਸ ਵੇਦ ਵਿਚ ਜਾਦੂ-ਟੂਣੇ ਅਤੇ ਆਮ ਲੋਕ ਜੀਵਨ ਦੇ ਵਿਸ਼ਵਾਸ਼ ਦਰਜ ਹਨ। "ਪਹਿਲੇ ਤਿੰਨ ਵੇਦਾਂ ਦੇ ਸਮੂਹ ਨੂੰ ਵੇਦ ਤ੍ਰਈ ਕਿਹਾ ਜਾਂਦਾ ਹੈ ਅਤੇ ਇਸ ਵੇਦ ਨੂੰ ਪਹਿਲੇ ਵੇਦਾਂ ਵਾਲੇ ਸਮੂਹ ਵਿਚ ਸਥਾਨ ਹਾਸਲ ਨਹੀਂ ਹੋਇਆ। ਪਰ ਫਿਰ ਇਸ ਵੇਦ ਦੀ ਰਚਨਾ ਤੇ ਸ਼ੰਕਾ ਨਹੀਂ ਕੀਤੀ ਜਾ ਸਕਦੀ ਕਿਉਂਕਿ ਇਸ ਵੇਦ ਦੇ ਮੰਤਰਾਂ ਦਾ ਕਰਨ ਵਾਲਾ ਰਿਸ਼ੀ ਵੀ ਉਹੀ ਹੈ ਜਿਸਨੇ ਪਹਿਲੇ ਤਿੰਨ ਵੇਦਾਂ ਦੇ ਮੰਤਰਾਂ ਨੂੰ ਸੰਕਲਿਤ ਕੀਤਾ ਹੈ। ਇਸ ਤਰ੍ਹਾਂ ਚਾਰ ਵੇਦਾਂ ਦਾ ਸੰਕਲਨ ਕਰਤਾ ਕੇਵਲ ਇਕ ਹੀ ਰਿਸ਼ੀ ਦਵੈਪਾਯਨ ਨੂੰ ਮੰਨਿਆ ਜਾਂਦਾ ਹੈ ਜਿਸ ਨੇ ਵੇਦ ਮੰਤਰਾਂ ਨੂੰ ਵੱਖ-ਵੱਖ ਕਰ ਕੇ ਚਾਰ ਵੇਦਾਂ ਦੇ ਰੂਪ ਵਿਚ ਇਹਨਾਂ ਦਾ ਵਰਗੀ ਕਰਨ ਕੀਤਾ ਹੈ, ਏਸੇ ਕਰ ਕੇ ਇਸ ਰਿਸ਼ੀ ਨੂੰ ਵੇਦਾਂ ਦਾ ਵਿਸਤਾਰ ਕਰਨ ਵਾਲਾ ਜਾਂ ਵੇਦ ਵਿਆਸ ਮੰਨਿਆ ਜਾਂਦਾ ਹੈ। ਅਥਰਵਵੇਦ ਵੇਦਾਂ ਦੀ ਲੜੀ ਵਿਚ ਸਭ ਤੋਂ ਬਾਅਦ ਵਿੱਚ ਸ਼ਾਮਲ ਹੋਇਆ ਹੈ ਪਰ ਇਸ ਨੂੰ ਪਹਿਲੇ ਤਿੰਨ ਵੇਦਾਂ ਤੋਂ ਘਟਾ ਕੇ ਨਹੀਂ ਦੇਖਿਆ ਜਾ ਸਕਦਾ। ਇਸ ਮਹੱਤਵ 'ਤੇ ਟਿੱਪਣੀ ਕਰਦੇ ਹੋਏ ਡਾ. ਪੁਸ਼ਪਾ ਗੁਪਤਾ ਕਹਿੰਦੀ ਹੈ ਕਿ ਰਿਗਵੇਦ ਸ਼੍ਰੇਸ਼ਟ ਅਤੇ ਉਚ ਪੱਧਰ ਦੇ ਪ੍ਰਸੰਸਾਯੋਗ ਵਿਚਾਰਾਂ ਦਾ ਸਮੂਹ ਹੈ ਜਦੋਂ ਕਿ ਅਥਰਵਵੇਦ ਵਿਚ ਜਨ ਸਧਾਰਨ ਦੇ ਵਿਸ਼ਵਾਸ਼ਾਂ, ਆਚਾਰ-ਵਿਚਾਰਾਂ, ਅਦਿੱਖ ਸ਼ਕਤੀਆਂ, ਜਾਦੂ-ਟੂਣਿਆਂ ਆਦਿ ਦਾ ਵਰਨਣ ਹੈ। ਇਹਨਾਂ ਸਮੂਹ ਕਾਰਨਾਂ ਕਰਕੇ ਹੀ ਸ਼ਾਇਦ ਅਥਰਵਵੇਦ ਨੂੰ ਪਹਿਲਾਂ ਵੇਦ ਨਹੀਂ ਮੰਨਿਆ ਗਿਆ ਪਰੰਤੂ ਬਾਅਦ ਵਿਚ ਇਹ ਅਨੁਭਵ ਕੀਤਾ ਗਿਆ ਹਰੇਕ ਸਮਾਜ ਵਿਚ ਦੋ ਤਰ੍ਹਾਂ ਦੇ ਲੋਕ ਹੁੰਦੇ ਹਨ। ਇਕ ਉੱਚ-ਪੱਧਰ ਦੇ ਸਿੱਖਿਅਕ 'ਤੇ ਸੱਭਿਅਕ ਅਤੇ ਦੂਜੀ ਤਰ੍ਹਾਂ ਦੇ ਨਿਮਨ-ਪੱਧਰ ਦੇ ਸਧਾਰਨ ਅਸਿੱਖਿਅਕ ਅਤੇ ਕੁਝ ਹੱਦ ਤਕ ਅਸੱਭਿਅਕ। ਦੋਵੇਂ ਤਰ੍ਹਾਂ ਦੇ ਲੋਕਾਂ ਦੀਆਂ ਰੁਚੀਆਂ ਸਿੱਖਿਆ-ਦੀਖਿਆ, ਆਚਾਰ-ਵਿਚਾਰ, ਧਾਰਮਿਕ ਮਾਨਤਾਵਾਂ, ਰਹਿਣ-ਸਹਿਣ ਅਤੇ ਵਿਸ਼ਵਾਸ਼ ਆਦਿ ਵੱਖ-ਵੱਖ ਹੁੰਦੇ ਹਨ। ਸਮਾਜ ਵਿਚ ਆਮ ਤੌਰ 'ਤੇ ਸਧਾਰਨ ਲੋਕਾਂ ਦੀ ਸੰਖਿਆ ਹੀ ਵਧੇਰੇ ਹੁੰਦੀ ਹੈ। ਇਸ ਤਰ੍ਹਾਂ ਸਮਾਜ ਨੂੰ ਸਮੁੱਚੇ ਤੌਰ ਤੇ ਸਮਝਣ ਲਈ ਦੋਵੇਂ ਹੀ ਤਰ੍ਹਾਂ ਦੇ ਲੋਕ ਜ਼ਰੂਰੀ ਹੁੰਦੇ ਹਨ। ਇਸ ਤਰ੍ਹਾਂ ਅਥਰਵਵੇਦ ਰਿਗਵੇਦ ਤੋਂ ਭਿੰਨ ਹੁੰਦੇ ਹੋਏ ਵੀ ਉਸ ਦਾ ਪੂਰਕ ਹੈ। ਅਥਰਵਵੇਦ ਦੇ ਅਧਿਐਨ ਤੋਂ ਬਗੈਰ ਸਾਹਿਤਿਕ ਗਿਆਨ ਅਧੂਰਾ ਰਹਿ ਜਾਂਦਾ ਹੈ। ਭਾਰਤੀ ਵਿਸ਼ਵਾਸ ਅਨੁਸਾਰ ਮੌਜੂਦਾ ਜੀਵਨ ਨੂੰ ਸੁੱਖਮਈ ਬਣਾਉਣ ਲਈ ਜਿਹੜੇ-ਜਿਹੜੇ ਸਾਧਨਾਂ ਦੀ ਜ਼ਰੂਰਤ ਹੁੰਦੀ ਹੈ, ਉਹਨਾਂ ਸਭ ਦੀ ਪ੍ਰਾਪਤੀ ਲਈ ਕੀਤੀਆਂ ਜਾਣ ਵਾਲੀਆਂ ਰਸਮਾਂ ਦਾ ਵਿਧਾਨ ਅਥਰਵਵੇਦ ਵਿਚ ਹੈ। ਇਸ ਤਰ੍ਹਾਂ ਵੈਦਿਕ ਸਮਾਜ ਦਾ ਸਰਬਾਂਗੀ ਅਧਿਐਨ ਕਰਨ ਲਈ ਅਥਰਵਵੇਦ ਨੂੰ ਵੀ ਵੇਦਾਂ ਦੀ ਸ਼੍ਰੇਣੀ ਵਿਚ ਸ਼ਾਮਲ ਕਰ ਲਿਆ ਗਿਆ ਹੈ।"[154] ਇਸ ਗੱਲ ਤੋਂ ਸਿੱਧ ਹੁੰਦਾ ਹੈ ਕਿ ਵੇਦਾਂ ਵਿਚ ਹਰ ਤਰ੍ਹਾਂ ਦੇ ਲੋਕਾਂ ਦੇ ਸੁਭਾਅ ਨੂੰ ਧਿਆਨ ਵਿਚ ਰੱਖਿਆ ਗਿਆ ਹੈ ਜਿਸ ਨਾਲ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਪੁਰਾਤਨ ਰਿਸ਼ੀਆਂ ਧਿਆਨ ਸੰਸਾਰ ਵਿਚ ਦੀ ਹਰ ਇਕ ਵਸਤੂ ਰਹਿੰਦੀ ਹੈ ਅਤੇ ਉਹ ਉਸ ਬਾਰੇ ਜ਼ਰੂਰ ਵਿਚਾਰਦੇ ਹਨ।

---

[154] ਡਾ.ਪਰਮਵੀਰ ਸਿੰਘ, ਡਾ.ਪਰਦੁਮਨ ਸ਼ਾਹ ਸਿੰਘ, *ਭਾਰਤ ਦੇ ਪ੍ਰਮੁਖ ਧਰਮ*, ਪੰਨਾ 17.

ਪੁਰਤਾਨ ਰਿਸ਼ੀ ਹਰ ਇਕ ਚੀਜ਼ ਨੂੰ ਪਰਮਾਤਮਾ ਦਾ ਰੂਪ ਜਾਣਦੇ ਹੋਏ ਉਸ ਨਾਲ ਚੰਗਾ ਵਰਤਾਉ ਕਰਦੇ ਸਨ ਭਾਵੇਂ ਉਹ ਪਸ਼ੂ ਦਰੱਖਤ ਜਾ ਪੱਥਰ ਹੀ ਕਿਉਂ ਨਾ ਹੋਣ ਇਸੇ ਤਰ੍ਹਾਂ ਉਹ ਵੇਦਾਂ ਦੇ ਮੰਤਰਾਂ ਨੂੰ ਸਾਖਸ਼ਾਤ ਦੇਵਤਿਆਂ ਦਾ ਰੂਪ ਮੰਨ ਕੇ ਉਚਾਰਦੇ ਸਨ। "ਵੇਦਾਂ ਮੰਤਰਾਂ ਨੂੰ ਦੇਵਤਿਆਂ ਦੇ ਸਰੀਰ ਮੰਨਿਆ ਗਿਆ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜਿੰਨੇ ਵੀ ਮੰਤਰ ਹਨ ਉਹ ਕਿਸੇ ਨਾ ਕਿਸੇ ਦੇਵਤੇ ਦੀ ਉਸਤਤ ਵਿਚ ਰਚੇ ਗਏ ਹਨ ਅਤੇ ਇਸ ਦੇਵਤੇ ਤੋਂ ਜਿਹੜੀ ਮਨੋਕਾਮਨਾ ਪੂਰੀ ਕਰਨੀ ਹੋਵੇ ਉਸ ਅੱਗੇ ਪ੍ਰਾਰਥਨਾ ਕੀਤੀ ਜਾਂਦੀ ਹੈ ਜਿਵੇਂ ਪਾਪਾਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਅਗਨੀ ਦੇਵਤੇ ਅੱਗੇ ਅਤੇ ਵਰਖਾ ਲਈ ਇੰਦਰ ਦੇਵਤੇ ਅੱਗੇ ਪ੍ਰਾਰਥਨਾ ਕਰਨ ਦਾ ਵਿਧਾਨ ਰਿਗਵੇਦ ਵਿਚ ਸਪਸ਼ਟ ਦੇਖਣ ਨੂੰ ਮਿਲਦਾ ਹੈ। ਇਹਨਾਂ ਸਾਰੇ ਦੇਵਤਿਆਂ ਉੱਤੇ ਇਕ ਹੋਰ ਦੇਵਤਾ ਮੰਨਿਆ ਗਿਆ ਹੈ ਜਿਸ ਨੂੰ 'ਸਰਵਦੇਵ' ਜਾਂ ਵਿਸ਼ਵਦੇਵ' ਕਿਹਾ ਗਿਆ ਹੈ। ਇਸ ਦੇਵ ਨੂੰ ਪਰਮਾਤਮਾ ਦੇ ਸਰੂਪ ਵਜੋਂ ਦੇਖਿਆ ਜਾਂਦਾ ਹੈ। ਅਥਰਵਵੇਦ ਦੇ ਦਸਵੇਂ ਕਾਂਡ ਵਿੱਚ 'ਵਿਸ਼ਵਪਰੁਸ਼' ਦਾ ਜ਼ਿਕਰ ਆਉਂਦਾ ਹੈ ਜਿਸ ਬਾਰੇ ਕਿਹਾ ਗਿਆ ਹੈ ਕਿ ਭੂਮੀ ਇਸ ਦੇ ਪੈਰ, ਅੰਤਰਿਕਸ਼ ਪੇਟ, ਦਿਉ ਮਸਤਕ, ਵਾਯੂ ਪ੍ਰਾਣ, ਸੂਰਜ ਅਤੇ ਚੰਦਰਮਾ ਅੱਖਾਂ ਅਤੇ ਅਗਨੀ ਇਸ ਦਾ ਮੂੰਹ ਹੈ।"[155] ਵੈਦਿਕ ਰਿਸ਼ੀ ਬੇਸ਼ੱਕ ਕੁਦਰਤ ਦੀਆਂ ਵੱਖ-ਵੱਖ ਸ਼ਕਤੀਆਂ ਦੇਵਤਿਆਂ ਵਾਂਗ ਪੂਜਦੇ ਸਨ ਪਰ ਫਿਰ ਵੀ ਉਹ ਇਹਨਾਂ ਸਾਰੀਆਂ ਸ਼ਕਤੀਆਂ ਉਪਰ ਇਕ ਪ੍ਰਮੁੱਖ ਸ਼ਕਤੀ ਦਾ ਜ਼ਿਕਰ ਵੀ ਕਰਦੇ ਹਨ ਜਿਸਨੂੰ ਪਰਮਾਤਮਾ ਕਿਹਾ ਜਾਂਦਾ ਹੈ।

### 3.1.4.1 ਰਾਸ਼ਟਰੀ ਭਾਵਨਾ ਲਈ ਪ੍ਰਾਰਥਨਾ

ਅਹੰ ਰਾਸ਼ਟ੍ਰਸਯਾਭਿਵਰ੍ਗੇ ਨਿਜੋ ਭੂਯਾਸਮੁਤ੍ਤਮ:॥[156]

ਅਜਿਹੇ ਮੰਤਰ ਜਿੱਥੇ ਰਿਸ਼ੀਆਂ ਦੀ ਭਾਵਨਾਵਾਂ ਨੂੰ ਉਜਾਗਰ ਕਰਦੇ ਹਨ ਉੱਥੇ ਹਰ ਇਕ ਮਨੁੱਖ ਦੀ ਅਜਿਹੀ ਪ੍ਰਾਰਥਨਾ ਸਮਾਜ ਅਤੇ ਦੇਸ਼ ਨੂੰ ਜਿੱਥੇ ਤਰੱਕੀ ਵੱਲ ਲਿਜਾਏਗੀ ਉੱਥੇ ਸਮਾਜ ਵਿਚ ਗੁਣੀ ਬੰਦਿਆਂ ਦਾ ਵਾਧਾ ਵੀ ਹੋਵੇਗਾ। "ਮੈਂ ਰਾਸ਼ਟਰ ਦੇ ਬਾਸ਼ਿੰਦਿਆ 'ਚੋਂ ਇਕ ਵਧੀਆ, ਆਲਾ ਦਰਜੇ ਦਾ ਬਾਸ਼ਿੰਦਾ ਹੋਵਾ।"[157] ਮਨੁੱਖੀ ਮਨ ਦਾ ਅਜਿਹਾ ਹੋਣਾ ਜਿੱਥੇ ਮਨੁੱਖ ਲਈ ਵਰਦਾਨ ਹੈ। ਉੱਥੇ ਹੀ ਮਨੁੱਖ ਨੂੰ ਹੰਕਾਰ ਵਰਗੇ ਰੋਗ ਤੋਂ ਬਚਾ ਕੇ ਰੱਖਣ ਦਾ ਵੀ ਯਤਨ ਹੈ। ਇਸ ਨਾਲ ਜਿੱਥੇ ਇਨਸਾਨੀਅਤ ਵਧਦੀ ਹੈ ਉੱਥੇ ਸਮਾਜ ਵਿਚ ਜ਼ਾਤ ਲਿੰਗ, ਰੰਗ, ਨਸਲ ਦੇ ਆਧਾਰ ਤੇ ਵਿਤਕਰੇ ਦੇ ਆਸਾਰ ਵੀ ਘਟ ਜਾਂਦੇ ਹਨ। ਸੋ ਰਾਸ਼ਟਰ ਨਾਲ ਪ੍ਰੇਮ ਪਾਉਣਾ ਜਿੱਥੇ ਜ਼ਰੂਰੀ ਹੈ, ਓੱਥੇ ਜਿੰਮੇਵਾਰ ਨਾਗਰਿਕ ਬਣਨਾ ਵੀ ਜ਼ਰੂਰੀ ਹੈ।

### 3.23 ਇਸ਼ਨਾਨ ਕਰਨ ਵੇਲੇ ਦੀ ਪ੍ਰਾਰਥਨਾ :

**ओउम् आपो हि ष्ठा मयोभुवस्ता न ऊर्जे दधातन। महे रणाय चक्षसे।।**[158]

"ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਦੇ ਅਨੁਸਾਰ ਇਸ਼ਨਾਨ ਦੇ ਅਰਥ ਇਹ ਪ੍ਰਕਾਰ ਹਨ, "ਮੈਲ ਉਤਾਰਨੀ, ਸਾਫ਼ ਕਰਨਾ 2. ਨਹਾਉਣਾ, ਗੁਸਲ, ਸਰੀਰ ਧੋਣਾ, ਇਸ਼ਨਾਨ ਨੂੰ ਵਿਦਵਾਨਾਂ ਦੇ

---

155 ਡਾ.ਪਰਮਵੀਰ ਸਿੰਘ, ਡਾ.ਪਰਦੁਮਨ ਸ਼ਾਹ ਸਿੰਘ, *ਭਾਰਤ ਦੇ ਪ੍ਰਮੁਖ ਧਰਮ*, ਪੰਨਾ 22
156 *ਅਥਰਵਵੇਦ*, 3.5.2.
157 ਪ੍ਰੋ.ਬ੍ਰਜਬਿਹਾਰੀ ਚੌਬੇ, ਅਨੁ ਡਾ. ਦਰਸ਼ਨ ਸਿੰਘ ਨਿਰਵੈਰ, *ਵੈਦਿਕ ਸੰਕਲਪ*, ਪੰਨਾ 3.
158 *ਅਥਰਵਵੇਦ* 1.5.1.

ਅਰੋਗ ਦਾ ਮੂਲ ਮੰਨਿਆ ਹੈ ਅਤੇ ਸੂਖਮ ਵਿਚਾਰ ਨਾਲ ਵੇਖੀਏ ਤਾਂ ਇਸਦਾ ਅੰਤਹਕਰਣ ਦੀ ਪਵਿੱਤਰਤਾ ਅਤੇ ਸ਼ਾਂਤੀ ਤੇ ਭਾਰੀ ਅਸਰ ਹੈ, ਸਿੱਖ ਧਰਮ ਵਿੱਚ ਇਸ਼ਨਾਨ ਦੀ ਜੋ ਮਹਿਮਾ ਹੈ ਉਹ ਜਗਤ ਪ੍ਰਸਿੱਧ ਹੈ, ਪਰ ਗੁਰੂ ਸਾਹਿਬ ਨੇ ਮਨ ਦੀ ਨਿਰਮਲਤਾ ਬਿਨਾਂ ਤਨ ਦਾ ਇਸ਼ਨਾਨ ਪਰਮਾਰਥ ਦਾ ਸਹਾਇਕ ਨਹੀਂ ਦੱਸਿਆ।"[159]

ਸੰਪਾ. ਪ੍ਰੇਮ ਪ੍ਰਕਾਸ਼ ਸਿੰਘ ਰਚਿਤ ਸੰਸਕ੍ਰਿਤ ਪੰਜਾਬੀ ਕੋਸ਼ ਅਨੁਸਾਰ **स्नानम**, "ਇਸ਼ਨਾਨ, ਨਹਾਉਣਾ, ਡੁਬਕੀ ਲਾਉਣ ਦੀ ਕਿਰਿਆ"[160]

ਇਹ ਵੇਦਾਂ ਦੀਆਂ ਸਵੇਰੇ ਵੇਲੇ ਦੀਆਂ ਰੋਜ਼ਾਨਾ ਦੀਆਂ ਪ੍ਰਾਰਥਨਾਵਾਂ ਹਨ। ਅਥਰਵੇਦ ਦੇ ਇਸ ਮੰਤਰ ਦਾ ਉਚਾਰਣ ਇਸ਼ਨਾਨ ਕਰਨ ਲੱਗਿਆਂ ਕੀਤਾ ਜਾਂਦਾ ਸੀ। "ਹੇ ਜਲ। ਤੂੰ ਨਿਸ਼ਚਿਤ ਹੀ ਸੁਖ ਅਤੇ ਅਰੋਗਤਾ ਬਖਸ਼ਣ ਵਾਲਾ ਹੈਂ, ਹੇ ਅਜਿਹੇ ਗੁਣਾਂ ਵਾਲੇ ਤੂੰ ਸਾਨੂੰ ਬਲ ਉਤਸ਼ਾਹ ਪਦਾਨ ਕਰਨ ਲਈ ਅਤੇ ਅੰਨ ਆਦਿ ਖਾਣ ਯੋਗ ਪਦਾਰਥਾਂ ਨੂੰ ਪੈਦਾ ਕਰਵਾਉਣ ਲਈ ਅਤਿਅੰਤ ਰਮਣੀਕ ਜੀਵਨ ਅਤੇ ਜਗਤ ਦੇ ਦਰਸ਼ਨ ਲਈ ਭਰਪੂਰ ਕਰ। ਅਰਥਾਤ ਸੁਖ, ਅਰੋਗ ਅੰਨ, ਜੀਵਨਦਾਤੇ ਜਲ ਦੇ ਗੁਣਾਂ ਦਾ ਲਾਭ ਉਠਾ ਕੇ ਅਸੀਂ ਭਰਪੂਰ ਅਤੇ ਅਰੋਗ ਸਿਹਤਮੰਦ ਬਣੀਏ।"[161] ਪੁਰਾਤਨ ਰਿਸ਼ੀ-ਮੁਨੀ ਕਿਸ ਤਰ੍ਹਾਂ ਕੁਦਰਤੀ ਸੋਮਿਆਂ ਨੂੰ ਦੇਵਤਿਆਂ ਸਮਾਨ ਮੰਨਦੇ ਸਨ ਅਤੇ ਉਹਨਾਂ ਦੀ ਪੂਜਾ ਕਰਦੇ ਸਨ ਅਤੇ ਉਹ ਸੋਮੇ ਉਹਨਾਂ ਨੂੰ ਭਰਪੂਰ ਕਰਦੇ ਸਨ। ਆਧੁਨਿਕ ਸਮੇਂ ਵਿਚ ਦੇਖਣ ਵਿਚ ਆਉਂਦਾ ਹੈ ਕਿ ਅਸੀਂ ਕੁਦਰਤੀ ਸੋਮਿਆਂ ਦੀ ਸਾਂਭ ਸੰਭਾਲ ਨਹੀਂ ਕਰ ਰਹੇ ਜਿਸਦੇ ਨਤੀਜੇ ਸਾਨੂੰ ਭੁਗਤਣੇ ਪੈ ਰਹੇ ਹਨ। ਸੋ ਪੁਰਾਤਨ ਸਾਧੂ ਸੰਤ ਇੰਨ੍ਹਾਂ ਸੋਮਿਆਂ ਨੂੰ ਵਰਤਣ ਲੱਗਿਆਂ ਅਰਦਾਸ ਬੇਨਤੀ ਕਰਦੇ ਸਨ ਅਤੇ ਇਹ ਕੁਦਰਤੀ ਨਿਆਮਤਾਂ ਉਹਨਾਂ ਨੂੰ ਸਰਸ਼ਾਰ ਕਰਦੀਆਂ ਸਨ।

### 3.1.4.2 ਦੇਸ਼ਵਾਸੀਆ ਦੇ ਗੁਣੀ ਹੋਣ ਦੀ ਪ੍ਰਾਰਥਨਾ

ਯੇ ਧੀਵਾਨੋ ਰਥਕਾਰਾ: ਕਰ੍ਮਾਰਾ ਯੇ ਮਨੀਸ਼ਿਣ:।
ਉਪਸ੍ਤੀਨ੍ਪ੍ਰਣ ਮਹ੍ਯੰ ਤ੍ਵੰ ਸਰ੍ਵਾਨ੍ ਕ੍ਰਣ੍ਵਭਿਤੋ ਜਨਾਨ੍॥
ਯੇ ਰਾਜਾਨੋ ਰਾਜਕ੍ਰਤ: ਸੂਤਾ ਗ੍ਰਾਮਣ੍ਯਸ਼੍ਚ ਯੇ।
ਉਪਸ੍ਤ੍ਰੀਨ੍ਪਰਣ੍ ਮਹ੍ਯੰ ਤ੍ਵੰ ਸਰ੍ਵਾਨ੍ ਕ੍ਰਣਭਿਤੋ ਜਨਾਨ੍॥[162]

ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਏਕਤਾ ਬਾਰੇ ਇੰਞ ਵਿਚਾਰ ਪੇਸ਼ ਕੀਤੇ ਹਨ, "ਏਕਤਾ, ਏਕਾ, ਏਕਤ੍ਵ, ਐਕਯ"[163]

ਇਹ ਪ੍ਰਾਰਥਨਾ ਕਿਸੇ ਤਵੀਜ਼ ਨੂੰ ਸੰਬੋਧਿਤ ਹੈ ਕਿਉਂਕਿ ਅਥਰਵੇਦ ਵਿਚ ਜਾਦੂ-ਟੂਣਿਆਂ ਨਾਲ ਸਬੰਧਿਤ ਅਨੇਕਾਂ ਮੰਤਰ ਹਨ। ਜਿਸ ਤੋਂ ਸਾਰੇ ਲੋਕ ਗੁਣਵਾਨ ਹੋ ਕੇ ਉਸਦੇ ਅਧੀਨ ਹੋ ਜਾਣ ਦੀ ਮੰਗ ਕੀਤੀ ਗਈ ਹੈ। "ਓ ਜੰਤਰ (ਤਵੀਜ) ਪਿਆਰੇ। ਤੂੰ ਸਾਰੇ ਲੋਕਾਂ ਨੂੰ ਹੁਨਰਮੰਦ, ਦਾਨਿਸ਼ਮੰਦ, ਰਾਜਾ,

---

[159] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨੇ 118-19.
[160] ਸੰਪਾ. ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼,* ਪੰਨਾ 1068.
[161] आचार्य सत्यानन्द, ***वैदिक नित्यकरम एवं पञ्चमहायज्ञ विधि,*** पन्ना 9.
[162] ਪ੍ਰੋ.ਬ੍ਰਜਬਿਹਾਰੀ ਚੌਬੇ, ਅਨੁ ਡਾ. ਦਰਸ਼ਨ ਸਿੰਘ ਨਿਰਵੈਰ, *ਵੈਦਿਕ ਸੰਕਲਪ,* ਪੰਨਾ
[163] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 130.

ਗੱਦੀ ਗ੍ਰਹਿਣ ਸਹਾਇਕ, ਗ੍ਰਾਮ ਮੁਖੀਆ, ਰਥਵਾਨ ਅਤੇ ਰਥ-ਸਾਜ਼ ਯੁਕਤ ਬਣਾ ਕੇ ਮੇਰੇ ਅਧੀਨ ਕਰ ਦੇ। ਭਾਵ ਏਹ ਸਾਰੇ ਗੁਣਵਾਨ ਹੋਣ ਅਤੇ ਕੰਮ ਕਾਜ ਵਧੀਆ ਤਰ੍ਹਾਂ ਚਲੇ। ਇਸ ਮਨੋਰਥ ਦੀ ਪੂਰਤੀ ਲਈ ਰਾਸ਼ਟਰ-ਮੁਖੀਆ ਸਖ਼ਤ ਮਿਹਨਤ ਨਾਲ ਅਤੇ ਆਪਣੀ ਬਲਵਾਨ ਸਖਸ਼ੀਅਤ ਨਾਲ ਜਨਤਾ ਦੇ ਦਿਲੋਂ ਦਿਮਾਗ ਨੂੰ ਜਿੱਤੇ; ਉਨ੍ਹਾਂ ਨੂੰ ਪ੍ਰਭਾਵਿਤ ਕਰੇ।"[164] ਇਸ ਪ੍ਰਾਰਥਨਾ ਤੋਂ ਇੰਞ ਵੀ ਜਾਪਦਾ ਹੈ ਕਿ ਜਨਤਾ ਅਤੇ ਰਾਜੇ ਤੋਂ ਇਲਾਵਾ ਇਹ ਪ੍ਰਾਰਥਨਾ ਕਿਸੇ ਤੀਜੀ ਧਿਰ ਵੱਲੋਂ ਭਾਵ ਪੁਜਾਰੀ ਵੱਲੋਂ ਕੀਤੀ ਗਈ ਜਾਪਦੀ ਹੈ। ਜਿਸ ਵਿਚ ਰਾਜੇ ਦੇ ਗੁਣਵਾਨ ਹੋਣ ਅਤੇ ਜਨਤਾ ਦੇ ਦਿਲ ਤੇ ਰਾਜ ਕਰਨ ਵਾਲਾ ਹੋਵੇ ਦੀ ਮੰਗ ਕੀਤੀ ਗਈ ਹੈ।

### 3.1.4.3 ਰਾਜੇ ਦਾ ਪਰਜਾ ਲਈ ਸਹਿਯੋਗੀ ਹੋਣ ਦੀ ਪ੍ਰਾਰਥਨਾ

ਸੰ ਵੋ ਮਨਾਂਸਿ ਸੰ ਵ੍ਰਤਾ ਸਮਾਕੂਤੀਰ੍ਨਮਾਮਸਿ।
ਅਮੀ ਯੇ ਵਿਵ੍ਰਤਾ ਸ੍ਥਨ ਤਾਨ੍ਹ: ਸੰ ਨਮਯਾਮਸਿ॥
ਅਹੰ ਗ੍ਰਭ੍ਣਾਮਿ ਮਨਸਾ ਮਨਾਂਸਿ ਮਮ ਚਿਤ੍ਤਮਨੁ ਚਿਤ੍ਤੇਭਿਰੇਤ।
ਮਮ ਵਸ਼ੇਸ਼ੁ ਹਦਯਾਨਿ ਵ: ਕ੍ਰਣੋਮਿ ਮਮ ਯਾਤਮਨੁਵਰ੍ਤਮਾਨ ਏਤ॥[165]

ਇਹ ਪ੍ਰਾਰਥਨਾ ਜਨਤਾ ਵੱਲੋਂ ਰਾਜੇ ਦੇ ਸਹਿਯੋਗੀ ਹੋਣ ਲਈ ਕੀਤੀ ਗਈ ਹੈ ਕਿ ਉਸਦੇ ਵਿਚਾਰ ਅਤੇ ਜਨਤਾ ਦੇ ਵਿਚਾਰ ਇਕ ਹੋਣਗੇ ਤਾਂ ਹੀ ਰਾਸ਼ਟਰ ਵਿਕਾਸ ਦੀਆਂ ਰਾਹਾਂ ਤੇ ਚੱਲ ਸਕਦਾ ਹੈ। ਜੇ ਰਾਸ਼ਟਰ ਦੇ ਮੁਖੀ ਦੀਆਂ ਨੀਤੀਆਂ ਜਨਤਾ ਦੇ ਹੱਕ ਵਿੱਚ ਹੀ ਨਾ ਹੋਣਗੀਆਂ ਤਾਂ ਰਾਸ਼ਟਰ ਵਿਚ ਅਰਾਜਕਤਾ ਫੈਲੇਗੀ ਅਤੇ ਦੋਵੇਂ ਧਿਰਾਂ ਦੁਖੀ ਹੋਣਗੀਆ। "ਰਾਸ਼ਟਰ ਮੁਖੀਆ! ਤੇਰੇ ਵਿਚਾਰ ਅਤੇ ਸਾਡੇ ਵਿਚਾਰ ਇਕ ਸਾਰ ਹੋਣ। ਸਾਡੇ ਵਿਚਾਰ ਵੱਖਰੇ ਵੱਖਰੇ ਨਾ ਹੋਣ, ਤੇਰੇ ਦਿਲ ਦੀ ਧੜਕਣ ਮੇਰੇ ਦਿਲ ਦੀ ਧੜਕਣ ਹੋਵੇ। ਸਾਡੇ ਆਪਸੀ ਦਿਲਾਂ ਦੀ ਸਾਂਝ ਹੋਵੇ। ਮੈ ਤੇਰੇ ਦਿਲ, ਭਾਵਨਾਵਾਂ ਦਾ ਮਾਲਕ ਹੋਵਾਂ; ਸਾਡੇ ਅਹਿਸਾਸ ਇਕ ਹੋਣ ਅਤੇ ਅਸੀਂ ਸਾਂਝੇ ਰਾਹ ਦੇ ਪਾਂਧੀ ਹੋਈਏ। ਚੂੰਕਿ ਲੋਕ ਹੀ ਰਾਜਾ ਰਾਸ਼ਟਰ ਦਾ ਮੁਖੀਆ ਬਣਾਉਂਦੇ ਹਨ, ਇਸ ਲਈ ਰਾਜਾ ਅਥਵਾ ਮੁਖੀਆ ਦਾ ਇਹ ਫਰਜ਼ ਬਣਦਾ ਹੈ ਕਿ ਆਪਣੇ ਲੋਕਾਂ ਨੂੰ ਰੁਜ਼ਗਾਰ ਦੇ ਇਕੋ ਜਿਹੇ ਮੌਕੇ ਮੁਹੱਈਆ ਕਰੇ।"[166] ਸੋ ਰਾਜਾ ਦਾ ਇਹ ਫਰਜ਼ ਹੈ ਕਿ ਉਹ ਦੇਸ਼ ਵਿਚ ਇਕਸਾਰ ਰੁਜ਼ਗਾਰ ਦੇ ਮੌਕੇ ਪੈਦਾ ਕਰੇ ਅਤੇ ਜਨਤਾ ਦੀ ਸਹੂਲਤ ਲਈ ਵਸਤਾਂ ਪੈਦਾ ਕਰੇ।

### 3.1.4.4 ਰਾਜ ਦੀ ਖ਼ੁਸ਼ਹਾਲੀ ਦੀ ਪ੍ਰਾਰਥਨਾ

ਸੰਸ਼ਿਤੰ ਮ ਇਦੰ ਬ੍ਰਹ੍ਮ ਸੰਸ਼ਿਤੰ ਵੀਰ੍ਯੰ ਬਲਮ੍।
ਸੰਸ਼ਿਤੰ ਕ੍ਸ਼ਤ੍ਰਮਜਰਮਸ੍ਤੁ ਜਿਸ੍ਣੁਰ੍ਯੇਸ਼ਾਮਸ੍ਮਿ ਪੁਰੋਹਿਤ;॥[167]

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ ਖੁਸ਼ਹਾਲੀ, "ਉਤਮ ਦਸ਼ਾ, ਚੰਗੀ ਹਾਲਤ"[168]

---

164 ਪ੍ਰੋ. ਬ੍ਰਜਬਿਹਾਰੀ ਚੌਬੇ ਅਨੁ: ਡਾ. ਦਰਸ਼ਨ ਸਿੰਘ ਨਿਰਵੈਰ, *ਵੈਦਿਕ ਸੰਕਲਪ*, ਪੰਨਾ 9.
165 *ਅਥਰਵਵੇਦ* 3.8.5.6.
166 ਪ੍ਰੋ. ਬ੍ਰਜਬਿਹਾਰੀ ਚੌਬੇ ਅਨੁ: ਡਾ. ਦਰਸ਼ਨ ਸਿੰਘ ਨਿਰਵੈਰ, *ਵੈਦਿਕ ਸੰਕਲਪ*, ਪੰਨਾ 9.
167 *ਅਥਰਵਵੇਦ* 3.19.1
168 ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 381.

ਕਿਸੇ ਵੀ ਰਾਜੇ ਦਾ ਪੁਰੋਹਿਤ ਦੇਵਤਿਆਂ ਅੱਗੇ ਇਹ ਪ੍ਰਾਰਥਨਾ ਕਰਦਾ ਸੀ ਕਿ ਉਸਦੀ ਬ੍ਰਹਮਸ਼ਕਤੀ ਵਿਚ ਵਾਧਾ ਹੋਵੇ। ਜਿੰਨ੍ਹਾਂ ਦਾ ਉਹ ਪੁਰੋਹਿਤ ਹੈ। ਉਨ੍ਹਾਂ ਦੀ ਸ਼ਕਤੀ ਵਿਚ ਵਾਧੇ ਦੀ ਮੰਗ ਕਰਦਾ ਹੈ। ਉਹ ਹਮੇਸ਼ਾ ਖੁਸ਼ਹਾਲ ਰਹਿਣ ਅਤੇ ਦੁਖਾਂ ਤੋਂ ਬਚਣ। "ਦੇਵਤਿਆਂ ਅੱਗੇ ਪੁਰੋਹਿਤ ਹਮੇਸ਼ਾ ਹੀ ਇਹੋ ਪ੍ਰਾਰਥਨਾ ਕਰਿਆ ਕਰਦਾ ਸੀ। ਮੇਰੀ ਬ੍ਰਹਮਸ਼ਕਤੀ ਨੂੰ ਤੇਜ਼ ਕਰ। ਰਾਜਾ ਦੀ ਸੂਰਮਗਤੀ ਅਤੇ ਵੀਰਤਾ ਨੂੰ ਵਧੇਰੇ ਤੇਜ਼ ਕਰ। ਜਿੰਨ੍ਹਾਂ ਦਾ ਮੈਂ ਪੁਰੋਹਿਤ ਹਾਂ, ਉਨ੍ਹਾਂ ਦੀ ਕਸ਼ੱਤਰ ਸ਼ਕਤੀ ਤੇਜ਼ ਕਰ। ਉਨ੍ਹਾਂ ਨੂੰ ਬਲਵਾਨ ਬਣਾ ਅਤੇ ਕਮਜ਼ੋਰ ਹੋਣੋ ਬਚਾ। ਉਹ ਚੜ੍ਹਦੀ ਕਲਾ 'ਚ ਰਹਿਣ ਅਤੇ ਨਸ਼ਟ ਹੋਣੋ ਸਦਾ ਬਚੇ ਰਹਿਣ।"[169] ਸੋ ਪੁਰੋਹਿਤਾਂ ਦੁਆਰਾ ਰਾਜਿਆਂ ਪ੍ਰਤੀ ਦੇਵਤਿਆਂ ਅੱਗੇ ਕੀਤੀਆਂ ਅਜਿਹੀਆਂ ਪ੍ਰਾਰਥਨਾਵਾਂ ਰਾਜੇ ਅਤੇ ਰਾਜ ਦੀ ਖੁਸ਼ਹਾਲੀ ਵਧਾਉਂਦੀਆਂ ਹਨ।

### 3.1.4.5 ਧਾਰਮਿਕ ਸਹਿਹੋਂਦ ਦੀ ਪ੍ਰਾਰਥਨਾ

ਜਨੰ ਬਿਭ੍ਰਤੀ ਬਹੁਧਾ ਵਿਵਾਚਸੰ ਨਾਨਾਧਰ੍ਮਾਣੰ ਪ੍ਰਿਥਿਵੀ ਯਥੌਕਸਮ੍।

ਸਹਸ੍ਰੰ ਧਾਰਾ ਦ੍ਰਵਿਣਸ੍ਯ ਮੇ ਦੁਹਾਂ ਧ੍ਰਵੇਵ ਧੇਨੁਰਨਪਸ੍ਫੁਰੰਤੀ॥[170]

ਅਜਿਹੀਆਂ ਪ੍ਰਾਰਥਨਾਵਾਂ ਜਿੱਥੇ ਰਿਸ਼ੀਆਂ ਦੀ ਅਧਿਆਤਮਿਕਤਾ ਨੂੰ ਦਰਸਾਉਂਦੀਆਂ ਹਨ, ਉੱਥੇ ਨਾਲ ਉਹਨਾਂ ਦੀ ਦੂਰ ਅੰਦੇਸ਼ੀ ਅਤੇ ਦੀਰਘ-ਦ੍ਰਿਸ਼ਟੀ ਦਾ ਵੀ ਪ੍ਰਗਟਾਵਾ ਕਰਦੀਆਂ ਹਨ। "ਕਿੰਨਾ ਚੰਗਾ ਹੋਵੇ, ਕਿ ਇਸ ਭੂਮੀ ਤੇ ਵੱਖ ਵੱਖ ਭਾਸ਼ਾਵਾਂ ਬੋਲਣ ਵਾਲੇ ਵੱਸਣ ਅਤੇ ਆਪਣੇ ਆਪਣੇ ਵਿਸ਼ਵਾਸ਼ ਅਨੁਸਾਰ ਧਾਰਮਿਕ ਰਹੁ-ਰੀਤਾਂ ਦੀ ਪਾਲਨਾ ਕਰਨ। ਹਰ ਪਾਸਿਉ ਲੋਕ ਆਉਂਦੇ ਰਹਿਣ ਅਤੇ ਘਰ ਬਣਾ ਕੇ ਮਿਲ-ਜੁਲ ਕੇ ਇੱਥੇ ਵੱਸਣ ਅਤੇ ਖੁਸ਼ ਰਹਿਣ। ਹਜ਼ਾਰਾਂ ਨਦੀਆਂ ਇਸ ਭੂਮੀ ਤੇ ਵਗਣ ਅਤੇ ਲਵੇਰੀਆਂ ਗਊਆਂ ਦੁੱਧ ਦੀਆਂ ਧਾਰਾਂ ਨਾਲ ਸਭ ਨੂੰ ਤ੍ਰਿਪਤ ਕਰਦੀਆਂ ਰਹਿਣ।"[171] ਆਧੁਨਿਕ ਭਾਰਤ ਵਾਗ ਪੁਰਾਤਨ ਰਿਸ਼ੀ ਵੀ ਇਸ ਧਰਤੀ ਉਤੇ ਵੱਖ-ਵੱਖ ਬੋਲੀਆਂ, ਧਰਮਾਂ, ਖੇਤਰਾਂ ਆਦਿ ਦੇ ਲੋਕਾਂ ਨੂੰ ਇਕੱਠਿਆਂ ਵੱਸਦਿਆਂ ਅਤੇ ਵੱਧਦੇ ਫੁਲਦੇ ਵੇਖਣਾ ਚਾਹੁੰਦੇ ਸਨ। ਜਿਸ ਤਰ੍ਹਾਂ ਪਰਮਾਤਮਾ ਦੇ ਬਣਾਏ ਧਰਤੀ ਰੂਪੀ ਬਾਗ ਵਿਚ ਹਰ ਤਰ੍ਹਾਂ ਦੇ ਫੁੱਲ ਖਿੜਦੇ ਹਨ। ਪੁਰਾਤਨ ਰਿਸ਼ੀ ਇਸ ਗੱਲ ਤੋਂ ਚੰਗੀ ਤਰ੍ਹਾਂ ਵਾਕਿਫ ਸਨ ਅਤੇ ਸ੍ਰਿਸ਼ਟੀ ਦੇ ਰੱਹਸ ਨੂੰ ਵੀ ਸਮਝਦੇ ਸਨ।

### 3.1.4.6 ਸਮਾਜਿਕ ਏਕਤਾ ਦੀ ਪ੍ਰਾਰਥਨਾ

ਯਥੇਮਾਂ ਵਾਚੰ ਕਲਯਾਣੀਮਾਵਦਾਨਿ ਜਨੇਭ੍ਯ:।

ਬ੍ਰਹਮਰਾਜਨ੍ਯਾਭਯਾਂ ਸ਼ੂਦ੍ਰਾਯ ਚਾਰ੍ਯਾਯ ਚ ਸ੍ਵਾਯ ਚਾਰਣਾਯ ਚ॥[172]

ਇਹ ਪ੍ਰਾਰਥਨਾ ਤਾਂ ਸਿੱਧ ਕਰਦੀ ਹੈ ਕਿ ਵੈਦਿਕ ਰਿਸ਼ੀ ਸਮਾਜ ਵਿਚ ਹਰ ਧਰਮ ਬੋਲੀ, ਵਰਣ ਆਦਿ ਦਾ ਭਲਾ ਲੋਚਦੇ ਹਨ। ਸੋ ਵੈਦਿਕ ਰਿਸ਼ੀਆਂ ਦੀ ਦਿਲ ਦੀ ਪਵਿੱਤਰਤਾ ਤੇ ਸ਼ੱਕ ਨਹੀਂ ਕੀਤਾ ਜਾ ਸਕਦਾ। ਯਜੁਰਵੇਦ ਦਾ ਰਿਸ਼ੀ ਇਸ ਪ੍ਰਾਰਥਨਾ ਵਿਚ ਬੜੀ ਭਾਵਪੂਰਤ ਗੱਲ ਕਹਿੰਦਾ ਹੈ, "ਸਭ ਵਰਣਾਂ ਧਰਮਾਂ ਦੇ ਵਿਅਕਤੀ ਸਾਡੇ ਆਪਣੇ ਹੀ ਹਨ। ਚਾਹੇ ਕੋਈ ਸ਼ੂਦਰ ਹੈ ਜਾਂ ਵੈਸ਼; ਚਾਹੇ ਕੋਈ ਬ੍ਰਾਹਮਣ ਹੈ ਜਾਂ

---

[169] ਪ੍ਰੋ. ਬ੍ਰਜਬਿਹਾਰੀ ਚੌਬੇ, ਅਨੁਵਾਦ ਡਾ. ਦਰਸ਼ਨ ਸਿੰਘ ਨਿਰਵੈਰ, *ਵੈਦਿਕ ਸੰਕਲਪ*, ਪੰਨਾ 11-12.

[170] *ਅਥਰਵਵੇਦ* 12.1.45.

[171] ਪ੍ਰੋ. ਬ੍ਰਜਬਿਹਾਰੀ ਚੌਬੇ, ਅਨੁਵਾਦ ਡਾ. ਦਰਸ਼ਨ ਸਿੰਘ ਨਿਰਵੈਰ, *ਵੈਦਿਕ ਸੰਕਲਪ*, ਪੰਨਾ 17.

[172] *ਯਜੁਰਵੇਦ* 26.2.

ਖੱਤਰੀ, ਜਦ ਵੀ ਇਹ ਸਾਰੇ ਇਕ-ਦੂਜੇ ਦੇ ਬਾਰੇ ਕੁਝ ਬੋਲਣ, ਸ਼ੁਭ ਹੀ ਬੋਲਣ।"[173] ਅਜਿਹੀਆਂ ਪ੍ਰਾਰਥਨਾਵਾਂ ਸਾਡੇ ਇਸ ਭਰਮ ਨੂੰ ਦੂਰ ਕਰਦੀਆਂ ਹਨ ਕਿ ਹਿੰਦੂ ਸਮਾਜ ਸ਼ੁਰੂ ਤੋਂ ਵਰਣਾਂ ਵਿਚ ਵੰਡਿਆ ਹੋਇਆ ਸੀ ਅਤੇ ਜਾਤ ਪਾਤ ਦਾ ਘੁਣ ਸਮਾਜ ਨੂੰ ਖੋਖਲਾ ਕਰ ਰਿਹਾ ਸੀ ਹਾਂ ਅਜਿਹਾ ਹੋ ਸਕਦਾ ਹੈ ਕਿ ਵੈਦਿਕਯੁਗ ਤੋਂ ਬਾਅਦ ਕੁਝ ਚਲਾਕ ਬੰਦਿਆਂ ਨੇ ਵੇਦਾਂ ਦਾ ਨਾਮ ਵਰਤ ਕੇ ਸਮਾਜ ਨੂੰ ਆਪਣੇ ਮੁਫਾਦਾਂ ਲਈ ਭੰਬਲਭੂਸੇ ਵਿਚ ਪਾਈ ਰੱਖਿਆ ਹੋਵੇ।

### 3.1.4.7 ਦੇਹ ਅਰੋਗਤਾ ਦੀ ਪ੍ਰਾਰਥਨਾ

ਭਦ੍ਰੰ ਕਰ੍ਣੇਭਿ: ਸਰ੍ਣੁਯਾਮ ਦੇਵਾ ਭਦ੍ਰੰ ਪਸ਼ਯੇਮਾਕ੍ਸ਼ਭਿਰ੍ਯਜਤ੍ਰਾ:।
ਸ੍ਥਿਰੈਰਙ੍ਗੈਸ੍ਤੁਸ਼ਟੁਵਾਂਸਸ੍ਤਨੂਭਿਰ੍ਵ੍ਯਸ਼ੇਮ ਦੇਵਹਿਤੰ ਯਦਾਯ:॥[174]

ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਦੇਹ ਦੇ ਅਰਥ ਇੰਝ ਕੀਤੇ ਹਨ, "ਸਰੀਰ, ਜਿਸਮ, ਤਨ ਫਾ. ਪਿੰਡ, ਗ੍ਰਾਮ, ਸੰ. (ਧਾ. ਲ਼ੇਪਨ ਕਰਨਾ, ਵਧਣਾ)"[175]

ਡਾ. ਪ੍ਰੇਮ ਪ੍ਰਕਾਸ਼ ਸਿੰਘ ਰਚਿਤ ਸੰਸਕ੍ਰਿਤ ਪੰਜਾਬੀ ਕੋਸ਼ ਅਨੁਸਾਰ ਦੇਹ, "ਦੇਹ, ਸਰੀਰ, ਕਾਇਆ, ਬਦਨ, ਜੁੱਸਾ, ਪਿੰਡਾ, ਜਿਸਮ, ਜੀਵਨ, ਉਮਰ, ਪ੍ਰਾਣ, ਜਿੰਦ, ਅਵਸਥਾ, ਆਯੂ, ਲੇਪਨ"[176]

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ ਅਰੋਗ, "ਰੋਗ ਰਹਿਤ, ਨਿਰੋਗ, ਨਰੋਆ"[177]

ਡਾ. ਪ੍ਰੇਮ ਪ੍ਰਕਾਸ਼ ਸਿੰਘ ਰਚਿਤ ਸੰਸਕ੍ਰਿਤ ਪੰਜਾਬੀ ਕੋਸ਼ ਅਨੁਸਾਰ, "ਸਿਹਤਮੰਦ, ਨਿਰੋਗ, ਅਰੋਗ, ਨਰੋਆ, ਤੰਦਰੁਸਤ, ਚੰਗਾ, ਭਲਾ, ਕੁਸ਼ਲ"[178]

ਇਸ ਪ੍ਰਾਰਥਨਾ ਵਿਚ ਲੰਬੀ ਉਮਰ ਦੇ ਨਾਲ ਨਾਲ ਸਰੀਰਿਕ ਤੰਦਰੁਸਤੀ ਦੀ ਮੰਗ ਵੀ ਦੇਵਤਿਆਂ ਕੋਲ ਰੱਖੀ ਹੈ। ਸਰੀਰ ਦੇ ਇਕੱਲੇ ਇਕੱਲੇ ਅਨਮੋਲ ਅੰਗ ਦੀ ਸਲਾਮਤੀ ਮੰਗੀ ਹੈ। "ਸਾਡੇ ਕੰਨਾਂ ਨੂੰ ਨਿਤ ਸੁਣਾਈ ਦਿੰਦਾ ਰਹੇ। ਸਾਡੀਆਂ ਅੱਖਾਂ ਨੂੰ ਨਿੱਤ ਚੰਗਾ ਅਤੇ ਸ਼ੁਭ ਵਖਾਈ ਦਿੰਦਾ ਰਹੇ। ਅਸੀਂ ਸਾਰੇ ਨਰੋਈ ਦੇਹ, ਦਿਲ ਦੀ ਦਰੁਸਤੀ ਅਤੇ ਦਿਮਾਗ ਦੀ ਚੁਸਤੀ ਨਾਲ ਤੇਰੇ ਗੁਣ ਗਾਉਂਦੇ ਰਹੀਏ; ਤੇਰੀ ਉਪਮਾ ਕਰਦੇ ਰਹੀਏ, ਤੇਰੇ ਸੋਹਲੇ ਗਾਉਂਦੇ ਰਹੀਏ ਅਸੀਂ ਸੌ ਸਾਲ ਜ਼ਿੰਦਗੀ ਭੋਗੀਏ।"[179] ਵੈਦਿਕ ਰਿਸ਼ੀ ਜੇਕਰ ਸਰੀਰ ਦੇ ਅੰਗਾਂ ਦਾ ਭਲਾ ਮੰਗ ਰਹੇ ਹਨ ਤੇ ਨਾਲ ਹੀ ਉਹਨਾਂ ਅੰਗਾਂ ਤੋਂ ਸ਼ੁਭ ਕੰਮ ਕਰਵਾਉਣ ਦੀ ਪ੍ਰਾਰਥਨਾ ਵੀ ਕਰ ਰਹੇ ਹਨ। ਪੁਰਾਤਨ ਰਿਸ਼ੀਆ ਦੀ ਇਸੇ ਮਹਾਨਤਾ ਤੋਂ ਸਾਡੀ ਮਹਾਨ ਪਰੰਪਰਾ ਦੇ ਦਰਸ਼ਨ ਹੁੰਦੇ ਹਨ। ਭਾਵ ਇਹ ਹੈ ਕਿ ਸੌ ਸਾਲ ਦੀ ਜ਼ਿੰਦਗੀ ਵਿਚ ਤੈਨੂੰ ਨਾ ਭੁੱਲੀਏ ਅਤੇ ਇਹ ਮੰਨ ਕੇ ਚਲੀਏ ਕਿ ਇਹ ਜ਼ਿੰਦਗੀ, ਤੰਦਰੁਸਤ ਦੇਹ ਤੇ ਸੁਖ ਆਰਾਮ ਉਸ ਪਰਮਾਤਮਾ ਦੇ ਹੀ ਦਿੱਤੇ ਹੋਏ ਹਨ। ਸੋ ਦੇਵਤਿਆਂ ਕੋਲ ਕੀਤੀਆਂ ਅਜਿਹੀਆਂ ਪ੍ਰਾਰਥਨਾਵਾਂ ਜਿੱਥੇ ਰਿਸ਼ੀਆਂ ਵਿਚ ਨਿਮਰਤਾ, ਹਲੀਮੀ ਭਰਦੀਆਂ ਸਨ, ਉਥੇ ਜ਼ਿੰਦਗੀ ਦੇ ਹਰ ਪਹਿਲੂ ਉਪਰ ਰੱਬ ਦਾ ਅਹਿਸਾਸ ਵੀ ਕਰਵਾਉਂਦੀਆਂ ਹਨ।

---

[173] ਪ੍ਰੋ. ਬ੍ਰਜਬਿਹਾਰੀ ਚੌਬੇ, ਅਨੁਵਾਦ ਡਾ. ਦਰਸ਼ਨ ਸਿੰਘ ਨਿਰਵੈਰ, *ਵੈਦਿਕ ਸੰਕਲਪ*, ਪੰਨਾ 19.
[174] *ਰਿਗਵੇਦ* 1.89.8.
[175] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 648.
[176] ਸੰਪਾ. ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼,* ਪੰਨਾ 321.
[177] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 83.
[178] ਸੰਪਾ. ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼,* ਪੰਨਾ 58.
[179] ਪ੍ਰੋ. ਬ੍ਰਜਬਿਹਾਰੀ ਚੌਬੇ, ਅਨੁਵਾਦ ਡਾ. ਦਰਸ਼ਨ ਸਿੰਘ ਨਿਰਵੈਰ, *ਵੈਦਿਕ ਸੰਕਲਪ*, ਪੰਨਾ 23.

### 3.1.4.8 ਪਰਿਵਾਰਿਕ ਪ੍ਰੇਮ ਲਈ ਪ੍ਰਾਰਥਨਾ

ਅਨੁਵ੍ਰਤ: ਪਿਤੁ: ਪੁਤ੍ਰੋ ਮਾਤਾ ਭਵਤੁ ਸੰਮਨਾ।
ਜਾਯਾ ਪਤ੍ਯੇ ਮਧਮਤੀਂ ਵਾਚੰ ਵਦਤੁ ਸ਼ੰਤਿਵਾਮ॥
ਮਾ ਭ੍ਰਾਤਾ ਭ੍ਰਾਤਰੰ ਦ੍ਵਿਕ੍ਸ਼ਨ੍ਮਾ ਸ੍ਵਸਾਰਮੁਤ ਸ੍ਵਸਾ।
ਸਮ੍ਯੰਚ: ਸਵ੍ਰਤਾ ਭੁਤ੍ਵਾ ਵਾਚੰ ਵਦਤ ਭਦ੍ਰਯਾ॥[180]

ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਪਰਿਵਾਰ ਦੇ ਅਰਥ ਇਸ ਪ੍ਰਕਾਰ ਕੀਤੇ ਹਨ, "ਚਾਰੇ ਪਾਸਿਉਂ ਘੇਰਨ ਵਾਲਾ, ਪੜਦਾ, ਆਵਰਣ, 2. ਤਲਵਾਰ ਆਦਿ ਦਾ ਕੋਸ਼, ਮਯਾਨ, ਨਯਾਮ, 3. ਕਿਸੇ ਪੁਰਸ਼ ਨੂੰ ਘੇਰਨ ਵਾਲੇ ਸੰਬੰਧੀ, ਕੁਟੰਬ, ਟੱਬਰ 4. ਰਾਜੇ ਦੇ ਆਸ-ਪਾਸ ਰਹਿਣ ਵਾਲੇ ਨੌਕਰ ਚਾਕਰ, 5. ਚੰਦਮਾ ਸੂਰਜ ਦਾ ਪਰਿਵਾਰ।"[181]

ਡਾ. ਪ੍ਰੇਮ ਪ੍ਰਕਾਸ਼ ਸਿੰਘ ਰਚਿਤ ਸੰਸਕ੍ਰਿਤ ਪੰਜਾਬੀ ਕੋਸ਼ ਅਨੁਸਾਰ **ਧਰਿਵਾਰ**, "ਟੱਬਰ, ਕੁਟੰਬ, ਕੁਨਬਾਹ, ਕੋੜਮਾ, ਸਰਪੋਸ, ਨਿਰਭਰ, ਅਧੀਨ, ਸੇਵਕ, ਨੌਕਰ-ਚਾਕਰ, ਅਨੁਯਾਈ, ਸ਼ਰਧਾਲੂ, ਸ਼ਾਗਿਰਦ, ਚੁਗਿਰਦਾ, ਅੜੋਸ-ਪੜੋਸ, ਪਿੰਡ ਦੇ ਦੁਆਲੇ ਦੀ ਵਾੜ ਜਾ ਫੇਰੀ, ਕੋਸ਼, ਖਜ਼ਾਨਤ, ਮਿਆਨ(ਤਲਵਾਰ ਦੀ), ਖੋਲ।"[182]

ਵੈਦਿਕ ਰਿਸ਼ੀ ਦੀ ਇਹ ਪ੍ਰਾਰਥਨਾ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਰਾਸ਼ਟਰ ਤਾਂ ਹੀ ਖੁਸ਼ਹਲ ਰਹਿ ਸਕਦਾ ਹੈ ਜੇ ਰਾਸ਼ਟਰ ਦੀ ਸਭ ਤੋਂ ਛੋਟੀ ਇਕਾਈ ਪਰਿਵਾਰ ਖੁਸ਼ ਹੈ। ਆਧੁਨਿਕ ਸਮਾਜ ਵਿਚ ਅਸੀਂ ਦੇਖਦੇ ਹਾਂ ਕਿ ਰਿਸ਼ਤੇ ਟੁੱਟ ਰਹੇ ਹਨ ਅਤੇ ਸਮਾਜ ਵਿਚ ਪਰਿਵਾਰ ਦੀ ਪਰਿਭਾਸ਼ਾ ਬਦਲ ਰਹੀ ਹੈ। "ਪੁੱਤਰ, ਪਿਉ ਦਾ ਆਗਿਆਕਾਰ ਅਤੇ ਫਰਮਾਬਰਦਾਰ ਹੋਵੇ। 'ਮਾਂ' ਦੀ ਆਪਣੀ ਸੰਤਾਨ-ਧੀਆਂ ਪੁੱਤਰਾਂ ਪ੍ਰਤੀ ਸੋਚ ਸਮਾਨ ਹੋਵੇ। ਪਤਨੀ ਦੀ ਪਤੀ ਨਾਲ ਬੋਲ ਬਾਣੀ ਮਿੱਠੀ ਅਤੇ ਸ਼ੁੱਭ ਹੋਵੇ। ਇਕ ਭਰਾ ਦੂਜੇ ਭਰਾ ਤੋਂ ਇੱਕ ਭੈਣ ਦੂਜੀ ਭੈਣ ਤੋਂ ਸੁਪਨੇ ਵਿਚ ਘਿਰਨਾ ਨਾ ਕਰੇ।"[183] ਵੈਦਿਕ ਰਿਸ਼ੀਆਂ ਦੀ ਦੇਵਤਿਆਂ ਅੱਗੇ ਅਜਿਹੀ ਪ੍ਰਾਰਥਨਾ ਇਹ ਸਿੱਧ ਕਰਦੀ ਹੈ ਕਿ ਘਰ ਵਿਚ ਪਿਉ ਦੀ ਆਗਿਆ ਵਿਚ ਦੂਜੇ ਮੈਂਬਰ ਰਹਿਣ। ਮਾਂ ਦਾ ਪਿਆਰ ਬਿਨਾਂ ਵਿਤਕਰੇ ਸਾਰੇ ਬੱਚਿਆਂ ਨਾਲ ਇਕਸਾਰ ਹੋਵੇ। ਅੱਜ ਕੱਲ ਭਰਾ-ਭਰਾ ਦਾ ਦੁਸ਼ਮਣ ਬਣ ਰਿਹਾ ਹੈ, ਸੋ ਅਜਿਹੀਆਂ ਅਰਦਾਸਾਂ ਸਾਨੂੰ ਸੁਮੱਤ ਦੇਣ ਵਾਲੀਆਂ ਹਨ। ਅਖਬਾਰਾਂ ਵਿਚ ਅਕਸਰ ਹੀ ਇਹ ਖਬਰਾਂ ਦੇਖਣ ਨੂੰ ਮਿਲਦੀਆਂ ਹਨ ਕਿ ਪਿਉ ਨੇ ਪੁੱਤਰ ਦਾ ਜਾਂ ਭਰਾ ਨੇ ਭਰਾ ਨੂੰ ਕਤਲ ਕੀਤਾ ਜਦਕਿ ਸਾਡੀ ਪੁਰਾਤਨ ਪਰੰਪਰਾ ਬੜੀ ਅਮੀਰ ਹੈ। ਸਾਨੂੰ ਉਹਨਾਂ ਤੋਂ ਸੇਧ ਲੈ ਕੇ ਜੀਵਨ ਜਿਊਣਾ ਚਾਹੀਦਾ ਹੈ।

## 3.1.5 ਹਿੰਦੂ ਧਰਮ ਵਿਚ ਹੋਰ ਪ੍ਰਮੁੱਖ ਪ੍ਰਾਰਥਨਾਵਾਂ :

### 3.1.5.1 ਜੇਨਊ ਪਾਉਣ ਵੇਲੇ ਦੀ ਪ੍ਰਾਰਥਨਾ

---

[180] *ਅਥਰਵਵੇਦ* 3.30.2.3.
[181] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 753.
[182] ਸੰਪਾ. ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼,* ਪੰਨਾ 438.
[183] ਪ੍ਰੋ.ਬ੍ਰਜਬਿਹਾਰੀ ਚੋਬੇ, ਅਨੁ: ਦਰਸ਼ਨ ਸਿੰਘ ਨਿਰਵੈਰ, *ਵੈਦਿਕ ਸੰਕਪਲ ਪੰਨਾ, 43.*

ओं यज्ञोपवीतं परमं पवित्रं प्रजापतेर्यत्सहजं पुरस्तात्।

आयुष्यमग्र्यं प्रतिमुञ्च शुभ्रं यज्ञोपवीतं बलमस्तु तेज:।

यज्ञोपवीतमसि यज्ञस्य तवा यज्ञोपवीतेनोपनह्यामि।[184]

ਸੰਸਕ੍ਰਿਤ ਪੰਜਾਬੀ ਕੋਸ਼ ਅਨੁਸਾਰ "ਉਪਨਯਨਮ-ਜਨੇਊ (ਯਗੋਪਵੀਤ ਸੰਸਕਾਰ) ਭੇਟਾ, ਚੜ੍ਹਾਵਾ, ਪਾਸ ਜਾਂ ਕੋਲ ਲੈ ਜਾਣਾ।"[185]

ਮਹਾਨ ਕੋਸ਼ ਅਨੁਸਾਰ "ਉਪਨਯਨ - ਜਨੇਊ ਸੰਸਕਾਰ, ਜਨੇਊ ਪਹਿਨਾਉਣ ਦੀ ਰਸਮ, 2. ਪਾਸ ਲਿਜਾਣ ਦੀ ਕ੍ਰਿਯਾ, 3. ਗੁਰੂ ਪਾਸ ਵਿਦਿਆਰਥੀ ਨੂੰ ਸਿੱਖਿਆ ਲਈ ਲੈ ਜਾਣਾ।"[186]

ਹਿੰਦੂ ਧਰਮ ਵਿਚ ਇਹ ਇਕ ਪਵਿਤ੍ਰ ਰਸਮ ਹੈ ਜਦੋਂ ਬੱਚੇ ਨੂੰ ਧਰਮ ਵਿਚ ਪ੍ਰਵੇਸ਼ ਕਰਵਾਇਆ ਜਾਂਦਾ ਹੈ। ਬ੍ਰਾਹਮਣ, ਖੱਤਰੀ ਤੇ ਵੈਸ਼ ਇਸ ਰਸਮਾਂ ਰਾਹੀਂ ਇਕ ਖਸਮ ਉਮਰ ਵਿਚ ਜਨੇਊ ਧਾਰਨ ਕਰ ਸਕਦੇ ਹਨ। ਸ਼ੂਦਰ ਨੂੰ ਇਸ ਦੀ ਮਨਾਹੀ ਹੈ "ਯਗੋਪਵੀਤ ਇਕ ਅਤਿਅੰਤ ਪਵਿੱਤਰ ਸੂਤਰ ਹੈ ਜੋ ਸ੍ਰਿਸਟੀ ਦੇ ਆਦਿ ਵਿੱਚ ਪ੍ਰਜਾਪਤੀ ਦੇ ਨਾਲ ਹੀ ਪੈਦਾ ਹੋਇਆ ਅਰਥਾਤ ਇਹ ਇਕ ਵੈਦਿਕ ਕ੍ਰਿਤ ਦੇ ਰੂਪ ਵਿਚ ਸ੍ਰਿਸਟੀ ਦੇ ਜਨਮ ਤੋਂ ਹੀ ਪ੍ਰਚਲਿਤ ਹੈ। ਇਹ ਯੱਗੋਪਵੀਤ ਸਾਨੂੰ ਲੰਬੀ ਉਮਰ, ਚੰਗਾ ਚਰਿੱਤਰ ਪ੍ਰਦਾਨ ਕਰੇ ਅਤੇ ਇਸਨੂੰ ਧਾਰਨ ਕਰਨ ਤੋਂ ਬਾਅਦ ਅਸੀਂ ਇੰਨਾਂ ਵਿਸ਼ੇਸ਼ਤਾਵਾਂ ਨਾਲ ਭਰਪੂਰ ਹੋਈਏ। ਇਹ ਉਪਵੀਤ ਯੱਗ ਵਿਚ ਧਾਰਨ ਕਰਨ ਯੋਗ ਹੈ। ਇਸ ਲਈ ਇਸਨੂੰ ਮੈਂ ਉੱਤਮ ਕਰਮ ਕਰਨ ਲਈ ਧਾਰਨ ਕਰਦਾ ਹਾਂ। ਮੈਂ ਯੱਗੋਪਵੀਤ ਦੇ ਨਾਲ ਉਸਦੇ ਗੁਣਾਂ ਨੂੰ ਵੀ ਧਾਰਨ ਕਰਦਾ ਹਾਂ।"[187] ਇਸ ਮੰਤ੍ਰ ਵਿਚ ਅਰਦਾਸ ਦੇ ਨਾਲ-ਨਾਲ ਪ੍ਰਣ ਵੀ ਹੈ ਕਿ ਜਨੇਊ ਧਾਰਨ ਕਰਨ ਵਾਲਾ ਆਪਣੇ ਆਪਨੂੰ ਉਹਨਾਂ ਗੁਣਾਂ ਦੇ ਹਾਣ ਦਾ ਬਨਾਉਣ ਦਾ ਵੀ ਸੰਕਲਪ ਲੈਂਦਾ ਹੈ ਭਾਵ ਕਿ ਵੈਦਿਕ ਕਾਲ ਦੇ ਸਮੇਂ ਹਰ ਇਕ ਕਿਰਿਆ ਧਰਮ ਨਾਲ ਜੁੜੀ ਹੁੰਦੀ ਸੀ ਅਤੇ ਹਰ ਇਕ ਕਾਰਜ ਸਬੰਧਿਤ ਦੇਵੀ-ਦੇਵਤੇ ਸਾਹਮਣੇ ਪ੍ਰਾਰਥਨਾ ਕਰਕੇ ਹੀ ਕੀਤਾ ਜਾਂਦਾ ਸੀ।

### 3.1.5.2 ਪ੍ਰਾਣਾਯਮ ਕਰਨ ਵੇਲੇ ਦੀ ਪ੍ਰਾਰਥਨਾ

ਮਹਾਨ ਕੋਸ਼ ਅਨੁਸਾਰ "ਯੋਗ ਦਾ ਚੌਥਾ ਅੰਗ, ਯੋਗਸੂਤ੍ਰ ਵਿੱਚ ਸਵਾਸ ਦੇ ਅੰਦਰ ਬਾਹਰ ਆਉਣ ਦੀ ਚਾਲ ਨੂੰ ਆਪਣੇ ਵਸ ਕਰਨਾ ਪ੍ਰਾਣਾਯਾਮ ਹੈ।"[188]

ਸੰਸਕ੍ਰਿਤ ਪੰਜਾਬੀ ਕੋਸ਼ ਅਨੁਸਾਰ, "ਦੇਵਤਾ ਦੇ ਗੁਣਾਂ ਦਾ ਮਾਨਸ ਪਾਠ ਕਰਦੇ ਹੋਏ ਸਾਹ ਰੋਕਣ ਦੀ ਕਿਰਿਆ, ਯੋਗ ਸ਼ਾਸ਼ਤਰ ਅਨੁਸਾਰ ਯੋਗ ਦੇ ਅੱਠ ਅੰਗਾਂ ਵਿੱਚ ਚੌਥਾ ਅੰਗ ਪ੍ਰਾਣਾਯਾਮ।"[189]

ਵੈਦਿਕ ਰਿਸ਼ੀ ਸਰੀਰ ਦੀ ਛੋਟੀ ਤੋਂ ਛੋਟੀ ਹਰਕਤ ਲਈ ਵੀ ਪਰਮੇਸ਼ਵਰ ਦੀ ਆਗਿਆ ਲੈਂਦੇ ਸਨ। ਯੋਗ ਵਿਚ ਕੀਤੇ ਜਾਣ ਵਾਲੇ ਪ੍ਰਾਣਾਯਮ ਕਰਨ ਵੇਲੇ ਵੀ ਉਸ ਪਰਮਾਤਮਾ ਅੱਗੇ ਪ੍ਰਾਰਥਨਾ ਕਰਨੀ ਹੈ ਕਿਉਂਕਿ

---

[184] पार.गृ. 2.2.11

[185] ਸੰਪਾਦਕ ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼*, ਪੰਨਾ 121.

[186] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 1213.

[187] आचार्य सत्यानन्द, ***वैदिक नित्यकरम ऐवम पञ्चमहांयज्ञ विधि*** पन्ना 22.

[188] ਉਹੀ, ਪੰਨਾ 804.

[189] ਸੰਪਾਦਕ ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼*, ਪੰਨਾ 556.

ਇਹ ਹਰਕਤ ਪ੍ਰਾਣਾਂ ਦੇ ਨਾਲ ਸਬੰਧਿਤ ਹੈ ਪੁਰਾਤਨ ਲੋਕ ਪ੍ਰਾਣਾਂ ਦਾ ਦਾਤਾ ਈਸ਼ਵਰ ਨੂੰ ਮੰਨਦੇ ਸਨ। ਇਸ ਲਈ ਈਸ਼ਵਰ ਦਾ ਨਿਗੇਬਾਨ ਹੋਣਾ ਜਰੂਰੀ ਹੈ। ਅਜਿਹਾ ਹੀ ਇਕ ਮੰਤਰ ਇਸ ਪ੍ਰਕਾਰ ਹੈ।

**ओं भू :, ओं भुवः, ओं स्वः, ओं महः, ओं जनः, ओं तपः, ओं सत्यम् ।**[190]

(**ओंम भू**) ਹੇ ਈਸ਼ਵਰ! ਆਪ ਸਦਾ ਰਹਿਣ ਵਾਲੇ ਹੋ, ਸਤ ਹੋ, ਪ੍ਰਾਣਰੂਪ ਅਤੇ ਪ੍ਰਾਣਾਂ ਤੋਂ ਵੀ ਪਿਆਰੇ ਹੋ।

(**ओंम भुव**) ਹੇ ਈਸ਼ਵਰ। ਆਪ ਸਭ ਦਾ ਆਸਰਾ ਹੋ। ਆਪ ਸਾਰਿਆਂ ਦੇ ਦੁਖਾਂ ਨੂੰ ਦੂਰ ਕਰਨ ਵਾਲੇ ਹੋ।

(**ओंम स्व**) ਹੇ ਈਸ਼ਵਰ। ਆਪ ਸੁਖ ਸਰੂਪ ਅਤੇ ਆਨੰਦ ਸਰੂਪ ਹੋ। ਆਪ ਹੀ ਇਸ ਜਗਤ ਨੂੰ ਬਨਾਉਣ ਵਾਲੇ ਹੋ।

(**ओंम मह**) ਹੇ ਈਸ਼ਵਰ! ਤੁਸੀ ਸਭ ਤੋਂ ਮਹਾਨ ਹੋ, ਸਾਰਿਆ ਦੇ ਪੂਜਣਯੋਗ ਹੈ। ਤੁਸੀਂ ਇਕੱਲੇ ਹੀ ਪੂਜਾਯੋਗ ਹੋ।

(**ओंम जन**) ਹੇ ਈਸ਼ਵਰ! ਤੁਸੀਂ ਹੀ ਸਾਰੇ ਜਗਤ ਦੇ ਉਤਪਾਦਕ ਹੋ, ਸਾਰਿਆ ਨੂੰ ਜੀਵਨ ਦੇਣ ਵਾਲੇ ਹੋ।

(**ओंम तप**) ਹੇ ਈਸ਼ਵਰ! ਆਪ ਤਪ ਸਰੂਪ ਹੋ। ਦੁਸ਼ਟਾਂ ਦੇ ਸੰਤਾਪਕ ਅਤੇ ਦੁਸ਼ਟ ਭਾਵਨਾਵਾਂ ਦੇ ਵਿਨਾਸ਼ਕ ਹੋ। ਸਾਰਿਆ ਸੁਖਾਂ ਨਾਲ ਭਰਪੂਰ ਹੋ।

(**ओम् सत्यम**) ਹੇ ਈਸ਼ਵਰ! ਆਪ ਸਤਸਰੂਪ ਹੋ ਅਵਿਨਾਸ਼ੀ ਹੋ, ਉਤਮ ਲੋਕਾਂ ਦੁਆਰਾ ਪੂਜਾਯੋਗ ਅਤੇ ਉਸਤਤਯੋਗ ਹੋ। ਮੈਂ ਇੰਨ੍ਹਾਂ ਗੁਣਾਂ ਨਾਲ ਭਰਪੂਰ ਈਸ਼ਵਰ ਦੀ ਪੂਜਾ ਕਰਦਾ ਹਾਂ ਅਤੇ ਉਸਦੀ ਪ੍ਰੇਰਨਾ ਨਾਲ ਸਾਰਿਆਂ ਦੋਸ਼ਾਂ ਦਾ ਤਿਆਗ ਕਰਦਾ ਹਾਂ।"[191]

ਪ੍ਰਾਰਥਨਾ ਕਰਨ ਦਾ ਇਹ ਰੂਪ ਜਿਥੇ ਮਨੁੱਖ ਅੰਦਰ ਆਪਣੀ ਹੋਂਦ ਦੀ ਸੋਝੀ ਕਰਵਾਉਂਦਾ ਹੈ ਉਥੇ ਪਰਮਾਤਮਾ ਦੇ ਵਡੱਪਣ ਦਾ ਵੀ ਅਹਿਸਾਸ ਕਰਵਾਉਂਦਾ ਹੈ, ਕਿਉਂਕਿ ਪ੍ਰਾਰਥਨਾ ਕਰਨ ਯੋਗ ਅਤੇ ਉਸਨੂੰ ਪੂਰੀ ਕਰਨ ਦੀ ਸਮਰੱਥਾ ਉਸੇ ਵਿਚ ਹੈ। ਉਸ ਤੋਂ ਬਿਨਾਂ ਕੋਈ ਵੀ ਅਜਿਹਾ ਕਰ ਨਹੀਂ ਸਕਦਾ। ਸੋ ਪੂਜਾਯੋਗ, ਪ੍ਰਾਰਥਨਾਯੋਗ ਉਸ ਪਰਮੇਸ਼ਵਰ ਦੀ ਸ਼ਰਨ ਵਿਚ ਹੀ ਸਾਰੇ ਸੁਖਾਂ ਦੀ ਪ੍ਰਾਪਤੀ ਅਤੇ ਦੁਖਾਂ ਦਾ ਨਾਸ਼ ਸੰਭਵ ਹੈ।

### 3.1.5.3 ਯੱਗ ਨੂੰ ਸੰਪੂਰਨ ਕਰਨ ਲਈ ਪ੍ਰਾਰਥਨਾ

ओं यदस्य कर्मणोज त्यरीरिचं यद्धा न्यूनमिहाकरम्। अग्निष्टत्
स्विष्टकृद् विद्यात् सर्व स्विष्टं सुहुतं करोतु मे। अग्नये स्विष्टकृते
सुहुतहुते सर्वप्रायश्चित्ताहुतीनां कामानां समर्द्धयित्रे सर्वात्र:
कामान्त्समर्द्धय स्वाहा।। इदमग्नये स्विष्टकृते-इदत्र मम।।[192]

---

[190] तै. प्र. 10 अनु.21.7.
[191] आचार्य सत्यानन्द, *वैदिक नित्यकरम ऐवम पञ्चमहांयज्ञ विधि* पन्ना 37.
[192] तुलनार्थद्र. अ. गृ. 1.2.8. आश्व. 1.10.22. शत. 14.9.4.24

ਵੈਦਿਕ ਕਾਲ ਸਮੇਂ ਯੱਗ ਦਾ ਵਿਧਾਨ ਬੜਾ ਪ੍ਰਬਲ ਸੀ ਉਦੋਂ ਮੂਰਤੀਆਂ ਅਤੇ ਮੰਦਰਾਂ ਦੀ ਅਣਹੋਂਦ ਸੀ ਅਤੇ ਰਿਸ਼ੀ ਦੇਵਤਿਆ ਅੱਗੇ ਆਹੂਤੀਆਂ ਖੁੱਲ੍ਹੇ ਆਸਮਾਨ ਥੱਲੇ ਅਤੇ ਕੁਦਰਤ ਨਾਲ ਇਕ ਮਿਕ ਹੋ ਕੇ ਦਿੰਦੇ ਸਨ। ਇਹ ਪ੍ਰਾਰਥਨਾ ਯੱਗ ਦੀ ਸੰਪੂਰਨਤਾ ਵੱਲ ਇਸ਼ਾਰਾ ਕਰਦੀ ਹੈ। "ਹੇ ਸਰਵਰੱਖਿਅਕ ਪਰਮਾਤਮਾ! ਇਸ ਯੱਗ ਕਰਮ ਦੇ ਅਨੁਸ਼ਠਾਨ ਵਿਚ ਜਿਹੜੀ ਕਿਸੇ ਵਿਧੀ ਦੀ ਘਾਟ ਰਹਿ ਗਈ ਹੈ ਅਤੇ ਇਸ ਕਰਮ ਵਿਚ ਜੋ ਕੁਝ ਘਾਟ ਮੇਰੇ ਵਿਚ ਰਹਿ ਗਈ ਹੈ, ਦੋਸ਼ਨਿਵਾਰਕ, ਗਿਆਨਪ੍ਰਕਾਸ਼ ਸਰੂਪ ਅਤੇ ਇੱਛਾਵਾਂ ਨੂੰ ਭਲੀ-ਭਾਂਤ ਸੰਪੂਰਨ ਕਰਨ ਵਾਲੇ ਪਰਮਾਤਮਾ! ਮੇਰੇ ਦੁਆਰਾ ਕੀਤਾ ਗਿਆ ਸਾਰਾ ਯੱਗ ਸ਼ਰਧਾ-ਆਸਥਾ ਨਾਲ ਕੀਤਾ ਜਾਣ ਕੇ ਅਤੇ ਮੰਨ ਕੇ ਉਸ ਯੱਗ ਕਰਮ ਨੂੰ ਆਹੂਤੀ ਦਿੱਤਾ ਹੋਇਆ ਮੰਨ ਕੇ ਅਰਥਾਤ ਯੱਗ ਦੇ ਲਕਸ਼ ਨੂੰ ਪ੍ਰਾਪਤ ਕਰਨ ਵਾਲਾ ਬਣਾਉ। ਮੈਂ ਇਸ ਭਾਵਨਾ ਨਾਲ ਦੋਸ਼ਨਿਵਾਰਕ, ਗਿਆਨ ਪ੍ਰਕਾਸ਼ ਸਰੂਪ, ਸ਼ਰਧਾ ਆਸਥਾ ਨਾਲ ਅਨੁਸ਼ਠਿਤ ਯੱਗ ਨੂੰ ਸਫਲ ਬਨਾਉਣ ਵਾਲੇ, ਚੰਗੀ ਤਰ੍ਹਾਂ ਦਿੱਤੀਆਂ ਗਈਆਂ ਆਹੂਤੀਆਂ ਨੂੰ ਨਿਸ਼ਾਨੇ ਤੱਕ ਪੁਚਾਉਣ ਵਾਲੇ। ਸਾਰੀਆਂ ਕਾਮਨਾਵਾਂ ਦੇ ਫਲ ਨੂੰ ਦੇ ਕੇ ਵਧਾਉਣ ਵਾਲੇ ਪਰਮਾਤਮਾ ਲਈ ਇਹ ਆਹੂਤੀ ਦੇ ਫ਼ਲ ਨੂੰ ਦੇ ਕੇ ਵਧਾਉਣ ਵਾਲੇ ਪਰਮਾਤਮਾ ਲਈ ਇਹ ਆਹੂਤੀ ਦਿੰਦਾ ਹਾਂ। ਉਹ ਸਾਡੀ ਪ੍ਰਾਰਥਨਾ ਤੇ ਸਾਡੀਆਂ ਸਾਰੀਆਂ ਮਨੋਕਾਮਨਾਵਾਂ ਨੂੰ ਪੂਰਨ ਕਰਕੇ ਸਾਨੂੰ ਉਨਤ ਕਰਨ। ਇਹ ਆਹੂਤੀ ਦੋਸ਼ਨਿਵਾਰਕ, ਗਿਆਨ ਪ੍ਰਕਾਸ਼ ਸਰੂਪ ਯੱਗ ਨੂੰ ਸਫਲ ਬਨਾਉਣ ਵਾਲੇ ਪਰਮਾਤਮਾ ਲਈ ਹੈ, ਇਹ ਮੇਰੀ ਨਹੀਂ ਹੈ।"[193] ਯੱਗ ਕਰਨ ਸਮੇਂ ਆਪਣੀਆਂ ਮੰਗਾਂ ਦੇ ਨਾਲ-ਨਾਲ ਪਰਮਾਤਮਾ ਜਾ ਸੰਬੰਧਿਤ ਦੇਵਤੇ ਦੇ ਉਸਤਤ ਅਤੇ ਨਾਲ ਹੀ ਯੱਗ ਦੀ ਸੰਪੂਰਤਨਾ ਲਈ ਵੀ ਪ੍ਰਾਰਥਨਾ ਕੀਤੀ ਜਾ ਰਹੀ ਹੈ।

### 3.1.6 ਪ੍ਰਮੁੱਖ ਵੈਦਿਕ ਦੇਵਤਿਆਂ ਅੱਗੇ ਪ੍ਰਾਰਥਨਾਵਾਂ:

ਵੇਦਾਂ ਦੀਆਂ ਇਹਨਾਂ ਪ੍ਰਾਰਥਨਾਵਾਂ ਤੋਂ ਇਲਾਵਾ ਵੱਖ-ਵੱਖ ਪ੍ਰਮੁੱਖ ਵੈਦਿਕ ਦੇਵਤਿਆਂ ਅੱਗੇ ਕੀਤੀਆਂ ਜਾਣ ਵਾਲੀਆਂ ਪ੍ਰਾਰਥਨਾਵਾਂ ਦਾ ਜ਼ਿਕਰ ਵੀ ਕੀਤਾ ਜਾ ਰਿਹਾ ਹੈ। ਜਿਸ ਵਿੱਚ ਦੇਵਤਿਆਂ ਦੀ ਉਸਤਤ ਕੀਤੀ ਗਈ ਹੈ। ਇਹ ਦੇਵਤੇ ਆਪਣੇ ਮੰਨਣ ਵਾਲਿਆਂ ਦੀਆਂ ਪ੍ਰਾਰਥਨਾਵਾਂ ਪੂਰੀਆਂ ਕਰਦੇ ਹਨ। ਇਹਨਾਂ ਪ੍ਰਾਰਥਨਾਵਾਂ ਵਿੱਚ ਪ੍ਰਮੁੱਖ ਦੇਵਤਿਆਂ ਦੀਆਂ ਉਸਤਤ ਰੂਪੀ ਪ੍ਰਾਰਥਨਾਵਾਂ ਹਨ, ਭਾਵ ਉਹਨਾਂ ਦੀ ਉਸਤਤ ਕਰਦੇ ਹੋਏ ਆਪਣੇ ਮਨ ਦੀਆਂ ਭਾਵਨਾਵਾਂ ਨੂੰ ਬਿਆਨ ਕੀਤਾ ਗਿਆ ਹੈ।

ਦੇਵਤਾ ਉਹ ਹੈ ਜੋ ਕੁਝ ਨਾ ਕੁਝ ਦੇਣ ਦੇ ਸਮੱਰਥ ਹੈ। ਇਸ ਕਰ ਕੇ ਦੇਵਤਿਆਂ ਅੱਗੇ ਪ੍ਰਾਰਥਨਾਵਾਂ ਕੀਤੀਆਂ ਜਾਂਦੀਆਂ ਹਨ ਤਾਂ ਕਿ ਲੋੜੀਂਦੀਆ ਵਸਤਾਂ ਦੀ ਪੂਰਤੀ ਕਰ ਕੇ ਉਹ ਸਾਡੇ ਜੀਵਨ ਦੀਆਂ ਔਕੜਾ ਨੂੰ ਦੂਰ ਕਰ ਦੇਣ। ਦੇਵਤਿਆਂ ਤੋਂ ਲੈਣ ਦਾ ਜੋ ਵਿਧੀ-ਵਿਧਾਨ ਦੱਸਿਆ ਗਿਆ ਹੈ, ਉਸ ਅਨੁਸਾਰ ਦੇਵਤੇ ਨੂੰ ਪਹਿਲਾਂ ਖੁਸ਼ ਕੀਤਾ ਜਾਂਦਾ ਹੈ ਕਿ ਫਿਰ ਉਸ ਤੋਂ ਮਨੋਕਾਮਨਾਵਾਂ ਦੀ ਪੂਰਤੀ ਲਈ ਪ੍ਰਾਰਥਨਾ ਕੀਤੀ ਜਾਂਦੀ ਹੈ। ਦੇਵਤੇ ਨੂੰ ਖੁਸ਼ ਕਰਨ ਦਾ ਸਾਧਨ ਹੈ ਕਿ ਪਹਿਲਾਂ ਉਸ ਨੂੰ ਉਸ ਦਾ ਮਨ ਪਸੰਦ ਭੋਜਨ ਅਰਪਣ ਕੀਤਾ ਜਾਂਦਾ ਹੈ ਫਿਰ ਉਸ ਅੱਗੇ ਪ੍ਰਾਰਥਨਾ ਕੀਤੀ ਜਾਂਦੀ ਹੈ। ਹਰ ਦੇਵਤੇ ਦਾ ਭੋਜਨ ਵੱਖ-ਵੱਖ ਤਰ੍ਹਾਂ ਦਾ ਹੈ ਜਿਵੇਂ ਅਗਨੀ ਦਾ ਮਨਪਸੰਦ ਭੋਜਨ ਹੈ -ਵਧੀਆ ਲੱਕੜਾਂ, ਘਿਉ, ਮੱਖਣ ਤੇ

[193] आचार्य सत्यानन्द, *वैदिक नित्यकरम ऐवम पञ्चमहांयज्ञ विधि,* पन्ना 165-66.

ਇੰਦਰ ਦਾ ਸਰਬੋਤਮ ਆਹਾਰ ਹੈ ਸਮੋਰਸ ਆਦਿ। ਹਰ ਦੇਵਤੇ ਤੱਕ ਉਸ ਦਾ ਮਨਪਸੰਦ ਭੋਜਨ ਪਹੁੰਚਾਉਣ ਦਾ ਸਾਧਨ ਹੈ ਅਗਨੀ। ਜਿਸ ਦੇਵਤੇ ਦਾ ਨਾਂ ਲੈ ਕੇ ਅਗਨੀ ਵਿਚ ਜੋ ਵੀ ਚੀਜ਼ ਪਾਈ ਜਾਂਦੀ ਹੈ ਉਹ ਉਸ ਦੇਵਤੇ ਤੱਕ ਪਹੁੰਚ ਜਾਂਦੀ ਹੈ। ਅਗਨੀ ਨੂੰ ਪ੍ਰਿਥਵੀ ਲੋਕ ਵਿਚ ਰਹਿੰਦੇ ਮਨੁੱਖਾਂ ਅਤੇ ਪਿਤਰ ਲੋਕ ਵਿਚ ਰਹਿੰਦੇ ਉਹਨਾਂ ਦੇ ਬਜ਼ੁਰਗਾਂ ਦਾ ਸਾਧਨ ਮੰਨਿਆ ਜਾਂਦਾ ਹੈ। ਪਿਤਰਾਂ ਦਾ ਸਨਮਾਨ ਕਰਨ ਲਈ ਦੇਵਤਿਆਂ ਅੱਗੇ ਭੇਟਾਵਾਂ ਅਰਪਣ ਕੀਤੀਆਂ ਜਾਂਦੀਆ ਹਨ।"[194] ਦੇਵਤਾ ਉਹ ਹੈ ਜੋ ਦੀਵੇ ਵਾਂਗ ਰੋਸ਼ਨੀ ਵੰਡਦਾ ਹੈ ਅਤੇ ਜਿਸ ਕੋਲ ਖਾਸ ਸ਼ਕਤੀਆਂ ਹਨ, ਉਹ ਉਹਨਾਂ ਸ਼ਕਤੀਆਂ ਨਾਲ ਆਪਣੇ ਮੰਨਣ ਵਾਲਿਆ ਨੂੰ ਭਰਪੂਰ ਕਰਦਾ ਹੈ।

### 3.1.6.1 ਬ੍ਰਹਮਾ ਜੀ ਲਈ ਪ੍ਰਾਰਥਨਾ

**नमोऽ स्वन्ताय विशुद्धचेत से स्वरूपरूपाय सहस्त्रबाहवे।**

**सहस्त्ररश्मिप्रभवाय वेधसे विशालदेहाय विृद्धकर्मण।**

**समस्तविश्वार्तिहाय शम्भवे समस्तसूर्या नलतिग्मतेजसे।**

**नमोऽस्तुबधावितताय चक्रिणे समस्तधीनस्थानकृते सदा नमः।।**[195]

ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਸੰਸਕ੍ਰਿਤ ਪੰਜਾਬੀ ਕੋਸ਼ ਵਿਚ ਬ੍ਰਹਮਾ ਬਾਰੇ ਇੰਝ ਬਿਆਨ ਕੀਤਾ ਹੈ, "ਤਿੰਨ ਦੇਵਤਿਆਂ (ਬ੍ਰਹਮਾ, ਵਿਸ਼ਨੂੰ, ਮਹੇਸ਼) ਵਿਚੋਂ ਪਹਿਲੇ ਦਾ ਨਾਮ।"[196]

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ, "ਬ੍ਰਹਮਾ, ਚਤੁਰਾਨਨ, ਪਿਤਾਮਹ, ਪੁਰਾਣਾਂ ਅਨੁਸਾਰ ਜਗਤ ਰਚਨਾ ਵਾਲਾ ਦੇਵਤਾ, ਜਿਸਦੀ ਤਿੰਨ ਦੇਵਤਿਆਂ ਵਿਚ ਗਿਣਤੀ ਹੈ।"[197]

ਬ੍ਰਹਮਾ ਜੋ ਤਿੰਨ ਦੇਵਤਿਆਂ ਵਿਚ ਗਿਣਿਆ ਜਾਂਦਾ ਹੈ, ਚਹੁੰ ਦਿਸ਼ਾਵਾਂ ਦਾ ਗਿਆਨ ਹੋਣ ਕਾਰਣ ਉਹਨਾਂ ਦੇ ਚਾਰ ਮੁਖ ਮੰਨੇ ਜਾਂਦੇ ਹਨ। ਵੇਦਾਂ ਦੇ ਪੈਦਾ ਕਰਨ ਵਾਲਾ ਦੇਵਤਾ ਵੀ ਇਹੋ ਹੈ। ਸ੍ਰਿਸ਼ਟੀ ਨੂੰ ਵੀ ਬ੍ਰਹਮਾ ਹੀ ਪੈਦਾ ਕਰਦੇ ਹਨ।"ਜਿੰਨ੍ਹਾਂ ਦਾ ਕਦੇ ਅੰਤ ਨਹੀਂ ਹੁੰਦਾ, ਜੋ ਸ਼ੁੱਧ ਚਿੱਤ ਅਤੇ ਆਤਮਾ ਸਰੂਪ ਹਨ। ਜਿੰਨ੍ਹਾਂ ਦੀਆਂ ਹਜ਼ਾਰਾ ਬਾਹਵਾਂ ਹਨ। ਜੋ ਹਜ਼ਾਰਾ ਕਿਰਨਾਂ ਵਾਲੇ ਸੂਰਜ ਦੀ ਵੀ ਉਤਪਤੀ ਦੇ ਕਾਰਣ ਹਨ। ਜਿੰਨ੍ਹਾਂ ਦਾ ਸਰੀਰ ਵਿਸ਼ਾਲ ਅਤੇ ਕਰਮ ਅਤਿਅੰਤ ਸ਼ੁੱਧ ਹਨ। ਉਸ ਸ੍ਰਿਸ਼ਟੀਕਰਤਾ ਬ੍ਰਹਮਾ ਜੀ ਨੂੰ ਨਮਸਕਾਰ ਹੈ। ਜੋ ਸਾਰੇ ਸੰਸਾਰ ਦੇ ਦੁਖ ਦੂਰ ਕਰਨ ਵਾਲੇ, ਕਲਿਆਣਕਾਰੀ, ਹਜ਼ਾਰਾ ਸੂਰਜਾਂ ਅਤੇ ਅਗਨੀ ਦੀ ਤਰ੍ਹਾਂ ਪ੍ਰਚੰਡ ਤੇਜੱਸਵੀ, ਸਾਰੀਆਂ ਵਿਦਿਆਵਾਂ ਦੇ ਆਧਾਰ ਚਕਰਧਾਰੀ ਅਤੇ ਸਾਰੀਆਂ ਗਿਆਨ ਇੰਦਰੀਆਂ ਦੇ ਵਿਚ ਸਥਿਤ ਹਨ, ਉਹਨਾਂ ਬ੍ਰਹਮਾ ਜੀ ਨੂੰ ਸਦਾ ਨਮਸਕਾਰ ਹੈ।"[198] ਕਿਸੇ ਵੀ ਦੇਵਤੇ ਦੀ ਉਸਤਤ ਕਰਦੇ ਸਮੇਂ ਉਸਨੂੰ ਸਾਰੀਆਂ ਸ਼ਕਤੀਆਂ ਦਾ ਸੁਆਮੀ ਬਣਾਇਆ ਜਾਂਦਾ ਹੈ। ਬ੍ਰਹਮਾ ਜੀ ਦੀ ਪ੍ਰਾਰਥਨਾ ਕਰਦਿਆਂ ਉਹਨਾਂ ਦੀ ਉਸਤਤ ਬੜੇ ਸੁੰਦਰ ਢੰਗ ਨਾਲ ਬਿਆਨੀ ਹੈ। ਇਸ ਪ੍ਰਾਰਥਨਾ ਵਿਚ ਬ੍ਰਹਮਾ ਜੀ ਦੇ ਗੁਣਾਂ ਦਾ ਗਾਨ ਕੀਤਾ ਗਿਆਨ ਹੈ। ਉਹਨਾਂ ਨੂੰ ਪਰਮੇਸ਼ਵਰ ਦਾ ਦਰਜਾ ਦਿੱਤਾ ਹੈ।

---

[194] ਡਾ.ਪਰਮਵੀਰ ਸਿੰਘ, ਡਾ.ਪਰਦੁਮਨ ਸ਼ਾਹ ਸਿੰਘ, *ਭਾਰਤ ਦੇ ਪ੍ਰਮੁਖ ਧਰਮ*, ਪੰਨਾ 23.

[195] आचार्य अशोक सहजानन्द, *ग्रह शाँति दीपिका*, पन्ना 129.

[196] ਸੰਪਾ. ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼*, ਪੰਨਾ 602.

[197] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 897.

[198] आचार्य अशोक सहजानन्द, *ग्रह शाँति दीपिका*, पन्ना 129.

### 3.1.6.2 ਭਗਵਾਨ ਸ਼ੰਕਰ ਲਈ ਪ੍ਰਾਰਥਨਾ

"(ॐ) नम: शम्भवाय च मयोभवाय च नम: शंकराय च मयस्कराय च

नम: शिवाय च शिबतराय च ।।

"ਕਲਿਆਣ ਅਤੇ ਸੁਖ ਦੇ ਮੂਲ ਸ੍ਰੋਤ ਭਗਵਾਨ ਸ਼ਿਵ ਨੂੰ ਨਮਸਕਾਰ ਹੈ। ਕਲਿਆਣ ਅਤੇ ਸੁਖ ਦਾ ਵਿਸਤਾਰ ਕਰਨ ਵਾਲੇ ਭਗਵਾਨ ਸ਼ਿਵ ਨੂੰ ਨਸਮਕਾਰ ਹੈ। ਸੁਖਦਾਈ ਰੂਪ ਅਤੇ ਸੁਖਾਂ ਦੀ ਖਾਣ ਭਗਵਾਨ ਸ਼ਿਵ ਨੂੰ ਨਸਮਕਾਰ ਹੈ।"[199]

ਡਾ.ਪਰਮਵੀਰ ਸਿੰਘ ਅਤੇ ਡਾ.ਪਰਦੁਮਨ ਸ਼ਾਹ ਸਿੰਘ ਆਪਣੀ ਰਚਨਾ ਭਾਰਤ ਦੇ ਪ੍ਰਮੁਖ ਧਰਮ ਵਿਚ ਰੁਦਰ ਦਾ ਜ਼ਿਕਰ ਇਸ ਪ੍ਰਕਾਰ ਕਰਦੇ ਹਨ, "ਪੁਰਾਣਾਂ ਵਿਚ ਰੁਦਰ ਦਾ ਵਿਸਤ੍ਰਿਤ ਵਰਨਨ ਮਿਲਦਾ ਹੈ ਪਰ ਰਿਗਵੇਦ ਵਿਚ ਇਸ ਦਾ ਬਹੁਤ ਘੱਟ ਜ਼ਿਕਰ ਆਇਆ ਹੈ। ਕੇਵਲ ਤਿੰਨ ਸੂਕਤਾਂ ਵਿਚ ਰੁਦਰ ਦਾ ਵਰਨਨ ਮਿਲਦਾ ਹੈ। ਰਿਗਵੇਦ ਤੋਂ ਇਲਾਵਾ ਦੂਜੇ ਵੇਦਾਂ ਵਿਚ ਵੀ ਰੁਦਰ ਦਾ ਜ਼ਿਕਰ ਕੀਤਾ ਗਿਆ ਹੈ। ਰੁਦਰ ਨੂੰ ਸ਼ਿਵ ਦਾ ਦੂਜਾ ਰੂਪ ਮੰਨਿਆ ਜਾਂਦਾ ਹੈ ਅਤੇ ਕਈ ਵਾਰ ਇਹ ਵੀ ਕਿਹਾ ਜਾਂਦਾ ਹੈ ਕਿ ਸ਼ਿਵ ਜੀ ਦਾ ਪੁਰਾਤਨ ਨਾ ਹੀ ਰੁਦਰ ਹੈ। ਇਸ ਨੂੰ ਮੌਤ ਦਾ ਦੇਵਤਾ ਮੰਨਿਆ ਜਾਂਦਾ ਹੈ। ਇਸ ਕਰਕੇ ਲੋਕ ਇਸ ਤੋਂ ਡਰਦੇ ਹਨ ਪਰ ਇਸ ਦੀ ਭਗਤੀ ਕਰਕੇ ਲੋਕ ਮਨ-ਇੱਛਤ ਮੁਰਾਦਾਂ ਵੀ ਪਾਉਂਦੇ ਹਨ।

ਵੇਦਾਂ ਵਿਚ ਰੁਦਰ ਨੂੰ ਭੈਅਭੀਤ ਕਰਨ ਵਾਲੇ ਦੇਵਤੇ ਵਜੋਂ ਚਿਤਰਿਆ ਗਿਆ ਪਰ ਜੇਕਰ ਇਹ ਕ੍ਰਿਪਾ ਕਰ ਦੇਵੇ ਤਾਂ ਉਮਰ ਲੰਮੀ ਵੀ ਹੋ ਸਕਦੀ ਹੈ। ਯਜੁਰਵੇਦ ਵਿਚ ਵਸ਼ਿਸ਼ਟ ਰਿਸ਼ੀ ਨੂੰ ਰੁਦਰ ਅੱਗੇ ਪ੍ਰਾਰਥਨਾ ਕਰਦੇ ਦਰਸਾਇਆ ਗਿਆ ਹੈ। ਰੁਦਰ ਤੋਂ ਮੁਕਤੀ ਦੀ ਇੱਛਾ ਪ੍ਰਗਟ ਕੀਤੀ ਗਈ ਹੈ। ਇਸ ਮੰਤਰ ਨੂੰ ਮਹਾਮ੍ਰਿਤਿਉਂਜੈ ਮੰਤਰ ਕਿਹਾ ਜਾਂਦਾ ਹੈ ਅਤੇ ਲੰਮੀ ਉਮਰ ਵਾਸਤੇ ਇਸ ਮੰਤਰ ਦਾ ਪਾਠ ਕੀਤਾ ਜਾਂਦਾ ਹੈ।

ਰੁਦਰ ਦਾ ਅਰਥ ਰੋਣ ਤੋਂ ਵੀ ਲਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਸ਼ਿਵ ਜੀ ਆਪਣਾ ਇਕ ਦੁਨਿਆਵੀ ਅਵਤਾਰ ਧਾਰਨ ਕਰਨ ਸਮੇਂ ਬਹੁਤ ਰੋਏ ਸਨ ਬ੍ਰਹਮਾ ਜੀ ਨੇ ਇਹਨਾਂ ਦਾ ਨਾਂ ਰੁਦਰ ਰੱਖ ਦਿੱਤਾ ਸੀ। ਇਸ ਤਰ੍ਹਾਂ ਰੁਦਰ ਦਾ ਨਾਂ ਜ਼ਿਆਦਾ ਰੋਣ ਕਾਰਨ ਪਿਆ ਵੀ ਮੰਨਿਆ ਜਾਂਦਾ ਹੈ। ਯੁਜਰਵੇਦ ਦੇ ਸੋਲ੍ਹਵੇਂ ਅਧਿਆਇ ਵਿਚ ਕੇਵਲ ਰੁਦਰ ਦੇਵਤਾ ਅੱਗੇ ਹੀ ਪ੍ਰਾਰਥਨਾ ਕੀਤੀ ਗਈ ਹੈ ਜਿਸ ਤੋਂ ਇਸ ਦੇ ਅਨੇਕ ਰੂਪਾਂ ਦਾ ਪਤਾ ਲਗਦਾ ਹੈ। ਸ਼ੁਰੂ ਵਿਚ ਰੁਦਰ ਨੂੰ ਨਮਸਕਾਰ ਕਰਦੇ ਹੋਏ ਇਸ ਨੂੰ ਕਲਿਆਣਕਾਰੀ, ਸਰਲ, ਸ਼ਾਂਤ ਅਤੇ ਪਰਬਤਾਂ ਦਾ ਵਾਸੀ ਕਿਹਾ ਗਿਆ ਹੈ। ਫਿਰ ਉਸ ਅੱਗੇ ਪ੍ਰਾਰਥਨਾ ਕੀਤੀ ਗਈ ਹੈ ਕਿ ਉਹ ਪੁਰਸ਼ਾਂ ਦੀ ਹਿੰਸਾ ਨਾ ਕਰੇ। ਇਥੇ ਰੁਦਰ ਨੂੰ ਪ੍ਰਥਮ ਦੈਵੀ ਭਿਸ਼ਕ ਜਾਂ ਵੈਦ ਕਿਹਾ ਗਿਆ ਹੈ। ਇਸ ਅੱਗੇ ਪ੍ਰਾਰਥਨਾ ਕਰਦੇ ਹੋਏ ਕਿਹਾ ਗਿਆ ਹੈ ਕਿ ਇਸ ਸਾਰੇ ਦੁਸ਼ਟਾਂ ਨੂੰ ਸਾਡੇ ਤੋਂ ਪਰਾਂ ਰੱਖੇ। ਯਜੁਰਵੇਦ ਦੇ ਏਸੇ ਅਧਿਆਇ ਤੋਂ ਪਤਾ ਲਗਦਾ ਹੈ ਕਿ ਰੁਦਰਾਂ ਦੀ ਗਿਣਤੀ ਬਹੁਤ ਹੈ, ਪੁਰਾਣਾਂ ਵਿਚ ਇਹਨਾਂ ਦੀ ਗਿਣਤੀ ਗਿਆਰਾਂ ਦੱਸੀ ਗਈ ਹੈ। ਪਰ ਇਸ ਵੇਦ ਵਿਚ ਗਿਣਤੀ ਤੋਂ ਇਲਾਵਾਂ ਰੁਦਰ

---

[199] आचार्य अशोक सहजानन्द, *ग्रह शाँति दीपिका*, पन्ना 129.

ਦੇ ਵੱਖ-ਵੱਖ ਰੰਗਾਂ ਦਾ ਵਰਨਨ ਵੀ ਕੀਤਾ ਗਿਆ ਹੈ ਕਿ ਇਹ ਨੀਲੀ ਗਰਦਨ ਅਤੇ ਲਾਲ ਰੰਗ ਵਾਲਾ ਹੈ। ਇਸ ਦੇ ਭਿਆਨਕ ਰੂਪ ਦਾ ਚਿਤਰਨ ਇਸ ਤੋਂ ਖੌਫ਼ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਤੋਂ ਡਰਦੇ ਹੋਏ ਲੋਕ ਇਸਦੀ ਉਸਤਤ ਕਰਦੇ ਹਨ। ਰੁਦਰ ਦੇ ਸੁਭਾਉ ਵਿਚ ਦਯਾ ਦੀ ਭਾਵਨਾ ਦਾ ਪ੍ਰਗਟਾਵਾ ਵੀ ਕੀਤਾ ਗਿਆ ਹੈ ਕਿ ਜੇਕਰ ਉਹ ਕ੍ਰਿਪਾ ਕਰੇ ਤਾਂ ਸ਼ਾਂਤੀ ਕਾਇਮ ਰਹਿ ਸਕਦੀ ਹੈ। ਯਜੁਰਵੇਦ ਵਿਚ ਹੀ ਪ੍ਰਜਾਪਤੀ ਰਿਸ਼ੀ ਨੂੰ ਰੁਦਰ ਅੱਗੇ ਇਹ ਪ੍ਰਾਰਥਨਾ ਕਰਦੇ ਹੋਏ ਦਰਸਾਇਆ ਗਿਆ ਹੈ ਕਿ ਸ਼ਾਂਤੀ ਦੇਣ ਵਾਲੇ, ਸੁਖ ਪ੍ਰਦਾਨ ਕਰਨ ਵਾਲੇ ਸ਼ਿਵ ਨੂੰ ਨਮਸਕਾਰ ਹੈ।"[200]

### 3.1.6.3 ਭਗਵਾਨ ਸ੍ਰੀ ਰਾਮ ਜੀ ਅੱਗੇ ਪ੍ਰਾਰਥਨਾ

ॐ नमो भगवते उत्तमश्लोकाय नम: आर्यलक्षणशीलव्रताय नम: उपशिक्षितात्मन
उपासितलोकाय नम: साधुवादनिकषणाय नमो ब्रह्मण्डदेवाय महापुरुषाय महाराजाय नम इति।।

"ਅਸੀਂ ਓਂਕਾਰ ਸਰੂਪ ਪਵਿਤਰ ਸਰੂਪ ਭਗਵਾਨ ਸ੍ਰੀਰਾਮ ਨੂੰ ਨਮਸਕਾਰ ਕਰਦੇ ਹਾਂ। ਤੁਹਾਡੇ ਵਿਚ ਸਤਪੁਰਖਾਂ ਦੇ ਲੱਛਣ, ਸ਼ੀਲ ਅਤੇ ਆਚਰਣ ਵਿਦਮਾਨ ਹੈ, ਤੁਸੀਂ ਬਹੁਤ ਹੀ ਸ਼ਾਂਤਚਿਤ, ਲੋਕਾਂ ਦੀ ਆਰਾਧਣਾ ਯੋਗ, ਸਾਧੂਤਵ ਦੀ ਪਰਖ ਲਈ ਕਸੌਟੀ ਦੀ ਤਰ੍ਹਾਂ ਅਤਿਅੰਤ ਬ੍ਰਾਹਮਣ ਭਗਤ ਹੋ। ਅਜਿਹੇ ਮਹਾਂਪੁਰਖ ਮਹਾਰਾਜ ਰਾਮ ਨੂੰ ਸਾਡਾ ਵਾਰ-ਵਾਰ ਪ੍ਰਣਾਮ ਹੈ।"[201]ਭਗਵਾਨ ਸ੍ਰੀ ਰਾਮ ਤ੍ਰੇਤੇ ਯੱਗ ਦੇ ਅਨੁਸਾਰ ਹੋਏ ਹਨ, ਜੋ ਅਯੁੱਧਿਆ ਵਿਚ ਜਨਮੇ ਸਨ ਆਪ ਨੂੰ ਮਰਯਾਦਾ ਪੁਰਸ਼ੋਤਮ ਕਿਹਾ ਜਾਂਦਾ ਹੈ ਆਪ ਨੇ ਰਾਵਣ ਨੂੰ ਮਾਰ ਕੇ ਧਰਤੀ ਦਾ ਭਾਰ ਹੌਲਾ ਕੀਤਾ ਸੀ। ਵੈਸ਼ਨਵ ਮੱਤ ਦੇ ਪ੍ਰਸਾਰ ਸਮੇਂ ਆਪ ਦੀ ਪੂਜਾ ਹੋਣ ਲੱਗੀ। ਤੁਲਸੀ ਦਾਸ ਰਚਿਤ 'ਰਾਮ ਚਰਿਤ ਮਾਨਸ' ਵਿਚ ਆਪ ਦੀ ਉਪਮਾ ਬਿਆਨ ਕੀਤੀ ਗਈ ਹੈ। ਅਜੋਕੇ ਸਮੇਂ ਦੇ ਹਿੰਦੂ ਧਰਮ ਵਿਚ ਆਪ ਨੂੰ ਪ੍ਰਮੁੱਖ ਰੂਪ ਵਿਚ ਹਿੰਦੂ ਅਵਤਾਰ ਵਜੋਂ ਪੂਜਿਆ ਜਾਂਦਾ ਹੈ।

### 3.1.6.4 ਦੇਵਗੁਰੂ ਬ੍ਰਹਿਸਪਤੀ ਲਈ ਪ੍ਰਾਰਥਨਾ

"देवानां च ऋषीणां च गुरुं काञ्चनसंनिभम्। बुद्धिभूतं त्रिलोकेशं तं नमानि बृहस्पतिम्।।

ਜੋ ਸਾਰੇ ਦੇਵਤਿਆਂ ਅਤੇ ਰਿਸ਼ੀਆਂ ਨੂੰ ਗਿਆਨ ਪ੍ਰਦਾਨ ਕਰਨ ਵਾਲੇ ਹਨ, ਜੋ ਸ਼ੁੱਧ ਸੋਨੇ ਦੇ ਵਾਂਗ ਹਨ ਅਤੇ ਪਰਮ ਬੁੱਧੀਵਾਨ ਹਨ, ਜਿਹੜੇ ਤਿੰਨਾਂ ਲੋਕਾਂ ਦੇ ਸੁਆਮੀ ਹਨ ਉਸ ਬ੍ਰਹਿਸਪਤੀ ਜੀ ਨੂੰ ਨਮਸਕਾਰ ਹੈ"।[202] ਇਹ ਦੇਵਤਿਆਂ ਵਿਚ ਮਹਾਨ ਗਿਣੇ ਜਾਂਦੇ ਅਤੇ ਦੇਵਤਿਆਂ ਦੇ ਗੁਰੂ ਮੰਨੇ ਜਾਂਦੇ ਹਨ। ਮਾਤ ਲੋਕ ਤੇ ਹੀ ਨਹੀਂ ਦੇਵ ਲੋਕ ਵਿਚ ਵੀ ਗੁਰੂ ਦੀ ਬੜੀ ਮਹਾਨ ਉਪਮਾ ਕੀਤੀ ਜਾਂਦੀ ਹੈ।

### 3.16.5 ਸ਼ੁਕਰਾਚਾਰੀਆ ਲਈ ਪ੍ਰਾਰਥਨਾ

"हिमकुन्दमृणालाभं दैत्यानां परमं गुरुम्। सर्वशास्त्रप्रवक्तारं भार्गवं प्रणमाम्यहम्।।

ਜੋ ਬਰਫ, ਕੁੰਦ-ਫੁੱਲ ਅਤੇ ਮਿਰਣਾਲ ਵਰਗੇ ਸਫੈਦ ਹਨ, ਦਿੱਤੀ ਪੁੱਤਰਾਂ ਦੇ ਪਰਮ ਗੁਰੂ ਹਨ ਅਤੇ ਸਾਰੇ ਸ਼ਾਸ਼ਤਰਾਂ ਦਾ ਉਪਦੇਸ਼ ਕਰਨ ਵਾਲੇ ਹਨ। ਅਜਿਹੇ ਮਹਾਰਿਸ਼ੀ ਭ੍ਰਿਗੂ ਦੇ ਪੁੱਤਰ ਸ਼ੁਕਰਾਚਾਰੀਆ ਜੀ ਨੂੰ

---

[200] ਡਾ.ਪਰਮਵੀਰ ਸਿੰਘ, ਡਾ.ਪਰਦੁਮਨ ਸ਼ਾਹ ਸਿੰਘ, *ਭਾਰਤ ਦੇ ਪ੍ਰਮੁਖ ਧਰਮ*, ਪੰਨਾ 34-35.
[201] ਉਹੀ, ਪੰਨਾ 130.
[202] आचार्य अशोक सहजानन्द, *ग्रह शाँति दीपिका*, पन्ना 130-131.

ਪ੍ਰਣਾਮ ਕਰਦਾ ਹਾਂ।"[203]ਇਹ ਦੈਤਾਂ ਦੇ ਗੁਰੂ ਹਨ, ਇਹਨਾਂ ਦੀ ਮਹਾਨਤਾ ਵੀ ਕਿਸੇ ਪ੍ਰਕਾਰ ਘੱਟ ਨਹੀਂ। ਦੈਂਤ ਵੀ ਆਪਣੇ ਗੁਰੂ ਦਾ ਪੂਰਾ ਸਤਿਕਾਰ ਕਰਦੇ ਹਨ।

### 3.1.6.6 ਭਗਵਾਨ ਸ੍ਰੀ ਕ੍ਰਿਸ਼ਨ ਜੀ ਅੱਗੇ ਪ੍ਰਾਰਥਨਾ

**"श्रीकृष्ण कृष्णसख वृष्ण्यृषभावनिध्रुग् राजन्यवंश दहनानयवर्गवीर्य।**

**गोविन्द गोद्विजसुरार्तिहरावतार योगोश्वराखिलगुरो भगवन् नमस्ते।।**

ਸ੍ਰੀ ਕ੍ਰਿਸ਼ਨ ਜੀ ਤ੍ਰੇਤੇ ਯੁਗ ਦੇ ਅਵਤਾਰ ਹਨ। ਆਪ ਜੀ ਨੇ ਕੰਸ ਪਾਪੀ ਨੂੰ ਮਾਰਿਆ ਮਹਾਂਭਾਰਤ ਵਿਚ ਆਪ ਜੀ ਦਾ ਜ਼ਿਕਰ ਮਿਲਦਾ ਹੈ। ਸ੍ਰੀਮਦ ਭਾਗਵਤਗੀਤਾ ਵਰਗੇ ਦਾਰਸ਼ਨਿਕ ਗ੍ਰੰਥ ਰਚਨਾ ਕਾਰ ਵੀ ਆਪ ਹੀ ਹਨ। ਸ੍ਰੀ ਕ੍ਰਿਸ਼ਨ! ਅਰਜਨ ਦੇ ਪਿਆਰੇ ਸਦੁਵੰਸ਼ਸ਼ਿਰੋਮਣੀ। ਤੁਸੀਂ ਪ੍ਰਿਥਵੀ ਦੇ ਭਾਰ ਰੂਪ ਰਾਜਵੇਸ਼ਧਾਰੀ ਦੈਂਤਾ ਨੂੰ ਜਲਾਉਣ ਲਈ ਅਗਨੀ ਸਰੂਪ ਹੋ। ਤੁਹਾਡੀ ਸ਼ਕਤੀ ਅਨੰਤ ਹੈ। ਤੁਹਾਡਾ ਇਹ ਅਵਤਾਰ ਗਾਂ, ਬ੍ਰਾਹਮਣ ਅਤੇ ਦੇਵਤਿਆਂ ਦਾ ਦੁਖ ਮਿਟਾਉਣ ਲਈ ਹੀ ਹੈ। ਯੋਗੇਸ਼ਵਰ! ਤੁਹਾਨੂੰ ਨਸਮਕਾਰ ਹੈ"।[204] ਹਿੰਦੂ ਧਰਮ ਦੇ ਅਵਤਾਰ ਧਰਤੀ ਦੀ ਰੱਖਿਆ ਲਈ ਸਰੀਰ ਧਾਰਦੇ ਹਨ ਆਪ ਨੂੰ ਲੀਲਾ ਪੁਰਸ਼ੋਤਮ ਕਰਕੇ ਜਾਣਿਆ ਜਾਂਦਾ ਹੈ।

### 3.1.6.7 ਅਰਜੁਨ ਦੁਆਰਾ ਸ੍ਰੀ ਕ੍ਰਿਸ਼ਨ ਜੀ ਨੂੰ ਵਿਰਾਟ ਰੂਪ ਦੇ ਦਰਸ਼ਨ ਕਰਵਾਉਣ ਲਈ ਪ੍ਰਾਰਥਨਾ

ਕੁਰੂਕਸ਼ੇਤਰ ਦੇ ਮੈਦਾਨ ਵਿਚ ਮਹਾਂਭਾਰਤ ਦੇ ਯੁੱਧ ਸਮੇਂ ਜਦੋਂ ਅਰਜੁਨ ਆਪਣੇ ਸੰਬੰਧੀਆ ਉਪਰ ਹਥਿਆਰ ਚੁੱਕਣ ਤੋਂ ਨਾਂਹ ਕਰਦਾ ਹੈ ਤੇ ਸ੍ਰੀ ਕ੍ਰਿਸ਼ਨ ਗੀਤਾ ਦੇ ਰੂਪ ਵਿਚ ਉਸਨੂੰ ਗਿਆਨ ਦਿੰਦੇ ਹਨ। ਸ੍ਰੀਮਦਭਗਵਦਗੀਤਾ ਦੇ ਗਿਆਰ੍ਹਵੇਂ ਅਧਿਆਇ ਵਿਚ ਅਰਜੁਨ ਸ੍ਰੀ ਕ੍ਰਿਸ਼ਨ ਜੀ ਨੂੰ ਆਪਣੇ ਵਿਰਾਟ ਰੂਪ ਦੇ ਦਰਸ਼ਨ ਕਰਵਾਉਣ ਲਈ ਇੰਝ ਬੇਨਤੀ ਕਰਦੇ ਹਨ।

**एवमेतद्यथत्थ तमात्मानं परमेश्रेर। द्रष्टुमिच्छामि ते रूपमेश्वर पुरुषतेम।**[205]

ਗੀਤਾ ਦਾ ਮੁੱਖ ਉਪਦੇਸ਼ ਇਹ ਹੈ ਕਿ ਕਰਮ ਕਰ ਫਲ ਦੀ ਇੱਛਾ ਨਾ ਰੱਖ ਸ੍ਰੀ ਕ੍ਰਿਸ਼ਨ ਜੀ ਅਰਜੁਨ ਨੂੰ ਯੋਧੇ ਦਾ ਫਰਜ਼ ਪੂਰਾ ਕਰਨ ਲਈ ਪ੍ਰੇਰਿਤ ਕਰ ਰਹੇ ਹਨ। "ਹੇ ਪਰਮੇਸ਼ਵਰ! ਤੁਸੀ ਆਪਣੇ ਆਪ ਨੂੰ ਜਿਸ ਤਰ੍ਹਾਂ ਦਾ ਕਹਿੰਦੇ ਹੋ ਠੀਕ ਉਸੇ ਤਰ੍ਹਾਂ ਹੈ ਪਰੰਤੂ ਹੇ ਪੁਰਸ਼ੋਤਮ! ਤੁਹਾਡੇ ਗਿਆਨ, ਐਸ਼ਵਰਜ, ਸ਼ਕਤੀ, ਬਲ ਅਤੇ ਤੇਜ ਯੁਕਤ ਰੂਪ ਦੇ ਮੈਂ ਪ੍ਰਤੱਖ ਦਰਸ਼ਨ ਕਰਨਾ ਚਾਹੁੰਦਾ ਹਾਂ। ਇਸ ਸਲੋਕ ਵਿਚ ਅਰਜਨ ਪ੍ਰਾਰਥਨਾ ਕਰਦਾ ਹੈ ਕਿ (ਕ੍ਰਿਸ਼ਨ) ਤੁਸੀ ਮਹਾਨ ਈਸ਼ਵਰ ਹੋ ਅਤੇ ਸਮਰੱਥਵਾਨ ਹੋ ਅਤੇ ਜਿਹੜੇ ਸਰੂਪ ਦੇ ਦਰਸ਼ਨ ਕਰਨ ਦੀ ਮੇਰੇ ਮਨ ਵਿਚ ਇੱਛਾ ਹੈ ਉਸਨੂੰ ਤੁਸੀ ਸਹਿਜ ਹੀ ਕਰਵਾ ਸਕਦੇ ਹੋ। ਅਰਜੁਨ ਕਹਿੰਦਾ ਹੈ ਕਿ ਕ੍ਰਿਪਾ ਕਰਕੇ ਮੇਰੇ ਤੇ ਦਇਆ ਦ੍ਰਿਸ਼ਟੀ ਰੱਖਦੇ ਹੋਏ ਮੇਰੀ ਇੱਛਾ ਦੀ ਪੂਰਤੀ ਕਰੋ ਕਿਉਂਕਿ ਅਰਜਨ ਨੂੰ ਗੀਤਾ ਦੇ ਪਹਿਲੇ ਅਧਿਆਇਆਂ ਵਿਚ ਸ੍ਰੀ ਕ੍ਰਿਸ਼ਨ ਨੇ ਭੌਤਿਕ ਅਤੇ ਅਭੌਤਿਕ ਸੰਸਾਰ ਦੇ ਯਥਾਰਥ ਤੋਂ ਜਾਣੂੰ ਕਰਵਾ ਦਿੱਤਾ ਸੀ। ਜਿਸ ਕਰਕੇ ਅਰਜੁਨ ਦੀ ਜਿਗਿਆਸਾ ਕ੍ਰਿਸ਼ਨ ਦੇ

---

203 ਉਹੀ, ਪੰਨਾ 131.

204 आचार्य अशोक सहजानन्द, *ग्रह शाँति दीपिका*, पन्ना 130.

205 *जयदयाल गोयदन्का, श्रीमद्भगवतगीता ततविवेचनी हिन्दी टीका, पन्ना* 391.

ਵਿਰਾਟ ਰੂਪ ਦੇ ਦਰਸ਼ਨ ਲਈ ਪ੍ਰਬਲ ਹੋ ਗਈ ਸੀ। ਇਹ ਜਿਗਿਆਸਾ ਇੰਨੀ ਪ੍ਰਬਲ ਸੀ ਕਿ ਇਹ ਕ੍ਰਿਸ਼ਨ ਦੇ ਵਿਰਾਟ ਰੂਪ ਦੇ ਦਰਸ਼ਨ ਕਰਕੇ ਹੀ ਸ਼ਾਂਤ ਹੋ ਸਕਦੀ ਸੀ। ਇਸ ਲਈ ਅਰਜਨ ਪ੍ਰਾਰਥਨਾ ਕਰਦੇ ਹਨ।"[206] ਜਦੋਂ ਅਰਜੁਨ ਨੂੰ ਇਹ ਗਿਆਨ ਹੁੰਦਾ ਹੈ ਕਿ ਮੇਰੇ ਸਾਹਮਣੇ ਜੋ ਖੜ੍ਹਾ ਹੈ ਇਹ ਮੇਰੇ ਬਚਪਨ ਦਾ ਦੋਸਤ ਨਹੀਂ ਪ੍ਰਤੱਖ ਭਗਵਾਨ ਹੀ ਹੈ ਤਾਂ ਉਸਦੇ ਮਨ ਵਿਚ ਦੈਵੀ ਰੂਪ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਗਟ ਹੁੰਦੀ ਹੈ।

**मन्यसे यदि तच्छक्यं मया द्रष्टुमिति प्रभा।**

**योगेश्वर ततों मे त्वं दर्शयात्मानमव्ययम।।**[207]

ਇਸ ਸਲੋਕ ਵਿਚ ਇਹ ਵੀ ਕਹਿੰਦਾ ਹੈ ਕਿ ਜੇ ਤੁਸੀਂ ਦੈਵੀ ਨਿਯਮ ਅਨੁਸਾਰ ਦਰਸ਼ਨ ਕਰਵਾ ਸਕਦੇ ਹੋ ਤਾਂ ਕਰਵਾਉ ਨਹੀਂ ਤਾਂ ਮੈਨੂੰ ਤੁਹਾਡੇ ਦਿੱਤੇ ਗਿਆਨ ਤੇ ਕੋਈ ਸ਼ੱਕ ਨਹੀਂ। "ਇਸ ਸਲੋਕ ਵਿਚ ਅਰਜਨ ਬੇਨਤੀ ਕਰਦਾ ਹੈ ਕਿ ਜੇਕਰ ਤੁਹਾਡੇ ਵਿਰਾਟ ਰੂਪ ਦੇ ਦਰਸ਼ਨ ਮੈਂ ਕਰਨ ਦੇ ਯੋਗ ਹਾਂ ਤਾਂ ਤੁਸੀਂ ਆਪਣੇ ਵਿਰਾਟ ਰੂਪ ਦੇ ਦਰਸ਼ਨ ਕਰਵਾਉ। ਭਾਵ ਅਰਜਨ ਕ੍ਰਿਸ਼ਨ ਜੀ ਦੇ ਸਨਮੁੱਖ ਬੇਨਤੀ ਕਰਦਾ ਹੈ ਕਿ ਜੇਕਰ ਦੈਵੀ ਮਰਯਾਦਾ ਅਨੁਸਾਰ ਤੁਹਾਡੇ ਇਸ ਵਿਰਾਟ ਰੂਪ ਦੇ ਦਰਸ਼ਨ ਦਿੱਤੇ ਜਾ ਸਕਦੇ ਹਨ ਤਾਂ ਮੇਰੇ ਤੇ ਕ੍ਰਿਪਾ ਕਰਕੇ, ਜੇਕਰ ਨਹੀਂ ਤਾਂ ਤੁਹਾਡੇ ਦੁਆਰਾ ਗਿਆਨ ਰੂਪ ਵਿਚ ਦਿੱਤੇ ਹਰ ਇਕ ਸ਼ਬਦ 'ਤੇ ਮੈਂ ਪੂਰਨ ਵਿਸ਼ਵਾਸ਼ ਰੱਖਦਾ ਹਾਂ ਅਤੇ ਮੇਰੀ ਆਸਥਾ ਜ਼ਰਾ ਵੀ ਸ਼ੰਕਾਯੁਕਤ ਨਹੀਂ ਹੈ।"[208] ਧਰਤੀ ਦਾ ਕਿੰਨ੍ਹਾਂ ਵੱਡਾ ਗ੍ਰੰਥ ਕ੍ਰਿਸ਼ਨ ਜੀ ਨੇ ਅਰਜੁਨ ਨੂੰ ਗਿਆਨ ਦੇਣ ਲਈ ਉਤਾਰਿਆ। ਜਿਸਦਾ ਲਾਭ ਅਜੋਕਾ ਮਨੁੱਖ ਹੁਣ ਤੱਕ ਲੈ ਰਿਹਾ ਹੈ ਅਤੇ ਹਰ ਇਕ ਹਿੰਦੂ ਘਰ ਵਿਚ ਇਹ ਗ੍ਰੰਥ ਮੌਜੂਦ ਹੁੰਦਾ ਹੈ।

ਸੋ ਇਸ ਤਰ੍ਹਾਂ ਹਿੰਦੂ ਧਰਮ ਵਿਚ ਮੁਖ ਤੌਰ 'ਤੇ ਵੇਦਾਂ ਵਿਚ ਆਈਆਂ ਪ੍ਰਾਰਥਾਨਾਵਾਂ ਵਿਚ ਅਲੱਗ-ਅਲੱਗ ਦੇਵੀ ਦੇਵਤਿਆਂ ਅਤੇ ਪਰਮਾਤਮਾ ਨੂੰ ਸੰਬੋਧਨ ਕੀਤੀਆਂ ਇਹ ਪ੍ਰਾਰਥਨਾਵਾਂ ਵੈਦਿਕ ਰਿਸ਼ੀਆਂ ਅਤੇ ਵੇਦਾਂ ਦੀ ਮਹਾਨਤਾ ਨੂੰ ਪ੍ਰਗਟ ਕਰਦੀਆ ਹਨ। ਹਜ਼ਾਰਾਂ ਵਰ੍ਹੇ ਪਹਿਲਾਂ ਲਿਖੇ ਗਏ ਇਹ ਗ੍ਰੰਥ ਅੱਜ ਵੀ ਸਮਾਜ ਨੂੰ ਨਵੀਆਂ ਦਿਸ਼ਾਵਾਂ ਦੇ ਰਹੇ ਹਨ। ਜੇਕਰ ਮਨੁੱਖ ਉਹਨਾਂ ਦੇ ਦਰਸਾਏ ਮਾਰਗ ਤੇ ਚੱਲ ਪਵੇ ਤਾਂ ਫਿਰ ਇਹ ਖੂਨੀ ਜੰਗਾਂ, ਮਾਨਸਿਕ ਦੁੱਖ, ਰਿਸ਼ਤਿਆਂ ਦਾ ਟੁੱਟਣਾ, ਕੁਦਰਤ ਨਾਲ ਖਿਲਵਾੜ ਆਦਿ ਸਾਰਾ ਕੁਝ ਆਪਣੇ ਆਪ ਖਤਮ ਹੋ ਜਾਵੇਗਾ ਜੇ ਅਸੀਂ ਧਰਮ ਗ੍ਰੰਥਾਂ ਦੀ ਸਿੱਖਿਆ ਨੂੰ ਆਪਨਾ ਲਈਏ।

## 3.1.7 ਜੈਨ ਧਰਮ :

ਭਾਰਤ ਵਿਚ ਦੋ ਧਰਮ ਪਰੰਪਰਾਵਾਂ ਚੱਲੀਆਂ ਹਨ ਇਕ ਸ਼੍ਰਮਣ ਦੂਜੀ ਬ੍ਰਾਹਮਣ, ਮੁਨੀਆਂ ਦੀ ਪਰੰਪਰਾ ਜੋ ਆਰੀਆ ਲੋਕਾਂ ਦੇ ਆਉਣ ਤੋਂ ਪਹਿਲਾ ਦੀ ਹੈ। ਸ਼੍ਰਮਣ ਪਰੰਪਰਾ ਵਿਚ ਜੈਨੀ ਅਤੇ ਬੋਧੀ ਆਉਂਦੇ ਹਨ ਜਦਕਿ ਬ੍ਰਾਹਮਣ ਪਰੰਪਰਾ ਆਰੀਅਨ ਪਰੰਪਰਾ ਜਾ ਵੈਦਿਕ ਪਰੰਪਰਾ ਹੈ। ਜੈਨ ਧਰਮ

---

[206] ਉਹੀ, ਪੰਨਾ 391.

[207] ਉਹੀ, ਪੰਨਾ 391.

[208] ਸ੍ਰੀ ਮਦਭਾਗਵਤ ਗੀਤਾ ਜਯਦਯਾਲ ਗੋਇੰਦਕਾ ਗਿਆਰਵਾਂ ਅਧਿਆਇ, ਪੰਨਾ 39.

ਪੁਰਾਣਾ ਧਰਮ ਹੈ। ਮਹਾਂਵੀਰ ਜੈਨ ਤੋਂ ਪਹਿਲਾ ਇਸਦੇ 23 ਤੀਰਥੰਕਰ ਹੋ ਚੁੱਕੇ ਹਨ। ਸੁਆਮੀ ਮਹਾਂਵੀਰ ਇਸਦੇ 24ਵੇਂ ਤੀਰਥੰਕਰ ਹਨ। ਅਹਿੰਸਾ ਪਰਮੋ ਧਰਮ ਇਹਨਾਂ ਦਾ ਮੁੱਖ ਨਾਹਰਾ ਹੈ। ਇਹਨਾਂ ਦੇ ਦੋ ਮੁਖ ਫਿਰਕੇ ਦਿਗੰਬਰ ਜੋ ਨੰਗੇ ਰਹਿੰਦੇ ਹਨ ਅਤੇ ਸ਼੍ਵੇਤਾਂਬਰ ਜੋ ਸਫੈਦ ਕੱਪੜੇ ਪਾਉਂਦੇ ਹਨ। ਨੰਗੇ ਪੈਰੀ ਰਹਿੰਦੇ ਹਨ, ਮੂੰਹ ਤੇ ਪੱਟੀ ਬੰਨ੍ਹ ਕੇ ਰੱਖਦੇ ਹਨ, ਲੱਕ ਨਾਲ ਝਾੜੂ ਬੰਨ੍ਹ ਕੇ ਰੱਖਦੇ ਹਨ, ਪਾਣੀ ਵਿਚ ਮਲ ਨਹੀਂ ਤਿਆਗਦੇ। ਇਹਨਾਂ ਦੇ ਧਾਰਮਿਕ ਨਿਯਮ ਸਖਤ ਹੋਣ ਕਾਰਨ ਇਹ ਧਰਮ ਬਹੁਤਾ ਨਹੀਂ ਚੱਲ ਸਕਿਆ। ਭਾਰਤ ਦੇ ਕੁਝ ਹਿੱਸਿਆਂ ਵਿਚ ਹੀ ਜੈਨੀ ਰਹਿੰਦੇ ਹਨ। ਬਹੁਤੇ ਜੈਨੀ ਵਪਾਰ ਹੀ ਕਰਦੇ ਹਨ।

"ਵੇਦ ਨੂੰ ਪ੍ਰਮਾਣ ਨਾ ਮੰਨਣ ਵਾਲਿਆਂ ਦਰਸ਼ਨਾਂ ਵਿਚ ਜੈਨ-ਮਤ ਨੂੰ ਵੀ ਸ਼ਾਮਲ ਕੀਤਾ ਜਾਂਦਾ ਹੈ। ਇਸ ਮਤ ਨੇ ਲੋਕਾਂ ਸਾਹਮਣੇ ਇਕ ਨਵੀਂ ਦ੍ਰਿਸ਼ਟੀ ਰੱਖੀ ਅਤੇ ਵੈਦਿਕ ਧਰਮ ਦੇ ਮੁਕਾਬਲੇ ਵਿਚ ਜੀਵੰਤ ਪਰੰਪਰਾ ਦਾ ਪ੍ਰਚਲਨ ਕੀਤਾ। ਵੈਦਿਕ ਪਰੰਪਰਾ ਦੇ ਵਿਰੋਧੀ ਹੋਣ ਦੇ ਬਾਵਜੂਦ ਵੀ ਇਸ ਮਤ ਦਾ ਭਾਰਤੀ ਚਿੰਤਨ ਦੇ ਵਿਕਾਸ ਵਿਚ ਮਹੱਤਵਪੂਰਨ ਸਥਾਨ ਹੈ।

'ਜੈਨ' ਸ਼ਬਦ ਦੀ ਵਿਉਂਤਪੱਤੀ 'ਜਿਨ' ਸ਼ਬਦ ਤੋਂ ਹੋਈ ਹੈ ਜੋ 'ਜਿ' ਧਾਤੂ ਤੋਂ ਬਣਿਆ ਹੈ ਅਤੇ ਜਿਸ ਦੇ ਅਰਥ ਹਨ 'ਜਿੱਤ'। ਸਾਧਨਾ ਦੇ ਬਲ ਨਾਲ ਵਾਸਨਾਵਾਂ ਅਤੇ ਇੰਦ੍ਰੀਆਂ ਨੂੰ ਜਿਤਣ ਵਾਲਾ ਸਾਧਕ 'ਜਿਨ' ਅਖਵਾਉਂਦਾ ਹੈ। 'ਜਿਨ' ਦਾ ਇਕ ਨਾਮਾਂਤਰ 'ਤੀਰਥਾਂਕਰ' ਹੈ ਜਿਸ ਦਾ ਅਰਥ ਹੈ ਪਥ-ਪ੍ਰਦਰਸ਼ਕ। ਜੋ ਸਾਧਕ ਮਨੁੱਖੀ ਸਮਾਜ ਨੂੰ ਨਵੇਂ ਮਾਰਗ ਉੱਤੇ ਤੋਰਦਾ ਹੈ, ਉਹ 'ਤੀਰਥਾਂਕਰ' ਅਖਵਾਉਂਦਾ ਹੈ।

ਜੈਨਮਤ ਵਿਚ 'ਅਰਿਹੰਤ' ਪੂਜ੍ਯ ਇਸ਼ਟ ਦੇਵ ਦਾ ਸੂਚਕ ਹੈ। ਇਸਨੂੰ 'ਜਿਨ' ਜਾਂ ਤੀਰਥਾਂਕਰ ਵੀ ਕਿਹਾ ਜਾਂਦਾ ਹੈ। ਜੈਨ-ਮਤ ਦਾ ਮੋਢੀ ਅਤੇ ਪਹਿਲਾ ਤੀਰਥਾਂਕਰ ਰਿਸ਼ਭਦੇਵ ਸੀ।"[209]

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ, ਜੈਨ, ਜਿਨ (ਰਿਸ਼ਭਦੇਵ) ਦੇ ਚਲਾਏ ਮਤ ਦਾ ਅਨੁਗਾਮੀ ਜੈਨੀ, ਜੈਨ ਮਤ ਬੁੱਧ ਧਰਮ ਤੋਂ ਪਹਿਲਾ ਹੈ, ਇਸ ਦੇ ਪੰਜ ਮੁੱਖਵ੍ਰਤ ਹਨ- ਅਹਿੰਸਾ, ਸਤਯ, ਅਸਤੇਯ (ਚੋਰੀ ਦਾ ਤਯਾਗ) ਬ੍ਰਹਮਚਰਯ ਅਤੇ ਅਪਰਿਗ੍ਰਹ (ਮੋਹ ਦਾ ਤਯਾਗ),

ਜੈਨ ਮਤ ਦੇ ਦੋ ਫਿਰਕੇ ਮੁੱਖ ਹਨ, ਇਕ ਸ਼੍ਵੇਤਾਂਬਰ ਦੂਜਾ ਦਿਗੰਬਰ, ਜੈਨੀ ਨੂੰ ਬੋਲਣ ਵੇਲੇ ਮੂੰਹ ਅੱਗੇ ਵਸਤ੍ਰ ਰੱਖਣਾ ਜ਼ਰੂਰੀ ਹੈ ਅਤੇ ਰਜੋਹਰਾ (ਸੂਤ ਦਾ ਝਾੜੂ) ਹਰੇਕ ਪਾਸ ਹੋਣਾ ਚਾਹੀਏ, ਜਿਸ ਨਾਲ ਬੈਠਣ ਵੇਲੇ ਜ਼ਮੀਨ ਸਾਫ ਕਰ ਲਵੇ ਤਾਕਿ ਕੋਈ ਜੀਵ ਨਾ ਮਰੇ, ਜੈਨੀ ਸਾਧੂ ਨੂੰ ਠੰਢਾ ਭੋਜਨ ਅਤੇ ਉਬਲਿਆ ਹੋਇਆ ਪਾਣੀ ਪੀਣਾ ਚਾਹੀਏ, ਨਿਰਮਲ ਜਲ ਨਾਲ ਨਹਾਉਣਾ ਵਰਜਿਤ ਹੈ, ਕਿਉਂਕਿ ਅਜਿਹਾ ਕਰਨ ਤੋਂ ਜੀਵ ਮਰਦੇ ਹਨ, ਜੈਨੀ ਨੂੰ ਧਨ ਜਮਾ ਕਰਨ ਦਾ ਨਿਸੇਧ ਹੈ, ਹੋਰ ਵ੍ਰਤਾਂ ਤੋਂ ਛੁੱਟ ਅੱਠ ਵ੍ਰਤ ਸਿਰੋਮਣਿ ਹਨ, ਅਰਥਾਤ ਭਾਦੋਂ ਬਦੀ 12 ਤੋਂ ਭਾਦੋਂ ਸੁਦੀ 4 ਤੀਕ ਅਖੀਰੀ ਦਿਨ ਦਾ ਨਾਮ 'ਛਮਛਰੀ' ਹੈ, ਜੋ ਸਭ ਤੋਂ ਪਵ੍ਰਿੱਤ ਹੈ।

---

[209] ਡਾ.ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼*, (ਭਾਗ ਦੂਜਾ), ਪੰਨਾ 40.

ਜੈਨ ਮਤ ਵਿੱਚ ਜਗਤਕਰਤਾ ਪਾਰਬ੍ਰਹਮ ਨਹੀਂ ਮੰਨਿਆ, ਇਹ ਮੁਕ੍ਤਾਤਮਾ ਨੂੰ ਹੀ ਈਸ਼ਵਰ ਆਖਦੇ ਹਨ, 2. ਜੈਨ, ਖ਼ੂਬੀ, ਗੁਣ 3. ਸਜਾਵਟ ਸ਼ਿੰਗਾਰ 4. ਫ਼ਾ ਵੈਰਾਗਵਾਨ ਜਿਸ ਨੇ ਸੰਸਾਰ ਦੇ ਪਦਾਰਥਾਂ ਦਾ ਪ੍ਰੇਮ ਤਯਾਗ ਦਿੱਤਾ ਹੈ।"[210]

[210] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 534.

ਜੈਨੀ ਸਾਧੂਆਂ ਦੀਆਂ ਰਚਨਾਵਾਂ ਵਿਚ ਮਿਲਦੀਆਂ ਪ੍ਰਾਰਥਨਾਵਾਂ ਇਸ ਪ੍ਰਕਾਰ ਹਨ:-

ਜੈਨ ਧਰਮ ਵਿਚ ਇਹ ਪੰਜ ਤਰ੍ਹਾਂ ਦੀ ਪ੍ਰਮੁਖ ਪ੍ਰਾਰਥਨਾ ਮੰਨੀ ਜਾਂਦੀ ਹੈ ਜਿਸ ਵਿਚ ਇਹ ਪੰਜ ਤਰ੍ਹਾਂ ਦੀਆਂ ਨਮਸਕਾਰਾਂ ਨੂੰ ਸ਼ੁਮਾਰ ਕੀਤਾ ਜਾਂਦਾ ਹੈ। ਇਹ ਜੈਨ ਧਰਮ ਦਾ ਪ੍ਰਮੁੱਖ ਮੰਗਲ ਹੈ। ਇਹਨਾਂ ਪੰਜਾਂ ਨੂੰ ਨਮਸਕਾਰ ਕਰਨ ਨਾਲ ਪਾਪਾਂ ਦਾ ਨਾਸ਼ ਹੁੰਦਾ ਮੰਨਿਆ ਜਾਂਦਾ ਹੈ। ਇਸ ਨੂੰ ਨਵਕਾਰ ਮੰਤਰ ਜਾਂ ਨਮਸਕਾਰ ਮੰਤਰ ਵੀ ਕਿਹਾ ਜਾਂਦਾ ਹੈ।

ਨਮੋ ਅਰਿਹੰਤਾਣੰ -ਅਰਿਹੰਤ ਦੇਵ ਨੂੰ ਨਮਸਕਾਰ ਹੋਵੇ।

ਨਮੋ ਸਿਧਾਣੰ - ਸਿੱਧ (ਮੁਕਤ ਆਤਮਾਵਾਂ) ਨੂੰ ਨਮਸਕਾਰ ਹੋਵੇ।

ਨਮੋ ਆਯਾਰਿਆਣੰ - ਅਚਾਰਿਆ (ਸੰਘ ਦੇ ਨੇਤਾ) ਨੂੰ ਨਮਸਕਾਰ ਹੋਵੇ।

ਨਮੋ ਉਭੱਝਾਯਾਣੰ-ਉਪਾਧਿਆਏ (ਸਿੱਖਿਆ ਦੇਣ ਵਾਲੇ ਅਧਿਆਪਕ) ਨੂੰ ਨਮਸਕਾਰ ਹੋਵੇ।

ਨਮੋ ਲੋਏ ਸੱਬ ਸਾਹੂਣੰ - ਇਸ ਲੋਕ ਵਿਚ ਘੁੰਮਣ ਵਾਲੇ ਸਾਰੇ ਸਾਧੂਆਂ ਨੂੰ ਨਮਸਕਾਰ ਹੋਵੇ।

"ਨਵਕਾਰ ਮੰਤਰ ਦਾ ਜੈਨ ਧਰਮ ਦੇ ਚਾਰ ਫਿਰਕਿਆਂ ਵਿਚ ਬਹੁਤ ਹੀ ਯੋਗ ਸਥਾਨ ਹੈ। ਪੁਰਾਤਨ ਆਚਾਰੀਆਂ ਦਾ ਕਥਨ ਹੈ ਕਿ ਇਸ ਮੰਤਰ ਤੋਂ ਵੱਧ ਕੇ ਕੋਈ ਗਿਆਨ ਨਹੀਂ। ਇਸ ਮੰਤਰ ਵਿਚ 14 ਪੂਰਵਾਂ ਦਾ ਸਾਰ ਆ ਜਾਂਦਾ ਹੈ। ਇਸ ਮੰਤਰ ਵਿਚ ਹੋਰਾਂ ਮੰਤਰਾਂ ਦੀ ਤਰ੍ਹਾਂ ਕਿਸੇ ਵਿਸ਼ੇਸ਼ ਵਿਅਕਤੀ ਜਾਂ ਦੇਵੀ ਦੇਵਤੇ ਨੂੰ ਨਮਸਕਾਰ ਨਹੀਂ ਕੀਤਾ ਗਿਆ। ਸਗੋਂ ਗੁਣਾਂ ਤੇ ਅਧਾਰਿਤ ਮਹਾਂਪੁਰਸ਼ਾਂ ਨੂੰ ਬਿਨਾਂ ਕਿਸੇ ਜ਼ਾਤ-ਪਾਤ, ਨਸਲ, ਰੰਗ ਤੋਂ ਪਰ੍ਹਾ ਹਟ ਕੇ ਨਮਸਕਾਰ ਕੀਤਾ ਗਿਆ ਹੈ। ਇਹ ਮੰਤਰ ਬਹੁਤ ਪ੍ਰਭਾਵਸ਼ਾਲੀ ਹੈ। ਪੁਰਾਤਨ ਸਮੇਂ ਤੋਂ ਇਸ ਮੰਤਰ ਤੇ ਆਧਾਰਿਤ ਬਹੁਤ ਸਾਰੇ ਮੰਤਰ ਗ੍ਰੰਥਾਂ ਦੀ ਰਚਨਾ ਵੀ ਹੋਈ ਹੈ।"[211] ਨਮਸਕਾਰ ਮੰਤਰ ਦੀ ਵਿਆਖਿਆ ਇਸ ਪ੍ਰਕਾਰ ਹੈ। ਇਹ ਜੈਨ ਧਰਮ ਵਿਚ ਪ੍ਰਮੁੱਖ ਪ੍ਰਾਰਥਨਾ ਦੀ ਤਰ੍ਹਾਂ ਹੈ ਕਿਉਂਕਿ ਜੈਨ ਧਰਮ ਵਿਚ ਦੂਜੇ ਧਰਮਾਂ ਵਾਂਗ ਕਿਸੇ ਬੱਝਵੇਂ ਖਾਸ ਸਮੇਂ ਦੀਆਂ ਪ੍ਰਾਰਥਨਾਵਾਂ ਨਹੀਂ ਕੀਤੀਆ ਜਾਂਦੀਆਂ।

### 3.1.7.1 ਨਮੋ ਅਰਹਿੰਤਾਣੰ

### ਨਮਕਾਰ ਮੰਤਰ ਦੀ ਵਿਆਖਿਆ ਇਸ ਪ੍ਰਕਾਰ ਹੈ:

ਅਰਿਹੰਤ ਸ਼ਬਦ ਸ਼੍ਰਮਣਿਕ ਪਰੰਪਰਾਵਾਂ ਵਿਚ ਬਹੁਤ ਮਹੱਤਵ ਰੱਖਦਾ ਹੈ, "ਜੈਨ ਧਰਮ ਅਨੁਸਾਰ ਅਰਿਹੰਤ ਉਹ ਹੈ ਜੋ ਆਤਮਿਕ ਦੁਸ਼ਮਨਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਨੂੰ ਜਿੱਤ ਲੈਂਦਾ ਹੈ। ਚਾਰ ਆਤਮਾ ਦੇ ਗੁਣਾਂ ਦਾ ਨਾਸ਼ ਕਰਨ ਵਾਲਾ ਕਰਮਾਂ 1. ਗਿਆਨਵਰਨੀਆ 2. ਦਰਸ਼ਨਵਰਨੀਆ 3. ਮੋਹਨੀਆ 4. ਅੰਤਰਾਏ, ਦਾ ਖਾਤਮਾ ਕਰਦਾ ਹੈ। ਅਰਿਹੰਤ ਭਗਵਾਨ ਦੀ ਮਹੱਤਤਾ ਪ੍ਰਗਟ ਕਰਨ ਵਾਲੇ 12 ਗੁਣ ਹੁੰਦੇ ਹਨ।"[212] ਬੇਸ਼ੱਕ ਸਾਰੇ ਧਰਮਾ ਦੀ ਮਰਯਾਦਾ, ਅਸੂਲਾਂ ਵਿਚ ਥੋੜ੍ਹੇ ਬਹੁਤੇ ਫਰਕ ਹੋ ਸਕਦੇ ਹਨ ਪਰ ਸਾਰਿਆਂ ਦਾ ਮਕਸਦ ਇਕੋ ਜਿਹਾ ਹੈ, ਕਿ ਪੰਜ ਵਿਕਾਰਾਂ ਤੋਂ ਆਪਣੇ ਆਪਨੂੰ ਬਚਾਉਂਣਾ ਅਤੇ ਸੱਚੇ ਮਾਰਗ ਤੇ ਚੱਲਣਾ।

[211] ਸੰਪਾ. ਪੁਰਸ਼ੋਤਮ ਦਾਸ ਜੈਨ, ਅਨੁ. ਰਵਿੰਦਰ ਕੁਮਾਰ ਜੈਨ, *ਸ੍ਰੀ ਉਤਰਾਧਿਐਨ ਸੂਤਰ*, ਪੰਨਾ 384-85.
[212] ਉਹੀ, ਪੰਨਾ 385.

ਅਰਹਿੰਤ ਉਸਨੂੰ ਕਹਿੰਦੇ ਹਨ ਜੋ ਸੰਸਾਰ ਦੀਆਂ ਖਾਹਿਸ਼ਾਂ ਤੋਂ ਪਾਰ ਹੋ ਗਿਆ ਹੈ ਦੁਖ ਸੁਖ ਜਿਸਨੂੰ ਹਿਲਾ ਨਹੀਂ ਸਕਦੇ। "ਜਿਸਨੇ ਸੰਸਾਰ ਦਾ ਪੈਂਡਾ ਤਹਿ ਕਰ ਲਿਆ ਹੈ, ਜੋ ਸੋਗ ਰਹਿਤ ਹੈ ਅਤੇ ਹਰ ਤਰ੍ਹਾਂ ਸੁਤੰਤਰ ਹੈ। ਜਿਸਦੀਆਂ ਸਾਰੀਆਂ ਗੰਢਾਂ ਨਿਰਮੂਲ ਹੋ ਗਈਆਂ ਹਨ, ਉਸਦੇ ਲਈ ਦੁਖ ਨਹੀਂ।"[213] ਉਸਨੇ ਜਿਉਂਦੇ ਜੀਅ ਆਪਣੇ ਵੱਡਿਆਂ ਦੇ ਰਸਤੇ ਤੇ ਚੱਲ ਕੇ ਸਭ ਕੁਝ ਤਿਆਗ ਦਿੱਤਾ ਹੈ।

"ਸਾਰਥੀ ਦੁਆਰਾ ਚੰਗੀ ਤਰ੍ਹਾਂ ਸਿਖਾਏ ਹੋਏ ਘੋੜਿਆਂ ਵਾਂਗ ਜਿਸ ਮਨੁੱਖ ਦੀਆਂ ਇੰਦਰੀਆਂ ਸ਼ਾਂਤ ਹੋ ਗਈਆ ਹਨ ਅਭਿਮਾਨ ਖਤਮ ਹੋ ਗਿਆ ਹੈ ਅਤੇ ਜੋ ਵਿਕਾਰ ਰਹਿਤ ਹੈ ਉਸ ਵਿਅਕਤੀ ਦੀ ਦੇਵਤੇ ਵੀ ਚਾਹ ਕਰਦੇ ਹਨ।"[214] ਮਨੁੱਖੀ ਜੀਵਨ ਇੰਦਰੀਆਂ ਦੇ ਵੱਸ ਪੈ ਕੇ ਗੁਲਾਮ ਬਣ ਜਾਂਦਾ ਹੈ ਪਰ ਜਿਸਨੇ ਇੰਦਰੀਆਂ ਉਪਰ ਕਾਬੂ ਪਾ ਲਿਆ ਸਮਝੋ ਉਸਨੇ ਸੱਚ ਨੂੰ ਜਾਣ ਲਿਆ।

"ਇਸ ਪ੍ਰਕਾਰ ਦੇ ਮਨੁੱਖ ਜੋ ਸੱਚੇ ਗਿਆਨ ਰਾਹੀਂ ਮੁਕਤ ਹਨ ਉਸਦਾ ਮਨ ਸ਼ਾਂਤ ਹੁੰਦਾ ਹੈ, ਉਸਦੇ ਬੋਲ ਤੇ ਕਰਮ ਵੀ ਸ਼ਾਂਤ ਹਨ। ਸੱਚੇ ਗਿਆਨ ਰਾਹੀਂ ਮੁਕਤ ਤੇ ਸ਼ਾਂਤ "ਸੰਤਪੁਰਸ਼" ਦਾ ਮਨ ਬਾਣੀ ਤੇ ਮਨ ਸਭ ਸ਼ਾਂਤ ਹੁੰਦਾ ਹੈ।"[215] ਜਿਸ ਮਨੁੱਖ ਨੇ ਸੰਸਾਰ ਦੇ ਸੱਚ ਨੂੰ ਜਾਣ ਲਿਆ ਉਹ ਹਰੇਕ ਬੰਧਨ ਤੋਂ ਮੁਕਤ ਹੋ ਗਿਆ। ਉਸਦਾ ਮਨ ਸੰਸਾਰ ਨੂੰ ਪਾਰ ਕਰ ਗਿਆ।

### 3.1.7.2 ਨਮੋ ਸਿੱਧਾਣੰ (ਸਿੱਧ)

ਜੈਨ ਧਰਮ ਵਾਂਗ ਹੋਰਨਾਂ ਧਰਮਾਂ ਵਿਚ ਵੀ ਇਸ ਪਦ ਨੂੰ ਦੇਖਿਆ ਜਾ ਸਕਦਾ ਹੈ। ਸਿੱਧ ਪੁਰਸ਼ ਉਹ ਜਿਹੜਾ ਅਨੇਕਾਂ ਸ਼ਕਤੀਆਂ ਦਾ ਮਾਲਕ ਹੈ ਜਿਵੇਂ ਉਹ ਅੰਤਰਜਾਮੀ, ਮੁਕਤ, ਸਰੀਰ ਰਹਿਤ, ਅਨੰਤ ਸ਼ਕਤੀਮਾਨ, ਉਚ ਨੀਚ ਰਹਿਤ, ਮੇਲ ਮਿਲਾਪ ਰਹਿਤ, ਰੂਪ ਰਹਿਤ, ਨਿਰੀ ਖੁਸ਼ਬੂ ਆਦਿ ਗੁਣਾਂ ਦੇ ਧਾਰਨੀ ਹੁੰਦੇ ਹਨ। ਇਸੇ ਤਰ੍ਹਾਂ ਦੂਜੇ ਧਰਮ ਵਿਚ ਸਿੱਧ ਉਹ ਪੁਰਸ਼ ਹੈ ਜਿਹੜਾ ਕਿਸੇ ਵੀ ਥਾਂ ਗੁਪਤ ਪ੍ਰਗਟ ਹੋ ਸਕਦਾ ਹੈ ਕੋਈ ਵੀ ਰੂਪ ਧਾਰਨ ਕਰ ਸਕਦਾ ਹੈ, ਕਿਸੇ ਦੀ ਦਿਲ ਦੀ ਗੱਲ ਬੁੱਝ ਸਕਦਾ ਹੈ। "ਜੈਨ ਧਰਮ ਵਿਚ ਆਤਮਾ ਦਾ ਉਦੇਸ਼ ਨਿਰਵਾਨ ਜਾਂ ਜਨਮ ਮਰਨ ਤੋਂ ਮੁਕਤ ਸਿਧ ਅਵਸਥਾ ਪ੍ਰਾਪਤ ਕਰਨਾ ਹੈ, ਕਰਮਾਂ ਦੇ ਬੰਧਨਾਂ ਤੋਂ ਮੁਕਤ ਹੁੰਦਾ ਹੈ। ਜਨਮ, ਜਰਾ, ਵਿਆਦੀ ਤੋਂ ਮੁਕਤ ਹੋਣ ਦਾ ਨਾਂ ਸਿੱਧ ਹੈ।"[216] ਸੋ ਜੈਨ ਧਰਮ ਵਿਚ ਅਜਿਹੇ ਸਿੱਧ ਪੁਰਸ਼ਾਂ ਦਾ ਵੀ ਸਤਿਕਾਰ ਕੀਤਾ ਜਾਂਦਾ ਹੈ ਜਾਂ ਉਹਨਾਂ ਨੂੰ ਨਮਸਕਾਰ ਰਾਹੀਂ ਇਕ ਤਰ੍ਹਾਂ ਦੀ ਪ੍ਰਾਰਥਨਾ ਕੀਤੀ ਗਈ ਹੈ ਕਿ ਉਹ ਉਹਨਾਂ ਨੂੰ ਵੀ ਮੰਜ਼ਿਲ ਤੱਕ ਪਹੁੰਚਾਉਣ ਲਈ ਸਹਾਇਤਾ ਕਰਨ।

### 3.1.7.3 ਨਮੋ ਆਯਾਰਿਆਣੰ (ਆਚਾਰੀਆ)

ਆਚਾਰੀਆ ਜਿਸਨੂੰ ਅਸੀਂ ਅਜੋਕੀ ਭਾਸ਼ਾ ਵਿਚ ਧਾਰਮਿਕ ਅਗਵਾਈ ਦੇਣ ਵਾਲਾ ਪੁਰਸ਼ ਕਹਿ ਸਕਦੇ ਹਾਂ ਜੈਨੀਆਂ ਵਿਚ ਇਹ ਪੁਰਸ਼ ਸੰਘ ਦਾ ਨੇਤਾ ਸੀ, ਜਿਸਦੀ ਦੇਖ-ਰੇਖ ਵਿਚ ਸਮੁੱਚਾ ਸੰਘ ਵਿਚਰਦਾ ਸੀ, ਉਸਦੀ ਬਹੁਤ ਵੱਡੀ ਜਿੰਮੇਵਾਰੀ ਹੁੰਦੀ ਸੀ ਕਿ ਉਹ ਸੰਘ ਨੂੰ ਪੂਰੇ ਵਿਧੀਵਤ ਤਰੀਕੇ ਨਾਲ

---

213 ਧਮ ਪਦ ਗਾਥਾ, 7/90.
214 ਉਹੀ, 7/94.
215 ਉਹੀ, 7/96
216 ਸੰਪਾ. ਪਰਸ਼ੋਤਮ ਦਾਸ ਜੈਨ, ਅਨੁਵਾਦ ਰਵਿੰਦਰ ਕੁਮਾਰ ਜੈਨ, *ਸ੍ਰੀ ਉਤਰਾਧਿਐਨ ਸੂਤਰ,* ਪੰਨਾ 391.

ਚਲਾਵੇ ਸੋ ਤੀਜੀ ਨਮਸਕਾਰ ਜਾਂ ਪ੍ਰਾਰਥਨਾ ਉਸ ਅੱਗੇ ਹੈ। "ਜਿਸ ਮਹਾਪੁਰਸ਼ ਦਾ ਆਚਰਣ ਮਰਿਆਦਾ ਪੂਰਵਕ ਹੁੰਦਾ ਹੈ ਉਹ ਹੀ ਆਚਾਰੀਆ ਹੈ, ਆਚਾਰੀਆ ਸਾਧੂ, ਸਾਧਵੀ, ਸ਼ਰਾਵਕ, ਸ਼ਰਾਵਿਕਾ ਰੂਪ ਸੰਘ ਦਾ ਨੇਤਾ ਹੁੰਦਾ ਹੈ। ਸਾਰੇ ਸੰਘ ਦਾ ਚਲਾਉਣ ਵਾਲਾ, ਸੰਘ ਦੇ ਗੁੰਝਲਦਾਰ ਮਾਮਲਿਆਂ ਬਾਰੇ ਆਖਰੀ ਫੈਸਲਾ ਦੇਣ ਵਾਲਾ, ਦੀਖਿਆ ਅਤੇ ਚੌਮਾਸੇ ਦੀ ਇਜ਼ਾਜਤ ਦੇਣ ਵਾਲਾ, ਗਲਤੀ ਹੋਣ ਤੇ ਸਾਧੂ-ਸਾਧਵੀਆਂ ਨੂੰ ਦੰਡ ਰੂਪ ਵਿਚ ਤਪੱਸਿਆ ਨਾਲ ਪ੍ਰਾਸ਼ਚਿਤ ਕਰਾਉਣ ਵਾਲਾ, ਸੰਘ ਦੀ ਸਮਾਜਿਕ ਤੇ ਧਾਰਮਿਕ ਨੀਤੀ ਨਿਰਧਾਰਤ ਕਰਨ ਵਾਲਾ ਆਚਾਰੀਆ ਹੀ ਹੈ, ਅੱਜ ਕਲ ਜਦ ਸਰਵੱਗ ਭਗਵਾਨ ਨਹੀਂ, ਆਚਾਰੀਆ ਹੀ ਭਗਵਾਨ ਦੇ ਹੁਕਮ ਅਨੁਸਾਰ ਸੰਘ ਦਾ ਕੰਮ ਕਾਜ ਚਲਾਉਂਦੇ ਹਨ।"[217] ਜਿਸ ਕੌਮ, ਦੇਸ਼, ਰਾਜ ਨੂੰ ਚਲਾਉਣ ਵਾਲਾ ਵਿਅਕਤੀ ਜੇ ਗੁਣੀ-ਗਿਆਨੀ ਨਹੀਂ ਤਾਂ ਉਸ ਦੇ ਪਿੱਛੇ ਚੱਲਣ ਵਾਲੇ ਲੋਕ ਕੀ ਸਿੱਖਿਆ ਗ੍ਰਹਿਣ ਕਰਨਗੇ। ਸੋ ਉਹ ਪਹਿਲਾਂ ਆਪ ਜੈਨ ਸਿਧਾਂਤ ਅਨੁਸਾਰ ਜੀਵਨ ਜੀਵੇ ਅਤੇ ਬਾਅਦ ਵਿਚ ਦੂਜਿਆ ਨੂੰ ਉਤਮ ਜੈਨ ਮਾਰਗ ਤੇ ਚਲਾਵੇ।

### 3.1.7.4 ਨਮੋ ਉੱਭਝਾਯਾਣੰ (ਉਪਾਧਿਆ)

ਜੈਨ ਧਰਮ ਦੀ ਚੌਥੀ ਪ੍ਰਮੁਖ ਨਮਸਕਾਰ (ਪ੍ਰਾਰਥਨਾ) ਅਧਿਆਪਕ ਦੇ ਚਰਨਾਂ ਵਿਚ ਹੈ। ਭਾਰਤੀ ਪਰੰਪਰਾ ਦੇ ਮੁੱਢ ਤੋਂ ਹੀ ਅਧਿਆਪਕ ਦਾ ਦਰਜਾ ਬਹੁਤ ਉੱਚਾ ਰਿਹਾ ਹੈ ਕਿਉਂਕਿ ਅਧਿਆਪਕ ਹੀ ਕਿਸੇ ਸਮਾਜ ਦਾ ਮੁਢ ਬੰਨ੍ਹ ਸਕਦਾ ਹੈ। ਉਸਦੀ ਦਿੱਤੀ ਸਿੱਖਿਆ ਨੇ ਹੀ ਸਮਾਜ ਨੂੰ ਦਸ਼ਾ ਅਤੇ ਦਿਸ਼ਾ ਪ੍ਰਦਾਨ ਕਰਨੀ ਹੈ। ਜੈਨ ਧਰਮ ਵਿਚ ਉਪਾਧਿਆ ਦਾ ਸਥਾਨ ਇਸ ਪ੍ਰਕਾਰ ਹੈ।"ਉਪਾਧਿਆ ਦਾ ਪਦ ਬਹੁਤ ਮਹੱਤਵਪੂਰਨ ਹੈ। ਉਸਦਾ ਫਰਜ਼ ਸੰਘ ਦੇ ਸਾਧੂ, ਸਾਧਵੀਆਂ ਨੂੰ ਸ਼ਾਸ਼ਤਰ ਪੜ੍ਹਾਉਣਾ, ਪ੍ਰਸ਼ਨਾਂ ਦੇ ਉੱਤਰ ਦੇਣਾ ਅਤੇ ਸ਼ੰਕਾਵਾਂ ਦੂਰ ਕਰਨਾ ਹੈ। ਅਧਿਆਤਮਕ ਵਿਦਿਆ ਪ੍ਰਦਾਨ ਕਰਨ ਵਾਲਾ ਹੀ ਉਪਾਧਿਆ ਅਖਵਾਉਂਦਾ ਹੈ। ਉਪਾਧਿਆ ਸੰਘ ਦਾ ਸਿੱਖਿਆ ਮੰਤਰੀ ਹੁੰਦਾ ਹੈ। ਉਹ ਅਗਿਆਨ ਦਾ ਖਾਤਮਾ ਕਰਕੇ ਗਿਆਨ ਦਾ ਪ੍ਰਕਾਸ਼ ਫੈਲਾਉਂਦਾ ਹੈ।"[218] ਸੋ ਕਿਸੇ ਵੀ ਸਮਾਜ ਦੇ ਅਧਿਆਪਕ ਵਿਚ ਗੁਣਾਂ ਦਾ ਹੋਣਾ ਲਾਜ਼ਮੀ ਹੈ। ਗੁਣੀ ਵਿਦਵਾਨ ਹੀ ਅੱਗੇ ਚੰਗੇਰੀ ਸਿੱਖਿਆ ਦਾ ਪ੍ਰਸਾਰ ਸਕਦਾ ਹੈ। ਸੋ ਜੈਨੀ ਵਿਚਾਰਧਾਰਾ ਵਿਚ ਉਪਾਧਿਆ ਨੂੰ ਨਮਸਕਾਰ ਕਰਨਾ ਦਰਸਾਉਂਦਾ ਹੈ ਕਿ ਜੈਨ ਧਰਮ ਦੀ ਇਹ ਨਮਸਕਾਰ ਰੂਪੀ ਪ੍ਰਾਰਥਨਾ ਕਿਸ ਤਰ੍ਹਾਂ ਗਿਆਨ ਅਤੇ ਗਿਆਨੀ ਦੀ ਲੋੜ ਨੂੰ ਸਮਝਦਿਆਂ ਆਪਣੇ ਸਮਾਜ ਦਾ ਭਲਾ ਲੋਚਦੀ ਹੈ।

### 3.1.7.5 ਨਮੋ ਲੋਏ ਸਬ ਸਾਹੂਣੰ (ਸਾਧੂ)

ਜੈਨ ਧਰਮ ਵਿਚ ਪੰਜਵੀਂ ਨਮਸਕਾਰ ਸਾਧੂਆਂ ਨੂੰ ਕੀਤੀ ਗਈ ਹੈ। ਸਾਧੂ ਲੋਕ ਜਿੰਨ੍ਹਾਂ ਨੇ ਆਪਣੇ ਜੀਵਨ ਨੂੰ ਸੱਚ ਦੀ ਖੋਜ ਵਿਚ ਸਾਧਿਆ ਹੈ। ਸਾਧੂ ਹਰ ਧਰਮ ਵਿਚ ਮਿਲਦੇ ਹਨ। ਜਿੰਨ੍ਹਾਂ ਦਾ ਸੰਸਾਰ ਵਿਚ ਬਹੁਤ ਸਤਿਕਾਰ ਹੁੰਦਾ ਹੈ। ਸਾਧੂ ਵੀ ਬੜਾ ਗੁਣੀ ਗਿਆਨੀ ਹੋਣਾ ਚਾਹੀਦਾ ਹੈ। ਉਸ ਵਿਚ ਸਾਰਿਆਂ ਗੁਣਾਂ ਦਾ ਹੋਣਾ ਲਾਜ਼ਮੀਂ ਹੈ। "ਜਿਸਨੇ ਆਪਣੀਆਂ ਇੰਦਰੀਆਂ ਨੂੰ ਵਿਕਾਰਾਂ ਤੋਂ ਸਾਧਿਆ ਹੈ। ਜੋ ਜੈਨ

---

[217] ਸੰਪਾ. ਪਰਸ਼ੋਤਮ ਦਾਸ ਜੈਨ, ਅਨੁਵਾਦ ਰਵਿੰਦਰ ਕੁਮਾਰ ਜੈਨ, *ਸ੍ਰੀ ਉਤਰਾਧਿਐਨ ਸੂਤਰ,* ਪੰਨਾ 393.
[218] ਉਹੀ, ਪੰਨਾ 394.

ਧਰਮ ਅਨੁਸਾਰ ਪੰਜ ਮਹਾਂਵਰਤ, ਹਰ ਤਰ੍ਹਾਂ ਦੇ ਕਸ਼ਟਾ ਨੂੰ ਸਹਿਣਾ, ਰਾਤ ਦੇ ਭੋਜਨ ਦਾ ਤਿਆਗ, ਖਿਮਾ, ਵੈਰਾਗ ਆਦਿ ਨੂੰ ਧਾਰੇ, ਜੈਨ ਪਰੰਪਰਾ ਉਸਨੂੰ ਸਾਧੂ ਮੰਨਦੀ ਹੈ।"[219] ਸੋ ਅਖੀਰਲੀ ਨਮਸਕਾਰ ਵਿਚ ਜੈਨੀ ਉਹਨਾਂ ਸਾਰੇ ਸਾਧੂਆਂ ਅੱਗੇ ਇਕ ਤਰ੍ਹਾਂ ਦੀ ਪ੍ਰਾਰਥਨਾ ਕਰਦੇ ਹਨ। ਜਿੰਨ੍ਹਾਂ ਨੇ ਹੁਣ ਤੱਕ ਸੱਚ ਤੱਕ ਪਹੁੰਚ ਕੀਤੀ ਹੈ। ਸੋ ਜਿਹੜੇ ਸਮਾਜ ਵਿਚ ਅਜਿਹੇ ਪੁਰਸ਼ਾਂ ਦਾ ਸਤਿਕਾਰ ਹੁੰਦਾ ਹੈ ਉਹ ਸਮਾਜ ਆਪਣੇ ਆਪ ਹੀ ਅਧਿਆਤਮਿਕ, ਸਮਾਜਿਕ ਭਾਵ ਕਿ ਜ਼ਿੰਦਗੀ ਦੇ ਹਰੇਕ ਰਸਤਿਆਂ ਉਪਰ ਤਰੱਕੀ ਕਰਦਾ ਹੈ।

ਇਹਨਾਂ ਪੰਜ ਨਮਸਕਾਰਾਂ ਤੋਂ ਇਲਾਵਾ ਜੈਨ ਧਰਮ ਦੇ ਲੋਕ ਪਰਮਾਤਮਾ ਵਿਚ ਵਿਸ਼ਵਾਸ਼ ਨਹੀਂ ਕਰਦੇ ਭਾਵ ਕਿਸੇ ਅਣਦਿਸਦੀ ਚੀਜ਼ ਨੂੰ ਨਹੀਂ ਮੰਨਦੇ ਪਰੰਤੂ ਫਿਰ ਵੀ ਉਹ ਪ੍ਰਾਰਥਨਾ ਦੀ ਕਿਰਿਆ ਆਪਣੇ ਇਹਨਾ ਪੰਜ ਪੂਜਣਯੋਗ ਸਖਸ਼ੀਅਤਾਂ ਅੱਗੇ ਕਰਦੇ ਹਨ।

ਜੈਨ ਅਤੇ ਬੁੱਧ ਧਰਮ ਨੈਤਿਕ ਕਦਰਾਂ ਕੀਮਤਾਂ ਤੇ ਜ਼ੋਰ ਦਿੰਦੇ ਹਨ ਅਤੇ ਜੀਵ ਨੂੰ ਕਰਮਾਂ ਦੇ ਬੰਧਨਾਂ ਵਿਚ ਜਕੜਿਆ ਮੰਨਦੇ ਹਨ। ਜੈਨ ਧਰਮ ਆਤਮਾ ਦੀ ਸੱਤਾ ਨੂੰ ਸਵੀਕਾਰਦਾ ਹੈ ਅਤੇ ਕਰਮਾਂ ਦੇ ਚੱਕਰ ਨੂੰ ਵੀ ਇੰਨ-ਬਿੰਨ ਮੰਨਦਾ ਹੈ। ਪਰੰਤੂ ਉਹ ਵੀ ਆਪਣੇ ਇਸ਼ਟ ਅੱਗੇ ਅੰਤਿਮ ਲਕਸ਼ ਦੀ ਪ੍ਰਾਪਤੀ ਲਈ ਬੇਨਤੀ ਕਰਦੇ ਲੱਗੇ ਹਨ। "ਇਸ ਪ੍ਰਕਾਰ ਹੀ ਜੈਨ ਧਰਮ ਦੇ ਸ਼ਰਧਾਲੂ ਵੀ ਕਿਸੇ ਅਦਿੱਖ ਸ਼ਕਤੀ ਅੱਗੇ ਬੇਨਤੀ ਨਹੀਂ ਕਰਦੇ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਕਰਮਾਂ ਦਾ ਫਲ ਜ਼ਰੂਰ ਹੀ ਭੋਗਣਾ ਪੈਂਦਾ ਹੈ। ਉਨ੍ਹਾਂ ਅਨੁਸਾਰ ਜੇ ਦੁਖ ਸੁਖ ਕਰਮਾਂ ਅਨੁਸਾਰ ਹੀ ਮਿਲਦੇ ਹਨ ਤਾਂ ਅਰਜੋਈਆਂ ਕਰਨ ਦਾ ਕੀ ਲਾਭ? ਪਰੰਤੂ ਇਸ ਸਭ ਕੁਝ ਦੇ ਬਾਵਜੂਦ ਵੀ ਜੈਨੀ ਪ੍ਰਾਰਥਨਾ ਕਰਨ ਲੱਗ ਪਏ ਹਨ ਤਾਂ ਕਿ ਉਹ ਚੰਗੇ ਕਰਮ ਕਰ ਸਕਣ।"[220] ਦਿਗੰਬਰ ਅਤੇ ਸ਼੍ਵੈਤਾਂਬਰ ਦੋਹਾਂ ਫਿਰਕਿਆਂ ਵਿਚ ਪ੍ਰਾਰਥਨਾ ਦੇ ਕਈ ਰੂਪ ਦੇਖੇ ਜਾ ਸਕਦੇ ਹਨ। ਜਿਵੇਂ ਦਿਗੰਬਰ ਲੋਕ ਮਹਾਂਵੀਰ ਜੈਨ ਜਾਂ ਦੂਜੇ ਤੀਰਥੰਕਰਾਂ ਦੀਆਂ ਨਗਨ ਮੂਰਤੀਆਂ ਅੱਗੇ ਪ੍ਰਾਰਥਨਾ ਕਰਦੇ ਹਨ ਜਦਕਿ ਸ਼੍ਵੈਤਾਂਬਰ ਉਹਨਾਂ ਮੂਰਤੀਆਂ ਨੂੰ ਸਫੈਦ ਰੰਗ ਦੇ ਕੱਪੜੇ ਪਾਉਂਦੇ ਹਨ ਅਤੇ ਕਈ ਮੰਦਰ ਇਹਨਾਂ ਦੋਹਾਂ ਫਿਰਕਿਆਂ ਦੇ ਸਾਂਝੇ ਹੋਣ ਕਾਰਨ ਦੋਵੇਂ ਅੱਧਾ-ਅੱਧਾ ਸਮਾਂ ਆਪਣੀ ਪੂਜਾ ਪ੍ਰਾਰਥਨਾ ਕਰਦੇ ਹਨ। ਜੈਨ ਧਰਮ ਦੇ ਗ੍ਰੰਥਾਂ ਵਿਚ ਸਿੱਧ ਤੌਰ 'ਤੇ ਪ੍ਰਾਰਥਨਾਵਾਂ ਨਾ ਹੋਣ ਕਾਰਣ ਉਹਨਾਂ ਵਿਚ ਸਾਧੂਆਂ ਜਾ ਆਚਾਰੀਆ ਨੇ ਜੋ ਪ੍ਰਾਰਥਨਾਵਾਂ ਲਿਖੀਆਂ ਨ ਉਹਨਾਂ ਦੇ ਅਧਾਰ 'ਤੇ ਹੀ ਜੈਨ ਧਰਮ ਦੀਆਂ ਪ੍ਰਾਰਥਨਾਵਾਂ ਨੂੰ ਵਿਚਾਰਿਆ ਜਾਵੇਗਾ।

### 3.1.7.6 **ਈਸ਼ਵਰੋਪਾਸਨਾ**

**"साधव इह समाहितं नमन्ति सतां समाधृतसमा हितम्।**

**कुर्वन् हदि समाहितं तमहमपि वन्दे समाहितम्।**

ਇਹ ਪ੍ਰਾਰਥਨਾ ਆਚਾਰੀਆ ਛੰਦ ਵਿਚ ਲਿਖੀ ਗਈ ਹੈ ਅਤੇ ਇਸ ਨੂੰ ਦੂਜੇ ਧਰਮਾਂ ਵਾਂਗ ਈਸ਼ਵਰ ਉਪਾਸਨਾ ਦਾ ਨਾਂ ਦਿੱਤਾ ਗਿਆ ਹੈ। ਇਹ ਲੋਕ ਆਪਣੇ ਅਰਹਿੰਤਾਂ ਅਤੇ ਸਿੱਧਾ ਨੂੰ ਹੀ ਈਸ਼ਵਰ ਗਿਣਦੇ ਹਨ। ਇਸ ਜਗਤ ਵਿਚ ਜੋ ਮਹਾਪੁਰਖਾਂ ਦਾ ਭਲਾ ਕਰਨ ਵਾਲੇ ਹਨ। ਜਿਹੜੇ ਜੈਨੀ ਜੁਗਤੀ

[219] ਸੰਪਾ. ਪਰਸ਼ੋਤਮ ਦਾਸ ਜੈਨ, ਅਨੁਵਾਦ ਰਵਿੰਦਰ ਕੁਮਾਰ ਜੈਨ, *ਸ੍ਰੀ ਉਤਰਾਧਿਐਨ ਸੂਤਰ,* ਪੰਨਾ 395.
[220] ਮਹਿੰਦਰ ਸਿੰਘ, *ਸਿੱਖ ਸੰਸਕਾਰ ਅਤੇ ਮਰਯਾਦਾ*, ਪੰਨਾ 118.

ਅਨੁਸਾਰ ਸਿੱਧ ਹਨ, ਉਹਨਾਂ ਅਰਹਿੰਤਾਂ ਪਰਮਸ਼ੇਸ਼ਟਾਂ ਨੂੰ ਸਾਧੂ ਨਮਸਕਾਰ ਕਰਦੇ ਹਨ। ਉਹਨਾਂ ਨੂੰ ਹਿਰਦੇ ਵਿਚ ਧਾਰਨ ਕਰਦੇ ਹੋਏ ਮੈਂ ਵੀ ਨਮਸਕਾਰ ਕਰਦਾ ਹਾਂ। ਉਹਨਾਂ ਦੀ ਤ੍ਰਿਕਾਲ ਵੰਦਨਾ ਕਰਦਾ ਹੈ।"[221]

### 3.1.7.7 ਮੰਗਲਸੂਤਰ

"सुधृतरत्नत्रयशरं गुरो ध्यानवसुविनष्टकुसुमशरम्।

त्वां पीतानुभवशर यजेमुं शमय मेनाशा! रम्र।।

ਇਹ ਜੈਨ ਧਰਮ ਦੀ ਗੁਰੂ ਦੇ ਚਰਨਾਂ ਵਿਚ ਪ੍ਰਾਰਥਨਾ ਹੈ । ਜਿਸ ਵਿਚ ਉਹ ਗੁਰੂ ਤੋਂ ਆਪਣੇ ਵਿਕਾਰਾਂ ਦੇ ਨਾਸ਼ ਲਈ ਸਹਾਇਤਾ ਮੰਗ ਰਿਹਾ ਹੈ। ਹੇ ਗੁਰੂ। ਹੇ ਗਿਆਨਸਾਗਰ। ਹੇ ਅਨਾਸ਼। ਨਾਸ਼ ਅਤੇ ਆਸ਼ਾ ਤੋਂ ਰਹਿਤ ਤ੍ਰਿਰਤਨ ਦੇ ਧਾਰਕ ਧਿਆਨ ਰੂਪ ਅਗਨੀ ਦੁਆਰਾ ਕਾਮ ਨੂੰ ਨਸ਼ਟ ਕਰਨ ਵਾਲੇ ਅਤੇ ਅਨੁਭਵ ਰੂਪੀ ਜਲ ਦਾ ਪਾਣ ਕਰਨ ਵਾਲੇ ਤਹਾਡੀ ਮੈਂ ਪੂਜਾ ਕਰਦਾ ਹਾਂ। ਤੁਸੀਂ ਮੇਰੀ ਕਾਮ ਅਗਨੀ ਨੂੰ ਸ਼ਾਂਤ ਕਰੋ, ਮੈਨੂੰ ਨਿਸ਼ਕਾਮ ਬਨਣ ਵਿਚ ਸਹਾਇਕ ਹੋਵੋ।"[222] ਇਸ ਪਦੇ ਵਿਚ ਵੀ ਉਸਤਤ ਦੇ ਨਾਲ-ਨਾਲ ਗੁਰੂ ਅੱਗੇ ਪ੍ਰਾਰਥਨਾ ਕੀਤੀ ਗਈ ਹੈ। ਸਾਰੇ ਭਾਰਤੀ ਧਰਮਾਂ ਵਾਂਗ ਜੈਨ ਧਰਮ ਵਿਚ ਵੀ ਗੁਰੂ ਦਾ ਪੂਰਾ ਸਤਿਕਾਰ ਹੈ। ਉਸੇ ਤਰ੍ਹਾਂ ਜੈਨ ਧਰਮ ਵਿਚ ਵੀ ਗੁਰੂ ਦੀ ਪੂਜਾ ਕੀਤੀ ਜਾਂਦੀ ਹੈ। ਗੁਰੂ ਗਿਆਨ ਦਾ ਭੰਡਾਰ ਹੈ। ਜਿਹੜਾ ਆਪਣੇ ਮੰਨਣ ਵਾਲੇ ਨੂੰ ਤਾਰਣ ਦੀ ਸਮਰੱਥਾ ਰੱਖਦਾ ਹੈ। ਇਸੇ ਕਰਕੇ ਸਾਧਕ ਉਸ ਕੋਲ ਕਾਮ ਅਗਨੀ ਨੂੰ ਸ਼ਾਂਤ ਕਰਨ ਅਤੇ ਨਿਸ਼ਕਾਮ ਬਨਾਉਣ ਦੀ ਪ੍ਰਾਰਥਨਾ ਕਰ ਰਿਹਾ ਹੈ।

"दक्षो दूरोक्षरतोतितापात् क्षितिं स्रवत् क्षरं क्षरत:।

तथा मामिहाक्षरतो न रक्षरक्षाक्षरक्षरत:।।

ਜਿਸ ਤਰ੍ਹਾਂ ਮੀਂਹ ਦਾ ਡਿੱਗਦਾ ਹੋਇਆ ਪਾਣੀ ਤੇਜ ਤਪਸ਼ ਤੋਂ ਪ੍ਰਿਥਵੀ ਦੀ ਰੱਖਿਆ ਕਰਦਾ ਹੈ, ਉਸੇ ਪ੍ਰਕਾਰ ਦੁੱਖਾਂ ਤੋਂ ਦੂਰ ਰਹਿਣ ਵਾਲੇ, ਵਚਨਾਗੋਚਰ ਦਕਸ਼ ਸਮੱਰਥ ਅਤੇ ਚਤੁਰ, ਇੰਦ੍ਰੀਆਂ ਤੋਂ ਅਨਾਸਕਤ, ਜਿਸਨੂੰ ਕੋਈ ਨੁਕਸਾਨ ਨਹੀਂ ਪੁਚਾ ਸਕਦਾ, ਆਤਮਰਤ ਅਤੇ ਨਾ ਜਿੱਤੇ ਜਾਣ ਵਾਲੇ ਅਵਿਨਾਸ਼ੀ ਤੁਸੀਂ ਮੇਰੀ ਰੱਖਿਆ ਕਰੋ।"[223] ਇਹ ਪ੍ਰਾਰਥਨਾ ਜੈਨ ਧਰਮ ਵਿਚ ਆਪਣੀ ਰੱਖਿਆ ਲਈ ਕੀਤੀ ਜਾਂਦੀ ਹੈ। ਅਜਿਹੀਆਂ ਪ੍ਰਾਰਥਨਾਵਾਂ ਹਰ ਧਰਮ ਵਿਚ ਬੇਸ਼ੁਮਾਰ ਮਿਲਣਗੀਆਂ ਕਿਉਂਕਿ ਮਨੁੱਖ ਸੁੱਖਾਂ ਦੀ ਤਲਾਸ਼ ਲਈ ਹਰ ਇਕ ਬੁਰੀ ਚੀਜ਼ ਤੋਂ ਆਪਣੀ ਰੱਖਿਆ ਲੋਚਦਾ ਹੈ, ਜਿੰਨ੍ਹਾਂ ਚੀਜ਼ਾਂ ਉੱਤੇ ਉਸਦਾ ਜ਼ੋਰ ਨਹੀਂ ਚੱਲ ਸਕਦਾ ਇਸ ਲਈ ਉਹ ਧਰਮ ਅਨੁਸਾਰ ਮੰਨੀ ਜਾਂਦੀ ਮਹਾਨ ਸ਼ਕਤੀ ਅੱਗੇ ਪ੍ਰਾਰਥਨਾ ਕਰਦਾ ਹੈ।

"नोक्षमगेस्य ततारं, भेत्तारं कर्मभूभृताम्।

ज्ञातार विश्वतत्वानां, वन्दे तुट्गुणलब्धये। (तत्वार्घसूत्र)

ਹੇ ਭਗਵਾਨ। ਆਪ ਮੁਕਤੀ ਦੇ ਮਾਰਗ ਦੇ ਨੇਤਾ ਹੋ ਕਰਮਰੂਪੀ ਪਰਬਤਾਂ ਦੇ ਨਾਸ਼ ਕਰਨ ਵਾਲੇ ਹੋ। ਵਿਸ਼ਵ ਦੇ ਸਾਰੇ ਤੱਤਾਂ ਦੇ ਗਿਆਤਾ ਹੋ। ਤੁਹਾਡੇ ਗੁਣਾਂ ਦੀ ਪ੍ਰਾਪਤੀ ਲਈ ਮੈਂ ਨਮਸਕਾਰ ਕਰਦਾ

---

[221] आचार्य 108 विद्यासागर जी महाराज, *डा. पन्नालाल साहित्यचार्य भावनाशतकम*, पन्ना 35-36.
[222] ਉਹੀ, ਪੰਨਾ 37.
[223] उपाध्याय प्रज्ञसागर मुनि, *ज्ञैनधर्म में गुरूपूर्णिमा*, पन्ना 81-82.

ਹਾਂ।"[224]ਹਰ ਇਕ ਭਾਰਤੀ ਧਰਮ ਵਿਚ ਪ੍ਰਾਰਥਨਾ ਇਕੋ ਜਿਹੀ ਲੱਗਦੀ ਹੈ ਕਿਉਂਕਿ ਹਰ ਇਕ ਧਰਮ ਵਿਚ ਮੁਕਤੀ ਦਾ ਸੰਕਲਪ ਮੌਜੂਦ ਹੈ। ਉਹ ਤਾਂ ਹੀ ਹਾਸਿਲ ਹੋਵੇਗੀ ਜੋ ਤੁਹਾਡੇ ਪੂਜਣ ਵਾਲੇ ਮਿਹਰਬਾਨ ਹੋਣਗੇ ।

"अज्ञानतिमिरान्धस्य ज्ञानांजनशलाकया।

चक्षुरुन्मीलितं येन तस्मै श्रीगुरवे नमः।

ਜਿੰਨ੍ਹਾਂ ਨੇ ਅਗਿਆਨ ਰੂਪੀ ਹਨ੍ਹੇਰੇ ਨਾਲ ਅੰਨ੍ਹੀਆ ਹੋਈਆਂ ਲੋਕਾਈ ਦੀਆਂ ਅੱਖਾਂ ਨੂੰ ਗਿਆਨਰੂਪੀ ਸੁਰਮੇ ਦੀ ਸਲਾਈ ਨਾਲ ਰੌਸ਼ਨ ਕੀਤਾ ਹੈ, ਉਸ ਗੁਰੂ ਨੂੰ ਮੇਰਾ ਨਮਸਕਾਰ ਹੈ।"[225]ਇਹ ਪ੍ਰਾਰਥਨਾਵਾਂ ਉਸਤਤ ਰੂਪੀ ਹਨ ਜਿਸ ਵਿਚ ਗੁਰੂ ਦੀ ਉਸਤਤ ਕੀਤੀ ਗਈ ਹੈ ਅਤੇ ਗੁਰੂ ਨੂੰ ਹੀ ਸੰਸਾਰ ਰੂਪੀ ਹਨੇਰੇ ਤੋਂ ਚਾਨਣ ਭਾਵ ਸੱਚ ਵੱਲ ਲਿਜਾਣ ਦੀ ਤਾਕਤ ਮੰਨਿਆ ਹੈ। ਹਿੰਦੂ ਧਰਮ ਅਤੇ ਸਿੱਖ ਧਰਮ ਵਾਂਗ ਜੈਨ ਧਰਮ ਵਿਚ ਵੀ ਗੁਰੂ ਦੀ ਬੜੀ ਅਹਿਮੀਅਤ ਹੈ।

"स्वयमनुसमयत्ररति परान् वारयति च न परे विचरति।

मुत्रत्यरतित्र रतिमस्तु मम तत्पादयोश्च रतिः।

ਜੋ ਆਚਾਰੀਆ ਆਪਣੇ ਆਪ ਸ਼ਾਸ਼ਤਰ ਅਨੁਸਾਰ ਆਚਰਣ ਕਰਦੇ ਹਨ, ਦੂਜਿਆਂ ਨੂੰ ਆਚਰਣ ਕਰਵਾਉਂਦੇ ਹਨ, ਪਰਦ੍ਰਵਯ ਵਿਚ ਵਿਚਰਣ ਨਹੀਂ ਕਰਦੇ ਅਤੇ ਅਪ੍ਰੀਤੀ ਅਤੇ ਪ੍ਰੀਤੀ ਨੂੰ ਛੱਡਦੇ ਹਨ, ਉਹਨਾਂ ਦੇ ਚਰਨਾਂ ਵਿਚ ਮੇਰੀ ਪ੍ਰੀਤੀ ਹੋਵੇ।"[226] ਜੈਨ ਧਰਮ ਵਿਚ ਆਚਰਣ ਦੀ ਸ਼ੁੱਧਤਾ ਤੇ ਬਹੁਤ ਜ਼ੋਰ ਦਿੱਤਾ ਗਿਆ ਹੈ ਕਿਉਂਕਿ ਮਨੁੱਖੀ ਜੀਵਨ ਵਿਚ ਇਸਦਾ ਬਹੁਤ ਮਹਾਨਤਾ ਹੈ ਉਹ ਭਾਵ ਸਮਾਜਿਕ ਜੀਵਨ ਹੋਵੇ ਜਾਂ ਅਧਿਆਤਮਕ, ਚਰਿੱਤਰ ਤੋਂ ਹੀਣਾ ਇਨਸਾਨ ਸਮਾਜ ਵਿਚ ਕਿਸੇ ਕੰਮ ਦਾ ਨਹੀਂ।

"रजोगतमिव लोचकं लोचकः संगत मुनिपालो च कम्।

मत्वात्र मालोचकं सुविदा रक्ष कृपालो च कम्।

ਹੇ ਮੁਨੀਪਾਲ, ਮੁਨੀਆਂ ਦੇ ਰੱਖਿਅਕ। ਸੁਖ ਅਤੇ ਆਤਮਾ ਨੂੰ ਪ੍ਰਾਪਤ ਦਿਆਲੂ ਆਚਾਰੀਆ, ਮੈਨੂੰ ਨਿਰਬੁੱਧੀ ਨੂੰ ਆਤਮਾ ਮੰਨ ਕੇ ਸਮਗਿਆਨ ਨਾਲ ਮੇਰੀ ਉਸੇ ਪ੍ਰਕਾਰ ਰੱਖਿਆ ਕਰੋ, ਜਿਸ ਪ੍ਰਕਾਰ ਮਿੱਟੀ ਤੋਂ ਅੱਖ ਦੀ ਰੱਖਿਆ ਸੁਰਮਾ ਕਰਦਾ ਹੈ।"[227] ਆਚਾਰੀਆ ਅੱਗੇ ਆਪਣੀ ਰੱਖਿਆ ਦੀ ਪ੍ਰਾਰਥਨਾ ਹੈ। ਇਹ ਉਹ ਸੰਪੂਰਨ ਜਿੰਨ੍ਹਾਂ ਨੇ ਆਤਮਾ ਦੇ ਸੋਚ ਨੂੰ ਜਾਣ ਲਿਆ ਹੈ।

ਜੈਨ ਮੱਤ ਵਿਚ ਜੋ ਮੰਗਲਾਸੂਤਰ ਆਉਂਦਾ ਹੈ ਇਹ ਵੀ ਉਸ ਨਾਲ ਰਲਦਾ ਮਿਲਦਾ ਸੂਤਰ ਹੈ ਜਿਸ ਵਿਚ ਅਰਹਿੰਤ ਸਾਧੂ ਆਚਾਰੀਆ ਆਦਿ ਦੀ ਉਪਮਾ ਕੀਤੀ ਗਈ ਹੈ। ਹਰ ਧਰਮ ਦੇ ਗ੍ਰੰਥਾਂ ਵਿਚ ਗ੍ਰੰਥ ਦੀ ਸ਼ੁਰੂਆਤ ਵਿਚ ਜਿਵੇਂ ਮੰਗਲਾਚਰਨ ਲਿਖਿਆ ਜਾਂਦਾ ਹੈ ਉਸੇ ਤਰ੍ਹਾਂ ਇਹ ਵੀ ਆਪਣੇ ਧਰਮ ਦੇ ਆਗੂਆਂ ਅੱਗੇ ਪ੍ਰਾਰਥਨਾ ਕਰਨ ਦਾ ਇਕ ਤਰੀਕਾ ਹੈ।

---

[224] उपाध्याय प्रज्ञसागर मुनि, *ज्ञैनधर्म में गुरूपूर्णिमा*, पन्ना 25.
[225] ਉਹੀ, ਪੰਨਾ 19.
[226] आचार्य 108 विद्यासागर जी महाराज, डा. पन्नालाल साहित्यचार्य भावनाशतकम, पन्ना 85-86.
[227] ਉਹੀ, ਪੰਨਾ 86-87.

“अरहंता मंगल । सिद्धा मंगलं । साहू मंगलं । केवलियण्णत्तो धम्मो मंगलं । अरहंता लोगुतमा। सिद्धा लोगुतमा। साहू लोगुतमा। केवलिपण्णतो धम्मो लोगुत्तमो।। अरहंते सरणं पव्वज्जामि। सिद्धे सरणं पव्वज्जामि। साहू सरणं पव्वज्जामि। केवललिपण्णतं धम्मं सरणं पव्वज्जामि।। अट्ठविहकम्मवियला, णिट्ठियकज्जा पणट्ठसंसारा। दिट्ठसणलत्थसारा, सिद्धा सिद्धि मम दिसंतु।। पंचमहव्वयतुंगा, तक्कालिय-सपरसमय-सुदधारा। णाणागुणगणभरिया, आइरिया मम पसीदंतु।। अण्णाणघोरतिमिरे, दुरंततीरम्हि हिडमाणाणं। भवियागुज्जोययरा, उवज्झाया वरमदिं देंतु।। थिरधरियसीलमाला, ववगयराया जसोहपडिहत्था। बहुविणयभूसियंगा, सुहाइं साहू पयच्छंतु।। उसहमजियं च वंदे, संभवमभिणंदणं च सुमई च। पउमप्पहं सुपासं, जिणं च चंदप्पहं वंदे।। सुविहिं च पुप्फयंतं, सीयल सेयंस वासुपुज्जं व। विमलमणंत-भयवं, धम्मं संति च वंदामि।। कुंथुं च जिणवरिंदं, अरं च मल्लिं च सुव्वयं च णंम। वंदामि रिट्ठणोंमि, तह पासं वड्ढमणं च।। चंदेहि णिम्मलयरा, आइच्चेहिं अहियं पयासंता। साणरवरगंभीरा, सिद्धा सिद्धि मम दिसंतु।। जय वीयराय! जयगुरु! होउ मम तुह पभावओ भयवं! भवणिव्वेओ मग्गाणुसारिया इट्ठफलसिद्धी।”[228]

ਅਰਹੰਤ ਮੰਗਲ ਹੈ। ਸਿੱਧ ਮੰਗਲ ਹੈ। ਸਾਧੂ ਮੰਗਲ ਹੈ। ਕੇਵਲੀਪਰਿਣੀਤ ਧਰਮ ਮੰਗਲ ਹੈ। ਅਰਹੰਤ ਲੋਕ, ਉਤਮ ਹਨ। ਸਿੱਧ ਲੋਕ ਉਤਮ ਹਨ। ਸਾਧੂ ਲੋਕ ਉਤਮ ਹਨ। ਕੇਵਲੀਪ੍ਰਰਿਣੀਤ ਲੋਕ ਉਤਮ ਹਨ। ਅਰਹੰਤਾਂ ਦੀ ਸ਼ਰਨ ਲੈਂਦਾ ਹਾਂ। ਸਿੱਧਾਂ ਦੀ ਸ਼ਰਨ ਲੈਂਦਾ ਹਾਂ। ਸਾਧੂਆਂ ਦੀ ਸ਼ਰਨ ਲੈਂਦਾ ਹਾਂ। ਕੇਵਲੀ-ਪਰਿਣੀਤ ਧਰਮ ਦੀ ਸ਼ਰਨ ਲੈਂਦਾ ਹਾਂ। ਅੱਠ ਕਰਮਾਂ ਤੋਂ ਰਹਿਤ, ਜਨਮ ਮਰਨ ਦੇ ਚੱਕਰ ਤੋਂ, ਮੁਕਤ ਅਤੇ ਸਾਰੇ ਤੱਤ ਰੱਹਸਾਂ ਦੇ ਜਾਨਣ ਵਾਲੇ ਸਿੱਧ ਮੈਨੂੰ ਸਿੱਧੀ ਪ੍ਰਦਾਨ ਕਰੋ। ਪੰਚ ਮਹਾਂਵਰਤਾਂ ਦੇ ਪਾਲਕ, ਮੌਜੂਦਾ ਸਿੱਧ ਅਤੇ ਹੋਰ ਸਮਿਆਂ ਵਿਚ ਗਿਆਨ ਨੂੰ ਜਾਣਨ ਵਾਲੇ ਅਤੇ ਅਨੇਕਾਂ ਗਣਸਮੂਹਾਂ ਨਾਲ ਭਰਪੂਰ ਆਚਾਰੀਆ ਮੇਰੇ ਤੇ ਪ੍ਰਸੰਨ ਹੋਣ। ਜਿਸਦਾ ਆਰ-ਪਾਰ ਪਾਉਣਾ ਕਠਿਨ ਹੈ, ਉਸ ਅਗਿਆਨਰੂਪੀ ਘੋਰ ਹਨ੍ਹੇਰੇ ਵਿਚ ਭਟਕਣ ਵਾਲੇ ਜੀਵਾਂ ਦੇ ਲਈ ਗਿਆਨ ਦਾ ਪ੍ਰਕਾਸ਼ ਦੇਣ ਵਾਲੇ ਓਪਾਧਿਆਇ ਮੈਨੂੰ ਉੱਤਮਗਤੀ ਪ੍ਰਦਾਨ ਕਰਨ। ਸ਼ੀਲਰੂਪੀ ਮਾਲਾ ਨੂੰ ਸਥਿਰਤਾਪੂਰਵਕ ਧਾਰਨ ਕਰਨ ਵਾਲੇ, ਰਾਗ ਰਹਿਤ ਜੱਸਸਮੂਹ ਨਾਲ ਭਰਪੂਰ ਪ੍ਰਮੁਖ ਨਿਮ੍ਰਤਾ ਭਰਪੂਰ ਸਰੀਰ ਵਾਲੇ ਸਾਧੂ ਮੈਨੂੰ ਸੁਖ ਦਿਉ। ਮੈਂ ਰਿਸ਼ਭ, ਅਜਿਤ, ਸੰਭਵ, ਅਭਿਨੰਦਨ, ਸਮਤੀ, ਮਹਾਂਪ੍ਰਭੂ ਸੁਪਾਰਸ਼ਵ ਅਤੇ ਚੰਦਰਪ੍ਰਭੂ ਨੂੰ ਨਮਸਕਾਰ ਕਰਦਾ ਹਾਂ। ਮੈਂ ਫੁੱਲ ਸਮਾਨ, ਸ਼ੀਤਲ, ਵਿਮਲ, ਅਨੰਤ, ਧਰਮਸ਼ਾਂਤੀ ਨੂੰ ਵੰਦਨ ਕਰਦਾ ਹਾਂ। ਮੈਂ ਕੁੰਥੂ, ਅਰ, ਮੱਲੀ ਮਨੀਸੁਵਰਤ, ਨੇਮੀ, ਅਰਿਸ਼ਟਨੇਮੀ, ਪਾਰਸ਼ਵ ਅਤੇ ਵਰਧਮਾਨ ਨੂੰ ਨਮਸਕਾਰ ਕਰਦਾ ਹਾਂ। ਚੰਦਰਮਾ ਤੋਂ ਜ਼ਿਆਦਾ ਨਿਰਮਲ, ਸੂਰਜ ਤੋਂ ਜ਼ਿਆਦਾ ਪ੍ਰਕਾਸ਼ ਦੇਣ ਵਾਲੇ, ਸਾਗਰ ਦੀ ਤਰ੍ਹਾਂ ਗੰਭੀਰ ਸਿੱਧ ਭਗਵਾਨ ਮੈਨੂੰ ਸਿੱਧੀ ਪ੍ਰਦਾਨ ਕਰੋ। ਹੇ ਜਗਤਗੁਰੂ, ਹੇ ਭਗਵਾਨ, ਤੁਹਾਡੇ ਪ੍ਰਭਾਵ ਨਾਲ ਮੈਂ ਸੰਸਾਰ ਤੋਂ

[228] अनुवादः प. कैलाशचन्दजी शास्त्री, *समण सुतं*, पन्ने 2-6.

ਵਿਰਕਤ, ਮੁਕਤੀਮਾਰਗ ਦੇ ਰਾਹ ਤੇ ਚੱਲਾਂ ਅਤੇ ਮੈਨੂੰ ਇਸ਼ਟਫਲ ਦੀ ਪ੍ਰਾਪਤੀ ਹੋਵੇ।"[229] ਇਸ ਮੰਗਲਸੂਤਰ ਵਿਚ 24 ਤੀਰਥੰਕਰਾਂ ਨੂੰ ਨਮਸਕਾਰ ਕੀਤਾ ਗਿਆ ਹੈ ਅਤੇ ਜੋ ਪ੍ਰਾਰਥਨਾਵਾਂ ਹਨ ਉਹ ਮੁਕਤੀ ਹਾਸਲ ਕਰਨ ਲਈ ਹਨ।

### 3.1.7.8 ਸਿੱਧ ਪੁਰਖਾਂ ਨੂੰ ਨਾਮਸਕਾਰ

"सिद्धचन्ति सेत्स्यन्ति पुरा च सिद्धा:, स्वाभाविकज्ञानतया समिद्धा:।

भव्यानितस्स्ताविकवर्त्म नेतुं, न्मामि ताँश्चिदगुणालब्धये तु।

ਸਹਜ ਸ਼ੁੱਧ ਆਤਮਸਰੂਪ ਦੇ ਗਿਆਨ ਨਾਲ ਸੰਪੰਨ ਜੀਵ ਵਰਤਮਾਨ ਵਿੱਚ ਸਿੱਧ ਹੋ ਰਹੇ ਹਨ, ਭਵਿੱਖ ਵਿਚ ਵੀ ਸਿੱਧ ਹੋਣਗੇ ਅਤੇ ਭੂਤਕਾਲ ਵਿਚ ਸਿੱਧ ਹੋਏ ਹਨ। ਇਸ ਲਈ ਸੰਸਾਰਕ ਜੀਵਾਂ ਨੂੰ ਸੱਚੇ ਮਾਰਗ ਤੇ ਲਿਜਾਣ ਲਈ ਅਤੇ ਚੇਤੰਨ ਗੁਣ ਦੀ ਪ੍ਰਾਪਤੀ ਲਈ ਉਨ੍ਹਾਂ ਸਿੱਧ ਪਰਮਸ਼੍ਰੇਸ਼ਟ ਪੁਰਖਾਂ ਨੂੰ ਨਮਸਕਾਰ ਕਰਦਾ ਹਾਂ।"[230] ਜੈਨ ਧਰਮ ਦੀ ਇਹ ਉਪਾਸਨਾ ਰੂਪੀ ਪ੍ਰਾਰਥਨਾ ਸਿੱਧਭਗਤੀ ਕਹਾਉਂਦੀ ਹੈ ਜੈਨ ਧਰਮ ਦੇ ਅੰਤਿਮ ਸਿੱਧ ਉਹ ਪੁਰਖ ਹਨ ਜਿੰਨ੍ਹਾਂ ਨੇ ਤੀਰਥੰਕਰਾਂ ਦੇ ਦਰਸਾਏ ਮਾਰਗ ਤੇ ਚੱਲ ਕੇ ਨਿਸ਼ਾਨੇ ਨੂੰ ਪ੍ਰਾਪਤ ਕਰ ਲਿਆ ਹੈ। ਇਹ ਪ੍ਰਾਰਥਨਾ ਵਰਤਮਾਨ, ਭੂਤਕਾਲ ਅਤੇ ਭਵਿੱਖ ਦੇ ਸਾਰੇ ਸਿੱਧਾਂ ਦੇ ਚਰਨਾਂ ਵਿਚ ਕੀਤੀ ਗਈ ਹੈ। ਜੇਕਰ ਹਰ ਇਕ ਧਰਮ ਆਪਣੇ ਹੋ ਚੁੱਕੇ ਸਮਕਾਲੀ ਅਤੇ ਆਉਣ ਵਾਲੇ ਵਡੇਰਿਆਂ ਦਾ ਸਤਿਕਾਰ ਕਰੇਗਾ ਤਾਂ ਉਸਨੂੰ ਉਹਨਾਂ ਦੀ ਬਰਕਤ ਹਾਸਿਲ ਹੋਵੇਗੀ। ਅਜਿਹੀਆਂ ਹੋਰ ਵੀ ਅਨੇਕਾਂ ਪ੍ਰਾਰਥਨਾਵਾਂ ਜੈਨ ਧਰਮ ਵਿਚ ਦੇਖੀਆਂ ਜਾ ਸਕਦੀਆਂ ਹਨ।

"स्वाभाविकोदारचरित्ररूपान्, नितान्तमानन्द-सुधेककूपान्।

विकारभावेन्धनधूमकेतून्, नमामि ताँश्चिदगुणलब्धयेतु।।

ਜੈਨ ਧਰਮ ਵਿਚ ਵੀ ਵੈਦਿਕ ਦੇਵਤਿਆਂ ਵਾਂਗ ਸਿੱਧਾਂ ਅੱਗੇ ਆਤਮਗੁਣਾਂ ਦੀ ਪ੍ਰਾਪਤੀ ਲਈ ਅਰਦਾਸ ਕੀਤੀ ਜਾਂਦੀ ਹੈ। ਕਿਉਂਕਿ ਆਤਮਾ ਨੂੰ ਉੱਚਾ ਕਰਨ ਵਾਲੇ ਗੁਣ ਕਿਤੇ ਬਾਹਰੋਂ ਨਹੀਂ ਮਿਲ ਸਕਦੇ। ਸੁਭਾਵਿਕ ਉੱਚ ਚਰਿੱਤਰ ਰੂਪ, ਅਨੰਦ ਰੂਪ ਅੰਮ੍ਰਿਤ ਦੇ ਖ਼ੂਹ ਅਤੇ ਵਿਕਾਰਭਾਵ ਰੂਪ ਦੇ ਈਧਨ ਨੂੰ ਸਾੜਨ ਦੇ ਲਈ ਅਗਨੀਰੂਪ ਉਨ੍ਹਾਂ ਸਿੱਧ ਮਹਾਪੁਰਖਾਂ ਨੂੰ ਆਤਮਗੁਣਾਂ ਦੀ ਪ੍ਰਾਪਤੀ ਲਈ ਮੈਂ ਨਮਸਕਾਰ ਕਰਦਾ ਹਾਂ।"[231] ਜੈਨ ਧਰਮ ਅਨੁਸਾਰ ਉਹਨਾਂ ਵਿੱਚੋਂ ਅੰਤਿਮ ਟੀਚੇ ਨੂੰ ਪਹੁੰਚੇ ਮਹਾਂਪੁਰਖ ਹੀ ਅਜਿਹਾ ਕਰ ਸਕਦੇ ਹਨ। ਧਰਮ ਦੀ ਦੁਨੀਆਂ ਵਿਚ ਆਤਮਾ ਨੂੰ ਉੱਚਾ ਚੁੱਕਣਾ ਹੀ ਪ੍ਰਮੁੱਖ ਕਾਰਜ ਹੁੰਦਾ ਹੈ।

### 3.1.7.9 ਪਵਿੱਤਰ ਕਰਨ ਲਈ ਪ੍ਰਾਰਥਨਾ

"येनादित: कर्ममलीमसत्त्वाद्- दौर्गत्यमेवानुसरन्ति सत्त्वा:।

स्नात्वा यदस्यां प्रभवन्ति चङ्गा: पुनातु सा मामपि वाक्सुगङ्गा।।

ਇਹ ਸਲੋਕ ਜੈਨ ਧਰਮ ਦੀ ਸ੍ਰਵਣ ਭਗਤੀ ਅਧੀਨ ਆਉਂਦਾ ਹੈ। ਜੈਨ ਧਰਮ ਵਿਚ ਕਰਮ ਸਿਧਾਂਤ ਨੂੰ ਮੰਨਿਆ ਜਾਂਦਾ ਹੈ। ਇਸ ਸਲੋਕ ਵਿਚ ਉਹਨਾਂ ਲੋਕਾਂ ਦੀ ਗੱਲ ਕੀਤੀ ਗਈ ਹੈ ਜੋ ਪਿਛਲੇ

---

[229] आचार्य ज्ञानसागर जी, *भक्ति संग्रह*, पन्ना 1.

[230] ਉਹੀ, ਪੰਨਾ 1.

[231] ਉਹੀ, ਪੰਨਾ 2.

ਕਰਮਾਂ ਤੋਂ ਭੈੜੇ ਕਰਮ ਕਰਕੇ ਧਰਤੀ ਉਪਰ ਜਨਮਾਂ ਅਨੁਸਾਰ ਦੁਖੀ ਜੀਵਨ ਭੋਗਦੇ ਹਨ। ਇਸ ਲਈ ਜੈਨ ਧਰਮ ਦੇ ਗ੍ਰੰਥ ਭਾਵ ਤੀਰਥੰਕਰਾਂ ਦੀ ਬਾਣੀ ਨੂੰ ਗੰਗਾ ਨਾਲ ਤਸ਼ਬੀਹ ਦੇ ਕੇ ਆਪਣੇ ਆਪਨੂੰ ਪਵਿੱਤਰ ਕਰਨ ਦੀ ਪ੍ਰਾਰਥਨਾ ਕੀਤੀ ਗਈ ਹੈ। "ਜੋ ਜੀਵ ਅਨਾਦਿਕਾਲ ਤੋਂ ਕਰਮਾਂ ਤੋਂ ਮਲੀਨ ਹੋਣ ਦੇ ਕਾਰਣ ਦੁੱਖਾਂ ਨੂੰ ਹੀ ਪ੍ਰਾਪਤ ਹੋ ਰਹੇ ਹਨ, ਉਹ ਇਸ ਵਿਚ ਇਸ਼ਨਾਨ ਕਰਕੇ ਸੁੰਦਰ ਜਾਂ ਚਤੁਰ ਹੋ ਜਾਂਦੇ ਹਨ ਸੋ ਉਹ ਜਿਨਵਾਣੀ ਰੂਪੀ ਉਤਮ ਗੰਗਾ ਸਾਨੂੰ ਵੀ ਪਵਿੱਤਰ ਕਰੇ।"[232] ਮਹਾਪੁਰਖਾਂ ਦਾ ਅਨੁਭਵ ਹੀ ਜੀਵ ਦੇ ਕਲਿਆਣ ਵਿਚ ਸਹਾਈ ਹੋ ਸਕਦਾ ਹੈ। ਜੇ ਉਸ ਬਾਣੀ ਨੂੰ ਸ਼ਰਧਾ ਅਤੇ ਅਮਲ ਕਰਨ ਦੀ ਭਾਵਨਾ ਨਾਲ ਪੜ੍ਹੀਏ। ਅਜਿਹਾ ਕਰਨ ਨਾਲ ਹੀ ਮਨੁੱਖੀ ਮਨ ਉਪਰ ਲੱਗੀ ਜਨਮਾਂ-ਜਨਮਾਂ ਦੀ ਮੈਲ ਲਹਿ ਸਕਦੀ ਹੈ।

**3.1.7.10 ਪੰਜ ਚਰਿੱਤਰਾਂ ਨੂੰ ਨਮਸਕਾਰ**

"यस्यानुभावात्पदयो: पतन्ति, शक्रादयोप्युद्यमिनो भवन्ति।
छेत्तुं जना जन्मनगं कलित्रं, न्मामि तत्पञ्चविधं चरित्रम्।।

ਜਿਸਦੇ ਪ੍ਰਭਾਵ ਨਾਲ ਇੰਦਰ ਆਦਿ ਵੀ ਚਰਨਾਂ ਵਿਚ ਡਿੱਗਦੇ ਹਨ-ਨਮਸਕਾਰ ਕਰਦੇ ਹਨ ਅਤੇ ਸੰਸਾਰਿਕ ਪ੍ਰਾਣੀ ਸੰਸਾਰ ਰੂਪੀ ਪਰਬਤ ਅਤੇ ਰੁੱਖ ਨੂੰ ਛੇਦਨ ਲਈ ਤਿਆਰ ਰਹਿੰਦੇ ਹਨ। ਇਸ ਕਲੇਸ਼ ਤੋਂ ਰੱਖਿਆ ਕਰਨ ਵਾਲੇ ਉਸ ਦਰਸ਼ਨਾਚਾਰ ਪੰਜ ਪ੍ਰਕਾਰ ਦੇ ਚਰਿੱਤਰ ਨੂੰ ਨਮਸਕਾਰ ਕਰਦਾ ਹਾਂ।"[233]

ਇਹ ਚਰਿੱਤਰ ਭਗਤੀ ਦਾ ਸਲੋਕ ਹੈ ਜਿਸ ਵਿਚ ਜੈਨ ਧਰਮ ਦੇ ਪੰਜ ਮੁਖ ਸਿਧਾਂਤਾਂ ਨੂੰ ਨਮਸਕਾਰ ਰੂਪੀ ਪ੍ਰਾਰਥਨਾ ਕੀਤੀ ਗਈ ਹੈ ਤਾਂ ਜੋ ਸੰਸਾਰ ਦੇ ਐਨੇ ਵੱਡੇ ਪਰਬਤ ਭਾਵ ਸੰਸਾਰਿਕ ਮਾਇਆ ਸਾਹਮਣੇ ਕੋਈ ਵੀ ਜੈਨੀ ਆਪਣੇ ਰਾਹ ਤੋਂ ਭਟਕਨਾ ਨਹੀਂ ਚਾਹੀਦਾ।

**3.1.7.11 ਮੁਨੀਆਂ ਅੱਗੇ ਪ੍ਰਾਰਥਨਾਵਾਂ**

"वसन्ति सानो: शिखरे प्रचण्डां- शु सन्मुखा: संयमितत्रिदण्डा:।
ग्रीष्मेपि भीष्मे यतयोत्र तेभ्यो, नमोस्तु योगत्रपधारकेभ्य:।।

ਇਸ ਸੰਸਾਰ ਵਿਚ ਜੋ ਮੁਨੀ ਭਿਅੰਕਰ ਗਰਮੀਂ ਵਿਚ ਵੀ ਪਰਬਤ ਦੀ ਚੋਟੀ 'ਤੇ ਸੂਰਜ ਕਿਰਨਾਂ ਦੇ ਸਾਹਮਣੇ ਹੁੰਦੇ ਹੋਏ ਨਿਵਾਸ ਕਰਦੇ ਹਨ ਅਤੇ ਮਨ, ਵਚਨ ਕਰਮ ਦੀ ਕਿਰਿਆ ਨੂੰ ਨਿਯੰਤਰਿਤ ਕਰਨ ਵਾਲੇ ਹਨ ਉਹ ਗਰਮੀ, ਵਰਖਾ, ਸਰਦੀ ਦੇ ਭੇਦ ਨਾਲ ਤਿੰਨੋਂ ਤਰ੍ਹਾਂ ਦੇ ਯੋਗ ਨੂੰ ਧਾਰਨ ਕਰਨ ਵਾਲੇ ਮੁਨੀਆਂ ਨੂੰ, ਨਮਸਕਾਰ ਹੈ।"[234] ਯੋਗਭਗਤੀ ਦੇ ਇਸ ਸਲੋਕ ਵਿਚ ਉਹਨਾਂ ਜੈਨ ਮੁਨੀਆਂ ਨੂੰ ਨਮਸਕਾਰ ਕੀਤੀ ਹੈ ਜੋ ਅਤਿ ਦੀ ਗਰਮੀ ਸਰਦੀ ਵਿਚ ਪਰਬਤਾਂ ਦੀਆਂ ਚੋਟੀਆਂ ਤੇ ਬੈਠ ਕੇ ਆਪਣੀ ਸਰੀਰ ਅਤੇ ਮਨ ਤੇ ਕਾਬੂ ਰੱਖ ਕੇ ਸਾਧਕਾ ਕਰਦੇ ਹਨ। ਧਰਮ ਦੀ ਦੁਨੀਆਂ ਵਿਚ ਬੜੀਆਂ ਹੀ ਕਠਿਨਾਈਆਂ ਵਿਚੋਂ ਗੁਜ਼ਰਨਾ ਪੈਂਦਾ ਹੈ ਭਾਵੇਂ ਉਹ ਕਿਸੇ ਵੀ ਧਰਮ ਦੀ ਕੋਈ ਵੀ ਸਾਧਨਾ ਹੋਵੇ ਜੋ ਇਸ ਕਠਿਨਾਈ ਨੂੰ ਪਾਰ ਕਰ ਗਿਆ ਉਹ ਪੂਜਣਯੋਗ ਹੁੰਦਾ ਹੈ। ਜਿਵੇਂ ਕਿ ਜੈਨ ਧਰਮ ਦੀ ਇਹ ਪ੍ਰਾਰਥਨਾ ਦਰਸਾ ਰਹੀ ਹੈ।

---

[232] आचार्य ज्ञानसागर जी, *भक्ति संग्रह*, पन्ना 5.
[233] ਉਹੀ, ਪੰਨਾ 7.
[234] ਉਹੀ, ਪੰਨਾ 14.

### 3.1.7.12 ਪਰਮਗੁਰੂ ਭਗਤੀ

"तिष्ठन्ति सन्तस्तरुकोटरेषु, श्मशानशून्यायतनोदरेषु।

ध्यांनैकतानाश्च गिरे: र्गुहायां, ते सन्तु नित्यं गुरव: सहाया: ।।

"ਜੋ ਰੁੱਖਾਂ ਦੀਆਂ ਖੋਲਾਂ ਵਿਚ, ਸ਼ਮਸ਼ਾਨ ਅਤੇ ਸੁੰਨੇ ਘਰਾਂ ਵਿਚ ਅਤੇ ਪਰਬਤਾਂ ਦੀਆਂ ਗੁਫਾਵਾਂ ਵਿਚ ਧਿਆਨਮਗਨ ਹੁੰਦੇ ਹੋਏ ਸਥਿਰ ਰਹਿੰਦੇ ਹਨ, ਉਹ ਗੁਰੂ ਸਦਾ ਸਹਾਇਕ ਹੋਣ।"[235] ਜੈਨ ਧਰਮ ਦੀਆਂ ਇਹ ਚਾਰ ਪ੍ਰਾਰਥਨਾਵਾਂ ਗੁਰੂ ਅੱਗੇ ਕੀਤੀਆਂ ਹਨ। ਜੈਨ ਧਰਮ ਦੀ ਇਸ ਪ੍ਰਾਰਥਨਾ ਵਿਚ ਗੁਰੂ ਦੇ ਲਈ ਭਗਤੀ ਦਾ ਭਾਵ ਹੈ। ਉਹ ਗੁਰੂ ਜੋ ਬੜੀ ਹੀ ਕਠਿਨ ਤਪੱਸਿਆ ਵਿੱਚੋਂ ਲੰਘਿਆ ਹੈ ਜਿਸਨੇ ਕਈ ਸਾਲਾਂ ਦੀ ਤਪੱਸਿਆ ਰਾਹੀਂ ਸੱਚ ਨੂੰ ਪਾਇਆ ਹੈ। ਜਿੰਨ੍ਹਾਂ ਨੇ ਘਰ ਬਾਰ ਤਿਆਗ ਕੇ ਕਈ-ਕਈ ਸਾਲ ਦਰੱਖਤਾਂ/ਪਰਬਤਾਂ ਵਿੱਚ ਨਿਵਾਸ ਕਰਕੇ ਜੈਨ ਧਰਮ ਦੇ ਸੱਚ ਨੂੰ ਜਾਣਿਆ ਉਹਨਾਂ ਤੋਂ ਸਹਾਇਤਾ ਲਈ ਪ੍ਰਾਰਥਨਾ ਕੀਤੀ ਗਈ ਹੈ।

"वयो यथा नैकनिवासनिष्ठा:, वाता इवासडयोपरिष्टात्।

चरन्ति सर्वत्र भुवोज्नपााया- स्ते सन्तु नित्यं गुरव: सहाया:।।

ਜੋ ਪੰਛੀਆਂ ਵਾਂਗ ਇਕ ਸਥਾਨ ਤੇ ਨਿਵਾਸ ਨਹੀਂ ਕਰਦੇ, ਪਰਗ੍ਰਹਿਰਹਿਤ (ਜਰੂਰਤ ਤੋਂ ਵੱਧ ਨਾ ਰੱਖਣਾ) ਹੋਣ ਕਾਰਨ ਹਵਾ ਦੇ ਸਮਾਨ ਹਨ ਅਤੇ ਸਾਰੀਆਂ ਥਾਵਾਂ ਜਿਵੇਂ ਧਰਤੀ ਦੇ ਉਪਰ ਨਿਰਵਿਘਨ ਵਿਹਾਰ ਕਰਦੇ ਹਨ, ਉਹ ਗੁਰੂ ਸਦਾ ਸਹਾਈ ਹੋਣ।"[236] ਜੈਨ ਧਰਮ ਵਿਚ ਸਾਧੂ ਲਈ ਨਿਯਮ ਹੈ ਕਿ ਉਹ ਇਕ ਦਰਖੱਤ ਥੱਲੇ ਇਕ ਤੋਂ ਵੱਧ ਰਾਤ ਨਹੀਂ ਬਿਤਾਏਗਾ ਤਾ ਕਿ ਉਸ ਨਾਲ ਮੋਹ ਨਾ ਪੈ ਜਾਵੇ। ਜੈਨੀ ਸਾਧੂਆਂ ਦੀ ਜ਼ਿੰਦਗੀ ਬੜੀ ਕਠਿਨ ਹੁੰਦੀ ਹੈ। ਇਹ ਪ੍ਰਾਰਥਨਾ ਵਿਚ ਅਜਿਹੇ ਸਾਧੂਆਂ ਤੇ ਸਹਾਇਤਾ ਮੰਗੀ ਗਈ ਹੈ।

"शिशूपमा ये खलु निर्विकारा:, विश्वप्रमोदाय कृतप्रचारा:

वस्त्रव्यपेतोत्तमसम्प्रदाया स्ते सन्तु नित्यं गुरव: सहाया:

ਜੋ ਬਾਲਕ ਵਾਂਗ ਵਿਕਾਰ ਰਹਿਤ ਹਨ, ਸਾਰਿਆਂ ਦੀ ਖੁਸ਼ੀ ਲਈ ਜੋ ਵਿਹਾਰ ਕਰਦੇ ਹਨ ਅਤੇ ਜੋ ਉਤਮ ਦਿਗੰਬਰ ਸੰਪਦ੍ਰਾਇ ਵਾਲੇ ਹਨ, ਉਹ ਗੁਰੂ ਸਦਾ ਸਹਾਇਕ ਹੋਣ।"[237] ਇਹ ਪ੍ਰਾਰਥਨਾ ਦਿਗੰਬਰ ਸਾਧੂਆਂ ਵੱਲੋਂ ਕੀਤੀ ਗਈ ਜਾਪਦੀ ਹੈ ਕਿਉਂਕਿ ਉਹਨਾਂ ਦਾ ਵਿਚ ਜ਼ਿਕਰ ਆਇਆ ਹੈ ਪੂਰਨ ਧਾਰਮਿਕ ਪੁਰਸ਼ ਦੀ ਬਿਰਤੀ ਬੱਚੇ ਵਾਂਗ ਸਾਰਿਆਂ ਲਈ ਬਰਾਬਰ ਹੁੰਦੀ ਹੈ।

"ये नीरसं प्रेमत आहरन्ति, गरिष्ठमिष्टं स्वशनं गरन्ति।

येषां प्रवृत्तिर्जगतोद्भुताया, त सन्तु नित्यं गुरव: सहाया:।6।

ਜਿਹੜੇ ਸਾਦਾ ਭੋਜਨ ਪ੍ਰੇਮ ਨਾਲ ਕਰਦੇ ਹਨ ਪਰੰਤੂ ਪੌਸ਼ਟਿਕ, ਉਤਮ ਅਤੇ ਸੁਆਦੀ ਭੋਜਨ ਨੂੰ ਜ਼ਹਿਰ ਵਾਂਗ ਮੰਨਦੇ ਹਨ ਅਤੇ ਜਿੰਨ੍ਹਾਂ ਦੀ ਪ੍ਰਵਿਰਤੀ ਜਗਤ ਨੂੰ ਅਸਚਰਜ ਪ੍ਰਾਪਤ ਕਰਵਾਉਣ ਵਾਲੀ ਹੈ

[235] आचार्य ज्ञानसागर जी, *भक्ति संग्रह*, पन्ना 16.

[236] ਉਹੀ, ਪੰਨਾ 16.

[237] ਉਹੀ, ਪੰਨਾ 16-17.

ਅਰਥਾਤ ਜਿੰਨ੍ਹਾਂ ਦੀ ਕਠਿਨ ਸਾਧਨਾ ਦੇਖ ਕੇ ਸਾਰਿਆਂ ਨੂੰ ਹੈਰਾਨੀ ਹੁੰਦੀ ਹੈ ਉਹ ਗੁਰੂ ਸਦਾ ਸਹਾਇਕ ਹੋਣ।"[238] ਜੈਨ ਧਰਮ ਦੇ ਸਾਧੂ ਬੜਾ ਹੀ ਸਾਦਾ ਜੀਵਨ ਗੁਜ਼ਾਰਦੇ ਹਨ ਉਹਨਾਂ ਦਾ ਖਾਣਾ ਵੀ ਬਹੁਤ ਸਾਦਾ ਹੁੰਦਾ ਹੈ ਜਿਸਦੇ ਖਾਣ ਨਾਲ ਕੇਵਲ ਸਰੀਰ ਚੱਲ ਫਿਰ ਸਕਦਾ ਹੈ, ਜ਼ੁਬਾਨ ਦੇ ਸੁਆਦ ਲਈ ਉਹ ਕੁਝ ਨਹੀਂ ਖਾਂਦੇ, ਸੋ ਜੈਨ ਧਰਮ ਦੇ ਗੁਰੂਆਂ ਅੱਗੇ ਅੰਤਿਮ ਲਕਸ਼ ਦੀ ਪ੍ਰਾਪਤੀ ਲਈ ਪ੍ਰਾਰਥਨਾ ਹੈ।

**अर्हन्नथो सिद्ध इतो श्चाध्यापक: साधुरनन्यवेश:।**

**एच्चाश्रया ये परमेष्ठिताया स्तें सन्तु नित्यं गुरव: सहाया।।5।।**

"ਅਰਹੰਤ ਇਹਨਾਂ ਤੋਂ ਬਾਅਦ ਸਿੱਧ, ਆਚਾਰੀਆ, ਉਪਾਧਿਆਇ ਅਤੇ ਦਿਗੰਬਰ ਮੁਨੀ, ਇਸ ਪ੍ਰਕਾਰ ਜੋ ਉਤਮ ਪਦ ਦੇ ਪੰਜ ਅਧਾਰਭੂਤ ਹਨ ਅਰਥਾਤ ਜੋ ਅਰਹੰਤ ਸਿੱਧ, ਆਚਾਰੀਆ, ਉਪਾਧਿਆਇ ਅਤੇ ਸਾਧੂ ਦੇ ਨਾਮ ਤੋਂ ਪ੍ਰਸਿੱਧ ਹਨ, ਉਹ ਗੁਰੂ ਸਦਾ ਸਹਾਇਕ ਹੋਣ।"[239] ਜੈਨ ਧਰਮ ਦੀਆ ਪੰਜ ਮੁਖ ਸਤਿਕਾਰਯੋਗ ਪਦਵੀਆਂ ਅੱਗੇ ਸਹਾਇਤਾ ਦੀ ਮੰਗ ਕੀਤੀ ਗਈ ਹੈ।

**(चतुर्विशतितीर्थङ्करभक्ति)** ਚਤੁਰਵਿਸ਼ਤਤੀਰਥੰਕਰ ਭਗਤੀ

**"नाबेयमानन्दगिराचितं च, श्रीसम्भवं चाप्यभिनन्दनं च।**

**सुमत्यभिख्यं जिनपं तथा तं, स्तवीम्यहं सम्प्रतिकालजातम् ।।**

ਮੈਂ ਵਰਤਮਾਨ ਕਾਲ ਵਿਚ ਉਤਪੰਨ ਹੋਏ ਰਿਸ਼ਭਨਾਥ, ਅਜਿਤਨਾਥ, ਸ੍ਰੀ ਸੰਭਵਨਾਥ ਅਭਿਨੰਦਨ ਅਤੇ ਪ੍ਰਸਿੱਧ ਸੁਮਿਤਨਾਥ, ਜਿਨੇਂਦ੍ਰ ਦੀ ਪ੍ਰਸੰਨਤਾ ਰੂਪੀ ਬਾਣੀ ਨਾਲ ਉਸਤਤ ਕਰਦਾ ਹਾਂ।"[240] ਇਹ ਪ੍ਰਾਰਥਨਾ ਉਸਤਤ ਰੂਪੀ ਹੈ ਜਿਸ ਵਿਚ ਜੈਨੀਆਂ ਦੇ ਪਹਿਲਾਂ ਹੋ ਚੁੱਕੇ ਤੀਰਥੰਕਰਾਂ ਦੀ ਉਸਤਤ ਕੀਤੀ ਗਈ ਹੈ। ਜਿਵੇਂ ਕਿ ਵੇਦਾਂ ਵਿਚ ਦੇਵਤਿਆਂ ਨੂੰ ਖੁਸ਼ ਕਰਕੇ ਉਹਨਾਂ ਤੋਂ ਕ੍ਰਿਪਾ ਪ੍ਰਾਪਤ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਜੈਨ ਧਰਮ ਦੇ ਹੋ ਚੁੱਕੇ ਤੀਰਥੰਕਰਾਂ ਸਾਹਮਣੇ ਉਸਤਤ ਕੀਤੀ ਗਈ ਹੈ ਤਾਂ ਜੋ ਉਹਨਾਂ ਨੂੰ ਯਾਦ ਕਰਕੇ ਉਹਨਾਂ ਦੁਆਰਾ ਦਰਸਾਏ ਮਾਰਗ 'ਤੇ ਚੱਲਿਆ ਜਾ ਸਕੇ।

### 3.1.7.13 ਤੀਰਥੰਕਰ ਭਗਤੀ

**"पादानलोक्रातिशयान्वयाय, समुद्गतानन्तचतुष्टयाय।**

**सत्प्रतिहार्याष्टकनिष्ठिताय, नमोर्हते तीर्थकृते जिनाय।।**

ਸੂਰਜ ਦੀ ਕਿਰਨ ਅਤੇ ਅਗਨੀ ਦੁਆਰਾ ਤੇਜ ਭਰਪੂਰ ਅਤੇ ਸੂਰਜ ਦੀਆਂ ਰਿਸ਼ਮਾਂ ਦੁਆਰਾ ਸਭ ਨੂੰ ਪ੍ਰਕਾਸ਼ਿਤ ਕਰਨ ਵਾਲੇ ਹਨ ਅਤੇ ਅਗਨੀ ਵਾਂਗ ਕਰਮ ਰੂਪੀ ਈਂਧਨ ਨੂੰ ਜਲਾਉਣ ਵਾਲੇ ਹਨ, ਜਿੰਨ੍ਹਾਂ ਦੇ ਅਨੰਤ ਗਿਆਨ, ਅਨੰਤ ਦਰਸ਼ਨ, ਅਨੰਤ ਸੁਖ ਅਤੇ ਅਨੰਤ ਵੀਰਜਰੂਪ ਚਾਰ ਗੁਣ ਹੁੰਦੇ ਹਨ ਅਤੇ ਜੋ ਅਸ਼ੋਕ ਰੁੱਖ ਵਾਂਗ ਅੱਠ ਪ੍ਰਤੀਹਾਰਾਂ ਸਹਿਤ ਹਨ ਅਜਿਹੇ ਅਰਹੰਤ ਨਾਮ ਨਾਲ ਭਰਪੂਰ ਕਰਮਸਤਰੂਆਂ ਨੂੰ ਜਿੱਤਣ ਵਾਲੇ ਤੀਰਥੰਕਰ ਲਈ ਨਮਸਕਾਰ ਹੋਵੇ।"[241] ਜੈਨ ਧਰਮ ਵਿਚ ਤੀਰਥੰਕਰ

---

[238] आचार्य ज्ञानसागर जी, *भक्ति संग्रह*, पन्ना 17.
[239] ਉਹੀ, ਪੰਨਾ 17.
[240] ਉਹੀ, ਪੰਨਾ 18.
[241] ਉਹੀ, ਪੰਨਾ 21.

ਦਾ ਉਹੀ ਸਥਾਨ ਹੈ ਜੋ ਸਿੱਖ ਧਰਮ ਵਿਚ ਗੁਰੂ ਦਾ ਅਤੇ ਇਸਲਾਮ ਵਿਚ ਪੈਗੰਬਰ ਦਾ ਹੈ ਸੋ ਇਸ ਸਲੋਕ ਵਿਚ ਤੀਰਥੰਕਰ ਦੀ ਉਸਤਤ ਰੂਪੀ ਪ੍ਰਾਰਥਨਾ ਪੇਸ਼ ਕੀਤੀ ਗਈ ਹੈ। ਜਿਸ ਵਿਚ ਉਸਦੇ ਉਤਮ ਗੁਣਾਂ ਦਾ ਵਿਖਿਆਨ ਕੀਤਾ ਗਿਆ ਹੈ ਅਤੇ ਆਪਣੀ ਭਗਤੀ ਨੂੰ ਪ੍ਰਗਟ ਕੀਤਾ ਗਿਆ ਹੈ।

**"निर्दोषरुपाण गुणाश्रयाय, तस्मै च भव्याम्बुजभास्कराय।**

**समस्तसत्त्वप्रतिबधकाय, नमोर्हते तीर्थकृते जिनाय।2।**

ਜਿੰਨ੍ਹਾਂ ਦਾ ਰੂਪ ਦੋਸ਼ਰਹਿਤ ਹੈ ਅਰਥਾਤ ਵਿਕਾਰ ਉਤਪੰਨ ਕਰਨ ਵਾਲਾ ਨਹੀਂ ਹੈ, ਜੋ ਸਮਯੱਗਦਰਸ਼ਨ ਆਦਿ ਗੁਣਾਂ ਦੇ ਆਧਾਰਭੂਤ ਹਨ, ਭਾਵ ਜੀਵ ਰੂਪ ਕਮਲਾਂ ਨੂੰ ਖਿੜਾਉਣ ਦੇ ਲਈ ਸੂਰਜ ਸਵਰੂਪ ਹਨ ਅਤੇ ਸਮੁੱਚੇ ਜੀਵਾਂ ਦੇ ਭਲੇ ਦਾ ਮਾਰਗ ਦੱਸਣ ਵਾਲੇ ਹਨ ਅਜਿਹੇ ਅਰਹੰਤ ਅਤੇ ਜਿਨ ਨਾਮਧਾਰੀ ਤੀਰਥੰਕਰਾਂ ਨੂੰ ਨਮਸਕਾਰ ਹੈ।"[242] ਇਹ ਪ੍ਰਾਰਥਨਾਵਾਂ ਜੈਨੀ ਤੀਰਥੰਕਰਾਂ ਦੀ ਉਸਤਤੀ ਕਰਦੀਆਂ ਹਨ ਅਤੇ ਪ੍ਰਾਰਥਨਾ ਕਰਨ ਵਾਲਾ ਉਹਨਾਂ ਦਾ ਕਿਰਪਾ ਨਾਲ ਅੰਤਿਮ ਨਿਸ਼ਾਨੇ ਤੱਕ ਪਹੁੰਚਾਉਣ ਦੀ ਅਭਿਲਾਸ਼ਾ ਕਰਦਾ ਹੈ।

**"श्रीह्रीभिरासेवितमातृकाय, देवैः सुमेरो जनुरुत्सवाया।**

**सुरर्षिसूक्तागृहसम्पदाय, नमो र्हते तीर्थकृते जिनाय।**

ਗਰਭਅਵਸਥਾ ਦੇ ਸਮੇਂ ਸ੍ਰੀ ਆਦਿ ਅਸ਼ਟ ਕੁਮਾਰ ਦੇਵੀਆਂ ਦੁਆਰਾ ਜਿੰਨ੍ਹਾਂ ਦੀ ਮਾਤਾ ਦੀ ਸੇਵਾ ਕੀਤੀ ਜਾਂਦੀ ਸੀ, ਜਨਮ ਹੋਣ ਤੇ ਦੇਵਤਿਆਂ ਦੁਆਰਾ ਸੁਮੇਰ ਪਰਬਤ ਤੇ ਜਿੰਨ੍ਹਾਂ ਦਾ ਜਨਮ ਉਤਸਵ ਅਭਿਸ਼ੇਕ ਕੀਤਾ ਗਿਆ ਸੀ ਅਤ ਮੁਨੀ ਹੋਣ ਵੇਲੇ ਲੋਕਾਤਿਕ ਦੇਵਤਿਆਂ ਦੁਆਰਾ ਜਿੰਨ੍ਹਾਂ ਦੇ ਗ੍ਰਹਿਤਿਆਗ ਰੂਪ ਦੀ ਪ੍ਰਸੰਸਾ ਕੀਤੀ ਗਈ ਸੀ, ਉਹਨਾਂ ਅਰਹੰਤਾਂ ਅਤੇ ਨਾਮਧਾਰੀ ਤੀਰਥੰਕਰਾਂ ਨੂੰ ਨਮਸਕਾਰ ਹੈ।"[243] ਜੈਨ ਪਰੰਪਰਾ ਅਨੁਸਾਰ ਤੀਰਥੰਕਰ ਦੀ ਮਾਤਾ ਦੇ ਗਰਭ ਵਿਚ ਹੁੰਦਾ ਹੈ ਤਾਂ ਉਸਨੂੰ ਦੈਵੀ ਸੁਫਨੇ ਆਉਂਦੇ ਹਨ ਅਤੇ ਦੇਵੀ-ਦੇਵਤੇ ਉਸਦੀ ਸੇਵਾ ਵਿਚ ਹਾਜ਼ਰ ਰਹਿੰਦੇ ਹਨ, ਤਰਿਥੰਕਰ ਦੇ ਜਨਮ ਵੇਲੇ ਵੀ ਦੇਵਤੇ ਜਿੰਨ੍ਹਾਂ ਦੇ ਦਰਸ਼ਨਾਂ ਲਈ ਆਉਂਦੇ ਹਨ ਇਸ ਵਿਚ ਤੀਰਥੰਕਰਾਂ ਦੀ ਉਪਮਾ ਰੂਪੀ ਪ੍ਰਾਰਥਨਾ ਕੀਤੀ ਗਈ ਹੈ।

**विलोक्य लोकं ग्लपितं द्रतान्त- स्तयाप्तपुण्यातिशयेन दान्तः।**

**तस्मै सुवाचाभ्युपदेशकाय, नमोर्हते तीर्थकृते जिनाय।**

"ਸੰਸਾਰ ਨੂੰ ਦੁਖੀ ਦੇਖ ਕੇ ਅੰਤਹਕਰਣ ਦੇ ਦ੍ਰਵੀਭੂਤ ਹੋਣ ਨਾਲ ਪ੍ਰਾਪਤ ਹੋਏ ਪੁੰਨ ਦੇ ਦੁਆਰਾ ਜੋ ਇੰਦ੍ਰੀਆਂ ਨੂੰ ਜਿੱਤ ਕੇ ਨਿਰਗ੍ਰੰਥ ਸਾਧੂ ਹੋਏ ਸੀ ਅਤੇ ਕੇਵਲ ਗਿਆਨ ਹੋਣ ਤੇ ਦੈਵੀ ਆਵਾਜ਼ ਦੁਆਰਾ ਜਿੰਨ੍ਹਾਂ ਨੇ ਪ੍ਰਾਣੀ ਮਾਤਰ ਦੇ ਭਲੇ ਦਾ ਉਪਦੇਸ਼ ਦਿੱਤਾ ਸੀ, ਉਨ੍ਹਾਂ ਅਰਹੰਤ ਅਤੇ ਜਿਨ ਨਾਮ ਦੇ ਧਾਰਕ ਤੀਰਥੰਕਰ ਭਗਵਾਨ ਨੂੰ ਨਮਸਕਾਰ ਹੋਵੇ।"[244] ਜੈਨੀ ਸਾਧੂ ਕਿਸੇ ਦੇ ਦੁਖ ਨੂੰ ਦੇਖ ਨਹੀਂ ਸਕਦੇ ਇੰਦ੍ਰੀਆਂ ਤੇ ਕਾਬੂ ਪਾਉਂਦੇ ਹਨ, ਪ੍ਰਾਣੀ ਮਾਤਰ ਦਾ ਭਲਾ ਕਰਨ ਵਾਲੇ ਸਾਧੂਆਂ ਅੱਗੇ ਪ੍ਰਾਰਥਨਾ ਕੀਤੀ ਗਈ ਹੈ।

---

[242] आचार्य ज्ञानसागर जी, *भक्ति संग्रह*, पन्ना 21.
[243] ਉਹੀ, ਪੰਨਾ 22.
[244] ਉਹੀ, ਪੰਨਾ 22-23.

"शमाम्बुधिर्मेरुरिवेद्धधैर्य, सम्माननीयोप्यसूरैनरैर्य:

तस्मै समस्तामरवन्दिताय, नमोर्हते तीर्थकृते जिनाय।5।

ਜੋ ਸ਼ਾਂਤੀ ਦੇ ਸਮੁੰਦਰ ਸੀ, ਸੁਮੇਰ ਪਰਬਤ ਵਾਂਗ ਉਤਮਾਂ ਧੀਰਜ ਵਾਲੇ ਸਨ, ਅਸੁਰਾਂ, ਦੇਵਤਿਆਂ ਅਤੇ ਮਨੁੱਖਾਂ ਦੁਆਰਾ ਬਰਾਬਰ ਦੇ ਪੂਜਕ ਸਨ ਅਤੇ ਸਾਰਿਆਂ ਦੇਵਤਿਆਂ ਦੁਆਰਾ ਵੰਦਨਾ ਕਰਨ ਯੋਗ ਸਨ ਉਹਨਾਂ ਅਰਹੰਤ ਅਤੇ ਜਿਨਨਾਮਧਾਰਕ ਤੀਰਥੰਕਰ ਭਗਵਾਨ ਨੂੰ ਨਮਸਕਾਰ ਹੈ।"[245] ਜੈਨੀ ਸਾਧੂਆਂ ਨੂੰ ਸਮੁੰਦਰ ਨਾਲ, ਸੁਮੇਰ ਪਰਬਤ ਨਾਲ ਤਸ਼ਬੀਹ ਦੇ ਕੇ ਅਤੇ ਸਾਰਿਆਂ ਦੇ ਪੂਜਨੀਕ ਹੋਣ ਵਾਲਿਆਂ ਅੱਗੇ ਪ੍ਰਾਰਥਨਾ ਕੀਤੀ ਗਈ ਹੈ।

### 3.1.7.14 ਮੂਰਤ ਭਗਤੀ

"वर्षेषु वर्षान्तरपर्वतेषु, नन्दीश्वरे यानि च मन्दरेषु।

जले स्थले क्याप्युदले गुहानां, चैत्यानि वन्दे जिनपुङ्गवानाम्।।

ਖੇਤਰਾਂ ਵਿਚ, ਖੇਤਰਾਂ ਵਿਚ ਆਏ ਕੁਲਾਂਚਲ ਪਰਬਤ ਤੇ ਨੰਦੀਸ਼ਵਰ ਨਾਮ ਦੀਪ ਵਿਚ, ਸੁਮੇਰ ਪਰਬਤਾਂ ਵਿਚ, ਜਲ ਵਿਚ, ਧਰਤੀ ਤੇ, ਕਿਤੇ ਗੁਫਾ ਦੇ ਅੰਦਰ ਵਿਦਮਾਨ ਜਿੰਨੇ ਵੀ ਜਿਨ ਮੰਦਿਰਾਂ ਵਿਚ ਜਿਨੇਂਦ੍ਰ ਭਗਵਾਨ ਦੀਆਂ ਮੂਰਤੀਆਂ ਹਨ ਉਹਨਾਂ ਨੂੰ ਮੈਂ ਨਮਸਕਾਰ ਕਰਦਾ ਹਾਂ।"[246] ਜੈਨ ਧਰਮ ਦੀ ਇਹ ਪ੍ਰਾਰਥਨਾ ਸਿੱਧ ਕਰਦੀ ਹੈ ਕਿ ਜੈਨੀ ਆਪਣੇ ਤੀਰਥੰਕਰਾਂ ਦੀਆਂ ਮੂਰਤੀਆਂ ਦੀ ਪੂਜਾ ਕਰਦੇ ਹਨ,ਉਸਤਤ ਰੂਪੀ ਬਾਣੀ ਉਹਨਾਂ ਸਾਹਮਣੇ ਉਚਾਰਦੇ ਹਨ, ਜਿਹੜੀ ਕਿ ਪ੍ਰਾਰਥਨਾਵਾਂ ਦਾ ਰੂਪ ਹੁੰਦੀ ਹੈ। ਇਸ ਸ਼ਬਦ ਵਿਚ ਵੀ ਅਜਿਹਾ ਹੀ ਇਸ਼ਾਰਾ ਹੈ ਜਿਹੜਾ ਕਿ ਉਸਤਤ ਰੂਪੀ ਪ੍ਰਾਰਥਨਾ ਹੈ। ਜਿਸ ਤੋਂ ਜੈਨ ਧਰਮ ਵਿਚ ਹਿੰਦੂ ਧਰਮ ਵਰਗਾ ਪ੍ਰਭਾਵ ਨਜ਼ਰ ਆਉਂਦਾ ਹੈ। ਭਾਰਤੀ ਪਰੰਪਰਾ ਦੇ ਸਾਰੇ ਧਰਮਾਂ ਵਿਚ ਇਸ ਭਗਤੀ ਦੇ ਸਿੱਧੇ ਜਾ ਅਸਿੱਧੇ ਰੂਪ ਵਿਚ ਦਰਸ਼ਨ ਕੀਤੇ ਜਾ ਸਕਦੇ ਹਨ।

"स्वमुद्रया शन्तिमुदाहरन्ति, साम्यं जना आश समाचरन्ति

यत: किलातोषरुषो: स्थलानां, चैत्यानि वन्दे जिनपुङ्गवानाम् ।।

ਜੈਨ ਤੀਰਥੰਕਰਾਂ ਦੀ ਮੂਰਤੀ ਵਿਚੋਂ ਸ਼ਾਂਤੀ ਪ੍ਰਗਟ ਹੁੰਦੀ ਹੈ ਅਤੇ ਜਿਸ ਨਾਲ ਅਸੰਤੋਖ ਅਤੇ ਕ੍ਰੋਧ ਦੀ ਜਗ੍ਹਾ ਤੇ ਮਨੁੱਖ ਨਿਸ਼ਚੇ ਹੀ, ਛੇਤੀ ਹੀ ਸ਼ਾਂਤੀ ਨੂੰ ਪ੍ਰਾਪਤ ਹੁੰਦੇ ਹਨ। ਜਿੰਨੇਦ੍ਰ ਭਗਵਾਨ ਦੀਆਂ ਉਨ੍ਹਾਂ ਮੂਰਤੀਆਂ ਨੂੰ ਮੈਂ ਨਮਸਕਾਰ ਕਰਦਾ ਹਾਂ।" ਇਹ ਪ੍ਰਾਰਥਨਾਵਾਂ ਜੈਨੀ ਮੂਰਤੀਆਂ ਅੱਗੇ ਕੀਤੀਆਂ ਗਈਆਂ ਹਨ ਅਤੇ ਉਹਨਾਂ ਤੋਂ ਸ਼ਾਂਤੀ ਦੀ ਮੰਗ ਕੀਤੀ ਗਈ ਹੈ।

"जम्बृद्र मे शाल्मलिनाम्नि वा द्रौ। श्रीकुण्डलाख्ये रुचकाभिधाद्रौ।

तिष्ठन्ति चान्यत्र जगद्धितानां, चैत्यानि वन्दे जिनपुङ्गवानाम्।।

ਜੰਬੂ ਰੁੱਖ ਉਪਰ ਅਤੇ ਸ਼ਾਲਮਲੀ ਰੁੱਖਾਂ ਉਪਰ, ਸ਼੍ਰੀ ਕੁੰਡਗਿਰੀ ਤੇ, ਰੂਚਕ ਨਾਮੀ ਪਰਬਤ 'ਤੇ ਅਤੇ ਹੋਰਨਾਂ ਸਥਾਨਾਂ ਤੇ ਵਿਦਮਾਨ ਜਗਤ ਦਾ ਹਿਤ ਕਰਨ ਵਾਲੇ ਜਿਨੇਂਦ੍ਰ ਭਗਵਾਨ ਦੀਆਂ ਮੂਰਤੀਆਂ ਨੂੰ

---

245 आचार्य ज्ञानसागर जी, *भक्ति संग्रह*, पन्ना 23.
246 ਉਹੀ, ਪੰਨਾ 34.

ਮੈਂ ਨਮਸਕਾਰ ਕਰਦਾ ਹਾਂ।"[247] ਇਸ ਵਿਚ ਜੈਨ ਤੀਰਥਾਂ ਵੱਲ ਇਸ਼ਾਰਾ ਕੀਤਾ ਗਿਆ ਹੈ ਅਤੇ ਜਿਥੇ ਵੀ ਜੈਨੀ ਤੀਰਥੰਕਰਾਂ ਦੀ ਕੋਈ ਵੀ ਮੂਰਤੀ ਵਿਦਮਾਨ ਹੈ ਸਾਰਿਆ ਨੂੰ ਨਮਸਕਾਰ ਕੀਤੀ ਗਈ ਹੈ।

### 3.1.7.15 ਪ੍ਰਤਿਕਰਮਣ ਭਗਤੀ

"अतोधुना हे जिनय! त्वदग्रे, प्रमादतोज्ञानितया समग्रे।

कृत्ये ममाभूच्च्यवनं तदेतत्, सम्प्रार्थ्यते नाथ! मृषा क्रियेत।।

ਇਸ ਲਈ ਇਸ ਸਮੇਂ ਹੇ ਜਿਨੇਂਦ੍ਰ। ਪ੍ਰਮਾਦ ਨਾਲ ਜਾਂ ਅਗਿਆਨਭਾਵ ਨਾਲ ਸਮੁੱਚੇ ਕਾਰਜਾਂ ਵਿਚ ਮੇਰੀ ਜੋ ਭੁੱਲ ਹੋਈ ਹੈ, ਉਸ ਸਭ ਨੂੰ ਆਪਦੇ ਸਾਹਮਣੇ ਪ੍ਰਗਟ ਕਰਦਾ ਹਾਂ। ਹੇ ਭਗਵਾਨ ਪ੍ਰਾਰਥਨਾ ਹੈ ਕਿ ਉਹ ਸਭ ਝੂਠਾ ਹੋ ਜਾਵੇ ਅਰਥਾਤ ਮੇਰੇ ਅਪਰਾਧ ਮੁਆਫ ਕੀਤੇ ਜਾਣ।"[248] ਇਸ ਪਦ ਵਿਚ ਜਿਨੇ ਭਗਵਾਨ ਤੋਂ ਜਾਣੇ -ਅਣਜਾਣੇ ਧਾਰਮਿਕ ਕਾਰਜ ਕਰਦਿਆਂ ਹੋਈਆਂ ਭੁੱਲਾਂ ਦੀ ਖਿਮਾਂ ਮੰਗੀ ਗਈ ਹੈ। ਉਹਨਾਂ ਸਾਰੀਆਂ ਗਲਤੀਆਂ ਦਾ ਪ੍ਰਗਟਾਵਾ ਕੀਤਾ ਗਿਆ ਹੈ ਅਤੇ ਭਗਵਾਨ ਸਾਹਮਣੇ ਉਹਨਾਂ ਦੀ ਮੁਆਫੀ ਲਈ ਪ੍ਰਾਰਥਨਾ ਕੀਤੀ ਗਈ ਹੈ। ਭਾਵ ਕਿ ਜੈਨ ਧਰਮ ਵੀ ਦੂਜੇ ਧਰਮਾਂ ਵਾਂਗ ਆਪਣੇ ਤੀਰਥੰਕਰਾਂ ਅੱਗੇ ਮੰਗਾਂ ਮੰਗਵਾਉਣ ਲਈ ਅਤੇ ਭੁੱਲਾਂ ਬਖਸ਼ਾਉਣ ਲਈ ਸਮੇਂ ਸਮੇਂ ਪ੍ਰਾਰਥਨਾ ਕਰਦਾ ਹੈ।

"चराचराणामपि सप्रपञ्चं, कृतं मया कारितमामतं च।

विध्वंसनाद्यत्र धरातले यत्। सम्प्रार्थ्यते नाथ! मृषा क्रियेत।।

ਇਸ ਪ੍ਰਿਥਵੀ ਤਲ ਤੇ ਮੇਰੇ ਦੁਆਰਾ ਛਲ ਸਹਿਤ, ਸਥਾਵਰ ਜੰਗਮ ਕਿਸੇ ਵੀ ਜੀਵ ਆਦਿ ਦਾ ਆਪਣੇ ਆਪ ਬੁਰਾ ਕੀਤਾ ਗਿਆ ਹੋਵੇ, ਦੂਜੇ ਤੋਂ ਕਰਵਾਇਆ ਗਿਆ ਹੋਵੇ, ਤਾਂ ਹੇ ਭਗਵਾਨ ਪ੍ਰਾਰਥਨਾ ਹੈ ਕਿ ਉਹ ਸਭ ਝੂਠਾ ਹੋ ਜਾਵੇ ਭਾਵ ਕਿ ਮੁਆਫ ਕੀਤਾ ਜਾਵੇ।"[249] ਇਸ ਪ੍ਰਾਰਥਨਾ ਵਿਚ ਨਿਮਰਤਾ ਭਾਵ ਬਿਆਨ ਕੀਤਾ ਗਿਆ ਹੈ ਕਿ ਜਾਣੇ-ਅਣਜਾਣੇ ਜੇ ਬੁਰਾ ਹੋ ਗਿਆ ਹੋਵੇ ਤਾਂ ਖਿਮਾ ਯਾਚਨਾ ਕੀਤੀ ਗਈ ਹੈ।

"एकाक्षिवहचब्धिहषीकभाजा- मसंज्ञिपञ्चेन्द्रियसंज्ञिराजाम्।

विरोधहेतु:समपादि नेत:! सम्प्रार्थ्यते नाथ! मृषा क्रियेत।

ਹੇ ਪ੍ਰਭੂ। ਮੇਰੇ ਦੁਆਰਾ ਇਕਇੰਦਰੀ, ਦੁਇਦਰੀ, ਤ੍ਰਿਏਂਦ੍ਰੀ, ਚਤੁਰਇਦਰੀ, ਅਸੰਗੀ, ਸੰਗੀ, ਪੰਚਇਦ੍ਰੀ ਜੀਵਾਂ ਦੇ ਵਿਰੋਧ, ਵਿਘਾਤ ਦਾ ਕਾਰਣ ਪੈਦਾ ਕੀਤਾ ਗਿਆ ਹੋਵੇ, ਤਾਂ ਹੇ ਮਾਲਕ, ਪ੍ਰਾਰਥਨਾ ਹੈ ਕਿ ਉਹ ਮੁਆਫ ਕਰ ਦਿੱਤਾ ਜਾਵੇ।"[250]ਇਸ ਪ੍ਰਾਰਥਨਾ ਵਿਚ ਵੀ ਜੈਨ ਧਰਮ ਦੇ ਮੁਖ ਨਿਯਮਾਂ ਅਹਿੰਸਾ ਪਰਮੋ ਧਰਮ ਅਨੁਸਾਰ ਕਿਸੇ ਵੀ ਤਰ੍ਹਾਂ ਦੇ ਜੀਵ ਨਾਲ ਮਨ, ਬਚਨ, ਕਰਮ ਕਰਕੇ ਹਿੰਸਾ ਹੋਣ ਤੇ ਖਿਮਾ ਮੰਗੀ ਗਈ ਹੈ।

---

[247] आचार्य ज्ञानसागर जी, *भक्ति संग्रह*, पन्ना 36-37
[248] ਉਹੀ, ਪੰਨਾ 38.
[249] ਉਹੀ, ਪੰਨਾ 38.
[250] ਉਹੀ, ਪੰਨਾ 39.

"कुतेप्रि रोषादिवशंगतेन, रहोभिवाक्याद्युदितं श्रितेन।

सदागमोल्लङघनकार्यथेत:, सम्प्रार्थ्यते नाथ! मृषा क्रियेत।।

ਕਿਸੇ ਕਾਰਣ ਕ੍ਰੋਧ ਦੇ ਵੱਸ ਹੋ ਕੇ, ਕਿਸੇ ਜਿਗਿਆਸਾ ਦੀ ਭਾਵਨਾ ਨਾਲ ਭਾਸ਼ਣ ਦਿੰਦਿਆਂ ਜਾਂ ਕਿਸੇ ਜੈਨ ਸ਼ਾਸਤ੍ਰ ਵਿਰੁੱਧ ਵਚਨ ਨਿਕਲਿਆ ਹੋਵੇ ਤਾਂ ਭਗਵਾਨ ਪ੍ਰਾਰਥਨਾ ਹੈ ਕਿ ਮੇਰੇ ਅਪਰਾਧ ਨੂੰ ਝੂਠਾ ਕਰ ਦਿਉ ਭਾਵ ਮੁਆਫ ਕਰ ਦਿਉ।"[251] ਜੈਨੀ ਸਾਧੂਆਂ ਅਨੁਸਾਰ ਕਿਸੇ ਵੇਲੇ ਕ੍ਰੋਧ ਵਿਚ ਆ ਕੇ ਜਾਂ ਭਾਸ਼ਣ ਵਿਚ ਆਪਣੇ ਮਨ ਦੀ ਗੱਲ ਨੂੰ ਕਿਹਾ ਗਿਆ ਹੋਵੇ ਜਾਂ ਕਿਸੇ ਜੈਨੀ ਧਾਰਮਿਕ ਗ੍ਰੰਥ ਦੇ ਵਿਰੁੱਧ ਕਹੇ ਜਾਣ ਤੇ ਖਿਮਾ ਯਾਚਨਾ ਕੀਤੀ ਗਈ ਹੈ।

"स्तनप्रयोगादि विनिद्रतेन, कृतं कदाचिद्यदि वागमेन।

विरुद्धभोज्यार्थमकारि चेत:, सम्प्रार्थ्यते नाथ! मृषा क्रियेत।।

ਜੇਕਰ ਕਦੇ ਸੁੱਤੇ ਹੋਣ ਦੀ ਅਵਸਥਾ ਵਿਚ ਵੀ ਮੇਰੇ ਕੋਲ ਚੋਰੀ ਦੀ ਪ੍ਰੇਰਨਾ ਕਿਸੇ ਚੋਰ ਨੂੰ ਦਿੱਤੀ ਗਈ ਹੈ ਜਾਂ ਸੁਆਦੀ ਚਸਕਿਆਂ ਵਾਲੇ ਭੋਜਨ ਖਾਣ ਦਾ ਚਿੱਤ ਵਿਚ ਵਿਚਾਰ ਆਇਆ ਹੋਵੇ ਜਾਂ ਸ਼ਾਸ਼ਤ੍ਰਾਂ ਵਿਰੁੱਧ ਭੋਜਨ ਕਰਨ ਦਾ ਖਿਆਲ ਮਨ ਵਿਚ ਆਇਆ  ਹੋਵੇ ਤਾਂ ਹੇ ਭਗਵਾਨ, ਪ੍ਰਾਰਥਨਾ ਹੈ ਕਿ ਆਪਣੀ ਕ੍ਰਿਪਾ ਨਾਲ ਉਹ ਅਪਰਾਧ ਮਾਫ ਕਰ ਦਿਉ।"[252]ਇਸ ਪ੍ਰਾਰਥਨਾ ਵਿਚ ਜੈਨੀ ਸਾਧੂ ਬੜੀ ਹੀ ਨਿਮਰਤਾ ਨਾਲ ਇਹ ਗੱਲ ਕਹਿ ਰਿਹਾ ਹੈ ਕਿ ਚੋਰੀ ਕਰਨੀ ਤਾਂ ਦੂਰ, ਜੇ ਸੁੱਤਿਆ ਹੋਇਆਂ ਵੀ ਕਿਸੇ ਚੋਰ ਨੂੰ ਚੋਰੀ ਦੀ ਪ੍ਰਰੇਨਾ ਦਿੱਤੀ ਗਈ ਹੋਵੇ, ਜਾਂ ਸੁਆਦੀ ਭੋਜਨ ਕਰਨ ਦਾ ਖਿਆਲ ਮਨ ਵਿਚ ਆਇਆ ਹੋਵੇ ਜਾਂ ਜਿਹੜਾ ਭੋਜਨ ਜੈਨ ਸ਼ਾਸ਼ਤ੍ਰ ਰੋਕਦੇ ਹਨ ਉਹਨਾਂ ਨੂੰ ਕਰਨ ਦਾ ਖਿਆਲ ਵੀ ਮਨ ਵਿਚ ਆਵੇ ਤਾਂ ਇਹ ਅਪਰਾਧ ਮੁਆਫ ਕਰ ਦਿਉ।

"स्वप्नेजयि काचिद् भगिनी कुबुद्धचा- नुभाविता वा मनसोप्यशुद्धचा।

कुत: कदाचित्स्खलित च रेत:, सम्प्रार्थ्यते नाथ! मृषा क्रियेत।7।

ਜੇਕਰ ਦੁਰਬੁੱਧੀ ਨਾਲ ਅਤੇ ਮਨ ਦੀ ਅਸ਼ੁੱਧਤਾ ਨਾਲ ਸੁਪਨੇ ਵਿਚ ਵੀ ਕੋਈ ਭੈਣ ਜਾਂ ਹੋਰ ਇਸਤ੍ਰੀ ਭੋਗੀ ਗਈ ਹੋਵੇ ਅਤੇ ਕਿਸੇ ਸਮੇਂ ਕਿਸੇ ਕਾਰਣ ਵੀਰਜ ਸਰੀਰ ਵਿਚੋਂ ਨਿਕਲਿਆ ਹੋਵੇ ਤਾਂ ਹੇ ਮਾਲਕ ਪ੍ਰਾਰਥਨਾ ਹੈ ਕਿ ਮੁਆਫ ਕੀਤਾ ਜਾਵੇ।"[253] ਜੈਨ ਧਰਮ ਵਿਚ ਬ੍ਰਹਮਰਚਯ ਦੀ ਬਹੁਤ ਮਹਾਨਤਾ ਹੈ। ਇਸ ਪ੍ਰਾਰਥਨਾ ਵਿਚ ਸਾਧੂ ਇਹੋ ਗੱਲ ਕਹਿ ਰਿਹਾ ਹੈ ਕਿ ਜੇਕਰ ਉਸਤੋਂ ਸੁਫਨੇ ਵਿਚ ਵੀ ਇਸਤਰੀ ਨਾਲ ਭੋਗ ਹੋ ਗਿਆ ਹੋਵੇ ਤਾਂ ਕਰੋ ਖਿਮਾ।

"बाहोष्वपि त्यायतयोदितेषु, ममत्वभावाद् विभवादिकेषु।

चेत: कदाचिच्चलितं ममेत:, सम्प्राथर्यते नाथ! मृषा क्रियेत।।

ਛੱਡਣ ਯੋਗ ਵਸਤਾਂ ਜਿੰਨ੍ਹਾਂ ਨੂੰ ਮੈਂ ਛੱਡ ਦਿੱਤਾ ਭਾਵ ਧਨ ਆਦਿਕ ਚੀਜ਼ਾਂ ਜੇਕਰ ਕਦੇ ਉਹਨਾਂ ਨੂੰ ਪ੍ਰਾਪਤ ਕਰਨ ਬਾਰੇ ਮਨ ਵਿਚ ਖਿਆਲ ਵੀ ਆਇਆ ਹੋਵੇ ਭਾਵ ਤਿਆਗੀ ਹੋ ਕੇ ਵੀ ਦੁਨੀਆਂਦਾਰੀ ਵੱਲ

---

[251] आचार्य ज्ञानसागर जी, *भक्ति संग्रह*, पन्ना 39.

[252] ਉਹੀ, ਪੰਨਾ 40.

[253] ਉਹੀ, ਪੰਨਾ 40-41.

ਧਿਆਨ ਰਿਹਾ ਹੋਵੇ ਤਾਂ ਭਗਵਾਨ ਮੇਰਾ ਅਜਿਹਾ ਅਪਰਾਧ ਵੀ ਝੂਠਾ ਕੀਤਾ (ਮੁਆਫ) ਕੀਤਾ ਜਾਵੇ।"[254] ਜੈਨ ਧਰਮ ਦਾ ਅਪਰਗ੍ਰਿਹ ਦਾ ਨਿਯਮ ਦੀ ਪਾਲਣਾ ਕਰਦਾ ਹੋਇਆ ਸਾਧੂ ਕਹਿ ਰਿਹਾ ਹੈ ਕਿ ਜੇਕਰ ਉਸਦੇ ਮਨ ਵਿਚ ਧਨ ਪ੍ਰਾਪਤ ਕਰਨ ਦੀ ਗੱਲ ਵੀ ਆਈ ਹੋਵੇ ਤਾਂ ਗੁਰੂ ਜੀ ਮੁਆਫ ਕਰ ਦੇਣਾ।

"उपर्यधस्तिगुतातिदृष्टचा, स्मृत्यन्ताराधानता प्रकृष्टचा।

स्थित्वा प्रयाणोकमितं वृथेत:, सम्प्रार्थ्यते नाथ! मृषा क्रियेत।।

ਉਪਰ, ਥੱਲੇ ਅਤੇ ਸੱਜੇ-ਖੱਬੇ ਜ਼ਿਆਦਾ ਕੁਦ੍ਰਿਸ਼ਟੀ ਨਾਲ ਵੇਖਣ ਨਾਲ, ਦੂਜੇ ਪਾਸੇ ਧਿਆਨ ਜਾਣ ਨਾਲ, ਛੇਤੀ-ਛੇਤੀ ਚੱਲਣ ਨਾਲ ਰੁਕ-ਰੁਕ ਕੇ ਚੱਲਣ ਨਾਲ, ਬਿਨਾਂ ਕਿਸੇ ਪ੍ਰਯੋਜਨ ਤੋਂ ਕੋਈ ਕੋਸ਼ਿਸ਼ ਕੀਤੀ ਹੋਵੇ ਅਜਿਹਾ ਕਰਦੇ, ਹੋਏ ਅਪਰਾਧਾਂ ਲਈ ਮੁਆਫ ਕੀਤਾ ਜਾਵੇ।"[255] ਇਸ ਪ੍ਰਾਰਥਨਾ ਵਿਚ ਜੈਨੀ ਸਾਧਕ ਆਪਣੀ ਨਿਮਰਤਾ ਦਾ ਪ੍ਰਮਾਣ ਦਿੰਦੇ ਹੋਏ ਚੱਲਣ ਫਿਰਨ ਨਾਲ ਹੋਏ ਅਪਰਾਧਾਂ ਜਾਂ ਮਾੜੀ ਦ੍ਰਿਸ਼ਟੀ ਰੱਖਣ ਨਾਲ ਆਈ ਮੰਦਭਾਵਨਾ ਲਈ ਖਿਮਾ ਜਾਚਨਾ ਕੀਤੀ ਹੈ।

यतोस्तु गुर्वादिकनिह्नवादि, यद्वात्मन: संशनकृन्यगादि।

कस्याप्यहो गर्हणत: समेतं, सम्प्रार्थ्यते नाथ! मृषा क्रियेत ।।

ਜਿਸ ਬਚਨ ਨਾਲ ਗੁਰੂ ਆਦਿਕ ਦਾ ਨਾਂ ਛੁਪਾ ਕੇ ਆਪਣੀ ਪ੍ਰਸੰਸਾ ਕੀਤੀ ਹੋਵੇ ਜਾਂ ਕਿਸੇ ਦੀ ਨਿੰਦਾ ਦੇ ਬਚਨ ਮੇਰੇ ਦੁਆਰਾ ਕਹੇ ਗਏ ਹੋਣ ਤਾਂ ਹੇ ਭਗਵਾਨ ਪ੍ਰਾਰਥਨਾ ਹੈ ਕਿ ਮੇਰਾ ਉਹ ਅਪਰਾਧ ਮਿਥਿਆ (ਮੁਆਫ) ਕੀਤਾ ਜਾਵੇ।[256] ਹਰ ਇਕ ਭਾਰਤੀ ਧਰਮ ਵਿਚ ਗੁਰੂ ਦੀ ਬੜੀ ਮਹਿਮਾ ਹੈ। ਇਸ ਪ੍ਰਾਰਥਨਾ ਵਿਚ ਸਾਧਨ ਵੱਲੋਂ ਜੇਕਰ ਗੁਰੂ ਦੀ ਉਸਤਤ ਦੀ ਬਜਾਇ ਆਪਣੀ ਉਸਤਤ ਲਈ ਕੁਝ ਕੀਤਾ ਗਿਆ ਹੋਵੇ ਤਾਂ ਉਸਦੀ ਖਿਮਾ ਮੰਗੀ ਹੈ।

"दुरेषणात: पणकादिभुक्ति:, क्षीरेण दध्ना द्विदलात्रभुक्ति:

अकारि रात्रावशनाय चेत: सम्प्रार्थ्यते नाथ! मृषा क्रियेत।।

ਏਸ਼ਣਾਸਮਿਤੀ ਵਿਰੁੱਧ ਵਿਕਾਰ ਪੈਦਾ ਕਰਨ ਵਾਲੇ ਹਲਵਾਈ ਆਦਿ ਤੋਂ ਖਾਣ ਵਾਲੀ ਚੀਜ਼ ਦਾ ਸੇਵਨ ਕੀਤਾ ਹੋਵੇ, ਦੁੱਧ ਅਤੇ ਦਹੀਂ ਦੇ ਨਾਲ ਛੋਲੇ, ਦਾਲ ਆਦਿ ਸੁਆਦੀ ਭੋਜਨ ਦਾ ਸੇਵਨ ਕੀਤਾ ਅਤੇ ਰਾਤ ਨੂੰ ਖਾਣਾ ਖਾਣ ਦਾ ਮਨ ਕੀਤਾ ਹੋਵੇ ਤਾਂ ਹੇ ਭਗਵਾਨ ਪ੍ਰਾਰਥਨਾ ਹੈ ਕਿ ਉਹ ਅਪਰਾਧ ਖਿਮਾ ਕੀਤਾ ਜਾਵੇ।"[257] ਜੈਨੀ ਸਾਧੂਆਂ ਨੂੰ ਜਿਹੜੀਆਂ ਗੱਲਾਂ ਵਰਜਿਤ ਹਨ ਜੇਕਰ ਉਹਨਾਂ ਤੋਂ ਅਨਜਾਣਪੁਣੇ ਵਿਚ ਹੋ ਗਈਆਂ ਹੋਣ, ਤਾਂ ਇਸ ਪ੍ਰਾਰਥਨਾ ਰਾਹੀਂ ਮੁਆਫੀ ਮੰਗੀ ਗਈ ਹੈ।

"अनीक्षितायोग्यपूर : प्रदेशे, मलाद्युपक्षिप्य सजीववेशे।

अकारि नृभ्योप्युत कष्मेतत्, सम्प्रार्थ्यते नाथ! मृषा क्रियेत

---

[254] आचार्य ज्ञानसागर जी, *भक्ति संग्रह*, पन्ना 41.

[255] ਉਹੀ ਪੰਨਾ 43.

[256] ਉਹੀ ਪੰਨਾ 43.

[257] ਉਹੀ ਪੰਨਾ 44.

ਜਿੱਥੇ ਜਿਉਂਦੇ ਮਨੁੱਖਾਂ ਦਾ ਆਉਣ ਜਾਣਾ ਹੋਵੇ, ਅਜਿਹੇ ਨਗਰ ਦੇ ਅਣਦੇਖੇ ਅਯੋਗ ਸਥਾਨ 'ਤੇ ਮਲ-ਮੂਤਰ ਆਦਿ ਛੱਡ ਕੇ ਮਨੁੱਖ ਲਈ ਦੁਖ ਪੁਚਾਇਆ ਹੋਵੇ ਤਾਂ ਭਗਵਾਨ ਪ੍ਰਾਰਥਨਾ ਹੈ ਕਿ ਇਹ ਅਪਰਾਧ ਝੂਠਾ ਕੀਤਾ ਜਾਵੇ।"[258] ਜੈਨੀ ਸਾਧੂਆਂ ਵਿਚ ਭਗਤੀ ਦੇ ਇਹ ਰੂਪ ਹੈਰਾਨ ਕਰਨ ਵਾਲੇ ਹਨ ਕਿ ਉਹ ਕਿਸੇ ਵੀ ਤਰ੍ਹਾਂ ਦੀ ਹਿੰਸਾ ਨੂੰ ਬਰਦਾਸ਼ਤ ਨਹੀਂ ਕਰਦੇ। ਇਸ ਪ੍ਰਾਰਥਨਾ ਵਿਚ ਜੈਨੀ ਸਾਧੂ ਕਹਿ ਰਿਹਾ ਹੈ ਕਿ ਉਸਤੋਂ ਜੇ ਅਣਜਾਣਪੁਣੇ ਵਿਚ ਅਜਿਹੀ ਜਗ੍ਹਾ ਮਲ ਤਿਆਗਿਆ ਗਿਆ ਹੋਵੇ ਜਿੱਥੇ ਆਮ ਲੋਕਾਂ ਦਾ ਆਉਣਾ-ਜਾਣਾ ਹੈ ਤਾਂ ਅਜਿਹੇ ਅਪਰਾਧ ਲਈ ਵੀ ਖਿਮਾ ਮੰਗੀ ਗਈ ਹੈ।

"मयौपविष्टेन विवर्तनाद्याद्, यदृच्छया क्वापि पथि प्रमाद्य।
व्यधायि लोकाप्रियमीदृगेतत्। सम्प्रार्थ्यते नाथ! मृषा क्रियेत।।

ਮੈਂ ਬੈਠੇ-ਬੈਠੇ ਅਤੇ ਮੁੜਦੇ ਹੋਏ ਜੋ ਅਪਰਾਧ ਬਿਨਾਂ ਵਿਚਾਰੇ ਕੀਤਾ ਹੈ ਜਾਂ ਕਿਤੇ ਰਾਹ ਵਿਚ ਸਵੈਇੱਛਾ ਨਾਲ ਕੋਈ ਅਪਰਾਧ ਕੀਤਾ ਹੋਵੇ ਜਾਂ ਅਜਿਹਾ ਕੋਈ ਕਾਰਜ ਕੀਤਾ ਹੋਵੇ ਜੋ ਲੋਕਾਂ ਨੂੰ ਚੰਗਾ ਨਾ ਲੱਗਿਆ ਹੋਵੇ ਤਾਂ ਹੇ ਭਗਵਾਨ, ਪ੍ਰਾਰਥਨਾ ਹੈ ਕਿ ਮੇਰਾ ਇਹ ਅਪਰਾਧ ਮੁਆਫ ਕੀਤਾ ਜਾਵੇ।"[259] ਜੈਨੀ ਸਾਧੂ ਆਪਣੇ ਚੱਲਣ ਫਿਰਨ ਜਾ ਤੁਰੇ ਜਾਂਦੇ, ਮੁੜਦੇ ਹੋਏ ਭਾਵ ਉਹ ਅਪਰਾਧ ਜਿਵੇਂ ਤੁਰਦਿਆ ਕਿਸੇ ਕੀੜੇ ਪਤੰਗੇ ਦੇ ਥੱਲ੍ਹੇ ਆ ਜਾਣ ਦੇ ਅਪਰਾਧ ਲਈ ਵੀ ਖਿਮਾ ਮੰਗਦੇ ਹਨ।

"प्रासङ्गिकत्वेन च मांसमद्य- मधूनि वा मृक्षणनामभृद्यत्।
आकल्पितं क्वापि शिवाध्वनेत:, सम्प्रर्थ्यते नाथ! मृषा क्रियेत।।

ਹੇ ਮੁਕਤੀ ਦੇ ਮਾਰਗ ਦੇ ਨਾਇਕ, ਮਾਸ, ਸ਼ਰਾਬ ਅਤੇ ਸ਼ਹਿਦ ਜਿੱਥੇ ਸਿੱਧੇ ਤੌਰ ਤੇ ਨਾ ਹੋ ਕੇ ਅਸਿੱਧੇ ਤੌਰ ਤੇ ਇੰਨ੍ਹਾਂ ਦਾ ਕਿਸੇ ਵਸਤੂ ਵਿਚ ਉਪਯੋਗ ਕੀਤਾ ਗਿਆ ਹੋਵੇ, ਜਿਹੜਾ ਸਾਧੂ ਜੈਨ ਮਾਰਗ ਤੇ ਚੱਲਣ ਦਾ ਪ੍ਰਣ ਕਰ ਚੁੱਕਾ ਹੋਵੇ ਉਸ ਤੋਂ ਇਹਨਾਂ ਦਾ ਸੇਵਨ ਗਲਤੀ ਨਾਲ ਹੋ ਗਿਆ ਹੋਵੇ ਤਾਂ ਸਭ ਝੂਠ ਹੋ ਜਾਵੇ ਅਰਥਾਤ ਮਾਫ ਕਰ ਦਿਉ।"[260] ਜੈਨੀ ਸਾਧੂ ਉਸ ਅਪਰਾਧ ਲਈ ਰੂਪੀ ਪ੍ਰਾਰਥਨਾ ਕਰ ਰਿਹਾ ਹੈ ਕਿ ਜੇ ਕੋਈ ਵਸਤੂ ਮਾਸ, ਸ਼ਰਾਬ ਜਾ ਸ਼ਹਿਦ ਨਾਲ ਮਿਲ ਕੇ ਬਣਾ ਹੋਵੇ ਅਤੇ ਮੈਥੋ ਸੇਵਨ ਹੋ ਗਿਆ ਹੋਵੇ ਤਾਂ ਮੁਆਫ ਕਰ ਦਿਉ।

"अवादि कृत्वा विकथाप्रपञ्च, कौत्कुच्यमौखर्यकटूक्तिकं च।
कुत: कदाचित् परिषत्त्कमे तत्, सम्प्रार्थ्यते नाथ। भृषा क्रियेत।।

ਜੇਕਰ ਕਿਸੇ ਸਮੇਂ, ਕਿਸੇ ਕਾਰਣ ਮਿੱਤਰਾਂ ਸੱਜਣਾਂ ਆਦਿ ਨਾਲ ਗੱਲਬਾਤ ਕਰਨ ਦੌਰਾਨ ਵਿਅਰਥ ਗੱਲਾਂ ਕੀਤੀਆਂ ਹੋਣ, ਹਾਸਾ ਮਖੌਲ਼ ਕੀਤਾ ਹੋਵੇ, ਜਾ ਕੋਈ ਕੌੜਾ ਬਚਨ ਬੋਲਿਆ ਗਿਆ ਹੋਵੇ ਤਾਂ ਹੇ ਭਗਵਾਨ ਮੇਰਾ ਇਹ ਅਪਰਾਧ ਖਿਮਾ ਕੀਤਾ ਜਾਵੇ।"[261] ਸਾਧੂ ਦਾ ਕਾਰਜ ਹੈ ਕਿ ਉਸਨੇ ਹਰ ਕਾਰਜ ਸੰਜਮ ਨਾਲ ਕਰਨਾ ਹੈ, ਸੌਣਾ, ਖਾਣਾ, ਖਲਣੋ ਆਦਿ ਇਸ ਪ੍ਰਾਰਥਨਾ ਵਿਚ ਇਸ ਗੱਲ ਦੀ ਮੁਆਫੀ ਮੰਗੀ

[258] आचार्य ज्ञानसागर जी, *भक्ति संग्रह*, पन्ना 44.
[259] ਉਹੀ ਪੰਨਾ 45.
[260] ਉਹੀ ਪੰਨਾ 45.
[261] ਉਹੀ, ਪੰਨਾ 46.

ਹੈ ਜੇ ਬੋਲਦਿਆਂ, ਵਿਅਰਥ ਗੱਲਾਂ ਕਰਦਿਆਂ, ਮਾੜਾ ਬਚਨ ਜਾਂ ਹਾਸਾ ਮਖੌਲ ਹੋਇਆ ਹੋਵੇ ਤਾਂ ਮਾਫ ਕਰ ਦਿਉ।

"आहारसंज्ञ पि किलोपवासे; सावश्यकग्लानिरनङ्गभासे।
शणालुता वा दुरिंत तदेतत् सम्प्रार्थ्यते नाथ! मृषा क्रियेत।।

ਜੇਕਰ ਨਿਸ਼ਚਾ ਕਰਕੇ ਵਰਤ ਵਿਚ, ਵੰਦਨਾ ਆਦਿ ਜ਼ਰੂਰੀ ਧਾਰਮਿਕ ਕਾਰਜਾਂ ਕਰਦੇ ਸਮੇਂ ਭੋਜਨ ਕਰਨ ਦੀ ਇੱਛਾ ਜਾਗੀ ਹੋਵੇ, ਜਾਂ ਜਿੱਥੇ ਸਰੀਰ ਦਿਖਾਈ ਨਾ ਦੇਵੇ ਉਥੇ ਸੁੱਤਾ ਹੋਵਾਂ ਤਾਂ ਹੇ ਭਗਵਾਨ ਮੇਰੀ ਇਹ ਪ੍ਰਾਰਥਨਾ ਹੈ ਕਿ ਮੇਰਾ ਇਹ ਅਪਰਾਧ ਮੁਆਫ ਕੀਤਾ ਜਾਵੇ।"[262] ਇਹ ਸਾਰੇ ਪਦਿਆਂ ਵਿਚ ਪ੍ਰਾਰਥਨਾਵਾਂ ਕੀਤੀਆਂ ਗਈਆਂ ਹਨ ਕਿ ਜੋ ਕਾਰਜ ਜੈਨ ਧਰਮ ਅਨੁਸਾਰ ਨਹੀਂ ਕਰਨੇ ਜੇਕਰ ਜਾਣੇ-ਅਣਜਾਣੇ ਹੋ ਗਏ ਹੋਣ ਤਾਂ ਮੁਆਫ ਕੀਤੇ ਜਾਣ।

"पूज्यस्य सत्कारविधौ कदाचि- द्योग्ये क्षणोधायि न दुर्मुदा चित्।
तेनागुणजोभवमेवमेतत्, सम्प्रार्थ्यते नाथ! मृषा क्रियेत।।

ਕਿਸੇ ਸਮੇਂ ਮੇਰੇ ਦੁਆਰਾ ਜੇਕਰ ਯੋਗ ਸਮੇਂ ਵਿਚ ਆਚਾਰੀਆ ਆਦਿ ਪੂਜਣਯੋਗ ਲੋਕਾਂ ਦੇ ਸਤਿਕਾਰ ਕਰਨ ਵਿਚ ਆਪਣੇ ਆਪਨੂੰ ਪੇਸ਼ ਨਾ ਕਰ ਪਾਇਆ ਹੋਵਾ ਤਾਂ ਇਸ ਤਰ੍ਹਾਂ ਮੈਂ ਗੁਣਾਂ ਨੂੰ ਨਾ ਜਾਣਨ ਵਾਲਾ ਹੋਇਆ ਤਾਂ ਹੇ ਭਗਵਾਨ! ਪ੍ਰਾਰਥਨਾ ਹੈ ਕਿ ਮੇਰਾ ਇਹ ਅਪਰਾਧ ਤੁਹਾਡੀ ਕਿਰਪਾ ਨਾਲ ਖਿਮਾ ਕੀਤਾ ਜਾਵੇ।"[263] ਹਰ ਦੁਨਿਆਵੀ ਅਤੇ ਧਾਰਮਿਕ ਕਰਜ ਵਿਚ ਆਪਣੇ ਤੋਂ ਵੱਡਿਆ ਦਾ ਸਤਿਕਾਰ ਕਰਨਾ ਬੜੀ ਜ਼ਰੂਰੀ ਹੈ। ਇਸ ਪ੍ਰਾਰਥਨਾ ਵਿਚ ਜੈਨੀ ਸਾਧੂ ਅਜਿਹਾ ਇਸ਼ਾਰਾ ਕਰ ਰਿਹਾ ਹੈ ਕਿ ਜੇ ਅਜਿਹਾ ਨਾ ਹੋ ਸਕਿਆ ਹੋਵੇ ਤਾਂ ਮੁਆਫ ਕਰ ਦਿਉ।

"कुतोप्यभूद् भो जिनपापवित्रं, संशोधितं मे भवताच्चरित्रम्।
यदेतदेवास्ति शिवश्रियेत:, सम्प्रार्थ्यते नाथ! मृषा क्रियेत।।

"ਹੇ ਜਿਨੇਂਦ੍ਰ। ਜੇਕਰ ਮੇਰਾ ਚਰਿੱਤਰ ਕਿਸੇ ਕਾਰਣ ਅਪਵਿੱਤਰ ਹੋ ਗਿਆ ਹੋਵੇ ਤਾਂ ਉਹ ਸ਼ੁੱਧ ਹੋ ਜਾਵੇ। ਕਿਉਂਕਿ ਸਾਫ ਚਰਿੱਤਰ ਨਾਲ ਹੀ ਮੁਕਤੀ ਪ੍ਰਾਪਤੀ ਹੁੰਦੀ ਹੈ ਸੋ ਹੇ ਭਗਵਾਨ, ਪ੍ਰਾਰਥਨਾ ਹੈ ਕਿ ਮੇਰਾ ਅਪਰਾਧ ਮੁਆਫ ਕੀਤਾ ਜਾਵੇ।"[264] ਜੈਨ ਧਰਮ ਵਿਚ ਚਰਿੱਤਰ ਦੀ ਉੱਚਤਾ ਬੜੀ ਜ਼ਰੂਰੀ ਮੰਨੀ ਗਈ ਹੈ ਇਸ ਲਈ ਜੈਨੀ ਸਾਧੂ ਇਹ ਪ੍ਰਾਰਥਨਾ ਕਰ ਰਿਹਾ ਹੈ ਕਿ ਉਸਦੇ ਚਰਿੱਤਰ ਦੀ ਸ਼ੁੱਧਤਾ ਬਰਕਰਾਰ ਰਹੇ।

**श्री वीतरागाय नम:**

"हितसंपादक जैनं, वचो विश्वस्य साम्प्रतम्।
प्रणामामि तदेवाहं, योग-त्रय-विशुद्धित:।।

[262] आचार्य ज्ञानसागर जी, *भक्ति संग्रह*, पन्ना 47.
[263] ਉਹੀ, ਪੰਨਾ 48.
[264] ਉਹੀ, ਪੰਨਾ 49.

"ਪ੍ਰਾਣੀਮਾਤਰ ਦੇ ਭਲੇ ਦਾ ਜੇਕਰ ਕੋਈ ਹੈ ਤਾਂ ਉਹ ਸ਼੍ਰੀ ਜਿਨ ਭਗਵਾਨ ਦਾ ਵਚਨ ਹੀ ਹੈ, ਅਜਿਹਾ ਸੋਚ ਕੇ ਇਸ ਸਮੇਂ ਮੈਂ ਆਪਣੇ ਮਨ, ਵਚਨ ਅਤੇ ਸਰੀਰ ਰਾਹੀਂ ਸ਼ੁੱਧਤਾ ਪੂਰਵਕ ਉਸ ਜੈਨ ਵਚਨ ਨੂੰ ਪ੍ਰਣਾਮ ਕਰਦਾ ਹਾਂ।"[265] ਜੈਨ ਧਰਮ ਦੀ ਇਸ ਪ੍ਰਾਰਥਨਾ ਅਨੁਸਾਰ ਜੇਕਰ ਸੰਸਾਰ ਦਾ ਭਲਾ ਕਿਸੇ ਗੱਲ ਵਿਚ ਹੈ ਤਾਂ ਉਹ ਜਿਨ ਭਗਵਾਨ ਦੇ ਬਚਨਾਂ ਵਿਚ ਹੀ ਹੈ। ਇਸ ਕਰਕੇ ਸਾਧਕ ਉਹਨਾਂ ਨੂੰ ਨਮਸਕਾਰ ਕਰ ਰਿਹਾ ਹੈ ਕਿਉਂਕਿ ਦੁਨੀਆਂ ਦਾ ਹਰ ਇਕ ਧਰਮ ਸਮੁੱਚੀ ਮਨੁੱਖਤਾ ਦੀ ਭਲਾਈ ਲਈ ਹੀ ਧਰਤੀ ਤੇ ਆਉਂਦਾ ਹੈ ਉਹ ਵੱਖਰੀ ਗੱਲ ਹੈ ਕਿ ਸਮਾਂ ਪਾ ਕੇ ਉਸ ਧਰਮ ਵਿਚ ਹੋ ਚੁੱਕੇ ਮਹਾਪੁਰਖਾਂ ਦੇ ਉਪਦੇਸ਼ ਪਿੱਛੇ ਰਹਿ ਜਾਂਦੇ ਹਨ ਅਤੇ ਬਹੁਤੀ ਵਾਰ ਨਵੇਂ-ਨਵੇਂ ਸੰਪ੍ਰਦਾਇ ਆਪਣੀਆਂ ਮਰਿਯਾਦਾ ਦਾ ਅਨੁਸਾਰ ਲੋਕਾਂ ਨੂੰ ਭਟਕਣਾ ਵਿਚ ਪਾ ਦਿੰਦੇ ਹਨ।

**"नमाम्यहं तं पुरुषं पुराणमभूद्यु गादौ स्वयमेव शाण:।**

**धियोसिपुत्रया दुरितच्छिदर्थमुत्तेजनायातितरां समर्थ।।**

ਮੈਂ ਸਭ ਤੋਂ ਪਹਿਲਾ ਉਸ ਪੂਰਣ ਪੁਰਸ਼ ਸ਼੍ਰੀ ਰਿਸ਼ਭਦੇਵ ਭਗਵਾਨ ਨੂੰ ਨਮਸਕਾਰ ਕਰਦਾ ਹਾਂ ਜੋ ਕਿ ਇਸ ਯੁਗ ਦੇ ਸ਼ੁਰੂ ਵਿਚ ਹੀ ਮਾੜੇ ਕਰਮਾਂ ਦਾ ਨਾਸ਼ ਕਰਨ ਦੇ ਲਈ ਛੁਰੀ ਦਾ ਕੰਮ ਦੇਣ ਵਾਲੀ ਬੁੱਧੀ ਨੂੰ ਉਤੇਜਨਾ ਦੇਣ ਲਈ ਆਪਣੇ ਆਪ ਸਾਨਰੂਪ ਬਣ ਕੇ ਉਸ ਕਾਰਜ ਵਿਚ ਬਹੁਤ ਹੀ ਸਮੱਰਥ ਹੋਏ।"[266] ਇਸ ਪ੍ਰਾਰਥਨਾ ਵਿਚ ਜੈਨੀ ਤੀਰਥੰਕਰ ਰਿਸ਼ਭਦੇਵ ਨੂੰ ਨਮਸਕਾਰ ਰੂਪੀ ਪ੍ਰਾਰਥਨਾ ਕੀਤੀ ਗਈ ਹੈ ਅਤੇ ਉਹਨਾਂ ਨੂੰ ਪਾਪਾਂ ਦਾ ਨਾਸ਼ ਕਰਨ ਵਾਲੇ ਦਰਸਾਇਆ ਗਿਆ ਹੈ।

**"श्रीवर्द्धमानं भुवनत्रये तु विपत्पयोधेस्तरणाय सेतुं।**

**नमामि तं निर्जितमीनकेतुं नमामि तोहन्तु यतोघहेतु:।2।**

ਤਿੰਨਾਂ ਲੋਕਾਂ ਵਿਚ ਜੋ ਸਭ ਤੋਂ ਵੱਧ ਸਨਮਾਨ ਦੇ ਪਾਤਰ ਹਨ ਜਿੰਨ੍ਹਾਂ ਨੇ ਕਾਮਦੇਵ ਨੂੰ ਵੀ ਜਿੱਤ ਲਿਆ ਹੈ ਜੋ ਕਠਿਨਾਈਆਂ ਦੇ ਸਮੁੰਦਰ ਤੋਂ ਪਾਰ ਪਹੁੰਚਣ ਅਤੇ ਪਹੁੰਚਾਉਣ ਲਈ ਪੁਲ ਦੇ ਵਾਂਗ ਮੰਨੇ ਗਏ ਹਨ ਉਹਨਾਂ ਸ਼੍ਰੀ ਵਰਧ ਮਾਨ ਭਗਵਾਨ ਨੂੰ ਵੀ ਮੈਂ ਨਮਸਕਾਰ ਕਰਦਾ ਹਾਂ ਕਿ ਮੈਨੂੰ ਪਾਪ ਦਾ ਕਾਰਣ ਆ ਕੇ ਸਤਾ ਨਾ ਪਾਵੇ।"[267] ਇਸ ਪ੍ਰਾਰਥਨਾ ਵਿਚ ਮਹਾਂਵੀਰ ਨੂੰ ਨਮਸਕਾਰ ਕੀਤੀ ਹੈ ਜਿੰਨ੍ਹਾਂ ਨੇ ਕਾਮ ਵਰਗੇ ਵੈਰੀ ਨੂੰ ਵਸ ਵਿਚ ਕੀਤਾ ਹੋਇਆ ਹੈ ਅਤੇ ਜਿਹੜੇ ਭਵਸਾਗਰ ਤੋਂ ਪਾਰ ਕਰਵਾਉਣ ਦੇ ਸਮੱਰਥ ਹਨ।

**प्रणोमि शोषानपि तीर्थनाथान् समस्ति येषां गुणपूर्णगाथा।**

**भवान्धूगर्ते पतते जनायानुकीर्तिता लम्बनसम्प्रदा या ।।**

"ਬਾਕੀ ਤੀਰਥੰਕਰਾਂ ਨੂੰ ਵੀ ਮੈਂ ਨਮਸਕਾਰ ਕਰਦਾ ਹਾਂ ਜਿੰਨ੍ਹਾਂ ਦੇ ਗੁਣਾਂ ਨੂੰ ਗਾਉਣਾ ਇਸ ਸੰਸਾਰ ਰੂਪੀ ਅੰਨ੍ਹੇ ਖੂਹ ਵਿਚ ਡਿੱਗਦੇ ਹੋਏ ਪ੍ਰਾਣੀ ਨੂੰ ਬਚਾਉਣ ਦੇ ਲਈ ਸਹਾਰਾ ਹੁੰਦਾ ਹੈ।"[268]

---

[265] **श्री वाणीभुषणा, पंण्डित भ्रापल जी, पन्ना** 1.

[266] ਵਾਣੀਭੂਸ਼ਣ, ਬਾ, ਬ੍ਰ.ਪੰ. ਭੂਰਮਲ ਸ਼ਾਸ਼ਤ੍ਰੀ (ਆਚਾਰੀਆ ਗਿਆਨਸਾਗਰ, *ਸਮੁੰਦਰਦੱਤ ਚਰਿੱਤਰ,* ਪੰਨਾ 6.

[267] ਉਹੀ ਪੰਨਾ 7.

[268] ਉਹੀ ਪੰਨਾ 7.

ਇਸ ਪ੍ਰਾਰਥਨਾ ਵਿਚ ਸਮੁੱਚੇ ਜੈਨ ਤੀਰਥੰਕਰਾਂ ਨੂੰ ਨਮਸਕਾਰ ਕੀਤਾ ਹੋਇਆ ਹੈ ਤਾ ਜੋ ਕਿ ਉਹ ਸਾਧਕਾਂ ਨੂੰ ਸੰਸਾਰ ਸਾਗਰ ਤੋਂ ਤਾਰ ਕੇ ਅੰਤਿਮ ਨਿਸ਼ਾਨੇ ਤੱਕ ਲੈ ਜਾਣ।

**"श्री मज्जिनेन्द्रस्यपदाम्बुजात-द्वयं प्रणम्यातिशयान्मयात्:।**

**समेति यद्धव्यमिलिन्द ससद् समुच्यते सम्प्रति सत्यसम्पत्।।**

ਜਿਸਨੂੰ ਕਿ ਭਵਪੁਰਸ਼ਾਂ ਦੀ ਸੰਗਤ ਪ੍ਰਾਪਤ ਹੁੰਦੀ ਰਹਿੰਦੀ ਹੈ ਅਜਿਹੇ ਸ੍ਰੀ ਜਿਨ ਭਗਵਾਨ ਦੇ ਚਰਨ ਕੰਵਲਾਂ ਦੇ ਜੋੜੇ ਨੂੰ ਨਮਸਕਾਰ ਕਰਕੇ ਉਸਤੋਂ ਬਾਅਦ ਹੁਣ ਉਸੇ ਭਗਵਾਨ ਦੇ ਚਰਨਾਂ ਦੀ ਕ੍ਰਿਪਾ ਨਾਲ ਸੱਚ ਬੋਲਣ ਦੀ ਮਹਿਮਾ ਦੱਸ ਰਿਹਾ ਹਾਂ।"[269] ਇਸ ਪ੍ਰਕਾਰ ਜੈਨ ਧਰਮ ਵਿਚ ਪ੍ਰਾਰਥਨਾ ਦੇ ਅਨੇਕ ਵੱਖ-ਵੱਖ ਰੂਪ ਮਿਲਦੇ ਹਨ ਪ੍ਰਾਰਥਨਾ ਦਾ ਇਹ ਰੂਪ ਹਿੰਦੂ ਧਰਮ ਵਾਂਗ ਤੀਰਥੰਕਰ/ਸਾਧੂ/ਆਚਾਰੀਆ ਆਦਿ ਦੇ ਸਾਹਮਣੇ ਪ੍ਰਗਟ ਹੁੰਦਾ ਹੈ।

**"संयमिभिर्महितेन शीलेन समं सुमते! मम हि तेन।**

**मतिरतिवास! हितेन त्तेन त्वस्त स्वधाम हि तेन।1।**

ਹੇ ਨਿਸ਼ਕਾਮ, ਹੇ ਸੁਮੱਤਸੰਪੰਨ ਜਿਨੇਂਦ੍ਰ: ਸੰਜਮੀ ਸਾਧੂਆਂ ਦੁਆਰਾ ਪੂਜੇ ਜਾਣ ਵਾਲੇ, ਭਲਾ ਕਰਨ ਵਾਲੇ, ਉਸ ਸ਼ੀਲਵਰਤ ਦੇ ਨਾਲ ਹੀ ਮੇਰੀ ਬੁੱਧੀ ਰਹੇ ਅਤੇ ਇਸ ਕਾਰਣ ਉਤਮ ਮੁਕਤੀ ਪ੍ਰਾਪਤ ਹੋਵੇ।"[270] ਜੈਨ ਧਰਮ ਵਿਚ ਚਰਿੱਤਰ ਦੀ ਉੱਚਤਾ ਅਤੇ ਕੈਵਲਯ ਪ੍ਰਾਪਤ ਕਰਨ ਸ਼ਲਿਵਰਤ ਦੇ ਨਿਯਮ ਬਣਾਏ ਗਏ ਹਨ। ਸਾਧਕ ਦੀ ਇਹ ਪ੍ਰਾਰਥਨਾ ਹੈ ਕਿ ਉਹ ਇਹਨਾਂ ਦੀ ਪਾਲਣਾ ਕਰੇ।

**"हिमांशुनपि हिमेन हालं गडेनाम्बुनापि हिमेन।**

**वरोस्त्वस्य महिमेन बाहोतरदाहहा हि मे न।।**

ਹੇ ਮਾਲਕ, ਹੇ ਜਿਨੇਂਦ੍ਰ; ਬਰਫ, ਚੰਦ੍ਰਮਾ, ਗੰਗਾਜਲ ਅਤੇ ਚੰਦਨ ਦੀ ਜਰੂਰਤ ਨਹੀਂ ਹੈ, ਬਾਹਰੀ ਅਤੇ ਅੰਦਰੂਨੀ ਅਗਨੀ ਨੂੰ ਨਸ਼ਟ ਕਰਨ ਵਾਲੀ ਇਸ ਸ਼ੀਲਵਰਤ ਦੀ ਉਤਮ ਮਹਿਮਾ ਮੇਰੇ ਕੋਲ ਰਹੇ।"[271] ਇਸ ਪ੍ਰਾਰਥਨਾ ਵਿਚ ਹਿੰਦੂ ਧਰਮ ਵਾਂਗ ਕੀਤੇ ਜਾਂਦੇ ਕਰਮਕਾਂਡਾਂ ਦਾ ਖੰਡਨ ਕਰਦੇ ਹੋਏ ਸੀਲਵਰਤ ਭਾਵ ਗੁਣਾਂ ਦੇ ਧਾਰਨੀ ਹੋਣ ਲਈ ਪ੍ਰਾਰਥਨਾ ਕੀਤੀ ਗਈ ਹੈ।

ਸੋ ਇਸ ਤਰ੍ਹਾਂ ਜੈਨ ਧਰਮ ਦੀਆਂ ਪ੍ਰਾਰਥਨਾਵਾਂ ਦਾ ਸਰੂਪ ਉਹਨਾਂ ਦੇ ਆਚਾਰੀਆਂ ਵੱਲੋਂ ਲਿਖੇ ਭਗਤੀ ਸੂਤਰਾਂ ਵਿਚੋਂ ਮਿਲਦਾ ਹੈ ਜਦਕਿ ਜੈਨ ਗ੍ਰੰਥਾਂ ਵਿਚ ਅਜਿਹਾ ਦੇਖਣ ਨੂੰ ਨਹੀਂ ਮਿਲਦਾ ਅਤੇ ਨਾ ਹੀ ਇਹਨਾਂ ਦੀ ਕੋਈ ਪ੍ਰਾਰਥਨਾ ਦਾ ਸਰੂਪ ਸਵੇਰੇ ਸ਼ਾਮ ਦੇ ਮੰਦਿਰਾਂ ਦੀ ਪੂਜਾ ਵਿਚ ਮਿਲਦਾ ਹੈ।

### 3.1.8 ਬੁੱਧ ਧਰਮ :

ਬੁੱਧ ਧਰਮ ਮਹਾਤਮਾ ਬੁੱਧ ਦੁਆਰਾ ਸ਼ੁਰੂ ਹੋਇਆ ਜਿਨ੍ਹਾਂ ਨੇ ਸੰਸਾਰ ਵਿਚ ਦੁੱਖਾਂ ਨੂੰ ਮਹਿਸੂਸ ਕਰਕੇ ਸੱਚ ਦੀ ਖੋਜ ਕਰਨ ਲਈ ਘਰ-ਬਾਰ ਤਿਆਗ ਦਿੱਤਾ ਅਤੇ ਅਤੇ 12 ਸਾਲ ਦੀ ਕਠਿਨ ਤਪੱਸਿਆ ਤੋਂ ਬਾਅਦ ਸੱਚ ਨੂੰ ਜਾਣਿਆ। ਆਪ ਦੇ ਉਪਦੇਸ਼ਾਂ ਵਿਚ (ਅਸ਼ਟਮਾਰਗ ਚਾਰ ਆਰੀਆ ਸੱਚਾਈਆਂ)

---

[269] ਉਹੀ ਪੰਨਾ 7.

[270] ਆਚਾਰੀਆ 108 ਵਿਦਿਆਸਾਗਰ ਜੀ ਮਹਾਰਾਜ, *ਭਾਵਨਾਸ਼ਤਕਮ*, ਪੰਨਾ 49.

[271] ਉਹੀ ਪੰਨਾ 50.

ਭਾਵ ਜ਼ਿੰਦਗੀ ਸਹੀ ਦਿਸ਼ਾ ਵਿਚ ਚਲਾਉਣ ਲਈ ਕਿਹਾ, ਆਪਦਾ ਧਰਮ ਸੰਸਾਰ ਦੇ ਕੋਨੇ-ਕੋਨੇ ਵਿਚ ਫੈਲਿਆ।

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ, "ਬੁਧੁ - ਸੰ. ਬੁੱਦ੍ਧ -ਜਾਗਿਆ ਹੋਇਆ। 2 ਗਿਆਨੀ ਬੁੱਧ. ਬੋਧ ਵਾਲਾ। 3 ਸੰਗਯਾ - ਗੋਤਮ ਗ੍ਰੋਤ ਵਿੱਚ

ਸ਼ਾਕਯਵੰਸ਼ੀ ਰਾਜਾ ਸ਼ੁੱਧੋਦਨ ਦੇ ਘਰ ਮਾਯਾਦੇਵੀ ਦੇ ਉਦਰ ਤੋਂ ਕਪਿਲਵਸਤੁ ਨਗਰੀ ਦੇ ਲੁੰਬਿਨੀ ਬਾਗ ਵਿੱਚ ਬੀ.ਸੀ.(B.C.) 624 ਮਾਘ ਸੁਦੀ 15 ਨੂੰ ਬੁੱਧ ਦਾ ਜਨਮ ਹੋਇਆ, ਇਸ ਮਹਾਤਮਾ ਦੇ ਸਿੱਧਾਰਥ (ਸਵਾਬਸਿੱਧ) ਸ਼ਾਕਯਮੁਨਿ ਅਤੇ ਗੋਤਮ ਭੀ ਨਾਮ ਹਨ।

19 ਵਰ੍ਹੇ ਦੀ ਉਮਰ ਵਿੱਚ ਦੰਡਪਾਣੀ ਦੀ ਪੁਤ੍ਰੀ ਗੋਪਾ ਨਾਲ ਸ਼ਾਦੀ ਹੋਈ, ਜਿਸ ਤੋਂ ਰਾਹੁਲ ਪੁਤ੍ਰ ਪੈਦਾ ਹੋਇਆ ਬੁੱਢਾ, ਰੋਗੀ ਅਤੇ ਮੁਰਦਾ ਦੇਖਣ ਤੋਂ ਸਿੱਧਾਰਥ ਦੇ ਮਨ ਵਿਚ ਜਗਤ ਤੋਂ ਵੈਰਾਗ ਹੋ ਗਿਆ ਅਰ 28 ਵਰ੍ਹੇ ਦੀ ਅਵਸਥਾ ਵਿੱਚ ਨਿਤਯਸੁਖ ਦੀ ਤਲਾਸ਼ ਲਈ ਘਰ ਬਾਰ ਤਿਆਗਕੇ ਸੰਨਯਾਸੀ ਬਣਿਆ, ਇਸ ਨੇ ਗਯਾ ਪਾਸ ਇੱਕ ਪਿੱਪਲ ਹੇਠ ਕਈ ਵਰ੍ਹੇ ਧਯਾਨਪਰਾਇਣ ਹੋ ਕੇ ਵਿਤਾਏ, ਅੰਤ ਜਦ ਇਸ ਨੂੰ ਬੋਧ ਗਯਾਨ ਹੋਣ ਕਰਕੇ ਬੁੱਧ (ਜਾਗਰਿਤ) ਅਵਸਥਾ ਪ੍ਰਾਪਤ ਹੋਈ, ਤਦ ਤੋਂ ਬੁੱਧ ਨਾਲ ਪ੍ਰਸਿੱਧ ਹੋਇਆ।

ਬੁੱਧ ਨੇ ਵੈਦਿਕਧਰਮ ਦੀ ਥਾਂ ਆਪਣਾ ਮੱਤ ਚਲਾਇਆ, ਜਿਸ ਦਾ ਮੁੱਖ ਨਿਯਮ ਅਹਿੰਸਾ ਹੈ, ਮਹਾਤਮਾ ਬੁੱਧ ਨੇ ਮੁਕਤਿਮਾਰਗ ਦੇ ਅੱਠ ਸਾਧਨ ਦੱਸੇ ਹਨ -"ਸਦ੍ਵਿਸ਼੍ਵਾਂਸ, ਸਦ੍ਵਿਚਾਰ, ਸਦ੍ਵਾਕਯ, ਸਤ੍ਕਰਮ, ਸਦ੍ਜੀਵਨ, ਸਤ੍ਪ੍ਰਯਤਨ, ਸਤ੍ਚਿੰਤਨ ਅਤੇ ਸਦ੍ਧਯਾਨ.

ਅੱਸੀ ਵਰ੍ਹੇ ਦੀ ਉਮਰ ਭੋਗਕੇ ਬੁੱਧਦੇਵ ਦਾ ਪੇਚਿਸ਼ ਰੋਗ ਨਾਲ ਕੁਸ਼ੀ ਨਗਰ ਦੇਹਾਂਤ ਹੋਇਆ, ਮਰਨ ਵੇਲੇ ਬੁੱਧ ਨੇ ਆਪਣੇ ਸਿੱਖਾਂ ਨੂੰ ਚਾਰ ਉਪਦੇਸ਼ ਦਿੱਤੇ:-

1. ਇੰਦ੍ਰੀਆਂ ਨੂੰ ਕਾਬੂ ਰੱਖਣਾ,
2. ਆਪਣੇ ਆਪ ਨੂੰ ਜਗਾਉਣਾ ਅਤੇ ਆਪਣੇ ਆਪ ਦੀ ਪਰੀਖਯਾ ਕਰਨੀ,
3. ਜਿਵੇਂ ਜਲ ਤੋਂ ਪੈਦਾ ਹੋਇਆ ਚਿੱਕੜ ਜਲ ਨਾਲ ਹੀ ਧੋਤਾ ਜਾਂਦਾ ਹੈ, ਤਿਵੇਂ ਮਨ ਦੇ ਵਿਕਾਰ ਮਨ ਕਰਕੇ ਹੀ ਦੂਰ ਹੁੰਦੇ ਹਨ।
4. ਜਿਨ੍ਹਾਂ ਦਾ ਸੰਕਲਪ, ਵਾਣੀ ਅਤੇ ਕ੍ਰਿਯਾ ਪਵਿਤ੍ਰ ਹੈ, ਉਨ੍ਹਾਂ ਦੇ ਨਾਲ ਸ਼ਾਂਤਿ ਅਤੇ ਸੁਖ ਇਸ ਤਰ੍ਹਾਂ ਰਹਿੰਦੇ ਹਨ, ਜੈਸੇ ਸਰੀਰ ਨਾਲ ਛਾਯਾ,

    ਮਹਾਤਮਾ ਬੁੱਧ ਦੇ ਚਲਾਏ ਧਰਮ ਦੀ ਦੋ ਸ਼ਾਖਾ ਹਨ, ਇੱਕ "ਹੀਨਯਾਨ" ਜਿਸ ਦਾ ਪ੍ਰਚਾਰ ਬਰਮਾ, ਸਯਾਮ ਅਤੇ ਸਿੰਹਲਦ੍ਵੀਪ ਹੈ ਦੂਜਾ "ਮਹਾਯਾਨ" ਜਿਸਦਾ ਪ੍ਰਚਾਰ ਤਿੱਬਤ, ਚੀਨ, ਜਾਪਾਨ ਆਦਿ ਵਿੱਚ ਹੈ।

    ਹਿੰਦੂਮਤ ਦੇ ਗ੍ਰੰਥਾਂ ਵਿੱਚ ਬੁੱਧ ਨੂੰ ਵਿਸ਼ਨੂੰ ਦਾ ਨੌਵਾਂ ਅਵਤਾਰ ਲਿਖਿਆ ਹੈ"[272]

[272] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 882.

ਇਸ ਗੱਲ ਵਿਚ ਸੰਦੇਹ ਨਹੀਂ ਕਿ ਅਰਦਾਸ ਵਰਗੀ ਮਹਾਨ ਸ਼ਕਤੀ ਤੋਂ ਆਪਣੇ ਆਪਨੂੰ ਨਾਸਤਕਿ ਕਹਿਣ ਵਾਲੇ ਧਰਮ ਬਚ ਨਹੀਂ ਸਕੇ, ਉਹਨਾਂ ਦੇ ਅਨੁਯਾਈਆਂ ਨੇ ਜੇ ਪਰਮਾਤਮਾ ਅੱਗੇ ਅਰਦਾਸ ਨਹੀਂ ਕੀਤੀ ਤਾਂ ਆਪੋ ਆਪਣੇ ਹੋ ਚੁੱਕੇ ਧਾਰਮਿਕ ਆਗੂਆਂ ਅੱਗੇ ਅੰਤਿਮ ਨਿਸ਼ਾਨ ਨੇ ਪਾਉਣ ਲਈ ਅਰਦਾਸ ਕੀਤੀ ਹੈ, ਅਜਿਹਾ ਬੁੱਧ ਧਰਮ ਵਿਚ ਵੀ ਦੇਖਿਆ ਜਾ ਸਕਦਾ ਹੈ। ਬੁੱਧ ਧਰਮ ਵੀ ਜੈਨ ਧਰਮ ਵਾਂਗ ਪਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ਼ ਨਹੀਂ ਕਰਦਾ ਪਰ ਕਰਮਾਂ ਦੇ ਬੰਧਨਾਂ ਨੂੰ ਮੰਨਦਾ ਹੈ। ਮਹਾਤਮਾ ਬੁੱਧ ਨੇ ਆਪਣੇ ਚੇਲਿਆਂ ਨੂੰ ਖੁਦ ਦੇ ਅਨੁਭਵ ਉਪਰ ਯਕੀਨ ਕਰਨ ਲਈ ਕਿਹਾ । ਉਹ ਸ਼ਬਦ ਪ੍ਰਮਾਣ ਭਾਵ ਵੇਦਾਂ ਨੂੰ ਮਾਨਤਾ ਨਹੀਂ ਸਨ ਦਿੰਦੇ ਅਤੇ ਵੈਦਿਕ ਕਰਮਕਾਡਾਂ ਦੇ ਵੀ ਖਿਲਾਫ ਹਨ ਭਾਵੇ ਕਿ ਮਹਾਤਮਾ ਬੁੱਧ ਵੱਲੋਂ ਬੁੱਧ ਧਰਮ ਵਿਚ ਕੋਈ ਪੂਜਾ ਵਿਧਾਨ ਜਾਂ ਪ੍ਰਾਰਥਨਾ ਵਿਧੀ ਸ਼ੁਰੂ ਨਹੀਂ ਕੀਤੀ ਗਈ ਸੀ ਪਰ ਸਮਾਂ ਪਾ ਕੇ ਦੂਜੇ ਧਰਮਾਂ ਦੇ ਪ੍ਰਭਾਵ ਕਾਰਣ ਇਹਨਾਂ ਵਿਚ ਪ੍ਰਾਰਥਨਾ ਦੇ ਕਈ ਰੂਪ ਦੇਖੇ ਜਾ ਸਕਦੇ ਹਨ। ਬੇਸ਼ੱਕ ਦੂਜੇ ਧਰਮਾਂ ਵਾਂਗ ਸਿੱਧੀਆਂ ਪ੍ਰਾਰਥਨਾਵਾਂ ਇਹਨਾਂ ਦੇ ਧਰਮ ਗ੍ਰੰਥ ਵਿਚ ਨਹੀਂ ਮਿਲਦੀਆਂ ਪਰੰਤੂ ਫਿਰ ਵੀ ਜੋ ਪ੍ਰਾਰਥਨਾਵਾਂ ਇਹ ਕਰਦੇ ਹਨ ਉਹਨਾਂ ਨੂੰ ਵੇਖਣ ਦਾ ਯਤਨ ਕਰਦੇ ਹਾਂ।

ਬੁੱਧ ਧਰਮ ਵਿਚ ਧਿਆਨ ਦੀ ਵਿਧੀ ਉਪਰ ਬਹੁਤ ਜ਼ੋਰ ਦਿੱਤਾ ਜਾਂਦਾ ਹੈ। ਧਿਆਨ ਦੀ ਅਵਸਥਾ ਰਾਹੀਂ ਹੀ ਸਾਧਕ ਸੰਨ ਦੀ ਅਵਸਥਾ ਵਿੱਚ ਪਹੁੰਚ ਕੇ ਨਿਰਵਾਣ ਪ੍ਰਾਪਤ ਕਰ ਸਕਦਾ ਹੈ ਜਿਹੜਾ ਕਿ ਬੁੱਧ ਧਰਮ ਦਾ ਮੁੱਖ ਨਿਸ਼ਾਨਾ ਹੈ। "ਬੁੱਧ ਧਰਮ ਵਿਚ ਧਿਆਨ ਪੱਧਤੀ ਦੀ ਕਾਫੀ ਮਹਾਨਤਾ ਹੈ ਹੁਣ ਇਸ ਪੱਧਤੀ ਨੂੰ ਦੂਜੇ ਧਰਮ ਵੀ ਪ੍ਰੋਤਸਾਹਨ ਦੇ ਰਹੇ ਹਨ। ਇੱਥੋਂ ਤੱਕ ਕਿ ਪ੍ਰਾਰਥਨਾ ਦੇ ਸੰਦਰਭ ਵਿਚ ਸਾਰੇ ਧਰਮ ਧਿਆਨ ਵਿਧੀ ਉਪਰ ਵਿਸ਼ਵਾਸ਼ ਕਰਦੇ ਹਨ। ਪ੍ਰਾਰਥਨਾ ਵਿਚ ਡੂੰਘੇ ਉਤਰਨ ਤੋਂ ਬਾਅਦ ਜਦੋਂ ਸਾਧਕ ਦਾ ਮਨ ਪੂਰੀ ਤਰ੍ਹਾਂ ਟਿਕ ਜਾਂਦਾ ਹੈ ਤਾਂ ਧਿਆਨ ਸ਼ੁਰੂ ਹੋ ਜਾਂਦਾ ਹੈ। ਜਦੋਂ ਇਹ ਅਵਸਥਾ ਆਉਂਦੀ ਹੈ ਤਾਂ ਧਿਆਨ ਦੀਆਂ ਪ੍ਰਾਰਥਨਾਵਾਂ ਵਿਚ ਅਸੀਂ ਆਤਮਾ ਦੀ ਆਵਾਜ਼ ਪਰਮਾਤਮਾ ਨੂੰ ਸੁਣਨ ਤੇ ਧਿਆਨ ਕੇਂਦਰਿਤ ਕਰਦੇ ਹਾਂ ਉਸਨੂੰ ਮਹਿਸੂਸ ਕਰਦੇ ਹਾਂ ਉਸ ਨਾਲ ਮੱਧਮ ਆਵਾਜ਼ ਵਿਚ ਗੱਲਬਾਤ ਕਰਦੇ ਹਾਂ। ਉਸ ਪਰਮਾਤਮਾ ਦੀ ਆਵਾਜ਼ ਨੂੰ ਸੁਣਨ ਲਈ ਸਾਨੂੰ ਡੂੰਘੀ ਚੁੱਪ ਵਿਚ ਜਾਣਾ ਪੈਂਦਾ ਹੈ।"[273]

"ਉਸ ਪਰਮ ਸੱਤਾ ਨੂੰ ਕਈ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ ਅਤੇ ਭਿੰਨ ਭਿੰਨ ਵਿਧੀਆ ਰਾਹੀਂ ਉਸ ਅੱਗੇ ਪ੍ਰਾਰਥਨਾ ਕੀਤੀ ਜਾਂਦੀ ਹੈ ਅਰਦਾਸ ਦੀ ਭਾਵਨਾ ਮਨੁੱਖੀ ਸੁਭਾ ਵਿਚ ਇਤਨੀ ਪ੍ਰਬਲ ਹੈ ਕਿ ਜਿਹੜੇ ਮਤ ਸਿਧਾਂਤਕ ਤੌਰ 'ਤੇ ਅਨ-ਈਸ਼ਵਰਵਾਦੀ ਮੰਨੇ ਜਾਂਦੇ ਹਨ ਉਨ੍ਹਾਂ ਦੇ ਅਨੁਯਾਈ ਵੀ ਅਰਦਾਸ ਸ਼ਕਤੀ ਨੂੰ ਅਨੁਭਵ ਕਰਨੋਂ ਨਹੀਂ ਰਹਿ ਸਕੇ। ਮਿਸਾਲ ਦੇ ਤੌਰ 'ਤੇ ਬੁੱਧ ਧਰਮ ਅਨੁਸਾਰ ਇਸ ਸੰਸਾਰ ਦਾ ਕੋਈ ਕਰਤਾ ਨਹੀਂ ਹੈ ਅਤੇ ਇਸ ਦਾ ਨਾ ਹੀ ਕੋਈ ਪ੍ਰਬੰਧਕ ਹੈ। ਮਹਾਤਮਾ ਬੁੱਧ ਨੇ ਧਾਰਮਿਕ ਤੇ ਨੈਤਿਕ ਆਦਰਸ਼ ਦੀ ਪੂਰਣਤਾ ਦਾ ਨਿਰਭਰ, ਸਵੈ-ਪੂਰਣਤਾ ਨੂੰ ਦੱਸਿਆ ਹੈ। ਇਸ ਧਰਮ ਅਨੁਸਾਰ ਅਰਦਾਸ ਦਾ ਕੋਈ ਖਾਸ ਮਹੱਤਵ ਨਹੀਂ ਰਹਿ ਜਾਂਦਾ। ਪਰੰਤੂ ਬੁੱਧ ਧਰਮ ਦਾ ਜੋ ਪ੍ਰਚਾਰ ਮਹਾਤਮਾ ਬੁੱਧ ਦੇ ਪ੍ਰਲੋਕ ਗਮਨ ਉਪਰ ਕੀਤਾ ਗਿਆ, ਬੋਧੀ ਭਿਕਸ਼ੂਆ ਨੇ ਉਸ ਨਾਲ ਗੁਰੁ-ਚੇਲੇ ਵਾਲਾ ਸੰਬੰਧ ਸਥਾਪਿਤ ਕਰ ਲਿਆ ਸੀ । ਇਸ ਲਈ ਉਹ 'ਬੋਧਸਤ੍ਵ' ਦੀ ਪ੍ਰਾਪਤੀ ਲਈ ਮਹਾਤਮਾ ਬੁੱਧ ਅੱਗੇ ਪ੍ਰਾਰਥਨਾ ਕਰਨ

[273] Shankarprasad S. Bhatt Editor Pradip S. Bhatt, *Prayers of all Religions of the World*, page 266.

ਲੱਗ ਪਏ ਸਨ, ਇਨ੍ਹਾਂ ਪ੍ਰਾਰਥਨਾਂ ਨੂੰ ਪਾਲੀ ਵਿਚ 'ਪਾਨੀ ਧਾਨ' ਅਤੇ ਸੰਸਕ੍ਰਿਤ ਵਿਚ 'ਪ੍ਰਾਣੀ ਧਾਮ' ਕਿਹਾ ਜਾਂਦਾ ਸੀ।"[274] ਮਹਾਤਮਾ ਬੁੱਧ ਦੀਆਂ ਸਿੱਖਿਆਵਾਂ ਵਿਚ ਉਹਨਾਂ ਨੇ ਆਪਣੇ ਆਪਨੂੰ ਗੁਰੂ ਜਾਂ ਸਿਸ਼ ਨੂੰ ਚੇਲੇ ਵਾਲੀ ਸ਼ਰੇਣੀ ਵਿਚ ਨਹੀਂ ਪਾਇਆ, ਪਰ ਉਹਨਾਂ ਦੇ ਸ਼ਿਸ਼ਾ ਨੇ ਉਹਨਾਂ ਦੀ ਮੌਤ ਤੋਂ ਬਾਅਦ ਅਜਿਹਾ ਕਰ ਲਿਆ ਅਤੇ ਉਹਨਾਂ ਅੱਗੇ ਹੀ ਅਰਦਾਸ ਦੀ ਪਰੰਪਰ ਨੂੰ ਸ਼ੁਰੂ ਕਰ ਦਿੱਤਾ।

ਸੋ ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਬੁੱਧ ਧਰਮ ਨੇ ਨਾਸਤਿਕ ਮੱਤ ਹੁੰਦਿਆਂ ਹੋਇਆਂ ਵੀ ਅਰਦਾਸ ਵਰਗੇ ਮਹਾਨ ਸਿਧਾਂਤ ਦਾ ਆਸਰਾ ਲਿਆ। ਕਿਉਂਕਿ ਇਹ ਇਕ ਅਜਿਹੀ ਮਹਾਨ ਕ੍ਰਿਆ ਹੈ ਕਿ ਜਿਸਤੋਂ ਬਿਨਾਂ ਸੰਸਾਰਿਕ ਧਰਮਾਂ ਦਾ ਗੁਜ਼ਾਰਾ ਨਹੀਂ।"ਭਾਵੇਂ ਮਹਾਤਮਾ ਬੱਧ ਖੁਦ ਰੱਬੀ ਹਸਤੀ ਤੋਂ ਮੁਨਕਰ ਸੀ ਅਤੇ ਉਸਨੇ ਆਪਣੇ ਅਨੁਆਈਆਂ ਨੂੰ ਕਿਸੇ ਦੇਵਤਾ ਵਿਸ਼ੇਸ਼ ਅੱਗੇ ਅਰਦਾਸ ਕਰਨ ਦੀ ਆਗਿਆ ਨਹੀਂ ਦਿੱਤੀ ਸੀ ਪਰੰਤੂ ਅੱਜ ਬੋਧੀ ਅਰਦਾਸ ਨੂੰ ਆਪਣੀ ਜ਼ਿੰਦਗੀ ਦਾ ਮੁਖ ਅੰਗ ਗਿਣਦੇ ਹਨ ਅਤੇ ਸੜਕਾਂ ਬਜ਼ਾਰਾ ਵਿੱਚ ਅਰਦਾਸ ਪਹੀਏ ਘੁਮਾਂਦੇ ਆਮ ਵਿਖਾਈ ਦਿੰਦੇ ਹਨ। ਅੱਜ ਤਿੱਬਤ ਦੇ ਮੰਦਰਾਂ ਵਿਚ ਹੀ ਨਹੀਂ ਬਲਕਿ ਰਸਤਿਆਂ ਅਤੇ ਚੌਰਾਹਿਆ ਵਿਖੇ ਵੀ ਸਮੂਹਕ ਪ੍ਰਾਰਥਨਾ 'ਪਹੀਏ' ਲੱਗ ਚੁੱਕੇ ਹਨ ਜੋ ਪਾਣੀ ਅਤੇ ਹਵਾ ਨਾਲ ਵੀ ਘੁਮਾਏ ਜਾਂਦੇ ਹਨ।"[275] ਵੱਡੇ ਤੋਂ ਵੱਡੇ ਨਾਸਤਿਕ ਵੀ ਕਈ ਵਾਰ ਕਿਸੇ ਦੁਨਿਆਵੀ ਇੱਛਾ ਕਾਰਣ ਕਿਸੇ ਧਾਰਮਿਕ ਹੋਂਦ ਦੀ ਸ਼ਰਨ ਵਿਚ ਜਾਂਦੇ ਹਨ। ਕਿਉਂਕਿ ਜਦੋਂ ਧਰਤੀ ਉਪਰ ਤੁਹਾਡਾ ਕੋਈ ਆਸਰਾ ਨਾ ਬਚੇ ਤਾਂ ਮਨੁੱਖ ਨੰ ਅਦਿੱਖ ਸ਼ਕਤੀ ਦੇ ਚਰਨਾਂ ਵਿਚ ਜਾਣਾ ਪੈਦਾ ਹੈ।ਉਹ ਸ਼ਕਤੀ ਤੁਹਾਡੇ ਗੁਜ਼ਰ ਚੁੱਕੇ ਵੱਡੇ ਵਡੇਰੇ ਵੀ ਹੋ ਸਕਦੇ ਹਨ।

ਮਹਾਤਮਾ ਬੁੱਧ ਦੇ ਅਨੁਯਾਈ ਉਹਨਾਂ ਦੁਆਰਾ ਦਿੱਤੇ ਸਿਧਾਂਤ ਪ੍ਰਤਿਤਯਮਤਪਾਦ ਦੇ 12 ਅੰਗਾਂ ਦੇ ਜੀਵਨ ਚੱਕਰ ਨੂੰ ਸਮਾਪਤ ਕਰਨ ਲਈ ਹੱਥ ਵਿਚ ਲੈ ਕੇ ਘੁਮਾਉਂਦੇ ਹਨ ਅਤੇ ਬੋਧੀ ਮੱਠਾਂ ਵਿਚ ਵੀ ਇਹੋ ਪ੍ਰਾਰਥਨਾ ਪਹੀਏ ਹੱਥ ਨਾਲ ਜਾਂ ਹੋਰ ਕਿਸੇ ਸ਼ਕਤੀ ਨਾਲ ਚਲਾਏ ਜਾਂਦੇ ਹਨ ਭਾਵ ਕਿ ਹਰ ਸਮੇਂ ਪ੍ਰਾਰਥਨਾ ਹੋ ਰਹੀ ਹੈ ਜਨਮ ਮਰਨ ਦੇ ਚੱਕਰ ਮਿਟਾਉਣ ਲਈ। "ਕਿਸੇ ਕਿਸੇ ਮੱਠ ਵਿਚ ਤਾਂ ਤਿੰਨ-ਤਿੰਨ ਸੌ ਪ੍ਰਾਰਥਨਾ ਪਹੀਏ ਮੌਜੂਦ ਹਨ। ਇਕ ਮੱਠ ਵਿਚ ਕੇਤਲੀ ਦੀ ਭਾਫ ਦੀ ਵਰਤੋਂ ਪਹੀਆ ਘੁਮਾਉਣ ਲਈ ਕੀਤੀ ਜਾਂਦੀ ਹੈ। ਕੇਤਲੀ ਵਿਚ ਹਰ ਸਮੇਂ ਚਾਹ ਰਿੱਝਦੀ ਰਹਿੰਦੀ ਹੈ ਅਤੇ ਇਸਦੀ ਭਾਫ ਨਾਲ ਛੱਤ ਨਾਲ ਲਟਕਾਇਆ ਹੋਇਆ ਪਹੀਆ ਘੁੰਮਦਾ ਰਹਿੰਦਾ ਹੈ। ਸਰਾਵਾਂ ਅਤੇ ਹੋਰ ਸਮੂਹਕ ਥਾਵਾਂ ਉੱਤੇ ਅੱਜ ਵੀ ਅਨੇਕਾਂ ਪ੍ਰਾਰਥਨਾ ਪਹੀਏ ਵੇਖੇ ਜਾ ਸਕਦੇ ਹਨ। ਫਾਹੀਯਾਨ ਨੇ ਚੌਥੀ ਸਦੀ ਵਿਚ ਕੀਤੀ ਆਪਣੀ ਯਾਤਰਾ ਦੌਰਾਨ ਲੱਦਾਖ ਵਿਚ ਅਜਿਹੇ ਪਹੀਆਂ ਦੀ ਹੋ ਰਹੀ ਵਰਤੋਂ ਦਾ ਜ਼ਿਕਰ ਕੀਤਾ ਹੈ।"[276] ਇਹਨਾਂ ਪਹੀਆਂ ਉੱਤੇ ਬੁੱਧ ਧਰਮ ਦੀਆਂ ਪ੍ਰਾਰਥਨਾਵਾਂ ਲਿਖੀਆਂ ਹੁੰਦੀਆਂ ਹਨ ਅਤੇ ਨਾਲ-ਨਾਲ ਬੋਧੀ ਅਨੁਯਾਈ ਇਸ ਪ੍ਰਾਰਥਨਾ ਨੂੰ ਪੜ੍ਹ ਰਿਹਾ ਹੁੰਦਾ ਹੈ ਅਤੇ ਨਾਲ ਹੀ ਪਹੀਆ ਘੁਮ ਰਿਹਾ ਹੁੰਦਾ ਹੈ।

ਜਿਸ ਤਰ੍ਹਾਂ ਦੂਜਿਆਂ ਧਰਮਾਂ ਵਿਚ ਮਾਲਾ ਫੇਰਨ ਦਾ ਸੰਕਲਪ ਹੈ ਉਸੇ ਤਰ੍ਹਾਂ ਬੁੱਧ ਧਰਮ ਵਿਚ ਪਹੀਆ ਘੁਮਾਉਣ ਦਾ ਹੈ। ਭਾਵੇ ਕਿ ਉਹ ਮਾਲਾ ਰਾਹੀਂ ਵੀ ਆਪਣੀ ਬੰਦਗੀ ਕਰਦੇ ਹੋਣਗੇ ਪਰ ਇਹਨਾਂ

---

[274] ਮਹਿੰਦਰ ਸਿੰਘ, *ਸਿੱਖ ਸੰਸਕਾਰ ਅਤੇ ਮਰਯਾਦਾ*,ਪੰਨਾ 116.

[275] ਨਿਰਵੈਰ ਸਿੰਘ ਅਰਸ਼ੀ, 'ਅਰਦਾਸ ਸੰਕਲਪ ਅਤੇ ਸਰੂਪ', *ਨਾਨਕ ਪ੍ਰਕਾਸ਼ ਪੱਤ੍ਰਿਕਾ*, 22:1 ਪੰਨਾ 111, ਜੂਨ 1987.

[276] Maj. Gen. I.G.R forlong, *Faith of Man*, Vol 3, P. 147-148.

ਪ੍ਰਾਰਥਨਾ ਪਹੀਆ ਦਾ ਬੋਧੀਆ ਵਿਚ ਆਪਣਾ ਹੀ ਰੋਲ ਹੈ ਅਤੇ ਬੋਧੀਆਂ ਦੇ ਮੰਤ੍ਰ ਦਾ ਅਰਥ ਹੈ ਮੈਨੂੰ ਸਾਰਿਆਂ ਦੇ ਭਲੇ ਲਈ ਗਿਆਨ ਹਾਸਿਲ ਹੋਵੇ, "ਪ੍ਰਾਰਥਨਾ ਪਹੀਆ' ਇਕ ਧਾਤ ਦਾ ਸਿਲੰਡਰ ਹੁੰਦਾ ਹੈ ਜੋ ਕਿ ਇਕ ਧੁਰੇ ਦੁਆਲੇ ਘੁੰਮਦਾ ਹੈ। ਬਾਹਰਲੇ ਪਾਸੇ ਅਤੇ ਅੰਦਰ ਕਾਗਜ਼ ਦੇ ਟੁਕੜਿਆਂ ਉੱਤੇ ਬੋਧੀਆਂ ਦਾ ਮੰਤ੍ਰ 'OM MANIPADME HUM' ਅੰਕਿਤ ਹੁੰਦਾ ਹੈ। ਇਹ ਪਾਸੇ ਇਕ ਵਜ਼ਨ ਲਟਕ ਰਿਹਾ ਹੁੰਦਾ ਹੈ ਅਤੇ ਹੱਥ ਦੀ ਥੋੜ੍ਹੀ ਜਿਹੀ ਹਰਕਤ ਨਾਲ ਸਿਲੰਡਰ ਤੇਜ਼ੀ ਨਾਲ ਘੁੰਮਣ ਲੱਗਦਾ ਹੈ, ਹਵਾ ਅਤੇ ਪਾਣੀ ਦੇ ਜ਼ਰੀਏ ਵੱਡੇ ਸਾਈਜ਼ ਦੇ ਪ੍ਰਾਰਥਨਾ ਪਹੀਏ ਵੀ ਘੁਮਾਏ ਜਾਂਦੇ ਹਨ।"[277] ਬੋਧੀ ਮੰਨਦੇ ਹਨ ਕਿ ਜਿਸ ਤਰ੍ਹਾਂ ਇਹ ਪਹੀਆ ਆਪਣਾ ਚੱਕਰ ਪੂਰਾ ਕਰਦਾ ਹੈ ਉਸੇ ਤਰ੍ਹਾਂ ਸਾਡੇ ਵੀ ਕਰਮਾਂ ਦਾ ਨਾਸ਼ ਹੁੰਦਾ ਹੈ ਅਤੇ ਅਸੀਂ ਇਸ ਜਨਮ-ਮਰਨ ਦੇ ਚੱਕਰਾਂ ਤੋਂ ਬਚ ਸਕਦੇ ਹਾਂ।

ਭਾਰਤ ਵਿਚ ਦਲਾਈਲਾਮਾ ਦੇ ਮੁਖ ਕੇਂਦਰ ਧਰਮਸ਼ਾਲਾ ਵਿਚ ਹੈ ਜਿੱਥੇ ਅਸੀਂ ਬੋਧੀਆਂ ਦੇ ਇਸ ਨਜ਼ਾਰੇ ਨੂੰ ਦੇਖ ਸਕਦੇ ਹਾਂ, "ਧਰਮਸ਼ਾਲਾ (ਹਿਮਾਚਲ ਪ੍ਰਦੇਸ਼) ਵਿਖੇ ਦਲਾਈਲਾਮਾ ਦੇ ਹੈੱਡਕੁਆਰਟਰ ਜਾਉ, ਜਿੱਥੇ ਰੁੱਖਾਂ ਅਤੇ ਪੋਲਾਂ ਨਾਲ ਲਟਕ ਰਹੀਆਂ ਝੰਡੀਆਂ ਉੱਤੇ ਆਪਨੂੰ ਪ੍ਰਾਰਥਨਾ ਲਿਖੀ ਹੋਈ ਮਿਲੇਗੀ, ਉੱਥੇ ਤੁਹਾਨੂੰ ਸੈਂਕੜੇ ਬੋਧੀ ਚਲਦੇ ਫਿਰਦੇ ਹੋਏ, ਹੱਥਾਂ ਵਿਚ ਅਜਿਹੇ ਪ੍ਰਾਰਥਨਾ ਚੱਕਰ ਘੁੰਮਾਉਂਦੇ ਨਜ਼ਰੀਂ ਪੈਣਗੇ।"[278] ਇਹ ਗੱਲਾਂ ਸਿੱਧ ਕਰਦੀਆਂ ਹਨ ਕਿ ਬੁੱਧ ਧਰਮ ਵੀ ਪ੍ਰਾਰਥਨਾ ਉਪਰ ਯਕੀਨ ਰੱਖਦਾ ਹੈ।

ਭਾਵੇ ਕਿ ਇਹ ਸ਼ੁਰੂਆਤ ਤਿੱਬਤ ਵਿਚ ਹੋਈ ਸੀ ਪਰ ਹੋਲੀ-ਹੋਲੀ ਲਗਭਗ ਇਸ ਪ੍ਰਥਾ ਨੂੰ ਸਾਰੇ ਬੋਧੀਆ ਨੇ ਅਪਨਾ ਲਿਆ ਹੈ, "ਤਿੱਬਤੀ ਬੋਧੀਆਂ ਨੂੰ ਦੇਖ ਕੇ ਜਾਪਾਨੀਆਂ ਅਤੇ ਚੀਨੀਆਂ ਨੇ ਇਹ ਪ੍ਰਾਰਥਨਾ ਪਹੀਏ ਦੀ ਰੀਤੀ ਅਪਣਾਈ ਹੈ। ਪੀਨਿੰਗ ਦੇ ਬੁਧਾ ਹਾਲ ਵਿਚ ਦੋ ਮਹਾਨ ਗੋਲ ਇਮਾਰਤਾਂ ਹਨ, ਇੰਨ੍ਹਾਂ ਵਿਚ ਵੱਡੇ-ਵੱਡੇ ਗੁਲਾਈਦਾਰ ਡਰੰਮ ਫਿੱਟ ਹਨ ਜਿੰਨ੍ਹਾਂ ਉਪਰ ਮਹਾਤਮਾ ਬੁੱਧ ਅਤੇ ਹੋਰ ਮਹਾਂਪੁਰਸ਼ਾਂ ਦੀਆਂ ਫੋਟੋਆਂ ਮੜ੍ਹੀਆਂ ਹੋਈਆ ਹਨ ਅਤੇ ਨਾਲ ਹੀ ਕਾਗਜ਼ ਦੀਆਂ ਸਲਿਪਾਂ ਉੱਤੇ ਅਰਦਾਸਾਂ ਦਰਜ ਹਨ, ਸੋ ਜਦੋਂ ਡਰੰਮ ਘੁੰਮਦਾ ਹੈ ਤਾਂ ਸਭਨਾਂ ਸੰਤਾਂ ਸਾਹਵੇਂ ਪ੍ਰਾਰਥਨਾ ਖੁਦ ਬਖੁਦ ਹੁੰਦੀ ਰਹਿੰਦੀ ਹੈ।"[279] ਕਈ ਥਾਵਾਂ ਤੇ ਵੱਡੇ ਆਕਾਰ ਦੇ ਡਰੰਮ ਹਨ ਜਿਨ੍ਹਾ ਉਪਰ ਮਹਾਤਮਾ ਬੁੱਧ ਅਤੇ ਹੋਰ ਪੂਜਣਯੋਗ ਸ਼ਖਸ਼ੀਅਤਾਂ ਵੀ ਪੜਾਅ ਹਨ ਜਿੰਨਾ ਅੱਗੇ ਪ੍ਰਾਰਥਨਾ ਹੁੰਦੀ ਰਹਿੰਦੀ ਹੈ।

### 3.1.8.2 ਧਿਆਨ ਰਾਹੀਂ ਸੁੰਨ ਅਵਸਥਾ

ਬੁੱਧ ਧਰਮ ਅਨੁਸਾਰ ਆਪਣੀ ਹੋਂਦ ਨੂੰ ਸਮਝਣਾ ਹੀ ਅਸਲ ਸਮਝ ਹੈ ਜਿਹੜਾ ਕਿ ਹਰ ਇਕ ਮਨੁੱਖ ਦੇ ਵਿਚ ਬਿਰਾਜਮਾਨ ਹੈ। ਇਸੇ ਲਈ ਅਸੀਂ ਕਹਿੰਦੇ ਹਾਂ ਕਿ ਸੱਚ ਨੂੰ ਅੰਦਰੋਂ ਲੱਭੋ ਅਤੇ ਜਦੋਂ ਅਸੀਂ ਡੂੰਘਾਈ ਨਾਲ ਪ੍ਰਾਰਥਨਾ ਕਰਦੇ ਹਾਂ ਅਤੇ ਆਪਣੇ ਧਿਆਨ ਵਿਚ ਡੂੰਘੇ ਉਤਰਦੇ ਹਾਂ ਤਾਂ ਅਸੀਂ ਆਪਣੇ ਦਿਲ ਅੰਦਰ ਉਸ ਆਵਾਜ਼ ਦਾ ਅਨੁਭਵ ਕਰਦੇ ਹਾਂ ਅਤੇ ਅਗਲੀ ਅਵਸਥਾ ਵਿਚ ਅਸੀਂ ਉਸ ਆਵਾਜ ਨੂੰ ਕੋਲ ਮਹਿਸੂਸ ਕਰਦੇ ਹਾਂ।

---

[277] *Enclyclopedia Briainca*, Vol. 18, P. 424.
[278] ਨਿਰਵੈਰ ਸਿੰਘ ਅਰਸ਼ੀ, 'ਅਰਦਾਸ ਸੰਕਲਪ ਅਤੇ ਸਰੂਪ', *ਨਾਨਕ ਪ੍ਰਕਾਸ਼ ਪੱਤ੍ਰਿਕਾ*, 22:1 ਪੰਨਾ 111, ਜੂਨ 1987.
[279] William Simpson, The Budhist praying wheel.

ਬੁੱਧ ਧਰਮ ਦੀ ਇਹ ਪ੍ਰਾਰਥਨਾ ਸਿੱਖ ਧਰਮ ਦੇ ਸਰਬੱਤ ਦੇ ਭਲੇ ਵਾਲੇ ਸੰਕਲਪ ਨਾਲ ਮੇਲ ਖਾਂਦੀ ਹੈ।

"I join my hands like wise and pray may all the pain of every living being the there by scattered and destroyed."[280] ਮੈਂ ਆਪਣੇ ਹੱਥ ਗਿਆਨ ਅਤੇ ਸਿਆਣਪ ਵਿਚ ਪ੍ਰਾਰਥਨਾ ਲਈ ਜੋੜਦਾ ਹਾਂ ਕਿ ਸਾਰੇ ਜਿਊਂਦੇ ਜੀਵਾਂ ਦੇ ਦੁੱਖਾਂ ਦਾ ਨਾਸ਼ ਹੋ ਜਾਵੇ।

ਡਾ. ਅੰਮ੍ਰਿਤ ਕੌਰ ਰੈਣਾ ਆਪਣੀ ਰਚਨਾ ਧਰਮ, ਬੁੱਧ ਧਰਮ ਅਤੇ ਧਮਪਦ ਵਿਚ ਬੁੱਧ ਧਰਮ ਵਿਚ ਨਿਯਮਿਤ ਹੁੰਦੀ ਪ੍ਰਾਰਥਨਾ ਦਾ ਜਿਕਰ ਇੰਝ ਕਰਦੇ ਹਨ,"ਬੁੱਧ ਧਰਮ ਦੀ ਸੱਤ ਲੜੀ ਪ੍ਰਾਰਥਨਾ (Seven Branch Prayer) ਜੋ ਬੁੱਧ ਧਰਮ ਦੇ ਸ਼ਿਸ਼ਾਂ ਦੀ ਨਿਯਮਿਤ ਪ੍ਰਾਰਥਨਾ ਦਾ ਇਕ ਹਿੱਸਾ ਹੈ, ਸਮਾਜ ਸੇਵਾ ਦੇ ਸੰਕਲਪ ਨੂੰ ਵਾਰ-ਵਾਰ ਦੁਹਰਾਉਂਦੀ ਹੈ। ਇਸ ਪ੍ਰਾਰਥਨਾ ਦੀਆਂ ਸੱਤ ਲੜੀਆਂ ਹਨ ਜਿਸ ਵਿਚ ਵੱਖ-ਵੱਖ ਸੰਕਲਪ ਤੇ ਦ੍ਰਿੜ ਹੋਣ ਦੀ ਪ੍ਰਾਰਥਨਾ ਕੀਤੀ ਜਾਂਦੀ ਹੈ।"[281] ਇਹ ਗੱਲ ਸਿੱਧ ਕਰਦੀ ਹੈ ਕਿ ਬੁੱਧ ਧਰਮ ਵਿਚ ਪ੍ਰਾਰਥਨਾ ਦੀ ਹੋਂਦ ਹੈ ਅਤੇ ਉਹ ਪ੍ਰਾਰਥਨਾ ਕਈ ਸਟੇਜਾਂ ਵਿਚ ਕੀਤੀ ਜਾਂਦੀ ਹੈ। ਜਿਵੇਂ ਇਸ ਗੱਲ ਵਿਚ ਸਿੱਧ ਹੁੰਦਾ ਹੈ ਕਿ ਉਹਨਾਂ ਦੀ ਪ੍ਰਾਰਥਨਾ ਦੀਆਂ ਸੱਤ ਲੜੀਆਂ ਹਨ।

### 3.1.8.3 ਸੇਵਾ ਕਰਨ ਦੀ ਪ੍ਰਾਰਥਨਾ

"May I myself became the doctor, Nurse and Medicine for all.
A lamp for those who need light. A bed for those desiring rest
A slave for those reqcuring & servant."[282]

ਮੇਰਾ ਆਪਾ ਸਾਰਿਆਂ ਲਈ ਡਾਕਟਰ, ਦਵਾਈਆਂ ਅਤੇ ਦੇਖਭਾਲ ਕਰਨ ਵਾਲਾ ਬਣ ਜਾਵੇ, ਉਹਨਾਂ ਲਈ ਜੋ ਸੰਸਾਰ ਵਿਚ ਬਿਮਾਰ ਹਨ। ਉਹਨਾਂ ਲਈ ਲੈਂਪ ਬਣ ਜਾਵੇ ਜਿੰਨ੍ਹਾਂ ਨੂੰ ਰੌਸ਼ਨੀ ਚਾਹੀਦੀ ਹੈ। ਉਹਨਾ ਲਈ ਬੈੱਡ ਬਣ ਜਾਵੇ ਜਿੰਨ੍ਹਾਂ ਨੂੰ ਸੌਣ ਦੀ ਇੱਛਾ ਹੈ, ਜਿੰਨ੍ਹਾਂ ਨੂੰ ਨੌਕਰ ਦੀ ਜ਼ਰੂਰਤ ਹੈ ਉਹਨਾਂ ਲਈ ਗੁਲਾਮ ਬਣ ਜਾਵੇ। ਇਸ ਪ੍ਰਾਰਥਨਾ ਦੇ ਬੋਲ ਕਿੰਨੇ ਅਰਥਪੂਰਨ ਹਨ ਅਸਲ ਵਿਚ ਜੇ ਸੱਚਮੁੱਚ ਸਾਰੀ ਲੋਕਾਈ ਇਸ ਤਰ੍ਹਾਂ ਦੇ ਵਿਚਾਰ ਰੱਖੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਸੰਸਾਰ ਸਵਾਗ ਹੋ ਜਾਵੇਗਾ।

ਜਿਹੜੇ ਮਰਜ਼ੀ ਧਰਮ ਨੂੰ ਦੇਖ ਲਵੋ ਹਰ ਇਕ ਧਰਮ ਵਿਚ ਮਨੁੱਖਤਾ ਦੀ ਭਲਾਈ ਦੀ ਗੱਲ ਸਾਹਮਣੇ ਆਉਂਦੀ ਹੈ ਕਿਉਂਕਿ ਆਪਣੇ ਲਈ ਜਿਊਣਾ ਕਾਫੀ ਨਹੀਂ ਹੁੰਦਾ, "ਆਧੁਨਿਕ ਯੁਗ ਦੇ ਸੰਬੰਧ ਵਿਚ ਭਗਵਾਨ ਬੁੱਧ ਨੂੰ ਇਕ ਬਹੁਤ ਵੱਡਾ ਸਮਾਜ ਸੇਵੀ ਮੰਨਿਆ ਜਾ ਸਕਦਾ ਹੈ। ਭਗਵਾਨ ਬੁੱਧ ਦੇ ਰਾਹ ਤੇ ਚੱਲਣ ਵਾਲੇ ਬੋਧੀਸਤਵ ਤੇ ਬੋਧੀਚਿਤ ਕੇਵਲ ਆਪਣੇ ਲਈ ਗਿਆਨ ਪ੍ਰਾਪਤੀ ਤੇ ਮੁਕਤੀ ਦੀ ਕਾਮਨਾ ਨਹੀਂ ਕਰਦੇ, ਉਹ ਸਰਬੱਤ ਦੇ ਭਲੇ ਲਈ ਅਰਦਾਸ ਕਰਦੇ ਹਨ। ਉਨ੍ਹਾਂ ਦੀ ਅਰਦਾਸ ਹੁੰਦੀ ਹੈ। Om mani padme hum (May I achive enlightement for the benefit of all beings)".[283]

---

[280] ਸ਼ਾਂਤੀ ਦੇਵਾ, *ਦਲਾਈਲਾਮਾ*, ਪੰਨਾ 31.
[281] ਅੰਮ੍ਰਿਤ ਕੌਰ ਰੈਣਾ, ਸਿੱਖ ਧਰਮ, *ਬੁੱਧ ਧਰਮ ਅਤੇ ਧੱਮਪਦ*, ਪੰਨਾ 55.
[282] ਸ਼ਾਂਤੀ ਦੇਵਾ, *ਦਲਾਈਲਾਮਾ*, ਪੰਨਾ 32.
[283] ਡਾ.ਅੰਬੇਦਕਰ, *ਰੇਣੁਕਾ*, ਪੰਨਾ 39.

ਬੋਧੀਆਂ ਦੀ ਇਹ ਰੋਜ਼ਾਨਾ ਦੀ ਪ੍ਰਮੁਖ ਪ੍ਰਾਰਥਨਾ ਹੈ ਜੋ ਪ੍ਰਾਰਥਨਾ ਪਹੀਏ ਤੇ ਵੀ ਅੰਕਿਤ ਹੁੰਦੀ ਹੈ। ਜਿਸਦਾ ਅਰਥ ਹੈ ਕਿ ਗਿਆਨ ਮਨੁੱਖ ਮਾਤਰ ਦੇ ਭਲੇ ਲਈ ਹਾਸਿਲ ਕਰਨਾ ਹੈ।

ਇਹ ਗੱਲ ਇਸ਼ਾਰਾ ਕਰਦੀ ਹੈ ਕਿ ਬੁੱਧ ਧਰਮ ਵਿਚ ਵੀ ਪ੍ਰਾਰਥਨਾ ਦੇ ਅਨੇਕਾਂ ਰੂਪ ਪਏ ਹੋਏ ਹਨ ਅਤੇ ਅਰਦਾਸ ਦੇ ਸੰਕਲਪ ਵੀ ਉਹੀ ਹਨ ਜੋ ਦੂਜੇ ਧਰਮਾਂ ਵਿਚ ਹਨ ਕਿਉਂਕਿ ਧਾਰਮਿਕ ਪੁਰਖ ਦੀ ਜੇ ਅਰਦਾਸ ਆਪਣੇ ਤੱਕ ਹੀ ਸੀਮਤ ਹੋ ਗਈ ਤਾਂ ਉਹ ਧਾਰਮਿਕ ਪੁਰਸ਼ ਕਾਹਦਾ? ਜਾਂ ਉਹ ਅਰਦਾਸ ਕਿਸ ਕੰਮ ਦੀ ਅਜਿਹੇ ਮਨੁੱਖ ਦੇ ਸਰੀਰ ਦੀ ਹਰ ਇਕ ਹਰਕਤ ਮਨੁੱਖਤਾ ਦੇ ਭਲੇ ਵਿਚ ਹੋਣੀ ਚਾਹੀਦੀ ਹੈ ਸੋ ਬੁੱਧ ਧਰਮ ਵਿਚ ਅਜਿਹੇ ਅਨੇਕਾਂ ਪੱਖ ਦੇਖੇ ਜਾ ਸਕਦੇ ਹਨ।

ਬੁੱਧ ਧਰਮ ਵਿਚ ਸੇਵਾ ਦੇ ਸੰਕਲਪ ਨਾਲ ਜੁੜ ਕੇ ਅਰਦਾਸ ਦਾ ਸੰਕਲਪ ਆਪਣੇ ਆਪ ਉਭਰਦਾ ਹੈ ਅਤੇ ਸੇਵਾ ਬੁੱਧ ਧਰਮ ਦਾ ਮੁਖ ਸਿਧਾਂਤ ਹੈ ਜਿਹੜਾ ਕਿ ਦੁਖ ਦੁਆਲੇ ਘੁੰਮਦਾ ਹੈ ਕਿ ਦੁਖੀ ਲੋਕਾਂ ਨੂੰ ਗਿਆਨ ਕਰਵਾਉਣ ਲਈ ਹਰ ਤਰ੍ਹਾਂ ਦੇ ਇਲਾਜ ਕਰ ਸਕਣ ਦੀ ਅਰਦਾਸ ਇਸ ਵਿਚ ਮੌਜੂਦ ਹੈ।

"May they gain by virtue of my merit ; Joy and happiness in boundless measure."[284]

"ਮੈਂ ਕਾਮਨਾ ਕਰਦਾ ਹਾਂ ਕਿ ਉਹ ਅਨੰਤ ਅਨੰਦ ਅਤੇ ਖੁਸ਼ੀ ਦੀ ਪ੍ਰਾਪਤੀ ਕਰਨ।" ਮੇਰੀ ਅਧਿਆਤਮਿਕ ਕਮਾਈ ਰਾਹੀਂ ਗੁਣ ਗ੍ਰਹਿਣ ਕਰਨ ਅਤੇ ਬੋਧੀ ਭਿਖਸ਼ੂ ਚਾਹੁੰਦੇ ਹਨ ਕਿ ਸਾਡੀ ਕੀਤੀ ਧਰਮ ਦੀ ਕਮਾਈ ਦਾ ਫਲ ਸਾਰੇ ਲੋਕ ਮਾਨਣ ਬੁੱਧ ਧਰਮ ਦੇ ਸਾਰੇ ਧਾਰਮਿਕ ਨਿਯਮ ਵੀ ਸੰਸਾਰ ਦੇ ਭਲੇ ਲਈ ਹਨ।

ਅਜਿਹੀਆਂ ਪ੍ਰਾਰਥਨਾਵਾਂ ਹੀ ਮਨੁੱਖਤਾ ਦੇ ਕੁਝ ਨਾ ਕੁਝ ਸਵਾਰ ਸਕਦੀਆਂ ਹਨ ਕਿਉਂਕਿ ਬੁੱਧ ਧਰਮ ਦਾ ਸਾਰਾ ਜ਼ੋਰ ਹੀ ਇਸ ਗੱਲ ਵਾਲੇ ਪਾਸੇ ਹੈ ਕਿ ਸੰਸਾਰ ਨੂੰ ਦੁਖਾਂ ਤੋਂ ਨਿਜਾਤ ਦਿਵਾਈ ਜਾਵੇ

### 3.1.8.4 ਦੁਖਾਂ ਤੋਂ ਛੁਟਕਾਰੇ ਦੀ ਪ੍ਰਾਰਥਨਾ

"ਬੁੱਧ ਸ਼ਿਸ਼ ਦਿਨ ਰਾਤ ਬੁੱਧ ਅੱਗੇ ਪ੍ਰਾਰਥਨਾ ਕਰਦਾ ਹੈ; ਗੁਰਦੇਵ ਮੈਨੂੰ ਸ਼ਕਤੀ ਦਿਉ ਕਿ ਮੈਂ ਦੁਖੀ ਲੋਕਾਂ ਨੂੰ ਦੁੱਖਾਂ ਤੋਂ ਛੁਟਕਾਰਾ ਦਿਲਾ ਸਕਾਂ।"[285] ਇਹ ਛੁਟਕਾਰਾ ਤਾਂ ਹੀ ਦਿਵਾਇਆ ਜਾ ਸਕਦਾ ਹੈ ਜੇ ਉਹ ਆਪ ਦੁੱਖਾਂ ਦੀ ਅਵਸਥਾ ਤੋਂ ਉਪਰ ਉਠੇਗਾ ਇਸੇ ਲਈ ਪ੍ਰਾਰਥਨਾ ਕੀਤੀ ਜਾ ਰਹੀ ਹੈ।

### 3.1.8.5 ਦੁੱਖਾਂ ਦੇ ਕਾਰਣ ਤੋਂ ਛੁਟਕਾਰੇ ਦੀ ਪ੍ਰਾਰਥਨਾ

"May all beings be happy

May all beings be free from suffering and the causes of sufferings."[286]

ਬੁੱਧ ਧਰਮ ਦੀਆਂ ਪ੍ਰਾਰਥਨਾਵਾਂ ਦਾ ਮਤਲਬ ਇਹ ਨਹੀਂ ਕਿ ਪ੍ਰਾਰਥਨਾ ਕਰਨ ਤੋਂ ਬਾਅਦ ਆਪ ਕੁਝ ਨਹੀਂ ਕਰਨਾ। ਬੁੱਧ ਧਰਮ ਵਿਚ ਕਾਰਣ-ਕਾਰਜ ਦਾ ਸਿਧਾਂਤ ਵੀ ਮੌਜੂਦ ਹੈ ਜਿਸ ਅਨੁਸਾਰ ਹਰ ਕਾਰਜ ਪਿੱਛੇ ਕੋਈ ਨਾ ਕੋਈ ਕਾਰਨ ਹੈ ਸੋ ਦੁੱਖਾਂ ਪਿੱਛੇ ਜਿਹੜਾ ਕਾਰਣ ਹੈ ਉਸ ਦੇ ਖਾਤਮੇ ਲਈ ਪ੍ਰਾਰਥਨਾ ਕੀਤੀ ਗਈ ਹੈ।

---

[284] ਸ਼ਾਂਤੀ ਦੇਵਾ, *ਦਲਾਈਲਾਮਾ*, ਪੰਨਾ 124.

[285] ਡਾ.ਅੰਮ੍ਰਿਤ ਕੌਰ ਰੈਣਾ, *ਸਿੱਖ ਧਰਮ ਬੁੱਧ ਧਰਮ ਅਤੇ ਧੱਮਪਦ*, ਪੰਨਾ 55.

[286] *ਤਾਈ ਸਤੁਪਾ*, ਪੰਨਾ 27.

"ਮੈਂ ਕਾਮਨਾ ਕਰਦਾ ਹਾਂ ਕਿ ਸਾਰੇ ਲੋਕ ਖੁਸ਼ ਰਹਿਣ। ਮੈਂ ਕਾਮਨਾ ਕਰਦਾ ਹਾਂ ਕਿ ਸਾਰੇ ਲੋਕ ਦੁੱਖਾਂ ਤੋਂ ਬਚੇ ਰਹਿਣ ਅਤੇ ਦੁੱਖਾਂ ਦੇ ਪੈਦਾ ਹੋਣ ਦੇ ਕਾਰਣਾਂ ਤੋਂ ਵੀ।"ਇਸ ਲਈ ਉਹ ਸੱਤਲੜੀ ਪ੍ਰਾਰਥਨਾ ਦੁਆਰਾ ਸਰਬੱਤ ਦੇ ਭਲੇ ਤੇ ਕਲਿਆਣ ਭਾਵਨਾ ਤੇ ਬਲ ਦਿੰਦੇ ਹਨ।"[287] ਇਹਨਾਂ ਗੱਲਾਂ ਨੂੰ ਦੇਖਣ ਤੋਂ ਲੱਗਦਾ ਹੈ ਕਿ ਧਰਮ ਕੋਈ ਵੀ ਹੋਵੇ ਉਸਦੀਆਂ ਪ੍ਰਾਰਥਨਾਵਾਂ ਦੇ ਸੰਕਲਪ ਸਾਂਝੇ ਹੁੰਦੇ ਹਨ।

ਬੁੱਧ ਧਰਮ ਦੇ ਇਹ ਪਹਿਲੂ ਸਿੱਧ ਕਰਦੇ ਹਨ ਕਿ ਬੁੱਧ ਧਰਮ ਵਿਚ ਅਰਦਾਸ ਜਿਹੇ ਪੁਰਾਤਨ ਮਨੁੱਖੀ ਸੁਭਾਅ ਦਾ ਅਮਲ ਮੌਜੂਦ ਹੈ।ਇਸ ਪਹੀਏ ਦੀ ਬੋਧੀਆਂ ਵਿਚ ਬਹੁਤ ਮਹਾਨਤਾ ਹੈ ਇਹ ਪ੍ਰਾਰਥਨਾ ਨਾਲ ਸੰਬੰਧਿਤ ਹੋਣ ਕਾਰਣ ਬੋਧੀ ਭਿਖਸ਼ੂ ਇਸਨੂੰ ਘੁਮਾਉਂਦੇ ਰਹਿੰਦੇ ਹਨ ਇਸ ਦਾ ਮਤਲਬ ਬੋਧੀ ਹਰ ਵਕਤ ਪ੍ਰਾਰਥਨਾ ਵਿਚ ਹੀ ਰਹਿੰਦੇ ਹਨ,"ਜੀਵਨ ਦਾ ਇਹ ਪਹੀਆ ਬੋਧੀਆਂ ਵਿਚ ਬਹੁਤ ਹੀ ਮਹੱਤਵਪੂਰਨ ਹੈ ਜਿਹੜਾ ਕਿ ਪ੍ਰਾਰਥਨਾਵਾਂ ਵਿਚ ਵਰਤਿਆ ਜਾਂਦਾ ਹੈ ਅਤੇ ਬੋਧੀ ਤਿਉਹਾਰਾਂ ਵਿਚ ਪੂਜਿਆ ਜਾਂਦਾ ਹੈ। ਕੁੱਕੜ, ਸੱਪ ਜਿਹੇ ਮਹੱਤਵਪੂਰਨ ਚਿੰਨ੍ਹ ਅਤੇ ਤਸਵੀਰਾਂ ਇਸ ਚੱਕਰ ਦੇ ਵਿਚਕਾਰ ਬਣੇ ਹੋਏ ਹਨ ਇਹ ਲੜੀਵਾਰ ਲਾਲਚ, ਨਫਰਤ ਅਤੇ ਅਗਿਆਨ ਵੱਲ ਇਸ਼ਾਰਾ ਕਰਦੇ ਹਨ ਪਰੰਤੂ ਬੁੱਧ ਧਰਮ ਦਾ ਧਾਰਮਿਕ ਚਿੰਨ੍ਹ ਕੰਵਲ ਦਾ ਫੁੱਲ ਹੈ।"[288] ਬੋਧੀ ਲੋਕ ਹੱਥ ਵਿਚ ਕੰਵਲ ਦਾ ਫੁੱਲ ਵੀ ਰੱਖਦੇ ਹਨ ਕਿਉਂਕਿ ਇਹ ਵੀ ਉਨ੍ਹਾਂ ਨੂੰ ਯਾਦ ਦਿਵਾਉਂਦਾ ਹੈ ਕਿ ਸੰਸਾਰ ਵਿਚ ਕੰਵਲ ਵਾਂਗ ਰਹਿਣਾ ਹੈ ਜੋ ਪਾਣੀ ਵਿਚ ਪੈਦਾ ਹੋਣ ਤੇ ਵੀ ਉਸਤੋਂ ਨਿਰਲੇਪ ਹੈ।

### 3.1.8.6 ਬੋਧੀਆਂ ਦਾ ਜੀਵਨ ਚੱਕਰ

**"सर्वे भवन्तु सुखिन ; सवो सन्तु निशमय; सर्वो भ्रद्राणि पश्यन्तु मा कश्चिद द्;ख भाग्र भवेत्**

ਬੁੱਧ ਦੀ ਪ੍ਰਾਰਥਨਾ ਹੁੰਦੀ ਹੈ, ਸਭ ਮਨੁੱਖ ਸੁਖੀ ਹੋਣ ਤੇ ਸਭ ਦੇ ਦੁੱਖਾਂ ਦਾ ਅੰਤ ਹੋਵੇ।"[289]

"ਦਲਾਈਲਾਮਾ ਆਪਣੀ ਰਚਿਤ ਪੁਸਤਕ 'A flash of lightening in the dark of night.' ਵਿਚ 8ਵੀਂ ਸਦੀ ਦੇ ਮਹਾਨ ਚਿੰਤਕ ਸ਼ਾਂਤੀਦੇਵਾ ਦੀ ਪੁਸਤਕ ਬੋਧੀਚਾਰਾਯਵਾਤਰਾ ਵਿਚ ਸੱਤ ਲੜੀ ਪ੍ਰਾਰਥਨਾ ਦਾ ਵਿਸਤਾਰ ਨਾਲ ਵਰਨਣ ਕਰਦੇ ਹਨ। ਸਿੱਖ ਧਰਮ ਦੀ ਤਰ੍ਹਾਂ ਬੁੱਧ ਧਰਮ ਵਿਚ ਵੀ ਅਰਦਾਸ ਦਾ ਵਿਸ਼ੇਸ਼ ਮਹੱਤਵ ਹੈ। ਬੁੱਧ ਬੋਧੀਸਤਵ ਸੰਪੂਰਨ ਲੋਕਾਈ ਦੇ ਭਲੇ ਤੇ ਨਿਰਵਾਣ ਪ੍ਰਾਪਤੀ ਦੀ ਕਾਮਨਾ ਲਈ ਅਰਦਾਸ ਕਰਦੇ ਹਨ। ਕੋਈ ਵੀ ਧਾਰਮਿਕ ਗ੍ਰੰਥ ਪੜ੍ਹਨ ਤੋਂ ਪਹਿਲਾ ਉਹ ਗਿਆਨ ਦੇ ਦੇਵਤਾ ਮੰਜੂਸਰੀ ਦੇ ਚਰਣਾਂ ਵਿਚ ਅਰਦਾਸ ਕਰਦੇ ਹਨ।"[290] ਇਹ ਗੱਲਾਂ ਆਪਣੇ ਆਪ ਸਾਡਾ ਧਿਆਨ ਬੁੱਧ ਧਰਮ ਦੇ ਉਸ ਪੱਖ ਉਸ ਵੱਲ ਦਿਵਾਉਂਦੀਆ ਹਨ ਕਿ ਉਹ ਰੱਬੀ ਹੋਂਦ ਤੋਂ ਮੁਨਕਰ ਹੋ ਕੇ ਵੀ ਅਰਦਾਸ ਦੀ ਮਰਿਯਾਦਾ ਨੂੰ ਨਿਭਾਉਂਦੇ ਹਨ ਭਾਵ ਕਿ ਜਿਹੜਾ ਵੀ ਧਰਤੀ ਤੇ ਕੁਝ ਪਾਉਣਾ ਚਾਹੁੰਦਾ ਹੈ ਉਹ

---

[287] ਡਾ.ਅੰਮ੍ਰਿਤ ਕੌਰ ਰੈਣਾ, *ਸਿੱਖ ਧਰਮ, ਬੁੱਧ ਧਰਮ ਅਤੇ ਧੱਮਪਦ,* ਪੰਨਾ 78.

[288] Dr. Shankerprasad S. Bhatt, Edited by pradip S.Bhatt prayer of all Religions of the world, (vol. 1) P. 264.

[289] ਡਾ.ਅੰਮ੍ਰਿਤ ਕੌਰ ਰੈਣਾ, *ਸਿੱਖ ਧਰਮ ਬੁੱਧ ਧਰਮ ਅਤੇ ਧੱਮਪਦ*, ਪੰਨਾ 79.

[290] ਉਹੀ, ਪੰਨਾ 81-82.

ਪ੍ਰਾਰਥਨਾ ਦਾ ਸਹਾਰਾ ਜ਼ਰੂਰ ਲਵੇਗਾ। ਤਾਂ ਪ੍ਰਾਰਥਨਾ ਪਰਮਾਤਮਾ ਤੋਂ ਬਿਨਾਂ ਆਪਣੇ ਹੋ ਚੁੱਕੇ ਕਿਸੇ ਵੱਡੇ ਵਡੇਰੇ ਜਾ ਅੱਗੇ ਵੀ ਹੋ ਸਕਦੀ ਹੈ।

ਹਰ ਇਕ ਧਰਮ ਨੂੰ ਆਪਣੀ ਅਨੁਯਾਈਆ ਨੂੰ ਸੱਚ ਦੇ ਮਾਰਗ ਤੱਕ ਪਹੁੰਚਣ ਲਈ ਵਿਧੀ ਵਿਧਾਨ ਬਣਾਏ ਹਨ। ਜਿਨ੍ਹਾਂ ਉਪਰ ਚਲ ਕੇ ਹੀ ਉਸ ਧਰਮ ਨੂੰ ਮੰਨਣ ਵਾਲਾ ਆਪਣਾ ਆਪਾ ਸਵਾਰ ਸਕਦਾ ਹੈ। "ਮਹਾਨ ਬੁੱਧ ਚਿੰਤਕ ਲਾਰਡ ਮੈਤਰੇਯ ਨੇ ਸਮਾਧੀ ਦੀ ਅਵਸਥਾ ਤੱਕ ਪਹੁੰਚਣ ਲਈ ਚਾਰ ਚੱਕਰ ਦੱਸੇ ਹਨ, ਪਹਿਲਾ ਚੱਕਰ ਗੁਰੂ ਦੀ ਅਗਵਾਈ, ਦੂਜਾ ਚੱਕਰ ਬੁੱਧ ਧਰਮ ਦੇ ਸਿਧਾਤਾਂ ਅਨੁਸਾਰ ਜੀਵਨ ਜਿਉਣਾ, ਤੀਸਰਾ ਚੱਕਰ ਪਵਿੱਤਰ ਆਚਰਣ, ਚੌਥਾ ਚੱਕਰ ਬੋਧੀ ਚਿੱਤ ਦਾ ਵਿਕਾਸ ਕਰਨਾ ਹੈ, ਬੋਧੀ ਚਿੱਤ ਦਾ ਵਿਕਾਸ ਕਰਨਾ ਵਿਸ਼ੇਸ਼ ਮਹੱਤਵ ਰੱਖਦਾ ਹੈ। ਜਿਸਦਾ ਅਰਥ ਹੈ ਆਪਣੀ ਇੱਛਾ ਸ਼ਕਤੀ ਨੂੰ ਦ੍ਰਿੜ ਕਰਕੇ ਨਿਰਵਾਣ ਪ੍ਰਾਪਤੀ ਦੇ ਮਾਰਗ 'ਤੇ ਚੱਲਣਾ। ਗਿਆਨ ਪ੍ਰਾਪਤੀ ਦੀ ਇੱਛਾ ਨੂੰ ਪ੍ਰਜਵਲਿਤ ਕਰਨਾ ਤੇ ਪ੍ਰਾਰਥਨਾ ਕਰਨੀ ਕਿ ਮੈਂ ਸੰਸਾਰ ਦੀ ਭਲਾਈ ਲਈ ਨਿਰਵਾਣ ਪ੍ਰਾਪਤ ਕਰਾਂ।"[291] ਬੁੱਧ ਧਰਮ ਦੇ ਆਖਰੀ ਨਿਸ਼ਾਨੇ ਤੱਕ ਪਹੁੰਚਣ ਲਈ ਸਮਾਧੀ ਦੀ ਅਵਸਥਾ ਵਿਚ ਜਾਣਾ ਜ਼ਰੂਰੀ ਹੈ। ਜਿਸ ਤੱਕ ਪਹੁੰਚਣ ਲਈ ਚਾਰ ਚੱਕਰਾਂ ਵਿਚੋਂ ਗੁਜ਼ਰਨਾ ਪੈਂਦਾ ਹੈ। ਇਸ ਲਈ ਚੌਥੀ ਅਵਸਥਾ ਵਿਚ ਬੋਧੀ ਪ੍ਰਾਰਥਨਾ ਦਾ ਸਹਾਰਾ ਲੈਂਦੇ ਹਨ ਅਤੇ ਬੁੱਧ ਧਰਮ ਦੇ ਆਖਰੀ ਟੀਚੇ ਨੂੰ ਹਾਸਿਲ ਕਰਦੇ ਹੋਏ ਸੰਸਾਰ ਦਾ ਭਲਾ ਕਰਦੇ ਹਨ। ਅਜਿਹੀਆਂ ਪ੍ਰਾਰਥਨਾਵਾਂ ਬੋਧੀ ਆਪਣੇ ਅੰਤਿਮ ਲਕਸ਼ ਨੂੰ ਪੂਰਾ ਕਰਨ ਲੱਗਿਆਂ ਕਰਦੇ ਹਨ ਭਾਵ ਨਿਰਵਾਣ ਤੋਂ ਵੱਡਾ ਬੋਧੀਆਂ ਲਈ ਕੋਈ ਲਕਸ਼ ਨਹੀਂ ਹੈ।

ਅਰਦਾਸ ਵਿਚ ਬੁੱਧ ਦੇ ਸ਼ਿਸ਼ ਆਖਦੇ ਹਨ। "ਨਮੋਂ ਤਸ ਭਗਵਤੋ ਅਰਹਤੋ ਸਮਾਸੰ ਬੁੱਧਮੰ। ਉਸ ਭਗਵਾਨ ਅਰਹਤ ਨੂੰ ਨਮਸਕਾਰ ਜੋ ਸੰਪੂਰਨ ਤੇ ਮੁਕਤ ਹੈ।"[292] ਬੋਧੀਆਂ ਵਿਚ ਅਰਦਾਸ ਦਾ ਵਿਧਾਨ ਆਖਰੀ ਨਿਸ਼ਾਨੇ ਨੂੰ ਪ੍ਰਾਪਤ ਕਰਨ ਵੇਲੇ ਵੀ ਬੁੱਧ ਧਰਮ ਅਨੁਸਾਰ ਸੰਪੂਰਨ ਮਨੁੱਖਾਂ ਅੱਗੇ ਦੇਖਣ ਨੂੰ ਮਿਲਣਾ ਹੈ। ਭਾਵ ਜਿੰਨ੍ਹਾਂ ਨੇ ਨਿਰਵਾਣ ਪ੍ਰਾਪਤ ਕਰ ਲਿਆ ਹੈ

### 3.1.8.7 ਧਿਆਨ ਟਿਕਾਉਣ ਦੀ ਪ੍ਰਾਰਥਨਾ ਦੇ ਮਹੱਤਵਪੂਰਨ ਪੜਾਅ

ਬੁੱਧ ਧਰਮ ਵਿਚ ਧਿਆਨ ਦੀ ਪ੍ਰਾਰਥਨਾ ਦੇ ਨੌਂ ਤਰੀਕੇ ਦੱਸੇ ਗਏ ਹਨ ਜਿਹੜੇ ਕਿ ਸਾਧਕ ਦੇ ਦਿਮਾਗ ਅਤੇ ਸਰੀਰ ਨੂੰ ਸ਼ਾਂਤ ਕਰਨ ਦੇ ਨਾਲ-ਨਾਲ ਉੱਚ-ਜਾਗਰੂਕਤਾ ਵੱਲ ਲਿਜਾਂਦੇ ਹਨ ਅਤੇ ਬੋਧੀਆਂ ਦੀ ਆਖਰੀ ਨਿਸ਼ਾਨੇ ਤੇ ਪਹੁੰਚਾਉਦੇ ਹਨ।

1. "ਇਕ ਸ਼ਬਦ ਜਾਂ ਛੋਟੀ ਪੰਕਤੀ ਲਉ ਜੋ ਤੁਹਾਡੇ ਅੰਦਰ ਦੇ ਵਿਸ਼ਵਾਸ਼ ਅਨੁਸਾਰ ਹੋਵੇ।
2. ਆਰਾਮਦਾਇਕ ਪੁਜੀਸ਼ਨ ਵਿਚ ਸ਼ਾਂਤ ਬੈਠੋ।
3. ਆਪਣੀਆਂ ਅੱਖਾਂ ਬੰਦ ਕਰੋ।
4. ਸਰੀਰ ਦੀਆਂ ਮਾਸਪੇਸ਼ੀਆਂ ਨੂੰ ਆਰਾਮ ਦੀ ਅਵਸਥਾ ਵਿਚ ਲਿਆਉ।

[291] ਡਾ.ਅੰਮ੍ਰਿਤ ਕੌਰ ਰੈਣਾ, *ਸਿੱਖ ਧਰਮ ਬੁੱਧ ਧਰਮ ਅਤੇ ਧੱਮਪਦ,* ਪੰਨਾ 83.
[292] ਉਹੀ, ਪੰਨਾ 87.

5. ਸਾਹ ਕੁਦਰਤੀ ਅਤੇ ਹੌਲੀ ਲਵੋ ਅਤੇ ਸ਼ਬਦ ਤੇ ਧਿਆਨ ਰੱਖੋ ਅਤੇ ਆਪਣੇ ਆਪ ਚੁੱਪ ਪ੍ਰਾਰਥਨਾ ਕਰੋ।
6. ਹਾਂ ਪੱਖੀ ਨਜ਼ਰੀਆ ਅਪਣਾਉ। ਇਸ ਗੱਲ ਦਾ ਫਿਕਰ ਨਾ ਕਰੋ ਕਿ ਤੁਸੀਂ ਕੀ ਕਰ ਰਹੇ ਹੋ? ਜੇਕਰ ਹੋਰ ਖਿਆਲ ਦਿਮਾਗ ਵਿਚ ਆਉਣ ਤਾਂ ਆਪਣੇ ਆਪ ਨੂੰ ਕਹੋ ਚੰਗਾ ਹੈ ਅਤੇ ਆਪਣੇ ਦੁਹਰਾਉ ਤੇ ਵਾਪਸ ਆ ਜਾਉ।
7. ਦਸ ਜਾਂ ਵੀਹ ਮਿੰਟ ਲਗਾਤਾਰ ਕਰਦੇ ਰਹੋ।
8. ਤੁਰੰਤ ਖੜ੍ਹੇ ਨਾ ਹੋਵੋ। ਲਗਾਤਾਰ ਬੈਠੋ ਕੁਝ ਮਿੰਟਾਂ ਲਈ ਫਿਰ ਵਧਾਉ ਦੂਸਰੇ ਵਿਚਾਰਾ ਨੂੰ ਬਦਲੋ ਅਤੇ ਆਪਣੀਆਂ ਅੱਖਾਂ ਖੋਲ੍ਹੋ ਅਤੇ ਉਠਣ ਤੋਂ ਪਹਿਲਾ ਇਕ ਅੱਧਾ ਮਿੰਟ ਹੋਰ ਬੈਠੋ।
9. ਇਸ ਅਭਿਆਸ ਨੂੰ ਦਿਨ ਵਿਚ ਦੋ ਤੋਂ ਤਿੰਨ ਵਾਰ ਕਰੋ।"[293]

ਇਹਨਾਂ ਤਰੀਕਿਆਂ ਦਾ ਰੋਜ਼ਾਨਾ ਅਭਿਆਸ ਕਰਨ ਨਾਲ ਹੌਲੀ ਹੌਲੀ ਧਿਆਨ ਵਿਚ ਮਨ ਟਿਕਣਾ ਸ਼ੁਰੂ ਹੋ ਜਾਵੇਗਾ। ਇਸ ਧਿਆਨ ਦੇ ਤਰੀਕਿਆਂ ਵਿਚ ਵੀ ਬੁੱਧ ਧਰਮ ਨੇ ਪ੍ਰਾਰਥਨਾ ਨੂੰ ਤਰਜੀਹ ਦਿੱਤੀ ਹੈ।

### 3.1.8.8 ਬੁੱਧ ਧਰਮ ਵਿਚ ਗੁਰੂ ਅੱਗੇ ਪ੍ਰਾਰਥਨਾ

**Refuge Morning prayers**

"The Guru is Buddha, the Guru is Dharma, The Guru is Sangha also
The Guru is the originator of all happiness. To all Gurus I go for refuge"

"ਬੁੱਧ ਧਰਮ ਵਿਚ ਗੁਰੂ ਦਾ ਵਿਸ਼ੇਸ਼ ਸਥਾਨ ਹੈ ਜਿਹੜਾ ਕਿ ਧਰਮ, ਸੰਘ ਅਤੇ ਜੀਵਨ ਵਿਚ ਸਾਰੇ ਸੁੱਖਾਂ ਦਾ ਤੱਤ ਮੰਨਿਆ ਜਾਂਦਾ ਹੈ ਕਿ ਜਿਵੇਂ ਹਿੰਦੂ ਧਰਮ ਵਿਚ ਗੁਰੂ ਬ੍ਰਹਮਾ, ਵਿਸ਼ਨੂੰ ਭਾਵ ਸਾਰਾ ਕੁਝ ਗੁਰੂ ਹੀ ਹੈ, ਜਿਵੇਂ ਹੋਰਨਾਂ ਧਰਮਾਂ ਵਿਚ ਵੀ ਗੁਰੂ ਦਾ ਵਿਸ਼ੇਸ਼ ਸਥਾਨ ਹੈ। ਸਿੱਖ ਆਪਣੇ ਗੁਰੂ ਵਿਚ ਬਹੁਤ ਵਿਸ਼ਵਾਸ਼ ਕਰਦੇ ਹਨ। ਇਸੇ ਤਰ੍ਹਾਂ ਜੈਨੀ ਅਤੇ ਬੋਧੀ ਵੀ ਗੁਰੂ ਵਿਚ ਵਿਸ਼ਵਾਸ਼ ਕਰਦੇ ਹਨ ਇਸਾਈ ਧਰਮ ਵਿਚ ਪੁਜਾਰੀ ਦਾ ਵਿਸ਼ੇਸ਼ ਸਤਿਕਾਰਤ ਥਾਂ ਹੈ। ਪ੍ਰਾਰਥਨਾ ਵੇਲੇ ਗੁਰੂ ਦਾ ਇਹ ਵਿਸ਼ੇਸ਼ ਸਤਿਕਾਰ ਸਾਰੇ ਧਰਮਾਂ ਵਿਚ ਇੱਕੋ ਜਿਹਾ ਦੇਖਣ ਨੂੰ ਮਿਲਦਾ ਹੈ।"[294] ਬੁੱਧ ਧਰਮ ਵਿਚ ਬੁੱਧ, ਧਰਮ ਅਤੇ ਸੰਘ ਤਿੰਨ ਸਿਧਾਂਤ ਮੁਖ ਹਨ ਜਿਨ੍ਹਾਂ ਦੀ ਸ਼ਰਣ ਵਿਚ ਬੋਧੀ ਜਾਂਦਾ ਹੈ ਅਤੇ ਗੁਰੂ ਨੂੰ ਹੀ ਇਹ ਇਸ ਪ੍ਰਾਰਥਨਾ ਵਿਚ ਸਭ ਕੁਝ ਮੰਨਿਆ ਹੈ।

### 3.1.8.9 ਮਨੁੱਖੀ ਮਨ ਸੰਬੰਧੀ ਧਮਪਦ ਦੀ ਪ੍ਰਾਰਥਨਾ

"ਮਨੋਪੁਬੰਗੰਮਾ ਧੱਮਾ, ਮਨੋਸ਼ੇਟਠਾ ਮਨੋਮਯਾ। ਮਾਸਾ ਚੇ ਪੁਦੁੱਠੇਨ ਭਾਸਿਤ ਵਾ ਕਰੋਤਿ ਵਾ,
ਤਤੋ ਨੂੰ ਦੁਕਖੰ ਅਨਵੇਤਿ ਚੱਕੰ ਵ ਵਹਤੋ ਪਦੰ॥[295]
ਮਨੋਪੁੱਬੰਗੰਮਾ ਧੱਮਾ ਮਨਸੇਟਠਾ ਮਨੋਮਯਾ, ਮਨਸਾ ਚੇ ਪਸੱਨੇਨ ਭਾਸਤਿ ਵਾ ਕਰੋਤਿ ਵਾ॥

---

[293] Dale a Mahews The faith facter, Page 211.
[294] Dr. Shankerprasad S.Bhatt, Edited by pradip S.Bhatt prayer of all Religions of the world, (vol. 1) P. 271.
[295] ਧੱਮਪਦ, ਯਮਕ ਵੱਗ 1.

ਤਤੋ ਨੰ ਸੁਖੰ ਅਨਵੇਤਿ ਚੱਕੰਣ ਵਹਤੋਂ ਪਦੰ॥[296]

"ਜੀਵਨ ਦੇ ਭਾਵਾਂ ਦਾ ਮੁੱਢ ਤਾਂ ਸੱਚਮੁੱਚ ਮਨ ਤੋਂ ਹੁੰਦੇ। ਮਨ ਹੀ ਹੈ ਪਰਧਾਨ ਉਨ੍ਹਾਂ ਦਾ ਉਹ ਨੇ ਸਾਰੇ ਮਨ ਮਯ। ਬਲਦ ਵਾਲੇ ਪੈਰਾਂ ਨੂੰ ਜਿਉਂ ਚੱਕਰ ਛੱਡੇ ਨਾਹੀ। ਈਕਣ ਭੈੜੇ ਜਨ ਦੇ ਮਨ ਤੋਂ ਦੁੱਖ ਨਾ ਕਦੀ ਟਲੇ॥"[297] ਧਮਪਦ ਦੀ ਇਹ ਪ੍ਰਾਰਥਨਾ ਮਨ ਨੂੰ ਭੈੜੇ ਕੰਮਾਂ ਤੋਂ ਰੋਕਣ ਲਈ ਹੈ ਕਿਉਂਕਿ ਮਨ ਉਪਰ ਲੱਗੀ ਮੈਲ ਛੇਤੀ ਕੀਤਿਆਂ ਲਹਿੰਦੀ ਨਹੀਂ।

"ਜੀਵਨ ਦੇ ਭਾਵਾਂ ਦਾ ਮੁੱਢ ਤਾਂ ਸੱਚਮੁੱਚ ਮਨ ਤੋਂ ਹੁੰਦੈ। ਮਨ ਹੀ ਹੈ ਪਰਧਾਨ ਉਨ੍ਹਾਂ ਦਾ ਉਹ ਨੇ ਸਾਰੇ ਮਨ ਮਯ। ਜਨ ਪਿੱਛੋ ਜਿਉਂ ਜਾਵੇ ਛਾਇਆ ਤੇ ਨਾ ਉਸ ਨੂੰ ਛੱਡੇ। ਈਕਣ ਚੰਗੇ ਮਨ ਦੇ ਪਿੱਛੇ ਸੁਖ ਹਮੇਸ਼ਾ ਲੱਗੇ।"[298] ਇਸ ਵਿਚ ਚੰਗੇ ਮਨ ਲਈ ਪ੍ਰਾਰਥਨਾ ਹੈ ਕਿ ਜਿਸਦਾ ਮਨ ਚੰਗਾ ਹੈ ਸੰਸਾਰ ਦੇ ਸਾਰੇ ਸੁਖ ਉਸਦੇ ਪਿੱਛੇ ਆਉਂਦੇ ਹਨ।

### 3.1.8.10 ਦੇਵੀਆਂ ਅੱਗੇ ਪ੍ਰਾਰਥਨਾ

ਹਿੰਦੂ ਧਰਮਾ ਵਾਂਗ ਬੁੱਧ ਧਰਮ  ਵਿਚ ਵੀ ਦੇਵੀਆਂ ਦੀ ਪੂਜਾ ਅਤੇ ਪ੍ਰਾਰਥਨਾ ਕੀਤੀ ਜਾਂਦੀ ਹੈ ਅਤੇ ਦੇਵੀ ਨੂੰ ਹੀ ਸੰਸਾਰ ਦੀ ਅਰੰਭਤਾ ਦਾ ਚਿੰਨ੍ਹ ਮੰਨਿਆ ਗਿਆ ਹੈ।"ਜੇ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਸਾਰੀਆ ਚੀਜ਼ਾਂ ਦਾ ਆਰੰਭ ਇਕੋ ਜਿਹਾ ਹੈ, ਜਦੋਂ ਤੁਸੀ ਸਾਰੀਆਂ ਚੀਜ਼ਾਂ ਨੂੰ ਜਾਣਨ ਲੱਗ ਪਏ ਤਾ ਜੀਵਨ ਦਾ ਭੇਦ ਖੁਲ੍ਹ ਜਾਵੇਗਾ। ਸਾਰੀਆਂ ਵਸਤਾਂ ਦਾ ਆਦਿ ਬਿੰਦੂ ਇੱਕ ਹੈ। ਜਦੋਂ ਸਾਰੇ ਬੋਧੀ ਭਿਖਸ਼ੂ ਪ੍ਰਾਰਥਨਾ ਲਈ ਮੰਦਿਰ ਵਿਚ ਇਕੱਠੇ ਹੁੰਦੇ ਹਨ ਤਾਂ ਸੰਸਾਰ ਦੀ ਆਰੰਭਤਾ ਦੇ ਭਜਨ ਗਾਉਂਦੇ ਹਨ। ਇਸ ਪ੍ਰਾਰਥਨਾ ਵਿਚ ਮਹਾਤਮਾ ਬੁੱਧ ਦੀਆਂ ਸੱਤ ਤਰ੍ਹਾਂ ਦੀਆਂ ਪ੍ਰਸ਼ੰਸਾਵਾਂ ਕੀਤੀਆਂ ਗਈਆ ਹਨ।"[299] ਸੋ ਬੋਧੀ ਲੋਕ ਵੀ ਪ੍ਰਾਰਥਨਾ ਵਿਚ ਆਪਣੇ ਇਸ਼ਟ ਦੀ ਉਪਮਾ ਕਰਦੇ ਹਨ ਅਤੇ ਉਸਦੀ ਪ੍ਰਸੰਸਾ ਦੇ ਭਜਨ ਗਾਉਂਦੇ ਹਨ।

### 3.1.8.11 ਬੋਧੀਸਤਵਾਂ ਅੱਗੇ ਪ੍ਰਾਰਥਨਾ

ਮਹਾਤਮਾ ਬੁੱਧ ਅੱਗੇ ਉਸਦੀ ਤਾਰੀਫ ਵਿਚ ਸ਼ਾਨ ਲਈ ਉਸਦੀਆਂ ਸ਼ਕਤੀਆਂ ਲਈ ਪ੍ਰਾਰਥਨਾਵਾਂ ਕੀਤੀਆਂ ਜਾਂਦੀਆ ਹਨ।ਤਿੰਨ ਖਜ਼ਾਨਿਆਂ ਦੇ ਮਾਲਕ ਸਾਰਿਆਂ ਡਰਾਂ ਤੋਂ ਮੁਕਤ ਪਵਿੱਤਰ ਜੀਵਨ ਵਾਲੇ ਹਰ ਥਾਂ ਜੇਤੂ ਬੋਧੀਸਤਵ ਸਾਡੀ ਰੱਖਿਆ ਕਰੋ।"[300] ਬੁੱਧ ਧਰਮ ਵਿਚ ਕਿ ਉਹ ਪ੍ਰਾਰਥਨਾ ਕਰਨ ਵਾਲੇ ਤੇ ਕਿਰਪਾ ਕਰਕੇ ਉਸਨੂੰ ਵੀ ਨਿਰਵਾਣ ਪ੍ਰਾਪਤੀ ਦੇ ਯੋਗ ਬਣਾਉਣਗੇ। ਅਜਿਹੀਆਂ ਅਨੇਕਾਂ ਅਰਦਾਸਾਂ ਬੁੱਧ ਧਰਮ ਵਿਚ ਦੇਖੀਆਂ ਜਾ ਸਕਦੀਆਂ ਹਨ।

### 3.1.8.12 ਕੰਨਜ਼ੀਉਨ ਦੇਵਤੇ ਅੱਗੇ ਪ੍ਰਾਰਥਨਾ

"In all the world in all the quaraters. There is not a place where kanzeon does not go. Hells, evil spirits, beastly creatures, all the evil ways of living All the pain comes from birth, ild age. Disease, and death. Will, for eternity, all pass away. Great

---

[296] ਉਹੀ,ਪੰਨਾ 2.

[297] ਡਾ.ਅੰਮ੍ਰਿਤ ਕੌਰ ਰੈਣਾ, *ਸਿੱਖ ਧਰਮ ਬੁੱਧ ਧਰਮ ਤੇ ਧਮਪਦ*, ਪੰਨਾ 101.

[298] ਉਹੀ,ਪੰਨਾ 101.

[299] Dr. Shankerprasad S.Bhatt, Edited by pradip S.Bhatt prayer of all Religions of the world, (Vol.1) P. 275

[300] ਉਹੀ,ਪੰਨਾ 274-75.

Kanzeon veiws the entrie world in Truth. Free from the defilement, loving, knowing all full of compassion"[301]

ਚੀਨੀ ਬੁੱਧ ਧਰਮ ਵਿਚ ਇਹ ਇਕ ਦੇਵਤੇ ਦਾ ਨਾਂ ਹੈ। ਜਿਹੜਾ ਕਿ ਦਇਆ ਦਾ ਦੇਵਤਾ ਹੈ ਦਇਆ ਕਰਨ ਨਾਲ ਮਨੁੱਖੀ ਮਨ ਦੇ ਜਿਹੜੀ ਤਾਕਤ ਮਿਲਦੀ ਹੈ ਉਸ ਬਾਰੇ ਦੱਸਿਆ ਹੈ। ਦਇਆ ਨਾਲ ਹੀ ਮਨੁੱਖ ਅੰਦਰ ਰਹੱਸ ਦੀਆਂ ਸ਼ਕਤੀਆਂ ਪੈਦਾ ਹੁੰਦੀਆਂ ਹਨ। ਉਹ ਦੁਸ਼ਮਣਾਂ ਨੂੰ ਦਇਆ ਨਾਲ ਵੱਸ ਵਿਚ ਕਰ ਲੈਂਦਾ ਹੈ। ਅਪਰਾਧੀ ਲੋਕ ਕੰਨਜ਼ੀਉਨ ਦੀ ਸ਼ਕਤੀ ਨਾਲ ਸਿੱਧੇ ਰਸਤੇ ਪੈ ਜਾਂਦੇ ਹਨ। ਉਹ ਮਨੁੱਖ ਨੂੰ ਗਿਆਨ ਦਿੰਦਾ ਹੈ ਅਤੇ ਰਹੱਸ ਨਾਲ ਭਰ ਕੇ ਸੰਸਾਰ ਦੇ ਦੁੱਖਾਂ ਤੋਂ ਰੱਖਿਆ ਕਰਦਾ ਹੈ। ਉਹ ਸੰਸਾਰ ਦੀ ਹਰ ਇਕ ਜਗ੍ਹਾ ਤੇ ਜਾ ਸਕਦਾ ਹੈ।

### 3.1.8.13 ਸੱਚੀ ਆਤਮਾ ਦੀ ਰੌਸ਼ਨੀ ਲਈ ਪ੍ਰਾਰਥਨਾ

"I quote a prayer for light of spirit of truth:-

Adoration to the Buddha in the ten quarters. Adoration to the Dharma pervading the ten quarters. Adoration to the sangha in the ten quarters. We pray that all beings will take refuse in the three Treasures and share. In the merits thar fills the universe. We pray that the light of the spirit of Truth, shall shine of itself. And pierce the darkness of delusion."[302]

ਇਹ ਪ੍ਰਾਰਥਨਾ ਬੁੱਧ ਧਰਮ ਦੇ ਤਿੰਨ ਰਤਨ (ਬੁੱਧਮ ਸ਼ਰਣਮ ਗੱਛਾਮਿ, ਧਮਮੰ ਸ਼ਰਣਮ ਗੱਛਾਮਿ, ਸੰਘਘੰ ਸ਼ਰਣਮ ਗੱਛੱਾਮਿ) ਜਿਹੜਾ ਕਿ ਬੁੱਧ ਧਰਮ ਦਾ ਪ੍ਰਮੁੱਖ ਨਿਯਮ ਹੈ ਜਿਹੜੀ ਕਿ ਬੁੱਧ ਧਰਮ ਦੀ ਰੀੜ੍ਹ ਦੀ ਹੱਡੀ ਹੈ ਉਸ ਸੰਬੰਧੀ ਪ੍ਰਾਰਥਨਾ ਕੀਤੀ ਗਈ ਹੈ। ਇਹਨਾਂ ਤਿੰਨਾਂ ਰਤਨਾ ਦੀ ਸ਼ਰਨ ਵਿਚ ਜਾਣ ਅਤੇ ਇਹਨਾਂ ਨਿਯਮਾਂ ਦੀ ਪਾਲਣਾ ਕਰਨ ਦੀ ਪ੍ਰਾਰਥਨਾ ਕੀਤੀ ਗਈ ਹੈ। ਇਹਨਾਂ ਦੇ ਅਭਿਆਸ ਨਾਲ ਮਨ ਪ੍ਰਾਰਥਨਾ ਅਤੇ ਧਿਆਨ ਵਿਚ ਜੁੜਦਾ ਹੈ।

### 3.1. 8.14 ਸ਼ਾਂਤੀ ਲਈ ਪ੍ਰਾਰਥਨਾ

"May creatures all abound in weal and peace. May all be blessed with peace always. All creatures weak or strong. All creatures' great and small. Dwelling afar or near. Born or awaiting birth. May all be blessed with peace. (Source in by Sutta Nipata.)"[303]

ਇਹ ਪ੍ਰਾਰਥਨਾ ਸਾਡੀ ਰੋਜ਼ਾਨਾ ਜ਼ਿੰਦਗੀ ਵਿਚ ਸ਼ਾਂਤੀ ਬਣੀ ਰਹੇ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਸਾਡੇ ਸਾਰਿਆਂ ਲਈ ਸ਼ਾਂਤ, ਇਕਾਂਤ ਅਤੇ ਸਹਿਜ ਵਾਲਾ ਵਾਤਾਵਰਣ ਬਣਿਆ ਰਹੇ। ਸਾਰੇ ਜੀਵ ਸ਼ਾਤੀ ਵਿਚ ਰਹਿਣ ਭਾਵੇ ਕੋਈ ਤਾਕਤਵਰ ਹੈ ਜਾਂ ਕਮਜ਼ੋਰ ਭਾਵੇ ਕੋਈ ਮਹਾਨ ਹੈ ਜਾਂ ਤੁੱਛ ਧਰਤੀ ਤੇ ਪੈਦਾ ਹੋ ਗਿਆ ਜਾਂ ਪੈਦਾ ਹੋਣ ਵਾਲਾ ਹੈ। ਸਾਰੇ ਸ਼ਾਤੀ ਵਿਚ ਰਹਿਣ।" ਹਰ ਧਰਮ ਨੇ ਸ਼ਾਂਤੀ ਨਾਲ ਰਹਿਣ ਦਾ

[301] John bloffold, *Mantra Sacred World of Power*, page 36.
[302] Dr. Shankranand pardip, S.Bhatt, *Prayer of all Religions of the World* (Vol. 1), P. 281.
[303] Ibid, Page 281.

ਪਾਠ ਆਪਣੇ ਮੰਨਣ ਵਾਲਿਆਂ ਨੂੰ ਪੜਾਇਆ ਹੈ ਜੇ ਸਮਾਜ ਸ਼ਾਂਤੀ ਨਾਲ ਰਹੇਗਾ ਤਾ ਹੀ ਅਸੀਂ ਆਪਣੇ ਧਰਮ ਦੀ ਪਾਲਣਾ ਅਤੇ ਸਮਾਜਿਕ ਕਾਰ ਵਿਹਾਰ ਠੀਕ ਢੰਗ ਨਾਲ ਕਰ ਸਕਾਂਗੇ।

### 3.1.8.15 ਤਿੱਬਤੀ ਬੁੱਧ ਧਰਮ ਵਿਚ ਦੇਵੀ ਤਾਰਾ ਅੱਗੇ ਪ੍ਰਾਰਥਨਾ

ਤਿੱਬਤੀ ਬੁੱਧ ਧਰਮ ਵਿਚ ਦੇਵੀ ਤਾਰਾ ਅਤੇ ਗੌਤਮ ਬੁੱਧ ਅੱਗੇ ਪ੍ਰਾਰਥਨਾ ਅਰਦਾਸ ਕੀਤੀ ਜਾਂਦੀ ਹੈ। ਇਸ ਦੇਵੀ ਅੱਗੇ ਪ੍ਰਾਰਥਨਾ ਕਨ ਦੀ ਇਹ ਮਾਨਤਾ ਹੈ ਕਿ ਤੁਹਾਡੇ ਰਿਸ਼ਤਿਆਂ ਵਿਚ ਮਾਨਸਿਕ, ਸਰੀਰਿਕ, ਆਰਥਿਕ ਤੌਰ ਤੇ ਆ ਰਹੀ ਸਮੱਸਿਆ ਖਤਮ ਹੁੰਦੀ ਹੈ ਅਤੇ ਅਗਲਾ ਜੀਵਨ ਚੰਗਾ ਮਿਲਦਾ ਹੈ। ਇਸ ਪ੍ਰਾਰਥਨਾ ਵਿਚ ਦੇਵੀ ਮਾਤਾ ਨੂੰ ਕਿਹਾ ਗਿਆ ਹੈ ਕਿ ਇਸ ਸੰਸਾਰ ਵਿਚ ਵੀ ਤੇਰੀ ਅਗਿਆਨਤਾ ਅਤੇ ਗਿਆਨ ਇਕੱਠੇ ਹੋਂਦ ਰੱਖਦੇ ਹਨ। ਪਰ ਮੈਨੂੰ ਆਪਣੇ ਲਈ ਸੁੱਖ ਅਤੇ ਪ੍ਰੇਮ ਦੀ ਦਾਤ ਦਿਉ। ਬੁੱਧ ਧਰਮ ਵਿਚ ਮਹਾਤਮਾ ਬੁੱਧ ਤੋਂ ਬਾਅਦ ਕਈ ਦੇਵੀ-ਦੇਵਤੇ ਪੂਜੇ ਜਾਣ ਲੱਗੇ ਅਤੇ ਉਹਨਾਂ ਅੱਗੇ ਪ੍ਰਾਰਥਨਾਵਾਂ ਹੋ ਰਹੀਆਂ ਹਨ।

"All things under heaven had a common. Beginning and that beginning could be Considered the mother of all things when you know the mother, you will also know the children. Know the Children; yet hold fast to the mother and to the end of your days, you will be free from danger sat"[304]

### 3.1.8.16 ਜ਼ੈਨ ਬੋਧੀਆਂ ਵਿੱਚ ਮਨੁੱਖੀ ਮਨ ਦੇ ਟਿਕਾਉ ਸੰਬੰਧੀ ਪ੍ਰਾਰਥਨਾ

"The perfect way known no dificulties. Expect that it refuse to make preferences. Only when freed from hate and love. It reveals itself fully and without disgusie A tenth of an inch's differences. And haven and earth are set apart. If you wish to see it with yout own eyes. Have you fixed thoughts either for or against it"[305]

ਮਨੁੱਖੀ ਮਨ ਜੋ ਆਲੇ ਦੁਆਲੇ ਦੇਖਦਾ ਪਰਖਦਾ ਹੈ ਉਸ ਅਨੁਸਾਰ ਹੀ ਆਪਣਾ ਕਾਰਜ ਕਰਦਾ ਹੈ ਕਿਉਂਕਿ ਮਨ ਵਿਚ ਸਮੱਰਥਾ ਬਹੁਤ ਜ਼ਿਆਦਾ ਹੁੰਦੀ ਹੈ। ਉਸਦੀਆਂ ਦਿਸ਼ਾਵਾਂ ਹੀ ਸੰਸਾਰ ਵਿਚ ਚੰਗੇ ਜਾਂ ਮਾੜੇ ਦੇ ਵਾਪਰਨ ਦਾ ਮੁਖ ਕਾਰਨ ਹੁੰਦੀਆਂ ਹਨ। ਮਨ ਕੇਂਦਰ ਹੈ ਸੁਭਾਅ ਨਿਯਮਿਤ ਕਰਦਾ ਹੈ ਮਨ ਨੂੰ ਸ਼ਾਤ ਕਰਨਾ, ਮਨ ਜੇ ਚੁੱਪ ਹੋਵੇਗਾ ਤਾਂ ਅੰਦਰ ਦੀ ਆਵਾਜ਼ ਸੁਣੇਗਾ ਬੁੱਧ ਧਰਮ ਵਿਚ ਮਨ ਨੂੰ ਸ਼ਾਂਤ ਕਰਨ ਸੰਬੰਧੀ ਪ੍ਰਾਰਥਨਾਵਾਂ ਮਿਲਦੀਆਂ ਹਨ। ਮਨ ਦੀ ਸ਼ਾਂਤੀ ਦਾ ਹੋਣਾ ਬੜਾ ਜ਼ਰੂਰੀ ਹੈ ਧਰਮ ਦੀ ਦੁਨੀਆਂ ਤਾਂ ਸ਼ੁਰੂ ਹੀ ਇਸ ਗੱਲ ਤੋਂ ਹੁੰਦੀ ਹੈ ਜੇ ਤੁਹਾਡਾ ਮਨ ਕਾਬ ਵਿਚ ਆ ਗਿਆ ਤਾ ਸਭ ਕੁਝ ਮਿਲ ਗਿਆ ਧਰਮ ਦੀ ਸਾਧਨਾ ਹੀ ਮਨ ਦੀ ਸਾਧਨਾ ਹੈ।

---

[304] Andrew Harvey, *The Direct Path*, Page 1276 .

[305] Anne Bancroft, *Zen Direct Painting to Reality*, Page 6.

### 3.1.8.17 ਬੁੱਧ ਧਰਮ ਵਿਚ ਜਾਨਵਰਾਂ ਦੀ ਭਲਾਈ ਲਈ ਪ੍ਰਾਰਥਨਾ

ਮਹਾਤਾਮਾ ਬੁੱਧ ਆਪਣੇ ਚੇਲਿਆਂ ਨੂੰ ਸਾਰੇ ਜੀਵਾਂ ਤੇ ਦਇਆ ਕਰਨ ਦੀ ਪ੍ਰੇਰਨਾ ਦੇ ਕੇ ਗਏ ਹਨ। ਜਿਹੜੇ ਲੋਕ ਅਜਿਹਾ ਨਹੀਂ ਕਰਦੇ ਉਹ ਧਰਮ ਤੇ ਸੱਚ ਨੂੰ ਨਹੀਂ ਜਾਣਦੇ, ਬੁੱਧ ਧਰਮ ਅਹਿੰਸਾ ਦਾ ਪੁਜਾਰੀ ਹੈ ਇਸ ਲਈ ਕਿਸੇ ਵੀ ਜੀਵ ਉਪਰ ਹਿੰਸਾ ਤੋਂ ਵਰਜਦਾ ਹੈ। ਜਿਸ ਨਾਲ ਉਹਨਾਂ ਜੀਵਾਂ ਵਿਚ ਦਇਆ ਦੀ ਭਾਵਨਾ ਪੈਦਾ ਹੁੰਦੀ ਹੈ, "ਬੁੱਧ ਧਰਮ ਵਿਚ ਜਾਨਵਰਾਂ ਦੇ ਭਲੇ ਲਈ ਪ੍ਰਾਰਥਨਾ ਮਿਲਦੀ ਹੈ। ਜਾਨਵਰਾ ਨੂੰ ਦੋਸਤਾਂ ਵਾਂਗ ਸਮਝਿਆ ਜਾਂਦਾ ਹੈ ਕਿਉਂਕਿ ਉਹ ਵੀ ਧਰਤੀ ਤੇ ਮਨੁੱਖ ਨਾਲ ਹੀ ਰਹਿੰਦੇ ਹਨ ਅਤੇ ਕਈ ਕੰਮਾਂ ਵਿਚ ਮਨੁੱਖ ਦਾ ਸਹਾਰਾ ਵੀ ਬਣਦੇ ਹਨ। ਜਿਹੜੇ ਲੋਕ ਜਾਨਵਰਾਂ ਦੀ ਵਰਤੋਂ ਕਰਦੇ ਹਨ ਉਹਨਾਂ ਨੂੰ ਦਇਆ ਭਾਵ ਨਾਲ ਪੇਸ਼ ਆਉਣਾ ਚਾਹੀਦਾ ਹੈ। ਸਾਨੂੰ ਉਨ੍ਹਾਂ ਨਾਲ ਚੰਗਾ ਵਿਹਾਰ ਕਰਕੇ ਉਹਨਾਂ ਦੀਆਂ ਅਸੀਸਾਂ ਲੈਣੀਆਂ ਚਾਹੀਦੀਆਂ ਹਨ।"[306]

ਕੁਝ ਵਿਦਵਾਨ ਮੰਨਦੇ ਹਨ ਕਿ ਪ੍ਰਾਰਥਨਾ ਦਾ ਆਰੰਭ ਬੁੱਧ ਧਰਮ ਵਿਚ ਮਹਾਯਾਨ ਨੂੰ ਲਿਆਂਦਾ ਜਿਸ ਕਾਰਨ ਇਸ ਵਿਚ ਕਈ ਤਰਾਂ ਦੇ ਕਰਮਕਾਂਡ ਸ਼ੁਰੂ ਹੋ ਗਏ। ਇਸ ਲਈ ਬੁੱਧ ਧਰਮ ਹਿੰਦੂ ਧਰਮ ਵਿਚ ਜਜ਼ਬ ਹੋ ਗਿਆ, "ਮਹਾਂਯਾਨ ਨੇ ਮੂਰਤੀ ਪੂਜਾ, ਪ੍ਰਾਰਥਨਾਵਾਂ ਅਤੇ ਮੰਤਰ, ਆਡੰਬਰੀ ਸਮਾਰੋਹ ਅਤੇ ਕਰਮਕਾਡਾਂ ਉੱਤੇ ਬਹੁਤ ਜ਼ੋਰ ਪਾਇਆ, ਅਨੇਕ ਜਨ-ਵਿਸ਼ਵਾਸ਼ਾਂ ਨੂੰ ਸ਼ਾਮਿਲ ਕਰ ਲਿਆ ਅਤੇ ਜਨ ਸਾਧਾਰਨ ਦੀਆਂ ਭਾਵਨਾਤਮਕ ਜ਼ਰੂਰਤਾਂ ਦੇ ਲਈ ਥਾਂ ਬਣਾਏ ਅਤੇ ਇਸੇ ਕਰਕੇ ਬੁੱਧ ਧਰਮ ਸਿੱਧਾ ਹਿੰਦੂ ਧਰਮ ਦੇ ਨਜਦੀਕ ਪਹੁੰਚ ਗਿਆ। ਇਸ ਪ੍ਰਕਿਰਿਆ ਨੇ ਦੋਹਾਂ ਦੀ ਵਿਚਲੀ ਭਿੰਨਤਾ ਨੂੰ ਸਮਾਪਤ ਕਰ ਦਿੱਤਾ, ਭਾਰਤ ਦੇ ਸ਼ਰਧਾਲੂਆਂ ਨੇ ਬੁੱਧ ਅਤੇ ਵਿਸ਼ਨੂੰ, ਸ਼ਿਵ ਅਤੇ ਅਵਲੋਕਿਤ ਅਤੇ ਤਾਰਾ ਅਤੇ ਪਾਰਵਤੀ ਦੀ ਪੂਜਾ ਵਿਚ ਕੋਈ ਅੰਤਰ ਨਹੀਂ ਸਮਝਿਆ।"[307] ਬੇਸ਼ੱਕ ਮਹਾਤਮਾ ਬੁੱਧ ਨੇ ਹਿੰਦੂ ਧਰਮ ਦੇ ਕਰਮਕਾਡਾਂ ਤੋਂ ਨਿਜਾਤ ਦਿਵਾਉਣ ਲਈ ਹੀ ਭਾਰਤ ਵਿਚ ਇਸ ਧਰਮ ਦੀ ਨੀਹ ਰੱਖੀ ਸੀ।

ਸੋ ਇਸ ਪ੍ਰਕਾਰ ਬੁੱਧ ਧਰਮ ਦੀਆਂ ਕੁਝ ਪ੍ਰਮੁੱਖ ਪ੍ਰਾਰਥਨਾਵਾਂ ਨੂੰ ਵਿਚਾਰਨ ਦਾ ਯਤਨ ਕੀਤਾ ਗਿਆ ਹੈ। ਮੁਖ ਤੌਰ ਤੇ ਬੋਧੀਆਂ ਦਾ ਪ੍ਰਾਰਥਨਾ ਪਹੀਆ, ਤਿਰ੍ਰਤਨ ਅਤੇ ਭਿਖਸ਼ੂਆਂ ਵੱਲੋਂ ਨਿਰਵਾਣ ਪ੍ਰਾਪਤੀ, ਸ਼ਾਂਤੀ ਧਿਆਨ ਵਿਚ ਲੀਨਤਾ, ਜਾਨਵਰਾਂ ਦੀ ਭਲਾਈ, ਸੇਵਾ ਦੇ ਸੰਕਲਪ ਆਦਿ ਲਈ ਪ੍ਰਾਰਥਨਾ ਕੀਤੀ ਜਾਂਦੀ ਹੈ ਜਿਹੜੀ ਕਿ ਮਹਾਤਮਾ ਬੁੱਧ ਦੇ ਨਿਰਵਾਨ ਤੋਂ ਬਾਅਦ ਸ਼ੁਰੂ ਹੋਈ ਭਾਵੇਂ ਕਿ ਜੈਨ ਅਤੇ ਬੁੱਧ ਧਰਮ ਦਾ ਦੂਜੇ ਧਰਮਾਂ ਦੀਆਂ ਪ੍ਰਾਰਥਨਾਵਾਂ ਵਾਂਗ ਸਮਗਰੀ ਉਪਲਬਧ ਨਹੀ ਹੈ ਪਰੰਤੂ ਫਿਰ ਵੀ ਕੁਲ ਪ੍ਰਾਰਥਨਾ ਦੇ ਮਿਲਦੇ ਰੂਪ ਦਾ ਜ਼ਿਕਰ ਕੀਤਾ ਗਿਆ।

---

[306] Lama Suryadas. *Awakening to the Sacred*, page 283.
[307] ਪ੍ਰੋ. ਕਰਮਤੇਜ ਸਿੰਘ ਸਰਾਓ, *ਪ੍ਰਾਚੀਨ ਭਾਰਤੀ ਬੁੱਧ ਧਰਮ, ਉਦਭਵ ਸੁਭਾਓ*, ਪੰਨਾ 151.

# ਅਧਆਇ–ਚੌਥਾ

# ਸਾਮੀ ਧਰਮਾਂ ਵਿਚ ਅਰਦਾਸ: ਸਕੰਲਪ ਅਤੇ ਸਰੂਪ

## 4.1 ਯਹੂਦੀ ਧਰਮ :

ਵਿਸ਼ਵ ਵਿਚ ਧਰਮਾਂ ਦੀਆਂ ਦੋ ਪਰੰਪਰਾਵਾਂ ਚੱਲ ਰਹੀਆਂ ਹਨ ਇਕ ਭਾਰਤੀ ਜਿਸ ਵਿਚ ਹਿੰਦੂ, ਜੈਨ, ਬੁੱਧ ਅਤੇ ਸਿੱਖ ਧਰਮ ਆਉਂਦੇ ਹਨ। ਦੂਜੀ ਸਾਮੀ ਪਰੰਪਰਾ ਜਿਸ ਵਿਚ ਯਹੂਦੀ, ਈਸਾਈ, ਇਸਲਾਮ ਆਉਂਦੇ ਹਨ। ਯਹੂਦੀ ਧਰਮ ਹਿੰਦੂ ਧਰਮ ਵਾਂਗ ਸਾਮੀ ਧਰਮਾਂ ਵਿਚੋਂ ਮੁਢਲਾ ਧਰਮ ਹੈ। ਇਸ ਵਿਚ ਅਨੇਕਾਂ ਪੈਗੰਬਰ ਹੋ ਚੁੱਕੇ ਹਨ। ਮੁੱਢਲੇ ਤੌਰ ਤੇ ਪੈਗੰਬਰ ਇਬਰਾਹੀਮ ਦਾ ਨਾਂ ਆਉਂਦਾ ਹੈ। ਇਹਨਾਂ ਤੋਂ ਪਹਿਲਾਂ ਵੀ ਕੁਝ ਪੈਗੰਬਰ ਆ ਚੁੱਕੇ ਹਨ। ਉਂਝ ਤੇ ਪਹਿਲੇ ਪੈਗੰਬਰ ਦੀ ਪਦਵੀ ਬਾਬਾ ਆਦਮ ਨੂੰ ਦਿੱਤੀ ਜਾਂਦੀ ਹੈ। ਜਿਸਨੂੰ ਪਰਮਾਤਮਾ ਨੇ ਆਪਣੇ ਜਿਹਾ ਬਣਾਇਆ ਸੀ। ਯਹੂਦੀ ਲੋਕ ਵੀ ਗਿਣਤੀ ਦੇ ਪੱਖੋਂ ਸੰਸਾਰ ਦੀ ਵੱਸੋਂ ਮਤੁਾਬਕ ਬਹੁਤ ਘੱਟ ਹਨ ਕਿਉਂਕੀ ਯਹੂਦੀ ਜਨਮ ਤੋਂ ਹੀ ਹੁੰਦਾ ਹੈ। ਕੋਈ ਇੰਨ੍ਹਾਂ ਦੇ ਧਰਮ ਨੂੰ ਅਪਨਾ ਨਹੀਂ ਸਕਦਾ ਅਜਿਹੀ ਕੋਈ ਵਿਧੀ ਨਹੀਂ। ਇਹਨਾਂ ਦਾ ਪਵਿੱਤਰ ਗ੍ਰੰਥ ਬਾਈਬਲ ਹੈ ਜਿਸਨੂੰ ਪੁਰਾਣਾ ਨੇਮ ਕਹਿੰਦੇ ਹਨ, ਇਸ ਵਿਚ 39 ਪੁਸਤਕਾਂ ਹਨ। ਬਾਈਬਲ ਸ੍ਰਿਸ਼ਟੀ ਦੀ ਉਤਪਤੀ ਦੇ ਪ੍ਰਸੰਗ ਨਾਲ ਸ਼ੁਰੂ ਹੁੰਦੀ ਹੈ। ਇਹਨਾਂ ਦਾ ਮੁੱਖ ਪੈਗੰਬਰ ਮੂਸਾ ਨੂੰ ਮੰਨਿਆ ਜਾਂਦਾ ਹੈ। ਜਿਨਾਂ ਨੇ ਯਹੂਦੀਆਂ ਵਿਚ ਕੌਮ ਦਾ ਜਜ਼ਬਾ ਭਰਿਆ। ਇਹ ਪਰਮਾਤਾਮਾ ਨੂੰ 'ਯਹੋਵਾ' ਦੇ ਨਾਂ ਨਾਲ ਸੰਬੋਧਿਤ ਕਰਦੇ ਹਨ ਅਤੇ ਉਸਦਾ ਨਾਂ ਪਵਿੱਤਰ ਹੋਣ ਕਰਕੇ ਵਾਰ–ਵਾਰ ਨਹੀਂ ਲੈਂਦੇ। ਇਹ ਸ਼ੁਰੂ ਤੋਂ ਹੀ ਗੁਲਾਮੀ ਦੇ ਵਿਚ ਰਹੇ ਹਨ। 1948 ਵਿਚ ਇਹਨਾਂ ਨੂੰ ਇਜ਼ਰਾਈਲ ਦੇਸ਼ ਮਿਲਿਆ ਸੀ। ਹਥਲੇ ਖੋਜ ਕਾਰਜ ਦੇ ਇਸ ਅਧਿਆਇ ਵਿਚ ਯਹੂਦੀ, ਈਸਾਈ ਅਤੇ ਇਸਲਾਮ ਧਰਮ ਵਿਚ ਪ੍ਰਾਰਥਨਾ ਦੇ ਸੰਕਲਪ ਨੂੰ ਵਿਚਾਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਯਹੂਦੀ ਧਰਮ ਅਤੇ ਈਸਾਈ ਧਰਮ ਵਿਚਲੀਆਂ ਪ੍ਰਾਰਥਨਾਵਾਂ ਨੂੰ ਉਭਾਰਨ ਲਈ ਬਾਈਬਲ ਨੂੰ ਹੀ ਆਧਾਰ ਬਣਾਇਆ ਗਿਆ ਹੈ।

ਯਹੂਦੀਆਂ ਦਾ ਪਵਿੱਤਰ ਗ੍ਰੰਥ ਪੁਰਾਣਾ ਨੇਮ ਹੈ। ਇਸ ਵਿਚ ਨਬੀ ਮੂਸਾ ਨਾਲ ਸੰਬੰਧਿਤ ਅਰਦਾਸਾਂ ਨੂੰ ਵਿਚਾਰਿਆ ਗਿਆ ਹੈ। ਜਦੋਂ ਮੂਸਾ ਆਪਣੀ ਕੌਮ ਦੇ ਲੋਕਾਂ ਨੂੰ ਮਿਸਰ ਤੋਂ ਕੱਢ ਕੇ ਇਧਰ–ਉਧਰ ਭਟਕ ਰਿਹਾ ਸੀ ਅਤੇ ਉਹ ਲੋਕ ਨਿਰਾਸ਼ ਹੋ ਚੁੱਕੇ ਸਨ ਅਤੇ ਯਹੋਵਾ ਨੂੰ ਛੱਡ ਕੇ ਫਿਰ ਵਹਿਮਾਂ–ਭਰਮਾਂ ਵਿਚ ਪੈ ਗਏ ਸਨ ਅਤੇ ਯਹੋਵਾ ਦੇ ਬਚਨਾਂ ਨੂੰ ਭੁੱਲ ਗਏ ਸਨ ਤਾਂ ਮੂਸਾ ਨੇ ਉਨ੍ਹਾਂ ਦੇ ਬਾਰ੍ਹਾਂ ਆਗੂਆਂ ਨੂੰ ਨਾਲ ਲੈ ਕੇ ਬਲੀਆਂ ਦਿੱਤੀਆਂ ਅਤੇ ਯਹੋਵਾ ਅੱਗੇ ਮੁਆਫੀ ਲਈ ਪ੍ਰਾਰਥਨਾ ਕੀਤੀ। ਜਦ ਮੂਸਾ ਨੂੰ ਪਤਾ ਲੱਗਾ ਕਿ ਯਹੂਦੀ ਲੋਕ ਦੂਜਿਆਂ ਨਾਲ ਵਿਆਹ ਦੇ ਸਬੰਧ ਸਥਾਪਿਤ ਕਰ ਰਹੇ ਹਨ ਤਾਂ ਮੂਸਾ ਦੁਖੀ ਹੋਇਆ ਅਤੇ ਉਸਨੇ ਰੱਬ ਅੱਗੇ ਪ੍ਰਾਰਥਨਾ ਕੀਤੀ।ਹੇ ਮੇਰੇ ਪਰਮੇਸ਼ੁਰ,ਮੈਂ ਸ਼ਰਮਿੰਦਾ ਹਾਂ ਅਤੇ ਆਪਣਾ ਮੂੰਹ ਤੇਰੇ ਵੱਲ ਚੁੱਕਣ ਤੋਂ ਮੇਰੇ ਪਰਮੇਸ਼ੁਰਾ ਮੈਂ ਲੱਜਿਆਵਾਨ ਹਾਂ ਕਿਉਂ ਜੋ ਸਾਡੇ ਅਪਰਾਧ ਸਾਡੇ ਸਿਰ ਦੇ ਉਪਰ ਤੋਂ ਵੀ ਵਧ ਗਏ ਹਨ ਅਤੇ ਸਾਡੀਆਂ ਬਦਕਾਰੀਆਂ ਅਕਾਸ਼ ਤੀਕ ਪੁੱਜ ਗਈਆਂ ਹਨ ਆਪਣੇ ਪਿਉ ਦਾਦਿਆਂ ਦੇ ਦਿਨਾਂ ਤੋਂ ਅੱਜ ਦੇ ਦਿਨ ਤੀਕ ਅਸੀਂ ਵੱਡੀ ਬਦਕਾਰੀ ਵਿਚ ਰਹੇ ਹਾਂ ਅਤੇ

ਆਪਣੇ ਅਪਰਾਧਾਂ ਦੇ ਕਾਰਨ ਅਸੀਂ ਤੇ ਸਾਡੇ ਪਾਤਸ਼ਾਹ ਤੇ ਸਾਡੇ ਜ਼ਾਜ਼ਕ ਇੰਨ੍ਹਾਂ ਦੇਸ਼ ਦੇ ਪਾਤਸ਼ਾਹਾਂ ਦੇ ਹੱਥ ਵਿਚ ਤਲਵਾਰ ਲਈ, ਅਸੀਰੀ ਲਈ, ਲੁੱਟਣ ਲਈ ਅਤੇ ਸ਼ਰਮ ਨਾਲ ਮੂੰਹ ਦੀ ਝੁਲਸ ਲਈ ਹਵਾਲੇ ਕੀਤੇ ਗਏ ਹਾਂ। ਜਿਵੇਂ ਅੱਜ ਦੇ ਦਿਨ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਯਹੂਦੀਆਂ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ,"ਪਲਸਟੀਨ ਦੇ ਜੂਡੀਆ ਇਲਾਕੇ ਦਾ ਵਸਨੀਕ। 2. ਮਹਾਤਮਾ ਮੂਸਾ ਨੂੰ ਪੈਗੰਬਰ ਅਤੇ ਤੌਰੇਤ ਨੂੰ ਧਰਮ ਪੁਸਤਕ ਮੰਨਣ ਵਾਲਾ, ਯਹੂਦੀ ਲੋਕ ਸਾਰੇ ਦੇਸ਼ਾਂ ਵਿੱਚ ਪਾਏ ਜਾਂਦੇ ਹਨ ਅਰ ਵਪਾਰ ਵਿਚ ਵੱਡੇ ਨਿਪੁੰਨ ਹਨ, ਇਹ ਈਸਾਈਆਂ ਦੇ ਹੱਥੋਂ ਤੰਗ ਆ ਕੇ ਬੇਘਰੇ ਹੋ ਕੇ ਦੇਸ਼ ਦੇਸ਼ਾਤਰਾਂ ਵਿਚ ਭਟਕਦੇ ਰਹੇ ਹਨ, ਇੰਨ੍ਹਾਂ ਦੇ ਤਸੀਹਿਆ ਦਾ ਜ਼ਿਕਰ ਕਰਦੇ ਰੋਮ ਖੜੇ ਹੁੰਦੇ ਹਨ, ਇਕ ਵੱਡੇ ਜੰਗ ਮਗਰੋਂ ਅੰਗ੍ਰੇਜ਼ਾਂ ਨੇ ਯਹੂਦੀਆਂ ਤੇ ਤਰਸ ਖਾ ਕੇ ਮੁੜ ਇੰਨ੍ਹਾਂ ਨੂੰ ਆਪਣੇ ਪੁਰਾਣੇ ਵਤਨ ਵਸਾਣ ਦਾ ਜਤਨ ਕੀਤਾ ਹੈ।ਯਹੂਦੀ ਖੁਦਾ ਦੇ ਹੁਕਮ ਅਨੁਸਾਰ ਛਨਿੱਛਰਵਾਰ ਨੂੰ ਪਵ੍ਰਿਤ ਦਿਨ ਮੰਨਦੇ, ਸੱਤ ਵਾਰ ਨਮਾਜ਼ ਪੜ੍ਹਦੇ ਅਤੇ ਚਾਲੀਹ ਰੋਜ਼ੇ ਰੱਖਦੇ ਹਨ।"[1] ਯਹੂਦੀ ਲੋਕ ਬੜੇ ਧਾਰਮਿਕ ਵਿਚਾਰਾਂ ਦੇ ਹੁੰਦੇ ਹਨ ਹਰ ਇਕ ਕਾਰਜ ਕਰਨ ਲਈ ਪਰਮਾਤਮਾ ਦਾ ਸਹਾਰਾ ਲੈਂਦੇ ਹਨ ਅਤੇ ਪ੍ਰਾਰਥਨਾਵਾਂ ਕਰਦੇ ਹਨ।

ਡਾ.ਰਤਨ ਸਿੰਘ ਜੱਗੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਕੋਸ਼ ਵਿਚ ਬਾਈਬਲ ਬਾਰੇ ਇੰਞ ਬਿਆਨ ਕਰਦੇ ਹਨ, "ਸਾਮੀ ਧਰਮਾਚਾਰ ਦੀਆਂ ਚਾਰ ਕਤੇਬਾਂ ਵਿਚੋਂ ਪਹਿਲੀਆਂ ਤਿੰਨਾਂ ਦਾ ਸੰਗ੍ਰਹਿ, ਜਿਨ੍ਹਾਂ ਵਿਚ ਤੌਰੇਤ, ਜ਼ਬੂਰ ਅਤੇ ਇੰਜੀਲ ਸ਼ਾਮਲ ਹਨ। ਹੁਣ ਇਹ ਈਸਾਈ-ਮਤ ਵਾਲਿਆਂ ਦਾ ਸੁਪ੍ਰਸਿੱਧ ਧਰਮ ਗ੍ਰੰਥ ਹੈ ਜਿਸ ਦੇ ਦੋ ਭਾਗ ਹਨ। ਪੂਰਵਾਰਧ ਨੂੰ ਪੁਰਾਤਨ ਨੇਮ (Old Testament) ਅਤੇ ਉੱਤਰਾਰਧ ਨੂੰ ਨਵਾਂ-ਨੇਮ (New Testament) ਕਿਹਾ ਜਾਂਦਾ ਹੈ। ਇਸ ਨੂੰ ਪਰਮ-ਸੱਤਾ ਵੱਲੋਂ ਮਨੁੱਖਤਾ ਅਤੇ ਯਹੂਦੀਆਂ ਲਈ ਪਰਮਾਤਮਾ ਨੇ ਜੋ ਕੁਝ ਦਿੱਤਾ ਅਤੇ ਉਸ ਪ੍ਰਤਿ ਮਨੁੱਖਤਾ ਦੀ ਜੋ ਪ੍ਰਤਿਕ੍ਰਿਆ ਰਹੀ, ਉਸ ਸਭ ਦਾ ਇਤਿਹਾਸ ਬਾਈਬਲ ਵਿਚ ਦਰਜ ਹੈ। ਇਹ ਨਿਰੇ ਦਾਰਸ਼ਨਿਕ ਤੱਥਾਂ ਦਾ ਸੰਗ੍ਰਹਿ ਨਹੀਂ, ਸਗੋਂ ਇਸ ਵਿਚ ਸੰਸਾਰਿਕ ਪ੍ਰਪੰਚ ਤੋਂ ਮੁਕਤ ਹੋਣ ਲਈ ਕਾਰਜ ਵਿਧੀ ਦਾ ਵਿਵਰਣ ਵੀ ਦਿੱਤਾ ਗਿਆ ਹੈ।

ਪੁਰਾਣੇ ਨੇਮ ਵਿਚ 45 ਉਪ ਭਾਗ ਹਨ ਜਿਨ੍ਹਾਂ ਵਿਚ ਹਜ਼ਰਤ ਮੂਸਾ , ਹਜ਼ਰਤ ਦਾਊਦ ਆਦਿ ਨੂੰ ਉਤਰੇ ਤੌਰੇਤ, ਜ਼ਬੂਰ ਆਦਿ ਧਰਮ-ਗ੍ਰੰਥ ਸ਼ਾਮਲ ਹਨ। ਨਵੇਂ ਨੇਮ ਵਿਚ ਕੁਲ 27 ਉਪ ਭਾਗ ਹਨ ਅਤੇ ਇਨ੍ਹਾਂ ਵਿਚ ਹਜ਼ਰਤ ਈਸਾ ਸੰਬੰਧੀ ਸਾਮਗ੍ਰੀ ਸੰਕਲਿਤ ਹੈ। ਧਿਆਨ-ਪੂਰਵਕ ਵੇਖੀਏ ਤਾਂ ਪੁਰਾਤਨ ਨੇਮ, ਨਵੇਂ ਦਾ ਪਿਛੋੜਕ ਪ੍ਰਤੀਤ ਹੁੰਦਾ ਹੈ। ਨਵੇਂ ਨੇਮ ਨੂੰ ਇੰਜੀਲ (ਅੰਜੀਲ) ਵੀ ਕਿਹਾ ਜਾਂਦਾ ਹੈ।

'ਬਾਈਬਲ' ਵਿਚ ਪ੍ਰਸੰਗ ਵਸ ਕੁਝ ਅਜਿਹੀਆਂ ਗੱਲਾਂ ਵੀ ਦਰਜ ਹਨ ਜਿਨ੍ਹਾਂ ਦਾ ਸੰਬੰਧ ਲੋਕ-ਜੀਵਨ ਅਤੇ ਲੌਕਿਕ ਗਿਆਨ ਨਾਲ ਹੈ। ਉਨ੍ਹਾਂ ਦਾ ਕੁਝ ਨ ਕੁਝ ਸਰੋਕਾਰ ਸਮਕਾਲੀ ਸਮੱਸਿਆਵਾਂ ਨਾਲ ਵੀ ਰਿਹਾ ਹੈ। ਇਸ ਗ੍ਰੰਥ ਵਿਚ ਮਨੁੱਖ ਦੇ ਪਾਪਾਂ, ਮਾੜੇ ਕਰਮਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ। ਮੁੱਖ ਤੌਰ ਤੇ 'ਬਾਈਬਲ' ਧਰਮ ਦੇ ਸਹੀ ਸਰੂਪ ਅਤੇ ਸੰਸਾਰਿਕ ਪ੍ਰਪੰਚ ਤੋਂ ਖ਼ਲਾਸ ਹੋਣ ਦੇ ਪ੍ਰਕਾਰਜ ਨੂੰ ਸਪੱਸ਼ਟ ਕਰਦੀ ਹੈ।

---

[1] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 1005.

ਪੁਰਾਤਨ ਨੇਮ ਵਿਚ ਸੰਕਲਿਤ ਉਪ ਭਾਗਾਂ ਵਿਚ ਪ੍ਰਧਾਨ ਭਾਸ਼ਾ ਇਬ੍ਰਾਨੀ ਹੈ, ਜਦ ਕਿ ਨਵਾਂ ਨੇਮ ਯੂਨਾਨੀ ਭਾਸ਼ਾ ਵਿਚ ਲਿਖਿਆ ਹੋਇਆ ਹੈ। ਚੂੰਕਿ ਇਸ ਵਿਚ ਸ਼ਾਮਲ ਰਚਨਾਵਾਂ ਇਕ ਨਹੀਂ, ਅਨੇਕ ਧਰਮੀ ਪੁਰਸ਼ਾਂ ਦੁਆਰਾ ਲਿਖੀਆਂ ਹੋਈਆਂ ਹਨ, ਇਸ ਲਈ ਇਸ ਦੀ ਭਾਸ਼ਾ ਸ਼ੈਲੀ ਇਕ-ਸਮਾਨ ਨਹੀਂ, ਸਗੋਂ ਅਨੇਕ ਵੰਨਗੀਆਂ ਦਾ ਮਿਲਗੋਭਾ ਹੈ। ਇਸ ਤੋਂ ਇਲਾਵਾ ਇਸ ਵਿਚ ਗੀਤ, ਕਾਵਿ, ਲੋਕ-ਕਥਾਵਾਂ ਅਤੇ ਨੀਤੀ-ਕਥਾਵਾਂ ਆਦਿ ਸਾਹਿਤ-ਰੂਪਾਂ ਦੇ ਦਰਸ਼ਨ ਵੀ ਹੁੰਦੇ ਹਨ। ਇਸ ਦਾ ਰਚਨਾ-ਕਾਲ ਲਗਭਗ ਡੇਢ ਹਜ਼ਾਰ ਸਾਲ ਤਕ ਵਿਆਪਕ ਹੈ। ਪੁਰਾਤਨ ਨੇਮ ਵਿਚ ਦਰਜ, ਹਜ਼ਰਤ ਮੂਸਾ ਕ੍ਰਿਤ ਤੌਰੇਤ, 1400 ਵਰਸ਼ ਈ.ਪੂ ਦੀ ਰਚਨਾ ਮੰਨੀ ਜਾਂਦੀ ਹੈ ਅਤੇ ਨਵੇਂ ਨੇਮ ਦੀਆਂ ਰਚਨਾਵਾਂ ਈਸਵੀ ਸੰਨ ਦੇ ਪਹਿਲੇ ਸੌ ਸਾਲਾਂ ਵਿਚ ਰਚੀਆਂ ਗਈਆਂ ਸਨ। ਇਸ ਦੇ ਅਨੁਵਾਦ ਸੰਸਾਰ ਦੀਆਂ ਸਾਰੀਆ ਮੁੱਖ ਭਾਸ਼ਾਵਾਂ ਵਿਚ ਹੋ ਚੁੱਕੇ ਹਨ।"[2] ਯਹੂਦੀ ਨਵੇਂ ਨੇਮ ਨੂੰ ਭਾਵੇਂ ਉਸ ਤਰ੍ਹਾਂ ਨਾ ਮੰਨਦੇ ਹੋਣ ਜਿਸ ਤਰ੍ਹਾਂ ਇਸਾਈ ਮੰਨਦੇ ਹਨ। ਈਸਾਈ ਯਹੂਦੀਆਂ ਦੇ ਧਰਮ ਗ੍ਰੰਥ ਨੂੰ ਆਪਣੇ ਗ੍ਰੰਥਾਂ ਦਾ ਪਹਿਲਾ ਹਿੱਸਾ ਮੰਨਦੇ ਹਨ।

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਵਿਚ ਬਾਈਬਲ ਬਾਰੇ ਇੰਝ ਦਰਜ ਹੈ, "ਮੂਸਾਈ ਅਤੇ ਈਸਾਈ ਮਤ ਵਾਲਿਆਂ ਦਾ ਧਰਮ ਗ੍ਰੰਥ ਜਿਸ ਵਿਚ ਤੌਰੇਤ, ਅੰਜੀਲ ਆਦਿ ਕਈ ਗ੍ਰੰਥਾਂ ਦਾ ਸੰਗ੍ਰਹਿ ਹੈ ਇਹ ਦੂਜੀ ਸਦੀ ਈਸਵੀ ਦੇ ਅੰਤ ਅਤੇ ਤੀਜੀ ਦੇ ਅਰੰਭ ਵਿਚ ਯੂਨਾਨੀ ਭਾਸ਼ਾ ਵਿਚ ਲਿਖਿਆ ਗਿਆ ਹੈ, ਹੁਣ ਇਸਦਾ ਅਨੁਵਾਦ ਸੰਸਾਰ ਦੀਆਂ ਅਨੇਕ ਬੋਲੀਆਂ ਵਿਚ ਹੋ ਗਿਆ ਹੈ, ਇਸ ਦੇ ਮੁਖ ਦੋ ਭਾਗ ਹਨ, ਤਉਰੇਤ ਜ਼ਬੂਰ ਆਦਿ Old Testament ਅਤੇ ਅੰਜੀਲ New Testament ਬਾਈਬਲ ਨੂੰ ਕੁਰਾਨ ਵਿਚ ਵੀ ਇਲਹਾਮੀ ਕਿਤਾਬ ਮੰਨਿਆ ਹੈ।"[3] ਬਾਈਬਲ ਸ਼ਬਦ ਹੀ ਬਿਬਲਿਉਗ੍ਰਾਫੀ ਤੋਂ ਬਣਿਆ ਹੈ ਜਿਸਦਾ ਅਰਥ ਹੈ ਪੁਸਤਕਾਂ ਦਾ ਸੰਗ੍ਰਹਿ ਇਸ ਵਿਚ ਇਕ ਲਿਖਾਰੀ ਦੀ ਪੁਸਤਕ ਨਾ ਹੋ ਕੇ ਕਈ ਮਹਾਂਪੁਰਖਾਂ ਦੀਆਂ ਲਿਖਤਾਂ ਹਨ। ਬਾਈਬਲ ਵਿਚ ਦਰਜ ਪਾਰਥਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ।

### 4.1.1 ਸੁੱਖਣਾਂ ਲਾਹੁਣੀਆਂ

ਇਹ ਪ੍ਰਾਰਥਨਾ ਪੁਰਾਣੇ ਨੇਮ ਦੀ 19ਵੀਂ ਪੁਸਤਕ 'ਜ਼ਬੂਰਾਂ ਦੀ ਪੋਥੀ' ਦੇ ਪਹਿਲੇ ਭਾਗ ਵਿਚ ਪੰਨਾ 725 ਤੇ ਦਰਜ ਹੈ ਅਤੇ ਇਸਦਾ ਉਪਸਿਰਲੇਖ ਸੁਰਪਤੀ ਲਈ, ਤਾਰ ਵਾਲੇ ਵਾਜੇ ਉੱਤੇ, ਦਾਊਦ ਦਾ ਭਜਨ ਹੈ। ਇਸ ਵਿਚ ਪਰਮੇਸ਼ੁਰ ਦੇ ਮਦਦ ਕਰਨ ਉੱਤੇ ਉਸਦੇ ਸ਼ੁਕਰਾਨੇ ਵਜੋਂ ਸੁੱਖੀਆਂ ਸੁੱਖਾਂ ਦਾ ਭਾਰ ਲਾਹੁਣ ਦੀ ਬੇਨਤੀ ਹੈ। "ਹੇ ਪਰਮੇਸ਼ੁਰ, ਮੇਰਾ ਚਿੱਲਾਉਣਾ ਸੁਣ, ਮੇਰੀ ਪ੍ਰਾਰਥਨਾ ਵੱਲ ਧਿਆਨ ਦੇਹ! ਮੈਂ ਆਪਣੇ ਮਨ ਦੇ ਨਢਾਲ ਹੋਣ ਵਿੱਚ ਧਰਤੀ ਦੇ ਬੰਨੇ ਤੋਂ ਤੈਨੂੰ ਪੁਕਾਰਾਂਗਾ, ਤੂੰ ਉਸ ਚਟਾਨ ਉੱਤੇ ਜੋ ਮੇਰੇ ਲਈ ਉੱਚੀ ਹੇ ਮੈਨੂੰ ਪਹੁੰਚਾ, ਤੂੰ ਮੇਰੀ ਪਨਾਹ ਜੋ ਹੈ ਤੂੰ ਵੈਰੀ ਦੇ ਸਨਮੁੱਖ ਇਕ ਤਕੜਾ ਬੁਰਜ ਹੈ। ਮੈਂ ਤੇਰੇ ਤੰਬੂ ਵਿਚ ਸਦਾ ਰਹਾਂਗਾ ਮੈ ਤੇਰੇ ਖੰਭਾਂ ਦੇ ਮੁੱਢ ਪਨਾਹ ਲਵਾਂਗਾ॥ਸਲਹ॥ ਹੇ ਪਰਮੇਸ਼ੁਰ ਤੈ ਮੇਰੀਆਂ ਸੁੱਖਣਾਂ ਨੂੰ ਸੁਣਿਆ, ਤੈਂ ਆਪਣੇ ਨਾਮ ਦਾ ਭੈ ਮੰਨਣ ਵਾਲਿਆਂ ਦਾ ਅਧਕਾਰ ਮੈਨੂੰ ਦਿੱਤਾ ਹੈ। ਤੂੰ ਪਾਤਸ਼ਾਹ ਦੀ ਉਮਰ ਨੂੰ ਵਧਾਵੇਂਗਾ, ਉਹ ਦੇ ਵਰ੍ਹੇ ਪੀੜ੍ਹੀਓ ਪੀੜ੍ਹੀ ਹੋਣਗੇ। ਉਹ ਪਰਮੇਸ਼ੁਰ ਦੇ ਸਨਮੁੱਖ ਸਦਾ ਤੀਕ

---

[2] ਡਾ.ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵ ਕੋਸ਼ (ਭਾਗ ਦੂਜਾ)*, ਪੰਨਾ 270.
[3] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 846.

ਵੱਸਗੇ, ਦਯਾ ਅਤੇ ਸਚਿਆਈ ਨੂੰ ਥਾਪ ਰੱਖ ਭਈ ਉਹ ਉਸ ਦੀ ਰੱਛਿਆ ਕਰਨ। ਸੋ ਮੈਂ ਤੇਰੇ ਨਾਮ ਦਾ ਗੁਣ ਸਦਾ ਗਾਵਾਂਗਾ ਭਈ ਮੈ ਨਿਤਾ ਨੇਮ ਆਪਣੀਆਂ ਸੁੱਖਣਾਂ ਨੂੰ ਪੂਰੀਆਂ ਕਰਾਂ।"[4] ਇਸ ਪ੍ਰਾਰਥਨਾ ਵਿਚ ਪਰਮੇਸ਼ਰ ਅੱਗੇ ਮਦਦ ਕਰਨ ਤੇ ਜੋ ਸੁੱਖਣਾਂ ਸੁੱਖੀਆ ਸਨ ਉਹਨਾਂ ਸੁੱਖਣਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ ਅਤੇ ਅੱਗੇ ਤੋਂ ਅਜਿਹਾ ਕਰਦੇ ਰਹਿਣ ਦੀ ਬੇਨਤੀ ਕੀਤੀ ਗਈ ਹੈ।

### 4.1.2 ਦਾਊਦ ਦੀ ਬੇਨਤੀ

ਇਹ ਪੁਰਾਣੇ ਨੇਮ ਦੀ ਤੇਰ੍ਹਵੀਂ ਪੁਸਤਕ 'ਇਤਿਹਾਸ ਦੀ ਪਹਿਲੀ ਪੋਥੀ ਦੇ ਪੰਨਾ 532 ਤੋਂ 534 ਤੱਕ ਦਰਜ ਹੈ। ਇਹ ਬੇਨਤੀ ਨਾਥਾਨ ਨਬੀ ਅੱਗੇ ਦਾਊਦ ਕਰ ਰਿਹਾ ਹੈ ਅਤੇ ਉਹ ਅੱਗੋਂ ਉਸਨੂੰ ਯਹੋਵਾ ਉੱਤੇ ਭਰੋਸਾ ਰੱਖਣ ਦੀ ਤਾਕੀਦ ਕਰਦਾ ਹੈ। ਕਰਤਾਰ ਚੰਦ ਭੱਟੀ ਆਪਣੀ ਰਚਿਤ ਪੁਸਤਕ *'ਈਸਾਈ ਧਰਮ ਇਕ ਜਾਣ-ਪਛਾਣ'* ਵਿਚ ਇਤਿਹਾਸ ਦੀ ਪੋਥੀ ਦਾ ਜ਼ਿਕਰ ਇੰਝ ਕਰਦੇ ਹਨ, "ਇਹ ਇਤਿਹਾਸਿਕ ਬੀੜਾਂ ਹਨ ਤੇ ਹਰ ਪੁਸ਼ਤ-ਨਾਮੇ ਨਾਮ ਜੁੜੀਆਂ ਹੋਈਆਂ ਹਨ ਤੇ ਸੈਮੂਅਲ ਤੇ ਰਾਜਿਆਂ ਦੀਆਂ ਪੋਥੀਆਂ ਨਾਲ ਇਤਿਹਾਸਿਕ ਮਾਮਲਿਆਂ ਵਿਚ ਮਿਲਦੀਆਂ ਜੁਲਦੀਆਂ ਹਨ। ਇੰਨ੍ਹਾਂ ਬੀੜਾਂ ਦਾ ਲਿਖਾਰੀ ਇਜਰਾ ਸੀ।"[5] ਵਿਦਵਾਨ ਮੰਨਦੇ ਹਨ ਕਿ ਇਤਿਹਾਸ ਲਿਖਣ ਦੀ ਪਰੰਪਰਾ ਦਾ ਆਗਾਜ਼ ਵੀ ਨਵੇਂ ਨੇਮ ਤੋਂ ਹੁੰਦਾ ਹੈ।

"ਅਜਿਹਾ ਹੋਇਆ ਕਿ ਜਦ ਦਾਊਦ ਆਪਣੇ ਮਹਿਲ ਵਿੱਚ ਟਿਕਿਆ, ਤਾਂ ਦਾਊਦ ਦੇ ਨਾਥਾਨ ਨਬੀ ਨੂੰ ਆਖਿਆ, ਵੇਖ, ਮੈਂ ਤਾਂ ਦਿਆਰ ਦੀ ਲੱਕੜ ਦੇ ਬਣਾਏ ਹੋਏ ਮਹਿਲ ਦੇ ਵਿੱਚ ਰਹਿੰਦਾ ਹਾਂ ਪਰ ਯਹੋਵਾਹ ਦੇ ਨੇਮ ਦਾ ਸੰਦੂਕ ਪੜਦਿਆ ਦੇ ਹੇਠ ਹੈ। ਤਾਂ ਨਾਥਾਨ ਨੇ ਦਾਊਦ ਨੂੰ ਆਖਿਆ ਕਿ ਜੋ ਕੁਝ ਤੇਰਾ ਮਨੋਰਥ ਹੈ ਸੋ ਕਰ ਕਿਉਂ ਜੋ ਪਰਮੇਸ਼ੁਰ ਤੇਰੇ ਸੰਗ ਹੈ ਅਰ ਉਸੇ ਰਾਤ ਅਜਿਹਾ ਹੋਇਆ, ਜੋ ਪਰਮੇਸ਼ੁਰ ਦੀ ਬਾਣੀ ਨਾਥਾਨ ਨੂੰ ਆਈ ਕਿ ਤੂੰ ਜਾਹ, ਅਰ ਮੇਰੇ ਦਾਸ ਦਾਊਦ ਨੂੰ ਆਖ ਭਈ ਯਹੋਵਾਹ ਇਹ ਆਖਦਾ ਹੈ, ਤੂੰ ਮੇਰੇ ਨਿਵਾਸ ਲਈ ਕੋਈ ਭਵਨ ਨਾ ਬਣਾ ਕਿਉਂਕਿ ਮੈਂ ਤਾਂ ਜਦ ਦਾ ਇਸਰਾਏਲ ਨੂੰ ਉਤਾਂਹ ਲਿਆਇਆ ਹਾਂ ਅਜੇ ਤੋੜੀ ਕਿਸੇ ਭਵਨ ਵਿੱਚ ਨਾ ਵੱਸਿਆ ਸਗੋਂ ਤੰਬੂ ਤੋਂ ਤੰਬੂ ਅਰ ਡੇਹਰੇ ਤੋਂ ਡੇਹਰੇ ਵਿੱਚ ਫਿਰਦਾ ਰਿਹਾ ਹਾਂ ਅਤੇ ਜਿੱਥੇ ਜਿੱਥੇ ਮੈਂ ਸਾਰੇ ਇਸਰਾਏਲ ਦੇ ਨਾਲ ਫਿਰਦਾ ਰਿਹਾ ਹਾਂ, ਭਲਾ ਮੈਂ ਇਸਰਾਏਲ ਦੇ ਨਿਆਈਆਂ ਵਿੱਚੋਂ ਜਿਨ੍ਹਾਂ ਨੂੰ ਮੈਂ ਆਪਣੀ ਪਰਜਾ ਦੇ ਚਰਾਉਣ ਦੀ ਆਗਿਆ ਕੀਤੀ ਕਿਸੇ ਨੂੰ ਕਦੀ ਆਖਿਆ ਭਈ ਤੂੰ ਮੇਰੇ ਲਈ ਦਿਆਰ ਦਾ ਭਵਨ ਕਿਉਂ ਨਹੀਂ ਬਣਾਇਆ? ਇਸ ਲਈ ਤੂੰ ਹੁਣ ਮੇਰੇ ਦਾਸ ਦਾਊਦ ਨੂੰ ਇਹ ਆਖ ਭਈ ਸੈਨਾ ਦਾ ਯਹੋਵਾਹ ਐਉਂ ਆਖਦਾ ਹੈ, ਮੈਂ ਤੈਨੂੰ ਵਲਗਣਾਂ ਵਿੱਚੋਂ ਜਿੱਥੇ ਤੂੰ ਭੇਡਾਂ ਚਰਾਉਂਦਾ ਸੈਂ ਕੱਢ ਕੇ ਆਪਣੀ ਪਰਜਾ ਇਸਰਾਏਲ ਦਾ ਪ੍ਰਧਾਨ ਬਣਾ ਦਿੱਤਾ ਅਰ ਜਿਥੇ ਕਿਤੇ ਤੂੰ ਗਿਆ ਮੈਂ ਤੇਰੇ ਨਾਲ ਰਿਹਾ ਅਰ ਤੇਰੇ ਅੱਗੋਂ ਤੇਰੇ ਸਾਰੇ ਵੈਰੀਆਂ ਨੂੰ ਮਿਟਾ ਦਿੱਤਾ ਅਤੇ ਮੈਂ ਉਨ੍ਹਾਂ ਲੋਕ ਵਰਗਾ ਜਿਨ੍ਹਾਂ ਦਾ ਨਾਉਂ ਜਗਤ ਵਿੱਚ ਵੱਡਾ ਹੈ ਤੇਰਾ ਨਾਉਂ ਵੀ ਕੀਤਾ ਅਰ ਮੈਂ ਆਪਣੇ ਇਸਰਾਏਲੀ ਪਰਜਾ ਦੇ ਲਈ ਇੱਕ ਥਾਂ ਠਹਿਰਾਵਾਂਗਾ ਅਰ ਉਸ ਨੂੰ ਟਿਕਾਵਾਂਗਾ ਜੋ ਉਹ ਆਪਣੇ ਹੀ ਥਾਂ

[4] *ਜ਼ਬੂਰਾਂ ਦੀ ਪੋਥੀ*, 61:8.

[5] ਲੇਖਕ ਕਰਤਾਰ ਚੰਦ ਭੱਟੀ, ਸੰਪਾ. ਕੁਲਵੰਤ ਸਿੰਘ ਗਰੇਵਾਲ, *ਈਸਾਈ ਧਰਮ ਇਕ ਜਾਣ-ਪਛਾਣ,* ਪੰਨਾ 14.

ਵਿੱਚ ਵੱਸਣ ਅਤੇ ਫੇਰ ਕਦੀ ਨਾ ਭੌਣ ਅਰ ਅਪਰਾਧੀਆਂ ਦ ਪੁੱਤਰ ਅੱਗੇ ਵਾਂਗਰ ਉਨ੍ਹਾਂ ਦਾ ਫੇਰ ਵਿਗਾੜ ਨਾ ਕਰਨਗੇ ਨਾ ਉਸ ਦਿਨ ਵਾਂਗ ਜਿਸ ਵਿੱਚ ਮੈਂ ਨਿਆਈਆਂ ਨੂੰ ਹੁਕਮ ਦਿੱਤਾ ਸੀ ਕਿ ਮੇਰੀ ਪਰਜਾ ਇਸਰਾਏਲ ਉੱਤੇ ਹੋਵੇ ਅਰ ਮੈਂ ਤੇਰੇ ਸਾਰੇ ਵੈਰੀਆਂ ਨੂੰ ਦਬਾਵਾਂਗਾ, ਇਹ ਦੇ ਬਾਝੋਂ ਮੈਂ ਤੈਨੂੰ ਆਖਦਾ ਹਾਂ, ਜੋ ਯਹੋਵਾਹ ਤੇਰੇ ਲਈ ਇੱਕ ਘਰਾਣਾ ਬਣਾਵੇਗਾ। ਅਰ ਜਦੋਂ ਤੇਰੀ ਅਵਸਥਾ ਪੂਰੀ ਹੋਵੇਗੀ ਅਰ ਤੈਨੂੰ ਪਿਤਰਾਂ ਦੇ ਕੋਲ ਜਾਣਾ ਪਵੇਗਾ ਤਾਂ ਅਜਿਹਾ ਹੋਵੇਗਾ ਜੋ ਮੈਂ ਤੇਰੇ ਪਿੱਛੇ ਤੇਰ ਪੁੱਤਰਾਂ ਵਿੱਚੋਂ ਤੇਰੇ ਵੰਸ਼ ਨੂੰ ਇਸਥਿਰ ਕਰਾਂਗਾ, ਅਰ ਮੈਂ ਉਹ ਦੇ ਰਾਜ ਨੂੰ ਪੱਕਾ ਕਰਾਂਗਾ ਉਹ ਮੇਰੇ ਲਈ ਇਕ ਭਵਨ ਬਣਾਏਗਾ, ਅਤੇ ਮੈਂ ਉਸਦੀ ਗੱਦੀ ਸਦੀਵ ਤੋੜੀ ਅਚੱਲ ਰੱਖਾਂਗਾ, ਮੈਂ ਉਸ ਦਾ ਪਿਤਾ ਬਣਾਂਗਾ, ਅਰ ਉਹ ਮੇਰੇ ਪੁੱਤਰ ਹੋਵੇਗਾ, ਅਰ ਮੈਂ ਉਸ ਦੇ ਉੱਤੋਂ ਆਪਣੀ ਦਯਾ ਮੋੜ ਨਾ ਲਵਾਂਗਾ, ਜਿਵੇਂ ਮੈਂ ਉਸ ਤੋਂ ਜਿਹੜਾ ਤੈਥੋਂ ਪਹਿਲੇ ਸੀ, ਮੋੜ ਲਈ ਸਗੋਂ ਮੈਂ ਉਹ ਆਪਣੇ ਭਵਨ ਵਿੱਚ ਅਰ ਆਪਣੇ ਰਾਜ ਵਿੱਚ ਸਦਾ ਤੋੜੀ ਇਸਥਿਰ ਕਰਾਂਗਾ, ਅਰ ਉਸ ਦੀ ਰਾਜ ਗੱਦੀ ਸਦੀਵ ਕਾਲ ਤੀਕੁਰ ਦ੍ਰਿੜ੍ਹ ਰਹੇਗੀ ਤਾਂ ਨਾਥਾਨ ਨੇ ਇਨ੍ਹਾਂ ਸਾਰੀਆਂ ਗੱਲਾਂ ਅਰ ਇਸ ਸਾਰੀ ਦਰਿਸ਼ਟ ਦੇ ਅਨੁਸਾਰ ਦਾਊਦ ਨੂੰ ਆਖਿਆ॥ ਤਾਂ ਦਾਊਦ ਪਾਤਸ਼ਾਹ ਅੰਦਰ ਵੜਿਆ, ਅਰ ਯਹੋਵਾਹ ਦੇ ਹਜ਼ੂਰ ਬੈਠ ਕੇ ਇਹ ਆਖਿਆ, ਹੇ ਯਹੋਵਾਹ ਪਰਮੇਸ਼ੁਰ ਮੈਂ ਕੌਣ ਹਾਂ, ਅਰ ਮੇਰੀ ਕੁਲ ਕੀ ਹੈ, ਜੋ ਤੂੰ ਮੈਨੂੰ ਇਥੋਂ ਤੋੜੀ ਅਪੜਾ ਦਿੱਤਾ? ਹੇ ਪਰਮੇਸ਼ੁਰ, ਇਹ ਤਾਂ ਤੇਰੀ ਦ੍ਰਿਸ਼ਟ ਵਿੱਚ ਥੋੜੀ ਜਿਹੀ ਗੱਲ ਸੀ, ਪਰ ਤੈਂ ਆਪਣੇ ਦਾਸ ਦੀ ਕੁਲ ਦੇ ਵਿਖੇ ਬਹੁਤ ਦੂਰ ਦੀ ਖਬਰ ਅਗੇਤਰੀ ਦੱਸੀ ਅਰ ਹੇ ਯਹੋਵਾਹ ਪਰਮੇਸ਼ੁਰ, ਮੇਰੇ ਉੱਤੇ ਅਜੇਹੀ ਕਿਰਪਾ ਦ੍ਰਿਸ਼ਟ ਕੀਤੀ, ਜੋ ਮਾਨੋ ਮੈਂ ਵੱਡੀ ਪਦਵੀ ਵਾਲਾ ਮਨੁੱਖ ਹਾਂ। ਅੱਗੋਂ ਦਾਊਦ ਉਸ ਵਡਿਆਈ ਦੇ ਲਈ ਜਿਹੜੀ ਤੂੰ ਆਪਣੇ ਦਾਸ ਨੂੰ ਦਿੱਤੀ, ਤੈਨੂੰ ਕੀ ਆਖ ਸੱਕੇ, ਕਿਉਂ ਜੋ ਤੂੰ ਆਪਣੇ ਦਾਸ ਦਾ ਜਾਣੂੰ ਹੈ? ਹੇ ਯਹੋਵਾਹ ਤੂੰ ਆਪਣੇ ਸੇਵਕ ਦੇ ਲਈ, ਅਰ ਆਪਣੇ ਮਨ ਦੇ ਅਨੁਸਾਰ ਇਹ ਸਾਰਾ ਵਡਿਆਈ ਵਾਲਾ ਕੰਮ ਕੀਤਾ, ਜੋ ਸਾਰੀਆਂ ਵਡਿਆਈਆਂ ਉਜਾਗਰ ਹੋਣ, ਹੇ ਯਹੋਵਾਹ, ਤੇਰੇ ਭੁੱਲ਼ ਕੋਈ ਨਹੀਂ ਹੈ ਅਰ ਤੇਰੇ ਬਾਝੋਂ ਜਿੱਥੇ ਤੋੜੀ ਅਸੀਂ ਆਪਣੇ ਕੰਨਾਂ ਨਾਲ ਸੁਣਿਆ, ਹੋਰ ਕੋਈ ਪਰਮੇਸ਼ੁਰ ਨਹੀਂ ਹੈ ਅਰ ਸਾਰੇ ਜਗਤ ਵਿੱਚ ਕਿਹੜੀ ਕੌਮ ਹੈ ਜਿਹੜੀ ਤੇਰੀ ਪਰਜਾ ਇਸਰਾਏਲ ਦੇ ਤੁੱਲ ਹੋਵੇ, ਜਿਸ ਦੇ ਬਣਾਉਣ ਨੂੰ ਪਰਮੇਸ਼ੁਰ ਆਪ ਗਿਆ ਕਿ ਉਸ ਨੂੰ ਆਪਣੀ ਪਰਜਾ ਬਣਾਵੇ ਅਰ ਤੇਰੇ ਦਾਸ ਦਾਊਦ ਦੀ ਕੁਲ ਤੇਰੇ ਅੱਗੇ ਅਟੱਲ ਰਹੇ। ਕਿਉਂ ਜੋ ਤੈਂ, ਹੇ ਮੇਰੇ ਪਰਮੇਸ਼ੁਰ, ਆਪਣੇ ਦਾਸ ਦਾ ਕੰਨ ਖੋਲ੍ਹਿਆ ਜੋ ਮੈਂ ਤੇਰੇ ਲਈ ਇਕ ਘਰਾਣਾ ਬਣਾਵਾਂਗਾ, ਇੱਸੇ ਕਾਰਨ ਤੇਰੇ ਦਾਸ ਨੇ ਤੇਰੇ ਅੱਗੇ ਅਰਦਾਸ ਕਰਨ ਦਾ ਹੌਂਸਲਾ ਰੱਖਿਆ ਅਰ ਹੁਣ ਹੇ ਯਹੋਵਾਹ ਤੂੰ ਹੀ ਤਾਂ ਪਰਮੇਸ਼ੁਰ ਹੈ, ਅਰ ਤੂੰ ਆਪਣੇ ਦਾਸ ਨੂੰ ਇਸ ਸੁਖ ਸਾਂਦ ਦਾ ਬਚਨ ਕੀਤਾ। ਸੋ ਹੁਣ ਤੈਨੂੰ ਭਾਇਆ ਹੈ, ਜੋ ਤੂੰ ਆਪਣੇ ਦਾਸ ਦੀ ਕੁਲ ਨੂੰ ਅਸੀਸ ਦਿੱਤੀ, ਭਈ ਉਹ ਤੇਰੇ ਅੱਗੇ ਸਦਾ ਤੋੜੀ ਇਸਥਿਰ ਰਹੇ, ਕਿਉਂਕਿ ਹੇ ਯਹੋਵਾਹ, ਤੈਂ ਅਸੀਸ ਦਿੱਤੀ ਹੈ, ਅਤੇ ਉਹ ਸਦਾ ਤੋੜੀ ਮੁਬਾਰਕ ਰਹੇ।"[6] ਇਹ ਪੈਗੰਬਰ ਦਾਊਦ, ਵੱਲੋਂ ਯਹੋਵਾ ਅੱਗੇ ਬੇਨਤੀ ਕੀਤੀ ਗਈ ਹੈ, ਅਰ ਇਸ ਵਿਚ ਯਹੂਦੀ ਲੋਕਾਂ ਦੇ ਕੌਮ ਵਜੋਂ ਉਭਰ ਕੇ ਸਾਹਮਣੇ ਆਉਣ ਦੇ ਇਸ਼ਾਰੇ

[6] *ਇਤਿਹਾਸ ਦੀ ਪਹਿਲੀ ਪੋਥੀ* 17:27.

ਪਏ ਹੋਏ ਹਨ, ਉਹਨਾਂ ਦੇ ਵੱਖਰੇ ਦੇਸ਼ ਦੀ ਗੱਲ ਸਪੱਸ਼ਟ ਹੁੰਦੀ ਹੈ ਅਤੇ ਯਰੂਸ਼ਲਮ ਦੇ ਮੰਦਰ ਬਾਰੇ ਵੀ ਜਾਣਕਾਰੀ ਮਿਲਦੀ ਹੈ।

### 4.1.3 ਲੜਾਈ ਵਿੱਚ ਮਦਦ ਲਈ ਬੇਨਤੀ

ਇਹ ਪ੍ਰੇਅਰ ਪੁਰਾਣੇ ਨੇਮ ਦੀ 19ਵੀਂ ਪੁਸਤਕ *'ਜ਼ਬੂਰਾਂ ਦੀ ਪੋਥੀ'* ਦੇ ਪਹਿਲੇ ਭਾਗ ਦੇ 724-25 ਪੰਨੇ ਤੇ ਦਰਜ ਹੈ ਅਤੇ ਇਸ ਦਾ ਉਪਸਿਰਲੇਖ 'ਸੁਰਪਤੀ ਲਈ ਸਾਖੀ ਦੇ ਸੋਸਨ ਦੇ ਰਾਗ ਉੱਤੇ, ਦਾਊਦ ਦਾ ਮਿਕਤਾਮ, ਸਿਖਾਉਣ ਲਈ, ਜਦ ਉਹ ਅਰਮ-ਨਹਰੈਮ ਤੇ ਅਰਮ-ਸੋਬਾਹ ਨਾਲ ਲੜਦਾ ਸੀ ਅਤੇ ਯੋਆਬ ਨੇ ਮੁੜ ਕੇ ਲੂਣ ਦੀ ਦੂਣ ਵਿੱਚ ਅਦੋਮ ਵਿੱਚੋਂ ਬਾਰਾਂ ਹਜ਼ਾਰ ਮਨੁੱਖ ਮਾਰ ਸੁੱਟੇ ਹਨ। ਇਹ ਪ੍ਰੇਅਰ ਯਹੂਦੀਆਂ ਉਪਰ ਉਸ ਸਮੇਂ ਹੁੰਦੇ ਹਮਲਿਆਂ ਤੋਂ ਬਚਾਅ ਲਈ ਅਤੇ ਲੜਾਈ ਵਿਚ ਮਦਦ ਲਈ ਕੀਤੀ ਗਈ ਹੈ। "ਹੇ ਪਰਮੇਸ਼ੁਰ, ਤੂੰ ਸਾਨੂੰ ਤਿਆਗ ਦਿੱਤਾ, ਤੂੰ ਸਾਨੂੰ ਢਾਹ ਸੁੱਟਿਆ ਹੈ, ਤੂੰ ਕ੍ਰੋਧੀ ਹੋਇਆ, ਸਾਨੂੰ ਫੇਰ ਬਹਾਲ ਕਰ! ਤੂੰ ਧਰਤੀ ਨੂੰ ਕੰਬਣੀ ਲਾਈ ਹੈ, ਤੂੰ ਉਹ ਨੂੰ ਪਾੜ ਦਿੱਤਾ ਹੈ, ਉਹ ਦੀਆਂ ਤੇੜਾਂ ਨੂੰ ਸੁਧਾਰ ਕਿਉਂ ਜੋ ਉਹ ਡੋਲਦੀ ਹੈ, ਤੂੰ ਆਪਣੀ ਪਰਜਾ ਨੂੰ ਡਾਢੇ ਕਲੇਸ਼ ਵਿਖਾਏ ਹਨ, ਤੂੰ ਸਾਨੂੰ ਡੋਲਣ ਦੀ ਮਧ ਪਿਆਈ ਹੈ। ਤੂੰ ਆਪਣੇ ਭੈ ਮੰਨਣ ਵਾਲਿਆਂ ਨੂੰ ਇੱਕ ਝੰਡਾ ਦਿੱਤਾ ਹੈ, ਭਈ ਉਹ ਸਚਿਆਈ ਦੇ ਕਰਨ ਵਿਖਾਇਆ ਜਾਵੇ॥ ਸਲਹ॥ ਇਸ ਲਈ ਜੋ ਤੇਰੇ ਪ੍ਰੀਤਮ ਛੁਡਾਏ ਜਾਣ, ਤੂੰ ਆਪਣੇ ਸੱਜੇ ਹੱਥ ਨਾਲ ਬਚਾ ਲੈ ਤੇ ਸਾਨੂੰ ਉੱਤਰ ਦੇਹ! ਪਰਮੇਸ਼ੁਰ ਨੇ ਆਪਣੀ ਪਵਿੱਤਰਤਾਈ ਨਾਲ ਬਚਨ ਕੀਤਾ ਹੈ, ਮੈਂ ਖੁਸ਼ੀ ਮਨਾਵਾਂਗਾ, ਮੈਂ ਸ਼ਕਮ ਨੂੰ ਵੰਡ ਦਿਆਂਗਾ ਤੇ ਸੁੱਕੋਥ ਦੀ ਦੂਣ ਨੂੰ ਮਿਣਾਂਗਾ। ਗਿਲਆਦ ਮੇਰਾ ਹੈ, ਮਨੱਸ਼ਰ ਵੀ ਅਤੇ ਇਫਰਾਈਮ ਮੇਰੇ ਸਿਰ ਦਾ ਟੋਪ ਹੈ, ਯਹੂਦਾਹ ਮੇਰਾ ਰਾਜ ਡੰਡਾ ਹੈ, ਮੋਆਬ ਮੇਰੀ ਚਿਲਮਚੀ ਹੈ, ਅਦੋਮ ਉੱਤੇ ਮੈਂ ਆਪਣਾ ਪੌਲਾ ਸੁੱਟਾਂਗਾ ਹੇ ਫਲਿਸਤ, ਤੂੰ ਮੇਰਾ ਨਾਅਰਾ ਮਾਰ! ਕੌਣ ਮੈਨੂੰ ਉਸ ਫ਼ਸੀਲਦਾਰ ਸ਼ਹਿਰ ਵਿੱਚ ਲੈ ਜਾਵੇਗਾ? ਕੌਣ ਅਦੋਮ ਤੱਕ ਮੇਰੀ ਅਗਵਾਈ ਕਰੇਗਾ? ਭਲਾ, ਤੈਂ, ਹੇ ਪਰਮੇਸ਼ੁਰ ਸਾਨੂੰ ਨਹੀਂ ਤਿਆਗ ਦਿੱਤਾ ਹੈ, ਭਈ ਤੂੰ, ਹੇ ਪਰਮੇਸ਼ੁਰ, ਸਾਡੀਆਂ ਸੈਨਾਂ ਦੇ ਸੰਗ ਨਹੀਂ ਚੱਲਦਾ? ਵਿਰੋਧੀ ਤੋਂ ਸਾਡੀ ਸਹਾਇਤਾ ਕਰ, ਪਰਮੇਸ਼ੁਰ ਦੇ ਨਾਲ ਅਸੀਂ ਸੂਰਮਗਤੀ ਕਰਾਂਗੇ, ਉਹੀ ਸਾਡੇ ਵਿਰੋਧੀਆਂ ਨੂੰ ਲਤਾੜ ਸੁੱਟੇਗਾ!"[7] ਇਸ ਪ੍ਰਾਰਥਨਾ ਵਿਚ ਯਹੋਵਾਹ ਨੂੰ ਉਲਾਂਭਾ ਵੀ ਦਿੱਤਾ ਹੈ, ਇਸਦੇ ਬਾਵਜੂਦ ਯਹੋਵਾਹ ਆਪਣੇ ਮੰਨਣ ਵਾਲਿਆਂ ਤੇ ਮਾਣ ਵੀ ਕਰ ਰਹੇ ਹਨ, ਜਿੰਨ੍ਹਾਂ ਵਿਚ ਇਕੱਲੇ ਇਕੱਲੇ ਪੁਰਸ਼ ਦਾ ਨਾਂ ਵੀ ਆਇਆ ਹੈ।

### 4.1.4 ਯਰੂਸ਼ਲਮ ਲਈ ਨਹਮਯਾਹ ਦੀ ਪ੍ਰਾਰਥਨਾ

ਇਹ ਪ੍ਰਾਰਥਨਾ ਬਾਈਬਲ ਦੇ ਪੰਨਾ 610-11 ਤੇ ਪੁਰਾਣੇ ਨੇਮ ਦੀ 16ਵੀਂ ਪੁਸਤਕ ਨਹਮਯਾਹ ਵਿਚ ਦਰਜ ਹੈ। ਇਹ ਹਕਲਯਾਹ ਦਾ ਪੁੱਤਰ ਸੀ, ਵੀਹਵੇਂ ਵਰ੍ਹੇ ਕਿਸਲੇਵ ਦੇ ਮਹੀਨੇ ਉਹ ਸ਼ੂਸ਼ਨ ਦੇ ਮਹਿਲ ਵਿਚ ਸਨ ਅਤੇ ਉਹਨਾਂ ਦੇ ਭਰਾਵਾਂ ਵਿਚੋਂ ਹਨਾਨੀ ਅਤੇ ਯਹੂਦੀਆਂ ਵਿਚੋਂ ਵੀ ਕਈ ਮਨੁੱਖ ਉਹਨਾਂ ਕੋਲ ਆਏ ਜਿੰਨ੍ਹਾਂ ਤੋਂ ਨਹਮਯਾਹ ਨੇ ਯਹੂਦੀਆਂ, ਅਸੀਰੀਆਂ ਅਤੇ ਆਪਣੇ ਧਰਮ ਮੰਦਿਰ ਯਰੂਸ਼ਲਮ ਬਾਰੇ ਪੁੱਛਿਆ ਤਾਂ ਉਹਨਾਂ ਦੇ ਉੱਤਰ ਬਹੁਤੇ ਖੁਸ਼ੀ ਵਾਲੇ ਨਹੀਂ ਸਨ ਅਤੇ ਉਹਨਾਂ ਯਰੂਸ਼ਲਮ ਬਾਰੇ ਜੋ ਦੇਖਿਆ

[7] *ਜ਼ਬੂਰਾਂ ਦੀ ਪੋਥੀ,* 60:12.

ਉਹ ਦੱਸਿਆ ਕਿ ਯਰੂਸ਼ਲਮ ਦੀਆਂ ਕੰਧਾਂ ਟੁੱਟੀਆਂ ਅਤੇ ਫਾਟਕ ਕੱਚੇ ਹਨ ਤਾਂ ਇਹ ਸੁਣ ਕੇ ਨਹਮਯਾਹ ਰੋਣ ਲੱਗੇ ਅਤੇ ਇਸ ਗੱਲ ਦਾ ਸੋਗ ਕੀਤਾ ਅਤੇ ਪਰਮੇਸ਼ੁਰ ਅੱਗੇ ਇਹ ਬੇਨਤੀ ਕੀਤੀ। "ਹੇ ਯਹੋਵਾਹ ਆਕਾਸ਼ ਦੇ ਪਰਮੇਸ਼ੁਰ ਹੇ ਮਹਾਨ ਤੇ ਭੈ ਜੋਗ ਪਰਮੇਸ਼ੁਰ ਤੂੰ ਜੋ ਆਪਣੇ ਹੁਕਮ ਮੰਨਣ ਵਾਲਿਆ ਨਾਲ ਦਯਾ ਅਤੇ ਨੇਮ ਦੀ ਪਾਲਨਾ ਕਰਨ ਵਾਲਾ ਹੈਂ । ਤੇਰੇ ਕੰਨ ਲੱਗੇ ਰਹਿਣ ਤੇ ਤੇਰੀਆਂ ਅੱਖਾਂ ਖੁੱਲ੍ਹੀਆਂ ਰਹਿਣ ਆਪਣੇ ਦਾਸ ਦੀ ਪ੍ਰਾਰਥਨਾ ਸੁਣਨ ਲਈ ਜਿਹੜੀ ਮੈਂ ਅੱਜ ਤੇਰੇ ਅੱਗੇ ਦਿਨ ਰਾਤ ਤੇਰੇ ਦਾਸਾਂ ਇਸਰਾਏਲੀਆਂ ਦੇ ਲਈ ਪ੍ਰਾਰਥਨਾ ਕਰਦਾ ਹਾਂ ਅਤੇ ਮੈਂ ਇਸਰਾਏਲੀਆਂ ਦੇ ਪਾਪ ਜਿਹੜੇ ਅਸਾਂ ਤੇਰੇ ਵਿਰੁੱਧ ਕੀਤੇ ਮੰਨ ਲਵਾਂਗਾ। ਹਾਂ, ਮੈਂ ਅਤੇ ਮੇਰੇ ਪਿਉ ਦਾਦਿਆਂ ਦੇ ਘਰਾਣੇ ਨੇ ਤੇਰਾ ਪਾਪ ਕੀਤਾ ਹੈ। ਅਸਾਂ ਤੇਰੇ ਵਿਰੁੱਧ ਵੱਡੀਆਂ ਭੈੜੀਆਂ ਗੱਲਾਂ ਕੀਤੀਆਂ ਅਤੇ ਅਸਾਂ ਉਹਨਾਂ ਹੁਕਮਾਂ, ਬਿਧੀਆਂ ਅਤੇ ਨਿਆਵਾਂ ਨੂੰ ਜਿਹਨਾਂ ਦਾ ਤੈਂ ਆਪਣੇ ਦਾਸ ਮੂਸਾ ਨੂੰ ਹੁਕਮ ਦਿੱਤਾ ਸੀ ਨਹੀਂ ਮੰਨਿਆ ਉਸ ਗੱਲ ਨੂੰ ਯਾਦ ਕਰ ਕਿ ਜੇ ਤੁਸੀ ਬੇਈਮਾਨੀ ਕਰੋਗੇ ਤਾਂ ਮੈਂ ਤਹਾਨੂੰ ਉੱਮਤਾਂ ਵਿਚ ਖਿਲਾਰ ਦਿਆਂਗਾ। ਜੇ ਤੁਸੀਂ ਮੇਰੀ ਵੱਲ ਮੁੜੋ ਅਤੇ ਮੇਰੇ ਹੁਕਮਾਂ ਦੀ ਪਾਲਨਾ ਕਰ ਕੇ ਤੁਸੀ ਉਨ੍ਹਾਂ ਨੂੰ ਪੂਰਾ ਕਰੋ ਤਾਂ ਮੈਂ ਤੁਹਾਡੇ ਵਿਚੋਂ ਧੱਕਿਆਂ ਹੋਇਆ ਨੂੰ ਭਾਵੇਂ ਉਹ ਆਕਾਸ਼ ਦੇ ਆਖਰੀ ਕੰਢਿਆਂ ਉੱਤੇ ਹੋਣ ਉੱਥੋਂ ਮੈਂ ਉਹਨਾਂ ਨੂੰ ਇਕੱਠੇ ਕਰ ਕੇ ਉਸ ਅਸਥਾਨ ਵਿੱਚ ਲਿਆਵਾਂਗਾ ਜਿਹੜਾ ਮੈਂ ਆਪਣਾ ਨਾਮ ਵਸਾਉਣ ਲਈ ਚੁਣਿਆ ਹੈ। ਉਹ ਤੇਰੇ ਦਾਸ ਅਤੇ ਤੇਰੀ ਪਰਜਾ ਹਨ ਜਿੰਨ੍ਹਾਂ ਨੂੰ ਤੂੰ ਵੱਡੇ ਬਲ ਅਤੇ ਤਕੜੇ ਹੱਥ ਨਾਲ ਛੁਟਕਾਰਾ ਦਿੱਤਾ ਹੈ ਹੇ ਪ੍ਰਭੂ, ਆਪਣੇ ਦਾਸ ਦੀ ਪ੍ਰਾਰਥਨਾ ਉੱਤੇ ਤੇਰੇ ਕੰਨ ਲੱਗੇ ਰਹਿਣ, ਆਪਣੇ ਦਾਸਾਂ ਦੀ ਪ੍ਰਾਰਥਨਾ ਉੱਤੇ ਵੀ ਜਿਹੜੇ ਤੇਰੇ ਨਾਮ ਤੋਂ ਡਰਨ ਦੇ ਚਾਹਵੰਦ ਹਨ ਅਤੇ ਅੱਜ ਤੂੰ ਆਪਣੇ ਦਾਸ ਨੂੰ ਸਫਲ ਕਰ ਅਤੇ ਇਸ ਮਨੁੱਖ ਦੇ ਅੱਗੇ ਮੈਨੂੰ ਤਰਸਾਂ ਦਾ ਭਾਗੀ ਬਣਾ। ਮੈਂ ਪਾਤਸ਼ਾਹ ਦਾ ਸਾਕੀ ਸੀ।"[8] ਇਸ ਪ੍ਰਾਰਥਨਾ ਵਿਚ ਨਹਮਯਾਹ ਪੈਗੰਬਰ ਆਪਣੀ ਪ੍ਰਾਰਥਨਾ ਸੁਣਾਉਣ ਬਾਰੇ ਅਤੇ ਪਰਮਾਤਮਾ ਨੂੰ ਧਿਆਨ ਨਾਲ ਸੁਣਨ ਲਈ ਬੇਨਤੀ ਕਰ ਰਿਹਾ ਹੈ, ਯਹੂਦੀਆਂ ਦੀਆਂ ਜ਼ਿਆਦਾਤਰ ਪ੍ਰਾਰਥਨਾਵਾਂ ਆਪਣੀ ਰੱਖਿਆ ਲਈ ਅਤੇ ਦੁਸ਼ਮਣਾਂ ਦੇ ਨਾਸ਼ ਲਈ ਹਨ ਅਤੇ ਵਾਰ-ਵਾਰ ਯਹੋਵਾ ਨੂੰ ਇਹ ਭਰੋਸਾ ਦਿਵਾਇਆ ਜਾਂਦਾ ਹੈ ਕਿ ਅਸੀਂ ਤੇਰੇ ਹੀ ਮੰਨਣ ਵਾਲੇ ਹਾਂ, ਦੂਜੇ ਪਾਸੇ ਯਹੋਵਾ ਦਾ ਵੀ ਇਹ ਆਦੇਸ਼ ਹੈ ਕਿ ਜੇ ਮੇਰੀ ਆਗਿਆ ਦਾ ਪਾਲਣ ਨਾ ਕੀਤਾ ਗਿਆ ਤਾਂ ਮੈਂ ਤਬਾਹੀ ਮਚਾ ਦਿਆਂਗਾ।

ਮੂਸਾ ਯਹੂਦੀਆਂ ਦੇ ਪ੍ਰਮੁਖ ਪੈਗੰਬਰ ਵਜੋਂ ਉਭਰ ਕੇ ਸਾਹਮਣੇ ਆਉਂਦਾ ਹੈ ਮੂਸਾ ਤੋਂ ਹੀ ਯਹੂਦੀ ਧਰਮ ਦਾ ਬੱਝਵਾਂ ਰੂਪ ਸ਼ੁਰੂ ਹੁੰਦਾ ਹੈ। ਮੂਸਾ ਨੂੰ ਤੌਰੇਤ ਦਾ ਕਰਤਾ ਵੀ ਮੰਨਿਆ ਜਾਂਦਾ ਹੈ ਜੋ ਪੁਰਾਣੇ ਨੇਮ ਦੀਆਂ ਪ੍ਰਮੁਖ ਪੁਸਤਕਾਂ ਹਨ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਮੂਸਾ ਬਾਰੇ ਇਸ ਪ੍ਰਕਾਰ ਦੱਸਿਆ ਹੈ, "ਇਸਰਾਈਲ ਵੰਸ਼ੀ ਇਮਰਾਨ ਦਾ ਪੁਤ੍ਰ ਜੋ ਈਸਾ ਦੇ ਜਨਮ ਤੋਂ ਬਾਰ੍ਹਾਂ ਸੌ ਵਰ੍ਹੇ ਪਹਿਲਾਂ ਪੈਦਾ ਹੋਇਆ ਹੈ। ਇਸਦਾ ਜਨਮ ਮਿਸਰ ਵਿਚ ਹੋਇਆ, ਉਸ ਸਮੇਂ ਫਿਰਾਊਨ ਬਾਦਸ਼ਾਹ ਇਸਰਾਈਲ ਵੰਸ਼ ਦੇ ਬਾਲਕਾਂ ਨੂੰ ਮਰਵਾ ਦਿੰਦਾ ਸੀ, ਇਸ ਲਈ ਇਸਦੀ ਮਾਤਾ ਨੇ ਇਕ ਸੰਦੂਕ ਵਿਚ ਰੱਖ ਕੇ ਮੂਸਾ ਨੂੰ ਦਰਿਆ ਵਿਚ ਵਹਾ ਦਿੱਤਾ, ਮਿਸਰ ਦੀ ਸ਼ਾਹਜ਼ਾਦੀ ਜੋ ਦਰਿਆ ਦੇ ਕਿਨਾਰੇ ਤੇ ਵਿਚਰ ਰਹੀ ਸੀ, ਉਸਦੀ

[8] *ਨਹਮਯਾਹ* 1:11.

ਨਿਗਾਹ ਇਹ ਬਾਲਕ ਪਿਆ, ਉਸਨੇ ਪਾਣੀ ਵਿਚੋ ਕੱਢਕੇ ਆਪਣਾ ਪਾਲਿਤ ਬਣਾ ਲਿਆ,ਇਬਰਾਨੀ ਭਾਸ਼ਾ ਵਿਚ ਮਾਸ਼ਾਹ ਦਾ ਅਰਥ ਹੈ ਖਿਚਿਆ, ਸੋ ਨਦੀ ਵਿਚੋਂ ਖਿੱਚਕੇ ਕੱਢਣ ਕਰਕੇ ਨਾਉ 'ਮੂਸਾ' ਹੋਇਆ:

ਚਾਲੀਹ ਵਰ੍ਹੇ ਦੀ ਉਮਰ ਵਿਚ ਮੂਸਾ ਅਰਬ ਵੱਲ ਆਇਆ ਅਤੇ ਸ਼ਾਦੀ ਕਰਕੇ ਗ੍ਰਹਿਸਥੀ ਬਣਿਆ, ਬਾਈਬਲ ਅਤੇ ਕੁਰਾਨ ਵਿਚ ਲਿਖਿਆ ਹੈ ਕਿ ਮੂਸਾ ਨੂੰ ਖੁਦਾ ਵੱਲੋਂ ਹੁਕਮ ਆਇਆ ਕਰਦਾ ਸੀ ਅਰ ਤੂਰ ਪਹਾੜ ਪਰ ਖੁਦਾ ਨਾਲ ਉਸਦੀਆਂ ਗੱਲਾਂ ਭੀ ਹੋਈਆਂ ਸਨ, ਬਲਕਿ ਖੁਦਾ ਨੇ ਆਪਣੀਆਂ ਉਗਲਾਂ ਨਾਲ ਲਿਖੀਆਂ ਹੋਈਆਂ ਸਲੇਟਾਂ ਮੂਸਾ ਨੂੰ ਦਿੱਤੀਆਂ ਸਨ, ਅਰ ਇਕ ਬਾਰ ਚਾਲੀ ਦਿਨ ਮੂਸਾ ਖੁਦਾ ਨਾਲ ਗੋਸਟਿ ਕਰਦਾ ਰਿਹਾ ਇਸੇ ਕਾਰਣ ਯਹੂਦੀ ਚਾਲੀ ਰੋਜ਼ੇ ਰੱਖਦੇ ਹਨ।

ਯਹੂਦੀਆਂ ਦਾ ਧਰਮ ਗੁਰੂ ਅਤੇ ਤੌਰੇਤ ਨੂੰ ਪ੍ਰਗਟ ਕਰਨ ਵਾਲਾ ਇਹੀ ਪੈਗੰਬਰ ਹੈ, ਬਾਈਬਲ ਵਿਚ ਖੁਦਾ ਦੇ ਦਸ ਹੁਕਮ ਜੋ ਲਿਖੇ ਹਨ,ਉਹ ਮੂਸਾ ਨੂੰ ਹੀ ਪ੍ਰਾਪਤ ਹੋਏ ਸਨ, ਉਹ ਹੁਕਮ ਇਹ ਹਨ:- ੳ) ਮੇਰੇ ਮੁਕਾਬਲੇ, ਤੇਰੇ ਤਾਈਂ ਦੂਜਾ ਪਰਮੇਸ਼ਵਰ ਨਾ ਹੋਵੇ, ਅ) ਮੂਰਤੀ ਪੂਜਾ ਨਾ ਕਰੀਂ, ੲ) ਖੁਦਾ ਦਾ ਨਾਮ ਅਕਾਰਥ ਨਾ ਲਈਂ, ਸ) ਸ਼ਨੀਵਾਰ ਦਾ ਦਿਨ ਪਵਿੱਤਰ ਜਾਣ ਕੇ ਕੋਈ ਕੰਮ ਨਾ ਕਰੀਂ, ਕਿਉਂਕਿ ਇਸ ਦਿਨ ਦੁਨੀਆਂ ਰਚ ਕੇ ਮੈਂ ਆਰਾਮ ਕੀਤਾ ਹੈ, ਹ) ਮਾਂ ਪਿਉ ਦਾ ਆਦਰ ਕਰੀਂ ਕ) ਖੂਨ ਨਾ ਕਰੀਂ ਖ) ਜਾਰੀ ਨਾ ਕਰੀਂ ਗ) ਚੋਰੀ ਨਾ ਕਰੀਂ ਘ) ਗਵਾਂਢੀ ਪੁਰ ਝੂਠੀ ਗਵਾਹੀ ਨਾ ਦੇਵੀਂ ਙ) ਗੁਆਂਢੀ ਦੀ ਕਿਸੇ ਚੀਜ਼ ਦਾ ਲਾਲਚ ਨਾ ਕਰੀਂ। ਮੂਸਾ ਦੀ ਸਾਰੀ ਉਮਰ 120 ਵਰ੍ਹੇ ਦੀ ਸੀ।"[9] ਮੂਸਾ ਨੇ ਪਹਿਲੀ ਵਾਰ ਯਹੂਦੀਆਂ ਨੂੰ ਇਕੱਤਰ ਕਰਕੇ ਯਹੋਵਾ ਦੇ ਕਹਿਣ ਅਨੁਸਾਰ ਆਪਣਾ ਦੇਸ਼ ਵਸਾਉਣ ਦਾ ਵਾਅਦਾ ਕਰਕੇ ਮਿਸਰ ਦੀ ਗੁਲਾਮੀ 'ਚੋਂ ਕੱਢਿਆ ਅਤੇ ਸਾਮੀ ਧਰਮ ਪਰੰਪਰਾ ਦੀ ਲੜੀ ਵਿਚ ਪਹਿਲੀ ਵਾਰ ਖੁਦਾ ਤੋਂ ਦਸ ਆਦੇਸ਼ ਲਿਖਤੀ ਰੂਪ ਵਿਚ ਲਏ।

### 4.1.5 ਅੰਮ੍ਰਿਤ ਵੇਲੇ ਦੀ ਪ੍ਰਾਰਥਨਾ

ਇਹ ਪ੍ਰਾਰਥਨਾ ਪੁਰਾਣੇ ਨੇਮ ਦੀ 19ਵੀਂ ਪੁਸਤਕ ਜ਼ਬੂਰਾਂ ਦੀ ਪੋਥੀ ਦੇ ਪਹਿਲੇ ਭਾਗ ਦੇ ਪੰਨਾ 684 ਉਪਰ ਦਰਜ ਹੈ ਇਹ ਪ੍ਰਾਰਥਨਾ ਪੈਗੰਬਰ ਦਾਊਦ ਦਾ ਭਜਨ ਹੈ ਜਦ ਉਹ ਆਪਣੇ ਪੁੱਤਰ ਅਬਸ਼ਾਲੋਮ ਅੱਗਿਉਂ ਭੱਜਿਆ। ਇਸ ਵਿਚ ਯਹੋਵਾਹ ਅੱਗੇ ਆਪਣੇ ਦੁਸ਼ਮਣਾਂ ਦੇ ਖਾਤਮੇ ਲਈ ਬੇਨਤੀ ਕੀਤੀ ਗਈ ਹੈ। ਯਹੋਵਾਹ ਨੂੰ ਆਪਣਾ ਸੁਰੱਖਿਅਕ ਮੰਨਿਆ ਗਿਆ ਹੈ। ਇਸ ਬੇਨਤੀ ਵਿਚ ਸਾਰਾ ਕੁਝ ਕਰਨ ਕਰਵਾਉਣ ਵਾਲਾ ਪਰਮੇਸ਼ੁਰ ਨੂੰ ਮੰਨ ਕੇ ਸਾਰੀ ਪਰਜਾ ਦਾ ਯਹੋਵਾਹ ਕੋਲੋਂ ਭਲਾ ਮੰਗਿਆ ਹੈ। ਕਰਤਾਰ ਚੰਦ ਭੱਟੀ ਆਪਣੀ ਰਚਨਾ '*ਈਸਾਈ ਧਰਮ ਇਕ ਜਾਣ-ਪਛਾਣ*' ਵਿਚ ਜ਼ਬੂਰਾਂ ਦੀ ਪੋਥੀ ਬਾਰੇ ਇੰਝ ਲਿਖਦੇ ਹਨ, "ਇਹ ਪੋਥੀ ਦਾਊਦ ਦੇ ਜ਼ਬੂਰਾਂ ਦੀ ਪੋਥੀ ਕਹਾਉਂਦੀ ਹੈ ਜਿਸਨੂੰ ਇਸਰਾਈਲ ਆਪਣੇ ਪਬਲਿਕ ਜਲਸਿਆ 'ਤੇ ਖੁਦਾਵੰਦ ਦੀ ਤਾਰੀਫ ਕਰਨ ਸਮੇਂ ਵਰਤਦੇ ਸਨ। ਇਹ ਅਜਿਹੀ ਪੁਸਤਕ ਹੈ ਜਿਹੜੀ ਕਿ ਪਵਿੱਤਰ ਬਾਈਬਲ ਦੀਆਂ ਸਾਰੀਆਂ ਪੁਸਤਕਾਂ ਵਿਚ ਵਧੇਰੇ ਪੜ੍ਹੀ ਜਾਂਦੀ ਹੈ। ਅੰਗਰੇਜ਼ੀ

[9] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 990.

ਲਿਟਰੇਚਰ ਦੇ ਕੁਝ ਖਾਸ ਬੰਦ ਇਸ ਪੁਸਤਕ ਵਿਚ ਪਾਏ ਜਾਂਦੇ ਹਨ। ਇਸ ਵਿਚ 150 ਜ਼ਬੂਰ ਹਨ ਜਿੰਨ੍ਹਾਂ ਵਿਚੋਂ ਅਧਿਕਤਰ ਦਾਊਦ ਦੇ ਲਿਖੇ ਹਨ।"[10]

"ਹੇ ਯਹੋਵਾਹ, ਮੇਰੇ ਵਿਰੋਧੀ ਕਿੰਨ੍ਹੇ ਹੀ ਵਧ ਗਏ ਹਨ, ਮੇਰੇ ਵਿਰੁੱਧ ਬਹੁਤ ਉੱਠ ਖੜੋਤੇ ਹਨ! ਬਾਹਲੇ ਮੇਰੀ ਜਾਨ ਦੇ ਲਈ ਆਖਦੇ ਹਨ, ਭਈ ਪਰਮੇਸ਼ੁਰ ਵੱਲੋਂ ਉਹ ਦਾ ਬਚਾਓ ਹੈ ਨਹੀ॥ ਸਲਹ*॥ ਪਰ ਹੇ ਯਹੋਵਾਹ ਤੂੰ ਮੇਰੇ ਦੁਆਲੇ ਢਾਲ ਹੈਂ, ਮੇਰੀ ਮਹਿਮਾ ਅਤੇ ਮੇਰੇ ਸਿਰ ਦਾ ਉਠਾਉਣ ਵਾਲਾ ਹੈ।ਮੈਂ ਆਪਣੀ ਅਵਾਜ਼ ਨਾਲ ਯਹੋਵਾਹ ਨੂੰ ਪੁਕਾਰਦਾ ਹਾਂ, ਉਹ ਆਪਣੇ ਪਵਿੱਤਰ ਪਹਾੜੋਂ ਮੈਨੂੰ ਉੱਤਰ ਦਿੰਦਾ ਹੈ॥ ਸਲਹ॥ਮੈਂ ਲੰਮਾ ਪੈ ਗਿਆ ਤੇ ਸੌਂ ਗਿਆ,ਮੈ ਜਾਗ ਉੱਠਿਆ,ਕਿਉਂ ਜੋ ਯਹੋਵਾਹ ਮੈਨੂੰ ਸੰਭਾਲਦਾ ਹੈ।ਮੈਂ ਉਨ੍ਹਾਂ ਧਾੜਾਂ ਤੋਂ ਨਹੀਂ ਡਰਾਂਗਾ, ਜਿੰਨ੍ਹਾਂ ਆਲੇ ਦੁਆਲੇ ਮੇਰੇ ਵਿਰੁੱਧ ਘੇਰਾ ਪਾ ਲਿਆ ਹੈ।ਹੇ ਯਹੋਵਾਹ, ਉੱਠ! ਮੇਰੇ ਪਰਮੇਸ਼ੁਰ ਮੈਨੂੰ ਬਚਾ ਤੂੰ ਤਾਂ ਮੇਰੇ ਸਭਨਾਂ ਵੈਰੀਆਂ ਦੀਆਂ ਖਾਖਾਂ ਉੱਤੇ ਮਾਰਿਆ ਹੈ, ਅਤੇ ਦੁਸ਼ਟਾਂ ਦੇ ਦੰਦ ਭੰਨ ਸੁੱਟੇ ਹਨ।ਬਚਾਓ ਯਹੋਵਾਹ ਵੱਲੋਂ ਹੈ, ਤੇਰੀ ਬਰਕਤ ਤੇਰੀ ਪਰਜਾ ਦੇ ਉੱਤੇ ਹੋਵੇ॥ ਸਲਹ॥[11]" ਯਹੂਦੀ ਕਈ ਸਦੀਆਂ ਗੁਲਾਮ ਰਹੇ ਜਿਸ ਕਾਰਣ ਉਹ ਬਹੁਤ ਦੁਖ ਤਕਲੀਫਾਂ ਝੱਲਦੇ ਰਹੇ ਜਿਸ ਕਾਰਣ ਉਹਨਾਂ ਦੀਆਂ ਪ੍ਰਾਰਥਨਾਵਾਂ ਵਿਚ ਦੁਸ਼ਮਣਾਂ ਦੇ ਨਾਸ਼ ਕਰਨ ਦੀ ਗੱਲ ਵਾਰ-ਵਾਰ ਆਉਂਦੀ ਹੈ।

### 4.1.6 ਸੰਝ ਦੀ ਪ੍ਰਾਰਥਨਾ

ਇਹ ਪ੍ਰਾਰਥਨਾ ਪੁਰਾਣੇ ਨੇਮ ਦੀ 19ਵੀਂ ਪੁਸਤਕ ਜ਼ਬੂਰਾਂ ਦੀ ਪੋਥੀ ਦੇ ਪਹਿਲੇ ਭਾਗ ਦੇ ਪੰਨਾ 684 ਤੇ ਦਰਜ ਪੈਗੰਬਰ ਦਾਊਦ ਵੱਲੋਂ ਕੀਤੀ ਗਈ ਹੈ। ਜਿਸਦਾ ਸਿਰਲੇਖ ਸੁਰਪਤੀ ਲਈ ਤਾਰ ਵਾਲੇ ਵਾਜਿਆਂ ਨਾਲ, ਦਾਊਦ ਦਾ ਭਜਨ ਹੈ। ਇਸ ਪ੍ਰਾਰਥਨਾ ਵਿਚ ਯਹੋਵਾ ਅੱਗੇ ਦਿਤੀਆਂ ਦਾਤਾਂ ਦਾ ਸ਼ੁਕਰਾਨਾ ਕੀਤਾ ਗਿਆ ਹੈ ਅਤੇ ਨਾਲ ਹੀ ਹੋਰ ਮੰਗਾਂ ਵੀ ਕੀਤੀਆਂ ਗਈਆਂ ਹਨ। ਇਸ ਪ੍ਰਾਰਥਨਾ ਵਿਚ ਰੱਬ ਨੂੰ ਆਪਣੀ ਪੁਕਾਰ ਦਾ ਉਤਰ ਦੇਣ ਲਈ ਪ੍ਰਾਰਥਨਾ ਹੈ। ਇਸ ਵਿਚ ਰੱਬ ਵੱਲੋਂ ਵੀ ਮਨੁੱਖਾਂ ਨਾਲ ਗੱਲਾਂ ਕੀਤੀਆਂ ਗਈਆਂ ਹਨ ਕਿ ਮੇਰੀਆਂ ਬਖਸ਼ਿਸ਼ਾਂ ਨੂੰ ਸਾਂਭੋ, ਧਰਮ ਦੀ ਖਾਤਰ ਬਲੀਆਂ ਦਿਉ। "ਜਦੋਂ ਮੈਂ ਤੈਨੂੰ ਪੁਕਾਰਾਂ, ਤੂੰ ਮੈਨੂੰ ਉੱਤਰ ਦੇਹ, ਹੇ ਮੇਰੇ ਧਰਮ ਦੇ ਪਰਮੇਸ਼ੁਰ। ਜਦ ਮੈ ਤੰਗੀ ਵਿਚ ਸੀ ਤੂੰ ਮੈਨੂੰ ਖੁਲ੍ਹ ਦਿੱਤੀ, ਮੇਰੇ ਉੱਤੇ ਦਯਾ ਕਰ ਕੇ ਮੇਰੀ ਪ੍ਰਾਰਥਨਾ ਸੁਣ ਲੈ॥ਹੇ ਮਨੁੱਖ ਦੇ ਪੁੱਤਰੋ ਤੁਸੀ ਕਦ ਤੱਕ ਮੇਰੀ ਮਹਿਮਾ ਦੀ ਬੇਪਤੀ ਕਰੋਗੇ, ਵਿਅਰਥ ਨਾਲ ਪ੍ਰੀਤ ਲਾਓਗੇ, ਝੂਠ ਨੂੰ ਭਾਲੋਗੇ?॥ਸਲਹ॥ਪਰ ਏਹ ਜਾਣੋ ਭਈ ਯਹੋਵਾਹ ਨੇ ਸੰਤ ਜਨ ਨੂੰ ਆਪਣੇ ਲਈ ਵਖਰਾ ਕਰ ਰੱਖਿਆ ਹੈ, ਜਦੋਂ ਮੈਂ ਉਹ ਨੂੰ ਪੁਰਕਾਂ ਯਹੋਵਾਹ ਮੇਰੀ ਸੁਣੇਗਾ।ਕੰਬ ਜਾਓ ਅਰ ਪਾਪ ਨਾ ਕਰੋ, ਆਪਣਿਆਂ ਬਿਸਤਰਿਆਂ ਉੱਤੇ ਆਪਣੇ ਮਨਾਂ ਵਿਚ ਸੋਚੋ ਅਤੇ ਚੁੱਪ ਰਹੋ। ਸਲਹ॥ਧਰਮ ਦੇ ਬਲੀਦਾਨ ਚੜ੍ਹਾਓ, ਅਤੇ ਯਹੋਵਾਹ ਉੱਤੇ ਆਸ ਰੱਖੋ।ਬਹੁਤ ਇਹ ਆਖਦੇ ਹਨ ਭਈ ਸਾਨੂੰ ਕੌਣ ਕੁਝ ਭਲਿਆਈ ਵਿਖਾਵੇਗਾ? ਹੇ ਯਹੋਵਾਹ, ਆਪਣੇ ਮੁਖੜੇ ਨੂੰ ਸਾਡੇ

---

[10] ਲੇਖਕ ਕਰਤਾਰ ਚੰਦ ਭੱਟੀ, ਸੰਪਾ. ਕੁਲਵੰਤ ਸਿੰਘ ਗਰੇਵਾਲ, *ਈਸਾਈ ਧਰਮ ਇਕ ਜਾਣ-ਪਛਾਣ*, ਪੰਨਾ 15.

[11] *ਜ਼ਬੂਰਾਂ ਦੀ ਪੋਥੀ*, 3-8.

ਉਤੇ ਚਮਕਾ।ਤੂੰ ਮੇਰੇ ਮਨ ਵਿਚ ਉਨ੍ਹਾਂ ਦੇ ਨਾਲੋਂ ਜਦ ਉਨ੍ਹਾਂ ਦੇ ਦਾਣੇ ਅਤੇ ਦਾਖ ਰਸ ਬਹੁਤ ਹੋ ਗਏ ਹਨ,ਵਧੀਕ ਅਨੰਦ ਪਾ ਦਿੱਤਾ ਹੈ।ਮੈਂ ਸ਼ਾਂਤੀ ਨਾਲ ਲੇਟਦਿਆਂ ਹੀ ਸੌਂ ਜਾਵਾਂਗਾ, ਕਿਉਂ ਜੋ ਹੇ ਯਹੋਵਾਹ ਤੂੰ ਹੀ ਮੈਨੂੰ ਅਮਨ ਵਿੱਚ ਵਸਾਉਂਦਾ ਹੈ।"[12] ਇਸ ਪ੍ਰਾਰਥਨਾ ਵਿਚ ਯਹੋਵਾ ਅਤੇ ਪ੍ਰਾਰਥਨਾ ਕਰਨ ਵਾਲਾ ਹਮਕਲਾਮ ਹੋ ਰਹੇ ਹਨ। ਯਹੋਵਾ ਮਨੁੱਖਾਂ ਨੂੰ ਆਪਣੀ ਵਡਿਆਈ ਦੀ ਬੇਪਤੀ ਕਰਨ ਤੋਂ ਰੋਕ ਰਿਹਾ ਹੈ। ਉਹ ਮਨੁੱਖਾਂ ਨੂੰ ਝੂਠੀ ਪ੍ਰੀਤ ਛੱਡ ਕੇ ਆਪਣੇ ਨਾਲ ਸੱਚੇ ਦਿਲੋਂ ਜੁੜਨ ਦੀ ਤਾਕੀਦ ਕਰ ਰਿਹਾ ਹੈ।

### 4.1.7 ਰਾਖੀ ਲਈ ਅੰਮ੍ਰਿਤ ਵੇਲੇ ਦੀ ਬੇਨਤੀ

ਦਾਊਦ ਭਾਵੇਂ ਇਕ ਬਾਦਸ਼ਾਹ ਸੀ ਪਰ ਯਹੂਦੀ ਧਰਮ ਵਿਚ ਇਕ ਪੈਗੰਬਰ ਵਜੋਂ ਵੀ ਜਾਣਿਆਂ ਜਾਂਦਾ ਹੈ ਅਤੇ ਮੰਨਿਆ ਜਾਂਦਾ ਹੈ ਕਿ ਯਰੂਸ਼ਲਮ ਸ਼ਹਿਰ ਇਸ ਦੁਆਰਾ ਵਸਾਇਆ ਗਿਆ ਸੀ।ਭਾਈ ਕਾਨ੍ਹ ਸਿੰਘ ਨਾਭਾ ਰਚਿਤ *ਮਹਾਨ ਕੋਸ਼ ਅਨੁਸਾਰ,* "ਇਸਰਾਈਲ ਵੰਸ਼ੀ ਜ਼ਰੂਸ਼ਲਮ ਦਾ ਇਕ ਬਾਦਸ਼ਾਹ, ਜੋ ਜੈਸੀ ਦਾ ਪੁਤ੍ਰ ਅਤੇ ਸੁਲੇਮਾਨ ਦਾ ਪਿਤਾ ਸੀ, ਇਸਦੀ ਗਿਣਤੀ ਪੈਗੰਬਰਾਂ ਵਿਚ ਹੈ, ਜ਼ਬੂਰ ਖੁਦਾ ਵੱਲੋਂ ਇਸਨੂੰ ਪ੍ਰਾਪਤ ਹੋਇਆ ਹੈ ਜਿਸਤੋਂ ਸੰਗਯਾ ਹੋਈ, ਦਾਊਦ 70 ਵਰ੍ਹੇ ਦੀ ਉਮਰ ਭੋਗ ਕੇ ਜਰੂਸ਼ਲਮ ਵਿਚ ਮੋਇਆ, ਜਿੱਥੇ ਉਸਦੀ ਕਬਰ ਵਿਦਯਮਾਨ ਹੈ, ਬਾਈਬਲ ਤੋਂ ਪ੍ਰਤੀਤ ਹੁੰਦਾ ਹੈ ਕਿ ਜ਼ਰੂਸ਼ਲਮ ਦਾਊਦ ਨੇ ਹੀ ਆਬਾਦ ਕੀਤਾ ਹੈ ਕਿਉਂਕਿ ਉਸਦਾ ਨਾਮ ਦਾਊਦ ਦਾ ਸ਼ਹਿਰ ਲਿਖਿਆ ਹੈ।"[13] ਇਸ ਪੈਗੰਬਰ ਬਾਰੇ ਬਾਈਬਲ ਵਿਚ ਇਹ ਜਾਣਕਾਰੀ ਦਰਜ ਹੈ ਕਿ ਉਹ ਯਰੂਸ਼ਲਮ ਵਿਚ ਮਰਿਆ ਅਤੇ ਉਸਦੀ ਕਬਰ ਵੀ ਉਥੇ ਮੌਜੂਦ ਹੈ ਅਤੇ ਯਰੂਸ਼ਲਮ ਦਾ ਦੂਜਾ ਨਾਂ 'ਦਾਊਦ ਦਾ ਸ਼ਹਿਰ' ਹੈ।

ਇਹ ਪ੍ਰਾਰਥਨਾ ਪੁਰਾਣੇ ਨੇਮ ਦੀ 19ਵੀਂ ਪੁਸਤਕ ਜ਼ਬੂਰਾਂ ਦੀ ਪੋਥੀ ਦੇ ਪਹਿਲੇ ਭਾਗ ਵਿੱਚ ਪੰਨਾ 684-85 ਤੇ ਦਰਜ ਹੈ ਅਤੇ ਇਹ ਵੀ ਪੈਗੰਬਰ ਦਾਊਦ ਦਾ ਭਜਨ ਹੈ। ਇਸਦਾ ਉਪਸਿਰਲੇਖ ਸੁਰ ਪਤੀ ਲਈ ਬੰਸਰੀਆਂ ਨਾਲ, ਦਾਊਦ ਦਾ ਭਜਨ ਹੈ। ਇਸ ਵਿਚ ਯਹੋਵਾਹ ਨੂੰ ਬੇਨਤੀਆਂ ਸੁਣਨ ਲਈ ਪ੍ਰਾਰਥਨਾ ਕੀਤੀ ਗਈ ਹੈ। ਇਸ ਵਿਚ ਯਹੋਵਾਹ ਦੀ ਪ੍ਰਸ਼ੰਸਾ ਕੀਤੀ ਗਈ ਹੈ ਕਿ ਉਹ ਨੇਕੀ ਦਾ ਸਾਥ ਦੇਣ ਵਾਲਾ ਹੈ ਅਤੇ ਉਸਦੀ ਦਇਆ ਦੇ ਸਹਾਰੇ ਜਿਉਂਦੀ ਹੈ। ਸੋ ਇਸ ਲਈ ਪਾਪੀਆਂ ਦੇ ਨਾਸ਼ ਅਤੇ ਪੁੰਨੀਆਂ ਲਈ ਬਰਕਤਾਂ ਦੀ ਮੰਗ ਵੀ ਇਸ ਪ੍ਰੇਅਰ ਵਿਚ ਕੀਤੀ ਗਈ ਹੈ , "ਹੇ ਯਹੋਵਾਹ, ਮੇਰੀਆਂ ਗੱਲਾਂ ਵੱਲ ਕੰਨ ਲਾ ਅਤੇ ਮੇਰੀ ਹੂੰਗਣ ਉੱਤੇ ਧਿਆਨ ਕਰ। ਹੇ ਮੇਰੇ ਪਾਤਸ਼ਾਹ, ਹੇ ਮੇਰੇ ਪਰਮੇਸ਼ੁਰ ਮੇਰੀ ਦੁਹਾਈ ਦੀ ਅਵਾਜ਼ ਸੁਣ, ਕਿਉਂ ਜੋ ਮੈਂ ਤੇਰੇ ਅੱਗੇ ਪ੍ਰਾਰਥਨਾ ਕਰਦਾ ਹਾਂ। ਹੇ ਯਹੋਵਾਹ ਤੂੰ ਅੰਮ੍ਰਿਤ ਵੇਲੇ ਮੇਰੀ ਅਵਾਜ਼ ਸੁਣੇਗਾ, ਅੰਮ੍ਰਿਤ ਵੇਲੇ ਮੈਂ ਤੇਰੇ ਲਈ ਤਿਆਰੀ ਕਰ ਕੇ ਤੇਰੀ ਉਡੀਕ ਕਰਾਂਗਾ। ਤੂੰ ਤਾਂ ਅਜਿਹਾ ਪਰਮੇਸ਼ੁਰ ਨਹੀਂ ਜੋ ਦੁਸ਼ਟਤਾਈ ਤੋਂ ਪਰਸੰਨ ਹੋਵੇ, ਬਦੀ ਤੇਰੇ ਨਾਲ ਟਿਕ ਨਹੀਂ ਸੱਕਦੀ। ਘੁਮੰਡੀ ਤੇਰੀਆਂ ਅੱਖਾਂ ਅੱਗੇ ਖਲੋ ਨਹੀਂ ਸੱਕਦੇ, ਤੂੰ ਸਾਰਿਆਂ ਬਦਕਾਰਾਂ ਨਾਲ ਵੈਰ ਰੱਖਦਾ ਹੈ। ਯਹੋਵਾਹ ਖੂਨੀ ਅਤੇ ਛਲੀਏ ਤੋਂ ਘਿਣ ਕਰਦਾ ਹੈ। ਪਰ ਮੈਂ ਤੇਰੀ ਘਨੇਰੀ ਦਯਾ ਦੇ ਕਾਰਨ ਤੇਰੇ ਭਵਨ ਵਿਚ ਅਵਾਂਗਾ, ਮੈਂ ਤੇਰੇ ਭੈ ਨਾਲ ਤੇਰੀ ਪਵਿੱਤਰ ਹੈਕਲ(ਮੰਦਰ) ਵੱਲ ਮੱਥਾ ਟੇਕਾਂਗਾ। ਹੇ ਯਹੋਵਾਹ, ਮੇਰੇ ਘਾਤੀਆਂ ਦੇ ਕਾਰਨ ਆਪਣੇ ਧਰਮ ਵਿਚ

[12] *ਜ਼ਬੂਰਾਂ ਦੀ ਪੋਥੀ* 4:8.
[13] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 626.

ਮੇਰੀ ਅਗਵਾਈ ਕਰ, ਮੇਰੇ ਅੱਗੇ ਆਪਣਾ ਰਾਹ ਸਿੱਧਾ ਕਰ, ਕਿਉਂ ਜੋ ਉਹਨਾਂ ਦੇ ਮੂੰਹ ਵਿਚ ਕੋਈ ਪਕਿਆਈ ਨਹੀਂ ਉਹਨਾਂ ਦਾ ਮਨ ਤਬਾਹੀ ਹੈ, ਉਹਨਾਂ ਦਾ ਸੰਘ ਖੁੱਲ੍ਹੀ ਹੋਈ ਕਬਰ ਹੈ, ਉਹ ਆਪਣੀਆਂ ਜੀਭਾਂ ਨਾਲ ਵਲ ਛਲ ਕਰਦੇ ਹਨ, ਹੇ ਪਰਮੇਸ਼ੁਰ ਤੂੰ ਉਹਨਾਂ ਨੂੰ ਦੋਸ਼ੀ ਠਹਿਰਾ, ਉਹ ਆਪਣਿਆਂ ਮਤਿਆਂ ਦੇ ਕਾਰਨ ਡਿੱਗ ਪੈਣ, ਉਹਨਾਂ ਦੇ ਅਪਰਾਧਾਂ ਦੇ ਬਹੁਤ ਹੋਣ ਕਰਕੇ ਉਹਨਾਂ ਨੂੰ ਧੱਕ ਦੇਹ ਕਿਉਂ ਜੋ ਉਹ ਤੈਥੋਂ ਆਕੀ ਹੋਏ ਹਨ। ਪਰ ਸਭ ਜੋ ਤੇਰੀ ਸ਼ਰਨ ਆਏ ਹਨ ਅਨੰਦ ਹੋਣ, ਉਹ ਸਦਾ ਜੈ ਜੈ ਕਾਰ ਕਰਨ ਕਿ ਤੂੰ ਉਹਨਾਂ ਨੂੰ ਢੱਕਦਾ ਹੈ। ਅਤੇ ਤੇਰੇ ਨਾਮ ਦੇ ਪ੍ਰੇਮੀ ਤੈਥੋਂ ਬਾਗ ਬਾਗ ਹੋਣ। ਹੇ ਯਹੋਵਹ, ਤੂੰ ਤਾਂ ਧਰਮੀ ਨੂੰ ਬਰਕਤ ਦੇਵੇਂਗਾ, ਢਾਲ ਰੂਪੀ ਕ੍ਰਿਪਾ ਦੇ ਨਾਲ ਤੂੰ ਉਹ ਨੂੰ ਘੇਰੀ ਰੱਖੇਂਗਾ।"[14] ਪੁਰਾਣੇ ਨੇਮ ਵਿਚ ਜ਼ਬੂਰਾਂ ਦੀ ਪੋਥੀ ਨਾਂ ਦੀ ਪੁਸਤਕ ਵਿਚ ਯਹੂਦੀਆਂ ਦੀਆਂ ਜ਼ਿਆਦਾਤਰ ਪ੍ਰਾਰਥਨਾਵਾਂ ਦਰਜ ਹਨ ਅਤੇ ਇਹਨਾਂ ਪ੍ਰਾਰਥਨਾਵਾਂ ਦਾ ਸਰੂਪ ਵੀ ਲਗਭਗ ਇਕੋ ਜਿਹਾ ਹੀ ਹੈ ਜਿਵੇਂ ਯਹੋਵਾ ਅੱਗੇ ਦੁਸ਼ਮਣਾਂ ਦਾ ਨਾਸ਼ ਅਤੇ ਉਹਨਾਂ ਨੂੰ ਮੰਨਣ ਵਾਲਿਆਂ ਦਾ ਭਲਾ ਮੰਗਿਆ ਗਿਆ ਹੈ।

### 4.1.8 ਦੁੱਖ ਵੇਲੇ ਦੀ ਬੇਨਤੀ

ਇਹ ਪ੍ਰੇਅਰ ਪੁਰਾਣੇ ਨੇਮ ਦੀ ਉਨ੍ਹੀਵੀਂ ਦਾ ਪੁਸਤਕ ਜ਼ਬੂਰਾਂ ਦੀ ਪੋਥੀ ਪਹਿਲੇ ਭਾਗ ਵਿੱਚ ਪੰਨਾ 68586 ਤੇ 'ਦੁੱਖ ਵੇਲੇ ਦੀ ਬੇਨਤੀ' ਸਿਰਲੇਖ ਹੇਠ ਦਰਜ ਹੈ ਅਤੇ ਇਸ ਉਪਸਿਰਲੇਖ ਸੁਰ ਪਤੀ ਲਈ ਤਾਰ ਵਾਲੇ ਵਾਜਿਆਂ ਨਾਲ ਸਰਗਰਮ ਉੱਤੇ ਦਾਊਦ ਦਾ ਭਜਨ ਹੈ। ਇਹ ਉਸ ਵੇਲੇ ਦੀ ਪ੍ਰੇਅਰ ਹੈ ਜਦੋਂ ਕੋਈ ਯਹੂਦੀ ਕਿਸੇ ਸਰੀਰਿਕ ਦੁਖ ਵਿੱਚ ਹੈ। ਇਸ ਲਈ ਦੁਖ ਵਿਚ ਯਹੋਵਾਹ ਨੂੰ ਯਾਦ ਕਰਨ ਦੀ ਵਿਥਿਆ ਹੈ ਅਤੇ ਨਾਲ ਹੀ ਪ੍ਰਾਰਥਨਾ ਸੁਣੇ ਜਾਣ ਦਾ ਵੀ ਵਿਸ਼ਵਾਸ ਹੈ, "ਹੇ ਯਹੋਵਾਹ, ਤੂੰ ਆਪਣੇ ਕ੍ਰੋਧ ਨਾਲ ਮੈਨੂੰ ਦਬਕਾ ਨਾ ਦੇਹ, ਨਾ ਆਪਣੇ ਤੇਜ਼ ਕੋਪ ਨਾਲ ਮੈਨੂੰ ਤਾੜ। ਹੇ ਯਹੋਵਾਹ, ਮੇਰੇ ਉੱਤੇ ਦਯਾ ਕਰ ਕਿਉਂ ਜੋ ਮੈਂ ਕੁਮਲਾ ਰਿਹਾ ਹਾਂ। ਹੇ ਯਹੋਵਾਹ ਮੈਨੂੰ ਚੰਗਿਆਂ ਕਰ ਕਿਉਂ ਜੋ ਮੇਰੀਆਂ ਹੱਡੀਆਂ ਬਿਆਕਲ ਹਨ। ਮੇਰੀ ਜਾਨ ਵੀ ਅੱਤ ਬਿਆਕਲ ਹੈ, ਅਤੇ ਤੂੰ ਯਹੋਵਾਹ, ਕਦੋਂ ਤੀਕ? ਹੇ ਯਹੋਵਾਹ, ਮੁੜ ਆ, ਮੇਰੀ ਜਾਨ ਨੂੰ ਛੁਡਾ, ਆਪਣੀ ਦਯਾ ਦੇ ਕਾਰਨ ਮੈਨੂੰ ਬਚਾ। ਕਿਉਂ ਜੋ ਮੌਤ ਵਿੱਚ ਤੇਰਾ ਸਿਮਰਨ ਨਹੀਂ, ਪਤਾਲ ਵਿੱਚ ਕੌਣ ਤੇਰਾ ਧੰਨਵਾਦ ਕਰੇਗਾ? ਮੈਂ ਧਾਹਾਂ ਮਾਰਦਾ ਮਾਰਦਾ ਥੱਕ ਗਿਆ। ਸਾਰੀ ਰਾਤ ਮੈਂ ਆਪਣੇ ਵਿਛਾਉਣੇ ਉੱਤੇ ਹੜ੍ਹ ਵਗਾ ਲੈਂਦਾ ਹਾਂ। ਆਪਣੇ ਅੰਝੂਆਂ ਨਾਲ ਮੈਂ ਆਪਣਾ ਮੰਜਾ ਭਿਉਂਦਾ ਹਾਂ। ਮੇਰੀਆਂ ਅੱਖਾਂ ਸੋਗ ਦੇ ਮਾਰੇ ਗਲ ਗਈਆਂ, ਉਹ ਮੇਰੇ ਵਿਰੋਧੀਆਂ ਦੇ ਕਾਰਨ ਚੁੰਨੀਆਂ ਹੋ ਗਈਆਂ ਹਨ। ਹੇ ਤੁਸੀਂ ਸਾਰੇ ਕੁਕਰਮੀਓ, ਮੇਰੇ ਕੋਲੋਂ ਦੂਰ ਹੋ ਜਾਓ, ਕਿਉਂ ਜੋ ਯਹੋਵਾਹ ਨੇ ਮੇਰੇ ਰੋਣ ਦੀ ਅਵਾਜ਼ ਸੁਣ ਲਈ ਹੈ।ਯਹੋਵਾਹ ਨੇ ਮੇਰੀ ਬੇਨਤੀ ਸੁਣ ਲਈ ਹੈ, ਯਹੋਵਾਹ ਮੇਰੀ ਪ੍ਰਾਰਥਨਾ ਕਬੂਲ ਕਰੇਗਾ। ਮੇਰੇ ਸਾਰੇ ਵੈਰੀ ਲੱਜਿਆਵਾਨ ਅਰ ਅੱਤ ਬਿਆਕਲ ਹੋਣਗੇ। ਓਹ ਮੁੜ ਜਾਣਗੇ ਅਤੇ ਅਚਣਚੇਤ ਲੱਜਿਆਵਾਨ ਹੋ ਜਾਣਗੇ।"[15] ਇਹ ਪ੍ਰਾਰਥਨਾ ਸਰੀਰਿਕ ਕਸ਼ਟ ਤੋਂ ਨਿਜਾਤ ਦਿਵਾਉਣ ਲਈ ਯਹੋਵਾਹ ਅੱਗੇ ਤਰਲਾ ਹੈ

[14] *ਜ਼ਬੂਰਾਂ ਦੀ ਪੋ*ਥੀ 5:12.
[15] ਉਹੀ, 6:10.

ਅਤੇ ਨਾਲ ਹੀ ਦੁਸ਼ਮਣਾਂ ਨੂੰ ਵੀ ਚੇਤਾਵਨੀ ਹੈ ਕਿ ਯਹੋਵਾਹ ਨੇ ਪ੍ਰਾਰਥਨਾ ਸੁਣ ਲਈ ਹੈ ਹੁਣ ਤੁਹਾਡੀ ਖ਼ੈਰ ਨਹੀਂ।

### 4.1.9 ਯਹੋਵਾਹ ਧਰਮੀਆਂ ਦਾ ਰਾਖਾ

ਇਹ ਪੁਰਾਣੇ ਨੇਮ ਦੀ 19ਵੀਂ ਪੁਸਤਕ ਜ਼ਬੂਰਾਂ ਦੀ ਪੋਥੀ ਦੇ ਭਾਗ ਪਹਿਲੇ ਦੇ 686 ਪੰਨੇ ਤੇ ਉਪ ਸਿਰਲੇਖ 'ਦਾਊਦ ਦਾ ਸ਼ਿਗਾਯੋਨ ਨਾਮੇ ਭਜਨ ਜਿਹੜਾ ਉਸਨੇ ਯਹੋਵਾਹ ਲਈ ਬਿਨਯਾਮੀਨੀ ਕੂਸ਼ ਦੀਆਂ ਗੱਲਾਂ ਦੇ ਕਾਰਨ ਗਾਇਆ' ਹੇਠ ਦਰਜ ਹੈ। ਇਸ ਵਿਚ ਯਹੋਵਾਹ ਨੂੰ ਉਸਦੀ ਸ਼ਰਨ ਲੈਣ ਲਈ ਬੇਨਤੀ ਕੀਤੀ ਗਈ ਹੈ। ਆਪਣੀ ਰੱਖਿਆ ਲਈ ਧੰਨਵਾਦ ਹੈ ਆਪਣੇ ਆਪਨੂੰ ਬੇਗੁਨਾਹ ਸਾਬਤ ਕਰਨ ਦਾ ਤਰਲਾ ਹੈ। ਦੁਸ਼ਟਾਂ ਨੂੰ ਮਾਰਨ ਅਤੇ ਭਲਿਆਂ ਨੂੰ ਉਭਾਰਨ ਦੀ ਬੇਨਤੀ ਹੈ। "ਹੇ ਯਹੋਵਾਹ ਮੇਰੇ ਪਰਮੇਸ਼ੁਰ, ਮੈਂ ਤੇਰੀ ਪਨਾਹ ਲੈਂਦਾ ਹਾਂ। ਤੂੰ ਮੈਨੂੰ ਸਭ ਪਿੱਛਾ ਕਰਨ ਵਾਲਿਆਂ ਤੋਂ ਬਚਾ ਕੇ ਛੁਡਾ ਲੈ, ਮਤੇ ਕੋਈ ਬਬਰ ਸ਼ੇਰ ਵਾਂਗ ਮੇਰੀ ਜਿੰਦ ਨੂੰ ਪਾੜ ਖਾਵੇ ਅਤੇ ਕੋਈ ਛਡਾਉਣ ਵਾਲਾ ਨਾ ਹੋਣ ਕਰਕੇ ਉਹ ਮੇਰੇ ਟੋਟੇ ਟੋਟੇ ਕਰ ਛੱਡੇ। ਹੇ ਯਹੋਵਾਹ ਮੇਰੇ ਪਰਮੇਸ਼ੁਰ, ਜੇ ਮੈਥੋਂ ਏਹ ਹੋਇਆ ਹੋਵੇ, ਜੇ ਮੇਰੀ ਹੱਥੀਂ ਬਦੀ ਹੋਈ ਹੋਵੇ। ਜੇ ਮੈਂ ਆਪਣੇ ਮੇਲੀ ਨਾਲ ਬੁਰਿਆਈ ਕੀਤੀ ਹੋਵੇ, ਸਗੋਂ ਮੈਂ ਤਾਂ ਆਪਣੇ ਬੇ ਸਬੱਬੋਂ ਵਿਰੋਧੀ ਨੂੰ ਛਡਾਇਆ ਹੈ ਤਾਂ ਵੈਰੀ ਮੇਰੀ ਜਾਨ ਦਾ ਪਿੱਛਾ ਕਰਕੇ ਉਹ ਨੂੰ ਫੜ ਲਵੇ, ਅਤੇ ਮੇਰੀ ਹਯਾਤੀ ਨੂੰ ਧਰਤੀ ਉੱਤੇ ਮਿੱਧ ਦੇਵੇ। ਅਰ ਮੇਰੀ ਮਹਿਮਾ ਖ਼ਾਕ ਵਿੱਚ ਮਿਲਾਏ ॥ਸਲਹ॥ ਹੇ ਯਹੋਵਾਹ ਆਪਣੇ ਕ੍ਰੋਧ ਨਾਲ ਉੱਠ, ਮੇਰੇ ਵਿਰੋਧੀਆਂ ਦੇ ਗਜ਼ਬ ਦੇ ਵਿਰੁੱਧ ਉੱਠ ਖੜੋ ਅਤੇ ਮੇਰੇ ਲਈ ਜਾਗ। ਤੂੰ ਨਿਆਉਂ ਦਾ ਹੁਕਮ ਕੀਤਾ ਹੈ। ਉੱਮਤਾਂ ਦੀ ਮੰਡਲੀ ਤੇਰੇ ਦੁਆਲੇ ਆਵੇ, ਅਤੇ ਉਹਨਾਂ ਦੇ ਕਾਰਨ ਤੂੰ ਉਤਾਹਾਂ ਮੁੜ ਜਾ। ਯਹੋਵਾਹ ਕੌਮਾਂ ਦਾ ਨਿਆਉਂ ਕਰੇਗਾ। ਹੇ ਯਹੋਵਾਹ ਮੇਰੇ ਧਰਮ ਅਰ ਮੇਰੀ ਸਿਧਿਆਈ ਦੇ ਅਨੁਸਾਰ ਮੇਰਾ ਨਿਆਉਂ ਕਰੇਗਾ। ਦੁਸ਼ਟਾਂ ਦੀ ਬਦੀ ਮੁੱਕ ਜਾਵੇ ਪਰ ਤੂੰ ਧਰਮੀ ਨੂੰ ਦ੍ਰਿੜ ਕਰ, ਹੇ ਧਰਮੀ ਪਰਮੇਸ਼ੁਰ,ਜੋ ਦਿਲਾਂ ਅਰ ਗੁਰਦਿਆਂ ਨੂੰ ਜਾਂਚਦਾ ਹੈ॥ ਮੇਰੀ ਢਾਲ ਪਰਮੇਸ਼ੁਰ ਦੇ ਕੋਲ ਹੈ, ਜਿਹੜਾ ਸਿੱਧ ਮਨਾਂ ਦਾ ਬਚਾਉਣ ਵਾਲਾ ਹੈ। ਪਰਮੇਸ਼ੁਰ ਸੱਚਾ ਨਿਆਉਂਕਾਰ ਹੈ, ਹਾਂ ਇੱਕ ਪਰਮੇਸ਼ੁਰ ਜਿਹੜਾ ਰੋਜ਼ ਖਿਝਿਆ ਰਹਿੰਦਾ ਹੈ। ਜੇ ਮਨੁੱਖ ਨਾ ਮੁੜੇ ਤਾਂ ਉਹੀ ਆਪਣੀ ਤਲਵਾਰ ਤਿੱਖੀ ਕਰੇਗਾ। ਉਹ ਨੇ ਆਪਣਾ ਧਣੁਖ ਝੁਕਾ ਕੇ ਤਿਆਰ ਕਰ ਛੱਡਿਆ ਹੈ। ਉਹ ਨੇ ਉਸ ਦੇ ਲਈ ਮੌਤ ਦਾ ਸ਼ਸਤਰ ਦੀ ਤਿਆਰ ਕੀਤਾ ਹੈ।ਉਹ ਆਪਣੇ ਤੀਰਾਂ ਨੂੰ ਅਗਨ ਬਾਣ ਬਣਾਉਂਦਾ ਹੈ॥ ਵੇਖੋ ਉਸ ਨੂੰ ਬਦੀ ਦੀ ਪੀੜ ਲੱਗੀ ਹੋਈ ਹੈ, ਅਤੇ ਸ਼ਰਾਰਤ ਉਸ ਦੇ ਗਰਭ ਵਿੱਚ ਪਈ ਹੈ ਅਤੇ ਝੂਠ ਉਸ ਤੋਂ ਜੰਮਿਆ ਹੈ। ਉਸ ਨੇ ਟੋਆ ਕੱਢਿਆ ਅਤੇ ਡੂੰਘਾ ਪੁੱਟਿਆ ਹੈ, ਅਤੇ ਜਿਹੜੀ ਖਾਈ ਉਸ ਨੇ ਪੁੱਟੀ ਸੀ ਉਸੇ ਵਿੱਚ ਆਪ ਡਿੱਗ ਪਿਆ। ਉਸ ਦੀ ਸ਼ਰਾਰਤ ਉਸ ਦੇ ਸਿਰ ਉੱਤੇ ਮੁੜ ਆਵੇਗੀ, ਅਤੇ ਉਸਦਾ ਅਨ੍ਹੇਰ ਉਸੇ ਦੀ ਖੋਪਰੀ ਉੱਤੇ ਪਵੇਗਾ। ਮੈਂ ਯਹੋਵਾਹ ਦੇ ਧਰਮ ਦੇ ਅਨੁਸਾਰ ਉਸ ਦਾ ਧੰਨਵਾਦ ਕਰਾਂਗਾ। ਅਤੇ ਮੈਂ ਅੱਤ ਮਹਾਨ ਯਹੋਵਾਹ ਦੇ ਨਾਮ ਦੀ ਉਸਤਤ ਗਾਵਾਂਗਾ।"[16] ਬਾਈਬਲ ਦੀਆਂ ਇਹ ਪ੍ਰਾਰਥਨਾਵਾਂ ਮਨੁੱਖ ਨੂੰ ਚੰਗੀਆਂ ਸਿੱਖਿਆਵਾਂ ਦਿੰਦੀਆਂ ਹਨ ਕਿ ਜਿਹੜਾ ਮਨੁੱਖ

[16] *ਜ਼ਬੂਰਾਂ ਦੀ ਪੋਥੀ*, 7:17.

ਕਿਸੇ ਦੀ ਲਈ ਟੋਆ ਪੁੱਟੇਗਾ ਉਹ ਵਿਚ ਆਪ ਹੀ ਡਿੱਗ ਪਵੇਗਾ। ਇਹ ਪ੍ਰਾਰਥਨਾਵਾਂ ਪਾਪੀਆਂ ਦੇ ਨਾਸ਼ ਅਤੇ ਪੁੰਨੀਆਂ ਦੇ ਬਚਾਅ ਲਈ ਹਨ।

### 4.1.10 ਦੁਸ਼ਟਾਂ ਦੇ ਵਿਰੁੱਧ ਬੇਨਤੀ

ਇਹ ਪ੍ਰੇਅਰ ਬਾਈਬਲ ਦੀ 19ਵੀਂ ਪੁਸਤਕ 'ਜ਼ਬੂਰਾਂ ਦੀ ਪੋਥੀ' ਦੇ ਪਹਿਲੇ ਭਾਗ ਵਿਚ ਪੰਨਾ 688 ਤੇ ਦਰਜ ਹੈ। ਇਸ ਬੇਨਤੀ ਵਿਚ ਯਹੋਵਾਹ ਨੂੰ ਬਦੀ ਵਾਲੇ ਮਨੁੱਖਾਂ ਦਾ ਨਾਸ਼ ਕਰਨ ਲਈ ਕਿਹਾ ਗਿਆ ਹੈ ਅਤੇ ਬਿਪਤਾ ਦੇ ਸਮੇਂ ਨਿਮਾਣਿਆਂ ਦਾ ਸਾਥ ਦੇਣ ਅਤੇ ਹੰਕਾਰੀਆਂ ਨੂੰ ਦੰਡ ਦੇਣ ਲਈ ਬੇਨਤੀ ਕੀਤੀ ਗਈ ਹੈ। "ਹੇ ਯਹੋਵਾਹ, ਤੂੰ ਦੂਰ ਕਿਉਂ ਖੜਾ ਰਹਿੰਦਾ ਹੈ? ਬਿਪਤਾ ਦੇ ਵੇਲੇ ਤੂੰ ਆਪਣੇ ਆਪ ਨੂੰ ਕਿਉਂ ਲੁਕਾਉਂਦਾ ਹੈ? ਦੁਸਟ ਆਪਣੇ ਹੰਕਾਰ ਵਿੱਚ ਮਸਕੀਨਾਂ ਦਾ ਪਿੱਛਾ ਤੁੰਦੀ ਨਾਲ ਕਰਦਾ ਹੈ, ਜਿਹੜੀਆਂ ਜੁਗਤਾਂ ਉਨ੍ਹਾਂ ਨੇ ਸੋਚੀਆਂ ਓਹਨਾਂ ਵਿੱਚ ਓਹ ਆਪ ਫਸ ਜਾਣ। ਕਿਉਂ ਜੋ ਦਸ਼ਟ ਆਪਣੇ ਮਨ ਦੀਆਂ ਕਾਮਨਾ ਉਤੇ ਫੂੰ-ਫੂੰ ਕਰਦਾ ਹੈ, ਅਤੇ ਲੋਭੀ ਯਹੋਵਾਹ ਨੂੰ ਫਿਟਕਾਰਦਾ ਅਤੇ ਤੁੱਛ ਜਾਣਦਾ ਹੈ। ਦੁਸ਼ਟ ਆਪਣੇ ਮੁੱਖ ਦੇ ਹੰਕਾਰ ਦੇ ਕਾਰਨ ਉਹ ਨੂੰ ਨਹੀਂ ਭਾਲੇਗਾ। ਉਸਦਾ ਸਾਰਾ ਵਿਚਾਰ ਇਹ ਹੈ ਭਾਈ ਪਰਮੇਸ਼ੁਰ ਹੈ ਹੀ ਨਹੀਂ! ਉਹ ਦੀ ਚਾਲ ਹਰ ਵੇਲੇ ਇਸਥਿਰ (ਦੁਖਦਾਇਕ) ਹੁੰਦੀ ਹੈ, ਤੇਰੇ ਨਿਆਉਂ ਉਹ ਦੀ ਸਮਝ ਤੋਂ ਉੱਚੇ ਹਨ, ਉਹ ਆਪਣੇ ਸਾਰੇ ਵਿਰੋਧੀਆਂ ਉੱਤੇ ਫੁੰਕਾਰੇ ਮਾਰਦਾ ਹੈ। ਉਹ ਆਪਣੇ ਮਨ ਵਿੱਚ ਆਖਦਾ ਹੈ ਭਈ ਮੈਂ ਕਦੇ ਨਾ ਡੋਲਾਂਗਾ, ਪੀੜ੍ਹੀਓ ਪੀੜ੍ਹੀ ਮੈਂ ਦੁੱਖ ਵਿੱਚ ਨਹੀਂ ਹੋਵਾਂਗਾ। ਉਹ ਦਾ ਮੂੰਹ ਫਿਟਕਾਰ, ਛਲ ਅਰ ਅਨ੍ਹੇਰ ਨਾਲ ਭਰਿਆ ਹੋਇਆ ਹੈ, ਉਹ ਦੀ ਜੀਭ ਦੇ ਹੇਠ ਸ਼ਰਾਰਤ ਅਰ ਬਦੀ ਹੈ। ਉਹ ਪਿੰਡਾਂ ਦੇ ਓਹਲਿਆਂ ਵਿੱਚ ਬਹਿੰਦਾ ਹੈ, ਓਹ ਗੁਪਤ ਥਾਂਵਾ ਵਿੱਚ ਨਿਰਦੋਸ਼ਾਂ ਦਾ ਘਾਤ ਕਰਦਾ ਹੈ। ਉਹ ਦੀਆਂ ਅੱਖੀਆਂ ਅਨਾਥਾਂ ਦੀ ਤੱਕ ਵਿੱਚ ਲੱਗੀਆਂ ਹੋਈਆਂ ਹਨ। ਜਿਵੇਂ ਬੱਬਰ ਸ਼ੇਰ ਆਪਣੇ ਘੁਰਨੇ ਵਿੱਚ, ਤਿਵੇਂ ਹੀ ਉਹ ਆਪਣੇ ਗੁਪਤਾਂ ਥਾਂ ਵਿਚ ਛਹਿ ਕੇ ਬੈਠਾ ਰਹਿੰਦਾ ਹੈ। ਉਹ ਮਸਕੀਨ ਨੂੰ ਫੜਨ ਲਈ ਛਹਿ ਵਿੱਚ ਬੈਠਦਾ ਹੈ, ਉਹ ਮਸਕੀਨ ਨੂੰ ਆਪਣੇ ਜਾਲ ਵਿੱਚ ਧੂਹ ਫੜ ਲੈਂਦਾ ਹੈ। ਉਹ ਦਾਬਾ ਮਾਰ ਕੇ ਝੁਕ ਜਾਂਦਾ ਹੈ, ਅਨਾਥ ਉਹ ਦਿਆਂ ਬਲ ਵਾਲੇ ਹੱਥੀਂ ਡਿੱਗ ਪੈਂਦੇ ਹਨ। ਉਸ ਆਪਣੇ ਮਨ ਵਿੱਚ ਆਖਿਆ ਹੈ ਭਈ ਪਰਮੇਸ਼ੁਰ ਭੁੱਲ ਗਿਆ ਹੈ, ਉਹ ਆਪਣਾ ਮੂੰਹ ਛਿਪਾਇਆ ਹੈ, ਉਹ ਕਦੀ ਵੀ ਨਾ ਵੇਖੇਗਾ! ਉੱਠ, ਹੇ ਯਹੋਵਾਹ! ਹੇ ਪਰਮੇਸ਼ੁਰ ਆਪਣਾ ਹੱਥ ਚੁੱਕ, ਮਸਕੀਨਾਂ ਨੂੰ ਨਾ ਵਿਸਾਰ। ਦੁਸ਼ਟ ਨੇ ਕਿਉਂ ਪਰਮੇਸ਼ੁਰ ਨੂੰ ਤੁੱਛ ਜਾਤਾ ਹੈ ਅਤੇ ਆਪਣੇ ਮਨ ਵਿਚ ਆਖਿਆ ਹੈ ਕਿ ਤੂੰ ਪੁੱਛ ਗਿੱਛ ਨਹੀਂ ਕਰੇਗਾ? ਤੈਂ ਤਾ ਵੇਖਿਆ ਹੈ ਕਿਉਂ ਜੋ ਤੂੰ ਸ਼ਰਾਰਤ ਅਰ ਡਾਹ ਉੱਤੇ ਨਿਗਾਹ ਰੱਖਦਾ ਹੈ। ਭਈ ਆਪਣੇ ਹੀ ਹੱਥ ਵਿਚ ਲੈ ਲਵੇਂ। ਅਨਾਥ ਆਪਣੇ ਆਪਨੂੰ ਤੇਰੇ ਉੱਤੇ ਛੱਡਦਾ ਹੈ, ਯਤੀਮ ਦਾ ਸਹਾਇਕ ਤੂੰ ਹੀ ਰਿਹਾ ਹੈ। ਦੁਸ਼ਟ ਦੀ ਬਦੀ ਨੂੰ ਭਾਲ ਜਦ ਤੱਕ ਕੁਝ ਹੋਰ ਨਾ ਲੱਭੇ। ਯਹੋਵਾਹ ਜੁਗੋ ਜੁਗ ਪਾਤਸ਼ਾਹ ਹੈ। ਪਰਾਈਆਂ ਕੌਮਾਂ ਉਹ ਦੇ ਦੇਸ਼ ਵਿੱਚੋਂ ਨਸ਼ਟ ਹੋ ਗਈਆਂ। ਹੇ ਯਹੋਵਾਹ, ਤੂੰ ਮਸਕੀਨਾਂ ਦੀ ਇੱਛਿਆ ਸੁਣੀ ਹੈ, ਤੂੰ ਉਨ੍ਹਾਂ ਦਿਆਂ ਮਨਾਂ ਨੂੰ ਦ੍ਰਿੜ੍ਹ ਕਰੇਂਗਾ, ਤੂੰ ਆਪਣਾ ਕੰਨ ਲਾਏਂਗਾ, ਤਾਂ ਜੋ ਤੂੰ ਯਤੀਮ ਅਰ ਸਤਾਏ ਹੋਏ ਦਾ ਨਿਆਉਂ ਕਰੇਂ, ਭਈ ਇਨਸਾਨ ਜਿਹੜਾ ਮਿੱਟੀ ਦਾ ਹੈ ਫੇਰ ਕਦੀ ਅਨ੍ਹੇਰ ਨਾ ਕਰੇ।"[17] ਇਸ

[17] *ਜ਼ਬੂਰਾਂ ਦੀ ਪੋਥੀ*, 10:18.

ਪ੍ਰਾਰਥਨਾ ਵਿਚ ਇਕ ਤਰ੍ਹਾਂ ਦਾ ਯਹੋਵਾਹ ਨੂੰ ਵੀ ਹਲੂਣਾ ਹੈ ਕਿ ਉਹ ਉਠ ਕੇ ਦੁਸ਼ਮਣਾਂ ਦਾ ਨਾਸ਼ ਕਰੇ ਬਦੀ ਵਾਲੇ ਮਨੁੱਖ ਪਰਮਾਤਮਾ ਨੂੰ ਭੁੱਲ ਗਏ ਹਨ ਸੋ ਯਹੋਵਾਹ ਨੂੰ ਅਜਿਹੇ ਮਨੁੱਖਾਂ ਨੂੰ ਦੰਡ ਦੇਣ ਦੀ ਬੇਨਤੀ ਵੀ ਕੀਤੀ ਗਈ ਹੈ।

### 4.1.11 ਰਾਖੀ ਲਈ ਬੇਨਤੀ

ਇਹ ਪ੍ਰੇਅਰ ਪੁਰਾਣੇ ਨੇਮ ਦੀ 19ਵੀਂ ਪੁਸਤਕ 'ਜ਼ਬੂਰਾਂ ਦੀ ਪੋਥੀ' ਦੇ ਪਹਿਲੇ ਭਾਗ ਵਿਚ ਪੈਗੰਬਰ ਦਾਊਦ ਵੱਲੋਂ ਕੀਤੀ ਗਈ ਹੈ ਅਤੇ ਪੰਨਾ 691 ਤੇ ਦਰਜ ਹੈ। ਇਸ ਵਿੱਚ ਆਪਣੇ ਆਪ ਦੀ ਰੱਖਿਆ ਦੀ ਪ੍ਰਾਰਥਨਾ ਹੈ ਕਿ ਅਸੀਂ ਤੇਰੇ ਨਕਸ਼ੇ-ਏ-ਕਦਮਾਂ ਤੇ ਚੱਲੀਏ, ਤੂੰ ਸ਼ਰਨ ਆਇਆਂ ਦੀ ਲੱਜਿਆ ਰੱਖਦਾ ਹਾਂ, ਦੁਸ਼ਮਣਾਂ ਤੋਂ ਰਾਖੀ ਦੀ ਬੇਨਤੀ ਵੀ ਕੀਤੀ ਗਈ ਹੈ।"ਹੇ ਯੋਹਵਾਹ, ਸਚਿਆਈ ਨੂੰ ਸੁਣ, ਮੇਰੀ ਪੁਕਾਰ ਉੱਤੇ ਧਿਆਨ ਦੇਹ, ਮੇਰੀ ਪ੍ਰਾਰਥਨਾ ਉੱਤੇ ਕੰਨ ਲਾ ਜਿਹੜੀ ਨਿਸ਼ਕਪਟ ਬੁੱਲ੍ਹਾਂ ਤੋਂ ਹੈ।ਮੇਰਾ ਫੈਸਲਾ ਤੇਰੀ ਦਰਗਾਹੋ ਨਿਕਲੇ, ਤੇਰੀਆਂ ਅੱਖੀਆਂ ਸਿੱਧਿਆਈ ਨੂੰ ਵੇਖਣ। ਤੂੰ ਮੇਰੇ ਮਨ ਨੂੰ ਜਾਚਿਆ ਹੈ, ਰਾਤ ਨੂੰ ਤੂੰ ਜੋਹਿਆ ਹੈ ਤੂੰ ਮੈਨੂੰ ਤਾਇਆ ਹੈ ਪਰ ਕੁਝ ਨਾ ਲੱਭਾ, ਮੈਂ ਠਾਣ ਲਿਆ ਭਈ ਮੇਰਾ ਮੂੰਹ ਉਲੰਘਣ ਨਾ ਕਰੇ।ਇਨਸਾਨ ਦੇ ਕਰਮਾਂ ਦੇ ਵਿਖੇ ਤੇਰੇ ਮੁਖਵਾਕਾਂ ਦੇ ਰਾਹੀਂ ਮੈਂ ਆਪਣੇ ਆਪ ਨੂੰ ਜ਼ਾਲਮਾਂ ਦੇ ਮਾਰਗਾਂ ਤੋਂ ਬਚਾ ਰੱਖਿਆ ਹੈ।ਮੇਰੇ ਕਦਮਾਂ ਨੇ ਤੇਰੀਆਂ ਲੀਹਾਂ ਨੂੰ ਠੀਕ ਫੜਿਆ ਹੈ, ਮੇਰੇ ਪੈਰ ਨਹੀਂ ਤਿਲਕੇ॥ ਮੈਂ ਤੈਨੂੰ ਪੁਕਾਰਿਆ ਹੈ, ਹੇ ਪਰਮੇਸ਼ੁਰ ਤੂੰ ਤਾਂ ਮੈਨੂੰ ਉੱਤਰ ਦੇਵੇਂਗਾ, ਮੇਰੀ ਵੱਲ ਆਪਣਾ ਕੰਨ ਝੁਕਾ ਅਤੇ ਮੇਰੀ ਸੁਣ। ਆਪਣੀ ਅਚਰਜ ਦਯਾ ਵਿਖਾ, ਤੂੰ ਜੋ ਆਪਣੇ ਸੱਜੇ ਹੱਥ ਨਾਲ ਉਨ੍ਹਾਂ ਨੂੰ ਜਿਹੜੇ ਤੇਰੀ ਪਨਾਹ ਲੈਂਦੇ ਹਨ, ਉਨ੍ਹਾਂ ਦੇ ਵਿਰੋਧੀਆਂ ਤੋਂ ਬਚਾਉਂਦਾ ਹੈ। ਅੱਖ ਦੀ ਕਾਕੀ ਦੀ ਨਿਆਈਂ ਮੇਰੀ ਰੱਛਿਆ ਕਰ, ਆਪਣੇ ਖੰਭਾਂ ਦੀ ਛਾਇਆ ਹੇਠ ਮੈਨੂੰ ਲੁਕਾ ਲੈ, ਉਨ੍ਹਾਂ ਦੁਸ਼ਟਾਂ ਤੋਂ ਜਿਨ੍ਹਾਂ ਨੇ ਮੇਰੇ ਨਾਲ ਹਿੱਕ ਧੱਕਾ ਕੀਤਾ ਹੈ, ਮੇਰੇ ਜਾਨੀ ਦੁਸ਼ਮਣਾਂ ਤੋਂ ਜਿਹੜੇ ਮੈਨੂੰ ਘੇਰ ਲੈਂਦੇ ਹਨ। ਓਹ ਆਪਣੀ ਹੀ ਚਰਬੀ ਵਿੱਚ ਗੁੱਥੇ ਹੋਏ ਹਨ, ਓਹ ਆਪਣੇ ਮੂੰਹੋਂ ਘੁਮੰਡ ਨਾਲ ਬੋਲਦੇ ਹਨ। ਹੁਣ ਉਨ੍ਹਾਂ ਨੇ ਪੈਰ ਪੈਰ ਤੇ ਸਾਨੂੰ ਘੇਰਿਆ ਹੈ, ਉਨ੍ਹਾਂ ਨੇ ਆਪਣੀਆਂ ਅੱਖਾਂ ਲਾ ਰੱਖੀਆਂ ਭਈ ਸਾਨੂੰ ਧਰਤੀ ਉੱਤੇ ਪਟਕਾ ਦੇਣ।ਉਹ ਬੱਬਰ ਸ਼ੇਰ ਵਰਗਾ ਹੈ ਜਿਹੜਾ ਪਾੜਨਾ ਚਾਹੁੰਦਾ ਹੈ, ਅਰ ਬੱਬਰ ਸ਼ੇਰ ਦੇ ਬੱਚੇ ਵਰਗਾ ਜਿਹੜਾ ਘਾਤ ਵਿੱਚ ਬਹਿੰਦਾ ਹੈ॥ ਹੇ ਯਹੋਵਾਹ, ਉੱਠ ਉਹ ਦਾ ਸਾਹਮਣਾ ਕਰ, ਉਹ ਨੂੰ ਜਕੜ ਬੰਦ ਪਾ, ਆਪਣੀ ਤਲਵਾਰ ਨਾਲ ਮੇਰੀ ਜਾਨ ਨੂੰ ਦੁਸ਼ਟ ਤੋਂ ਛੁਡਾ ਲੈ, ਫਾਨੀਆਂ ਤੋਂ ਆਪਣੇ ਹੱਥ ਨਾਲ, ਹੇ ਯਹੋਵਾਹ, ਸੰਸਾਰੀ ਫਾਨੀਆਂ ਤੋਂ ਜਿਨ੍ਹਾਂ ਦਾ ਹਿੱਸਾ ਇਸੇ ਜੀਉਣ ਵਿੱਚ ਹੈ, ਅਤੇ ਜਿਨ੍ਹਾਂ ਦਾ ਢਿੱਡ ਤੂੰ ਆਪਣੇ ਭੰਡਾਰੇ ਤੋਂ ਭਰ ਦਿੰਦਾ ਹੈ। ਓਹ ਬੱਚਿਆਂ ਨਾਲ ਤ੍ਰਿਪਤ ਹੋ ਜਾਂਦੇ ਹਨ ਅਰ ਆਪਣੇ ਰਹਿੰਦੇ ਮਾਲ ਨੂੰ ਆਪਣਿਆਂ ਬਾਲ ਬੱਚਿਆਂ ਲਈ ਛੱਡ ਜਾਂਦੇ ਹਨ। ਮੈਂ ਧਰਮ ਵਿੱਚ ਤੇਰੇ ਮੂੰਹ ਦਾ ਦਰਸ਼ਣ ਕਰਾਂਗਾ। ਜਦ ਮੈਂ ਜਾਗਾਂਗਾ ਤੇਰੇ ਰੂਪ ਨਾਲ ਤ੍ਰਿਪਤ ਹੋਵਾਂਗਾ।"[18] ਬਾਈਬਲ ਵਿਚ ਯਹੂਦੀਆਂ ਦੇ ਪਰਮਾਤਮਾ ਦਾ ਸੁਭਾਅ ਈਰਖਾਲੂ ਦੱਸਿਆ ਹੈ, ਉਹ ਸਿਰਫ ਯਹੂਦੀਆਂ ਦਾ ਹੀ ਪਰਮਾਤਮਾ ਹੈ ਦੂਜੀਆਂ ਕੌਮਾਂ ਦਾ ਨਹੀਂ ਇਸ ਲਈ ਉਸ ਕੋਲ ਅਜਿਹੀਆਂ ਹੀ ਪ੍ਰਾਰਥਨਾਵਾਂ ਹੁੰਦੀਆਂ ਹਨ।

---

[18] *ਜ਼ਬੂਰਾਂ ਦੀ ਪੋਥੀ* ,17: 15.

### 4.1.12 ਬਚਾਉ ਲਈ ਬੇਨਤੀ

ਇਹ ਪ੍ਰੇਅਰ ਪੁਰਾਣੇ ਨੇਮ ਦੀ 19ਵੀਂ ਪੁਸਤਕ ਜ਼ਬੂਰਾਂ ਦੀ ਪੋਥੀ ਦੇ ਪਹਿਲੇ ਭਾਗ ਦੇ 695 ਪੰਨੇ ਤੇ ਦਰਜ ਉਪਸਿਰਲੇਖ 'ਸੁਰਪਤੀ ਲਈ ਦਾਊਦ ਦਾ ਭਜਨ' ਹੇਠ ਦਰਜ ਹੈ। ਇਸ ਪ੍ਰਾਰਥਨਾ ਵਿੱਚ ਯਹੋਵਾਹ ਪਰਮੇਸ਼ੁਰ ਅੱਗੇ ਸਹਾਇਤਾ ਲਈ ਬੇਨਤੀ ਕੀਤੀ ਗਈ ਹੈ। "ਬਿਪਤਾ ਦੇ ਦਿਨ ਯਹੋਵਾਹ ਤੈਨੂੰ ਉੱਤਰ ਦੇਵੇ, ਯਾਕੂਬ ਦੇ ਪਰਮੇਸ਼ੁਰ ਦਾ ਨਾਮ ਤੈਨੂੰ ਉੱਚਿਆਂ ਕਰੇ। ਉਹ ਪਵਿੱਤਰ ਅਸਥਾਨ ਤੋਂ ਤੇਰੀ ਸਹਾਇਤਾ ਘੱਲੇ, ਅਤੇ ਸੀਯੋਨ ਤੋਂ ਤੈਨੂੰ ਸਮ੍ਹਾਲੇ, ਤੇਰੀਆਂ ਸਾਰੀਆਂ ਭੇਟਾਂ ਨੂੰ ਚੇਤੇ ਰੱਖੇ, ਅਤੇ ਤੇਰੀਆਂ ਹੋਮ ਬਲੀਆਂ ਨੂੰ ਕਬੂਲ ਕਰੇ॥ਸਲਹ॥ ਉਹ ਤੇਰੇ ਮਨੋਰਥ ਅਨੁਸਾਰ ਤੈਨੂੰ ਦੇਵੇ, ਅਤੇ ਤੇਰੇ ਸਾਰ ਮੱਤੇ ਨੂੰ ਪੂਰਾ ਕਰੇ ਅਸੀਂ ਤੇਰੇ ਬਚਾਉ ਦੇ ਕਾਰਨ ਜੈ ਜੈ ਕਾਰ ਕਰਾਂਗੇ, ਅਤੇ ਆਪਣੇ ਪਰਮੇਸ਼ੁਰ ਦੇ ਨਾਮ ਤੋਂ ਆਪਣੇ ਝੰਡੇ ਖੜੇ ਕਰਾਂਗੇ। ਯਹੋਵਾਹ ਤੇਰੀਆਂ ਸਾਰੀਆਂ ਮੰਗਾਂ ਨੂੰ ਪੂਰਾ ਕਰੇ। ਹੁਣ ਮੈਂ ਜਾਤਾ ਭਈ ਯਹੋਵਾਹ ਆਪਣੇ ਮਸਹ ਕੀਤੇ ਹੋਏ ਨੂੰ ਬਚਾਉਂਦਾ ਹੈ, ਉਹ ਆਪਣੇ ਪਵਿੱਤਰ ਸੁਰਗੋਂ ਉਹ ਨੂੰ ਉੱਤਰ ਦੇਵੇਗਾ, ਆਪਣੇ ਸੱਜੇ ਹੱਥ ਦੀ ਬਚਾਉਣ ਵਾਲੀ ਸਮੱਰਥਾ ਨਾਲ। ਕੋਈ ਰਥਾਂ ਨੂੰ ਅਤੇ ਕੋਈ ਘੋੜਿਆਂ ਨੂੰ, ਪਰ ਅਸੀਂ ਯਹੋਵਾਹ ਆਪਣੇ ਪਰਮੇਸ਼ੁਰ ਦੇ ਨਾਮ ਨੂੰ ਯਾਦ ਕਰਾਂਗੇ। ਉਹ ਝੁਕੇ ਅਤੇ ਡਿੱਗ ਪਏ ਹਨ, ਪਰ ਅਸੀਂ ਉੱਠੇ ਅਤੇ ਸਿੱਧੇ ਖਲੋ ਗਏ ਹਾਂ। ਹੇ ਯਹੋਵਾਹ ਬਚਾ ਲੈ! ਸਾਡੀ ਪੁਕਾਰ ਦੇ ਵੇਲੇ ਪਾਤਸ਼ਾਹ ਸਾਨੂੰ ਉੱਤਰ ਦੇਵੇ!॥"[19] ਇਸ ਪ੍ਰਾਰਥਨਾ ਵਿਚ ਦਿੱਤੀਆਂ ਹੋਰਨਾਂ ਬਲੀਆਂ ਦੀ ਪ੍ਰਵਾਨਗੀ ਲਈ ਪ੍ਰਾਰਥਨਾ ਹੈ। ਯਹੋਵਾਹ ਨੂੰ ਇਹ ਵਿਸ਼ਵਾਸ਼ ਦਿਵਾਇਆ ਹੈ ਕਿ ਅਸੀਂ ਤੇਰੇ ਤੋਂ ਬਿਨਾਂ ਰੱਥਾਂ ਘੋੜਿਆਂ ਨੂੰ ਨਹੀਂ ਚਾਹੁੰਦੇ ਯਹੋਵਾਹ ਅੱਗੇ ਬਚਾਉ ਲਈ ਬੇਨਤੀ ਕੀਤੀ ਗਈ ਹੈ।

### 4.1.13 ਖਰੇ ਮਨੁੱਖ ਦੀ ਅਰਦਾਸ

ਇਹ ਪ੍ਰੇਅਰ ਪੁਰਾਣੇ ਨੇਮ ਦੀ 19ਵੀਂ ਪੁਸਤਕ ਜ਼ਬੂਰਾਂ ਦੀ ਪੋਥੀ ਦੇ ਪਹਿਲੇ ਭਾਗ ਦੇ ਪੰਨਾ 699 ਤੇ ਦਰਜ ਹੈ, ਇਹ ਵੀ ਪੈਗੰਬਰ ਦਾਊਦ ਨਾਲ ਸੰਬੰਧਤ ਹੈ ਇਸ ਵਿਚ ਪਰਮੇਸ਼ਵਰ ਯਹੋਵਾਹ ਅੱਗੇ ਆਪਣੇ ਆਪ ਦੀ ਪਰਖ ਲਈ ਪ੍ਰੇਅਰ ਕੀਤੀ ਹੈ। ਇਸ ਵਿਚ ਯਹੋਵਾਹ ਅੱਗੇ ਨੇਕੀ ਦੇ ਰਾਹ ਤੇ ਚੱਲਣ, ਬਦੀ ਤੋਂ ਬਚਣ ਅਤੇ ਅਜਿਹਾ ਹੋਣ ਤੇ ਸ਼ੁਕਰਾਨਾ ਕਰਨ ਦੀ ਪ੍ਰੇਅਰ ਕੀਤੀ ਗਈ ਹੈ। "ਹੇ ਯਹੋਵਾਹ, ਮੇਰਾ ਨਿਆਉਂ ਕਰ ਕਿਉਂ ਜੋ ਮੈਂ ਖਰਾ ਹੀ ਚੱਲਿਆ ਹਾਂ, ਮੈਂ ਯਹੋਵਾਹ ਉੱਤੇ ਭਰੋਸਾ ਰੱਖਿਆ ਹੈ ਸੋ ਮੈਂ ਨਹੀਂ ਤਿਲਕਾਂਗਾ। ਹੇ ਯਹੋਵਾਹ, ਮੈਨੂੰ ਪਰਖ ਅਤੇ ਮੈਨੂੰ ਪਰਤਾ ਮੇਰੇ ਗੁਰਦੇ ਅਤੇ ਮੇਰੇ ਦਿਲ ਨੂੰ ਜਾਂਚ, ਕਿਉਂ ਜੋ ਤੇਰੀ ਦਯਾ ਮੇਰੀਆਂ ਅੱਖੀਆਂ ਦੇ ਅੱਗੇ ਹੈ, ਅਤੇ ਮੈਂ ਤੇਰੀ ਸਚਿਆਈ ਵਿੱਚ ਚੱਲਿਆ ਹਾਂ। ਮੈਂ ਨਿਕੰਮਿਆਂ ਦੇ ਸੰਗ ਨਹੀਂ ਬੈਠਾ, ਨਾਂ ਮੈਂ ਕਪਟੀਆਂ ਦੇ ਨਾਮ ਅੰਦਰ ਜਾਵਾਂਗਾ। ਬੁਰਿਆਂ ਦੀ ਸਭਾ ਨਾਲ ਮੈਂ ਵੈਰ ਰੱਖਿਆ ਹੈ, ਅਤੇ ਦੁਸ਼ਟਾਂ ਦੇ ਸੰਗ ਮੈਂ ਨਹੀਂ ਬੈਠਾਂਗਾ। ਹੇ ਯਹੋਵਾਹ ਮੈਂ ਆਪਣੇ ਹੱਥਾਂ ਨੂੰ ਨਿਰਮਲਤਾਈ ਵਿੱਚ ਧੋਵਾਂਗਾ, ਸੋ ਮੈਂ ਤੇਰੀ ਜਗਵੇਦੀ ਦੀ ਪਰਦੱਖਣਾ ਕਰਾਂਗਾ, ਤਾਂ ਜੋ ਮੈਂ ਧੰਨਵਾਦ ਦਾ ਸ਼ਬਦ ਸੁਣਾਵਾਂ, ਅਤੇ ਤੇਰੇ ਸਾਰਿਆਂ ਅਚਰਜ ਕੰਮਾਂ ਦਾ ਨਿਰਨਾ ਕਰਾਂ। ਹੇ ਯਹੋਵਾਹ, ਮੈਂ ਤੇਰੇ ਭਵਨ ਦੇ ਵਸੇਬਿਆਂ ਨਾਲ ਅਤੇ ਮੇਰੀ ਮਹਿਮਾ ਦੇ ਡੇਹਰੇ ਨਾਲ ਪ੍ਰੇਮ ਰੱਖਦਾ ਹਾਂ॥ ਮੇਰੀ ਜਾਨ ਨੂੰ ਪਾਪੀਆਂ ਦੇ ਨਾਲ

[19] *ਜ਼ਬੂਰਾਂ ਦੀ ਪੋਥੀ*, 20:9.

ਨਾ ਰਲਾ, ਨਾ ਮੇਰੀ ਜਿੰਦ ਨੂੰ ਖ਼ੂਨੀਆਂ ਦੇ ਨਾਲ, ਜਿੰਨ੍ਹਾਂ ਦੇ ਹੱਥਾਂ ਵਿੱਚ ਸ਼ਰਾਰਤ ਹੈ, ਅਤੇ ਜਿੰਨ੍ਹਾਂ ਦਾ ਸੱਜਾ ਹੱਥ ਵੱਢੀਆਂ ਨਾਲ ਭਰਿਆ ਹੋਇਆ ਹੈ। ਪਰ ਮੈਂ ਖਰਾ ਹੀ ਚੱਲਾਂਗਾ, ਮੈਨੂੰ ਛੁਟਕਾਰਾ ਦੇਹ ਅਤੇ ਮੇਰੇ ਉੱਤੇ ਦਯਾ ਕਰ। ਮੇਰਾ ਪੈਰ ਪੱਧਰੇ ਥਾਂ ਉੱਤੇ ਟਿਕਿਆ ਹੋਇਆ ਹੈ, ਮੈਂ ਸੰਗਤਾਂ ਵਿੱਚ ਯਹੋਵਾਹ ਨੂੰ ਧੰਨ ਆਖਾਂਗਾ।"[20] ਇਸ ਪ੍ਰਾਰਥਨਾ ਵਿਚ ਆਪਣੇ ਅੰਦਰ ਦੀ ਵਿਥਿਆ ਯਹੋਵਾ ਅੱਗੇ ਰੱਖੀ ਗਈ ਹੈ ਅਤੇ ਦੱਸਿਆ ਹੈ ਕਿ ਮੈਂ ਹਮੇਸ਼ਾਂ ਸੱਚ ਦਾ ਸਾਥ ਦਿੱਤਾ ਹੈ। ਆਪਣੇ ਆਪ ਉਪਰ ਦਇਆ ਕਰਨ ਵਾਲੇ ਅਤੇ ਮਨੁੱਖਾਂ ਵਿਚ ਯਹੋਵਾਹ ਦੀ ਮਹਿਮਾ ਗਾਉਣ ਦੀ ਵੀ ਪ੍ਰਾਰਥਨਾ ਕੀਤੀ ਗਈ ਹੈ।

### 4.1.14 ਖਤਰੇ ਦੀ ਅਰਜੋਈ ਦਾ ਉੱਤਰ

ਇਹ ਪ੍ਰਾਰਥਨਾ ਪੁਰਾਣੇ ਨੇਮ ਦੀ 19ਵੀਂ ਪੁਸਤਕ ਜ਼ਬੂਰਾਂ ਦੀ ਪੋਥੀ ਦੇ ਪਹਿਲੇ ਭਾਗ ਵਿੱਚ ਦਾਊਦ ਵੱਲੋਂ ਕੀਤੀ ਗਈ ਹੈ ਅਤੇ ਬਾਈਬਲ ਦੇ ਪੰਨਾ 700 ਤੇ ਦਰਜ ਹੈ। ਇਸ ਵਿਚ ਪੈਗੰਬਰ ਦਾਊਦ ਯਹੋਵਾਹ ਨੂੰ ਆਪਣੀ ਬੇਨਤੀ ਸੁਣਨ ਲਈ ਬੇਨਤੀ ਕਰਦਾ ਹੈ। "ਹੇ ਯਹੋਵਾਹ ਮੈਂ ਤੈਨੂੰ ਪੁਕਾਰਾਂਗਾ, ਹੇ ਮੇਰੀ ਚਟਾਨ, ਮੇਰੇ ਨਾਲ ਚੁੱਪ ਨਾ ਰਹੁ, ਮਤੇ ਜੇ ਤੂੰ ਮੈਥੋਂ ਚੁੱਪ ਵੱਟ ਲਵੇਂ ਤਾਂ ਮੈਂ ਉਨ੍ਹਾਂ ਵਰਗਾ ਹੋ ਜਾਵਾਂ ਜਿਹੜੇ ਗੋਰ ਵਿੱਚ ਉਤਰਦੇ ਹਨ। ਮੇਰੀ ਅਰਜੋਈ ਦੀ ਅਵਾਜ਼ ਸੁਣ ਲੈ, ਜਦ ਮੈਂ ਤੇਰੀ ਦੁਹਾਈ ਦੇਵਾਂ, ਅਤੇ ਆਪਣੇ ਹੱਥ ਤੇਰੇ ਪਵਿੱਤਰ ਅਸਥਾਨ ਦੀ ਵਿਚਲੀ ਕੋਠੜੀ ਵੱਲ ਉਠਾਵਾਂ। ਬੁਰਿਆਰਾਂ ਅਰ ਕੁਕਰਮੀਆਂ ਦੇ ਨਾਲ ਮੈਨੂੰ ਨਾ ਧੂਹ, ਜਿਹੜੇ ਆਪਣੇ ਗੁਆਂਢੀਆਂ ਨਾਲ ਸ਼ਾਂਤ ਦੀਆਂ ਗੱਲਾਂ ਬੋਲਦੇ ਹਨ, ਪਰ ਉਨ੍ਹਾਂ ਦੇ ਮਨ ਵਿਚ ਬਦੀ ਹੈ। ਉਨ੍ਹਾਂ ਦੀ ਕਾਰ ਦੇ ਅਨੁਸਾਰ ਸਗੋਂ ਉਨ੍ਹਾਂ ਦੀ ਬਦਕਾਰੀ ਦੇ ਅਨੁਸਾਰ ਉਨ੍ਹਾਂ ਨੂੰ ਦੇਹ, ਉਨ੍ਹਾਂ ਦੇ ਹੱਥ ਦੇ ਕੰਮ ਅਨੁਸਾਰ ਉਨ੍ਹਾਂ ਨੂੰ ਦੇਹ, ਉਨ੍ਹਾਂ ਦੀ ਕੀਤੀ ਉਨ੍ਹਾਂ ਉੱਤੇ ਪਾ ਦੇਹ, ਇਸ ਕਰਕੇ ਕਿ ਓਹ ਯਹੋਵਾਹ ਦੇ ਕੰਮਾਂ ਨੂੰ ਅਤੇ ਉਹ ਦੇ ਹੱਥਾਂ ਦੇ ਕਾਰਜਾਂ ਉੱਤੇ ਗੌਹ ਨਹੀਂ ਕਰਦੇ, ਉਹ ਉਨ੍ਹਾਂ ਨੂੰ ਢਾਹੇਗਾ ਅਤੇ ਉਨ੍ਹਾਂ ਨੂੰ ਉਸਾਰੇਗਾ ਨਾ॥ ਯਹੋਵਾਹ ਮੁਬਾਰਕ ਹੋਵੇ, ਕਿਉਂ ਜੋ ਉਸ ਨੇ ਮੇਰੀਆਂ ਅਰਜੋਈਆਂ ਦੀ ਅਵਾਜ਼ ਸੁਣੀ ਹੈ। ਯਹੋਵਾਹ ਮੇਰਾ ਬਲ ਅਤੇ ਮੇਰੀ ਢਾਲ ਹੈ, ਮੇਰੇ ਮਨ ਨੇ ਉਸ ਉੱਤੇ ਭਰੋਸਾ ਰੱਖਿਆ ਹੈ, ਅਤੇ ਮੇਰੀ ਸਹਾਇਤਾ ਹੋਈ ਹੈ, ਇਸ ਲਈ ਮੇਰਾ ਮਨ ਮੌਜ ਮਾਨਦਾ ਹੈ, ਅਤੇ ਮੈਂ ਆਪਣੇ ਗੀਤ ਨਾਲ ਉਸ ਦਾ ਧੰਨਵਾਦ ਕਰਾਂਗਾ।ਯਹੋਵਾਹ ਉਨ੍ਹਾਂ ਦਾ ਬਲ ਹੈ, ਅਤੇ ਉਹ ਆਪਣੇ ਮਸਹ ਕੀਤੇ ਹੋਏ ਦੇ ਲਈ ਬਚਾਓ ਦਾ ਗੜ੍ਹ ਹੈ।ਆਪਣੀ ਪਰਜਾ ਨੂੰ ਬਚਾ, ਅਤੇ ਆਪਣੇ ਵਿਰਸੇ ਨੂੰ ਬਰਕਤ ਦੇਹ, ਉਨ੍ਹਾਂ ਦੀ ਪਾਲਨਾ ਕਰ ਅਤੇ ਉਨ੍ਹਾਂ ਨੂੰ ਸਦਾ ਚੁੱਕੀ ਰੱਖ।"[21] ਇਹ ਪ੍ਰਾਰਥਨਾ ਆਪਣੀ ਪੁਕਾਰ ਸੁਣਵਾਉਣ ਤੋਂ ਸ਼ੁਰੂ ਹੁੰਦੀ ਹੈ ਅਤੇ ਇਸ ਵਿਚ ਚੰਗਿਆਂ ਨਾਲ ਚੰਗਾ ਅਤੇ ਮਾੜਿਆਂ ਨਾਲ ਮਾੜਾ ਸਲੂਕ ਕਰਨ ਦੀ ਬੇਨਤੀ ਯਹੋਵਾਹ ਅੱਗੇ ਕੀਤੀ ਗਈ ਹੈ । ਅੰਤ ਵਿਚ ਬੇਨਤੀ ਸੁਣੇ ਜਾਣ ਦਾ ਇਸ਼ਾਰਾ ਵੀ ਹੈ ਅਤੇ ਆਪਣੀ ਪਰਜਾ ਦੇ ਭਲੇ ਦੀ ਲੋਚਨਾ ਵੀ ਹੈ।

---

[20] *ਜ਼ਬੂਰਾਂ ਦੀ ਪੋਥੀ*,26:12.
[21] ਉਹੀ, 28:9.

### 4.1.15 ਓਜ ਅਤੇ ਉਸਤਤ

ਇਹ ਪ੍ਰੇਅਰ ਵੀ ਦਾਊਦ ਦੁਆਰਾ ਰਚਿਤ ਹੈ ਅਤੇ ਪੁਰਾਣੇ ਨੇਮ ਦੀ 19ਵੀਂ ਪੁਸਤਕ ਜ਼ਬੂਰਾਂ ਦੀ ਪੋਥੀ ਦੇ ਪਹਿਲੇ ਭਾਗ ਦੇ ਪੰਨਾ 702-03 ਤੇ ਉਪਸਿਰਲੇਖ ਸੁਰ ਪਤੀ ਲਈ 'ਦਾਊਦ ਦਾ ਭਜਨ' ਹੇਠ ਦਰਜ ਹੈ। ਇਸ ਪ੍ਰਾਰਥਨਾ ਵਿਚ ਯਹੋਵਾਹ ਅੱਗੇ ਵੈਰੀਆਂ ਤੋਂ ਬਚਾਉਣ ਦੀ ਮੰਗ ਕੀਤੀ ਗਈ ਹੈ ਅਤੇ ਬਖਸ਼ਿਸ਼ ਲਈ ਧੰਨਵਾਦ ਵੀ ਕੀਤਾ ਗਿਆ ਹੈ।"ਹੇ ਯਹੋਵਾਹ, ਮੈਂ ਤੇਰੀ ਸ਼ਰਨ ਆਇਆ ਹਾਂ, ਮੈਨੂੰ ਕਦਾਚਿਤ ਸ਼ਰਮਿੰਦਾ ਨਾ ਹੋਣ ਦੇਹ, ਆਪਣੇ ਧਰਮ ਨਾਲ ਮੈਨੂੰ ਛੁਡਾ! ਆਪਣਾ ਕੰਨ ਮੇਰੀ ਵੱਲ ਝੁਕਾ ਅਤੇ ਮੈਨੂੰ ਛੇਤੀ ਛੁਡਾ! ਤੂੰ ਮੇਰੇ ਲਈ ਇਕ ਤਕੜੀ ਚਟਾਨ, ਅਤੇ ਮੇਰੇ ਬਚਾਓ ਲਈ ਇੱਕ ਗੜ੍ਹ ਹੈਂ। ਤੂੰ ਹੀ ਤਾਂ ਮੇਰੀ ਚਟਾਨ ਅਤੇ ਮੇਰਾ ਗੜ੍ਹ ਹੈਂ, ਤਦੇ ਤੂੰ ਆਪਣੇ ਨਾਮ ਦੇ ਸਦਕੇ ਮੈਨੂੰ ਲੈ ਚੱਲ, ਅਤੇ ਮੇਰੀ ਅਗਵਾਈ ਕਰ। ਤੂੰ ਉਸ ਜਾਲ ਵਿੱਚੋਂ ਜਿਹੜਾ ਉਨ੍ਹਾਂ ਨੂੰ ਮੇਰੇ ਲਈ ਓਹਲੇ ਵਿਛਾਇਆ ਹੈਂ ਮੈਨੂੰ ਕੱਢ, ਤੂੰ ਜੋ ਮੇਰਾ ਗੜ੍ਹ ਹੈ। ਮੈਂ ਆਪਣਾ ਆਤਮਾ ਤੇਰੇ ਹੱਥ ਸੌਂਪਦਾ ਹਾਂ, ਤੂੰ ਮੈਨੂੰ ਨਿਸਤਾਰਾ ਦਿੱਤਾ ਹੈ, ਹੇ ਯਹੋਵਾਹ ਸਚਿਆਈ ਦੇ ਪਰਮੇਸ਼ੁਰ! ਮੈਂ ਉਨ੍ਹਾਂ ਨਾਲ ਵੈਰ ਰੱਖਦਾ ਹਾਂ ਜਿਹੜੇ ਫੋਕਿਆਂ ਕੂੜਾਂ ਨੂੰ ਮੰਨਦੇ ਹਨ, ਪਰ ਮੈ ਯਹੋਵਾਹ ਉਤੇ ਭਰੋਸਾ ਰੱਖਦਾ ਹਾਂ। ਮੈਂ ਤੇਰੀ ਦਯਾ ਵਿੱਚ ਮਗਨ ਅਤੇ ਅਨੰਦ ਹੋਵਾਂਗਾ, ਕਿਉਂ ਜੋ ਤੂੰ ਮੇਰੇ ਦੁਖ ਨੂੰ ਵੇਖਿਆ ਹੈ, ਤੂੰ ਮੇਰੀ ਜਾਨ ਦੇ ਕਸ਼ਟਾਂ ਨੂੰ ਜਾਣ ਲਿਆ ਹੈ। ਤੂੰ ਮੈਨੂੰ ਵੈਰੀ ਦੇ ਹੱਥੀਂ ਬੰਦ ਨਹੀਂ ਕਰ ਛੱਡਿਆ ਹੈ, ਤੂੰ ਮੋਕਲੇ ਥਾਂ ਵਿੱਚ ਮੇਰੇ ਪੈਰ ਖਲ੍ਹਿਆਰੇ ਹਨ। ਯਹੋਵਾਹ ਮੇਰੇ ਉੱਤੇ ਦਯਾ ਕਰ, ਕਿਉਂ ਜੋ ਮੈਂ ਔਖਾ ਹਾਂ। ਮੇਰੀਆਂ ਅੱਖਾਂ ਗਮੀ ਦੇ ਮਾਰੇ ਗਲ ਗਈਆਂ ਹਨ ਨਾਲੇ ਮੇਰੀ ਜਾਨ ਅਤੇ ਮੇਰਾ ਸਰੀਰ। ਮੇਰਾ ਜੀਉਣ ਸੋਗ ਵਿੱਚ ਅਤੇ ਮੇਰੇ ਵਰ੍ਹੇ ਹੌਕੇ ਭਰਨ ਵਿੱਚ ਲੰਘ ਗਏ ਹਨ ਮੇਰੀ ਬਦੀ ਦੇ ਕਾਰਨ ਮੇਰਾ ਬਲ ਘਟ ਗਿਆ ਹੈ ਅਤੇ ਮੇਰੀਆਂ ਹੱਡੀਆਂ ਗਲ ਗਈਆਂ। ਆਪਣੇ ਸਭ ਵਿਰੋਧੀਆਂ ਦੇ ਕਾਰਨ ਮੈਂ ਉਲਾਹਮਾ ਬਣਿਆ, ਖਾਸ ਕਰਕੇ ਆਪਣੇ ਗੁਆਢੀਆਂ ਵਿੱਚ ਅਤੇ ਆਪਣੇ ਜਾਣ ਪਛਾਣ ਦੇ ਲਈ ਡਰਾਊ, ਜਿਨ੍ਹਾਂ ਮੈਨੂੰ ਬਾਹਰ ਵੇਖਿਆ ਓਹ ਮੈਥੋਂ ਭੱਜ ਗਏ। ਮੈਂ ਮੋਏ ਹੋਏ ਵਾਂਗੂ ਮਨੋਂ ਭੁਲਾ ਦਿੱਤਾ ਗਿਆ ਹਾਂ, ਮੈਂ ਭੱਜੇ ਹੋਏ ਭਾਂਡੇ ਵਰਗਾ ਹਾਂ। ਮੈਂ ਤਾਂ ਬਹੁਤਿਆਂ ਦੀ ਬਦਨਾਮੀ ਸੁਣੀ ਹੈ, ਅਤੇ ਆਲੇ ਦੁਆਲੇ ਭੈ ਹੀ ਭੈ ਸੀ, ਜਦੋਂ ਉਨ੍ਹਾਂ ਨੇ ਆਪੋ ਵਿੱਚ ਮੇਰੇ ਵਿਰੁੱਧ ਮਤਾ ਪਕਾਇਆ, ਮੇਰੀ ਜਾਨ ਲੈਣ ਦੀ ਜੁਗਤ ਕੀਤੀ॥ ਪਰ ਹੇ ਯਹੋਵਾਹ, ਮੈਂ ਤੇਰੇ ਉੱਤੇ ਭਰੋਸਾ ਰੱਖਿਆ ਹੈ, ਮੈਂ ਆਖਿਆ ਕਿ ਤੂੰ ਹੀ ਮੇਰਾ ਪਰਮੇਸ਼ੁਰ ਹੈ। ਮੇਰੇ ਸਮੇਂ ਤੇਰੇ ਹੱਥ ਵਿੱਚ ਹਨ, ਤੂੰ ਮੈਨੂੰ ਵੈਰੀਆਂ ਅਤੇ ਸਤਾਉਣ ਵਾਲਿਆਂ ਦੇ ਹੱਥੋਂ ਛੁਡਾ। ਆਪਣੇ ਮੁਖੜੇ ਨੂੰ ਆਪਣੇ ਦਾਸ ਉੱਤੇ ਚਮਕਾ, ਆਪਣੀ ਦਯਾ ਨਾਲ ਮੈਨੂੰ ਬਚਾ! ਹੇ ਯਹੋਵਾਹ ਮੈਨੂ ਸ਼ਰਮਿੰਦਾ ਨਾ ਹੋਣ ਦੇਹ, ਮੈਂ ਜੋ ਤੈਨੂੰ ਪੁਕਾਰਿਆ ਹੈ ਦੁਸਟ ਸ਼ਰਮਿੰਦੇ ਹੋਣ, ਓਹ ਚੁੱਪ ਚਾਪ ਪਤਾਲ ਵਿੱਚ ਪਏ ਰਹਿਣ! ਓਹ ਝੂਠੇ ਬੁੱਲ੍ਹ ਬੰਦ ਹੋ ਜਾਣ, ਜਿਹੜੇ ਧਰਮ ਦੇ ਵਿਰੁੱਧ ਬੇਅਦਬੀ ਨਾਲ, ਹੰਕਾਰ ਅਰ ਨਫਤਰ ਨਾਲ ਬੋਲਦੇ ਹਨ! ਕੇਡੀ ਵੱਡੀ ਹੈ ਤੇਰੀ ਭਲਿਆਈ! ਜਿਹੜੀ ਤੂੰ ਆਪਣੇ ਭੈ ਮੰਨਣ ਵਾਲਿਆਂ ਦੇ ਲਈ ਗੁਪਤ ਕਰ ਰੱਖੀ ਹੈ, ਜਿਹੜੀ ਤੂੰ ਆਪਣਿਆਂ ਸ਼ਰਨਾਰਥੀਆਂ ਲਈ ਆਦਮ ਵੰਸ ਦੇ ਸਨਮੁੱਖ ਪਰਗਟ ਕੀਤੀ ਹੈ। ਤੂੰ ਉਨ੍ਹਾਂ ਨੂੰ ਆਪਣੀ ਦਰਗਾਹ ਦੀ ਓਟ ਵਿੱਚ ਮਨੁੱਖ ਦੀਆਂ ਜੁਗਤਾਂ ਤੋਂ ਛਿਪਾਵੇਂਗਾ, ਤੂੰ ਉਨ੍ਹਾਂ ਨੂੰ ਜੀਭਾਂ ਦੇ ਝਗੜੇ ਤੋਂ ਮੰਡਪ ਵਿੱਚ ਲੁਕਾ ਰੱਖੇਗਾ। ਯਹੋਵਾਹ ਮੁਬਾਰਕ ਹੋਵੇ, ਕਿਉਂ ਜੋ ਉਹ ਨੇ ਇਕ ਘੇਰੇ ਹੋਏ ਸ਼ਹਿਰ ਵਿੱਚ ਮੇਰੇ ਉੱਤੇ

ਆਪਣੀ ਅਚਰਜ ਦਯਾ ਕੀਤੀ ਹੈ। ਪਰ ਮੈਂ ਆਪਣੀ ਘਬਰਾਹਟ ਵਿੱਚ ਆਇਆ ਸੀ ਭਈ ਤੇਰੀਆਂ ਅੱਖੀਆਂ ਦੇ ਅੱਗੋਂ ਮੈਂ ਕੱਟਿਆ ਗਿਆ ਹਾਂ ਤਾਂ ਵੀ ਜਦੋਂ ਮੈ ਤੇਰੀ ਦੁਹਾਈ ਦਿੱਤੀ ਤੂੰ ਮੇਰੀਆਂ ਅਰਜੋਈਆਂ ਦੀ ਆਵਾਜ਼ ਸੁਣੀ॥ ਹੇ ਯਹੋਵਾਹ ਦੇ ਸਾਰੇ ਸੰਤੋ, ਉਹ ਦੇ ਨਾਮ ਪ੍ਰੇਮ ਰੱਖ ਯਹੋਵਾਹ ਸੱਚਿਆਂ ਦਾ ਰਾਖਾ ਹੈ ਪਰ ਹੰਕਾਰੀਆਂ ਉੱਤੇ ਬਹੁਤ ਵੱਟੇ ਲਾਉਂਦਾ ਹੈ। ਹੇ ਸਾਰੇ ਯਹੋਵਾਹ ਦੀ ਆਸ ਰੱਖਣ ਵਾਲਿਓ, ਤਕੜੇ ਹੋਵੋ ਅਤੇ ਤੁਹਾਡਾ ਮਨ ਦਿਲੇਰ ਹੋਵੇ।" [22] ਇਸ ਪ੍ਰਾਰਥਨਾ ਵਿਚ ਯਹੂਦੀ ਲੋਕਾਂ ਨੂੰ ਪਰਮੇਸ਼ਵਰ ਯਹੋਵਾਹ 'ਤੇ ਵਿਸ਼ਵਾਸ਼ ਰੱਖਣ ਅਤੇ ਯਹੋਵਾਹ ਨੂੰ ਬਦਕਾਰਾਂ ਨੂੰ ਸਜ਼ਾ ਦੇਣ ਦੀ ਬੇਨਤੀ ਕੀਤੀ ਗਈ ਹੈ।

### 4.1.16 ਬਿਮਾਰੀ ਵਿਚ ਅਰਦਾਸ

ਇਹ ਪ੍ਰੇਅਰ ਪੁਰਾਣੇ ਨੇਮ ਦੀ 19ਵੀਂ ਪੁਸਤਕ 'ਜ਼ਬੂਰਾਂ ਦੀ ਪੋਥੀ' ਦੇ ਦੂਜੇ ਭਾਗ ਦੇ 711 ਪੰਨੇ ਤੇ ਦਰਜ ਹੈ ਅਤੇ ਇਸ ਦਾ ਉਪਸਿਰਲੇਖ 'ਸੁਰਪਤੀ ਲਈ, ਦਾਊਦ ਦਾ ਭਜਨ' ਹੈ। ਯਹੋਵਾਹ ਤੋਂ ਆਪਣੀ ਤੰਦਰੁਸਤੀ ਲਈ ਅਤੇ ਵੈਰੀਆਂ ਨੂੰ ਨੀਵਾਂ ਵਿਖਾਉਣ ਦੀ ਪ੍ਰੇਅਰ ਹੈ।"ਧੰਨ ਹੈ ਉਹ ਜਿਹੜਾ ਗਰੀਬ ਦੀ ਸੁੱਧ ਲੈਂਦਾ ਹੈ, ਯਹੋਵਾਹ ਉਹ ਨੂੰ ਬੁਰਿਆਈ ਦੇ ਵੇਲੇ ਛੁਡਾਵੇਗਾ। ਯਹੋਵਾਹ ਉਹ ਦੀ ਪਾਲਨਾ ਕਰੇਗਾ ਅਤੇ ਉਹ ਨੂੰ ਜੀਉਂਦਿਆਂ ਰੱਖੇਗਾ, ਅਤੇ ਉਹ ਧਰਤੀ ਉੱਤੇ ਧੰਨ ਹੋਵੇਗਾ। ਤੂੰ ਉਹ ਨੂੰ ਉਹ ਦੇ ਵੈਰੀਆਂ ਦੀ ਇੱਛਿਆਂ ਉੱਤੇ ਨਾ ਛੱਡੇਂਗਾ। ਯਹੋਵਾਹ ਉਹ ਦੀ ਮਾਂਦਗੀ ਦੇ ਮੰਜੇ ਉੱਤੇ ਉਹ ਨੂੰ ਸੰਭਾਲੇਗਾ। ਤੂੰ ਉਹ ਦੀ ਬਿਮਾਰੀ ਦੇ ਵੇਲੇ ਉਹ ਦਾ ਸਾਰਾ ਬਿਸਤਰਾ  ਉਲਟਾ ਕੇ ਵਿਛਾਵੇਂਗਾ॥ ਮੈਂ ਆਖਿਆ, ਹੇ ਯਹੋਵਾਹ, ਮੇਰੇ ਉੱਤੇ ਦਯਾ ਕਰ, ਮੇਰੀ ਜਾਨ ਨੂੰ ਚੰਗਿਆਂ ਕਰ, ਮੈਂ ਤੇਰਾ ਪਾਪ ਜੋ ਕੀਤਾ ਹੈ। ਮੇਰੇ ਵੈਰੀ ਮੇਰੇ ਵਿਰੁੱਧ ਬੁਰਾ ਕਹਿੰਦੇ ਹਨ, ਭਈ ਉਹ ਕਦੋਂ ਮਰੂ ਅਤੇ ਉਹ ਦਾ ਨਾਉਂ ਕਦੋਂ ਮਿਟੂ? ਅਤੇ ਜਦ ਕਦੇ ਉਹ ਮੇਰੇ ਵੇਖਣ ਨੂੰ ਆਉਂਦਾ ਹੈ ਉਹ ਐਵੇਂ ਗੱਪਾਂ ਮਾਰਦਾ ਹੈ। ਉਸ ਦਾ ਮਨ ਉਸਦੀ ਬਦੀ ਨਾਲ ਬਦੀ ਜੋੜਦਾ ਹੈ ਅਤੇ ਫਿਰ ਉਹ ਬਾਹਰ ਜਾ ਕੇ ਦੱਸਦਾ ਫਿਰਦਾ ਹੈ। ਮੇਰੇ ਸਭ ਖੁਣਸੀ ਮਿਲ ਕੇ ਮੇਰੇ ਵਿਰੁੱਧ ਫੁਸ ਫੁਸ ਕਰਦੇ ਹਨ, ਮੇਰੇ ਵਿਰੁੱਧ ਉਹ ਮੇਰੇ ਹਰਜ ਦਾ ਉਪਾਉ ਲੱਭਦੇ ਹਨ। ਉਹ ਕਹਿੰਦੇ ਹਨ ਭਈ ਉਹ ਨੂੰ ਕੋਈ ਬੁਰਾ ਰੋਗ ਲੱਗਾ ਹੋਇਆ ਹੈ, ਹੁਣ ਉਹ ਡਿੱਗਿਆ ਜੋ ਹੈ ਸੋ ਮੁੜ ਉਠੇਗਾ ਨਹੀਂ! ਸਗੋਂ ਮੇਰਾ ਮੇਲੀ ਜਿਹ ਦੇ ਉੱਤੇ ਮੇਰਾ ਭਰੋਸਾ ਸੀ, ਅਰ ਜਿਸ ਨੇ ਮੇਰੀ ਰੋਟੀ ਖਾਧੀ। ਉਸ ਨੇ ਵੀ ਮੇਰੇ ਉੱਤੇ ਲੱਤ ਚੁੱਕੀ ਹੈ॥ ਪਰ ਤੂੰ, ਹੇ ਯਹੋਵਾਹ, ਮੇਰੇ ਉੱਤੇ ਦਯਾ ਕਰ ਕੇ ਮੈਨੂੰ ਖੜਾ ਕਰ, ਭਈ ਮੈਂ ਉਨ੍ਹਾਂ ਕੋਲੋ ਵੱਟਾ ਲਵਾਂ। ਇਸ ਤੋਂ ਮੈਂ ਜਾਣਦਾ ਹਾਂ ਭਈ ਤੂੰ ਮੇਰੇ ਤੋਂ ਪ੍ਰਸੰਨ ਹੈ, ਜੋ ਮੇਰਾ ਵੈਰੀ ਮੇਰੇ ਉੱਤੇ ਜੈ ਕਾਰ ਨਹੀਂ ਗਜਾਉਂਦਾ। ਪਰ ਮੈਨੂੰ ਮੇਰੀ ਸਿਧਿਆਈ ਵਿੱਚ ਤੂੰ ਸੰਭਾਲਦਾ ਹੈ ਅਤੇ ਸਦਾ ਆਪਣੇ ਸਨਮੁਖ ਰੱਖਦਾ ਹੈ। ਆਦ ਤੋਂ ਅੰਤ ਤੀਕ ਇਸਰਾਏਲ ਦਾ ਪਰਮੇਸ਼ੁਰ ਯਹੋਵਾਹ ਮੁਬਾਰਕ ਹੋਵੇ, ਆਮੀਨ, ਫਿਰ ਆਮੀਨ!॥ "[23]ਇਸ ਪ੍ਰਾਰਥਨਾ ਵਿਚ ਯਹੋਵਾਹ ਉਪਰ ਵਿਸ਼ਵਾਸ਼ ਜ਼ਾਹਰ ਕੀਤਾ ਗਿਆ ਹੈ ਕਿ ਉਹ ਔਖਿਆਈ ਵੇਲੇ ਆਪਣੇ ਮੰਨਣ ਵਾਲਿਆ ਦੀ ਮਦਦ ਕਰੇਗਾ। ਯਹੋਵਾਹ ਕੋਲ ਦਇਆ ਦੀ ਬੇਨਤੀ ਕੀਤੀ ਗਈ ਹੈ। ਸ਼੍ਰਿਸਟੀ ਦੇ ਮੁੱਢ ਅਤੇ ਅੰਤ ਵਿਚ ਯਹੋਵਾਹ ਦੀ ਸੱਤਾ ਦੀ ਗੱਲ ਕੀਤੀ ਗਈ ਹੈ।

---

[22] *ਜ਼ਬੂਰਾਂ ਦੀ ਪੋਥੀ* 31:24.

[23] *ਉਹੀ* 41:9.

### 4.1.17 ਛੁਟਕਾਰੇ ਲਈ ਅਰਜੋਈ

ਇਹ ਪ੍ਰੇਅਰ ਪੁਰਾਣੇ ਨੇਮ ਦੀ 19ਵੀ ਪੁਸਤਕ ਦੇ 'ਜ਼ਬੂਰਾ ਦੀ ਪੋਥੀ' ਦੇ ਦੂਜੇ ਭਾਗ ਦੇ 713 ਪੰਨੇ ਤੇ ਦਰਜ ਹੈ। ਇਸ ਵਿਚ ਯਹੋਵਾਹ ਪਰਮੇਸ਼ੁਰ ਅੱਗੇ ਯਹੂਦੀਆਂ ਦੀ ਇਹ ਪ੍ਰੇਅਰ ਹੈ ਕਿ ਉਹਨਾਂ ਨੂੰ ਵੈਰੀਆਂ ਦੇ ਚੁੰਗਲ ਤੋਂ ਬਚਾ ਅਤੇ ਆਪਣੇ ਦਰ ਤੋਂ ਰਾਹ ਵਿਖਾ। "ਹੇ ਪਰਮੇਸ਼ੁਰ ਮੇਰਾ ਨਿਆਉਂ ਕਰ, ਅਤੇ ਇੱਕ ਨਿਰਦਈ ਕੌਮ ਨਾਲ ਮੇਰਾ ਮੁਦੱਪਾ ਕਰ ਕਪਟੀ ਤੇ ਭੈੜੇ ਮਨੁੱਖ ਤੋਂ ਮੈਨੂੰ ਛੁਡਾ! ਕਿਉਂ ਜੋ ਮੇਰੀ ਪਨਾਹ ਦਾ ਪਰਮੇਸ਼ੁਰ ਤੂੰ ਹੀ ਹੈ, ਕਾਹਦੇ ਲਈ ਤੈਂ ਮੈਨੂੰ ਤਿਆਗ ਦਿੱਤਾ ਹੈ? ਮੈਂ ਕਿਉਂ ਵੈਰੀ ਦੇ ਅਨ੍ਹੇਰ ਦੇ ਮਾਰੇ ਵਿਰਲਾਪ ਕਰਦਾ ਫਿਰਦਾ ਹਾਂ? ਆਪਣੇ ਚਾਨਣ ਅਰ ਆਪਣੀ ਸਚਿਆਈ ਨੂੰ ਘੱਲ ਕਿ ਉਹ ਮੇਰੀ ਅਗਵਾਈ ਕਰਨ, ਅਤੇ ਉਹ ਤੈਨੂੰ ਤੇਰੇ ਪਵਿੱਤਰ ਪਹਾੜ ਅਰ ਤੇਰਿਆਂ ਡੇਹਰਿਆਂ ਕੋਲ ਪਚਾਉਣ। ਤਦ ਮੈਂ ਪਰਮੇਸ਼ੁਰ ਦੀ ਜਗਵੇਦੀ ਕੋਲ ਜਾਵਾਂਗਾ, ਉਸ ਪਰਮੇਸ਼ੁਰ ਕੋਲ ਜਿਹੜਾ ਮੇਰੀ ਅੱਤ ਵੱਡੀ ਖੁਸ਼ੀ ਹੈ ਅਤੇ ਬਰਬਤ ਵਜਾ ਕੇ ਤੇਰਾ ਧੰਨਵਾਦ ਕਰਾਂਗਾ, ਹੇ ਪਰਮੇਸ਼ੁਰ, ਮੇਰੇ ਪਰਮੇਸ਼ੁਰ! ਹੇ ਮੇਰੇ ਜੀ, ਤੂੰ ਕਿਉਂ ਝੁਕਿਆ ਹੋਇਆ ਹੈ? ਅਤੇ ਮੇਰੇ ਵਿੱਚ ਕਿਉਂ ਵਿਆਕੁਲ ਹੈ? ਪਰਮੇਸ਼ੁਰ ਉੱਤੇ ਆਸ਼ਾ ਰੱਖ! ਮੈਂ ਤਾਂ ਫਿਰ ਉਸ ਦਾ ਧੰਨਵਾਦ ਕਰਾਂਗਾ, ਜਿਹੜਾ ਮੇਰੇ ਮੁਖੜੇ ਦਾ ਬਚਾਉ ਅਤੇ ਮੇਰਾ ਪਰਮੇਸ਼ੁਰ ਹੈ॥"[24] ਇਸ ਵਿਚ ਯਹੋਵਾਹ ਅੱਗੇ ਦੂਜੀਆਂ ਪ੍ਰਾਰਥਨਾਵਾਂ ਵਾਂਗ ਹੀ ਔਖੀ ਘੜੀ ਸਮੇਂ ਮਦਦ ਲਈ ਅਤੇ ਗੁਲਾਮ ਕਰਨ ਵਾਲੇ ਲੋਕਾਂ ਤੋਂ ਛੁਟਕਾਰੇ ਦੀ ਪ੍ਰਾਰਥਨਾ ਕੀਤੀ ਗਈ ਹੈ।

### 4.1.18 ਪਰਮੇਸ਼ੁਰ ਉੱਤੇ ਭਰੋਸਾ

ਇਹ ਪ੍ਰਾਰਥਨਾ ਪੁਰਾਣੇ ਨੇਮ ਦੀ 19ਵੀ ਪੁਸਤਕ 'ਜ਼ਬੂਰਾਂ ਦੀ ਪੋਥੀ ਦੇ ਪਹਿਲੇ ਭਾਗ ਦੇ 722 ਪੰਨੇ ਤੇ 'ਸੁਰ ਪਤੀ ਲਈ ਦੁਰੇਡੇ ਦੀ ਗੁੰਗੀ ਘੁੱਗੀ ਨਾਮੇ ਰਾਗ ਉੱਤੇ ਦਾਊਦ ਦਾ ਮਿਕਤਾਮ ਜਦ ਫਲਿਸਤੀਆਂ ਨੇ ਉਹਨੂੰ ਗਥ ਵਿਚ ਫੜ ਲਿਆ 'ਉਪਸਿਰਲੇਖ ਹੇਠ ਦਰਜ ਹੈ। ਇਹ ਪ੍ਰਾਰਥਨਾ ਯਹੂਦੀਆਂ ਵਲੋਂ ਪਰਮੇਸ਼ੁਰ ਨੂੰ ਦੁਖਾਂ ਤੋਂ ਉਭਾਰਨ ਲਈ ਕੀਤੀ ਗਈ ਹੈ। ਵੈਰੀਆਂ ਦਾ ਨਾਸ਼ ਕਰਨ ਬਾਰੇ ਪਰਮੇਸ਼ੁਰ ਨੂੰ ਕਿਹਾ ਹੈ ਅਤੇ ਅਜਿਹਾ ਕਰਨ ਤੇ ਪਰਮੇਸ਼ੁਰ ਦਾ ਧੰਨਵਾਦ ਵੀ ਕੀਤਾ ਗਿਆ ਹੈ। "ਹੇ ਪਰਮੇਸ਼ੁਰ, ਮੇਰੇ ਉੱਤੇ ਦਯਾ ਕਰ, ਕਿਉਂ ਜੋ ਆਦਮੀ ਮੈਨੂੰ ਮਿੱਧਦੇ ਹਨ, ਓਹ ਸਾਰਾ ਦਿਨ ਲੜਦੇ ਹੋਏ ਮੈਨੂੰ ਦਬਾਈ ਜਾਂਦੇ ਹਨ! ਮੇਰੇ ਘਾਤੀ ਮੈਨੂੰ ਸਾਰਾ ਦਿਨ ਮਿੱਧਦੇ ਹਨ, ਕਿਉਂ ਜੋ ਉਹ ਬਹੁਤ ਹਨ ਜੋ ਵੱਡਾ ਹੰਕਾਰ ਕਰ ਕੇ ਮੇਰੇ ਨਾਲ ਲੜਦੇ ਹਨ। ਜਿਸ ਵੇਲੇ ਮੈਨੂੰ ਡਰ ਹੋਵੇਗਾ, ਮੈ ਤੇਰੇ ਉੱਤੇ ਭਰੋਸਾ ਰੱਖਾਂਗਾ। ਪਰਮੇਸ਼ੁਰ ਉੱਤੇ ਮੈਂ ਭਰੋਸਾ ਰੱਖਿਆ ਹੈ ਮੈਂ ਨਾ ਡਰਾਂਗਾ, ਬਸ਼ਰ ਮੇਰਾ ਕੀ ਕਰ ਸੱਕਦਾ ਹੈ? ਓਹ ਸਾਰਾ ਦਿਨ ਮੇਰੀਆਂ ਗੱਲਾਂ ਨੂੰ ਪਲਟਾਉਂਦੇ ਰਹਿੰਦੇ ਹਨ, ਉਨ੍ਹਾਂ ਦੇ ਸਾਰੇ ਉਪਾਓ ਮੇਰਾ ਬੁਰਾ ਕਰਨ ਦੇ ਹਨ। ਓਹ ਸਾਰੇ ਇਕੱਠੇ ਹੋ ਕੇ ਲੁਕ ਜਾਂਦੇ ਹਨ, ਓਹ ਮੇਰੇ ਖੁਰੇ ਨੂੰ ਤੱਕਦੇ ਹਨ, ਜਿਵੇਂ ਉਹ ਮੇਰੀ ਜਾਨ ਲਈ ਤੀਂਘੜਦੇ ਸਨ। ਭਲਾ, ਓਹ ਬਦਕਾਰੀ ਨਾਲ ਬਚ ਨਿੱਕਲਣਗੇ? ਹੇ ਪਰਮੇਸ਼ੁਰ, ਕ੍ਰੋਧ ਨਾਲ ਲੋਕਾਂ ਨੂੰ ਹੇਠਾਂ ਲਾਹ ਦੇਹ! ਤੂੰ ਮੇਰੇ ਅਵਾਰਾ ਫਿਰਨ ਦਾ ਲੇਖਾ ਕਰਦਾ ਹੈਂ, ਮੇਰਿਆਂ ਅੰਝੂਆਂ ਨੂੰ ਆਪਣੀ ਕੁੱਪੀ ਵਿੱਚ ਰੱਖ ਛੱਡ, ਭਲਾ ਓਹ ਤੇਰੀ ਵਹੀ ਵਿੱਚ ਨਹੀਂ ਹਨ? ਜਿਸ ਦਿਨ ਮੈਂ ਪੁਕਾਰਾਂ ਤਦ ਮੇਰੇ ਵੈਰੀ ਪਿਛਾਗਾਂ ਮੁੜ ਜਾਣਗੇ, ਮੈਂ ਇਹ ਜਾਣਦਾ ਹਾਂ

[24] ਜ਼ਬੂਰਾਂ ਦੀ ਪੋਥੀ 43:5.

ਭਈ ਪਰਮੇਸ਼ੁਰ ਮੇਰੇ ਵੱਲ ਹੈ। ਪਰਮੇਸ਼ੁਰ ਵਿੱਚ ਮੈਂ ਬਚਨ ਦੀ ਉਸਤਤ ਕਰਾਂਗਾ, ਯਹੋਵਾਹ ਵਿੱਚ ਮੈਂ ਬਚਨ ਦੀ ਉਸਤਤ ਕਰਾਂਗਾ। ਪਰਮੇਸ਼ੁਰ ਉੱਤੇ ਮੈਂ ਭਰੋਸਾ ਰੱਖਿਆ ਹੈ, ਮੈਂ ਨਾ ਡਰਾਂਗਾ, ਆਦਮੀ ਮੇਰਾ ਕੀ ਕਰ ਸਕਦਾ ਹੈ? ਹੇ ਪਰਮੇਸ਼ੁਰ  ਤੇਰੀਆਂ ਸੁੱਖਣਾਂ ਮੇਰੇ ਉੱਤੇ ਹਨ, ਮੈਂ ਧੰਨਵਾਦ ਦੀਆਂ ਭੇਟਾਂ ਤੈਨੂੰ ਦਿਆਂਗਾ। ਕਿਉਂ ਜੋ ਤੂੰ ਮੇਰੀ ਜਾਨ ਮੌਤ ਤੋਂ ਛੁਡਾਈ ਹੈ, ਭਲਾ, ਤੂੰ ਮੇਰਿਆਂ ਪੈਰਾਂ ਨੂੰ ਠੇਡੇ ਖਾਣ ਤੋਂ ਨਾ ਬਚਾਵੇਂਗਾ, ਭਈ ਮੈਂ ਪਰਮੇਸ਼ੁਰ ਦੇ ਸਨਮੁਖ ਜੀਉਂਦਿਆ ਦੇ ਚਾਨਣ ਵਿੱਚ ਚੱਲਾਂ ਫਿਰਾਂ?॥"[25] ਨਵੇਂ ਨੇਮ ਦੀਆਂ ਲਗਭਗ ਸਾਰੀਆਂ ਪ੍ਰਾਰਥਨਾਵਾਂ ਦਾ ਸਰੂਪ ਅਜਿਹਾ ਹੀ ਹੈ ਜਿਸ ਵਿਚ ਯਹੋਵਾਹ ਅੱਗੇ ਦੁਸ਼ਮਣਾਂ ਨੂੰ ਭਜਾ ਦੇਣ ਦੀਆਂ ਬੇਨਤੀਆਂ ਹਨ ਜਦਕਿ ਬਾਅਦ ਦੇ ਧਰਮਾਂ ਵਿਚ ਜੋ ਪਰਮਾਤਮਾ ਦਾ ਸਰੂਪ ਬਿਆਨਿਆ ਗਿਆ ਹੈ ਉਹ ਯਹੋਵਾਹ ਤੋਂ ਬਿਲਕੁਲ ਉਲਟ ਹੈ।

### 4.1.19 ਦੁਸ਼ਟਾਂ ਦੀ ਸਜ਼ਾ ਲਈ ਬੇਨਤੀ

ਇਹ ਪ੍ਰਾਰਥਨਾ ਪੁਰਾਣੇ ਨੇਮ ਦੀ 19ਵੀ ਪੁਸਤਕ 'ਜਬੂਰਾਂ ਦੀ ਪੋਥੀ' ਦੇ ਪਹਿਲੇ ਭਾਗ ਵਿੱਚੋਂ ਪੰਨਾ 722 ਤੇ ਸੁਰ ਪਤੀ ਲਈ ਅਬਨਾਸੀ ਰਾਗ ਉੱਤੇ ਦਾਊਦ ਦਾ ਮਿਕਤਾਮ ਉਪਸਿਰਲੇਖ ਹੇਠ ਦਰਜ ਹੈ। ਇਸ ਪ੍ਰਾਰਥਨਾ ਵਿਚ ਦੁਸ਼ਟ ਲੋਕਾਂ ਦਾ ਨਾਸ਼ ਕਰਨ ਲਈ ਬੇਨਤੀ ਕੀਤੀ ਗਈ ਹੈ। ਉਹਨਾਂ ਹੰਕਾਰੀਆਂ ਦਾ ਨਾਸ਼ ਕਰਨ ਲਈ ਬੇਨਤੀ ਹੈ ਜਿਹੜੇ ਨਿਤਾਣਿਆਂ ਨੂੰ ਲਿਤਾੜਦੇ ਹਨ। "ਹੇ ਬਲਵਾਨ ਸੁਆਮੀਓ! ਕੀ ਤੁਸੀ ਸੱਚ ਮੁੱਚ ਧਰਮ ਨਾਲ ਬੋਲਦੇ ਹੋ? ਕੀ ਤੁਸੀਂ ਆਦਮ ਵੰਸ਼ੀਆਂ ਦਾ ਸਿੱਧਾ ਨਿਆਉਂ ਕਰਦੇ ਹੋ? ਨਹੀਂ, ਸਗੋਂ ਤੁਸੀ ਮਨੋ ਬਦੀ ਕਰਦੇ ਹੋ, ਧਰਤੀ ਉੱਤੇ ਆਪਣੇ ਹੱਥਾਂ ਦਾ ਅੰਨ੍ਹੇਰ ਤੋਲ ਦਿੰਦੇ ਹੋ! ਦੁਸਟ ਕੁੱਖੋਂ ਹੀ ਓਪਰੇ ਰਹੇ ਹਨ, ਓਹ ਜੰਮਦੇ ਸਾਰ ਹੀ ਝੂਠ ਬੋਲ ਬੋਲ ਕੇ ਭਟਕ ਜਾਂਦੇ ਹਨ। ਉਨ੍ਹਾਂ ਦੀ ਵਿੱਸ ਸੱਪ ਦੀ ਵਿੱਸ ਵਰਗੀ ਹੈ, ਉਹ ਉਸ ਬੋਲੇ ਨਾਗ ਦੀ ਨਿਆਈ ਹਨ ਜਿਹੜਾ ਆਪਣੇ ਕੰਨ ਮੁੰਦ ਲੈਂਦਾ ਹੈ। ਸਪੇਰਿਆਂ ਦੀ ਅਵਾਜ਼ ਨਹੀਂ ਸੁਣਦਾ, ਭਾਵੇਂ ਕੇਡੀ ਹੀ ਚਲਾਕੀ ਨਾਲ ਉਹ ਜਾਦੂ ਕਰਨ। ਹੇ ਪਰਮੇਸ਼ੁਰ ਉਨ੍ਹਾਂ ਦਿਆਂ ਦੰਦਾ ਨੂੰ ਉਨ੍ਹਾਂ ਦੇ ਮੂੰਹ ਵਿੱਚ ਭੰਨ ਸੁੱਟ, ਹੇ ਯਹੋਵਾਹ, ਜੁਆਨ ਬੱਬਰ ਸ਼ੇਰਾਂ ਦੀਆਂ ਹੁੱਡਾਂ ਨੂੰ ਪੁੱਟ ਸੁੱਟ! ਓਹ ਵਗਦੇ ਪਾਣੀ ਵਾਂਗ ਵਹਿ ਜਾਣ, ਜਦ ਉਹ ਆਪਣੇ ਤੀਰਾਂ ਦਾ ਨਿਸ਼ਾਨਾ ਮਾਰੇ ਤਾਂ ਓਹ ਮਾਨੋ, ਟੋਟੇ ਟੋਟੇ ਹੋ ਜਾਣ! ਓਹ ਘੋਗੇ ਵਾਂਗ ਹੋਣ ਜੋ ਗਲ ਕੇ ਜਾਂਦਾ ਰਹਿੰਦਾ ਹੈ, ਓਹ ਇਸਤਰੀ ਦੇ ਗਰਭ ਪਾਤ ਵਾਂਗ ਹੋਣ ਜਿਸ ਸੂਰਜ ਨਹੀਂ ਵੇਖਿਆ! ਇਸ ਤੋਂ ਅੱਗੇ ਜੋ ਤੁਹਾਡੀਆਂ ਦੇਗਾਂ ਛਾਪਿਆਂ ਨਾਲ ਤੱਤੀਆਂ ਹੋਣ, ਉਹ ਜਲੇ ਅਣਜਲੇ, ਦੋਹਾਂ ਨੂੰ ਵਾਵਰੋਲੇ ਨਾਲ ਉਡਾ ਦੇਵੇਗਾ। ਧਰਮੀ ਇਹ ਬਦਲਾ ਵੇਖ ਕੇ ਅਨੰਦ ਹੋਵੇਗਾ, ਉਹ ਦੁਸ਼ਟਾਂ ਦੇ ਲਹੂ ਵਿੱਚ ਆਪਣੇ ਚਰਨ ਧੋਵੇਗਾ। ਤਾਂ ਆਦਮੀ ਆਖੇਗਾ, ਧਰਮੀ ਦੇ ਲਈ ਫਲ ਤਾਂ ਹੈ ਹੀ, ਸੱਚ ਮੁੱਚ ਇੱਕ ਪਰਮੇਸ਼ੁਰ ਹੈ ਜਿਹੜਾ ਧਰਤੀ ਉੱਤੇ ਨਿਆਉਂ ਕਰਦਾ ਹੈ।"[26] ਇਸ ਪ੍ਰਾਰਥਨਾ ਵਿਚ ਦੁਸ਼ਟ ਆਦਮੀਆਂ ਲਈ ਬੜੀ ਸਖ਼ਤ ਸਬਦਾਵਲੀ ਵਰਤੀ ਗਈ ਹੈ ਅਤੇ ਉਹਨਾਂ ਨੂੰ ਜਨਮਾਂ ਤੋਂ ਹੀ ਮਾੜੀ ਬਿਰਤੀ ਵਾਲੇ ਮੰਨਿਆ ਗਿਆ ਹੈ ਅਤੇ ਯਹੋਵਾ ਨੂੰ ਨਿਆਂਕਰੀ ਪਰਮਾਤਮਾ ਮੰਨਿਆ ਗਿਆ ਹੈ।

[25] *ਜ਼ਬੂਰਾਂ ਦੀ ਪੋਥੀ*, 56:13.

[26] ਉਹੀ, 58:11.

### 4.1.20 ਪਰਮੇਸ਼ੁਰ ਮੇਰਾ ਉੱਚਾ ਗੜ੍ਹ

ਇਹ ਪ੍ਰੇਅਰ ਯਹੂਦੀਆਂ ਦੇ ਪੁਰਾਣੇ ਨੇਮ ਦੀ 19ਵੀਂ ਪੁਸਤਕ ਜ਼ਬੂਰਾਂ ਦੀ ਪੋਥੀ ਦੀ ਪਹਿਲੇ ਭਾਗ ਦੇ ਪੰਨਾ 723-24 ਤੇ ਦਰਜ ਹੈ। ਇਸਦਾ ਉਪਸਿਰਲੇਖ 'ਸੁਰ ਪਤੀ ਦਾਊਦ ਦਾ ਮਿਕਤਾਮ ਜਦ ਸਾਊਲ ਨੇ ਆਦਮੀਆਂ ਨੂੰ ਘੱਲ ਕੇ ਘਰ ਦਾ ਪਹਿਰਾ ਦਿੱਤਾ ਭਾਈ ਉਹਨੂੰ ਮਾਰ ਸੁੱਟੇ' ਇਸ ਪ੍ਰਾਰਥਨਾ ਵਿਚ ਵੀ ਮੰਦਬਿਰਤੀ ਲੋਕਾਂ ਦੇ ਨਾਸ਼ ਕਰਨ ਦੀ ਪ੍ਰਾਰਥਨਾ ਕੀਤੀ ਗਈ ਹੈ। "ਹੇ ਮੇਰੇ ਪਰਮੇਸ਼ੁਰ, ਮੇਰੇ ਵੈਰੀਆਂ ਤੋਂ ਮੈਨੂੰ ਛੁਡਾ ਮੇਰੇ ਵਿਰੋਧੀਆਂ ਤੋਂ ਮੈਨੂੰ ਉਚਿਆਈ ਤੇ ਰੱਖ! ਮੈਨੂੰ ਬਦਕਾਰਾਂ ਤੋਂ ਛੁਡਾ, ਅਤੇ ਖੂਨੀ ਮਨੁੱਖਾਂ ਤੋਂ ਮੈਨੂੰ ਬਚਾ। ਵੇਖ ਤਾਂ, ਓਹ ਮੇਰੀ ਜਾਨ ਦੀ ਘਾਤ ਵਿੱਚ ਲੱਗੇ ਹੋਏ ਹਨ, ਬਲਵੰਤ ਮੇਰੇ ਵਿਰੁੱਧ ਇਕੱਠੇ ਹੋਏ ਹਨ, ਹੇ ਯਹੋਵਾਹ, ਨਾ ਮੇਰਾ ਕੁਝ ਅਪਰਾਧ ਨਾ ਮੇਰਾ ਕੁਝ ਪਾਪ ਹੈ। ਮੇਰੀ ਬਦੀ ਤੋਂ ਬਿਨਾਂ ਓਹ ਭੱਜ ਕੇ ਆਪਣੇ ਆਪ ਨੂੰ ਤਿਆਰ ਕਰਦੇ ਹਨ, ਮੇਰੀ ਸਹਾਇਤਾ ਲਈ ਜਾਗ ਅਤੇ ਵੇਖ! ਹੇ ਯਹੋਵਾਹ, ਸੈਨਾ ਦੇ ਪਰਮੇਸ਼ੁਰ, ਇਸਰਾਏਲ ਦੇ ਪਰਮੇਸ਼ੁਰ, ਤੂੰ ਸਾਰੀਆਂ ਕੌਮਾਂ ਦੀ ਖ਼ਬਰ ਲੈਣ ਨੂੰ ਜਾਗ ਉੱਠ! ਕਿਸੇ ਖੋਟੇ ਬਦਕਾਰ ਉੱਤੇ ਦਯਾ ਨਾ ਕਰ!॥ਸਲਹ॥ ਓਹ ਤਰਕਾਲਾਂ ਨੂੰ ਮੁੜ ਆਣ ਕੇ ਕੁੱਤੇ ਵਾਂਗ ਭੌਂਕਦੇ ਹਨ, ਅਤੇ ਨਗਰ ਵਿੱਚ ਘੁੰਮਦੇ ਫਿਰਦੇ ਹਨ। ਵੇਖ, ਓਹ ਆਪਣੇ ਮੂੰਹੋਂ ਡਕਾਰਦੇ ਹਨ, ਉਨ੍ਹਾਂ ਦੇ ਬੁੱਲ੍ਹਾਂ ਉੱਤੇ ਤਲਵਾਰਾਂ ਹਨ, ਕਿਉਂ ਜੋ ਓਹ ਆਖਦੇ ਹਨ, ਕੌਣ ਸੁਣਦਾ ਹੈ? ਪਰ ਹੇ ਯਹੋਵਾਹ, ਤੂੰ ਉਨ੍ਹਾਂ ਉੱਤੇ ਹੱਸੇਂਗਾ, ਤੂੰ ਸਾਰੀਆਂ ਕੌਮਾਂ ਨੂੰ ਠੱਠੇ ਵਿੱਚ ਉਡਾਵੇਂਗਾ!॥ ਹੇ ਮੇਰੇ ਬਲ, ਮੈਂ ਤੇਰੀ ਵੱਲ ਗੌਹ ਕਰਾਂਗਾ, ਪਰਮੇਸ਼ੁਰ ਮੇਰਾ ਉੱਚਾ ਗੜ੍ਹ ਜੋ ਹੈ। ਮੇਰਾ ਦਯਾਵਾਨ ਪਰਮੇਸ਼ੁਰ ਮੈਨੂੰ ਮਿਲੇਗਾ, ਪਰਮੇਸ਼ੁਰ ਮੈਨੂੰ ਮੇਰੇ ਘਾਤੀਆ ਉੱਤੇ ਮੇਰੀ ਫ਼ਤਹ ਵਿਖਾਵੇਗਾ। ਉਨ੍ਹਾਂ ਨੂੰ ਨਾ ਵੱਢ, ਮਤੇ ਮੇਰੀ ਪਰਜਾ ਭੁੱਲ ਜਾਵੇ, ਹੇ ਪ੍ਰਭੂ ਸਾਡੀ ਢਾਲ, ਆਪਣੀ ਸ਼ਕਤੀ ਨਾਲ, ਉਨ੍ਹਾਂ ਨੂੰ ਭੁਆਂ ਕੇ ਹੇਠਾਂ ਕਰ ਦੇਹ! ਉਨ੍ਹਾਂ ਦੇ ਬੁੱਲ੍ਹਾਂ ਦੀਆਂ ਗੱਲਾਂ ਤੇ ਉਨ੍ਹਾਂ ਦੇ ਮੂੰਹ ਦੇ ਪਾਪ ਦੇ ਕਾਰਨ, ਅਤੇ ਉਸ ਫਿਟਕਾਰ ਤੇ ਉਸ ਝੂਠ ਦੇ ਕਾਰਨ ਜੋ ਓਹ ਬੋਲਦੇ ਹਨ, ਓਹ ਆਪਣੇ ਹੰਕਾਰ ਵਿੱਚ ਫੜੇ ਜਾਣ! ਕ੍ਰੋਧ ਨਾਲ ਉਨ੍ਹਾਂ ਦਾ ਅੰਤ ਕਰ,-ਉਨ੍ਹਾਂ ਦਾ ਅੰਤ ਕਰ! ਉਨ੍ਹਾਂ ਦਾ ਕੱਖ ਨਾ ਰਹੇ, ਤਾਂ ਲੋਕ ਜਾਣਨ ਕਿ ਪਰਮੇਸ਼ੁਰ ਯਾਕੂਬ ਉੱਤੇ, ਸਗੋਂ ਧਰਤੀ ਦੇ ਅੰਤ ਉੱਤੇ ਰਾਜ ਕਰਦਾ ਹੈ!॥ਸਲਹ॥ ਤਾਂ ਓਹ ਤਰਕਾਲਾ ਨੂੰ ਮੁੜ ਆਣ ਕੇ ਕੁੱਤੇ ਵਾਂਗ ਭੌਂਕਣ, ਅਤੇ ਨਗਰ ਵਿੱਚ ਘੁੰਮਣ ਫਿਰਨ! ਓਹ ਟੁੱਕ ਦੇ ਲੱਭਣ ਨੂੰ ਭੌਂਦੇ ਫਿਰਨ, ਅਤੇ ਜੇ ਰੱਜ ਨਾ ਜਾਨ ਤਾਂ ਸਾਰੀ ਰਾਤ ਠਹਿਰਨ! ਪਰ ਮੈਂ ਤੇਰੀ ਸਮੱਰਥਾ ਨੂੰ ਗਾਵਾਂਗਾ, ਅਤੇ ਸਵੇਰ ਨੂੰ ਤੇਰੀ ਦਯਾ ਦਾ ਜੈ ਜੈ ਕਾਰ ਕਰਾਂਗਾ। ਤੂੰ ਤਾਂ ਮੇਰਾ ਉੱਚਾ ਗੜ੍ਹ ਅਤੇ ਮੇਰੀ ਬਿਪਤਾ ਦੇ ਦਿਨ ਮੇਰੀ ਪਨਾਹਗਾਹ ਰਿਹਾ ਹੈਂ। ਹੇ ਮੇਰੇ ਬਲ, ਮੈਂ ਤੇਰਾ ਭਜਨ ਕੀਰਤਨ ਕਰਾਂਗਾ, ਕਿਉਂ ਜੋ ਪਰਮੇਸ਼ੁਰ ਮੇਰਾ ਉੱਚਾ ਗੜ੍ਹ ਅਤੇ ਮੇਰਾ ਦਿਆਲੂ ਪਰਮੇਸ਼ੁਰ ਹੈ।"[27] ਇਸ ਪ੍ਰਾਰਥਨਾ ਵਿਚ ਪਰਮੇਸ਼ਰ ਨੂੰ ਉੱਚਾ ਗੜ੍ਹ ਭਾਵ ਰੱਖਿਆ ਕਰਨ ਵਾਲਾ ਕਿਹਾ ਗਿਆ ਹੈ। ਇਸ ਲਈ ਦੁਸ਼ਮਣਾਂ ਦਾ ਨਾਸ਼ ਕਰਨ ਲਈ ਯਹੋਵਾ ਨੂੰ ਕਿਹਾ ਗਿਆ ਹੈ ਤਾਂ ਜੋ ਆਲੇ ਦੁਆਲੇ ਯਹੋਵਾਹ ਦਾ ਹੀ ਰਾਜ ਹੋਵੇ।

[27] *ਜ਼ਬੂਰਾਂ ਦੀ ਪੋਥੀ,* 59:17

### 4.1.21 ਤੁਰਤ ਫੁਰਤ ਦੀ ਸਹਾਇਤਾ ਲਈ ਬੇਨਤੀ

ਇਹ ਪ੍ਰੇਅਰ ਪੁਰਾਣੇ ਨੇਮ ਦੀ 19ਵੀਂ ਪੁਸਤਕ 'ਜ਼ਬੂਰਾਂ ਦੀ ਪੋਥੀ' ਦੇ ਪਹਿਲੇ ਭਾਗ ਦੇ ਪੰਨਾ 732 ਤੇ ਦਰਜ ਹੈ। ਇਸਦਾ ਉਪਸਿਰਲੇਖ 'ਸੁਰ ਪਤੀ ਲਈ ਦਾਊਦ ਦਾ, ਚੇਤੇ ਕਰਾਉਣ ਲਈ' ਹੈ। ਇਸ ਵਿਚ ਛੇਤੀ ਮਦਦ ਕਰਨ ਦੀ ਪ੍ਰਾਰਥਨਾ ਕੀਤੀ ਗਈ ਹੈ ਭਾਵ ਦੇਰ ਨਹੀਂ ਹੋਣੀ ਚਾਹੀਦੀ, ਇਹ ਪ੍ਰਾਰਥਨਾਵਾਂ ਸਿੱਧ ਕਰਦੀਆਂ ਹਨ ਕਿ ਉਸ ਸਮੇਂ ਹਰ ਗੱਲ ਲਈ ਪਰਮੇਸ਼ੁਰ ਤੇ ਹੀ ਭਰੋਸਾ ਰੱਖਿਆ ਜਾਂਦਾ ਸੀ। "ਹੇ ਪਰਮੇਸ਼ੁਰ, ਮੇਰੇ ਛੁਟਕਾਰੇ ਦੇ ਲਈ, ਹੇ ਯਹੋਵਾਹ ਮੇਰੀ ਸਹਾਇਤਾ ਦੇ ਲਈ ਛੇਤੀ ਕਰ! ਜਿਹੜੇ ਮੇਰੀ ਜਾਨ ਦੇ ਗਾਹਕ ਹਨ, ਉਹ ਲੱਜਿਆਵਾਨ ਹੋਣ ਅਤੇ ਘਾਬਰ ਜਾਣ, ਜਿਹੜੇ ਮੇਰਾ ਬੁਰਾ ਚਾਹੁੰਦੇ ਹਨ, ਉਹ ਪਿਛਾਹਾਂ ਹਟਾਏ ਜਾਣ ਤੇ ਸ਼ਰਮਿੰਦੇ ਹੋਣ! ਜਿਹੜੇ "ਆਹਾ, ਆਹਾ! ਕਹਿੰਦੇ ਹਨ, ਉਹ ਆਪਣੀਆਂ ਲਾਜ ਦੇ ਮਾਰੇ ਪਿਛਾਹਾਂ ਹਟ ਜਾਣ! ਜਿੰਨੇ ਤੇਰੇ ਤਾਲਿਬ ਹਨ ਉਹ ਤੇਰੇ ਵਿੱਚ ਖੁਸ਼ ਤੇ ਅਨੰਦ ਹੋਣ, ਅਤੇ ਜਿਹੜੇ ਤੇਰੀ ਮੁਕਤੀ ਦੇ ਪ੍ਰੇਮੀ ਹਨ, ਉਸ ਸਦਾ ਆਖਦੇ ਰਹਿਣ ਭਈ ਪਰਮੇਸ਼ੁਰ ਦੀ ਵਡਿਆਈ ਹੋਵੇ! ਮੈਂ ਤਾਂ ਮਸਕੀਨ ਅਤੇ ਕੰਗਾਲ ਹਾਂ, ਹੇ ਪਰਮੇਸ਼ੁਰ, ਮੇਰੇ ਲਈ ਛੇਤੀ ਕਰ, ਤੂੰ ਹੀ ਮੇਰਾ ਸਹਾਇਤਾ ਅਤੇ ਮੇਰਾ ਛਡਾਉਣ ਵਾਲਾ ਹੈ, ਹੇ ਯਹੋਵਾਹ ਢਿੱਲ ਨਾ ਲ!।"[28] ਇਸ ਪ੍ਰਾਰਥਨਾ ਵਿਚ ਯਹੋਵਾਹ ਨੂੰ ਫੌਰਨ ਸਹਾਇਤਾ ਕਰਨ ਲਈ ਬੇਨਤੀ ਕੀਤੀ ਗਈ ਹੈ। ਦੁਸ਼ਮਣ ਦਾ ਨਾਸ਼ ਕਰਨ ਤੁਰੰਤ ਕਰਨ ਲਈ ਕਿਹਾ ਗਿਆ ਹੈ।

### 4.1.22 ਇਕ ਬੁੱਢੇ ਦੀ ਬੇਨਤੀ

ਇਹ ਪ੍ਰਾਰਥਨਾ ਪੁਰਾਣੇ ਨੇਮ ਦੀ 19ਵੀਂ ਪੁਸਤਕ ਜਬੂਰਾਂ ਦੀ ਪੋਥੀ ਦੇ ਪਹਿਲੇ ਭਾਗ ਦੇ 733 ਪੰਨੇ ਤੇ ਦਰਜ ਹੈ। ਇਸ ਵਿਚ ਯਹੋਵਾਹ ਅੱਗੇ ਪ੍ਰਾਰਥਨਾ ਕੀਤੀ ਹੈ ਕਿ ਮੇਰੇ ਦੁੱਖਾਂ ਦਾ ਨਾਸ਼ ਕਰ ਜਿਸ ਤਰ੍ਹਾਂ ਜੰਮਣ ਤੋਂ ਲੈ ਕੇ ਹੁਣ ਤੱਕ ਕਰਦਾ ਆਇਆ ਹੈ। ਜੇ ਪਰਮੇਸ਼ੁਰ ਅਜਿਹਾ ਕਰੇਗਾ ਤਾਂ ਬੇਨਤੀ ਕਰਨ ਵਾਲਾ ਸਦਾ ਉਸਦਾ ਸਦਾ ਗੁਣ ਗਾਨ ਕਰਦਾ ਰਹੇਗਾ, "ਹੇ ਯਹੋਵਾਹ, ਮੈਂ ਤੇਰੀ ਹੀ ਸ਼ਰਨ ਆਇਆਂ ਹਾਂ, ਮੈਨੂੰ ਕਦੇ ਲੱਜਿਆਵਾਨ ਨਾ ਹੋਣ ਦੇਹ! ਆਪਣੇ ਧਰਮ ਨਾਲ ਮੇਰਾ ਛੁਟਕਾਰਾ ਕਰ ਤੇ ਮੈਨੂੰ ਛੁਡਾ, ਮੇਰੀ ਵੱਲ ਕੰਨ ਧਰ ਤੇ ਮੈਨੂੰ ਬਚਾ! ਤੂੰ ਮੇਰੇ ਨਿਵਾਸ ਦੀ ਚਟਾਨ ਬਣ ਜਿੱਥੇ ਮੈਂ ਨਿੱਤ ਜਾਇਆ ਕਰਾਂ, ਤੂੰ ਮੇਰੇ ਬਚਾਉ ਦੀ ਆਗਿਆ ਕੀਤੀ ਹੈ, ਕਿਉਂ ਜੋ ਤੂੰ ਹੀ ਮੇਰੀ ਚਟਾਨ ਅਰ ਮੇਰਾ ਗੜ੍ਹ ਹੈ। ਹੇ ਮੇਰ ਪਰਮੇਸ਼ੁਰ ਮੈਨੂੰ ਦੁਸ਼ਟ ਦੇ ਹੱਥੋਂ ਅਤੇ ਅਧਰਮੀ ਤੇ ਜ਼ਾਲਿਮ ਦੇ ਪੰਜਿਓ ਛੁਡਾ! ਹੇ ਪ੍ਰਭੂ ਯਹੋਵਾਹ ਤੂੰ ਹੀ ਮੇਰੀ ਤਾਂਘ ਹੈ, ਅਤੇ ਮੇਰੀ ਜੁਆਨੀ ਤੋਂ ਮੇਰਾ ਭਰੋਸਾ ਹੈ। ਜਦੋਂ ਦਾ ਮੈਂ ਜੰਮਿਆ ਤਦੋਂ ਹੀ ਦਾ ਮੈਂ ਤੈਥੋਂ ਸਾਂਭਿਆ ਗਿਆ ਹਾਂ, ਮੇਰੀ ਮਾਤਾ ਦੀ ਕੁੱਖ ਤੋਂ ਤੂੰ ਹੀ ਮੈਨੂੰ ਕੱਢਿਆ ਮੈਂ ਸਦਾ ਤੇਰੀ ਉਸਤਤ ਕਰਾਂਗਾ। ਮੈਂ ਬਹੁਤਿਆ ਦੇ ਲਈ ਇੱਕ ਅਚੰਭਾ ਜਿਹਾ ਬਣਿਆ ਪਰ ਤੂੰ ਮੇਰੀ ਪੱਕੀ ਪਨਾਹ ਹੈ। ਮੇਰਾ ਮੂੰਹ ਤੇਰੀ ਉਸਤਤ ਅਤੇ ਤੇਰੇ ਮਾਣ ਨਾਲ ਸਾਰਾ ਦਿਨ ਭਰਿਆ ਰਹੇਗਾ। ਬੁਢੇਪੇ ਦੇ ਸਮੇਂ ਮੈਨੂੰ ਦੂਰ ਨਾ ਸੁੱਟ, ਜਾਂ ਮੇਰੇ ਬਲ ਘਟੇ ਤਾਂ ਮੈਨੂੰ ਨਾ ਤਿਆਗ! ਮੇਰੇ ਵੈਰੀ ਤਾਂ ਮੇਰੇ ਵਿਖੇ ਆਖਦੇ ਹਨ, ਅਤੇ ਮੇਰੀ ਜਾਨ ਦੇ ਲਾਗੂ ਆਪੋ ਵਿੱਚ ਮਤਾ ਮਤਾਉਂਦੇ ਹਨ। ਉਹ ਕਹਿੰਦੇ ਹਨ ਭਈ ਪਰਮੇਸ਼ੁਰ ਨੇ ਉਹ ਨੂੰ ਤਿਆਗ ਦਿੱਤਾ ਹੈ, ਉਹ ਦਾ ਪਿੱਛਾ ਕਰ ਕੇ ਉਹ ਨੂੰ ਫੜ ਲਵੋ, ਕਿਉਂ ਜੋ ਛਡਾਉਣ ਵਾਲਾ ਕੋਈ ਨਹੀਂ ਹੈ। ਹੇ ਪਰਮੇਸ਼ੁਰ, ਮੈਥੋਂ ਦੂਰ ਨਾ

[28] *ਜ਼ਬੂਰਾਂ ਦੀ ਪੋਥੀ*, 70:5

ਰਹੁ, ਹੇ ਮੇਰੇ ਪਰਮੇਸ਼ੁਰ, ਮੇਰੀ ਸਹਾਇਤਾ ਛੇਤੀ ਕਰ! ਜੋ ਮੇਰੀ ਜਾਨ ਦੇ ਵਿਰੋਧੀ ਹਨ, ਉਹ ਲੱਜਿਆਵਾਨ ਅਤੇ ਬੱਸ ਹੋ ਜਾਣ, ਜੋ ਮੇਰਾ ਬੁਰਾ ਚਾਹੁੰਦੇ ਹਨ ਉਹ ਉਲਾਹਮੇ ਅਤੇ ਨਿਰਾਦਰੀ ਵਿੱਚ ਢੱਕੇ ਜਾਣ! ਪਰ ਮੈਂ ਨਿੱਤ ਆਸਰਾ ਰੱਖੀ ਜਾਵਾਂਗਾ, ਅਤੇ ਤੇਰੀ ਉਸਤਤ ਤੇ ਉਸਤਤ ਕਰਦਾ ਹੀ ਜਾਵਾਂਗਾ। ਮੇਰਾ ਮੂੰਹ ਸਾਰੇ ਦਿਨ ਤੇਰੇ ਧਰਮ ਅਰ ਤੇਰੀ ਮੁਕਤੀ ਦਾ ਵਰਨਣ ਕਰੇਗਾ, ਜਿਨ੍ਹਾਂ ਦਾ ਲੇਖਾ ਵੀ ਮੈਂ ਨਹੀਂ ਜਾਣ ਸੱਕਦਾ। ਮੈਂ ਪ੍ਰਭੂ ਯਹੋਵਾ ਦੇ ਬਲ ਵਿਚ ਜਾਵਾਗਾਂ, ਮੈਂ ਕੇਵਲ ਤੇਰੇ ਹੀ ਧਰਮ ਦਾ ਜ਼ਿਕਰ ਕਰਾਂਗਾ। ਮੈਂ ਪਰਮੇਸ਼ੁਰ ਤੂੰ ਮੈਨੂੰ ਜੁਆਨੀ ਤੋਂ ਸਿਖਲਾਇਆ ਹੈ, ਅਤੇ ਹੁਣ ਤੀਕ ਮੈਂ ਤੇਰੇ ਅਨੋਖੇ ਕੰਮਾਂ ਨੂੰ ਦੱਸਦਾ ਰਿਹਾ। ਸੋ ਬੁਢੇਪੇ ਤੇ ਧੌਲਿਆਂ ਤੀਕ ਵੀ ਹੇ ਪਰਮੇਸ਼ੁਰ, ਮੈਨੂੰ ਨਾ ਤਿਆਗ, ਜਦ ਤੀਕ ਮੈਂ ਆਉਣ ਵਾਲੀ ਪੀੜ੍ਹੀ ਨੂੰ ਤੇਰਾ ਬਲ ਅਤੇ ਸਾਰੇ ਆਉਣ ਵਾਲਿਆਂ ਨੂੰ ਤੇਰੀ ਸਮਰੱਥਾ ਨਾ ਦੱਸਾਂ। ਨਾਲੇ ਤੇਰਾ ਧਰਮ, ਹੇ ਪਰਮੇਸ਼ੁਰ, ਅੱਤ ਉੱਚਾ ਹੈ, ਤੈਂ ਵੱਡੇ-ਵੱਡੇ ਕੰਮ ਕੀਤੇ ਹਨ। ਹੇ ਪਰਮੇਸ਼ੁਰ, ਤੇਰੇ ਤੁੱਲ ਕੌਣ ਹੈ? ਤੂੰ ਜਿਸ ਨੇ ਮੈਨੂੰ ਬਹੁਤ ਤੇ ਬੁਰੀਆਂ ਬਿਪਤਾਂ ਵਿਖਾਈਆਂ ਹਨ, ਮੁੜ ਕੇ ਮੈਨੂੰ ਜਿਵਾਏਂਗਾ, ਅਤੇ ਧਰਤੀ ਦੀਆਂ ਡੂੰਘਿਆਈਆਂ ਵਿੱਚੋਂ ਫੇਰ ਮੈਨੂੰ ਉਠਾਵੇਂਗਾ। ਹੇ ਮੇਰੇ ਪਰਮੇਸ਼ੁਰ ਮੈਂ ਵੀ ਤੇਰੀ ਸਚਿਆਈ ਦੇ ਕਾਰਨ, ਸਤਾਰ ਵਜਾ ਕੇ ਤੇਰਾ ਧੰਨਵਾਦ ਕਰਾਂਗਾ, ਇਸਰਾਏਲ ਦੇ ਪਵਿੱਤਰ ਪੁਰਖ, ਮੈਂ ਬਰਬਤ ਵਜਾ ਕੇ ਤਰਾ ਜਸ ਗਾਵਾਂਗਾ। ਮੇਰੇ ਬੁੱਲ ਜੈਕਾਰਾ ਗਜਾਉਣਗੇ ਜਦ ਮੈਂ ਤੇਰਾ ਜਸ ਗਾਵਾਂਗਾ, ਅਤੇ ਮੇਰੀ ਜਾਨ ਵੀ ਜਿਹ ਨੂੰ ਤੈਂ ਨਿਸਤਾਰਾ ਦਿੱਤਾ ਹੈ। ਮੇਰੀ ਜੀਭ ਵੀ ਸਾਰਾ ਦਿਨ ਤੇਰੇ ਧਰਮ ਦਾ ਚਰਚਾ ਕਰੇਗੀ, ਕਿਉਂਕਿ ਜਿਹੜੇ ਮੇਰਾ ਬੁਰਾ ਚਾਹੁੰਦੇ ਹਨ, ਓਹ ਲੱਜਿਆਵਾਨ ਅਤੇ ਸ਼ਰਮਿੰਦੇ ਹਨ।" [29] ਇਸ ਵਿਚ ਯਹੂਦੀ ਬਜ਼ੁਰਗ ਦੀ ਪ੍ਰਾਰਥਨਾ ਹੈ ਜਿਹੜਾ ਯਹੋਵਾਹ ਦਾ ਸਾਰੀ ਜ਼ਿੰਦਗੀ ਵਾਂਗ ਬੁਢਾਪੇ ਵਿਚ ਵੀ ਸਾਥ ਲੋਚਦਾ ਹੈ ਅਤੇ ਉਹ ਯਹੋਵਾਹ ਦੁਆਰਾ ਸਾਰੀ ਉਮਰ ਵੇਖੀ ਵਡਿਆਈ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੱਸਣ ਦਾ ਵੀ ਜ਼ਿਕਰ ਕਰਦਾ ਹੈ।

### 4.1.23 ਬਦਲਾ ਲੈਣ ਦੀ ਬੇਨਤੀ

ਇਹ ਪ੍ਰਾਰਥਨਾ ਪੁਰਾਣੇ ਨੇਮ ਦੀ 19ਵੀਂ ਪੁਸਤਕ 'ਜ਼ਬੂਰਾਂ ਦੀ ਪੋਥੀ' ਦੇ ਦੂਜੇ ਭਾਗ ਵਿਚ ਪੰਨਾ 752 ਤੇ ਦਰਜ ਹੈ। ਜਿਸ ਵਿਚ ਆਪਣੇ ਆਪਨੂੰ ਯਹੋਵਾਹ ਦੀ ਸੰਤਾਨ ਦੱਸਦੇ ਹੋਏ ਦੂਜਿਆਂ ਕੋਲੋ ਨੀਚ ਕੰਮਾਂ ਦਾ ਬਦਲਾ ਲੈਣ ਦੀ ਯਹੋਵਾਹ ਅੱਗੇ ਪ੍ਰੇਅਰ ਕੀਤੀ ਗਈ ਹੈ।"ਹੇ ਯਹੋਵਾਹ, ਬਦਲਾ ਲੈਣ ਵਾਲੇ ਪਰਮੇਸ਼ੁਰ, ਹੇ ਬਦਲਾ ਲੈਣ ਵਾਲੇ ਪਰਮੇਸ਼ੁਰ, ਆਪਣਾ ਤੇਜ ਵਿਖਾ! ਹੇ ਧਰਤੀ ਦੇ ਨਿਆਈ, ਆਪਣੇ ਆਪ ਨੂੰ ਉਨ੍ਹਾਂ ਹੰਕਾਰੀਆਂ ਦੇ ਜੋਗ ਬਦਲਾ ਦੇਹ! ਹੇ ਯਹੋਵਾਹ, ਕਦੋਂ ਤੋੜੀ ਦੁਸਟ, ਕਦੋਂ ਤੋੜੀ ਦੁਸਟ ਬਗਲਾਂ ਵਜਾਉਣਗੇ? ਓਹ ਡਕਾਰਦੇ, ਉਹ ਨੱਕ ਚੜ੍ਹਾ ਕੇ ਬੋਲਦੇ ਹਨ, ਸਾਰੇ ਬਦਕਾਰ ਵੱਡੇ ਬੋਲ ਬੋਲਦੇ ਹਨ! ਹੇ ਯਹੋਵਾਹ, ਉਹ ਤੇਰੀ ਪਰਜਾ ਨੂੰ ਚੂਰ ਚੂਰ ਕਰਦੇ ਹਨ, ਉਹ ਤੇਰੀ ਮਿਰਾਸ ਨੂੰ ਦੁੱਖ ਦਿੰਦੇ ਹਨ। ਉਹ ਵਿਧਵਾ ਅਤੇ ਪਰਦੇਸੀ ਨੂੰ ਵੱਢ ਸੁੱਟਦੇ ਹਨ, ਅਤੇ ਯਤੀਮਾਂ ਦਾ ਘਾਤ ਕਰਦੇ ਹਨ, ਅਤੇ ਉਹ ਆਖਦੇ ਹਨ ਕਿ ਯਹੋਵਾਹ ਨਾ ਵੇਖੂਗਾ, ਅਤੇ ਯਾਕੂਬ ਦਾ ਪਰਮੇਸ਼ੁਰ ਕੁਝ ਪਰਵਾ ਨਾ ਕਰੂਗਾ! ਹੇ ਪਸੂ ਵੱਤ ਲੋਕੋ ਸਮਝੋ! ਹੇ ਮੂਰਖੋ, ਤੁਸੀ ਕਦੋਂ ਬੁੱਧਵਾਨ ਬਣੋਗੇ? ਜਿਸ ਨੇ ਕੰਨ ਲਾਇਆ, ਭਲਾ ਉਹ ਨਹੀਂ ਸੁਣੇਗਾ? ਜਿਸ ਨੇ ਅੱਖ ਰਚੀ, ਭਲਾ ਉਹ ਨਹੀਂ ਵੇਖੇਗਾ? ਜਿਹੜਾ ਕੌਮਾਂ ਨੂੰ ਤਾੜਦਾ ਹੈ, ਜਿਹੜਾ ਆਦਮੀ ਨੂੰ

[29] *ਜ਼ਬੂਰਾਂ ਦੀ ਪੋਥੀ* ,71:24.

ਵਿੱਦਿਆ ਸਿਖਾਉਂਦਾ ਹੈ, ਭਲਾ ਉਹ ਨਾ ਝਿੜਕੇਗਾ? ਯਹੋਵਾਹ ਆਦਮੀ ਦੀਆਂ ਸੋਚਾਂ ਨੂੰ ਜਾਣਦਾ ਹੈ, ਭਈ ਉਹ ਅਵਿਰਥੀਆਂ ਹਨ॥ ਹੇ ਯਹੋਵਾਹ ਧੰਨ ਹੈ ਉਹ ਪੁਰਖ ਜਿਹ ਨੂੰ ਤੂੰ ਤਾੜਦਾ ਹੈ, ਅਤੇ ਆਪਣੀ ਬਿਵਸਥਾ ਤੋਂ ਸਿਖਿਆ ਦਿੰਦਾ ਹੈ! ਤਾਂ ਜੋ ਉਹ ਨੂੰ ਬੁਰਿਆਂ ਦਿਨਾਂ ਤੋਂ ਚੈਨ ਦੇਵੇਂ, ਜਦ ਤੀਕ ਦੁਸ਼ਟਾਂ ਦੇ ਲਈ ਟੋਆ ਨਾ ਪੁੱਟਿਆ ਜਾਵੇ। ਯਹੋਵਾਹ ਤਾਂ ਆਪਣੀ ਪਰਜਾ ਨੂੰ ਨਾ ਛੱਡੇਗਾ, ਨਾ ਆਪਣੀ ਮਿਰਾਸ ਨੂੰ ਤਿਆਗੇਗਾ। ਜਾਂ ਨਿਆਉਂ ਧਰਮ ਵੱਲ ਮੁੜ ਆਵੇਗਾ, ਤਾਂ ਸਾਰੇ ਸੁੱਧ ਮਨ ਵਾਲੇ ਉਹ ਦੇ ਮਗਰ ਲੱਗਣਗੇ। ਮੇਰੇ ਲਈ ਬੁਰਿਆਰਾਂ ਉੱਤੇ ਕੌਣ ਉੱਠੇਗਾ, ਅਤੇ ਮੇਰੇ ਲਈ ਬਦਕਾਰਾਂ ਦਾ ਸਾਹਮਣਾ ਕੌਣ ਕਰੇਗਾ? ਹੇ ਯਹੋਵਾਹ ਮੇਰਾ ਸਹਾਇਕ ਨਾ ਹੁੰਦਾ, ਤਾਂ ਮੇਰੀ ਜਾਨ ਝੱਟ ਖਾਮੋਸ਼ੀ ਵਿੱਚ ਜਾ ਵੱਸਦੀ। ਜਦ ਮੈਂ ਆਖਿਆ, ਮੇਰਾ ਪੈਰ ਡੋਲਦਾ ਹੈ, ਤਾਂ ਹੇ ਯਹੋਵਾਹ ਤੇਰੀ ਦਯਾ ਮੈਨੂ ਸਮਾਲ੍ਹਦੀ ਸੀ। ਜਾਂ ਮੇਰੇ ਅੰਦਰ ਬਹੁਤ ਚਿੰਤਾ ਹੁੰਦੀ ਹੈ, ਤਾਂ ਤੇਰੀਆਂ ਤਸੱਲੀਆਂ ਮੇਰੇ ਜੀਅ ਨੂੰ ਖੁਸ਼ ਕਰਦੀਆਂ ਹਨ। ਕੀ ਬਰਬਾਦੀ ਦੀ ਰਾਜ ਗੱਦੀ ਤੇਰੇ ਨਾਲ ਸਾਂਝ ਰੱਖੇਗੀ, ਜੋ ਬਿਧੀ ਦੀ ਓਟ ਵਿੱਚ ਸ਼ਰਾਰਤ ਘੜਦੀ ਹੈ? ਉਹ ਧਰਮੀ ਦੀ ਜਾਨ ਦੇ ਵਿਰੁੱਧ ਚੜ੍ਹ ਆਉਂਦੇ ਹਨ, ਅਤੇ ਨਿਰਦੋਸ਼ੀ ਲਹੂ ਨੂੰ ਦੋਸ਼ੀ ਬਣਾਉਂਦੇ ਹਨ। ਪਰ ਯਹੋਵਾਹ ਮੇਰਾ ਉੱਚਾ ਗੜ੍ਹ ਹੈ, ਅਤੇ ਮੇਰਾ ਪਰਮੇਸ਼ੁਰ ਮੇਰੀ ਪਨਾਹ ਦੀ ਚਟਾਨ, ਅਤੇ ਉਹ ਉਨ੍ਹਾਂ ਦੀ ਬਦੀ ਮੁੜ ਉਨ੍ਹਾਂ ਹੀ ਦੇ ਪੱਲੇ ਪਾਵੇਗਾ, ਅਤੇ ਓਨ੍ਹਾਂ ਦੀ ਬੁਰਿਆਈ ਵਿੱਚ ਹੀ ਉਨ੍ਹਾਂ ਨੂੰ ਮਿਟਾ ਦੇਵੇਗਾ, ਹਾਂ ਯਹੋਵਾਹ ਸਾਡਾ ਪਰਮੇਸ਼ੁਰ ਉਨ੍ਹਾਂ ਨੂੰ ਮਿਟਾ ਦੇਵੇਗਾ!॥[30] ਇਸ ਪ੍ਰਾਰਥਨਾ ਵਿਚ ਬਿਲਕੁਲ ਸਪੱਸ਼ਟ ਤੌਰ ਤੇ ਯਹੋਵਾਹ ਨੂੰ ਦੁਸ਼ਮਣਾਂ ਤੋਂ ਬਦਲਾ ਲੈਣ ਲਈ ਕਿਹਾ ਗਿਆ ਹੈ। ਇਸ ਪ੍ਰਾਰਥਨਾ ਦਾ ਤਾਂ ਸਿਰਲੇਖ ਹੀ ਇਹ ਹੈ। ਅਜਿਹੇ ਇਸ਼ਾਰੇ ਵੇਦਾਂ ਵਿਚ ਇੰਦ੍ਰ ਸਾਹਮਣੇ ਹੋਈਆਂ ਪ੍ਰਾਰਥਨਾਵਾਂ ਵਿਚ ਵੀ ਮਿਲਦੇ ਹਨ ਅਤੇ ਨਾਲ ਹੀ ਜ਼ੁਲਮ ਕਰਨ ਵਾਲਿਆਂ ਨੂੰ ਵੀ ਤਾੜਨਾਵਾਂ ਕੀਤੀਆਂ ਗਈਆਂ ਹਨ।

### 4.1.24 ਰਹਮ ਲਈ ਬੇਨਤੀ

ਇਹ ਪ੍ਰਾਰਥਨਾ ਪੁਰਾਣੇ ਨੇਮ ਦੀ 19ਵੀਂ ਪੁਸਤਕ 'ਜ਼ਬੂਰਾਂ ਦੀ ਪੋਥੀ' ਦੇ ਦੂਜੇ ਭਾਗ ਵਿਚ ਪੰਨਾ 756 ਤੇ ਦਰਜ ਹੈ। ਇਸਦਾ ਉਪਸਿਰਲੇਖ 'ਮੁਸੀਬਤ ਦੇ ਮਾਰੇ ਹੋਏ ਦੀ ਪ੍ਰਾਰਥਨਾ ਜਦ ਉਹ ਹੁੱਸ ਗਿਆ ਅਤੇ ਯਹੋਵਾਹ ਦੇ ਅੱਗੇ ਆਪਣਾ ਦੁਖ ਫੋਲਿਆ' ਹੈ। ਇਸ ਵਿੱਚ ਯਹੋਵਾਹ ਨੂੰ ਪ੍ਰਾਰਥਨਾ ਸੁਣਨ ਦੀ ਪ੍ਰੇਅਰ ਕੀਤੀ ਹੈ ਅਤੇ ਯਹੋਵਾਹ ਦੀ ਦੇਣ ਨੂੰ ਵਡਿਆਇਆ ਗਿਆ ਹੈ।"ਹੇ ਯਹੋਵਾਹ, ਮੇਰੀ ਪ੍ਰਾਰਥਨਾ ਸੁਣ, ਅਤੇ ਮੇਰੀ ਦੁਹਾਈ ਤੇਰੇ ਤੀਕ ਅੱਪੜੇ! ਮੇਰੇ ਔਖ ਦੇ ਦਿਨ ਮੇਰੇ ਤੋਂ ਆਪਣਾ ਮੂੰਹ ਨਾ ਲੁਕਾ, ਆਪਣਾ ਕੰਨ ਮੇਰੀ ਵੱਲ ਝੁਕਾ, ਜਿਸ ਦਿਨ ਮੈਂ ਤੈਨੂੰ ਪੁਕਾਰਾਂ ਮੈਨੂੰ ਛੇਤੀ ਉੱਤਰ ਦੇਹ! ਮੇਰੇ ਦਿਨ ਤਾਂ ਧੂੰਏ ਵਾਂਗ ਮੁੱਕ ਜਾਂਦੇ ਹਨ ਅਤੇ ਮੇਰੀਆਂ ਹੱਡੀਆਂ ਬਾਲਣ ਵਾਂਗ ਬਲਦੀਆਂ ਹਨ। ਘਾਹ ਦੀ ਨਿਆਈ ਮੇਰਾ ਮਨ ਮਾਰਿਆ ਗਿਆ ਤੇ ਸੁੱਕ ਗਿਆ, ਮੈਂ ਆਪਣੀ ਰੋਟੀ ਖਾਣੀ ਵੀ ਭੁੱਲ ਗਿਆ। ਮੇਰੇ ਕਰਾਹਣੇ ਦੀ ਆਵਾਜ਼ ਦੇ ਕਾਰਨ ਮੇਰੀਆਂ ਹੱਡੀਆਂ ਮੇਰੇ ਮਾਸ ਨਾਲ ਜੁੜ ਗਈਆਂ ਹਨ। ਮੈਂ ਉਜਾੜ ਦੇ ਲੰਮਢੀਂਗ ਦੇ ਤੁੱਲ ਹੋਇਆ ਅਤੇ ਵਿਰਾਨੇ ਦਾ ਉੱਲੂ ਬਣਿਆ। ਮੈਂ ਜਾਗਦਾ ਰਿਹਾ ਅਤੇ ਉਸ ਚਿੜੀ ਵਰਗਾ ਬਣਿਆ, ਜਿਹੜੀ ਛੱਤ ਉੱਤੇ ਵੱਖਰੀ ਰਹਿੰਦੀ ਹੈ। ਮੇਰੇ ਵੈਰੀ ਸਾਰੇ ਦਿਨ ਮੈਨੂੰ ਉਲਾਂਭੇ ਦਿੰਦੇ ਹਨ, ਅਤੇ ਮੇਰੇ ਜਾਨੀ

[30] *ਜ਼ਬੂਰਾਂ ਦੀ ਪੋਥੀ*,94:23.

ਦੁਸ਼ਮਨ ਮੇਰਾ ਨਾਉ ਲੈ ਕੇ ਫਿਟਕਾਰਾਂ ਪਾਉਂਦੇ ਹਨ। ਮੈਂ ਤਾਂ ਰੋਟੀ ਵਾਂਗ ਸੁਆਹ ਫੱਕਦਾ ਹਾਂ ਅਤੇ ਆਪਣੇ ਪੀਣ ਵਿੱਚ ਹੰਝੂ ਮਿਲਾਉਂਦਾ ਹਾਂ। ਇਹ ਤੇਰੇ ਗੁੱਸੇ ਦੇ ਕਹਿਰ ਦੇ ਕਾਰਨ ਹੋਇਆ, ਕਿਉਂ ਜੋ ਤੂੰ ਚੁੱਕ ਕੇ ਮੈਨੂੰ ਫਿਰ ਪਟਕਾ ਕੇ ਸੁੱਟ ਦਿੱਤਾ! ਮੇਰੇ ਦਿਨ ਢਲਦੇ ਸਾਯੇ ਵਾਂਙੂ ਹਨ, ਮੈਂ ਘਾਹ ਵਾਂਗ ਸੁੱਕ ਜਾਂਦਾ ਹੈ॥ ਪਰ ਤੂੰ ਹੇ ਯਹੋਵਾਹ, ਸਦਾ ਤੀਕ ਬਿਰਾਜਮਾਨ ਰਹੇਂਗਾ ਅਤੇ ਤੇਰਾ ਸਿਮਰਨ ਪੀੜੀਓ ਪੀੜ੍ਹ ਤੀਕ! ਤੂੰ ਉੱਠੇਗਾ ਅਤੇ ਸੀਯੋਨ ਉੱਤੇ ਰਹਮ ਕਰੇਂਗਾ, ਕਿਉਂ ਜੋ ਤਰਸ ਖਾਣ ਦਾ ਸਮਾਂ, ਸਗੋਂ ਥਾਪਿਆ ਹੋਇਆ ਵੇਲਾ ਆ ਪੁੱਜਿਆ ਹੈ। ਤੇਰੇ ਦਾਸ ਤਾਂ ਉਹ ਦੇ ਪੱਥਰਾਂ ਵਿੱਚ ਪ੍ਰਸੰਨ ਹੁੰਦੇ ਹਨ, ਅਤੇ ਉਹ ਦੇ ਥੇਹ ਉੱਤੇ ਤਰਸ ਖਾਂਦੇ ਹਨ। ਇਉਂ ਕੌਮਾਂ ਯਹੋਵਾਹ ਦੇ ਨਾਮ ਤੋਂ ਭੈ ਖਾਣਗੀਆਂ, ਅਤੇ ਧਰਤੀ ਦੇ ਸਾਰੇ ਰਾਜੇ ਤੇਰੇ ਪਰਤਾਪ ਤੋਂ। ਜਦ ਯਹੋਵਾਹ ਨੇ ਸੀਯੋਨ ਨੂੰ ਬਣਾਇਆ, ਤਾਂ ਉਹ ਆਪਣੇ ਪਰਤਾਪ ਵਿੱਚ ਪਰਗਟ ਹੋਇਆ। ਉਸ ਨੇ ਲਾਚਾਰ ਦੀ ਪ੍ਰਾਰਥਨਾ ਵੱਲ ਮੂੰਹ ਕੀਤਾ ਅਤੇ ਉਹਨਾਂ ਦੀ ਪ੍ਰਾਰਥਨਾ ਨੂੰ ਤੁੱਛ ਨਾ ਜਾਤਾ। ਇਹ ਗੱਲ ਆਉਣ ਵਾਲੀ ਪੀੜੀ ਲਈ ਲਿਖੀ ਜਾਵੇਗੀ, ਅਤੇ ਜਿਹੜੀ ਪਰਜਾ ਉਤਪੰਨ ਹੋਵੇਗੀ, ਉਹ ਯਹੋਵਾਹ ਦੀ ਉਸਤਤ ਕਰੇਗੀ।ਉਸ ਨੇ ਤਾਂ ਆਪਣੇ ਪਵਿੱਤਰ ਅਸਥਾਨ ਦੀ ਉਚਿਆਈ ਤੋਂ ਨਿਗਾਹ ਕੀਤੀ ਹੈ, ਯਹੋਵਾਹ ਨੇ ਸੁਰਗ ਤੋਂ ਧਰਤੀ ਨੂੰ ਡਿੱਠਾ ਹੈ, ਭਈ ਅਸੀਰ ਦਾ ਹਾਹੁਕਾ ਸੁਣੇ, ਅਤੇ ਮਰਨ ਵਾਲਿਆਂ ਨੂੰ ਛੁਡਾਵੇ, ਤਾਂ ਜੋ ਲੋਕ ਸੀਯੋਨ ਵਿੱਚ ਯਹੋਵਾਹ ਦੇ ਨਾਮ ਦਾ, ਅਤੇ ਯਰੂਸ਼ਲਮ ਵਿੱਚ ਉਸ ਦੀ ਉਸਤਤ ਦਾ ਪ੍ਰਚਾਰ ਕਰਨ, ਜਦ ਲੋਕ ਅਤੇ ਰਜਵਾੜੇ ਯਹੋਵਾਹ ਦੀ ਉਪਾਸਨਾ ਕਰਨ ਲਈ ਇਕੱਠੇ ਹੋਣ। ਉਸ ਨੇ ਰਾਹ ਵਿਚ ਮੇਰੇ ਬਲ ਨੂੰ ਕਮਜ਼ੋਰ ਕੀਤਾ, ਉਸ ਨੇ ਮੇਰੀ ਆਯੂ ਨੂੰ ਘਟਾਇਆ। ਮੈਂ ਆਖਿਆ, ਹੇ ਮੇਰੇ ਪਰਮੇਸ਼ੁਰ, ਮੇਰੀ ਅੱਧੀ ਆਯੂ ਵਿੱਚ ਮੈਨੂੰ ਉਠਾਂ ਨਾ ਲੈ, ਪੀੜ੍ਹੀਓ ਪੀੜ੍ਹੀ ਤੇਰੇ ਵਰ੍ਹੇ ਹਨ! ਮੁੱਢੋਂ ਹੀ ਤੂੰ ਧਰਤੀ ਦੀ ਨੀਂਹ ਧਰੀ ਅਤੇ ਆਕਾਸ਼ ਤੇਰੇ ਹੱਥਾਂ ਦਾ ਕਾਰਜ ਹੈ। ਉਹ ਨਾਸ ਹੋ ਜਾਣਗੇ, ਪਰ ਤੂੰ ਅਟੱਲ ਰਹੇਂਗਾ, ਉਹ ਸਾਰੇ ਕੱਪੜੇ ਵਾਂਗ ਪੁਰਾਣੇ ਹੋ ਜਾਣਗੇ, ਤੂੰ ਉਨ੍ਹਾਂ ਨੂੰ ਲਿਬਾਸ ਦੀ ਨਿਆਈ ਬਦਲ ਦੇਵੇਂਗਾ, ਸੋ ਉਹ ਬਦਲ ਹੀ ਜਾਣਗੇ! ਪਰ ਤੂੰ ਉਹੀ ਹੈ ਅਤੇ ਤੇਰੇ ਵਰ੍ਹੇ ਮੁੱਕਣਗੇ ਨਹੀਂ। ਤੇਰੇ ਦਾਸਾਂ ਦੀ ਅੰਸ ਵੱਸੀ ਰਹੇਗੀ, ਅਤੇ ਉਨ੍ਹਾਂ ਦੀ ਨਸਲ ਤੇਰੇ ਸਨਮੁਖ ਕਾਇਮ ਰਹੇਗੀ।"[31] ਇਸ ਪ੍ਰਾਰਥਨਾ ਵਿਚ ਯਹੋਵਾਹ ਨੂੰ ਆਪਣੀ ਵਿਥਿਆ ਸੁਣਾਈ ਗਈ ਹੈ ਅਤੇ ਰਹਮ ਕਰਨ ਲਈ ਕਿਹਾ ਗਿਆ ਹੈ ਉਸਦੀ ਅਟੱਲ ਸੱਤਾ ਦਾ ਬਿਆਨ ਕੀਤਾ ਗਿਆ ਹੈ ਅਤੇ ਆਪਣੀ ਭੁੱਲ ਦੀ ਮੁਆਫੀ ਮੰਗੀ ਹੈ।

### 4.1.25 ਦੁਸ਼ਟਾਂ ਤੋਂ ਬਚਾਉ ਦੀ ਅਰਜੋਈ

ਇਹ ਪ੍ਰਾਰਥਨਾ ਪੁਰਾਣੇ ਨੇਮ ਦੀ 19ਵੀਂ ਪੁਸਤਕ 'ਜ਼ਬੂਰਾਂ ਦੀ ਪੋਥੀ' ਦੇ ਪਹਿਲੇ ਭਾਗ ਵਿਚ ਪੰਨਾ 785 ਤੇ ਉਪ ਸਿਰਲੇਖ 'ਸੁਰ ਪਤੀ ਲਈ ਦਾਊਦ ਦਾ ਭਜਨ' ਹੇਠ ਦਰਜ ਹੈ। ਇਸ ਪ੍ਰਾਰਥਨਾ ਵਿਚ ਯਹੋਵਾਹ ਨੂੰ ਦੁਸ਼ਟਾਂ ਦਾ ਨਾਸ਼ ਕਰਨ ਲਈ ਅਤੇ ਭਲੇ ਪੁਰਖਾਂ ਨੂੰ ਬਚਾਉਣ ਲਈ ਬੇਨਤੀ ਕੀਤੀ ਗਈ ਹੈ। ਹੇ ਯਹੋਵਾਹ, ਮੈਨੂੰ ਬੁਰੇ ਆਦਮੀ ਤੋਂ ਛੁਡਾ, ਜਾਲਮ ਮਨੁੱਖ ਤੋਂ ਮੇਰੀ ਰਾਖੀ ਕਰ, ਜਿਹੜੇ ਆਪਣੇ ਦਿਲਾਂ ਵਿੱਚ ਬੁਰੇ ਉਪੱਦਰ ਸੋਚਦੇ ਹਨ, ਅਤੇ ਸਾਰਾ ਦਿਨ ਲੜਾਈਆਂ ਛੇੜਦੇ ਹਨ! ਉਨ੍ਹਾਂ ਨੇ ਨਾਗ ਵਾਂਗ ਆਪਣੀਆਂ ਜੀਭਾਂ ਨੂੰ ਤਿੱਖਿਆਂ ਕੀਤਾ, ਸੱਪ ਦੀ ਵਿੱਸ ਉਨ੍ਹਾਂ ਦੇ ਬੁੱਲ੍ਹਾਂ ਦੇ ਹੇਠ ਹੈ! ਸਲਹ॥ ਹੇ ਯਹੋਵਾਹ

[31] *ਜ਼ਬੂਰਾਂ ਦੀ ਪੋਥੀ*, 102:28.

ਦੁਸਟ ਦੇ ਹੱਥੋਂ ਮੈਨੂੰ ਸਾਂਭ, ਜ਼ਾਲਮ ਮਨੁੱਖ ਤੋਂ ਮੇਰੀ ਰਾਖੀ ਕਰ, ਜਿਨ੍ਹਾਂ ਨੇ ਮੇਰੇ ਪੈਰਾਂ ਦੇ ਔਕੜਨ ਦੀ ਜੁਗਤੀ ਕੀਤੀ ਹੰਕਾਰੀਆਂ ਨੇ ਮੇਰੇ ਲਈ ਫਾਹੀ ਤੇ ਰੱਸੀਆਂ ਲੁਕਾ ਛੱਡੀਆਂ ਹਨ, ਉਨ੍ਹਾਂ ਨੇ ਰਾਹ ਦੇ ਲਾਗੇ ਜਾਲ ਵਿਛਾਇਆ, ਉਨ੍ਹਾਂ ਨੇ ਮੇਰੇ ਲਈ ਫੰਦੇ ਲਾਏ ਹਨ ॥ਸਲਹ॥ ਮੈਂ ਯਹੋਵਾਹ ਨੂੰ ਆਖਿਆ ਤੂੰ ਹੀ ਮੇਰਾ ਪਰਮੇਸ਼ੁਰ ਹੈ, ਹੇ ਯਹੋਵਾਹ ਮੇਰੀਆਂ ਅਰਜੋਈਆਂ ਦੀ ਅਵਾਜ਼ ਉੱਤੇ ਕੰਨ ਲਾ! ਹੇ ਪ੍ਰਭੂ ਯਹੋਵਾਹ ਮੇਰੇ ਬਲਵਾਨ ਬਚਾਉ, ਰਣ ਦੇ ਦਿਨ ਵਿੱਚ ਤੂੰ ਮੇਰੇ ਸਿਰ ਨੂੰ ਕੱਜਿਆ ਹੈ! ਹੇ ਯਹੋਵਾਹ, ਦੁਸ਼ਟਾਂ ਦੀਆਂ ਇੱਛਿਆਂ ਪੂਰੀਆਂ ਨਾ ਕਰ, ਉਹ ਦੇ ਉਪੱਦਰਾਂ ਨੂੰ ਤਰੱਕੀ ਦਾ ਦੇਹ, ਓਹ ਘਮੰਡ ਨਾ ਕਰਨ! ਸਲਹ॥ ਜਿਹੜੇ ਮੇਰੇ ਆਲੇ ਦੁਆਲੇ ਹਨ, ਉਨ੍ਹਾ ਦੇ ਬੁੱਲ੍ਹਾਂ ਦੀ ਸ਼ਰਾਰਤ ਉਨ੍ਹਾਂ ਦੇ ਹੀ ਸਿਰਾਂ ਨੂੰ ਢੱਕ ਦੇਵੇ! ਉਨ੍ਹਾਂ ਉੱਤੇ ਅੰਗਿਆਰੇ ਪਾਏ ਜਾਣ, ਉਹ ਅੱਗ ਵਿੱਚ ਸੁੱਟੇ ਜਾਣ, ਅਤੇ ਡੂੰਘੇ ਟੋਇਆਂ ਵਿਚ ਭਈ ਫਿਰ ਨਾ ਉੱਠਣ! ਬਕਵਾਦੀ ਧਰਤੀ ਉੱਤੇ ਕਾਇਮ ਨਾ ਰਹੇ, ਬੁਰਿਆਈ ਉਹ ਦੇ ਢਾਉਣ ਨੂੰ ਜ਼ਾਲਮ ਹੀ ਦਾ ਸ਼ਿਕਾਰ ਕਰੇ। ਮੈਂ ਜਾਣਦਾ ਹਾਂ ਭਈ ਯਹੋਵਾਹ ਮਸਕੀਨ ਦਾ ਹੱਕ, ਅਤੇ ਕੰਗਾਲ ਦਾ ਨਿਆਉਂ ਪੂਰਾ ਕਰੇਗਾ। ਧਰਮੀ ਤੇਰੇ ਨਾਮ ਦਾ ਧੰਨਵਾਦ ਸੱਚ ਮੁੱਚ ਕਰਨਗੇ ਸਚਿਆਰ ਤੇਰੇ ਹਜ਼ੂਰ ਵੱਸਣਗੇ॥"[32] ਇਸਦਾ ਸਿਰਲੇਖ ਹੀ ਦੱਸ ਰਿਹਾ ਹੈ ਕਿ ਇਹ ਦੁਸ਼ਮਣਾਂ ਤੋਂ ਬਚਾਉ ਲਈ ਪ੍ਰਾਰਥਨਾ ਹੈ। ਉਹਨਾਂ ਦੁਸ਼ਮਣਾਂ ਦਾ ਜ਼ਿਕਰ ਬੜੀ ਸਖਤੀ ਨਾਲ ਕੀਤਾ ਗਿਆ ਹੈ ਅਤੇ ਉਹਨਾਂ ਨੂੰ ਕਰੜੀ ਸਜ਼ਾ ਦੇਣ ਲਈ ਯਹੋਵਾਹ ਨੂੰ ਪੁਰਜ਼ੋਰ ਮੰਗ ਕੀਤੀ ਗਈ ਹੈ।

### 4.1.26 ਪਵਿੱਤਰਤਾਈ ਲਈ ਸ਼ਾਮਾਂ ਦੀ ਪ੍ਰਾਰਥਨਾ

ਇਹ ਪ੍ਰੇਅਰ ਪੁਰਾਣੇ ਨੇਮ ਦੀ 19ਵੀਂ ਪੁਸਤਕ ਜ਼ਬੂਰਾਂ ਦੀ ਪੋਥੀ ਦੇ ਪਹਿਲੇ ਭਾਗ ਦੇ 785 ਪੰਨੇ ਤੇ ਉਪਸਿਰਲੇਖ 'ਦਾਊਦ ਦਾ ਭਜਨ' ਹੇਠ ਦਰਜ ਹੈ। ਭਾਵ ਇਹ ਪੈਗੰਬਰ ਦਾਊਦ ਦੀ ਰਚਨਾ ਹੈ। ਇਹ ਪ੍ਰੇਅਰ ਵੀ ਧਰਮੀਆਂ ਨੂੰ ਬਖਸ਼ਣ ਅਤੇ ਪਾਪੀਆਂ ਨੂੰ ਦੰਡ ਦਿਵਾਉਣ ਲਈ ਕੀਤੀ ਗਈ ਹੈ। ਇਸ ਵਿੱਚ ਧਰਮੀਆਂ ਲੋਕਾਂ ਦੀ ਬੁਰਾਈ ਵਿਚ ਵੀ ਭਲਾ ਮੰਗਿਆ ਹੈ ਅਤੇ ਪਾਪੀਆਂ ਦਾ ਨਾਸ਼ ਕਰਨਾ ਜ਼ਰੂਰੀ ਮੰਨਿਆ ਗਿਆ ਹੈ। "ਹੇ ਯਹੋਵਾਹ, ਮੈਂ ਤੈਨੂੰ ਪੁਕਾਰਿਆ, ਮੇਰੇ ਲਈ ਛੇਤੀ ਕਰ, ਜਦ ਮੈਂ ਤੈਨੂੰ ਪੁਕਾਰਾਂ, ਤਾਂ ਮੇਰੀ ਆਵਾਜ਼ ਤੇ ਕੰਨ ਲਾ! ਮੇਰੀ ਪ੍ਰਾਰਥਨਾ ਤੇਰੇ ਹਜ਼ੂਰ ਸੁਗੰਧੀ ਵਾਂਗ ਠਹਿਰੇ, ਅਤੇ ਮੇਰੇ ਹੱਥਾਂ ਦਾ ਉਠਾਉਣਾ ਸੰਝ ਦੀ ਭੇਟ ਵਰਗਾ ਹੋਵੇ। ਹੇ ਯਹੋਵਾਹ, ਮੇਰੇ ਮੂੰਹ ਤੇ ਪਹਿਰਾ ਬਿਠਾ, ਮੇਰੇ ਬੁੱਲ੍ਹਾਂ ਦੇ ਦਰ ਉੱਤੇ ਰਾਖਾ ਰੱਖ! ਮੇਰੇ ਦਿਲ ਨੂੰ ਕਿਸੀ ਬੁਰੀ ਗੱਲ ਵੱਲ ਨਾ ਮੋੜ, ਭਈ ਮੈਂ ਕੁਕਰਮੀਆਂ ਦੇ ਸੰਗ ਬੁਰੇ ਕੰਮ ਕਰਨ ਲੱਗ ਪਵਾਂ ਅਤੇ ਮੈਨੂੰ ਉਨ੍ਹਾਂ ਦੇ ਸੁਆਦਲੇ ਭੋਜਨ ਤੋਂ ਖਾਣ ਨਾ ਦੇਹ! ਧਰਮੀ ਮੈਨੂੰ ਮਾਰੇ, ਉਹ ਦੀ ਦਯਾ ਹੈ, ਉਹ ਮੈਨੂੰ ਦਬਕਾਵੇ, ਉਹ ਸਿਰ ਲਈ ਤੇਲ ਹੈ, ਮੇਰਾ ਸਿਰ ਉਸ ਤੋਂ ਇਨਕਾਰ ਨਾ ਕਰ ਉਨ੍ਹਾਂ ਦੀਆਂ ਬੁਰਿਆਈਆਂ ਵਿਚ ਵੀ ਮੇਰੀ ਪ੍ਰਾਰਥਨਾ ਹੁੰਦੀ ਰਹੇਗੀ। ਉਨ੍ਹਾਂ ਦੇ ਨਿਆਈ ਚਟਾਨ ਦੇ ਪਾਸੇ ਤੋਂ ਡੇਗੇ ਗਏ, ਅਤੇ ਉਹ ਮੇਰੀਆਂ ਗੱਲਾਂ ਸੁਣਨਗੇ ਭਈ ਉਹ ਮਿੱਠੀਆਂ ਹਨ। ਜਿਵੇਂ ਕੋਈ ਭੂਮੀ ਉੱਤ ਲੱਕੜ ਵੱਢੇ ਤੇ ਚੀਰੇ, ਤਿਵੇਂ ਸਾਰੀਆਂ ਹੱਡੀਆਂ ਪਤਾਲ ਦੇ ਮੂੰਹ ਤੇ ਖਿੰਡਾਈਆਂ ਗਈਆਂ। ਹੇ ਪ੍ਰਭੂ ਯਹੋਵਾਹ, ਮੇਰੀਆਂ ਅੱਖਾਂ ਤੇਰੀ ਵੱਲ ਹਨ, ਮੈ ਤੇਰਾ ਸ਼ਰਨਾਰਥੀ ਹਾਂ ਮੇਰੇ ਪ੍ਰਾਣ ਨਾ ਕੱਢ! ਉਸ ਫਾਹੀ ਤੋਂ ਜਿਹੜੀ

[32] *ਜ਼ਬੂਰਾਂ ਦੀ ਪੋਥੀ* ,140:13.

ਓਨ੍ਹਾਂ ਨੇ ਮੇਰੇ ਲਈ ਲਾਈ ਹੈ ਅਤੇ ਬਦਕਾਰਾਂ ਦੇ ਫੰਧਿਆਂ ਤੋਂ ਮੈਨੂੰ ਬਚਾ ਲੈ! ਦੁਸਟ ਆਪਣੇ ਹੀ ਜਾਲਾਂ ਵਿੱਚ ਡਿੱਗ ਪੈਣ, ਜਿਸ ਵੇਲੇ ਮੈਂ ਲੰਘ ਜਾਵਾਂ'।"[33] ਇਸ ਪ੍ਰਾਰਥਨਾ ਵਿਚ ਦੁਸ਼ਮਣਾਂ ਨੂੰ ਫਾਹੀ ਦੇਣ ਬਾਰੇ ਗੱਲ ਕਹੀ ਹੈ ਅਤੇ ਨਾਲ ਹੀ ਯਹੋਵਾਹ ਨੂੰ ਇਹ ਭਰੋਸਾ ਦਿੱਤਾ ਹੈ ਕਿ ਮੈਂ ਔਖੀ ਘੜੀ ਵੇਲੇ ਵੀ ਤੇਰੇ ਅੱਗੇ ਪ੍ਰਾਰਥਨਾ ਕਰਦਾ ਰਹਾਂਗਾ।

### 4.1.27 ਇਕਲਾਪੇ ਦੀ ਦੁਹਾਈ

ਇਹ ਪ੍ਰੇਅਰ ਪੁਰਾਣੇ ਨੇਮ ਦੀ 19ਵੀਂ ਪੁਸਤਕ 'ਜਬੂਰਾਂ ਦੀ ਪੋਥੀ' ਦੇ ਪਹਿਲੇ ਭਾਗ ਦੇ 786 ਪੰਨੇ ਤੇ 'ਦਾਊਦ ਦਾ ਮਸਕੀਲ ਜਦ ਉਹ ਗੁਫਾ ਵਿਚ ਸੀ, ਪ੍ਰਾਰਥਨਾ' ਉਪਸਿਰਲੇਖ ਹੇਠ ਦਰਜ ਹੈ। ਯਹੋਵਾਹ ਅੱਗੇ ਆਪਣੀ ਹਾਲਤ ਦੱਸੀ ਗਈ ਹੈ ਅਤੇ ਆਪਣੇ ਤੇ ਕਿਰਪਾ ਕਰਵਾਉਣ ਲਈ ਇਹ ਪ੍ਰੇਅਰ ਕੀਤੀ ਗਈ ਹੈ।"ਮੈਂ ਯਹੋਵਾਹ ਵੱਲ ਆਪਣੀ ਅਵਾਜ਼ ਨਾਲ ਦੁਹਾਈ ਦਿੰਦਾ ਹਾਂ, ਮੈਂ ਯਹੋਵਾਹ ਵੱਲ ਆਪਣੀ ਅਵਾਜ਼ ਨਾਲ ਬੇਨਤੀ ਕਰਦਾ ਹਾਂ, ਮੈਂ ਆਪਣੀ ਫਰਿਆਦ ਉਹ ਦੇ ਅੱਗੇ ਫੋਲਦਾ ਹਾਂ, ਮੈਂ ਆਪਣਾ ਦੁਖ ਉਹ ਦੇ ਅੱਗੇ ਖੋਲ੍ਹ ਕੇ ਦੱਸਦਾ ਹਾਂ। ਜਦ ਮੇਰਾ ਆਤਮਾ ਮੇਰੇ ਅੰਦਰ ਨਢਾਲ ਸੀ, ਤਾਂ ਤੂੰ ਮੇਰੀ ਚਾਲ ਜਾਣਦਾ ਸੀ। ਜਿਸ ਰਾਹ ਮੈਂ ਚੱਲਦਾ ਹਾਂ, ਉਨ੍ਹਾ ਨੇ ਮੇਰੇ ਲਈ ਇੱਕ ਫਾਹੀ ਲਾਈ ਹੈ। ਨਿਗਾਹ ਕਰ ਕੇ ਸੱਜੇ ਪਾਸੇ ਵੇਖ, ਭਈ ਮੇਰੀ ਸਿਆਣੂ ਕੋਈ ਨਹੀਂ ਹੈ, ਮੇਰੀ ਪਨਾਹ ਜਾਂਦੀ ਰਹੀ ਮੇਰੀ ਜਾਨ ਦਾ ਪੁੱਛਣ ਗਿੱਛਣ ਵਾਲਾ ਕੋਈ ਨਹੀਂ! ਹੇ ਯਹੋਵਾਹ, ਮੈਂ ਤੇਰੇ ਅੱਗੇ ਦੁਹਾਈ ਦਿੰਦਾ, ਮੈਂ ਆਖਿਆ ਕਿ ਤੂੰ ਮੇਰੀ ਪਨਾਹ ਹੈ, ਜੀਉਂਦਿਆਂ ਦੀ ਧਰਤੀ ਉੱਤੇ ਮੇਰਾ ਭਾਗ। ਮੇਰੇ ਚਿਲਾਉਣੇ ਉੱਤੇ ਧਿਆਨ ਦੇਹ, ਕਿਉਂ ਜੋ ਮੈਂ ਬਹੁਤ ਅਧੀਨ ਹੋ ਗਿਆ ਹਾਂ, ਮੇਰੇ ਪਿੱਛਾ ਕਰਨ ਵਾਲਿਆਂ ਤੋਂ ਮੈਨੂੰ ਛੁਡਾ, ਕਿਉਂ ਜੋ ਉਹ ਮੈਥੋਂ ਬਲਵਾਨ ਹਨ! ਮੇਰੀ ਜਾਨ ਕੈਦੋਂ ਬਾਹਰ ਕੱਢ, ਭਈ ਮੈਂ ਤੇਰੇ ਨਾਮ ਦਾ ਧੰਨਵਾਦ ਕਰਾਂ, ਧਰਮੀ ਮੈਨੂੰ ਆਨ ਘੇਰਨਗੇ, ਕਿਉਂ ਜੋ ਮੇਰੇ ਉੱਤੇ ਉਪਕਾਰ ਕਰੇਂਗਾ।"[34] ਯਹੋਵਾਹ ਨੂੰ ਆਪਣਾ ਪੈਦਾ ਕਰਤਾ ਮੰਨ ਕੇ ਦੁਸ਼ਮਣਾਂ ਤੋਂ ਰਾਖੀ ਲਈ ਬੇਨਤੀ ਕੀਤੀ ਗਈ ਹੈ ਅਤੇ ਇਕੱਲਾ ਰਹਿ ਜਾਣ ਦੇ ਡਰ ਤੋਂ ਹਮੇਸ਼ਾ ਸਾਥ ਦੇਣ ਲਈ ਯਹੋਵਾਹ ਅੱਗੇ ਤਰਲਾ ਕੀਤਾ ਗਿਆ ਹੈ।

### 4.1.28 ਬਚਾਉ ਤੇ ਅਗਵਾਈ ਲਈ ਅਰਦਾਸਾਂ

ਇਹ ਪ੍ਰਾਰਥਨਾ ਪੁਰਾਣੇ ਨੇਮ ਦੀ 19ਵੀਂ ਪੁਸਤਕ ਜ਼ਬੂਰਾਂ ਦੀ ਪੋਥੀ ਦੇ ਪਹਿਲੇ ਭਾਗ ਵਿਚ ਪੰਨਾ 786 ਪੰਨੇ ਤੇ 'ਦਾਊਦ ਦਾ ਭਜਨ' ਸਿਰਲੇਖ ਹੇਠ ਦਰਜ ਹੈ। ਇਹ ਪੈਗੰਬਰ ਦਾਊਦ ਵੱਲੋਂ ਰਚਿਆ ਗਿਆ ਭਜਨ ਹੈ। ਇਸ ਪ੍ਰਾਰਥਨਾ ਵਿੱਚ ਯਹੂਦੀਆਂ ਨੂੰ ਦਰਪੇਸ਼ ਵੈਰੀਆਂ ਤੋਂ ਬਚਾਉਣ ਅਤੇ ਜ਼ਿੰਦਗੀ ਦੇ ਹਰ ਮੋੜ ਤੇ ਯਹੋਵਾ ਅੱਗੇ ਅਗਵਾਈ ਕਰਨ ਦੀ ਪ੍ਰੇਅਰ ਹੈ।"ਹੇ ਯਹੋਵਾਹ, ਮੇਰੀ ਪ੍ਰਾਰਥਨਾ ਸੁਣ ਲੈ, ਮੇਰੀ ਬੇਨਤੀ ਉੱਤੇ ਕੰਨ ਲਾ, ਆਪਣੀ ਵਫ਼ਾਦਾਰੀ ਅਤੇ ਆਪਣੇ ਧਰਮ ਵਿਚ ਮੈਨੂੰ ਉੱਤਰ ਦੇਹ! ਆਪਣੇ ਦਾਸ ਨੂੰ ਅਦਾਲਤ ਵਿੱਚ ਨਾ ਲਿਆ ਕਿਉਂ ਜੋ ਤੇਰੇ ਹਜ਼ੂਰ ਕੋਈ ਜਣਾ ਧਰਮੀ ਠਹਿਰ ਸਕਦਾ। ਵੈਰੀ ਨੇ ਤਾਂ ਮੇਰੀ ਜਾਨ ਦਾ ਪਿੱਛਾ ਕੀਤਾ ਹੈ, ਉਹ ਨੇ ਮੇਰੀ ਜਿੰਦ ਨੂੰ ਚਿੱਥ ਕੇ ਧਰਤੀ ਉੱਤੇ ਸੁੱਟ ਦਿੱਤਾ ਹੈ, ਉਹ ਨੇ

[33] *ਜ਼ਬੂਰਾਂ ਦੀ ਪੋਥੀ* ,141:10.

[34] ਉਹੀ, 142:7

ਮੈਨੂੰ ਅਨ੍ਹੇਰੇ ਥਾਵਾਂ ਵਿੱਚ ਵਸਾਇਆ ਹੈ, ਚਿਰ ਦੇ ਮੋਇਆਂ ਹੋਇਆਂ ਵਾਂਙੁ! ਤਦੇ ਮੇਰਾ ਆਤਮਾ ਮੇਰੇ ਅੰਦਰ ਨਢਾਲ ਹੈ, ਮੇਰਾ ਦਿਲ ਮੇਰੇ ਵਿਚਕਾਰ ਵਿਆਕੁਲ ਹੈ। ਮੈਂ ਪੁਰਾਣਿਆਂ ਸਮਿਆਂ ਨੂੰ ਯਾਦ ਕਰਦਾ ਹਾਂ ਮੈਂ ਤੇਰੀਆਂ ਸਾਰੀਆਂ ਕਰਨੀਆਂ ਦਾ ਵਿਚਾਰ ਕਰਦਾ ਹਾਂ। ਮੈਂ ਤੇਰੇ ਹੱਥਾਂ ਦੇ ਕੰਮ ਦਾ ਧਿਆਨ ਕਰਦਾ ਹਾਂ। ਮੈਂ ਆਪਣੇ ਹੱਥ ਤੇਰੀ ਵੱਲ ਅੱਡਦਾ ਹਾਂ, ਮੇਰੀ ਜਾਨ ਸੁੱਕੀ ਧਰਤੀ ਵਾਂਗ ਤੇਰੀ ਤਿਹਾਈ ਹੈ॥ ਸਲਹ॥ ਛੇਤੀ ਕਰ, ਹੇ ਯਹੋਵਾਹ, ਮੈਨੂੰ ਉੱਤਰ ਦੇਹ, ਮੇਰਾ ਆਤਮਾ ਬੱਸ ਹੋ ਚੱਲਿਆ, ਆਪਣਾ ਮੂੰਹ ਮੈਥੋਂ ਨਾ ਲੁਕਾ, ਕਿਤੇ ਮੈਂ ਗੋਰ ਵਿੱਚ ਉਤਰਨ ਵਾਲਿਆਂ ਵਰਗਾ ਨਾ ਹੋ ਜਾਵਾਂ। ਸਵੇਰ ਨੂੰ ਆਪਣੀ ਦਯਾ ਦੀ ਮੈਨੂੰ ਸੁਣਾਈ ਕਰ, ਮੈਂ ਜੋ ਤੇਰਾ ਭਰੋਸਾ ਰੱਖਿਆ ਹੈ, ਮੇਰੇ ਤੁਰਨ ਦਾ ਰਾਹ ਮੈਨੂੰ ਦੱਸ, ਮੈਂ ਤਾਂ ਆਪਣੀ ਜਾਨ ਤੇਰੀ ਵੱਲ ਉਠਾ ਰੱਖੀ ਹੈ। ਹੇ ਯਹੋਵਾਹ, ਮੈਨੂੰ ਵੈਰੀਆਂ ਤੋਂ ਛੁਡਾ, ਮੈਂ ਤੇਰੇ ਵਿੱਚ ਲੁੱਕਦਾ ਹਾਂ! ਤੂੰ ਮੈਨੂੰ ਆਪਣੀ ਮਰਜ਼ੀ ਪੂਰੀ ਕਰਨੀ ਸਿਖਲਾ, ਤੂੰ ਤਾਂ ਮੇਰਾ ਪਰਮੇਸ਼ੁਰ ਹੈ, ਤੇਰੀ ਆਤਮਾ ਨੇਕ ਹੈ, ਉਹ ਪੱਧਰੇ ਦੇਸ ਵਿੱਚ ਮੇਰੀ ਅਗਵਾਈ ਕਰੇ। ਹੇ ਯਹੋਵਾਹ, ਆਪਣੇ ਨਾਮ ਦੇ ਸਦਕੇ ਮੈਨੂੰ ਜੀਉਂਦਾ ਰੱਖ, ਆਪਣੇ ਧਰਮ ਨਾਲ ਮੇਰੀ ਜਾਨ ਨੂੰ ਦੁੱਖਾਂ ਵਿਚੋਂ ਕੱਢ, ਅਤੇ ਆਪਣੀ ਦਯਾ ਨਾਲ ਮੇਰੇ ਵੈਰੀਆਂ ਨੂੰ ਮਿਟਾ ਸੁੱਟ, ਅਤੇ ਮੇਰੀ ਜਾਨ ਦੇ ਸਾਰੇ ਦੁੱਖ ਦੇਣ ਵਾਲਿਆਂ ਦਾ ਨਾਸ ਕਰ! ਮੈਂ ਤੇਰਾ ਸੇਵਕ ਜੋ ਹਾਂ।"[35] ਯਹੋਵਾਹ ਨੂੰ ਆਪਣਾ ਕਰਤਾ ਧਰਤਾ ਮੰਨ ਕੇ ਉਸਦੇ ਸੇਵਕ ਹੋਣ ਦੀ ਤਸੱਲੀ ਦੇ ਕੇ ਦੁਸ਼ਮਣਾਂ ਦਾ ਅੰਤ ਕਰਨ ਲਈ ਅਰਜੋਈ ਕੀਤੀ ਗਈ ਹੈ ਅਤੇ ਯਹੂਦੀਆਂ ਨੂੰ ਆਪਣੇ ਦੇਸ਼ ਵੱਲ ਲਿਜਾਣ ਦੀ ਗੱਲ ਵੀ ਕਹੀ ਗਈ ਹੈ।

**4.1.29 ਦਯਾ ਲਈ ਬੇਨਤੀ**

ਇਹ ਪ੍ਰੇਅਰ ਪੁਰਾਣੇ ਨੇਮ ਦੀ 23ਵੀਂ ਪੁਸਤਕ ਜੋ ਪੈਗੰਬਰ ਯਸਾਯਾਹ ਦੁਆਰਾ ਲਿਖੀ ਗਈ ਹੈ ਉਸਦੇ ਪੰਨਾ 924 ਤੇ ਦਰਜ ਹੈ। ਇਸ ਪ੍ਰੇਅਰ ਵਿਚ ਵੀ ਯਹੂਦੀਆਂ ਉਪਰ ਹੁੰਦੇ ਜ਼ੁਲਮਾਂ ਕਾਰਨ ਉਹ ਆਪਣੀ ਬਰਬਾਦੀ ਦੀ ਦਾਸਤਾਂ ਬਿਆਨ ਕਰਦੇ ਹੋਏ ਯਹੋਵਾਹ ਤੋਂ ਦਇਆ ਦੀ ਭੀਖ ਮੰਗਦੇ ਹਨ। ਕਰਤਾਰ ਚੰਦ ਭੱਟ ਰਚਿਤ ਈਸਾਈ ਧਰਮ ਜਾਣ ਪਛਾਣ ਵਿਚ ਯਸਾਯਾਹ ਦਾ ਜ਼ਿਕਰ ਇਸ ਪ੍ਰਕਾਰ ਆਇਆ ਹੈ, "ਇਸ ਪੁਸਤਕ ਵਿਚ ਯਹੂਦੀ ਸੰਤਾਂ ਵਾਰੇ ਵਿਸਥਾਰ ਪੂਰਵਕ ਦਰਜ ਹੈ। ਪਵਿੱਤਰ ਬਾਈਬਲ ਸਬੰਧੀ ਮਹੱਤਵਪੂਰਨ ਅਧਿਆਇ ਵੀ ਹਨ, ਇਹ ਪੁਸਤਕ ਦੋ ਭਾਗਾਂ ਵਿਚ ਵੰਡੀ ਗਈ ਹੈ, ਪਹਿਲੇ ਭਾਗ ਵਿਚ ਅਸੂਰ ਦੇ ਰਾਜਿਆਂ ਸੰਬੰਧੀ ਅਤੇ ਦੂਜੇ ਭਾਗ ਵਿਚ ਬੈਬੀਬੋਨੀਆ ਬਾਰੇ ਵਰਨਣ ਹੈ। ਜਿੱਥੇ ਇਸ ਵਿਚ ਸੰਤ ਯਸਾਯਾਹ ਨੇ ਇਸਰਾਈਲ ਕੌਮ ਦਾ ਬੈਬੀਲੋਨੀਆ ਦਾ ਕੈਦ 'ਚੋਂ ਮੁੜ ਰਿਹਾ ਹੋਣ ਬਾਰੇ ਭਵਿੱਖ ਬਾਣੀ ਲਿਖੀ ਹੈ।ਉਥੇ ਮਸੀਹਾ ਦੇ ਆਉਣ ਬਾਰੇ ਵੀ ਵਿਸਥਾਰ ਪੂਰਵਕ ਜਾਣਕਾਰੀ ਤੇ ਭਵਿੱਖਬਾਣੀ ਕੀਤੀ ਹੈ।"[36] ਇਹ ਪੁਸਤਕ ਵਿਚ ਮਹੱਤਵਪੂਰਨ ਭਵਿੱਖ ਬਾਣੀਆਂ ਦਰਜ ਹਨ, ਜੋ ਯਹੂਦੀ ਅਤੇ ਈਸਾਈ ਧਰਮ ਨਾਲ ਸੰਬੰਧਿਤ ਹਨ।"ਕਾਸ਼ ਕਿ ਤੂੰ ਅਕਾਸ਼ਾਂ ਨੂੰ ਪਾੜੇਂ ਅਤੇ ਉਤਰ ਆਵੇਂ, ਭਈ ਤੇਰੀ ਹਜ਼ੂਰੀ ਤੋਂ ਪਹਾੜ ਢਲ ਜਾਣ! ਜਿਵੇਂ ਅੱਗ ਝਾੜੀਆਂ ਨੂੰ ਸਾੜਦੀ, ਅਤੇ ਅੱਗ ਪਾਣੀ ਨੂੰ ਉਬਾਲਦੀ, ਭਈ ਤੇਰਾ ਨਾਮ ਤੇਰੇ ਵੈਰੀਆਂ ਉੱਤੇ ਪ੍ਰਗਟ ਹੋਵੇ, ਅਤੇ ਤੇਰੀ ਹਜ਼ੂਰੀ ਤੋਂ ਕੌਮਾਂ ਕੰਬ ਜਾਣ! ਜਦ ਤੈਂ

[35] *ਜ਼ਬੂਰਾਂ ਦੀ ਪੋਥੀ*,143:12.

[36] ਲੇਖਕ ਕਰਤਾਰ ਚੰਦ ਭੱਟੀ, ਸੰਪਾ. ਕੁਲਵੰਤ ਸਿੰਘ ਗਰੇਵਾਲ, *ਈਸਾਈ ਧਰਮ ਇਕ ਜਾਣ-ਪਛਾਣ*, ਪੰਨਾ 15.

ਭਿਆਨਕ ਕੰਮ ਕੀਤੇ, ਜਿਨ੍ਹਾਂ ਦੀ ਸਾਨੂੰ ਉਡੀਕ ਨਹੀਂ ਸੀ ਤਾਂ ਤੂੰ ਉਤਰ ਆਇਆ, ਤੇਰੀ ਹਜ਼ੂਰੀ ਤੋਂ ਪਹਾੜ ਢਲ ਗਏ। ਪਰਾਚੀਨ ਸਮਿਆਂ ਤੋਂ ਨਾ ਕਿਸੇ ਸੁਣਿਆ ਨਾ ਕਿਸੇ ਦੇ ਕੰਨ ਵਿੱਚ ਪਿਆ ਨਾ ਅੱਖ ਨੇ ਕਿਸੇ ਹੋਰ ਪਰਮੇਸ਼ੁਰ ਨੂੰ ਵੇਖਿਆ ਜੋ ਆਪਣੇ ਉਕੀਡਣ ਵਾਲਿਆਂ ਲਈ ਕੰਮ ਕਰਦਾ ਹੈ। ਤੂੰ ਉਹ ਨੂੰ ਮਿਲਦਾ ਹੈ ਜੋ ਖੁਸ਼ ਹੁੰਦਾ ਅਤੇ ਧਰਮ ਵਰਤਦਾ, ਜੋ ਤੇਰੇ ਰਾਹਾਂ ਵਿੱਚ ਤੈਨੂੰ ਚੇਤੇ ਰੱਖਦਾ। ਵੇਖ ਤੂੰ ਕੋਪਵਾਨ ਹੋਇਆ, ਅਤੇ ਅਸੀਂ ਪਾਪ ਕੀਤਾ, ਉਨ੍ਹਾਂ ਵਿੱਚ ਅਸੀਂ ਚਿਰ ਤੀਕ ਰਹੇ,- ਕੀ ਅਸੀਂ ਬਚਾਂਗੇ?ਅਸੀਂ ਸੱਭੇ ਭਰਿਸ਼ਟੀ ਵਾਂਙੂੰ ਹੋ ਗਏ ਅਤੇ ਸਾਡੇ ਸਭ ਧਰਮ ਪਲੀਤ ਕੱਪੜੇ ਵਰਗੇ ਹਨ ਅਤੇ ਪੱਤੇ ਵਾਂਙੂੰ ਕੁਮਲਾ ਜਾਂਦੇ ਹਾਂ, ਅਤੇ ਸਾਡੀਆਂ ਬਦੀਆਂ ਹਵਾ ਵਾਂਙੂੰ ਸਾਨੂੰ ਚੁੱਕ ਲੈ ਜਾਂਦੀਆ ਹਨ। ਕੋਈ ਤੇਰਾ ਨਾਮ ਨਹੀਂ ਲੈਂਦਾ, ਨਾ ਕੋਈ ਆਪ ਨੂੰ ਉਕਸਾਉਂਦਾ ਭਈ ਤੈਨੂੰ ਫੜ ਰੱਖੇ, ਕਿਉਂ ਜੋ ਤੂੰ ਆਪਣਾ ਮੂੰਹ ਸਾਥੋਂ ਲੁਕ ਲਿਆ ਅਤੇ ਸਾਡੀਆਂ ਬਦੀਆਂ ਦੇ ਰਾਹੀਂ ਸਾਨੂੰ ਪਿਘਲਾ ਦਿੱਤਾ। ਪਰ ਹੁਣ, ਹੇ ਯਹੋਵਾਹ ਤੂੰ ਸਾਡਾ ਪਿਤਾ ਹੈ, ਅਸੀਂ ਮਿੱਟੀ ਹਾਂ ਅਤੇ ਤੂੰ ਘੁਮਿਆਰ ਹੈ ਅਸੀਂ ਸੱਭੇ ਤੇਰੀ ਦਸਤਕਾਰੀ ਹਾਂ। ਹੇ ਯਹੋਵਾਹ, ਤੂੰ ਅੱਤ ਕੋਪਵਾਨ ਨਾ ਹੋ ਨਾ ਬਦੀ ਨੂੰ ਸਦਾ ਯਾਦ ਰੱਖ। ਵੇਖ ਧਿਆਨ ਦੇਹ, ਅਸੀਂ ਸਾਰੇ ਤੇਰੀ ਪਰਜਾ ਹਾਂ। ਤੇਰੇ ਪਵਿੱਤਰ ਸ਼ਹਿਰ ਉਜਾੜ ਹੋ ਗਏ, ਸੀਯੋਨ ਉਜਾੜ, ਯਰੂਸ਼ਲਮ ਵਿਰਾਨਾ ਹੋ ਗਏ। ਸਾਡਾ ਪਵਿੱਤਰ ਅਤੇ ਸ਼ਾਨਦਾਨ ਭਵਨ, ਜਿੱਥੇ ਸਾਡੇ ਪਿਉ ਦਾਦੇ ਤੇਰੀ ਉਸਤਤ ਕਰਦੇ ਸਨ, ਅੱਗ ਨਾਲ ਸੜ ਗਿਆ ਸਾਡੇ ਸਭ ਮਨ ਭਾਉਂਦੇ ਅਸਥਾਨ ਬਰਬਾਦ ਹੋ ਗਏ, ਹੇ ਯਹੋਵਾਹ, ਕੀ ਇਹਨਾਂ ਗੱਲਾਂ ਦੇ ਕਾਰਨ ਤੂੰ ਆਪ ਨੂੰ ਰੋਕ ਛੱਡੇਗਾ? ਕੀ ਤੂੰ ਚੁੱਪ ਰਹੇਗਾਂ ਅਤੇ ਸਾਨੂੰ ਅੱਤ ਦੁਖੀ ਰੱਖੇਗਾਂ?"[37] ਇਹ ਪ੍ਰਾਰਥਨਾ ਬੜੀ ਆਜਜ਼ੀ ਵਿਚ ਕੀਤੀ ਗਈ ਹੈ ਆਪਣੇ ਗੁਨਾਹ ਕਬੂਲੇ ਗਏ ਹਨ ਅਤੇ ਯਹੋਵਾ ਨੂੰ ਹੋ ਰਹੀ ਬਰਬਾਦੀ ਨੂੰ ਵੇਖ ਕੇ ਨਿਆਂ ਕਰਨ ਲਈ ਕਿਹਾ ਗਿਆ ਹੈ।

### 4.1.30 ਆਸਾ ਦੀ ਪ੍ਰਾਰਥਨਾ ਦਾ ਭਜਨ

ਇਹ ਪ੍ਰੇਅਰ ਪੁਰਾਣੇ ਨੇਮ ਦੀ ਪੈਂਤੀਵੀਂ ਪੁਸਤਕ ਹੱਬਕੂਕ ਦੇ ਪੰਨਾ ਨੰ: 1161 ਉਪਰ ਦਰਜ ਹੈ। ਇਸ ਦਾ ਉਪਸਿਰਲੇਖ 'ਸ਼ਿਗਯੋਨੋਥ ਉੱਤੇ ਹਬੱਕੂਕ ਨਬੀ ਦੀ ਪ੍ਰਾਰਥਨਾ' ਹੈ। ਕਰਤਾਰ ਚੰਦ ਭੱਟੀ ਰਚਿਤ 'ਈਸਾਈ ਧਰਮ ਇਕ ਜਾਣ-ਪਛਾਣ ਵਿਚ ਹੱਬਕੂਕ ਬਾਰੇ ਇੰਝ ਦਰਜ ਹੈ, "ਇਹ ਪੋਥੀ ਇਕ ਆਪਸੀ ਗੱਲਬਾਤ ਵਾਂਗ ਹੈ। ਜਿਵੇਂ ਡਰਾਮੇ ਵਿਚ ਹੁੰਦਾ ਹੈ। ਗੱਲਬਾਤ ਸ਼ਿਕਵਾ ਸ਼ਿਕਾਇਤ ਹੈ। ਇਸ ਲਿਖਤ ਦੁਆਰਾ ਯਹੂਦੀ ਕਾਵਿ ਦੀ ਚੰਗੀ ਮਿਸਾਲ ਮਿਲਦੀ ਹੈ। ਜੋ ਨਬੀ ਹੱਬਕੂਕ ਤੇ ਯਹੋਵਾ ਦੇ ਵਿਚਕਾਰ ਹੋਏ ਪ੍ਰਸ਼ਨਾਂ ਤੇ ਉਤਰਾਂ ਤੇ ਆਧਾਰਿਤ ਹੈ। ਇਹ ਕਿਆਮਤ ਬਾਰੇ ਹੈ।"[38] ਇਹ ਪੁਸਤਕ ਕਾਵਿਮਈ ਅੰਦਾਜ਼ ਵਿਚ ਲਿਖੀ ਹੋਈ ਹੈ ਇਸ ਵਿਚ ਆਖਰਿਤ ਦੇ ਦਿਨ ਦਾ ਜ਼ਿਕਰ ਵੀ ਮਿਲਦਾ ਹੈ।

"ਹੇ ਯਹੋਵਾਹ, ਮੈਂ ਤੇਰੇ ਵਿਖੇ ਅਵਾਈ ਸੁਣੀ, ਮੈਂ ਡਰ ਗਿਆ। ਹੇ ਯਹੋਵਾਹ, ਵਰ੍ਹਿਆਂ ਦੇ ਵਿਚਕਾਰ ਆਪਣਾ ਕੰਮ ਬਹਾਲ ਕਰ, ਵਰ੍ਹਿਆਂ ਦੇ ਵਿਚਕਾਰ ਉਹ ਨੂੰ ਪਰਗਟ ਕਰ, ਰੋਹ ਵਿਚ ਰਹਮ ਨੂੰ ਚੇਤੇ ਕਰ! ਪਰਮੇਸ਼ੁਰ ਤੇਮਾਨ ਤੋਂ ਆਇਆ, ਪਵਿੱਤਰ ਪੁਰਖ ਪਾਰਾਨ ਦੇ ਪਰਬਤ ਤੋਂ ॥ਸਲਹ॥ ਉਹ ਦੀ

---

[37] *ਯਸਾਯਾਹ*, 64: 12.

[38] ਲੇਖਕ ਕਰਤਾਰ ਚੰਦ ਭੱਟੀ, ਸੰਪਾ. ਕੁਲਵੰਤ ਸਿੰਘ ਗਰੇਵਾਲ, *ਈਸਾਈ ਧਰਮ ਇਕ ਜਾਣ-ਪਛਾਣ,* ਪੰਨਾ 17.

ਮਹਿਮਾ ਨੇ ਅਕਾਸ਼ ਨੂੰ ਕੱਜਿਆ, ਅਤੇ ਧਰਤੀ ਉਹ ਦੀ ਉਸਤਤ ਨਾਲ ਭਰੀ ਹੋਈ ਸੀ। ਉਹ ਦੀ ਝਲਕ ਜੋਤ ਵਾਂਙੂ ਸੀ, ਕਿਰਨਾਂ ਉਹ ਦੇ ਹੱਥੋਂ ਚਮਕਦੀਆਂ ਸਨ, ਅਤੇ ਉੱਥੇ ਉਸ ਦੀ ਸਮੱਰਥਾ ਲੁਕੀ ਹੋਈ ਸੀ। ਉਹ ਦੇ ਅੱਗੇ ਅੱਗੇ ਬਵਾ ਚੱਲਦੀ ਸੀ, ਉਹ ਦੇ ਪੈਰਾਂ ਤੋਂ ਲਸ਼ਕਾਂ ਨਿੱਕਲਦੀਆਂ ਸਨ, ਉਹ ਖਲੋ ਗਿਆ ਅਤੇ ਧਰਤੀ ਦਾ ਮਾਪ ਲਿਆ, ਉਸ ਵੇਖਿਆ ਅਤੇ ਕੌਮਾਂ ਨੂੰ ਤਰਾਹਿਆ ਤਾਂ ਸਨਾਤਨ ਪਹਾੜ ਖਿੱਲਰ ਗਏ, ਅਨਾਦੀ ਟਿੱਲੇ ਝੁੱਕ ਗਏ।ਉਹ ਦਾ ਚਾਲ ਚਲਣ ਸਦੀਪਕ ਜਿਹਾ ਸੀ। ਮੈਂ ਕੂਸ਼ ਦੇ ਤੰਬੂ ਕਸ਼ਟ ਹੇਠ ਵੇਖੇ, ਮਿਦਯਾਨ ਦੇਸ ਦ ਪੜਦੇ ਥਰਥਰਾਏ। ਕੀ ਯਹੋਵਾਹ ਨਦੀਆਂ ਤੋਂ ਗੁੱਸੇ ਹੋਇਆ? ਕੀ ਤੇਰਾ ਕ੍ਰੋਧ ਨਦੀਆਂ ਦੇ ਉੱਤੇ ਯਾ ਤੇਰਾ ਕਹਿਰ ਸਮੁੰਦਰ ਨਾਲ ਸੀ ਜਦ ਤੂੰ ਆਪਣਿਆਂ ਘੋੜਿਆਂ ਉੱਤੇ ਆਪਣੇ ਛਡਾਉਣ ਵਾਲੇ ਰਥਾਂ ਵਿਚ ਸਵਾਰ ਸੈਂ? ਤੇਰਾ ਧਣੁਖ ਖੋਲ ਤੋਂ ਕੱਢਿਆ ਗਿਆ ਬਚਨ ਦੇ ਡੰਡੇ ਸੌਂਹਾ ਸਨ॥ਸਲਹ॥ ਤੂੰ ਧਰਤੀ ਨੂੰ ਨਦੀਆਂ ਨਾਲ ਚੀਰ ਦਿੱਤਾ। ਪਹਾੜਾਂ ਨੇ ਤੈਨੂੰ ਵੇਖਿਆ, ਉਹ ਤੜਫਣ ਲੱਗੇ, ਜ਼ੋਰ ਦਾ ਹੜ੍ਹ ਲੰਘ ਗਿਆ, ਡੂੰਘਿਆਈ ਨੇ ਆਪਣੀ ਅਵਾਜ਼ ਦਿੱਤੀ, ਆਪਣੇ ਹੱਥ ਉਤਾਹਾਂ ਉਠਾਏ। ਤੇਰੇ ਬਾਣਾਂ ਦੀ ਲਸ਼ਕ ਦੇ ਕਾਰਨ ਜਦ ਉਹ ਚੱਲਦੇ ਸਨ, ਤੇਰੇ ਚਮਕਦਾਰ ਬਰਛੇ ਦੀ ਭੜਕ ਦੇ ਕਾਰਨ ਸੂਰਜ ਅਤੇ ਚੰਦ ਆਪਣੇ ਅਸਥਾਨ ਤੇ ਖੜੇ ਰਹੇ॥ ਤੂੰ ਗਜ਼ਬ ਨਾਲ ਧਰਤੀ ਵਿੱਚੋਂ ਤੁਰ ਪਿਆ ਤੂੰ ਕੌਮਾਂ ਨੂੰ ਕ੍ਰੋਧ ਵਿੱਚ ਗਾਹ ਸੁੱਟਿਆ। ਤੂੰ ਆਪਣੀ ਪਰਜਾ ਦੇ ਬਚਾਉ ਲਈ ਨਿੱਕਲਿਆ, ਆਪਣੇ ਮਸਹ ਕੀਤੇ ਹੋਏ ਦੇ ਬਚਾਓ ਲਈ! ਤੈਂ ਦੁਸ਼ਟ ਦੇ ਘਰਾਣੇ ਦੇ ਮੁਖੀਏ ਨੂੰ ਵੱਢ ਛੱਡਿਆ ਤੈਂ ਗਲੇ ਤੀਕ ਨੀਂਹ ਨੂੰ ਨੰਗਾ ਕੀਤਾ ॥ਸਲਹ॥ ਤੂੰ ਉਸੇ ਦੀਆਂ ਬਰਛੀਆਂ ਨਾਲ ਉਸ ਦੇ ਮਹਾਇਣ ਦਾ ਸਿਰ ਵਿੰਨ੍ਹਿਆ, ਉਹ ਤੂਫਾਨ ਵਾਂਗ ਮੈਨੂੰ ਉਡਾਉਣ ਲਈ ਆਏ, ਉਹ ਬਾਗ ਬਾਗ ਹੋਏ ਜਿਵੇਂ ਉਹ ਮਸਕੀਨ ਨੂੰ ਚੁੱਪ ਕਰ ਕੇ ਖਾ ਜਾਣ। ਤੂੰ ਆਪਣੇ ਘੋੜਿਆਂ ਨਾਲ ਸਮੁੰਦਰ ਨੂੰ ਲਤਾੜਿਆ ਵੱਡੇ ਪਾਣੀ ਉੱਛਲ ਪਏ। ਮੈਂ ਸੁਣਿਆ ਅਤੇ ਮੇਰਾ ਕਾਲਜਾ ਕੰਬਣ ਲੱਗਾ, ਉਸ ਅਵਾਜ਼ ਤੋਂ ਮੇਰੀਆਂ ਬੁੱਲੀਆਂ ਥਰਥਰਾਈਆਂ, ਵਿਸਾਂਧ ਮੇਰੀਆਂ ਹੱਡੀਆਂ ਵਿੱਚ ਆਈ ਮੈਂ ਆਪਣੇ ਥਾਂ ਤੇ ਕੰਬਦਾ ਹਾਂ, ਕਿਉਂ ਜੋ ਮੈਂ ਅਗਮ ਨਾਲ ਬਿਪਤਾ ਦੇ ਦਿਨ ਨੂੰ ਤੱਕਾਂਗਾ, ਭਈ ਉਹ ਉਹਨਾਂ ਲੋਕਾਂ ਉੱਤੇ ਆਵੇ, ਜੋ ਸਾਡੇ ਉੱਤੇ ਚੜ੍ਹਾਈ ਕਰਦੇ ਹਨ। ਭਾਵੇਂ ਹਜ਼ੀਰ ਦਾ ਬਿਰਛ ਨਾ ਫਲੇ ਫੁੱਲੇ, ਨਾ ਅੰਗੂਰੀ ਵੇਲਾਂ ਉੱਤੇ ਫਲ ਹੋਵੇ, ਭਾਵੇਂ ਜ਼ੈਤੂਨ ਦੇ ਬਿਰਛ ਦਾ ਹਾਸਲ ਘਟੇ, ਅਤੇ ਖੇਤ ਅੰਨ ਨਾ ਦੇਣ, ਭਾਵੇਂ ਇੱਜੜ ਵਾੜੇ ਵਿੱਚੋਂ ਕੱਟੇ ਜਾਣ, ਅਤੇ ਵੱਗ ਕੁਰ੍ਹਾਂ ਵਿੱਚ ਨਾ ਹੋਣ, ਤਾਂ ਵੀ ਮੈਂ ਯਹੋਵਾਹ ਵਿੱਚ ਬਾਗ ਬਾਗ ਹੋਵਾਂਗਾ, ਮੈਂ ਆਪਣੇ ਮੁਕਤੀ ਦਾਤੇ ਪਰਮੇਸ਼ੁਰ ਵਿੱਚ ਖੁਸ਼ੀ ਮਨਾਵਾਂਗਾ। ਪ੍ਰਭੂ ਯਹੋਵਾਹ ਮੇਰਾ ਬਲ ਹੈ, ਉਹ ਮੇਰੇ ਪੈਰ ਹਰਨੀਆਂ ਵਰਗੇ ਬਨਾਉਂਦਾ ਹੈ, ਅਤੇ ਮੈਨੂੰ ਮੇਰੀਆਂ ਉਚਿਆਈਆਂ ਉੱਤੇ ਤੋਰਦਾ ਹੈ।"[39] ਇਸ ਪ੍ਰਾਰਥਨਾ ਵਿਚ ਯਹੋਵਾਹ ਦੀ ਉਪਮਾ ਕੀਤੀ ਗਈ ਹੈ ਅਤੇ ਯਹੋਵਾ ਦਾ ਸੁਭਾਅ ਕ੍ਰੋਧ ਵਾਲਾ ਹੀ ਬਿਆਨ ਕੀਤਾ ਗਿਆ ਹੈ। ਹਰ ਇਕ ਚੀਜ਼ ਦਾ ਕਰਨ ਕਰਵਾਉਣ ਵਾਲਾ ਯਹੋਵਾ ਨੂੰ ਤਸੱਵਰ ਕੀਤਾ ਹੈ। ਆਖਰੀ ਦਿਨ ਵੀ ਆਪਣੇ ਮੁਕਤੀ ਦਾਤਾ ਯਹੋਵਾ ਨੂੰ ਮੰਨਿਆ ਗਿਆ ਹੈ।

ਸੋ ਇਸ ਪ੍ਰਕਾਰ ਯਹੂਦੀਆਂ ਦੀਆਂ ਬਾਈਬਲ ਵਿਚਲੀਆਂ ਪ੍ਰਾਰਥਨਾਵਾ ਦਾ ਸਰੂਪ ਬਿਆਨ ਕੀਤਾ ਗਿਆ ਹੈ। ਇਹਨਾਂ ਪ੍ਰਾਥਨਾਵਾਂ ਦਾ ਸਰੂਪ ਯਹੋਵਾਹ ਦੇ ਸੁਭਾਅ ਵਾਂਗ ਦੂਜੀਆਂ ਕੌਮਾਂ ਤੋਂ ਬਦਲਾ ਲੈਣ

[39] *ਹੱਬਕੂਕ* ,3: 19.

ਵਾਲਾ ਹੀ ਹੈ। ਹਰ ਇਕ ਪ੍ਰਾਰਥਨਾ ਵਿਚ ਇਹੋ-ਇਸ਼ਾਰੇ ਹੀ ਮਿਲਦੇ ਹਨ ਆਪਸੀ ਪ੍ਰੇਮ ਪਿਆਰ ਦੀ ਗੱਲ ਘੱਟ ਹੀ ਦੇਖਣ ਨੂੰ ਮਿਲੀ ਹੈ।

## 4.2 ਈਸਾਈ ਧਰਮ :

ਭਾਈ ਕਾਨ੍ਹ ਸਿੰਘ ਰਚਿਤ ਮਹਾਨ ਕੋਸ਼ ਅਨੁਸਾਰ ਈਸਾ ਮਸੀਹ, "ਈਸਾਈ ਧਰਮ ਦੇ ਪੈਗੰਬਰ ਹਜ਼ਰਤ ਈਸਾ ਜੀ ਹਨ, ਜਿੰਨ੍ਹਾਂ ਦਾ ਜਨਮ ਯਹੂਦੀ ਪਰਿਵਾਰ ਵਿਚ ਫਰਿਸ਼ਤੇ ਦੇ ਕਹਿਣ ਤੇ ਕੁਆਰੀ ਮਰੀਅਮ ਦੇ ਪੇਟੋਂ ਹੋਇਆ ਜੋ ਉਸ ਵਕਤ ਯੂਸਫ ਤਰਖਾਣ ਦੀ ਮੰਗੇਤਰ ਸੀ। ਆਪਨੂੰ ਧਾਰਮਿਕਤਾ ਆਪਣੇ ਘਰੋਂ ਹੀ ਹਾਸਿਲ ਹੋਈ। ਆਪ ਛੋਟੇ ਹੁੰਦੇ ਤੋਂ ਹੀ ਧਾਰਮਿਕ ਵਿਚਾਰਾਂ ਵਾਲੇ ਸਨ। ਯਹੂਦੀਆਂ ਵਿਚ ਮਸੀਹ ਦੇ ਅਵਤਾਰ ਦੀ ਗੱਲ ਆਮ ਚੱਲਦੀ ਸੀ ਜਿਸਨੂੰ ਆਪ ਬੜੇ ਧਿਆਨ ਨਾਲ ਵਿਚਾਰਦੇ ਅਤੇ ਪੁਜਾਰੀਆਂ ਨਾਲ ਧਾਰਮਿਕ ਚਰਚਾਵਾਂ ਕਰਦੇ। 30 ਸਾਲ ਦੀ ਉਮਰ ਵਿਚ ਆਪਨੇ ਧਰਮ ਦਾ ਪ੍ਰਚਾਰ ਸ਼ੁਰੂ ਕੀਤਾ। ਦੋ ਤਿੰਨ ਸਾਲਾਂ ਦੇ ਵਿਚ ਵੀ ਆਪਦੇ ਹਜ਼ਾਰਾਂ ਪੈਰੋਕਾਰ ਬਣ ਗਏ ਜਿਸਤੋਂ ਯਹੂਦੀ ਪੁਜਾਰੀਆਂ ਨੇ ਆਪ ਪੁਰ ਇਲਜ਼ਾਮ ਲਗਵਾ ਕੇ ਆਪਨੂੰ ਸ਼ਹੀਦ ਕਰਵਾ ਦਿੱਤਾ। ਆਪਨੂੰ ਦੁਬਾਰਾ ਜਿਉਂਦਾ ਮੰਨ ਕੇ ਆਪ 12 ਚੇਲਿਆਂ ਨੇ ਆਪਦਾ ਧਰਮ ਫੈਲਾਇਆ। Jesus ਇਹ ਫਿਲਸਤੀਨ ਦੇ ਵਸਨੀਕ ਯੂਸਫ ਨਾਮੇ ਤਰਖਾਣ ਦਾ ਪੁਤ੍ਰ ਸੀ। ਬਾਈਬਲ ਵਿੱਚ ਲਿਖਿਆ ਹੈ ਕਿ ਮੈਰੀ (Mery) ਨਾਮਕ ਕੁਆਰੀ ਕੰਨਯਾ ਨੂੰ ਜਬਰਾਈਲ ਫ਼ਰਿਸ਼ਤੇ ਨੇ ਆਕੇ ਆਖਿਆ ਕਿ ਤੂੰ ਗਰਭਵਤੀ ਹੋਵੇਂਗੀ, ਅਤੇ ਬੈਤਲਹਮ (Bethlehem) ਵਿੱਚ ਇਕ ਧਰਮ-ਪ੍ਰਚਾਰਕ ਪੁਤ੍ਰ ਜਣੇਗੀ, ਸੋ ਇਸ ਕਥਨ ਅਨੁਸਾਰ ਸੰਮਤ 57 ਬਿਕ੍ਰਮੀ ਵਿੱਚ ਹਜ਼ਰਤ ਈਸਾ ਦਾ ਜਨਮ ਹੋਇਆ, ਜੋ ਈਸਾਈਆਂ ਵਿੱਚ ਖ਼ੁਦਾ ਦਾ ਬੇਟਾ ਮੰਨਿਆ ਗਿਆ, ਕੁਰਾਨ ਵਿੱਚ ਲਿਖਿਆ ਹੈ ਕਿ ਈਸਾ ਦੇ ਜਨਮ ਤੇ ਕੁਲ ਦੇ ਲੋਕਾਂ ਨੇ ਮੇਰੀ ਤੋਂ ਪੁੱਛਿਆ ਕਿ ਤੈਂ ਕੁਆਰੀ ਨੇ ਬਾਲਕ ਕਿਸ ਤਰ੍ਹਾਂ ਜਣਿਆ? ਮੇਰੀ ਨੇ ਬਾਲਕ ਵੱਲ ਇਸ਼ਾਰਾ ਕਰਕੇ ਆਖਿਆ ਕਿ ਤੁਸੀਂ ਇਸੇ ਤੋਂ ਪੁੱਛ ਲਉ, ਇਸ ਤੇ ਬਾਲਕ ਨੇ ਆਪਣਾ ਖ਼ੁਦਾ ਵੱਲੋਂ ਆਉਣਾ ਦੱਸਕੇ ਲੋਕਾਂ ਨੂੰ ਨਿਰਸੰਦੇਹ ਕੀਤਾ, (ਦੇਖੋ, ਕੁਰਾਨ, ਸੂਰਤ ਮਰਿਯਮ, ਆਯਤ 27 ਤੋਂ 31)

ਹਜ਼ਰਤ ਈਸਾ ਦੀ ਯਹੂਦੀ ਮਤ ਅਨਸਾਰ ਸੁੰਨਤ ਹੋਈ,ਅਤੇ ਉਸ ਨੇ ਜੌਨ (John) ਤੋਂ ਬਪਤਿਸਮਾ (Baptism) ਲਿਆ, 30 ਵਰ੍ਹੇ ਦੀ ਉਮਰ ਵਿੱਚ ਧਰਮ ਪ੍ਰਚਾਰ ਆਰੰਭਿਆ ਅਤੇ ਕਈ ਚੇਲੇ ਬਣਾਏ, ਜਿੰਨ੍ਹਾਂ ਵਿੱਚੋਂ 12 ਪ੍ਰਧਾਨ ਗਿਣੇ ਜਾਂਦੇ ਹਨ, ਅਨੇਕ ਸ਼ਹਿਰ ਅਤੇ ਪਿੰਡਾਂ ਵਿੱਚ ਫਿਰਕੇ ਪੈਗੰਬਰ ਈਸਾ ਨੇ ਆਪਣੇ ਨਵੇਂ ਮਤ ਦਾ ਪ੍ਰਚਾਰ ਕੀਤਾ, ਅਤੇ ਕਈ ਚਮਤਕਾਰ ਵਿਖਾਏ, ਪਰੰਤੂ ਪੁਰਾਣੀਆਂ ਰਸਮਾਂ ਦੇ ਉਲਟ ਉਪਦੇਸ਼ ਦੇਣ ਪੁਰ ਯਹੂਦੀ ਲੋਕ ਅਤੇ ਉਸ ਮਤ ਦੇ ਧਰਮ ਆਗੂ ਈਸਾ ਦੇ ਵਿਰੋਧੀ ਹੋ ਗਏ. ਖਾਸ ਕਰਕੇ ਜਰੂਸਲਮ (**Jerusalem**) ਦਾ ਵੱਡਾ ਮਹੰਤ ਆਪਣੀ ਪ੍ਰਭੁਤਾ ਵਿੱਚ ਵਿਘਨ ਪੈਂਦਾ ਵਖਕੇ ਹਜ਼ਰਤ ਈਸਾ ਦਾ ਭਾਰੀ ਵੈਰੀ ਬਣ ਗਿਆ ਅਤੇ ਈਸਾ ਤੇ ਇਹ ਦੋਸ਼ ਲਗਾਕੇ ਕਿ ਉਹ ਆਪਣੇ ਤਾਈਂ ਖ਼ੁਦਾ ਦਾ ਪ੍ਰਤੁ ਦੱਸਦਾ ਹੈ ਅਤੇ ਦੇਸ਼ ਵਿੱਚ ਬੇਅਮਨੀ ਫੈਲਾਉਂਦਾ ਹੈ, ਅਦਾਲਤੀ ਪਾਈਲੇਟ (Pilate) ਦੇ ਪੇਸ਼ ਕੀਤਾ, ਭਾਵੇਂ ਜੱਜ ਜਾਣਦਾ ਸੀ ਕਿ ਈਸਾ ਨਿਰਪਰਾਧ੍ ਹੈ, ਪਰ ਵਿਰੋਧੀਆਂ ਦੇ ਜ਼ੋਰ ਦੇਣ ਪੁਰ ਬਾਦਸ਼ਾਹ ਹੀਰੋਡ (Herod) ਪਾਸ ਚਾਲਾਨ ਕੀਤਾ ਗਿਆ ਜਿਸ ਪੁਰ ਹੁਕਮ ਹੋਇਆ ਕਿ ਈਸਾ ਨੂੰ ਸਲੀਬ

ਉੱਤੇ ਚੜ੍ਹਾਇਆ ਜਾਵੇ, ਇਸ ਹੁਕਮ ਅਨੁਸਾਰ ਇਸ ਆਕਾਰ ਦੀ ਸੂਲੀ ਤੇ ਹੱਥਾਂ ਪੈਰਾਂ ਵਿੱਚ ਮੇਖਾਂ ਗੱਡਕੇ ਈਸਾ ਮਾਰਿਆ ਗਿਆ, ਇਸ ਮਹਾਤਮਾ ਦੀ ਕਬਰ ਜਰੂਸ਼ਲਮ ਵਿੱਚ ਹੈ, ਹਜ਼ਰਤ ਈਸਾ ਦੀ ਸਾਰੀ ਉਮਰ 33 ਵਰ੍ਹੇ ਦੀ ਸੀ, ਬਾਈਬਲ ਵਿੱਚ ਇਹ ਭੀ ਲਿਖਿਆ ਹੈ ਕਿ ਹਜ਼ਰਤ ਈਸਾ ਮਰਣ ਪਿੱਛੋ ਫੇਰ ਜੀ ਉੱਠਿਆ, ਅਤੇ ਉਸ ਦਾ ਸ਼ਰੀਰ ਕਬਰ ਵਿੱਚੋਂ ਲੋਪ ਹੋ ਗਿਆ ਅਤੇ ਉਸ ਨੇ ਕਈ ਪੁਰਖਾਂ ਨੂੰ ਦਿਖਾਲੀ ਦਿੱਤੀ, ਈਸਾਈਆਂ ਦੇ ਮੰਦਿਰ ਅਤੇ ਗਲੇ ਵਿੱਚ ਜੋ ਸਲੀਬ (Cross) ਦਾ ਚਿੰਨ੍ਹ ਵੇਖਿਆ ਜਾਂਦਾ ਹੈ ਇਹ ਉਪਰ ਲਿਖੀ ਘਟਨਾ ਦਾ ਬੋਧਕ ਹੈ, ਈਸਾਈਆਂ ਦਾ ਵਿਸ਼੍ਵਾਸ਼ ਹੈ ਕਿ ਹਜ਼ਰਤ ਈਸਾ ਨੇ ਪ੍ਰਾਣ ਦੇ ਕੇ ਆਪਣੇ ਸੇਵਕਾਂ ਦਾ ਸਾਰਾ ਪਾਪ ਦੂਰ ਕਰ ਦਿੱਤਾ ਅਤੇ ਜੋ ਉਸ ਪੁਰ ਭਰੋਸਾ ਲਿਆਉਣਗੇ, ਉਹ ਬਖਸ਼ੇ ਜਾਣਗੇ।"[40] ਦੁਨੀਆਂ ਵਿਚ ਸਭ ਤੋਂ ਜ਼ਿਆਦਾ ਈਸਾਈ ਧਰਮ ਦੇ ਪੈਰੋਕਾਰ ਹਨ। ਇੰਨ੍ਹਾਂ ਦੇ ਚੇਲਿਆਂ ਨੇ ਇੰਨ੍ਹਾਂ ਦੀ ਮੌਤ ਤੋਂ ਬਾਅਦ ਪੂਰੀ ਦੁਨੀਆਂ ਵਿਚ ਜਾ ਕੇ ਧਰਮ ਦਾ ਪ੍ਰਚਾਰ ਕੀਤਾ ਹੁਣ ਤਕ ਵੀ ਈਸਾਈ ਮਿਸ਼ਨਰੀ ਇਸ ਧਰਮ ਦਾ ਪ੍ਰਚਾਰ ਲਗਾਤਾਰ ਕਰ ਰਹੇ ਹਨ।

ਇੰਜੀਲ ਜਿਸਨੂੰ ਬਾਈਬਲ ਵੀ ਕਹਿੰਦੇ ਹਾਂ ਪੁਰਾਣਾ ਨੇਮ ਅਤੇ ਨਵਾਂ ਨੇਮ, ਨਵਾਂ ਨੇਮ ਜੋ ਪਰਮਾਤਮਾ ਨੇ ਹਜ਼ਰਤ ਈਸਾ ਨਾਲ ਕੀਤਾ। ਇਸ ਵਿਚ 27 ਪੁਸਤਕਾਂ ਅਲੱਗ-ਅਲੱਗ ਸੰਤਾਂ ਦੀਆਂ ਸ਼ਾਮਿਲ ਹਨ। ਈਸਾਈ ਪੁਰਾਣੇ ਨੇਮ ਨੂੰ ਵੀ ਆਪਣੇ ਧਰਮ ਗ੍ਰੰਥ ਦਾ ਹਿੱਸਾ ਮੰਨਦੇ ਹਨ। ਇਸ ਲਈ ਈਸਾ ਦੇ ਜਨਮ ਸਿੱਖਿਆਵਾਂ, ਮੌਤ ਦੁਬਾਰਾ ਜੀਅ ਉੱਠਣ ਦਾ ਵੇਰਵਾ ਦਰਜ ਹੈ।ਪ੍ਰੋ. ਗੁਰਚਰਨ ਸਿੰਘ ਤਲਵਾੜਾ ਰਚਿਤ ਸੂਫੀਮਤ ਸੰਕਲਪ ਕੋਸ਼ ਅਨੁਸਾਰ, "ਇੰਜੀਲ ਉਹ ਅਸਮਾਨੀ ਕਿਤਾਬ ਹੈ ਜੋ ਅੱਲਾਹ ਤਾਅਲਾ ਵੱਲੋਂ ਪੈਗੰਬਰ ਹਜ਼ਰਤ ਈਸਾ ਉੱਤੇ ਨਾਜ਼ਿਲ ਕੀਤੀ ਗਈ। ਇੰਜੀਲ ਦਾ ਕੋਸ਼ਗਤ ਅਰਥ ਹੈ ਖੁਸ਼ਖਬਰੀ। ਇਹ ਈਸਾਈ ਧਰਮ ਨੂੰ ਮੰਨਣ ਵਾਲਿਆ ਦਾ ਮਜ਼ਹਬੀ ਗ੍ਰੰਥ ਹੈ। ਇਸ ਨੂੰ ਆਮ ਕਰਕੇ ਬਾਈਬਲ ਜਾਂ ਪਵਿੱਤਰ ਬਾਈਬਲ ਵੀ ਕਿਹਾ ਜਾਂਦਾ ਹੈ। ਇਸਲਾਮ ਵਿੱਚ ਇੰਜੀਲ ਨੂੰ ਅਸਮਾਨੀ ਕਿਤਾਬ ਦੇ ਤੌਰ ਤੇ ਮਾਨਤਾ ਦਿੱਤੀ ਗਈ ਹੈ। ਇਸ ਉੱਤੇ ਈਮਾਨ ਲਿਆਉਣ ਲਈ ਕਿਹਾ ਗਿਆ ਹੈ। ਸੂਫੀ ਦਰਵੇਸ਼ਾਂ ਨੇ ਵੀ ਇੰਜੀਲ ਨੂੰ ਪਵਿੱਤਰ ਧਾਰਮਿਕ ਗ੍ਰੰਥ ਮੰਨਿਆ ਹੈ। ਇੰਜੀਲ ਦਾ ਜ਼ਿਕਰ ਕੁਰਾਨ ਮਜੀਦ ਵਿੱਚ ਵੀ ਆਇਆ ਹੈ। ਸੂਰਹਾ-ਅਲ-ਇਮਰਾਨ ਅਤੇ ਇਮਰਾਨ ਅਤੇ ਸੂਰਹਾ ਮਰੀਅਮ ਵਿੱਚ ਇੰਜੀਲ ਦਾ ਜ਼ਿਕਰ ਹੈ।"[41]ਯਹੂਦੀਆਂ ਅਤੇ ਈਸਾਈਆਂ ਦੀਆਂ ਧਰਮ ਪੁਸਤਕਾਂ ਅਤੇ ਪੈਗੰਬਰ ਦਾ ਸਤਿਕਾਰ ਇਸਲਾਮ ਵਿਚ ਵੀ ਕੀਤਾ ਜਾਂਦਾ ਹੈ ਅਤੇ ਇਹਨਾਂ ਨੂੰ ਪਰਮਾਤਮਾ ਵੱਲੋਂ ਭੇਜੀਆਂ ਪੁਸਤਕਾਂ ਮੰਨ ਕੇ ਸਤਿਕਾਰਿਆ ਜਾਂਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ ਈਸਾਈ, "ਈਸਾ ਨਾਲ ਸੰਬੰਧਤ। 2. ਸੰਗਯਾ - ਈਸਾ ਦਾ ਧਰਮ ਧਾਰਨ ਵਾਲਾ. ਈਸਾ ਮਸੀਹ ਦਾ ਪੈਰੋਕਾਰ (ਅਨੁਗਾਮੀ) Christian. "[42] ਈਸਾ ਜੀ ਨੂੰ ਮੰਨਣ ਵਾਲਿਆਂ ਨੂੰ ਈਸਾਈ ਕਿਹਾ ਜਾਣ ਲੱਗਾ ਜਿਵੇਂ ਯਹੂਦੀਆਂ ਨੂੰ ਮੂਸਾਈ ਵੀ ਕਿਹਾ ਜਾਂਦਾ ਹੈ।

---

[40] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨੇ 127-128.
[41] ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼*, ਪੰਨਾ 94.
[42] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ, 128.

### 4.2.1 ਪ੍ਰਭੂ ਵਾਲੀ ਪ੍ਰਾਰਥਨਾ

ਇਹ ਪ੍ਰਾਰਥਨਾ ਨਵੇਂ ਨੇਮ ਦੀ ਪਹਿਲੀ ਪੁਸਤਕ ਮੱਤੀ ਦੀ ਇੰਜੀਲ ਦੇ ਪੰਨਾ 7 ਤੇ ਦਰਜ ਹੈ। ਇਸ ਪ੍ਰਾਰਥਨਾ ਵਿਚ ਈਸਾ ਜੀ ਆਪਣੇ ਚੇਲਿਆਂ ਨੂੰ ਬੜੇ ਸੁੰਦਰ ਉਪਦੇਸ਼ ਦਿੰਦੇ ਹਨ ਜਿਵੇਂ ਉਹ ਕਹਿੰਦੇ ਹਨ ਕਿ ਕੁਝ ਵੀ ਵਿਖਾਵੇ ਲਈ ਨਾ ਕਰ ਸਗੋਂ ਪ੍ਰਭੂ ਨੂੰ ਪਾਉਣ ਲਈ ਕਰੋ, ਪ੍ਰਾਰਥਨਾ ਬਾਰੇ ਵੀ ਜ਼ਿਕਰ ਕੀਤਾ ਹੈ ਅਤੇ ਕਿਹਾ ਹੈ ਕਿ ਪ੍ਰਾਰਥਨਾ ਵੀ ਪਰਮਾਤਮਾ ਅੱਗੇ ਕਰੋ ਲੋਕਾਂ ਨੂੰ ਵਿਖਾਵਾ ਨਾ ਕਰੋ। ਪ੍ਰਾਰਥਨਾ ਕਰਨ ਦੇ ਬੋਲ ਵੀ ਦੱਸੇ ਹਨ। ਵਿਖਾਵੇ ਦੇ ਵਰਤ ਨਾ ਰੱਖੋ, ਬਹੁਤਾ ਧਨ ਨਾ ਜੋੜੋ, ਮਨ ਸਾਫ ਰੱਖੋ, ਸੇਵਾ ਕਰੋ, ਆਉਣ ਵਾਲੇ ਕੱਲ ਲਈ ਖਾਣ, ਪਹਿਨਣ ਦੀ ਚਿੰਤਾ ਰੱਬ ਤੇ ਛੱਡੋ ਆਦਿ ਉਪਦੇਸ਼ ਇਸ ਵਿੱਚ ਦਰਜ ਹਨ।

ਕਰਤਾਰ ਚੰਦ ਭੱਟੀ ਰਚਿਤ ਈਸਾਈ ਧਰਮ ਇਕ ਜਾਣ-ਪਛਾਣ ਅਨੁਸਾਰ 'ਮੱਤੀ ਦੀ ਇੰਜੀਲ' ਬਾਰੇ ਇਸ ਪ੍ਰਕਾਰ ਜ਼ਿਕਰ ਹੈ, "ਨਵੇਂ ਨੇਮ ਦੀ ਇਹ ਪੋਥੀ ਮੈਥੂ (ਮਤੀ) ਨੇ ਲਿਖੀ ਹੈ। ਮਤੀ ਨੂੰ ਲਾਵੀ ਦੇ ਕਬੀਲੇ ਨਾਲ ਜੋੜਿਆ ਜਾ ਸਕਦਾ ਹੈ ਕਿਉਂਕਿ ਇਸ ਪੁਸਤਕ ਦੀ ਸਾਰੀ ਹੀ ਸ਼ੈਲੀ ਇਬਰਾਨੀ ਭਾਸ਼ਾ ਨਾਲ ਮਿਲਦੀ-ਜੁਲਦੀ ਹੈ। ਇਸ ਵਿਚ ਯਹੋਵਾਹ ਦੇ ਆਖਰੀ ਵਚਨ ਜੋ ਉਸਨੇ ਆਪਣੇ ਕਦੀਮ ਲੋਕਾਂ ਨੂੰ ਦਿੱਤੇ। ਇਹ ਪੁਰਾਣੇ ਤੇ ਨਵੇਂ ਨੇਮ ਨੂੰ ਆਪੋ ਵਿਚ ਕਾਫੀ ਮਿਲਾਉਂਦੀ ਹੈ॥"[43]

ਈਸਾਈ ਧਰਮ ਵਿਚ ਵਿਖਾਵੇ ਲਈ ਕੋਈ ਥਾਂ ਨਹੀਂ, ਭਾਵੇਂ ਕਿ ਦੁਨੀਆਂ ਦਾ ਕੋਈ ਵੀ ਧਰਮ ਹੋਵੇ ਆਪਣੇ ਪੈਰੋਕਾਰਾਂ ਨੂੰ ਵਿਖਾਵਾ ਕਰਨ ਤੋਂ ਰੋਕਦਾ ਹੈ ਅਤੇ ਸੱਚ ਤੇ ਚੱਲਣ ਦਾ ਉਪਦੇਸ਼ ਦਿੰਦਾ ਹੈ ਪਰ ਇਸ ਵਿਚ ਵੀ ਕੋਈ ਅਤਿਕਥਨੀ ਨਹੀਂ ਸੰਸਾਰ ਦੇ ਧਰਮਾਂ ਵਿਚ ਜ਼ਿਆਦਾ ਵਿਖਾਵਾ ਹੀ ਹੋ ਰਿਹਾ ਹੈ। ਵਿਖਾਵਾ ਕਰਕੇ ਆਸੀ ਧਾਰਮਿਕ ਹੋਣ ਦੀ ਝੂਠੀ ਸ਼ੋਹਰਤ ਹਾਸਿਲ ਕਰ ਸਕਦੇ ਹਾਂ। ਜਦਕਿ ਅਸਲ ਸੱਚ ਤੇ ਚੱਲਣ ਲਈ ਮਨ ਮਾਰਨਾ ਪੈਂਦਾ ਹੈ ਪਰ ਸੰਸਾਰ ਵਿਚ ਅਜਿਹਾ ਕਰਨਾ ਕੁਝ ਲੋਕਾਂ ਦੇ ਹਿੱਸੇ ਹੀ ਆਇਆ ਹੈ। "ਖ਼ਬਰਦਾਰ, ਤੁਸੀਂ ਆਪਣੇ ਧਰਮ ਦੇ ਕੰਮ ਮਨੁੱਖਾਂ ਦੇ ਸਾਹਮਣੇ ਉਨ੍ਹਾਂ ਨੂੰ ਵਿਖਾਉਣ ਲਈ ਨਾ ਕਰੋ ਨਹੀਂ ਤਾਂ ਤੁਹਾਡੇ ਪਿਤਾ ਕੋਲ ਜਿਹੜਾ ਸੁਰਗ ਵਿੱਚ ਹੈ ਤੁਹਾਡਾ ਕੁਝ ਫਲ ਨਹੀਂ॥ ਸੋ ਜਦ ਤੂੰ ਦਾਨ ਕਰੇਂ ਆਪਣੇ ਮੂਹਰੇ ਤੁਰਹੀ ਨਾ ਬਜਵਾ ਜਿਸ ਪਰਕਾਰ ਕਪਟੀ ਸਮਾਜਾਂ ਅਤੇ ਰਸਤਿਆਂ ਵਿੱਚ ਕਰਦੇ ਹਨ ਭਈ ਲੋਕ ਉਨ੍ਹਾਂ ਦੀ ਵਡਿਆਈ ਕਰਨ। ਮੈਂ ਤੁਹਾਨੂੰ ਸਤ ਆਖਦਾ ਹਾਂ ਜੋ ਉਹ ਆਪਣਾ ਫਲ ਪਾ ਚੁੱਕੇ ਪਰ ਜਾਂ ਤੂੰ ਦਾਨ ਕਰੇ ਤਾਂ ਜੋ ਕੁਝ ਤੇਰਾ ਸੱਜਾ ਹੱਥ ਕਰਦਾ ਹੈ ਤੇਰਾ ਖੱਬਾ ਹੱਥ ਨਾ ਜਾਣੇ ਭਾਈ ਤੇਰਾ ਦਾਨ ਗੁਪਤ ਵਿੱਚ ਹੋਵੇ ਅਤੇ ਤੇਰਾ ਪਿਤਾ ਜਿਹੜਾ ਗੁਪਤ ਵਿਚ ਵੇਖਦਾ ਹੈ, ਤੈਨੂੰ ਫਲ ਦੇਵੇ। ਅਤੇ ਜਾਂ ਤੁਸੀਂ ਪ੍ਰਾਰਥਨਾ ਕਰੋ ਤਾਂ ਕਪਟੀਆਂ ਵਾਂਗ ਨਾ ਹੋ ਕਿਉਂ ਜੋ ਉਹ ਸਮਾਹ ਅਤੇ ਚੌਕਾਂ ਦੇ ਖੂੰਜਿਆਂ ਵਿਚ ਖੜੇ ਹੋ ਕੇ ਪ੍ਰਾਰਥਨਾ ਕਰਨੀ ਪਸਿੰਦ ਕਰਦੇ ਹਨ ਜੋ ਮਨੁੱਖ ਉਨ੍ਹਾਂ ਨੂੰ ਵੇਖਣ। ਮੈਂ ਤਹਾਨੂੰ ਸਤ ਆਖਦਾ ਹਾਂ ਜੋ ਉਹ ਆਪਣਾ ਫਲ ਪਾ ਚੁੱਕੇ ਪਰ ਜਾਂ ਤੂੰ ਪ੍ਰਾਰਥਨਾ ਕਰੇਂ ਤਾਂ ਆਪਣੀ ਕੋਠੜੀ ਵਿੱਚ ਵੜ ਅਤੇ ਆਪਣਾ ਬੂਹਾ ਭੇੜ ਕੇ ਆਪਣੇ ਪਿਤਾ ਤੋਂ ਜਿਹੜਾ ਗੁਪਤ ਹੈ ਪ੍ਰਾਰਥਨਾ ਕਰ ਅਤੇ ਤੇਰਾ ਪਿਤਾ ਜਿਹੜਾ ਗੁਪਤ ਵਿੱਚ ਵੇਖਦਾ ਹੈ ਤੈਨੂੰ ਫਲ ਦੇਵੇਗਾ। ਅਤੇ ਤੁਸੀਂ ਪ੍ਰਾਰਥਨਾ ਕਰਦਿਆਂ ਹੋਇਆ ਪਰਾਈਆਂ ਕੌਮਾਂ ਦੇ ਲੋਕਾਂ ਵਾਂਗ

[43] ਲੇਖਕ ਕਰਤਾਰ ਚੰਦ ਭੱਟੀ, ਸੰਪਾ. ਕੁਲਵੰਤ ਸਿੰਘ ਗਰੇਵਾਲ, *ਈਸਾਈ ਧਰਮ ਇਕ ਜਾਣ-ਪਛਾਣ,* ਪੰਨਾ 18.

ਬਕ ਬਕ ਨਾ ਕਰੋ ਕਿਉਂ ਜੋ ਉਹ ਸਮਝਦੇ ਹਨ ਭਈ ਸਾਡੇ ਬਹੁਤ ਬੋਲਣ ਕਰਕੇ ਸਾਡੀ ਸੁਣੀ ਜਾਵੇਗੀ, ਸੋ ਤੁਸੀ ਉਨਾਂ ਵਰਗੇ ਨਾ ਹੋਵੋ ਕਿਉਂ ਜੋ ਤੁਹਾਡਾ ਪਿਤਾ ਤੁਹਾਡੇ ਮੰਗਣ ਤੋਂ ਪਹਿਲਾਂ ਹੀ ਜਾਣਦਾ ਹੈ ਭਈ ਤਹਾਨੂੰ ਕਿਨ੍ਹਾਂ ਕਿਨ੍ਹਾਂ ਵਸਤਾਂ ਦੀ ਲੋੜ ਹੈ ਸੋ ਤੁਸੀਂ ਇਸ ਬਿਧ ਨਾਲ ਪ੍ਰਾਰਥਨਾ ਕਰੋ- ਹੇ ਸਾਡੇ ਪਿਤਾ, ਜਿਹੜਾ ਸੁਰਗ ਵਿੱਚ ਤੇਰਾ ਨਾਮ ਪਾਕ ਮੰਨਿਆ ਜਾਵੇ, ਤੇਰਾ ਰਾਜ ਆਵੇ, ਤੇਰੀ ਮਰਜ਼ੀ ਜਿਹੀ ਸੁਰਗ ਵਿੱਚ ਪੂਰੀ ਹੁੰਦੀ ਹੈ ਜ਼ਮੀਨ ਉੱਤੇ ਵੀ ਹੋਵੇ। ਸਾਡੀ ਰੋਜ ਦੀ ਰੋਟੀ ਅੱਜ ਸਾਨੂੰ ਦਿਹ, ਅਤੇ ਸਾਡੇ ਕਰਜ਼ ਸਾਨੂੰ ਮਾਫ਼ ਕਰ, ਜਿਵੇਂ ਅਸਾਂ ਵੀ ਆਪਣੇ ਕਰਜਾਈਆਂ ਨੂੰ ਮਾਫ਼ ਕੀਤਾ ਹੈ, ਅਤੇ ਸਾਨੂੰ ਪਰਤਾਵੇ ਵਿੱਚ ਨਾ ਲਿਆ, ਸਗੋਂ ਬੁਰਿਆਈ ਤੋਂ ਬਚਾ॥ ਕਿਉਂਕਿ ਜੇ ਤੁਸੀਂ ਮਨੁੱਖ ਨੂੰ ਉਨ੍ਹਾਂ ਦੇ ਅਪਰਾਧ ਮਾਫ ਕਰ ਦਿਉ ਤਾਂ ਤੁਹਾਡਾ ਸੁਰਗੀ ਪਿਤਾ ਤੁਹਾਨੂੰ ਵੀ ਮਾਫ ਕਰ ਦੇਵੇਗਾ ਪਰ ਜੇ ਤੁਸੀਂ ਮਨੁੱਖਾਂ ਨੂੰ ਉਨ੍ਹਾਂ ਦੇ ਅਪਰਾਧ ਮਾਫ ਨਾ ਕਰੋ ਤਾਂ ਤੁਹਾਡਾ ਪਿਤਾ ਵੀ ਤੁਹਾਡੇ ਅਪਰਾਧ ਮਾਫ ਨਾ ਕਰੇਗਾ ਅਤੇ ਜਾਂ ਤੁਸੀ ਵਰਤ ਰੱਖੋ ਤਾਂ ਕਪਟੀਆਂ ਵਾਂਙੂੰ ਮੂੰਹ ਉਦਾਸ ਨਾ ਬਣਾਓ ਕਿਉਂ ਜੋ ਉਹ ਆਪਣੇ ਮੂੰਹ ਇਸ ਲਈ ਵਿਗਾੜਦੇ ਹਨ ਭਈ ਉਹ ਮਨੁੱਖਾਂ ਨੂੰ ਵਰਤੀ ਮਲੂਮ ਹੋਣ। ਮੈਂ ਤਹਾਨੂੰ ਸਤ ਆਖਦਾ ਹਾਂ ਭਈ ਉਹ ਆਪਣਾ ਫਲ ਪਾ ਚੁੱਕੇ ਹਨ ਪਰ ਜਾਂ ਤੂੰ ਵਰਤ ਰੱਖੇ ਤਾਂ ਆਪਣੇ ਸਿਰ ਉੱਤੇ ਤੇਲ ਲਾ ਅਤੇ ਆਪਣਾ ਮੂੰਹ ਧੋ, ਤੂੰ ਮਨੁੱਖਾਂ ਨੂੰ ਨਹੀਂ ਪਰ ਆਪਣੇ ਪਿਤਾ ਨੂੰ ਜਿਹੜਾ ਗੁਪਤ ਹੈ ਵਰਤੀ ਮਲੂਮ ਹੋਵੇ ਅਤੇ ਤੇਰਾ ਪਿਤਾ ਜਿਹੜਾ ਗੁਪਤ ਵਿੱਚ ਵੇਖਦਾ ਹੈ ਤੈਨੂੰ ਫਲ ਦੇਵੇਗਾ॥ ਆਪਣੇ ਲਈ ਧਰਤੀ ਉੱਤੇ ਧਨ ਨਾ ਜੋੜੋ ਜਿੱਥੇ ਕੀੜਾ ਅਤੇ ਜੰਗਾਲ ਵਿਗਾੜਦਾ ਹੈ ਅਰ ਜਿੱਥੇ ਚੋਰ ਸੰਨ੍ਹ ਮਾਰਦੇ ਅਤੇ ਚੁਰਾਉਂਦੇ ਹਨ ਪਰ ਸੁਰਗ ਵਿੱਚ ਆਪਣੇ ਲਈ ਧਨ ਜੋੜੋ ਜਿੱਥੇ ਨਾ ਕੀੜਾ ਨਾ ਜੰਗਾਲ ਵਿਗਾੜਦਾ ਹੈ ਅਰ ਜਿੱਥੇ ਚੋਰ ਨਾ ਸੰਨ੍ਹ ਮਾਰਦੇ ਨਾ ਚੁਰਾਉਂਦੇ ਹਨ ਕਿਉਂਕਿ ਜਿੱਥੇ ਤੇਰਾ ਧਨ ਹੈ ਉਥੇ ਤੇਰਾ ਮਨ ਵੀ ਹੋਵੇਗਾ। ਸਰੀਰ ਦਾ ਦੀਵਾ ਅੱਖ ਹੈ ਇਸ ਲਈ ਜੇ ਤੇਰੀ ਅੱਖ ਨਿਰਮਲ ਹੋਵੇ ਤਾਂ ਤੇਰਾ ਸਾਰਾ ਸਰੀਰ ਚਾਨਣਾ ਹੋਵੇਗਾ। ਪਰ ਜੇ ਤੇਰੀ ਅੱਖ ਬੁਰੀ ਹੋਵੇ ਤਾਂ ਤੇਰਾ ਸਾਰਾ ਸਰੀਰ ਅਨ੍ਹੇਰਾ ਹੋਵੇਗਾ। ਸੋ ਜੇ ਤੇਰੇ ਅੰਦਰ ਦਾ ਚਾਨਣ ਅਨ੍ਹੇਰਾ ਹੋਵੇ ਤਾਂ ਕਿੱਡਾ ਅਨ੍ਹੇਰਾ ਹੋਵੇਗਾ। ਕੋਈ ਮਨੁੱਖ ਦੋ ਮਾਲਕਾਂ ਦੀ ਸੇਵਾ ਨਹੀਂ ਕਰ ਸੱਕਦਾ ਕਿਉਂ ਜੋ ਇੱਕ ਨਾਲ ਵੈਰ ਅਤੇ ਦੂਏ ਨਾਲ ਪ੍ਰੀਤ ਰੱਖੇਗਾ ਯਾ ਇੱਕ ਨਾਲ ਮਿਲਿਆ ਰਹੇਗਾ ਅਤੇ ਦੂਏ ਨੂੰ ਤੁੱਛ ਜਾਣੇਗਾ। ਤੁਸੀ ਪਰਮੇਸ਼ੁਰ ਅਤੇ ਮਾਯਾ ਦੋਹਾਂ ਦੀ ਸੇਵਾ ਨਹੀ ਕਰ ਸੱਕਦੇ ਹੋ ਇਸ ਕਰਕੇ ਮੈਂ ਤਹਾਨੂੰ ਆਖਦਾ ਹਾਂ ਜੋ ਆਪਣੇ ਪ੍ਰਾਣਾਂ ਦੇ ਲਈ ਚਿੰਤਾ ਨਾ ਕਰੋ ਭਈ ਅਸੀਂ ਕੀ ਖਾਵਾਂਗੇ ਯਾ ਕੀ ਪਹਿਨਾਂਗੇ? ਅਤੇ ਨਾ ਆਪਣੇ ਸਰੀਰ ਦੇ ਲਈ ਜੋ ਕੀ ਪਹਿਨਾਂਗੇ? ਭਲਾ, ਪ੍ਰਾਣ ਭੋਜਨ ਨਾਲੋਂ ਅਤੇ ਸਰੀਰ ਬਸਤ੍ਰ ਨਾਲੋਂ ਵਧੀਕ ਨਹੀਂ? ਅਕਾਸ਼ ਦੇ ਪੰਛੀਆਂ ਵੱਲ ਧਿਆਨ ਕਰੋ ਜੋ ਉਹ ਨਾ ਬੀਜਦੇ ਨਾ ਵੱਢਦੇ ਹਨ ਅਤੇ ਨਾ ਭੜੋਲਿਆਂ ਵਿੱਚ ਇਕੱਠੇ ਕਰਦੇ ਹਨ ਅਰ ਤੁਹਾਡਾ ਪਿਤਾ ਸੁਰਗੀ ਉਨ੍ਹਾਂ ਦੀ ਪਰਿਤਪਾਲ ਕਰਦਾ ਹੈਂ। ਭਲਾ ਤੁਸੀਂ ਉਨ੍ਹਾਂ ਨਾਲੋਂ ਉਤਮ ਨਹੀਂ ਹੋ? ਅਤੇ ਤੁਹਾਡੇ ਵਿੱਚੋਂ ਉਹ ਕਿਹੜਾ ਹੈ ਜਿਹੜਾ ਚਿੰਤਾ ਕਰ ਕੇ ਆਪਣੀ ਉਮਰ ਨੂੰ ਇਕ ਪਲ ਵਧਾ ਸਕਦਾ ਹੈ? ਅਤੇ ਬਸਤ੍ਰ ਲਈ ਕਾਹਨੂੰ ਚਿੰਤਾ ਕਰਦੇ ਹੋ? ਜੰਗਲੀ ਸੋਸਨਾਂ ਨੂੰ ਵੇਖੋ ਜੇ ਉਹ ਕਿੱਕਰ ਵਧਦੇ ਹਨ। ਉਹ ਨਾ ਮਿਹਨਤ ਕਰਦੇ ਨਾ ਕੱਤਦੇ ਹਨ, ਪਰ ਮੈਂ ਤਹਾਨੂੰ ਕਹਿੰਦਾ ਹਾਂ ਭਈ ਸੁਲੇਮਾਨ ਵੀ ਆਪਣੀ ਸਾਰੀ ਭੜਕ ਵਿੱਚ ਇਨ੍ਹਾਂ ਵਿੱਚੋਂ ਇੱਕ ਜਿਹਾ ਪਹਿਨਿਆ ਹੋਇਆ ਨਾ ਸੀ, ਸੋ ਜਾਂ ਪਰਮੇਸ਼ੁਰ ਜੰਗਲੀ ਬੂਟੀ ਨੂੰ ਜਿਹੜੀ ਅੱਜ ਹੈ ਅਤੇ

ਭਲਕੇ ਤੰਦੂਰ ਵਿੱਚ ਝੋਕੀ ਜਾਂਦੀ ਅਜਿਹਾ ਪਹਿਨਾਉਂਦਾ ਹੈ ਤਾਂ ਥੋੜੀ ਪਰਤੀਤ ਵਾਲਿਓ ਭਲਾ, ਉਹ ਤਹਾਨੂੰ ਉਸ ਤੋਂ ਵੱਧ ਨਾ ਪਹਿਨਾਵੇਗਾ? ਸੋ ਤੁਸੀਂ ਚਿੰਤ ਕਰ ਕੇ ਇਹ ਨਾ ਕਹੋ ਭਈ ਕੀ ਖਾਵਾਂਗੇ? ਯਾ ਕੀ ਪੀਵਾਂਗੇ? ਯਾ ਕੀ ਪਹਿਨਾਂਗੇ? ਪਰਾਈਆਂ ਕੌਮਾਂ ਦੇ ਲੋਕ ਇਨ੍ਹਾਂ ਸਭਨਾਂ ਵਸਤਾਂ ਨੂੰ ਭਾਲਦੇ ਹਨ, ਕਿਉਂ ਜੋ ਤੁਹਾਡਾ ਸੁਰਗੀ ਪਿਤਾ ਜਾਣਦਾ ਹੈ ਜੋ ਤਹਾਨੂੰ ਇਨ੍ਹਾਂ ਸਭਨਾ ਵਸਤਾਂ ਦੀ ਲੋੜ ਹੈ, ਪਰ ਤੁਸੀ ਪਹਿਲਾਂ ਉਹ ਦੇ ਰਾਜ ਅਤੇ ਉਹ ਦੇ ਧਰਮ ਨੂੰ ਭਾਲੋ ਤਾਂ ਤਹਾਨੂੰ ਏਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ, ਸੋ ਤੁਸੀਂ ਭਲਕ ਦੇ ਲਈ ਚਿੰਤਾ ਨਾ ਕਰੋ ਕਿਉਂ ਜੋ ਭਲਕ ਆਪਣੇ ਲਈ ਆਪੇ ਚਿੰਤਾ ਕਰੇਗਾ। ਅੱਜ ਦੇ ਲਈ ਅੱਜ ਹੀ ਦਾ ਦੁੱਖ ਬਥੇਰਾ ਹੈ।[44]" ਹਜ਼ਰਤ ਈਸਾ ਜੀ ਨੇ ਆਪਣੇ ਚੇਲਿਆਂ ਨੂੰ ਪਰਮਾਤਮਾ ਅੱਗੇ ਕਿਸੇ ਵੀ ਤਰ੍ਹਾਂ ਦਾ ਫਿਕਰ ਜ਼ਾਹਰ ਨਾ ਕਰਨ ਬਾਰੇ ਕਿਹਾ ਹੈ ਕਿਉਂਕਿ ਪਰਮਾਤਮਾ ਸਾਰਿਆਂ ਦਾ ਪਿਤਾ ਹੈ ਉਸਨੂੰ ਸਭ ਪਤਾ ਹੈ ਕਿ ਕਿਸ ਕਿਸਨੂੰ ਕੀ-ਕੀ ਚਾਹੀਦਾ ਹੈ। ਸੋ ਕੇਵਲ ਸਿਰਫ ਪਰਮਾਤਮਾ ਨੂੰ ਲੱਭੋ ਉਸਦੀਆਂ ਦਾਤਾਂ ਆਪਣੇ ਆਪ ਮਿਲ ਜਾਣਗੀਆਂ।

### 4.2.2 ਪ੍ਰਾਰਥਨਾ ਦੇ ਵਿਖੇ ਹਾਠੀ ਵਿਧਵਾ ਅਤੇ ਫ਼ਰੀਸੀ ਵਿੱਚ ਮਸੂਲੀਆ

ਇਹ ਪ੍ਰਾਰਥਨਾ ਨਵੇਂ ਨੇਮ ਦੀ ਤੀਜੀ ਪੁਸਤਕ 'ਲੂਕਾ ਦੀ ਇੰਜੀਲ' ਵਿੱਚ ਪੰਨਾ 103 ਤੇ ਦਰਜ ਹੈ। ਇਸ ਵਿੱਚ ਪ੍ਰਾਰਥਨਾ ਦੇ ਮਹੱਤਵ ਨੂੰ ਸਮਝਾਉਦਿਆਂ ਪ੍ਰਾਰਥਨਾ ਨਾਲ ਸਬੰਧਿਤ ਦੋ ਦ੍ਰਿਸ਼ਟਾਂਤ ਵੀ ਦਿੱਤੇ ਹਨ ਤਾਂ ਕਿ ਪ੍ਰਾਰਥਨਾ ਦੀ ਅਸਲੀ ਰਮਜ਼ ਦਾ ਪਤਾ ਲੱਗ ਸਕੇ ਅਤੇ ਈਸਾਈ ਧਰਮ ਵਿੱਚ ਪ੍ਰਾਰਥਨਾ ਦਾ ਜੋ ਸਥਾਨ ਹੈ ਉਸ ਬਾਰੇ ਵੀ ਗਿਆਨ ਹੁੰਦਾ ਹੈ।"

ਕਰਤਾਰ ਚੰਦ ਭੱਟੀ ਰਚਿਤ ਈਸਾਈ ਧਰਮ ਇਕ ਜਾਣ-ਪਛਾਣ ਵਿਚ ਨਬੀ ਲੂਕਾ ਦਾ ਜ਼ਿਕਰ ਇਸ ਪ੍ਰਕਾਰ ਹੈ, "ਨਬੀ ਲੂਕਾ ਆਪਣੀ ਇਸ ਪੋਥੀ ਰਾਹੀਂ ਪ੍ਰਭੂ ਯਸੂ ਨੂੰ ਹਰ ਆਦਮ ਜਾਤੀ ਦਾ ਮੁਕਤੀ ਦਾਤਾ ਮੰਨਦਾ ਹੈ।"[45] ਇਹ ਈਸਾਈ ਧਰਮ ਵਿਚ ਈਸਾ ਨੂੰ 12 ਚੇਲਿਆਂ ਵਿਚੋਂ ਪ੍ਰਮੁੱਖ ਚੇਲਾ ਸੀ ਜੋ ਈਸਾ ਜੀ ਨੂੰ ਹਰ ਇਕ ਮਨੁੱਖ ਦਾ ਮੁਕਤੀ ਦਾਤਾ ਸਵੀਕਾਰਦਾ ਸੀ।"ਉਸ ਨੇ ਉਨ੍ਹਾਂ ਨੂੰ ਇਸ ਮਤਲਬ ਦਾ ਇਕ ਦ੍ਰਿਸ਼ਟਾਂਤ ਦਿੱਤਾ ਜੋ ਸਦਾ ਪ੍ਰਾਰਥਨਾ ਵਿੱਚ ਲੱਗਿਆ ਰਹਿਣਾ ਅਤੇ ਸੁਸਤੀ ਨਹੀਂ ਕਰਨੀ ਚਾਹੀਦੀ ਕਿ ਕਿਸੇ ਨਗਰ ਵਿੱਚ ਇੱਕ ਹਾਕਮ ਸੀ ਜਿਹ ਨੂੰ ਨਾ ਪਰਮੇਸ਼ੁਰ ਦਾ ਭੈ, ਨਾ ਮਨੁੱਖ ਦੀ ਪਰਵਾਹ ਸੀ ਅਰ ਉਸੇ ਨਗਰ ਵਿੱਚ ਇਕ ਵਿਧਵਾ ਸੀ ਅਤੇ ਉਹ ਉਸ ਦੇ ਕੋਲ ਇਹ ਕਹਿੰਦੀ ਆਉਂਦੀ ਸੀ ਜੋ ਮੇਰੇ ਵੈਰੀ ਤੋਂ ਮੇਰਾ ਬਦਲਾ ਲੈ ਦਿਹ ਕਿੰਨਾ ਕੁ ਚਿਰ ਤਾਂ ਉਹ ਨੇ ਨਾ ਚਾਹਿਆ ਪਰ ਪਿੱਛੇ ਆਪਣੇ ਮਨ ਵਿੱਚ ਕਿਹਾ ਕਿ ਭਾਵੇਂ ਮੈਂ ਨਾ ਪਰਮੇਸ਼ੁਰ ਦਾ ਭੈ ਕਰਦਾ, ਨਾ ਮਨੁੱਖ ਦੀ ਪਰਵਾਹ ਰੱਖਦਾ ਹਾਂ ਤਾਂ ਭੀ ਇਸ ਲਈ ਜੋ ਇਹ ਵਿਧਵਾ ਮੈਨੂੰ ਜਿੱਚ ਕਰਦੀ ਹੈ ਮੈਂ ਉਹ ਦਾ ਬਦਲਾ ਲੈ ਦਿਆਂਗਾ ਅਜਿਹਾ ਨਾ ਹੋਵੇ ਜੇ ਉਹ ਘੜੀ ਮੁੜੀ ਆਣ ਕੇ ਮੇਰਾ ਸਿਰ ਖਾਵੇ, ਪ੍ਰਭੂ ਨੇ ਆਖਿਆ ਸੁਣੋ ਕਿ ਇਹ ਬੇਇਨਸਾਫ ਹਾਕਮ ਕੀ ਕਹਿੰਦਾ ਹੈ। ਫੇਰ ਭਲਾ ਪਰਮੇਸ਼ੁਰ ਆਪਣੇ ਚੁਣਿਆਂ ਹੋਇਆ ਦਾ ਬਦਲਾ ਲੈ ਨਾ ਦੇਵੇਗਾ ਜਿਹੜੇ ਰਾਤ ਦਿਨ ਉਹ ਦੀ ਦੁਹਾਈ ਦਿੰਦੇ ਹਨ ਭਾਵੇਂ ਉਹ ਚੋਖਾ ਚਿਰ ਉਨ੍ਹਾਂ ਦੀ ਜਰਦਾ ਹੈ? ਮੈਂ ਤਹਾਨੂੰ ਆਖਦਾ ਹਾਂ ਜੋ ਉਹ ਸ਼ਤਾਬੀ ਉਨ੍ਹਾਂ

---

[44] *ਮੱਤੀ*, 6:34.

[45] ਲੇਖਕ ਕਰਤਾਰ ਚੰਦ ਭੱਟੀ, ਸੰਪਾ. ਕੁਲਵੰਤ ਸਿੰਘ ਗਰੇਵਾਲ, *ਈਸਾਈ ਧਰਮ ਇਕ ਜਾਣ-ਪਛਾਣ*, ਪੰਨਾ 18.

ਦਾ ਬਦਲਾ ਲੈ ਦੇਵੇਗਾ। ਪਰ ਜਦੋਂ ਮਨੁੱਖ ਦਾ ਪੁੱਤਰ ਆਵੇਗਾ ਤਦ ਕੀ ਉਹ ਨਿਹਚਾ ਪਵੇਗਾ? ਉਸ ਨੇ ਕਈਆਂ ਨੂੰ ਜਿਹੜੇ ਆਪਣੇ ਉੱਤੇ ਭਰੋਸਾ ਰੱਖਦੇ ਸਨ ਭਈ ਅਸੀਂ ਧਰਮੀ ਹਾਂ ਅਤੇ ਹੋਰਨਾਂ ਨੂੰ ਤੁੱਛ ਜਾਣਦੇ ਸਨ ਇਹ ਦ੍ਰਿਸ਼ਟਾਂਤ ਵੀ ਦਿੱਤਾ ਕਿ ਦੋ ਮਨੁੱਖ ਪ੍ਰਾਰਥਨਾ ਕਰਨ ਲਈ ਹੈਕਲ ਵਿੱਚ ਗਏ ਇਕ ਫਰੀਸੀ ਅਤੇ ਦੂਸਰਾ ਮਸੂਲੀਆ। ਫਰੀਸੀ ਨੇ ਖਲੋ ਕੇ ਆਪਣੇ ਜੀ ਵਿੱਚ ਇਉਂ ਪ੍ਰਾਰਥਨਾ ਕੀਤੀ ਕਿ ਹੇ ਪਰਮੇਸ਼ੁਰ ਮੈ ਤੇਰਾ ਸ਼ੁਕਰ ਕਰਦਾ ਹਾਂ ਕਈ ਮੈਂ ਹੋਰਨਾਂ ਵਾਂਗ ਨਹੀਂ ਹਾਂ ਜੋ ਲੁਟੇਰੇ, ਕੁਧਰਮੀ ਅਤੇ ਜ਼ਨਾਹਕਾਰ ਹਨ ਅਤੇ ਨਾ ਇਸ ਮਸੂਲੀਏ ਵਰਗਾ ਹਾਂ। ਮੈਂ ਸਾਤੇ ਵਿੱਚ ਦੋ ਵਾਰੀ ਵਰਤ ਰੱਖਦਾ ਹਾਂ ਅਤੇ ਆਪਣੀ ਸਾਰੀ ਕਮਾਈ ਵਿੱਚ ਦਸੌਂਧ ਦਿੰਦਾ ਹਾਂ ਪਰ ਉਸ ਮਸੂਲੀਏ ਨੇ ਕੁਝ ਫ਼ਰਕ ਨਾਲ ਖੜੋ ਕੇ ਐਨਾ ਵੀ ਨਾ ਚਾਹਿਆ ਜੋ ਆਪਣੀਆਂ ਅੱਖੀਆਂ ਅਕਾਸ਼ ਦੀ ਵੱਲ ਚੁੱਕੇ ਸਗੋਂ ਆਪਣੀ ਛਾਤੀ ਪਿੱਟਦਾ ਅਤੇ ਇਹ ਕਹਿੰਦਾ ਸੀ ਕਿ ਹੇ ਪਰਮੇਸ਼ੁਰ ਮੈਂ ਪਾਪੀ ਉੱਤੇ ਦਯਾ ਕਰ। ਮੈਂ ਤਹਾਨੂੰ ਆਖਦਾ ਹਾਂ ਜੋ ਉਹ ਨਹੀਂ ਪਰ ਇਹ ਧਰਮੀਂ ਠਹਿਰ ਕੇ ਆਪਣੇ ਘਰ ਗਿਆ ਕਿਉਂਕਿ ਹਰੇਕ ਜੋ ਆਪਣੇ ਆਪ ਨੂੰ ਉੱਚਾ ਕਰਦਾ ਹੈ ਸੋ ਨੀਵਾਂ ਕੀਤਾ ਜਾਵੇਗਾ ਪਰ ਜੋ ਆਪ ਨੂੰ ਨੀਵਾਂ ਕਰਦਾ ਹੈ ਸੋ ਉੱਚਾ ਕੀਤਾ ਜਾਵੇਗਾ॥ "[46]ਇਹ ਪ੍ਰਾਰਥਨਾ ਦੱਸਦੀ ਹੈ ਕਿ ਈਸਾ ਜੀ ਪ੍ਰਾਰਥਨਾ ਕਰਨ ਬਾਰੇ,ਪ੍ਰਾਥਨਾ ਦੇ ਫਲ ਬਾਰੇ,ਇਸਦੀ ਪਵਿੱਤਰਤਾ ਬਾਰੇ ਵੀ ਉਪਦੇਸ਼ ਦਿੰਦੇ ਸਨ ਜਿਸਤੋਂ ਪਤਾ ਲੱਗਦਾ ਹੈ ਕਿ ਈਸਾਈ ਧਰਮ ਵਿਚ ਪ੍ਰਾਰਥਨਾ ਦਾ ਬੜਾ ਉੱਚਾ ਮਰਾਤਬਾ ਹੈ।

ਕਰਤਾਰ ਚੰਦ ਭੱਟੀ ਰਚਿਤ ਈਸਾਈ ਧਰਮ ਇਕ ਜਾਣ-ਪਛਾਣ ਵਿਚ ਈਸਾ ਜੀ ਦੀ ਇਸ ਪ੍ਰਾਰਥਨਾ ਦਾ ਜ਼ਿਕਰ ਇਸ ਪ੍ਰਕਾਰ ਕਰਦੇ ਹਨ, ਇਹ ਪ੍ਰਾਰਥਨਾ ਈਸਾਈ ਲੋਕਾਂ ਨੂੰ ਹਰ ਵੇਲੇ ਪ੍ਰਾਰਥਨਾ ਵਿਚ ਜੁੜੇ ਰਹਿਣ ਲਈ ਪ੍ਰੇਰਦੀ ਹੈ ਇਸ ਕਰਕੇ ਅਜੇ ਵੀ ਰੇਡੀਓ, ਟੀ.ਵੀ. ਤੇ ਅਨੇਕਾ ਪ੍ਰੋਗਰਾਮ ਚੱਲਦੇ ਹਨ ਜਿਸ ਵਿਚ ਈਸਾਈ ਲੋਕ ਦੂਜਿਆਂ ਦੀ ਭਲਾਈ ਅਤੇ ਦੁਖਾਂ ਤੋਂ ਛੁਟਕਾਰੇ ਲਈ ਅਰਦਾਸ ਕਰਦੇ ਹਨ। "ਪ੍ਰਭੂ ਯਸੂ ਨੇ ਆਪਣੇ ਚੇਲਿਆਂ ਨੂੰ ਹਰ ਵੇਲੇ ਅਰਦਾਸ ਕਰਦੇ ਰਹਿਣ ਲਈ ਕਿਹਾ ਕਿ ਪ੍ਰਭੂ ਪਰਮੇਸ਼ੁਰ ਦੀ ਅਰਦਾਸ ਵਿਚ ਹਰ ਸਮੇਂ ਲੱਗੇ ਰਹਿਣ ਤੇ ਕਦੇ ਵੀ ਹਿੰਮਤ ਨਾ ਹਾਰਨ। ਉਨ੍ਹਾਂ ਨੇ ਇਸ ਸਬੰਧ ਵਿਚ ਉਦਾਹਰਨ ਦਿੰਦਿਆਂ ਕਿਹਾ ਕਿ ਕਿਸੇ ਸ਼ਹਿਰ ਵਿਚ ਇਕ ਕਾਜ਼ੀ (ਇਨਸਾਫ ਕਰਨ ਵਾਲਾ) ਰਹਿੰਦਾ ਸੀ ਜਿਹੜਾ ਨਾ ਤਾਂ ਰੱਬ ਤੋਂ ਡਰਦਾ ਸੀ ਅਤੇ ਨਾ ਹੀ ਉਹ ਪਰਜਾ ਦੀ ਕਈ ਪ੍ਰਵਾਹ ਕਰਦਾ ਸੀ। ਉਸੇ ਸ਼ਹਿਰ ਵਿਚ ਇਕ ਵਿਧਵਾ ਔਰਤ ਰਹਿੰਦੀ ਸੀ ਜਿਹੜੀ ਉਸ ਕਾਜ਼ੀ ਨੂੰ ਹਰ ਰੋਜ਼ ਬੇਨਤੀ ਕਰਦੀ ਕਿ ਉਸ ਦੇ ਝਗੜੇ ਦਾ ਫੈਸਲਾ ਕਰਕੇ ਉਸ ਨੂੰ ਇਨਸਾਫ ਦੇਵੇ। ਕੁੱਝ ਸਮਾਂ ਤਾਂ ਉਸ ਕਾਜ਼ੀ ਨੇ ਉਸ ਵਿਚਾਰੀ ਵਿਧਵਾ ਦੀ ਕੋਈ ਪ੍ਰਵਾਹ ਨਾ ਕੀਤੀ ਪਰ ਫੇਰ ਉਸ ਨੇ ਆਪਣੇ ਜੀ ਵਿੱਚ ਆਖਿਆ ਕਿ ਉਹ ਨਾਂ ਤਾਂ ਰੱਬ ਤੋਂ ਡਰਦਾ ਹੈ ਤੇ ਨਾ ਹੀ ਲੋਕਾਂ ਦੀ ਕੋਈ ਪ੍ਰਵਾਹ ਕਰਦਾ ਹੈ। ਪਰ ਇਹ ਗੱਲ ਮੁੱਖ ਰੱਖਦੇ ਹੋਇਆ ਕਿ ਵਿਧਵਾ ਉਸਨੂੰ ਬਹੁਤ ਪ੍ਰੇਸ਼ਾਨ ਕਰਦੀ ਹੈ ਅਤੇ ਵਾਰ-ਵਾਰ ਅਰਜੋਈਆਂ ਕਰਦੀ ਰਹਿੰਦੀ ਹੈ ਉਹ ਉਸ ਵਿਧਵਾ ਔਰਤ ਦਾ ਜ਼ਰੂਰ ਇਨਸਾਫ ਕਰੇਗਾ ਕਿਉਂਕਿ ਅਜਿਹਾ ਨਾ ਹੋਵੇ ਕਿ ਉਹ ਮੁੜ-ਮੁੜ ਆਵੇ ਤੇ ਉਸ ਦਾ ਨੱਕ ਵਿਚ ਦਮ ਕਰ ਦੇਵੇ। ਪ੍ਰਭੂ ਯਸੂ ਨੇ ਆਖਿਆ ਸੁਣੋ, ਇਹ ਬੇਇਨਸਾਫ ਕਾਜ਼ੀ ਕੀ ਕਹਿੰਦਾ ਹੈ? ਇਸ ਲਈ ਪ੍ਰਭੂ ਪਰਮੇਸ਼ੁਰ ਆਪਣੇ ਚੁਣੇ ਹੋਏ ਬੰਦਿਆਂ ਦੀ ਬੇਨਤੀ ਜੋ ਰਾਤ ਦਿਨ ਉਸ ਦੀ ਅਰਦਾਸ

[46] *ਲੂਕਾ,* 18:14.

ਵਿਚ ਲੱਗੇ ਰਹਿੰਦੇ ਹਨ, ਉਨ੍ਹਾਂ ਦੀ ਪੁਕਾਰ ਉਹ ਕਿਉਂ ਨਾ ਸੁਣੇਗਾ, ਸਗੋਂ ਉਹ ਇਸ ਲਈ ਦੇਰ ਵੀ ਨਹੀਂ ਲਾਵੇਗਾ। ਇਨ੍ਹਾਂ ਸਾਰੀਆਂ ਗੱਲਾਂ ਦੇ ਹੁੰਦੇ ਹੋਵੇ ਵੀ ਕੀ ਜਦ ਮਨੁੱਖ ਦਾ ਪੁੱਤਰ (ਸਨ ਆਫ ਮੈਨ) ਅਰਥਾਤ ਯਸੂ ਮਸੀਹ ਆਪਣੇ ਜਲਵੇ ਨਾਲ ਮੁੜ ਧਰਤੀ ਤੇ ਇਨਸਾਫ ਕਰਨ ਲਈ ਮੁਨਸਿਫ ਬਣ ਕੇ ਆਵੇਗਾ ਤਾਂ ਕੀ ਉਹ ਆਪਣੇ ਚੁਣੇ ਹੋਏ ਬੰਦਿਆਂ ਵਿਚ ਐਡਾ ਵਿਸ਼ਵਾਸ ਪਾਵੇਗਾ? ਇਹ ਹੈ ਕਿ ਐ ਇਨਸਾਨ ਹਰ ਵੇਲੇ ਉਸ ਪ੍ਰਭੂ ਅੱਗੇ ਅਰਦਾਸ ਤੇ ਪੁਕਾਰ ਕਰਦਾ ਰਹਿ। ਤਾਂ ਜੋ ਉਹ ਤੇਰੀਆਂ ਅਰਦਾਸਾਂ ਨੂੰ ਸੁਣ ਕੇ ਤੇਰੇ ਤੇ ਆਪਣੀ ਰਹਿਮਤ ਪਾਵੇ।"[47] ਹਜ਼ਰਤ ਈਸਾ ਅਨੁਸਾਰ ਜੇ ਇਕ ਆਮ ਬੰਦਾ ਕਿਸੇ ਦੀ ਵਾਰ-ਵਾਰ ਪੁਕਾਰ ਤੇ ਗੱਲ ਮੰਨ ਲੈਂਦਾ ਹੈ ਤਾਂ ਉਹ ਪਰਮੇਸ਼ਵਰ ਤਾਂ ਸਾਡੇ ਸਾਰਿਆਂ ਦਾ ਪਿਤਾ ਹੈ ਅਤੇ ਜੇ ਦੁਨਿਆਵੀ ਪਿਤਾ ਆਪਣੇ ਬੱਚੇ ਨੂੰ ਕਿਸੇ ਗੱਲ ਤੋਂ ਨਹੀਂ ਤਰਸਾਉਂਦਾ ਤਾਂ ਉਹ ਕਿੰਝ ਤਰਸਾਏਗਾ।

### 4.2.3 ਪ੍ਰਭੂ ਦੀ ਪ੍ਰਾਰਥਨਾ

ਇਹ ਪੁਸਤਕ ਨਵੇ ਨੇਮ ਦੀ ਚੌਥੀ ਪੁਸਤਕ 'ਯੂਹੰਨਾ ਦੀ ਇੰਜੀਲ' ਵਿੱਚ ਪੰਨਾ 143-44 ਤੇ ਦਰਜ ਹੈ। ਇਹ ਪ੍ਰਾਰਥਨਾ ਪੈਗੰਬਰ ਈਸਾ ਵੱਲੋਂ ਪਰਮੇਸ਼ੁਰ ਅੱਗੇ ਕੀਤੀ ਗਈ ਹੈ ਜਦੋਂ ਉਹ ਆਪਣੇ ਚੇਲਿਆਂ ਨੂੰ ਆਖਰੀ ਉਪਦੇਸ਼ ਦਿੰਦੇ ਹਨ ਅਤੇ ਪ੍ਰਭੂ ਅੱਗੇ ਬੇਨਤੀ ਕਰਦੇ ਹਨ ਕਿ ਤੁਹਾਡਾ ਦਿੱਤਾ ਕਾਰਜ ਮੈਂ ਸੰਪੂਰਨ ਕੀਤਾ ਹੈ ਹੁਣ ਤੁਸੀਂ ਮੇਰੇ ਤੇ ਕਿਰਪਾ ਕਰੋ। ਕਰਤਾਰ ਚੰਦ ਭੱਟੀ ਰਚਿਤ ਈਸਾਈ ਧਰਮ ਇਕ ਜਾਣ-ਪਛਾਣ ਅਨੁਸਾਰ, "ਇਹ ਇੰਜੀਲ ਨਬੀ ਯੂਹੰਨਾ ਨੇ ਲਿਖੀ ਹੈ ਜੋ ਪ੍ਰਭੂ ਯਸੂ ਦਾ ਪਿਆਰਾ ਚੇਲਾ ਸੀ। ਇਹ ਪੋਥੀ ਸਾਰੀਆਂ ਵਿੱਚੋਂ ਵਧੀਆ ਮੰਨੀ ਗਈ ਹੈ। ਉਹ ਹਰ ਇਕ ਮਸੀਹ ਜਵਾਨ ਨੂੰ ਪ੍ਰੇਰਨਾ ਕਰਦਾ ਹੈ ਕਿ ਉਹ ਆਪਣਾ ਵਿਸ਼ਵਾਸ਼ ਪ੍ਰਭੂ ਯਸੂ ਮਸੀਹ ਤੇ ਪੱਕੇ ਤੌਰ ਤੇ ਕਰਨ ਕਿਉਂ ਜੋ ਉਹੀ ਪ੍ਰਭੂ ਪਰਮੇਸ਼ੁਰ ਦਾ ਪੁੱਤਰ ਹੈ ਅਤੇ ਉਹਦੇ ਨਾਂ ਤੇ ਭਰੋਸਾ ਰੱਖਣ ਨਾਲ ਹੀ ਉਨ੍ਹਾਂ ਨੂੰ ਜ਼ਿੰਦਗੀ ਮਿਲੇਗੀ।"[48] ਯੂਹੰਨਾ ਵੀ ਹਜ਼ਰਤ ਈਸਾ ਦੇ 12 ਚੇਲਿਆਂ ਵਿਚੋਂ ਇਕ ਹੈ ਜਿਸ ਨੇ ਈਸਾ ਤੋਂ ਬਾਅਦ ਈਸਾਈ ਧਰਮ ਨੂੰ ਪ੍ਰਚਾਰਿਆ ਇਹ ਪ੍ਰਾਰਥਨਾ ਈਸਾ ਪਰਮੇਸ਼ਵਰ ਅੱਗੇ ਇੰਝ ਕਰ ਰਹੇ ਹਨ। "ਯਿਸੂ ਨੇ ਏਹ ਗੱਲਾਂ ਆਖੀਆਂ ਅਤੇ ਆਪਣੀਆਂ ਅੱਖਾਂ ਅਕਾਸ਼ ਵੱਲ ਚੁੱਕ ਕੇ ਕਿਹਾ, ਹੇ ਪਿਤਾ ਘੜੀ ਆ ਪਹੁੰਚੀ ਹੈ। ਆਪਣੇ ਪੁੱਤ੍ਰ ਦੀ ਵਡਿਆਈ ਕਰ ਤਾਂ ਜੋ ਪੁੱਤ੍ਰ ਤੇਰੀ ਵਡਿਆਈ ਕਰੇ। ਜਿਵੇਂ ਤੂੰ ਉਹ ਨੂੰ ਸਾਰੇ ਸਰੀਰਾਂ ਉੱਤੇ ਇਖ਼ਤਿਆਰ ਬਖਸ਼ਿਆ ਭਈ ਉਹ ਉਨ੍ਹਾਂ ਸਭਨਾਂ ਨੂੰ ਜੋ ਤੂੰ ਉਹ ਨੂੰ ਦਿੱਤੇ ਹਨ ਸਦੀਪਕ ਜੀਉਣ ਦੇਵੇ। ਅਤੇ ਸਦੀਪਕ ਜੀਉਣ ਇਹ ਹੈ ਕਿ ਉਹ ਤੈਨੂੰ ਜੋ ਸੱਚਾ ਵਾਹਿਦ ਪਰਮੇਸ਼ੁਰ ਹੈ ਅਤੇ ਯਿਸੂ ਮਸੀਹ ਨੂੰ ਜਿਹ ਨੂੰ ਤੈਂ ਘੱਲਿਆ ਜਾਣਨ ਜਿਹੜਾ ਕੰਮ ਤੂੰ ਮੈਨੂੰ ਕਰਨ ਲਈ ਦਿੱਤਾ ਸੀ, ਉਹ ਪੂਰਾ ਕਰਕੇ ਮੈਂ ਧਰਤੀ ਉੱਤੇ ਤੇਰੀ ਵਡਿਆਈ ਕੀਤੀ। ਹੁਣ ਹੇ ਪਿਤਾ ਤੂੰ ਆਪਣੀ ਸੰਗਤ ਦੀ ਉਸ ਵਡਿਆਈ ਨਾਲ ਜੋ ਮੈਂ ਜਗਤ ਦੇ ਹੋਣ ਤੋਂ ਅੱਗੇ ਹੀ ਤੇਰੇ ਨਾਲ ਰੱਖਦਾ ਸਾਂ ਮੇਰੀ ਵਡਿਆਈ ਪ੍ਰਗਟ ਕਰ। ਜਿਹੜੇ ਮਨੁੱਖ ਤੂੰ ਜਗਤ ਵਿੱਚੋਂ ਮੈਨੂੰ ਦਿੱਤੇ ਉਹਨਾਂ ਉੱਤੇ ਮੈਂ ਤੇਰਾ ਨਾਮ ਪਰਗਟ ਕੀਤਾ। ਉਹ ਤੇਰੇ ਸਨ ਅਤੇ ਤੂੰ ਉਹ ਮੈਨੂੰ ਦਿੱਤੇ ਅਰ ਉਹਨਾਂ ਤੇਰੇ ਬਚਨ ਦੀ ਪਾਲਨਾ ਕੀਤੀ ਹੈ। ਹੁਣ ਉਹਨਾਂ ਨੇ ਜਾਨਿਆ ਭਈ ਜੋ ਕੁਝ ਹੈ ਤੈਂ ਮੈਨੂੰ ਦਿੱਤਾ ਹੈ

[47] ਲੇਖਕ ਕਰਤਾਰ ਚੰਦੀ ਭੱਟੀ, ਸੰਪਾ. ਕੁਲਵੰਤ ਸਿੰਘ ਗਰੇਵਾਲ, *ਈਸਾਈ ਧਰਮ ਇਕ ਜਾਣ ਪਛਾਣ*, ਪੰਨਾ 103.
[48] ਉਹੀ, ਪੰਨਾ 8.

ਸੱਭ ਤੇਰੇ ਵੱਲੋਂ ਹੈ ਕਿਉਂਕਿ ਜਿਹੜੀਆਂ ਗੱਲਾਂ ਤੂੰ ਮੈਨੂੰ ਦਿੱਤੀਆਂ ਉਹ ਮੈਂ ਉਹਨਾਂ ਨੂੰ ਦਿੱਤੀਆਂ ਹਨ ਅਤੇ ਉਹਨਾਂ ਨੇ ਮੰਨ ਲਈਆਂ ਅਤੇ ਸੱਚ ਜਾਣਿਆ ਜੋ ਮੈਂ ਤੇਰੀ ਵੱਲੋਂ ਆਇਆ ਅਤੇ ਉਹਨਾਂ ਪਰਤੀਤ ਕੀਤੀ ਜੋ ਤੈਂ ਮੈਨੂੰ ਘੱਲਿਆ ਮੈਂ ਓਹਨਾਂ ਲਈ ਬੇਨਤੀ ਕਰਦਾ ਹਾਂ। ਮੈਂ ਜਗਤ ਦੇ ਲਈ ਨਹੀਂ ਪਰ ਉਹਨਾਂ ਲਈ ਬੇਨਤੀ ਕਰਦਾ ਹਾਂ ਜੋ ਤੂੰ ਮੈਨੂੰ ਦਿੱਤੇ ਸਨ ਕਿਉਂ ਜੋ ਉਹ ਤੇਰੇ ਹਨ ਮੇਰੀਆਂ ਸਾਰੀਆਂ ਚੀਜਾਂ ਤੇਰੀਆਂ ਹਨ ਅਤੇ ਤੇਰੀਆਂ ਮੇਰੀਆਂ ਹਨ ਅਤੇ ਉਨ੍ਹਾਂ ਵਿੱਚ ਮੇਰੀ ਵਡਿਆਈ ਹੋਈ ਹੈ ਮੈਂ ਅੱਗੇ ਨੂੰ ਜਗਤ ਵਿੱਚ ਨਹੀਂ ਪਰ ਏਹ ਜਗਤ ਵਿੱਚ ਹਨ ਅਤੇ ਮੈਂ ਤੇਰੇ ਕੋਲ ਆਉਂਦਾ ਹਾਂ। ਹੇ ਪਵਿੱਤਰ ਪਿਤਾ ਆਪਣੇ ਹੀ ਉਸ ਨਾਮ ਨਾਲ ਜਿਹੜਾ ਤੂੰ ਮੈਨੂੰ ਦਿੱਤਾ ਉਹਨਾਂ ਦੀ ਰੱਖਿਆ ਕਰ ਇਸ ਲਈ ਜੋ ਉਹ ਸਾਡੇ ਵਾਂਗ ਇੱਕ ਹੋਣ ਜਿੰਨਾਂ ਚਿਰ ਮੈਂ ਉਹਨਾਂ ਦੇ ਨਾਮ ਸਾਂ ਮੈਂ ਤੇਰੇ ਉਸ ਨਾਮ ਨਾਲ ਜਿਹੜਾ ਤੂੰ ਮੈਨੂੰ ਦਿੱਤਾ ਉਹਨਾਂ ਦੀ ਰਾਖੀ ਕੀਤੀ ਅਤੇ ਨਾਸ ਦੇ ਪੁੱਤਰ ਬਾਝੋਂ ਉਹਨਾਂ ਵਿਚੋਂ ਕਿਸੇ ਦਾ ਨਾਸ ਨਾ ਹੋਇਆ ਤਾਂ ਜੋ ਲਿਖਤ ਪੂਰੀ ਹੋਵੇ ਪਰ ਹੁਣ ਮੈਂ ਤੇਰੇ ਕੋਲ ਆਉਂਦਾ ਹਾਂ ਅਤੇ ਮੈਂ ਜਗਤ ਵਿਚ ਇਹ ਗੱਲਾਂ ਆਖਦਾ ਹਾਂ ਤਾਂ ਜੋ ਮੇਰੀ ਖੁਸ਼ੀ ਉਹਨਾਂ ਵਿੱਚ ਪੂਰੀ ਹੋਵੇ ਮੈਂ ਤੇਰਾ ਬਚਨ ਉਹਨਾਂ ਨੂੰ ਦਿੱਤਾ ਹੈ ਅਰ ਜਗਤ ਨੇ ਉਹਨਾਂ ਨਾਲ ਵੈਰ ਕੀਤਾ ਕਿਉਂ ਜੋ ਉਹ ਜਗਤ ਦੇ ਨਹੀਂ ਹਨ ਜਿਵੇਂ ਮੈਂ ਜਗਤ ਦਾ ਨਹੀਂ ਹਾਂ ਮੈਂ ਇਹ ਬੇਨਤੀ ਨਹੀਂ ਕਰਦਾ ਜੋ ਤੂੰ ਉਹਨਾਂ ਨੂੰ ਜਗਤ ਵਿਚੋਂ ਚੁੱਕ ਲਵੇ ਪਰ ਇਹ ਜੋ ਤੂੰ ਦੁਸ਼ਟ ਤੋਂ ਉਨਾਂ ਦੀ ਰੱਖਿਆ ਕਰੇ ਉਹ ਜਗਤ ਦੇ ਨਹੀਂ ਹਨ, ਜਿਵੇਂ ਮੈਂ ਜਗਤ ਦਾ ਨਹੀਂ ਹਾਂ ਉਹਨਾਂ ਨੂੰ ਸਚਿਆਈ ਨਾਲ ਪਵਿੱਤਰ ਕਰ। ਤੇਰਾ ਬਚਨ ਸਚਿਆਈ ਹੈ ਜਿਸ ਤਰ੍ਹਾਂ ਤੂੰ ਮੈਨੂੰ ਜਗਤ ਵਿੱਚ ਘੱਲਿਆ ਮੈਂ ਵੀ ਉਹਨਾਂ ਨੂੰ ਜਗਤ ਵਿੱਚ ਘੱਲਿਆ ਅਤੇ ਉਹਨਾਂ ਦੇ ਕਾਰਨ ਮੈਂ ਆਪ ਨੂੰ ਸੰਕਲਪ ਕਰਦਾ ਹਾਂ ਤਾਂ ਜੋ ਉਹ ਵੀ ਸਚਿਆਈ ਵਿੱਚ ਸੰਕਲਪ ਹੋਣ। ਮੈਂ ਨਿਰਾ ਇਹਨਾਂ ਹੀ ਲਈ ਬੇਨਤੀ ਨਹੀਂ ਕਰਦਾ ਪਰ ਉਹਨਾਂ ਲਈ ਵੀ ਜਿਹੜੇ ਇਹਨਾਂ ਦੇ ਬਚਨ ਨਾਲ ਮੇਰੇ ਉੱਤੇ ਨਿਹਚਾ ਕਰਨਗੇ, ਜੋ ਉਹ ਸਭ ਇੱਕੋ ਹੋਣ ਜਿਸ ਤਰ੍ਹਾਂ ਹੇ ਪਿਤਾ, ਤੂੰ ਮੇਰੇ ਵਿੱਚ ਅਤੇ ਮੈਂ ਤੇਰੇ ਵਿੱਚ ਹਾਂ ਜੋ ਉਹ ਵੀ ਸਾਡੇ ਵਿੱਚ ਹੋਣ ਤਾਂ ਜੋ ਜਗਤ ਸਤ ਮੰਨੇ ਭਈ ਤੂੰ ਮੈਨੂੰ ਘੱਲਿਆ ਅਤੇ ਜਿਹੜੀ ਵਡਿਆਈ ਤੈਂ ਮੈਨੂੰ ਦਿੱਤੀ ਹੈ ਉਹ ਮੈਂ ਉਹਨਾਂ ਨੂੰ ਦਿੱਤੀ ਹੈ ਤਾਂ ਜੋ ਉਹ ਇੱਕੋ ਹੋਣ ਜਿਸ ਤਰ੍ਹਾਂ ਅਸੀਂ ਇੱਕੋ ਹਾਂ ਮੈਂ ਉਹਨਾਂ ਵਿੱਚ ਅਤੇ ਤੂੰ ਮੇਰੇ ਵਿੱਚ ਤਾਂ ਕਿ ਉਹ ਸਿੱਧ ਹੋ ਕੇ ਇੱਕ ਹੋ ਜਾਣ ਭਈ ਜਗਤ ਜਾਣ ਲਵੇ ਜੋ ਤੂੰ ਮੈਨੂੰ ਘੱਲਿਆ ਅਤੇ ਉਹਨਾਂ ਨਾਲ ਪਿਆਰ ਕੀਤਾ ਜਿਵੇਂ ਤੂੰ ਮੇਰੇ ਨਾਲ ਪਿਆਰ ਕੀਤਾ। ਹੇ ਪਿਤਾ ਮੈਂ ਚਾਹੁੰਦਾ ਹਾਂ ਭਈ ਜਿਹੜੇ ਤੂੰ ਮੈਨੂੰ ਦਿੱਤੇ ਸੋ ਜਿੱਥੇ ਮੈਂ ਹਾਂ ਉਹ ਵੀ ਮੇਰੇ ਨਾਲ ਹੋਣ ਤਾਂ ਜੋ ਉਹ ਮੇਰੀ ਵਡਿਆਈ ਜੋ ਤੈਂ ਮੈਨੂੰ ਦਿੱਤੀ ਹੈ ਵੇਖਣ ਕਿਉਂਕਿ ਤੈਂ ਮੇਰੇ ਨਾਲ ਜਗਤ ਦੀ ਨੀਉਂ ਧਰਨ ਤੋਂ ਅੱਗੋ ਹੀ ਪਿਆਰ ਕੀਤਾ ਹੇ ਧਰਮੀ ਪਿਤਾ, ਜਗਤ ਨੇ ਤੈਨੂੰ ਨਹੀਂ ਜਾਣਿਆ ਪਰ ਮੈਂ ਤੈਨੂੰ ਜਾਣਿਆ ਅਤੇ ਇਹਨਾਂ ਨੇ ਜਾਣਿਆ ਭਈ ਤੂੰ ਮੈਨੂੰ ਘੱਲਿਆ ਅਤੇ ਮੈਂ ਤੇਰਾ ਨਾਮ ਇਹਨਾਂ ਉੱਤੇ ਪ੍ਰਗਟ ਕੀਤਾ ਅਤੇ ਪ੍ਰਗਟ ਕਰਾਂਗਾ ਤਾਂ ਜਿਸ ਪ੍ਰੇਮ ਨਾਲ ਤੂੰ ਮੈਨੂੰ ਪਿਆਰ ਕੀਤਾ ਸੋਈ ਉਹਨਾਂ ਵਿੱਚ ਹੋਵੇ ਅਤੇ ਮੈਂ ਉਹਨਾਂ ਵਿੱਚ ਹੋਵਾਂ।"[49] ਇਸ ਪ੍ਰਾਰਥਨਾ ਵਿਚ ਹਜ਼ਰਤ ਈਸਾ ਅਰਦਾਸ ਰਾਹੀਂ ਪ੍ਰਭ ਨੂੰ ਇਹ ਦੱਸ ਰਹੇ ਹਨ ਕਿ ਮੈਂ ਤੇਰੀ ਵਡਿਆਈ ਕੀਤੀ ਹੈ ਤੂੰ ਹੁਣ ਆਪਣੇ

---

[49] *ਯੂਹੰਨਾ* : 17:26.

ਨਾਮ ਦੀ ਲਾਜ ਰੱਖ ਕਿ ਤੇਰੇ ਮੰਨਣ ਵਾਲਿਆਂ ਉਪਰ ਭਰੋਸਾ ਕਰੀਂ ਅਤੇ ਉਹਨਾਂ ਦੀ ਰੱਖਿਆ ਕਰੀਂ ਅਤੇ ਮੇਰੇ ਰਾਹੀਂ ਆਪਣੀ ਵਡਿਆਈ ਕਰਵਾ।

### 4.2.4 ਅਰਦਾਸ ਕਰਨ ਬਾਰੇ

ਹਜ਼ਰਤ ਈਸਾ ਨੇ ਪ੍ਰਾਰਥਨਾ ਦੇ ਉਸ ਸਮੇਂ ਪ੍ਰਚਲਿਤ ਢੰਗ ਨੂੰ ਰੱਦ ਕਰਦੇ ਹੋਏ ਨਵੇਂ ਤਰੀਕੇ ਨੂੰ ਅਪਣਾਉਣ ਲਈ ਕਿਹਾ, ਉਹਨਾਂ ਕਿਹਾ ਕਿ ਜਿਵੇਂ ਦੂਜੇ ਲੋਕ ਪ੍ਰਾਰਥਨਾ ਕਰਦੇ ਹਨ ਤੁਸੀਂ ਉਸ ਤਰ੍ਹਾਂ ਨਾ ਕਰੋ ਸਗੋਂ ਦਿਲ ਦੇ ਅੰਦਰੋਂ ਪ੍ਰਾਰਥਨਾ ਕਰੋਂ ਬਾਹਰੋਂ ਵਿਖਾਵੇ ਲਈ ਨਹੀਂ। "ਤੁਸੀਂ ਅਰਦਾਸ ਕਰਦੇ ਸਮੇਂ ਪਰਾਏ ਲੋਕਾਂ ਵਾਂਗ ਨਾ ਬਣੋ। ਕਿਉਂਕਿ ਉਹ ਸਮਝਦੇ ਹਨ ਕਿ ਬਹੁਤ ਬੋਲਣ ਕਰਕੇ ਉਨ੍ਹਾਂ ਦੀ ਵਧੇਰੇ ਸੁਣੀ ਜਾਵੇਗੀ। ਤੁਹਾਡਾ ਪਿਤਾ ਤੁਹਾਡੇ ਮੰਗਣ ਤੋਂ ਪਹਿਲਾ ਹੀ ਸਭ ਕੁੱਝ ਜਾਣਦਾ ਹੈ ਕਿ ਤਹਾਨੂੰ ਕਿਹੜੀਆਂ ਵਸਤਾਂ ਦੀ ਲੋੜ ਹੈ? ਸਗੋਂ ਤੁਸੀ ਇਸ ਢੰਗ ਨਾਲ ਪ੍ਰਾਰਥਨਾ ਕਰੋ – ਹੇ ਸਾਡੇ ਪਿਤਾ ਪ੍ਰਭੂ ਜਿਹੜਾ ਸੁਰਗਾਂ ਵਿੱਚ ਹੈ, ਤੇਰਾ ਨਾ ਪਵਿੱਤਰ ਮੰਨਿਆ ਜਾਵੇ, ਤੇਰਾ ਰਾਜ ਹੋਵੇ, ਤੇਰੀ ਮਰਜ਼ੀ ਸੁਰਗਾਂ ਵਿਚ ਪੂਰੀ ਹੁੰਦੀ ਹੈ ਉਸੇ ਤਰ੍ਹਾਂ ਹੀ ਜ਼ਮੀਨ ਉੱਤੇ ਵੀ ਹੋਵੇ। ਸਾਡੀ ਰੋਜ਼ ਦੀ ਰੋਟੀ ਅੱਜ ਸਾਨੂੰ ਦੇ ਅਤੇ ਸਾਡੇ ਕਰਜ਼ ਸਾਨੂੰ ਮੁਆਫ ਕਰ, ਜਿਵੇਂ ਅਸੀਂ ਆਪਣੇ ਕਰਜ਼ਾਈਆ ਨੂੰ ਮੁਆਫ ਕੀਤਾ ਹੈ। ਸਾਨੂੰ ਪਰਤਾਵੇ ਵਿੱਚ ਨਾ ਪਾ, ਸਗੋਂ ਬੁਰਿਆਈਆਂ ਤੋਂ ਬਚਾ ਲੈ। ਜੇ ਤੁਸੀਂ ਦੂਜੇ ਮਨੁੱਖਾਂ ਦੇ ਅਪਰਾਧਾਂ ਨੂੰ ਮੁਆਫ ਕਰ ਦੇਵੋਗੇ ਤਾਂ ਤੁਹਾਡਾ ਪਿਤਾ ਤੁਹਾਡੇ ਵੀ ਪਾਪ ਮੁਆਫ ਕਰ ਦੇਵੇਗਾ। ਜੇਕਰ ਤੁਸੀਂ ਦੂਜੇ ਮਨੁੱਖਾਂ ਦੇ ਪਾਪ ਵੀ ਮੁਆਫ ਨਹੀਂ ਕਰੋਗੇ ਤਾਂ ਤੁਹਾਡਾ ਪਿਤਾ ਵੀ ਤੁਹਾਡੇ ਪਾਪਾਂ ਨੂੰ ਮੁਆਫ ਨਹੀਂ ਕਰੇਗਾ।"[50] ਹਜ਼ਰਤ ਈਸਾ ਅਨੁਸਾਰ ਤੁਹਾਡਾ ਪਿਤਾ ਵੀ ਤੁਹਾਡੇ ਵਰਗਾ ਹੈ ਜੇ ਭੂਮੀ ਧਰਤੀ ਤੇ ਕਿਸੇ ਦੇ ਗੁਨਾਹ ਮਾਫ ਕਰੋਗੇ ਉਹ ਤੁਹਾਡੇ ਕਰੇਗਾ ਸੋ ਜਿਵੇਂ ਤਾਂ ਵਰਤਾਉ ਅਸੀਂ ਧਰਤੀ ਤੇ ਕਰਾਂਗੇ ਉਸੇ ਤਰ੍ਹਾਂ ਦਾ ਸਾਰੇ ਨਾਲ ਹੋਵੇਗਾ।

ਇਸ ਅਰਦਾਸ ਦੀ ਸਿੱਖਿਆ ਹਜ਼ਰਤ ਈਸਾ ਨੇ ਆਪਣੇ ਚੇਲਿਆਂ ਨੂੰ ਉਹਨਾਂ ਦੇ ਪੁੱਛਣ ਤੇ ਦਿੱਤੀ, ਕਿ ਅਰਦਾਸ ਦੇ ਬੋਲ ਇਹ ਹੋਣੇ ਚਾਹੀਦੇ ਹਨ। ਉਹਨਾਂ ਅਨੁਸਾਰ ਪਰਮਾਤਮਾ ਪਾਸੋਂ ਮੰਗਦੇ ਰਹਿਣਾ ਚਾਹੀਦਾ ਹੈ ਉਹ ਜ਼ਰੂਰ ਦਿੰਦਾ ਹੈ। "ਇਕ ਦਿਨ ਇਸ ਤਰ੍ਹਾਂ ਹੋਇਆ ਕਿ ਪ੍ਰਭੂ ਯਸੂ ਅਰਦਾਸ ਕਰ ਰਹੇ ਸਨ ਤੇ ਤਦ ਉਹ ਅਰਦਾਸ ਕਰ ਚੁੱਕੇ ਤਾਂ ਉਸ ਦੇ ਚੇਲਿਆਂ ਨੇ ਉਸ ਨੂੰ ਆਖਿਆ ਹੇ ਪ੍ਰਭੂ ਜਿਵੇਂ ਸੰਤ ਯੂਹੰਨਾ ਨੇ ਆਪਣੇ ਚੇਲਿਆਂ ਨੂੰ ਅਰਦਾਸ ਕਰਨਾ ਸਿਖਾਇਆ ਸੀ, ਸਾਨੂੰ ਵੀ ਉਸ ਤਰ੍ਹਾਂ ਸਿਖਾ। ਪ੍ਰਭੂ ਨੇ ਆਖਿਆ ਜਦ ਤੁਸੀਂ ਅਰਦਾਸ ਕਰੋ ਤਾਂ ਕਹੋ, "ਐ ਪਿਤਾ ਤੇਰਾ ਨਾਮ ਪਾਕ ਮੰਨਿਆ ਜਾਵੇ, ਤੇਰੀ ਬਾਦਸ਼ਾਹੀ ਆਵੇ, ਸਾਡੀ ਰੋਜ਼ ਦੀ ਰੋਟੀ ਹਰ ਰੋਜ਼ ਸਾਨੂੰ ਦਿੰਦਾ ਰਹਿ ਤੇ ਸਾਡੇ ਪਾਪ ਮੁਆਫ ਕਰ ਜਿਵੇਂ ਅਸੀਂ ਵੀ ਆਪਣੇ ਕਰਜ਼ਦਾਰਾਂ ਨੂੰ ਮੁਆਫ ਕਰਦੇ ਹਾਂ। ਸਾਨੂੰ ਇਮਤਿਹਾਨ ਵਿੱਚ ਨਾ ਪਾ।" ਉਨ੍ਹਾਂ ਫਿਰ ਇਕ ਮਿੱਤਰ ਦੀ ਉਦਾਹਰਣ ਦਿੰਦੇ ਹੋਏ ਆਖਿਆ ਕਿ ਤੁਹਾਡੇ ਵਿੱਚ ਕੌਣ ਹੈ, ਜਿਸ ਦਾ ਮਿੱਤਰ ਅੱਧੀ ਰਾਤ ਉਸ ਦੇ ਕੋਲ ਆ ਕੇ ਰੋਟੀ ਮੰਗੇ। ਪਰ ਉਹ ਉਸ ਨੂੰ ਅੰਦਰੋਂ ਇਹ ਕਹੇ ਕਿ ਮੈਨੂੰ ਤੰਗ ਨਾ ਕਰ" ਉਸ ਦੇ ਬੇਟੇ ਉਸ ਦੇ ਕੋਲ ਬਿਸਤਰੇ ਤੇ ਪਏ ਹੋਏ ਹਨ, ਉਹ ਉਨ੍ਹਾਂ ਪਾਸੋਂ ਉਠ ਕੇ ਉਸ ਨੂੰ ਕੁਝ ਨਹੀਂ ਦੇ ਸਕਦਾ। ਮੈਂ ਤੁਹਾਨੂੰ ਆਖਦਾ ਹਾਂ ਕਿ ਭਾਵੇਂ ਉਹ ਉਸ ਦਾ ਮਿੱਤਰ ਹੋਣ ਦੇ ਕਾਰਣ ਉੱਠ ਕੇ ਉਸ ਨੂੰ ਨਾ

[50] ਕਰਤਾਰ ਚੰਦ ਭੱਟੀ, ਸੰਪਾ. ਕੁਲਵੰਤ ਸਿੰਘ ਗਰੇਵਾਲ, *ਈਸਾਈ ਧਰਮ: ਇਕ ਜਾਣ ਪਛਾਣ*, ਪੰਨੇ 77-78.

ਦੇਵੇ ਪਰ ਉਸ ਦੇ ਢੀਠਪੁਣੇ ਦੇ ਕਾਰਣ ਉਠੇਗਾ ਅਤੇ ਉਸ ਨੂੰ ਦੇਵੇਗਾ। ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਮੰਗੋ ਤਾਂ ਤਹਾਨੂੰ ਦਿੱਤਾ ਜਾਵੇਗਾ, ਢੂੰਡੋ ਤਾਂ ਤੁਹਾਨੂੰ ਲੱਭੇਗਾ, ਖੜਕਾਉ ਤਾਂ ਤੁਹਾਡੇ ਲਈ ਖੋਲਿਆ ਜਾਵੇਗਾ। ਕਿਉਂਕਿ ਹਰੇਕ ਮੰਗਦਾ ਹੈ ਉਹ ਪ੍ਰਾਪਤ ਕਰਦਾ ਹੈ ਅਤੇ ਜਿਹੜਾ ਭਾਲਦਾ ਹੈ ਉਸਨੂੰ ਲੱਭ ਜਾਂਦਾ ਹੈ ਅਤੇ ਜਿਹੜਾ ਖੜਕਾਉਂਦਾ ਹੈ ,ਉਸ ਦੇ ਲਈ ਖੋਲ੍ਹਿਆ ਜਾਵੇਗਾ। ਯਸੂ ਨੇ ਇਸ ਦੀ ਹੋਰ ਵਿਆਖਿਆ ਕਰਦੇ ਹੋਏ ਆਖਿਆ ਕਿ ਤੁਹਾਡੇ ਵਿਚ ਕਿਹੜਾ ਅਜਿਹਾ ਪਿਤਾ ਹੈ ਕਿ ਉਸ ਦਾ ਪੁੱਤਰ ਰੋਟੀ ਮੰਗੇ ਤਾਂ ਉਹ ਉਸ ਨੂੰ ਪੱਥਰ ਦੇਵੇਗਾ, ਜਾਂ ਮੱਛੀ ਮੰਗੇ ਤਾਂ ਮੱਛੀ ਦੇ ਬਦਲ ਉਸ ਨੂੰ ਸੱਪ ਦੇਵੇ, ਜਾਂ ਅੰਡਾ ਮੰਗੇ ਤਾਂ ਉਸ ਨੂੰ ਬਿੱਛੂ ਦੇਵੇ। ਇਸ ਲਈ ਜਦੋਂ ਤੁਸੀਂ ਬੁਰੇ ਹੁੰਦੇ ਹੋਏ ਵੀ ਆਪਣੇ ਬੱਚਿਆਂ ਨੂੰ ਚੰਗੀਆਂ ਤੋਂ ਚੰਗੀਆਂ ਚੀਜ਼ਾਂ ਦੇ ਦੇਣ ਦੇ ਚਾਹਵਾਨ ਹੋ ਤਾਂ ਅਕਾਸ਼ ਵਿੱਚ ਬੈਠਾ ਹੋਇਆ ਤੁਹਾਡਾ ਪਿਤਾ ਤੁਹਾਨੂੰ ਅਰਥਾਤ ਆਪਣੇ ਮੰਗਣ ਵਾਲਿਆਂ ਨੂੰ ਪਵਿੱਤਰ ਆਤਮਾ ਕਿਉਂ ਨਾ ਦੇਵੇਗਾ।"[51] ਉਹਨਾਂ ਅਨੁਸਾਰ ਜੇ ਦੁਨਿਆਵੀ ਪਿਤਾ ਆਪਣੇ ਬੱਚੇ ਨੂੰ ਕਦੇ ਦੁਖੀ ਨਹੀਂ ਦੇਖਦਾ ਤਾਂ ਉਹ ਤਾਂ ਸਾਰਿਆਂ ਦਾ ਪਿਤਾ ਹੈ ਉਹ ਕਿਸ ਤਰ੍ਹਾਂ ਦੁਖੀ ਬੱਚਿਆਂ ਨੂੰ ਜਰ ਸਕਦਾ ਹੈ ਸੋ ਉਸ ਅੱਗੇ ਪ੍ਰਾਰਥਨਾ ਕਰਦੇ ਰਹੋ।

### 4.2.5 ਪ੍ਰਾਰਥਨਾ ਦੇ ਵਿਖੇ ਯੂਨਾਹ ਦਾ ਨਿਸ਼ਾਨ

ਇਹ ਪ੍ਰਾਰਥਨਾ ਨਵੇਂ ਨੇਮ ਦੀ ਤੀਜੀ ਪੁਸਤਕ 'ਲੂਕਾ ਦੀ ਇੰਜੀਲ' ਵਿਚ ਪੰਨਾ 91 ਤੇ ਦਰਜ ਹੈ। ਇਸ ਪ੍ਰਾਰਥਨਾ ਦੇ ਸ਼ੁਰੂ ਵਿਚ ਈਸਾ ਨੂੰ ਉਸਦੇ ਚੇਲੇ ਪ੍ਰਾਰਥਨਾ ਕਰਨ ਦੇ ਢੰਗ ਨੂੰ ਸਿਖਾਉਣ ਬਾਰੇ ਬੇਨਤੀ ਕਰਦੇ ਹਨ। ਇਸ ਵਿਚ ਈਸਾ ਜੀ ਦੇ ਉਪਦੇਸ਼ ਦਾ ਵੀ ਜ਼ਿਕਰ ਹੈ ਅਤੇ ਉਨ੍ਹਾਂ ਦੇ ਜੀਵਨ ਨਾਲ ਸੰਬੰਧਿਤ ਕੁਝ ਅੰਸ਼ ਵੀ ਦੱਸੇ ਗਏ ਹਨ।

"ਤਾਂ ਐਉਂ ਹੋਇਆ ਕਿ ਉਹ ਕਿਸੇ ਥਾਂ ਪ੍ਰਾਰਥਨਾ ਕਰਦਾ ਸੀ ਅਤੇ ਜਾਂ ਕਰ ਹਟਿਆ ਤਾਂ ਉਹ ਦੇ ਚੇਲਿਆਂ ਵਿਚੋਂ ਇਕ ਨੇ ਉਹ ਨੂੰ ਆਖਿਆ, ਪ੍ਰਭੂ ਜੀ ਸਾਨੂੰ ਪ੍ਰਾਰਥਨਾ ਕਰਨੀ ਸਿਖਾਲ ਜਿਵੇਂ ਯੂਹੰਨਾ ਨੇ ਭੀ ਆਪਣੇ ਚੇਲਿਆਂ ਨੂੰ ਸਿਖਾਲੀ। ਫਿਰ ਉਸ ਨੇ ਉਨ੍ਹਾਂ ਨੂੰ ਕਿਹਾ, ਜਾਂ ਤੁਸੀ ਪ੍ਰਾਰਥਨਾ ਕਰੋ ਤਾਂ ਕਹੋ, ਹੇ ਪਿਤਾ, ਤੇਰਾ ਨਾਮ ਪਾਕ ਮੰਨਿਆ ਜਾਵੇ, ਤੇਰਾ ਰਾਜ ਆਵੇ, ਸਾਡੀ ਰੋਜ਼ ਦੀ ਰੋਟੀ ਰੋਜ਼ ਸਾਨੂੰ ਦਿਹ, ਅਤੇ ਸਾਡੇ ਪਾਪ ਸਾਨੂੰ ਮਾਫ ਕਰ, ਕਿਉਂ ਜੋ ਅਸੀਂ ਆਪ ਵੀ ਆਪਣੇ ਹਰੇਕ ਕਰਜਾਈ ਨੂੰ ਮਾਫ ਕਰਦੇ ਹਾਂ, ਅਤੇ ਸਾਨੂੰ ਪਰਤਾਵੇ ਵਿੱਚ ਨਾ ਲਿਆ।

ਉਸ ਨੇ ਉਨ੍ਹਾਂ ਨੂੰ ਆਖਿਆ ਕਿ ਤੁਹਾਡੇ ਵਿਚੋਂ ਕੌਣ ਹੈ ਜਿਹ ਦਾ ਇੱਕ ਮਿੱਤਰ ਹੋਵੇ ਅਤੇ ਅੱਧੀ ਰਾਤ ਨੂੰ ਉਹ ਦੇ ਕੋਲ ਜਾ ਕੇ ਉਹ ਨੂੰ ਕਹੇ, ਮਿੱਤਰਾ ਤਿੰਨ ਰੋਟੀਆਂ ਮੈਨੂੰ ਉਧਾਰੀਆਂ ਦਿਹ, ਕਿਉਂ ਜੋ ਮੇਰਾ ਇੱਕ ਮਿੱਤਰ ਪੈਂਡਾ ਕਰ ਕੇ ਮੇਰੇ ਕੋਲ ਆਇਆ ਹੈ ਅਰ ਉਹ ਅੰਦਰੋਂ ਉੱਤਰ ਦੇਵੇ ਭਈ ਮੈਨੂੰ ਔਖਾ ਨਾ ਕਰ, ਹੁਣ ਬੂਹਾ ਵੱਜਿਆ ਹੋਇਆ ਹੈ ਅਤੇ ਮੇਰੇ ਲੜਕੇ ਬਾਲੇ ਮੇਰੇ ਨਾਲ ਸੁੱਤੇ ਪਏ ਹਨ, ਮੈਂ ਉੱਠ ਕੇ ਤੈਨੂੰ ਦੇ ਨਹੀਂ ਸਕਦਾ, ਮੈਂ ਤੁਹਾਨੂੰ ਆਖਦਾ ਹਾਂ ਕਿ ਭਾਵੇਂ ਉਹ ਉਸਦਾ ਮਿੱਤਰ ਹੋਣ ਦੇ ਕਰਨ ਉੱਠ ਕੇ ਉਹ ਨੂੰ ਨਾ ਦੇਵੇ ਪਰ ਉਹ ਦੇ ਢੀਠਪੁਣੇ ਦੇ ਕਾਰਨ ਉੱਠੇਗਾ ਅਤੇ ਜਿੰਨੀਆਂ ਦੀ ਲੋੜ ਹੋਵੇਗੀ ਉਹ ਨੂੰ ਦੇਵੇਗਾ। ਮੈਂ

[51] ਲੇਖਕ ਕਰਤਾਰ ਚੰਦ ਭੱਟੀ, ਸੰਪਾ. ਕੁਲਵੰਤ ਸਿੰਘ ਗਰੇਵਾਲ, *ਈਸਾਈ ਧਰਮ: ਇਕ ਜਾਣ ਪਛਾਣ*, ਪੰਨਾ 95.

ਤੁਹਾਨੂੰ ਆਖਦਾ ਹਾਂ, ਮੰਗੋ ਤਾਂ ਤੁਹਾਨੂੰ ਦਿੱਤਾ ਜਾਵੇਗਾ, ਢੂੰਡੋ ਤਾਂ ਤੁਹਾਨੂੰ ਲੱਭੇਗਾ, ਖੜਕਾਓ ਤਾਂ ਤੁਹਾਡੇ ਲਈ ਖੋਲ੍ਹਿਆ ਜਾਵੇਗਾ ਕਿਉਂਕਿ ਹਰੇਕ ਜਿਹੜਾ ਮੰਗਦਾ ਹੈ ਉਹ ਲੈਂਦਾ ਹੈ ਅਤੇ ਜਿਹੜਾ ਢੂੰਡਦਾ ਹੈ ਉਹ ਨੂੰ ਲੱਭਦਾ ਹੈ ਜਿਹੜਾ ਖੜਕਾਉਂਦਾ ਹੈ ਉਹ ਦੇ ਲਈ ਖੋਲ੍ਹਿਆ ਜਾਵੇਗਾ। ਪਰ ਤੁਹਾਡੇ ਵਿੱਚੋਂ ਉਹ ਕਿਹੜਾ ਪਿਉ ਹੈ ਕਿ ਜੇ ਉਹ ਦਾ ਪੁੱਤਰ, ਮੱਛੀ ਮੰਗੇ ਤਾਂ ਉਹ ਨੂੰ ਮੱਛੀ ਦੀ ਥਾਂ ਸੱਪ ਦੇਵੇਗਾ? ਜਾਂ ਜੇ ਅੰਡਾ ਮੰਗੇ ਤਾਂ ਉਸ ਨੂੰ ਬਿੱਛੂ ਦੇਵੇਗਾ? ਸੋ ਜੇ ਤੁਸੀ ਬੁਰੇ ਹੋ ਕੇ ਆਪਣਿਆਂ ਬਾਲਕਾਂ ਨੂੰ ਚੰਗੀਆਂ ਦਾਤਾਂ ਦੇਣੀਆਂ ਜਾਣਦੇ ਹੋ ਤਾਂ ਉਹ ਸੁਰਗੀ ਪਿਤਾ ਕਿੰਨਾ ਵਧੀਕ ਆਪਣੇ ਮੰਗਣ ਵਾਲਿਆਂ ਨੂੰ ਪਵਿੱਤਰ ਆਤਮਾ ਦੇਵੇਗਾ।"[52] ਇਸ ਪ੍ਰਾਰਥਨਾ ਵਿਚ ਈਸਾ ਜੀ ਪ੍ਰਭੂ ਦੇ ਸੁਭਾਅ ਬਾਰੇ ਦੱਸ ਰਹੇ ਹਨ ਕਿ ਪਰਮਾਤਮਾ ਤੋਂ ਦਿਲੋਂ ਜੋ ਮੰਗੋਗੇ ਮਿਲੇਗਾ। ਜਿਵੇਂ ਧਰਤੀ ਤੇ ਅਸੀਂ ਆਪਣੇ ਬੱਚਿਆਂ ਨੂੰ ਮੰਗੀ ਹਰ ਚੀਜ਼ ਮੁਹੱਈਆ ਕਰਦੇ ਹਾਂ। ਉਸੇ ਤਰ੍ਹਾਂ ਆਕਾਸ਼ ਵਿਚ ਬੈਠਾ ਪਿਤਾ ਵੀ ਸਾਡੀਆਂ ਮੁਰਾਦਾਂ ਪੂਰੀਆਂ ਕਰੇਗਾ।

### 4.2.6 ਸਬਰ ਅਤੇ ਪ੍ਰਾਰਥਨਾ ਦੇ ਲਾਭ

ਇਸ ਪ੍ਰੇਅਰ ਵਿੱਚ ਸਬਰ ਅਤੇ ਪ੍ਰਾਰਥਨਾ ਦੇ ਲਾਭ ਦੱਸੇ ਗਏ ਹਨ । ਇਹ ਨਵੇਂ ਨੇਮ ਦੀ 20ਵੀਂ ਪੁਸਤਕ ਜੋ ਯਾਕੂਬ ਦੁਆਰਾ ਲਿਖੀ ਹੋਈ ਹੈ ਅਤੇ ਇਹ ਪ੍ਰਾਰਥਨਾ ਬਾਈਬਲ ਦੇ ਪੰਨਾ 303-04 ਤੇ ਦਰਜ ਹੈ। ਇਸ ਵਿੱਚ ਦੱਸਿਆ ਗਿਆ ਹੈ ਕਿ ਜਿਹੜਾ ਵੀ ਕੋਈ ਦੁਖੀ ਹੈ ਉਹ ਪ੍ਰਭੂ ਅੱਗੇ ਪ੍ਰਾਰਥਨਾ ਕਰੇ, ਦੂਜਿਆਂ ਲਈ ਪ੍ਰਾਰਥਨਾ ਕਰੋ, ਆਪਣੇ ਵਡੇਰਿਆਂ ਤੋਂ ਪ੍ਰਾਰਥਨਾ ਕਰਾਉ ਤਾਂ ਕਿ ਸੁਣੀ ਜਾਵੇ। ਇਕ ਦੂਜੇ ਲਈ ਪ੍ਰਾਰਥਨਾ ਕਰੋ, ਕਿਉਂਕਿ ਧਰਮੀਂ ਪੁਰਖਾਂ ਦੀ ਪ੍ਰਾਰਥਨਾ ਸਵੀਕਾਰ ਹੁੰਦੀ ਹੈ।

ਕਰਤਾਰ ਚੰਦ ਭੱਟੀ ਆਪਣੀ ਰਚਨਾ ਈਸਾਈ ਧਰਮ ਇਕ ਜਾਣ-ਪਛਾਣ ਵਿਚ ਯਾਕੂਬ ਬਾਰੇ ਲਿਖਦੇ ਹਨ, "ਜਿਸਨੂੰ ਸੰਤ ਜੇਮਜ਼ ਵੀ ਕਹਿੰਦੇ ਹਨ ਇਹ ਪੱਤਰ ਸੰਤ ਜੇਮਜ਼ ਨੇ ਇਸਰਾਈਲੀਆਂ ਦੇ 12 ਕਬੀਲਿਆਂ ਨੂੰ ਮੁੱਖ ਰੱਖ ਕੇ ਲਿਖਿਆ ਹੈ। ਇਨਸਾਨ ਦੇ ਕਿਰਦਾਰ ਅਰਥਾਤ ਕੰਮ ਨਾ ਕਿ ਗੱਲਾਂ ਇਸ ਪੱਤਰ ਦਾ ਪੂਰਾ ਵਿਸ਼ਾ ਹੈ।"[53] ਇਸ ਪ੍ਰਾਰਥਨਾ ਵਿਚ ਮੁਖ ਤੌਰ ਤੇ ਪ੍ਰਾਰਥਨਾ ਕਰਨ ਤੇ ਜ਼ੋਰ ਦਿੱਤਾ ਗਿਆ ਹੈ ਦੁਖੀ ਲੋਕਾਂ ਨੂੰ ਸੰਤਾਂ ਤੋਂ ਮਾਲਿਸ਼ ਕਰਵਾਉਣ ਅਤੇ ਅਰਦਾਸ ਕਰਾਉਣ ਦੀ ਤਾਕੀਦ ਹੈ। ਇਕ ਦੂਜੇ ਲਈ ਪ੍ਰਾਰਥਨਾ ਕਰਨ ਲਈ ਕਿਹਾ ਗਿਆ ਹੈ। ਧਰਮੀ ਪੁਰਖ ਦੀ ਬੇਨਤੀ ਦੇ ਅਸਰ ਬਾਰੇ ਅਤੇ ਉਦਾਹਰਣ ਦੇ ਕੇ ਸਮਝਾਇਆ ਹੈ। "ਓਏ ਧਨਵਾਨੋ, ਤੁਸੀਂ ਉਨ੍ਹਾਂ ਬਿਪਤਾਂ ਲਈ ਜਿਹੜੀਆਂ ਤੁਹਾਡੇ ਉੱਤੇ ਆਉਣ ਵਾਲੀਆਂ ਹਨ ਚੀਕਾਂ ਮਾਰ ਮਾਰ ਕੇ ਰੋਵੋ! ਤੁਹਾਡਾ ਧਨ ਗਲ ਗਿਆ ਅਤੇ ਤੁਹਾਡੇ ਬਸਤਰ ਕੀੜੇ ਦੇ ਖਾਧੇ ਹੋਏ ਹਨ, ਤੁਹਾਡੇ ਸੋਨੇ ਚਾਂਦੀ ਨੂੰ ਜੰਗਾਲ ਲੱਗਿਆ ਹੋਇਆ ਹੈ ਅਤੇ ਉਹਨਾਂ ਦਾ ਜੰਗਾਲ ਤੁਹਾਡੇ ਉੱਤੇ ਗਵਾਹੀ ਦੇਵੇਗਾ ਅਤੇ ਅੱਗ ਵਾਂਗ ਤੁਹਾਡਾ ਮਾਸ ਖਾ ਜਾਵੇਗਾ। ਤੁਸੀਂ ਅੰਤ ਦਿਆਂ ਦਿਨਾਂ ਵਿੱਚ ਧਨ ਜੋੜਿਆ ਹੈ, ਵੇਖੋ ਜਿਨ੍ਹਾਂ ਲਾਵਿਆ ਨੇ ਤੁਹਾਡੇ ਖੇਤ ਵੱਢੇ ਉਹਨਾਂ ਦੀ ਲਾਵੀ ਜਿਹੜੀ ਤੁਸੀ ਦਲਬੇ ਨਾਲ ਦੱਬ ਰੱਖੀ ਹੈ ਫਰਿਆਦਾਂ ਕਰਦੀ ਅਤੇ ਵਾਢਿਆਂ ਦੀਆਂ ਦੁਹਾਈਆਂ ਸੈਨਾ ਦੇ ਪ੍ਰਭੂ ਦੀ ਕੰਨੀ ਪਹੁੰਚ ਗਈਆ ਹਨ। ਤੁਸੀਂ ਧਰਤੀ ਉੱਤੇ ਮੌਜਾਂ ਮਾਣੀਆਂ ਅਤੇ ਸ਼ੂਕਾ ਸ਼ਾਕੀ ਕੀਤੀ! ਤੁਸੀਂ ਕੋਹੇ ਜਾਣ ਵਾਲੇ ਦਿਨ ਆਪਣੇ

---

[52] *ਲੂਕਾ,* ਪੰਨਾ 11:13.

[53] ਲੇਖਕ ਕਰਤਾਰ ਚੰਦੀ ਭੱਟੀ, ਸੰਪਾ. ਕੁਲਵੰਤ ਸਿੰਘ ਗਰੇਵਾਲ, *ਈਸਾਈ ਧਰਮ ਇਕ ਜਾਣ ਪਛਾਣ,* ਪੰਨਾ 20.

ਹਿਰਦਿਆਂ ਨੂੰ ਪਾਲਿਆ ਹੈ! ਤੁਸਾਂ ਧਰਮੀਂ ਨੂੰ ਦੋਸ਼ੀ ਠਹਿਰਾਇਆ, ਉਹ ਨੂੰ ਵੱਢ ਸੁੱਟਿਆ। ਉਹ ਤੁਹਾਡਾ ਸਾਹਮਣਾ ਨਹੀਂ ਕਰਦਾ। ਸੋ ਹੇ ਭਰਾਵੋ, ਪ੍ਰਭੂ ਦੇ ਆਉਣ ਤੀਕ ਧੀਰਜ ਕਰੋ, ਵੇਖੋ ਕਰਸਾਣ ਧਰਤੀ ਦੇ ਉੱਤਮ ਫਲ ਦੀ ਉਡੀਕ ਕਰਦਾ ਹੈ ਅਤੇ ਉਹ ਦੇ ਲਈ ਧੀਰਜ ਕਰਦਾ ਹੈ ਜਿੰਨਾਂ ਚਿਰ ਉਸ ਉੱਤੇ ਪਹਿਲੀ ਅਤੇ ਪਿਛਲੀ ਵਰਖਾ ਨਾ ਪਵੇ ਤੁਸੀਂ ਵੀ ਧੀਰਜ ਕਰੋ। ਆਪਣਿਆਂ ਮਨਾਂ ਨੂੰ ਤਕੜਿਆਂ ਰੱਖੋ ਕਿਉਂ ਜੋ ਪ੍ਰਭੂ ਦਾ ਆਉਣਾ ਨੇੜੇ ਹੀ ਹੈ ਹੇ ਭਰਾਵੋ, ਇੱਕ ਦੂਜੇ ਦੇ ਵਿਰੁੱਧ ਬੁੜ ਬੁੜ ਨਾ ਕਰੋ ਭਈ ਤੁਸੀਂ ਦੋਸ਼ੀ ਨਾ ਠਹਿਰਾਏ ਜਾਉ।ਵੇਖੋ, ਨਿਆਈ ਬੂਹੇ ਉੱਤੇ ਖਲੋਤਾ ਹੈ ਹੇ ਮੇਰੇ ਭਰਾਵੋ, ਜਿਹੜੇ ਨਬੀ ਪ੍ਰਭੂ ਦਾ ਨਾਮ ਲੈ ਕੇ ਬੋਲਦੇ ਸਨ ਉਹਨਾਂ ਨੂੰ ਦੁਖ ਝੱਲਣ ਦਾ ਅਤੇ ਧੀਰਜ ਕਰਨ ਦਾ ਨਮੂਨਾ ਮੰਨ ਲਓ ਵੇਖੋ ਅਸੀਂ ਉਨ੍ਹਾਂ ਨੂੰ ਧੰਨ ਆਖਦੇ ਹਾਂ ਜਿਨ੍ਹਾਂ ਸਬਰ ਕੀਤਾ। ਤੁਸੀਂ ਅੱਯੂਬ ਦਾ ਸਬਰ ਸੁਣਿਆ ਹੈ ਅਤੇ ਪ੍ਰਭੂ ਦਾ ਪਰੋਜਨ ਜਾਣਦੇ ਹੋ ਭਈ ਪ੍ਰਭ ਵੱਡਾ ਦਰਦੀ ਅਤੇ ਦਿਆਲੂ ਹੈ ਹੇ ਮੇਰੇ ਭਰਾਵੋ ਸਭ ਤੋਂ ਪਹਿਲਾ ਇਹ ਹੈ ਭਈ ਤੁਸੀਂ ਸੌਂਹ ਨਾ ਖਾਣੀ, ਨਾ ਅਕਾਸ਼ ਦੀ, ਨਾ ਧਰਤੀ ਦੀ, ਨਾ ਹੋਰ ਕਾਸੇ ਦੀ ਸੌਂਹ। ਪਰ ਤੁਹਾਡੀ ਹਾਂ ਦੀ ਹਾਂ ਅਤੇ ਨਾ ਦੀ ਨਾ ਹੋਵੇ ਭਈ ਤੁਸੀਂ ਸਜ਼ਾ ਹੇਠਾਂ ਨਾ ਆ ਜਾਉ। ਕੀ ਤੁਹਾਡੇ ਵਿੱਚ ਕੋਈ ਦੁਖੀ ਹੈ? ਤਾਂ ਪ੍ਰਾਰਥਨਾ ਕਰੇ। ਕੋਈ ਅਨੰਦ ਹੈ? ਤਾਂ ਭਜਨ ਗਾਵੇ ਕੀ ਤੁਹਾਡੇ ਵਿੱਚ ਕੋਈ ਮਾਂਦਾ ਹੈ? ਤਾਂ ਕਲੀਸਿਯਾ ਦੇ ਬਜ਼ੁਰਗਾਂ ਨੂੰ ਸੱਦ ਘੱਲੇ ਅਤੇ ਉਹ ਪ੍ਰਭੁ ਦਾ ਨਾਮ ਲੈ ਕੇ ਉਹ ਨੂੰ ਤੇਲ ਝੱਸਣ ਅਤੇ ਉਹ ਦੇ ਲਈ ਪ੍ਰਾਰਥਨਾ ਕਰਨ ਅਤੇ ਪ੍ਰਾਰਥਨਾ ਜਿਹੜੀ ਨਿਹਚਾ ਨਾਲ ਹੋਵੇ ਉਸ ਬਿਮਾਰ ਨੂੰ ਬਚਾਵੇਗੀ ਅਤੇ ਪ੍ਰਭੂ ਉਹ ਨੂੰ ਉਠਾ ਖੜਾ ਕਰੇਗਾ ਅਤੇ ਜੇ ਉਹ ਨੇ ਪਾਪ ਕੀਤੇ ਹੋਣ ਤਾਂ ਉਹ ਨੂੰ ਮਾਫ ਕੀਤੇ ਜਾਣਗੇ। ਇਸ ਲਈ ਤੁਸੀਂ ਆਪੋ ਵਿੱਚੀ ਆਪਣਿਆਂ ਪਾਪਾਂ ਦਾ ਇਕਰਾਰ ਕਰੋ ਤੁਸੀਂ ਇਕ ਦੂਏ ਲਈ ਪ੍ਰਾਰਥਨਾ ਕਰੋ ਭਈ ਤੁਸੀਂ ਨਰੋਏ ਹੋ ਜਾਉ। ਧਰਮੀ ਪੁਰਖ ਦੀ ਬੇਨਤੀ ਤੋਂ ਬਹੁਤ ਅਸਰ ਹੁੰਦਾ ਹੈ ਏਲੀਯਾਹ ਸਾਡੇ ਵਰਗਾ ਦੁਖ ਸੁਖ ਭੋਗਣ ਵਾਲਾ ਮਨੁੱਖ ਸੀ ਅਤੇ ਉਹ ਨੇ ਤਨੋਂ ਮਨੋਂ ਪ੍ਰਾਰਥਨਾ ਕੀਤੀ ਭਈ ਵਰਖਾ ਨਾ ਹੋਵੇ ਤਾਂ ਸਾਢੇ ਤਿੰਨਾਂ ਵਰਿਹਾਂ ਤੀਕ ਉਸ ਧਰਤੀ ਉੱਤੇ ਵਰਖਾ ਨਾ ਹੋਈ। ਅਤੇ ਉਹ ਨੇ ਫਿਰ ਪ੍ਰਾਰਥਨਾ ਕੀਤੀ ਅਤੇ ਅਕਾਸ਼ ਨੇ ਵਰਖਾ ਕੀਤੀ ਅਤੇ ਧਰਤੀ ਨੇ ਆਪਣੇ ਫਲ ਉਗਾਏ।"ਮੇਰੇ ਭਰਾਵੋਂ, ਜੇ ਕੋਈ ਤੁਹਾਡੇ ਵਿੱਚੋਂ ਸਚਿਆਈ ਦੇ ਰਾਹੋਂ ਭੁੱਲ ਜਾਵੇ ਅਤੇ ਕੋਈ ਉਹ ਨੂੰ ਮੋੜ ਲਿਆਵੇ ਤਾਂ ਉਹ ਜਾਣ ਲਵੇ ਭਈ ਜਿਹ ਨੇ ਇੱਕ ਪਾਪੀ ਨੂੰ ਉਹ ਦੀ ਬਦਰਾਹੀ ਤੋਂ ਮੋੜ ਲਿਆਂਦਾ ਉਹ ਇਕ ਜਾਨ ਨੂੰ ਮੌਤ ਤੋਂ ਬਚਾਵੇਗਾ ਅਤੇ ਬਾਹਲਿਆਂ ਪਾਪਾਂ ਨੂੰ ਢੱਕ ਦੇਵੇਗਾ।"[54]

ਸੋ ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਈਸਾਈ ਧਰਮ ਵਿਚ ਪ੍ਰਾਰਥਨਾ ਦੀ ਬੜੀ ਮਹਾਨਤਾ ਹੈ ਅਤੇ ਇਸ ਪ੍ਰਾਰਥਨਾ ਦਾ ਯਹੂਦੀਆਂ ਦੀ ਪ੍ਰਾਰਥਨਾ ਨਾਲੋਂ ਬਿਲਕੁਲ ਭਿੰਨ ਹੈ। ਇਸ ਧਰਮ ਵਿਚ ਪ੍ਰਭੂ ਆਪਣੇ ਬੱਚਿਆਂ ਨੂੰ ਪਿਆਰ ਕਰਨ ਵਾਲਾ ਦੱਸਿਆ ਹੈ ਜਦਕਿ ਯਹੋਵਾਹ ਬਦਲਾ ਲੈਣ ਦੀ ਭਾਵਨਾ ਵਾਲਾ ਪਰਮਾਤਮਾ ਹੈ। ਸੋ ਇਹਨਾਂ ਪ੍ਰਾਰਥਨਾਵਾਂ ਵਿਚ ਪਰਮਾਤਮਾ ਨੂੰ ਵਿਸ਼ਵਾਸ਼ ਰੱਖ ਕੇ ਮੰਗਣ ਲਈ ਕਿਹਾ ਗਿਆ ਹੈ ਅਤੇ ਉਹੀ ਸੁਰਗੀ ਪਿਤਾ ਸਾਰਿਆਂ ਦੀ ਪ੍ਰਾਰਥਨਾ ਸਵੀਕਾਰ ਕਰਦਾ ਹੈ।

---

[54] *ਯਾਕੂਬ,* 5:20.

## 4.3 ਇਸਲਾਮ ਧਰਮ :

ਪ੍ਰੋ. ਗੁਰਚਰਨ ਸਿੰਘ ਤਲਵਾੜਾ ਰਚਿਤ ਸੂਫੀਮਤ ਸੰਕਲਪ ਕੋਸ਼ ਅਨੁਸਾਰ, ਇਸਲਾਮ ਸਾਮ ਧਰਮਾਂ ਦੀ ਲੜੀ ਵਿਚ ਆਉਣ ਵਾਲਾ ਤੀਜਾ ਧਰਮ ਹੈ। ਇਸਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਹਨ ਪਰ ਇਹ ਆਪਣੇ ਤੋਂ ਪਹਿਲਾ ਹੋ ਚੁੱਕੇ ਹਜ਼ਰਤ ਇਬਰਾਹੀਮ, ਮੂਸਾ, ਈਸਾ ਆਦਿ ਦਾ ਵੀ ਅਤੇ ਬਹਿਲਾਂ ਹੋ ਚੱਕੇ ਪੈਰਬਿਰਾਂ ਤੇ ਨਾਜ਼ਿਲ ਹੋਈਆਂ ਤੌਰ ਤੇ ਅੰਜੀਲ ਵਰਗੀਆਂ ਪਵਿੱਤਰ ਪੁਸਤਕਾਂ ਦਾ ਵੀ ਸਤਿਕਾਰ ਕਰਦੇ ਹਨ। ਇਹ ਆਲੱਹ ਤੋਂ ਬੜੀ ਸਖ਼ਤੀ ਨਾਲ ਵਿਸ਼ਵਾਸ਼ ਕਰਦੇ ਹਨ ਕਿਆਮਤ ਦੇ ਦਿਨ ਤੋਂ ਵਿਸ਼ਵਾਸ਼ ਕਰਦੇ ਹਨ। ਮੁਹੰਮਦ ਸਾਹਿਬ ਨੂੰ ਇਸਦਾ ਧਰਮ ਦਾ ਰਸੂਲ ਮੰਨਿਆ ਜਾਂਦਾ ਹੈ। "ਇਸਲਾਮ ਇਕ ਪ੍ਰਾਚੀਨ ਅਤੇ ਵਿਸ਼ਵ ਵਿਆਪੀ ਧਰਮ ਹੈ ਜਿਸਦਾ ਆਰੰਭ ਇਨਸਾਨ ਦੀ ਉਤਪਤੀ ਦੇ ਸਮੇਂ ਤੋਂ ਮੰਨਿਆ ਜਾਂਦਾ ਹੈ। ਇਸ ਦੇ ਪਹਿਲੇ ਪੈਗੰਬਰ ਹਜ਼ਰਤ ਆਦਿਮ ਅਲੈਹਿਸਲਾਮ ਨੂੰ ਮੰਨਿਆ ਜਾਂਦਾ ਹੈ ਅਤੇ ਆਖਰੀ ਰਸੂਲ ਹਜ਼ਰਤ ਮੁਹੰਮਦ ਸਾਹਿਬ ਹਨ। ਇਸਲਾਮ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦਾ ਅਰਥ ਹੈ ਆਗਿਆ ਪਾਲਣ, ਤਾਬੇਦਾਰ ਹੋਣ, ਹੁਕਮ ਮੰਨਣਾ। ਇਸਲਾਮ ਧਰਮ ਦਾ ਨਾ ਇਸਲਾਮ ਇਸ ਲਈ ਰੱਖਿਆ ਗਿਆ ਹੈ ਕਿਉਂਕਿ ਇਹ ਅੱਲਾਹ ਦੀ ਤਾਬੇਦਾਰੀ ਅਤੇ ਉਸਦੀ ਆਗਿਆ ਪਾਲਣ ਦਾ ਪੈਗਾਮ ਦਿੰਦਾ ਹੈ, ਇਸਲਾਮ ਦਾ ਇਕ ਦੂਜਾ ਅਰਥ ਸ਼ਾਂਤੀ, ਸੁਰੱਖਿਆ, ਸ਼ਰਣ ਅਤੇ ਸਲਾਹ ਦੀ ਨੀਤੀ ਵੀ ਹੈ। ਇਸਲਾਮ ਨੂੰ ਅਮਨ, ਸ਼ਾਤੀ ਅਤੇ ਦਇਆ ਦਾ ਪੈਗਾਮ ਦੇਣ ਵਾਲਾ ਦੀਨ ਮੰਨਿਆ ਜਾਂਦਾ ਹੈ। ਹਦੀਸ ਸ਼ਰੀਫ ਮੁਤਾਬਿਕ ਇਸਲਾਮ ਇਹ ਹੈ ਕਿ ਤੁਸੀਂ ਗਵਾਹੀ ਦਿਉ ਇਬਾਦਤ ਦੇ ਲਾਇਕ ਸਿਰਫ ਅੱਲਾਹ ਹੈ, ਹਜ਼ਰਤ ਮੁਹੰਮਦ ਸਾਹਿਬ ਅੱਲਾਹ ਦੇ ਰਸੂਲ ਹਨ, ਨਮਾਜ਼ ਪੜੋ, ਜ਼ਕਾਤ ਦਿਉ, ਹੱਜ ਕਰੋ ਅਤੇ ਰਮਜ਼ਾਨ ਦੇ ਮਹੀਨੇ ਰੋਜ਼ੇ ਰੱਖੋ।"[55] ਇਸਲਾਮ ਧਰਮ ਦੇ ਪੈਰੋਕਾਰ ਦੁਨੀਆਂ ਵਿਚ ਦੂਜੇ ਨੰਬਰ ਤੇ ਹੈ ਜਿਸਦੇ ਈਸਾਈ ਧਰਮ ਤੋਂ ਬਾਅਦ ਸਭ ਤੋਂ ਵੱਧ ਪੈਰੋਕਾਰ ਹਨ। ਇਹ ਬੜਾ ਹੀ ਸਾਫ ਸੁਥਰਾ ਅਤੇ ਸਰਲ ਧਰਮ ਹੈ।ਇਸਲਾਮ ਦੇ ਮੁਖ ਨਿਯਮ ਪੰਜ ਹਨ।ਅੱਲਾਹ ਅਤੇ ਉਸਦੇ ਰਸੂਲ ਤੇ ਈਮਾਨ ਲਿਆਉਣਾ, ਨਮਾਜ਼ ਪੜ੍ਹਨੀ ,ਰੋਜ਼ੇ ਰੱਖਣੇ ,ਜ਼ਕਾਤ ਦੇਣਾ ਅਤੇ ਹੱਜ ਕਰਨਾ ਇਹ ਸਭ ਮੁਸਲਮਾਨਾਂ ਲਈ ਜ਼ਰੂਰੀ ਹਨ।ਸਮਾਂ ਪਾ ਕੇ ਇਸ ਵਿਚ ਕਈ ਤਰ੍ਹਾਂ ਦੇ ਫਿਰਕਿਆ ਨੇ ਜਨਮ ਲਿਆ ਪਰੰਤੂ ਇਹ ਇਕ ਅੱਲਾਹ ਵਿਚ ਸਖ਼ਤੀ ਨਾਲ ਵਿਸ਼ਵਾਸ ਕਰਦਾ ਹੈ।

### ਪਿਕਾਂਬਰ (ਪੈਗੰਬਰ)

ਪੈਗੰਬਰ ਸਾਮੀ ਧਰਮਾਂ ਵਿਚ ਮਿਲਦਾ ਸੰਕਲਪ ਹੈ, ਜਿਵੇਂ ਹਿੰਦੂ ਧਰਮ ਵਿਚ ਅਵਤਾਰ, ਸਿੱਖ ਧਰਮ ਵਿਚ ਗੁਰੂ, ਜੈਨ ਧਰਮ ਵਿਚ ਤੀਰਥੰਕਰ ਨੂੰ ਮੰਨਿਆ ਜਾਂਦਾ ਹੈ। ਪੈਗੰਬਰ ਦਾ ਅਰਥ 'ਪੈਗਾਮ ਦੇਣ ਵਾਲਾ" ਕੀਤਾ ਜਾਂਦਾ ਹੈ, ਜੋ ਅੱਲਾਹ ਦਾ ਸੁਨੇਹਾ ਦੁਨੀਆਂ ਤੱਕ ਪਹੁੰਚਾਉਦਾ ਹੈ ,ਉਹ ਪੈਗੰਬਰ ਹੈ।ਡਾ. ਰਤਨ ਸਿੰਘ ਜੱਗੀ ਰਚਿਤ ਗੁਰੂ ਗ੍ਰੰਥ ਵਿਸ਼ਵ ਕੋਸ਼ ਅਨੁਸਾਰ "ਪੈਗੰਬਰ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਅਤੇ ਇਸ ਦਾ ਅਰਥ ਹੈ ਪੈਗ਼ਾਮ (ਸੰਦੇਸ਼) ਲੈ ਜਾਣ ਵਾਲਾ ਪਰ ਹੁਣ ਇਹ ਸ਼ਬਦ ਉਸ ਮਹਾਪੁਰਸ਼ ਲਈ ਰੂੜ੍ਹ ਹੋ ਗਿਆ ਹੈ ਜੋ ਪਰਮਾਤਮਾ ਦਾ ਹੁਕਮ ਲੋਕਾਂ ਤਕ ਲਿਆਉਂਦਾ ਹੈ। ਇਸ ਨੂੰ 'ਨੱਬੀ' ਵੀ ਕਿਹਾ ਜਾਂਦਾ ਹੈ।

[55] ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼*, ਪੰਨਾ 89-90.

ਪੈਗ਼ੰਬਰ ਅਤੇ ਰਸੂਲ ਵਿਚ ਅੰਤਰ ਮੰਨਿਆ ਜਾਂਦਾ ਹੈ। 'ਪੈਗੰਬਰ' ਖੁਦਾ ਦਾ ਸੰਦੇਸ਼ ਦੇਣ ਵਾਲੇ ਹਰ ਧਰਮੀ ਪੁਰਸ਼ ਨੂੰ ਕਿਹਾ ਜਾ ਸਕਦਾ ਹੈ, ਭਾਵੇਂ ਉਸ ਨੂੰ ਖੁਦਾ ਵੱਲੋਂ ਕੋਈ ਧਰਮ-ਗ੍ਰੰਥ ਕਿਸੇ ਨਾ ਕਿਸੇ ਰੂਪ ਵਿਚ ਬਖਸ਼ਿਆ ਗਿਆ ਹੋਵੇ, ਜਾਂ ਨ ਬਖ਼ਸ਼ਿਆ ਗਿਆ ਹੋਵੇ। ਪਰ ਰਸੂਲ ਕੇਵਲ ਉਸਨੂੰ ਕਿਹਾ ਜਾਵੇਗਾ ਜਿਸ ਨੂੰ ਖ਼ੁਦਾ ਵਲੋਂ ਜਿਬਰਾਈਲ ਫ਼ਰਸ਼ਿਤੇ ਰਾਹੀਂ ਕਿਸੇ ਧਰਮ-ਪੁਸਤਕ ਦਾ ਆਵੇਸ਼ ਹੋਇਆ ਹੋਵੇ। ਇਸ ਆਵੇਸ਼ ਨੂੰ 'ਵਹੀ' ਕਿਹਾ ਜਾਂਦਾ ਹੈ। ਮੁਸਲਮਾਨਾਂ ਦਾ ਵਿਸ਼ਵਾਸ ਹੈ ਕਿ ਹਜ਼ਰਤ ਮੁਹੰਮਦ ਨੂੰ ਕਰਾਨ ਦੀਆਂ ਆਇਤਾਂ ਉਤਰੀਆਂ ਸਨ, ਇਸ ਲਈ ਉਹ 'ਰਸੂਲ' ਹਨ ਅਤੇ ਸੰਸਾਰ ਉਤੇ ਭੇਜੇ ਗਏ ਪੈਗ਼ੰਬਰਾਂ ਜਾਂ ਰਸੂਲਾਂ ਵਿਚੋਂ ਉਹ ਆਖ਼ਰੀ ਸਨ।"[56] ਸਾਮੀ ਧਰਮਾਂ ਵਿਚ 1,24,000 ਪੈਗੰਬਰ ਮੰਨੇ ਜਾਂਦੇ ਹਨ, ਮੁਹੰਮਦ ਸਾਹਿਬ ਨੂੰ ਖਾਤਮੁਲ ਨਬੀ ਕਿਹਾ ਜਾਂਦਾ ਹੈ ਭਾਵ ਕਿ ਉਹਨਾਂ ਤੇ ਬਾਅਦ ਕੋਈ ਨਬੀ ਨਹੀਂ ਪੈਦਾ ਹੋਵੇਗਾ ਜਾ ਹੁਣ ਲੋੜ ਹੀ ਨਹੀਂ ਪੈਦਾ ਹੋਣ ਦੀ।

**4.3.2 ਹਜ਼ਰਤ ਮੁਹੰਮਦ ਸਾਹਿਬ**

"ਹਜ਼ਰਤ ਮੁਹੰਮਦ ਸਾਹਿਬ ਦਾ ਜਨਮ 570 ਈ. ਵਿਚ ਕੁਰੈਸ਼ ਦੀ ਕਬੀਲੇ ਵਿਚ ਹੋਇਆ, ਆਪ ਦੇ ਪਿਤਾ ਦਾ ਨਾਂ ਅਬਦੁੱਲਾ ਅਤੇ ਮਾਤਾ ਦਾ ਨਾਂ ਆਮਨਾ ਸੀ ਜੋ ਦੋਵੇ ਹੀ ਆਪਦੇ ਬਚਪਨ ਵਿਚ ਅਕਾਲ ਚਲਾਣਾ ਕਰ ਗਏ ਫਿਰ ਆਪਨੂੰ ਆਪਦੇ ਦਾਦਾ ਜੀ ਅਬਦੁਲ ਮੁਤਲਿਬ ਨੇ ਪਾਲਿਆ। ਉਹਨਾਂ ਦੀ ਵੀ ਜਲਦ ਮੌਤ ਹੋ ਗਈ ।ਉਹਨਾਂ ਦੀ ਮੌਤ ਤੋਂ ਬਾਅਦ ਆਪ ਜੀ ਦੇ ਚਾਚਾ ਜੀ ਨੇ ਆਪ ਦਾ ਪਾਲਣ-ਪੋਸ਼ਣ ਕੀਤਾ ਕਿ ਜਿਹੜੇ ਕਿ ਇਕ ਵਪਾਰੀ ਸਨ ਅਤੇ ਆਪਨੂੰ ਵੀ ਵਪਾਰ ਵਿਚ ਹੀ ਸਿਆਣਾ ਕਰਨ ਲਈ ਨਾਲ ਲੈ ਜਾਂਦੇ ਸਨ। ਆਪ ਬਚਪਨ ਤੋਂ ਹੀ ਬੜੇ ਈਮਾਨਦਾਰ ਅਤੇ ਸ਼ਾਤ ਸੁਭਾਅ ਦੇ ਮਾਲਕ ਸਨ। ਇਕ ਵਾਰ ਮੱਕੇ ਦੀ ਧਨਵਾਨ ਵਪਾਰੀ ਔਰਤ ਬੀਬੀ ਖਦੀਜ਼ਾ ਦੇ ਸਮਾਨ ਨਾਲ ਆਪ ਵਪਾਰ ਲਈ ਗਏ। ਆਪ ਦੀ ਈਮਾਨਦਾਰੀ ਨੂੰ ਵੇਖ ਕੇ ਉਸ ਵਿਧਵਾ ਔਰਤ ਨੇ ਆਪ ਕੋਲ ਵਿਆਹ ਦਾ ਪ੍ਰਸਤਾਵ ਰੱਖਿਆ ਉਸ ਸਮੇਂ ਆਪਦੀ ਉਮਰ 25 ਸਾਲ ਅਤੇ ਉਸਦੀ ਉਮਰ ਲਗਭਗ 40 ਸਾਲ ਸੀ ਜਿਸ ਨਾਲ ਆਪਦੀ ਜ਼ਿੰਦਗੀ ਆਰਥਿਕ ਤੌਰ 'ਤੇ ਮਜ਼ਬੂਤ ਹੋ ਗਈ। ਆਪ ਮੱਕੇ ਦੇ ਨੇੜੇ ਹਿਰਾ ਨਾਂ ਦੀ ਗੁਫਾ ਵਿਚ ਬੰਦਗੀ ਕਰਦੇ ਸਨ ਜਿਥੇ ਆਪ ਤੇ ਜਬਰਾਈਲ ਫਰਿਸ਼ਤਾ ਉਤਰਿਆ ਅਤੇ ਆਪ ਨੂੰ ਪੈਗੰਬਰ ਚੁਣਿਆ। ਪਹਿਲੀ ਮੁਸਲਮਾਨ ਬੀਬੀ ਖਦੀਜ਼ਾ ਸੀ ਜਿਸ ਨੇ ਆਪ ਤੇ ਈਮਾਨ ਲਿਆਂਦਾ। ਆਪ ਜੀ ਦੀ ਪੈਗੰਬਰੀ ਘੋਸ਼ਣਾ ਤੋਂ ਬਾਅਦ ਮੱਕਾ ਵਾਸੀ ਆਪ ਦੇ ਦੁਸ਼ਮਣ ਬਣ ਗਏ। ਆਪਨੂੰ ਉਹਨਾਂ ਨਾਲ ਕਈ ਜੰਗਾਂ ਵੀ ਕਰਨੀਆਂ ਪਈਆ,ਇੱਥੋਂ ਤੱਕ ਕਿ ਮੱਕਾ ਵੀ ਛੱਡਣਾ ਪਿਆ। ਹੌਲੀ-ਹੌਲੀ ਇਸਲਾਮ ਕਾਫੀ ਫੈਲ ਗਿਆ। ਆਪ ਜੀ ਦੀਵਫਾਤ 62 ਸਾਲ ਦੀ ਉਮਰ ਵਿਚ ਹੋ ਗਈ।ਆਪ ਜੀ ਤੋਂ ਮਗਰੋਂ ਇਸਲਾਮ ਦਾ ਪ੍ਰਚਾਰ ਪ੍ਰਸਾਰ ਸਾਰੀ ਦੁਨੀਆਂ ਵਿਚ ਹੋਇਆ।

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ ਮੁਹੰਮਦ, "ਵਿ-ਹਮਦ (ਸਲਾਹਿਆ) ਹੋਇਆ, ਪ੍ਰਸ਼ੰਸਿਤ, ਤਅਰੀਫ਼ ਕੀਤਾ ਗਿਆ 2. ਸੰਗਯਾ-ਇਸਲਾਮ ਦਾ ਆਚਾਰਯ, ਕੁਰੇਸ਼ਵੰਸ਼ੀ ਅਬਦੁੱਲਾ ਦਾ ਪੁਤ੍ਰ, ਜੋ ਆਮਿਨਾ ਦੇ ਗਰਭ ਤੋਂ ਅਰਬ ਦੇਸ਼ ਦੇ ਮੱਕੇ ਸ਼ਹਰ ਵਿਚ 20 ਅਪ੍ਰੈਲ ਸੰਨ 571 ਨੂੰ

[56] ਡਾ. ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਸਾਹਿਬ ਵਿਸ਼ਵ ਕੋਸ਼*, (ਭਾਗ ਦੂਜਾ) ਪੰਨਾ 217.

ਜਨਮਿਆ ਹਜ਼ਰਤ ਮੁਹੰਮਦ ਦਾ ਵੰਸ਼ ਮੱਕੇ ਵਿਚ ਪ੍ਰਤਿਸ਼ਿਤ ਗਿਣਿਆ ਜਾਂਦਾ ਸੀ, ਮੰਦਿਰ ਕਾਬਾ, ਜੋ ਉਸ ਵੇਲੇ ਮੂਰਤੀਆਂ ਨਾਲ ਪੂਰਣ ਸੀ, ਉਹ ਅਬਦੁੱਲਾ ਦੇ ਪਿਤਾ ਅਬਦੁਲ ਮੁਤੱਬਿਲ ਦੇ ਹੀ ਸਪੁਰਦ ਸੀ, ਬਾਲ ਅਵਸਥਾ ਮੁਹੰਮਦ ਸਾਹਿਬ ਦੀ ਬਕਰੀ ਭੇਡਾਂ ਚਾਰਣ ਵਿਚ ਵਿਤੀਤ ਹੋਈ, 20 ਵਰ੍ਹੇ ਦੀ ਉਮਰ ਵਿਚ ਮੱਕੇ ਦੀ “ਖ਼ਦੀਜ਼ਾ” ਨਾਮਿਕ ਧਨਵਾਨ ਬਿਧਵਾ ਦੀ ਨੌਕਰੀ ਕਰਕੇ ਬਸਰੇ ਦਮਿਸ਼ਕ ਆਦਿਕ ਅਸਥਾਨਾਂ ਵਿਚ ਵਪਾਰ ਕਰਦੇ ਰਹੇ, ਖ਼ਦੀਜ਼ਾ ਇੰਨ੍ਹਾਂ ਦੀ ਈਮਾਨਦਾਰੀ ਅਤੇ ਕਾਰਗੁਜ਼ਾਰੀ ਤੋਂ ਇਤਨੀ ਪ੍ਰਸੰਨ ਹੋਈ ਕਿ ਉਸ ਨੇ ਆਪਣੀ 40 ਵਰ੍ਹੇ ਦੀ ਉਮਰ ਵਿਚ ਮੁਹੰਮਦ ਸਾਹਿਬ ਨਲਾ ਪੁਨਰਵਿਆਹ ਕਰ ਲਿਆ ਖ਼ਦੀਜਾ ਤੋਂ ਦੋ ਬੇਟੇ ਅਤੇ ਚਾਰ ਬੇਟੀਆਂ ਉਤਪੰਨ ਹੋਈਆਂ। ਜਦ ਮੁਹੰਮਦ ਸਾਹਿਬ ਦੀ ਉਮਰ 35 ਵਰ੍ਹੇ ਦੀ ਸੀ, ਤਦ ਕਾਬੇ ਨੂੰ ਦੁਬਾਰਾ ਬਨਾਉਣ ਦੀ ਲੋੜ ਪਈ ਕਿਉਂਕਿ ਮੰਦਿਰ ਬਹੁਤ ਨੀਵੀਂ ਥਾਂ ਸੀ, ਸ਼ਹਿਰ ਦੇ ਲੋਕਾਂ ਨੇ ਇਕੱਠਾ ਹੋ ਕੇ ਜਦ ਨਵੀਂ ਉਸਾਰੀ ਆਰੰਭੀ, ਤਦ ਇਹ ਸਵਾਲ ਹੋਇਆ ਕਿ “ਸੰਗ ਅਸਵਦ” ਨੂੰ ਕੌਣ ਆਪਣੇ ਹੱਥ ਨਾਲ ਨਵੇਂ ਮੰਦਿਰ ਦੀ ਉਸਾਰੀ ਵਿੱਚ ਰੱਖ, ਉਸ ਵੇਲੇ ਸਰਵਸੰਮਤੀ ਨਾਲ ਮੁਹੰਮਦ ਸਾਹਿਬ ਦੀ ਹੀ ਚੋਣ ਹੋਈ, ਜਿਨ੍ਹਾਂ ਨੇ ਸਿਆਹ ਪੱਥਰ ਉਠਾਕੇ ਕਾਬ ਦੀ ਕੰਧ ਵਿੱਚ ਰੱਖਿਆ, ਮੰਦਿਰ ਤਿਆਰ ਹੋਣ ਪੁਰ ਪਹਿਲੇ ਵਾਂਙ “ਹਬਲ” ਦੇਵਤਾ ਵਿਚਕਾਰ ਥਾਪਿਆ ਗਿਆ ਅਰ ਉਸ ਦੇ ਆਸ ਪਾਸ ਹੋਰ ਬੁਤ ਰੱਖੈ ਗਏ। 29 ਵਰ੍ਹੇ ਦੀ ਉਮਰ ਵਿਚ ਮੁਹੰਮਦ ਸਾਹਿਬ ਬਹੁਤ ਉਦਾਸ ਅਤੇ ਧਯਾਨਪਰਾਇਣ ਜਾਪਦੇ ਸਨ, ਬਾਹਰ ਏਕਾਂਤ ਜਾ ਕੇ ਬਹੁਤ ਸਮਾਂ ਵਿਤਾਇਆ ਕਰਦੇ ਅਰ ਦੀਵਾਨੀ ਹਾਲਤ ਵਿਚ ਰਹਿੰਦੇ, ਮੱਕੇ ਪਾਸ ਦਾ “ਹਿਰਾ” ਪਹਾੜ ਉਨ੍ਹਾਂ ਨੂੰ ਬਹੁਤ ਪਿਆਰਾ ਸੀ। 40 ਵਰ੍ਹੇ ਦੀ ਅਵਸਥਾ ਵਿੱਚ ਹਜ਼ਰਤ ਮੁਹੰਮਦ ਨੇ ਪ੍ਰਗਟ ਕੀਤਾ ਕਿ ਹਿਰਾ ਪਹਾੜ ਦੀ ਕੰਦਰਾ ਵਿਚ ਮੈਨੂੰ ਫਰਿਸ਼੍ਤਾ ਜਬਰਾਈਲ ਮਿਲਿਆ, ਜਿਸ ਨੇ ਖ਼ੁਦਾ ਵੱਲੋਂ ਪੈਗਾਮ ਦਿੱਤਾ, ਇਸੇ ਸਮੇਂ ਤੋਂ ਮੁਹੰਮਦ ਸਾਹਿਬ “ਪੈਗੰਬਰ” ਪ੍ਰਸਿੱਧ ਹੋਏ, ਮੁਹੰਮਦ ਸਾਹਿਬ ਨੇ ਇਸਲਾਮ ਦਾ ਪ੍ਰਚਾਰ ਆਰੰਭ ਕੀਤਾ, ਸਭ ਤੋਂ ਪਹਿਲਾਂ ਉਨ੍ਹਾਂ ਦੇ ਮਤ ਵਿੱਚ ਉਨ੍ਹਾਂ ਦੀ ਪਿਆਰੀ ਇਸਤ੍ਰੀ ਖ਼ਦੀਜਾ, ਫੇਰ ਅਲੀ,ਜੈਦ ਅਤੇ ਅਬੂਬਕਰ ਆਏ, ਮੁਹੰਮਦ ਸਾਹਿਬ ਨੂੰ ਜਬਰਾਈਲ ਫ਼ਰਿਸ਼ਤੇ ਰਾਹੀਂ ਵਹੀ ਉਤਰਦੀ ਸੀ, ਕਦੇ ਧਯਾਨਪਰਾਇਣ ਹੋਣ ਪੁਰ ਉਨ੍ਹਾਂ ਨੂੰ ਖ਼ੁਦਾ ਵੱਲੋਂ ਸਿੱਧਾ ਪੈਗ਼ਾਮ ਪੁੱਜਦਾ, ਇਨ੍ਹਾਂ ਪੈਗ਼ਾਮਾਂ ਨੂੰ ਉਹ ਲੋਕਾਂ ਵਿੱਚ ਸੁਣਾਕੇ ਪ੍ਰਚਾਰ ਕਰਦੇ, ਜਿਨ੍ਹਾਂ ਪਦਾਂ ਵਿੱਚ ਮੁਹੰਮਦ ਸਾਹਿਬ ਨੂੰ ਖ਼ਦਾ ਦੇ ਹੁਕਮ ਪੁੱਜੇ, ਉਨ੍ਹਾਂ ਦੀ “ਆਯਤ” ਸੰਗਯਾ ਹੈ, ਜਿਨ੍ਹਾਂ ਦਾ ਸੰਗ੍ਰਹ ਇਸਲਾਮ ਦਾ ਧਰਮਪੁਸ੍ਤਕ ਕੁਰਾਨ ਹੈ। ਜਦ ਮੁਹੰਮਦ ਸਾਹਿਬ ਦੀ ਉਮਰ 50 ਵਰ੍ਹੇ ਦੀ ਸੀ, ਤਦ ਖ਼ਦੀਜਾ ਦਾ ਦੇਹਾਂਤ ਹੋ ਗਿਆ ਇਸ ਪਿੱਛੋ “ਸੌਦਾਹ” ਨਾਮਕ ਬਿਧਵਾ ਨਾਲ ਪੈਗੰਬਰ ਨੇ ਸ਼ਾਦੀ ਕੀਤੀ ਅਰ ਅਬੂਬਕਰ ਦੀ ਪੁਤ੍ਰੀ “ਆਯਸ਼ਾ” ਜੋ ਉਸ ਵੇਲੇ ਕੇਵਲ 7 ਵਰ੍ਹੇ ਦੀ ਸੀ ਉਸ ਨਾਲ ਮੰਗਨੀ ਹੋਈ ਅਰ ਦੋ ਵਰ੍ਹੇ ਪਿੱਛੋਂ ਨਿਕਾਹ ਹੋਇਆ, ਆਯਸ਼ਾ ਹਜ਼ਰਤ ਮੁਹੰਮਦ ਨੂੰ ਸਭ ਤੋਂ ਪਿਆਰੀ ਸੀ, ਇਹ ਪੈਗੰਬਰ ਦੇ ਮਰਨ ਪਿੱਛੋ 58 ਸਨ ਹਿਜਰੀ ਵਿੱਚ 67 ਵਰ੍ਹੇ ਦੀ ਉਮਰ ਭੋਗਕੇ ਮਦੀਨੇ ਮੋਈ ਹੈ, ਮੁਸਲਮਾਨਾਂ ਵਿੱਚ ਇਹ “ਅੰਮੁਲ ਮੋਮਲੀਨ” (ਵਿਸ਼੍ਵਾਸੀਆਂ ਦੀ ਮਾਂ) ਪ੍ਰਸਿੱਧ ਹੈ। ਹਜ਼ਰਤ ਮੁਹੰਮਦ ਮੂਰਤੀ ਪੂਜਾ ਦੇ ਵਿਰੁੱਧ ਉਪਦੇਸ਼ ਕਰਦੇ ਸਨ ਅਰ ਮੱਕੇ ਦੀਆਂ ਪ੍ਰਚਲਿਤ ਕੁਰੀਤੀਆ ਨੂੰ ਨਿੰਦਿਆਂ ਕਰਦੇ ਸਨ, ਇਸ ਕਰਕੇ ਸ਼ਹਰ ਦੇ ਲੋਕਾਂ ਨਾਲ ਵਿਰੋਧ ਵਧ ਗਿਆ, ਪਰ ਮਦੀਨੇ ਦੇ ਯਾਤ੍ਰੀ ਜੋ ਕਾਬੇ ਕਾਬਾਆਉਂਦੇ ਸਨ, ਉਨ੍ਹਾਂ ਵਿੱਚੋਂ ਬਹੁਤ ਇਸਲਾਮ ਦੇ ਪ੍ਰੇਮੀ ਹੋ ਗਏ, ਅਰ ਮੱਕੇ ਨਾਲੋਂ ਮਦੀਨੇ ਵਿੱਚ

ਮੁਸਲਮਾਨਾਂ ਦੀ ਤਾਦਾਦ ਵਧ ਗਈ। ਲੋਕਾਂ ਦੀ ਵਧੀਕੀ ਤੋਂ ਤੰਗ ਆ ਕੇ ਸਨ 622 ਈਸਵੀ ਵਿੱਚ ਮੁਹੰਮਦ ਸਾਹਿਬ ਨੂੰ ਮੱਕੇ ਤੋਂ ਭੱਜਕੇ ਮਦੀਨੇ ਜਾਣਾ ਪਿਆ, ਇਸੇ ਸਮੇਂ ਤੋਂ ਸਨ ਹਿਜਰੀ ਆਰੰਭ ਹੋਇਆ, ਜਿਸ ਦਾ ਅਰਥ ਹੈ ਜੁਦਾਈ ਸੋ ਮੱਕੇ ਤੋਂ ਹਿਜਰ (ਵਿਛੁੜਨ) ਦਾ ਜੋ ਸਮਾਂ ਸੀ, ਉਹ ਇਸਲਾਮ ਦੀ ਤਾਰੀਖ ਵਿੱਚ ਆਰੰਭਿਕ ਸਾਲ ਗਿਣਿਆ ਗਿਆ ਮਦੀਨੇ ਪਹੁੰਚਕੇ ਮੁਹੰਮਦ ਸਾਹਿਬ ਨ ਆਪਣੇ ਰਹਿਣ ਦੇ ਘਰ ਅਤੇ ਇੱਕ ਮਸਜਿਦ ਬਣਵਾਈ ਜੋ ਹੁਣ "ਮਸਜਿਦੁਲਨਬੀ" ਅਖਾਉਂਦੀ ਹੈ। ਮੱਕੇ ਦੇ ਲੋਕਾਂ ਨੇ ਮਦੀਨੇ ਭੀ ਮੁਹੰਮਦ ਸਾਹਿਬ ਨੂੰ ਚੈਨ ਨਾਲ ਨਹੀਂ ਬੈਠਣ ਦਿੱਤਾ, ਬਹੁਤ ਲੋਕ ਜਮਾਂ ਹੋ ਕੇ ਲੜਾਈ ਕਰਨ ਚੜ੍ਹ ਆਏ, ਪਹਿਲਾ ਜੰਗ ਰਮਜ਼ਾਨ ਹਿਜਰੀ 2 (ਮਾਰਚ ਸਨ 624) ਨੂੰ "ਬਦਰ" ਦੇ ਮਕਾਨ ਹੋਇਆ, ਜਿਸ ਵਿੱਚ ਚਾਹੇ ਮੁਸਲਮਾਨ ਥੋੜੇ ਸਨ, ਪਰ ਜਿੱਤ ਇਨ੍ਹਾਂ ਦੇ ਹੱਥ ਰਹੀ ਇਸ ਦਿਨ ਤੋਂ ਮੁਸਲਮਾਨਾਂ ਦੇ ਹੌਸਲੇ ਵਧ ਗਏ ਅਰ ਦਿਨ ਬਦਿਨ ਇਸਲਾਮ ਦੀ ਤਰੱਕੀ ਹੋਣ ਲੱਗੀ ਇਸ ਪਿੱਛੋਂ ਵੈਰੀਆਂ ਦੇ ਕਈ ਵਾਰ ਹਮਲੇ ਕੀਤੇ, ਪਰ ਹਜ਼ਰਤ ਮੁਹੰਮਦ ਹੀ ਫ਼ਤੇ ਪਾਉਂਦੇ ਰਹੇ, ਸਨ 630 ਈਸਵੀ ਵਿੱਚ ਮੁਹੰਮਦ ਸਾਹਿਬ ਨੇ 1000 ਮੁਸਲਮਾਨ ਨਾਲ ਲੈ ਕੇ ਮੱਕੇ ਨੂੰ ਜਿੱਤ ਕੇ ਕਾਬਾ ਮੱਲਿਆ ਅਤੇ "ਸੰਗ ਅਸਵਦ" ਨੂੰ ਚੁੰਮਕੇ "ਹਬਲ" ਦੇਵਤਾ ਨੂੰ ਆਪਣੇ ਹੱਥੀਂ ਗੁਰਜ ਨਾਲ ਚੂਰਣ ਕੀਤਾ, ਅਰ 360 ਬੁੱਤ ਭੰਨਕੇ ਮੰਦਿਰ ਤੋਂ ਬਾਹਰ ਸੁੱਟੇ, ਕਾਬੇ ਵਿਚ ਪਹਿਲੀ ਨਮਾਜ਼ ਆਪਣੇ ਸੰਗੀਆਂ ਨਾਲ ਪੜ੍ਹਕੇ ਹਜ਼ਰਤ ਮੁਹੰਮਦ ਨੇ ਉਸ ਮੰਦਿਰ ਨੂੰ "ਕਿਬਲਾ" ਥਾਪਿਆ ਅਰ ਖ਼ੁਦਾ ਵੱਲੋਂ ਹੁਕਮ ਸੁਣਾਇਆ ਕਿ ਨਮਾਜ਼ ਪੜ੍ਹਨ ਵੇਲੇ ਮੂੰਹ ਕਿਬਲੇ ਵੱਲ ਕਰਕੇ ਪ੍ਰਾਰਥਨਾ ਕਰੋ, ਸੰਨ 632 ਈਸਵੀ ਵਿੱਚ ਤਾਪ ਨਾਲ ਕੁਝ ਸਮਾਂ ਬੀਮਾਰ ਰਹਿਕੇ, 8 ਜੂਨ ਨੂੰ ਮਦੀਨੇ ਵਿੱਚ ਮੁਹੰਮਦ ਸਾਹਿਬ ਦਾ ਦੇਹਾਂਤ ਹੋਇਆ, ਉਨ੍ਹਾਂ ਦੀ ਕਬਰ "ਹੁਜਰਾ" ਕਰਕੇ ਮਸ਼ਹੂਰ ਹੈ, ਹੁਜਰੇ ਵਿੱਚ ਅਬੂਬਕਰ ਅਤੇ ਉਮਰ ਦੀ ਭੀ ਕਬਰ ਹੈ ਅਰ ਇੱਕ ਕਬਰ ਦੀ ਥਾਂ ਖਾਲੀ ਛੱਡੀ ਹੋਈ ਹੈ, ਜਿਸ ਵੇਲੇ ਮੁਹੰਮਦ ਸਾਹਿਬ ਦਾ ਦੇਹਾਂਤ ਹੋਇਆ ਉਸ ਸਮੇਂ ਉਹਨਾਂ ਦੀਆਂ ਨੌਂ ਵਿਵਾਹਿਤਾ ਅਤੇ ਦੋ ਦਾਸੀਆਂ ਜਿਉਂਦੀਆ ਸਨ ਸਾਰੀਆਂ ਸ਼ਾਦੀਆਂ ਮੁਹੰਮਦ ਸਾਹਿਬ ਦੀਆਂ 11 ਸਨ, ਜਿੰਨ੍ਹਾਂ ਵਿਚੋਂ 9 ਬਿਧਵਾ ਇਸਤ੍ਰੀਆਂ ਨਾਲ ਹੋਈਆਂ ਅਰ ਇੱਕ ਕੁਆਰੀ ਆਯਸ਼ਾ ਨਾਲ ਹੋਈ ਅਤੇ ਇੱਕ ਜੈਦ ਦੀ ਤਲਕੀ ਹੋਈ "ਜੈਨਬ" ਨਾਲ ਹੋਈ, ਜ਼ੈਦ ਮੁਹੰਮਦ ਸਾਹਿਬ ਦਾ ਮੁਤਬੰਨਾ ਸੀ ਇਸ ਕਰਕੇ ਉਸ ਦੀ ਔਰਤ ਨਾਲ ਸ਼ਾਦੀ ਸ਼ਰਾ ਤੋਂ ਵਿਰੁੱਧ ਸੀ, ਪਰ ਖ਼ੁਦਾ ਵੱਲੋਂ ਖ਼ਾਸ ਹੁਕਮ ਇਸ ਸ਼ਾਦੀ ਲਈ ਆਗਿਆ ਸੀ। ਇਹਨ੍ਹਾਂ 11 ਤੋਂ ਛੁੱਟ ਦੋ ਦਾਸੀਆਂ ਸਨ, ਜਿੰਨ੍ਹਾਂ ਵਿਚੋਂ ਦੋ ਬੇਟੇ ਅਤੇ ਚਾਰ ਬੇਟੀਆਂ ਖ਼ਦੀਜਾ ਤੋਂ ਹੋਏ ਪਰ ਇਨ੍ਹਾਂ ਵਿੱਚੋਂ ਕੇਵਲ ਸੁਪਤ੍ਰੀ ਫਾਤਿਮਾ ਸੰਤਾਨ ਵਾਲੀ ਹੋਈ, ਬਾਕੀ ਪੰਜ ਛੋਟੀ ਉਮਰ ਵਿਚ ਹੀ ਮਰ ਚੁੱਕੇ ਸਨ, ਇੱਕ ਬੇਟਾ ਮੇਰੀ ਤੋਂ ਜਨਮਿਆ, ਜੋ ਦੋ ਵਰ੍ਹੇ ਦੀ ਉਮਰ ਵਿਚ ਹੀ ਮਰ ਗਿਆ। ਹਜ਼ਰਤ ਮੁਹੰਮਦ ਲਿਖਣ ਪੜ੍ਹਨ ਤੋਂ ਅਗਯਾਤ ਸਨ, ਇਸੇ ਕਰਕੇ ਉਨ੍ਹਾਂ ਨੂੰ "ਉੱਮੀ" ਆਖਦੇ ਹਨ। ਮੁਹੰਮਦ ਸਾਹਿਬ ਦੇ ਚਲਾਏ ਹੋਏ ਧਰਮ ਦਾ ਨਾਮ 'ਇਸਲਾਮ' ਹੈ"[57] ਮੁਹੰਮਦ ਸਾਹਿਬ ਦੇ ਸਮੇਂ ਮੌਕੇ ਵਿਚ 360 ਬੁੱਤ ਲੱਗੇ ਹੋਏ ਸਨ ਜਿੰਨ੍ਹਾਂ ਦੀ ਲੋਕ ਪੂਜਾ ਕਰਦੇ ਸਨ। ਮੁਹੰਮਦ ਸਾਹਿਬ ਨੇ ਇਸਦਾ ਵਿਰੋਧ ਕੀਤਾ ਅਤੇ ਇਕ ਅੱਲਾਹ ਦੀ ਇਬਾਦਤ

[57] ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼, ਪੰਨਾ 1230.

ਤੇ ਜ਼ੋਰ ਦਿੱਤਾ ਜਿਸ ਕਾਰਣ ਮੱਕਾ ਨਿਵਾਸੀ ਆਪ ਦੀ ਜਾਨ ਦੇ ਦੁਸ਼ਮਣ ਬਣ ਗਏ ਪਰੰਤੂ ਆਪ ਅੱਲਾਹ ਦੀ ਰਜ਼ਾ ਵਿਚ ਆਪਣੇ ਕਾਰਜ ਕਰਨ ਵਿਚ ਮਗਨ ਰਹੇ ਅਤੇ ਅੰਤ ਸਫਲ ਹੋਏ।

### 4.3.3 ਇਸਲਾਮ ਦੇ ਬੁਨਿਆਦੀ ਅਰਕਾਨ

ਪ੍ਰੋ. ਗੁਰਚਰਨ ਸਿੰਘ ਤਲਵਾੜਾ ਨੇ ਸੂਫੀਮਤ ਸੰਕਲਪ ਕੋਸ਼ ਵਿਚ ਅਰਕਾਨ ਬਾਰੇ ਇੰਝ ਦੱਸਿਆ ਹੈ, "ਅਰਕਾਨ ਤੋਂ ਭਾਵ ਹੁੰਦਾ ਹੈ ਕਿ ਥੰਮ੍ਹ ਜਾਂ ਸਤੂਨ । ਇਸਲਾਮ ਦੇ ਪੰਜ ਬੁਨਿਆਦੀ ਅਰਕਾਨ ਹਨ ਜਿਨ੍ਹਾਂ ਤੋਂ ਇਸਲਾਮ ਦਾ ਆਧਾਰ ਹੈ ਕਲਮਾ-ਏ-ਤੱਯਬਾ ਦੀ ਗਵਾਹੀ ਅਤੇ ਈਮਾਨ ਕਿ ਅੱਲਾਹ ਤੋਂ ਇਲਾਵਾਂ ਕੋਈ ਇਬਾਦਤ ਦੇ ਲਾਇਕ ਨਹੀਂ ਅਤੇ ਹਜ਼ਰਤ ਮੁਹੰਮਦ ਸਾਹਿਬ ਅੱਲਾਹ ਦੇ ਰਸੂਲ ਹਨ। ਇਹ ਅੱਲਾਹ ਦੀ ਵਹਦਾਨੀਅਤ ਅਤੇ ਹਜ਼ਰਤ ਮੁਹੰਮਦ ਸਾਹਿਬ ਦੀ ਰਿਸਾਲਤ ਤੇ ਈਮਾਨ ਲਿਆਉਣਾ ਹੈ। ਇਹ ਇਸਲਾਮ ਦਾ ਪਹਿਲਾ ਰੁਕਨ ਹੈ। ਇਸਲਾਮ ਦਾ ਦੂਜਾ ਰੁਕਨ ਹੈ ਨਮਾਜ਼, ਜੋ ਦਿਨ ਵਿਚ ਪੰਜ ਵਾਰ ਨਿਸ਼ਚਿਤ ਵਕਤ ਮੁਤਾਬਿਕ ਪੜ੍ਹਨੀ ਲਾਜ਼ਮੀ ਹੈ। ਤੀਜਾ ਬੁਨਿਆਦੀ ਰੁਕਨ ਹੈ ਰਮਜ਼ਾਨ ਦੇ ਮਹੀਨੇ ਵਿਚ ਰੋਜ਼ੇ ਰੱਖਣੇ। ਚੌਥਾ ਬੁਨਿਆਦੀ ਰੁਕਨ ਹੈ ਜਿਸਤੋਂ ਲਾਜ਼ਮੀ ਹੋਵੇ ਜ਼ਕਾਤ ਦੇਣ। ਪੰਜਵਾਂ ਬੁਨਿਆਦੀ ਰੁਕਨ ਹੈ ਹੱਜ ਕਰਨਾ, ਜੋ ਸਾਧਨ ਸੰਪੰਨ ਸਮੱਰਥਾ ਰੱਖਦਾ ਹੋਵੇ, ਉਹ ਜ਼ਿੰਦਗੀ ਵਿੱਚ ਘੱਟੋ ਘੱਟ ਇਕ ਵਾਰੀ ਖਾਨਾ ਕਾਅਬਾ ਦਾ ਹੱਜ ਕਰੇ। ਇਸ ਤਰ੍ਹਾਂ ਕਲਮਾ ਪੜ੍ਹਨਾ ਅਤੇ ਉਸ ਤੇ ਈਮਾਨ ਲਿਆਉਣਾ, ਨਮਾਜ ਕਾਇਮ ਕਰਨਾ, ਰਮਜ਼ਾਨ ਦੇ ਰੋਜੇ ਰੱਖਣਾ, ਜ਼ਕਾਤ ਦੇਣਾ ਅਤੇ ਮੱਕੇ ਜਾ ਕੇ ਹੱਜ ਕਰਨਾ, ਇਹ ਇਸਲਾਮ ਦੇ ਪੰਜ ਬੁਨਿਆਦੀ ਅਰਕਾਨ ਹਨ ਜਿਹਨਾਂ ਦੀ ਪਾਲਨਾ ਕਰਨਾ ਹਰ ਇਕ ਅਹਿਲੇ ਈਮਾਨ ਲਈ ਲਾਜ਼ਮੀ ਹੈ।"[58] ਹਰ ਇਕ ਮਹਿਲ ਦੀ ਬੁਨਿਆਦ ਥੰਮ੍ਹਾਂ ਦੇ ਸਹਾਰੇ ਖੜੀ ਹੁੰਦੀ ਹੈ। ਇਸੇ ਤਰ੍ਹਾਂ ਇਸਲਾਮ ਰੂਪੀ ਮਹਿਲ ਵੀ ਇਹਨਾਂ ਪੰਜ ਥੰਮ੍ਹਾਂ ਉਪਰ ਖੜਾ ਹੈ, ਇਹਨਾਂ ਪੰਜ ਥੰਮ੍ਹਾਂ ਦੀ ਮਹਾਨਤਾ ਬਰਾਬਰ ਹੈ ਕੋਈ ਕਿਸੇ ਤੋਂ ਘੱਟ ਵੱਧ ਨਹੀਂ ਸੋ ਹਰੇਕ ਮੁਸਲਮਾਨ ਨੂੰ ਇਹਨਾਂ ਪੰਜ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ ਜੋ ਕਰਦਾ ਹੈ ਉਹ ਸੱਚਾ ਮੁਸਲਮਾਨ ਹੈ ਜੋ ਨਹੀਂ ਕਰਦਾ ਉਹ ਮੁਸਲਮਾਨ ਹੋਣ ਦੀ ਸ਼੍ਰੇਣੀ ਤੋਂ ਬਾਹਰ ਹੋ ਜਾਂਦਾ ਹੈ।

### 4.3.4 ਕੁਰਾਨ

ਇਸਲਾਮ ਧਰਮ ਦੀ ਪਵਿੱਤਰ ਪੁਸਤਕ ਨੂੰ ਕੁਰਆਨ ਮਜੀਦ,ਕੁਰਆਨ ਸ਼ਰੀਫ,ਅਲ ਕਿਤਾਬ ਆਦਿ ਨਾਵਾਂ ਨਾਲ ਸਤਿਕਾਰਿਆ ਜਾਂਦਾ ਹੈ। ਇਹ ਪਵਿੱਤਰ ਕਿਤਾਬ ਹਜ਼ਰਤ ਮੁਹੰਮਦ ਉਪਰ ਕਈ ਸਾਲਾਂ ਵਿਚ ਨਾਜ਼ਿਲ ਹੋਈ ਮੁਹੰਮਦ ਸਾਹਿਬ ਓਮੀ (ਅਨਪੜ੍ਹ) ਸਨ ਪਰ ਪੈਗੰਬਰ ਹੋਣ ਦੇ ਨਾਤੇ ਉਹਨਾਂ ਤੇ ਇਹ ਪਵਿੱਤਰ ਕਿਤਾਬ ਉਤਰੀ ਜੋ ਦੁਨੀਆਂ ਵਿਚ ਸਭ ਤੋਂ ਵੱਧ ਪੜ੍ਹੀ ਜਾਣ ਵਾਲੀ ਧਾਰਮਿਕ ਪੁਸਤਕ ਹੈ। "ਕੁਰਆਨ ਮਜੀਦ ਇਸਲਾਮੀ ਸ਼ਰੀਅਤ ਮੁਤਾਬਿਕ ਆਖਰੀ ਅਸਮਾਨੀ ਕਿਤਾਬ ਹੈ। ਜਿਸਦੀ ਹਦਾਇਤ ਪੂਰੀ ਦੁਨੀਆਂ ਲਈ ਹੈ। ਕੁਰਆਨ ਦਾ ਸ਼ਾਬਦਿਕ ਅਰਥ ਹੈ ਪੜ੍ਹਨਾ। 'ਕੁਰਆਨੇ-ਕਰੀਮ ਅੱਲਾਹ ਪਾਕ ਵੱਲੋਂ ਹਜ਼ਰਤ ਜਿਬਰਾਇਲ ਫਰਿਸ਼ਤੇ ਨੂੰ ਮਾਧਿਅਮ ਬਣਾ ਕੇ ਅੰਤਿਮ ਰਸੂਲ ਹਜ਼ਰਤ ਮੁਹੰਮਦ ਮੁਸਤਫਾ ਉਪਰ ਨਾਜ਼ਿਲ ਭਾਵ ਉਤਾਰੀ ਗਈ, ਕੁਰਆਨ ਮਜੀਦ ਜਿਸਨੂੰ ਕਲਾਮੇ-ਪਾਕ ਅਤੇ ਕਲਾਮੇ-ਇਲਾਹੀ ਵੀ

---

[58] ਪ੍ਰੋ. ਗੁਰਚਰਨ ਸਿੰਘ ਤਲਵਾੜਾ. *ਸੂਫੀਮਤ ਸੰਕਲਪ ਕੋਸ਼*, ਪੰਨਾ 90.

ਕਿਹਾ ਜਾਂਦਾ ਹੈ ਵਿਚ ਦਰਜ ਆਇਤਾਂ ਨੂੰ ਇਰਸ਼ਾਦੇ ਖੁਦਾਵੰਦੀ ਕਿਹਾ ਜਾਂਦਾ ਹੈ। ਕੁਰਆਨ ਮਜੀਦ ਅੱਲਾਹ ਦਾ ਕਲਾਮ ਹੈ। ਕੁਰਆਨ ਮਜੀਦ ਦੀ ਖਾਸੀਅਤ ਇਹ ਹੈ ਕਿ ਇਹ ਮੂਲ ਰੂਪ ਵਿਚ ਸੁਰੱਖਿਅਤ ਹੈ ਅਤੇ ਕਿਆਮਤ ਤੱਕ ਸੁਰੱਖਿਅਤ ਰਹੇਗੀ, ਇਸ ਵਿਚ ਨਾ ਕੋਈ ਵਾਧਾ ਹੋਇਆ ਹੈ ਨਾ ਕੋਈ ਘਾਟਾ। ਕੁਰਆਨ ਮਜੀਦ ਨੂੰ ਮਹੀਨਾ ਰਮਜ਼ਾਨ ਦੀ ਰਾਤ ਸ਼ਬੇ-ਕਦਰ ਨੂੰ ਲੌਹ-ਏ-ਮਹਫੂਜ ਤੋਂ ਆਸਮਾਨ-ਏ-ਦੁਨੀਆਂ ਉੱਤੇ ਨਾਜ਼ਿਲ ਕਰ ਦਿੱਤਾ ਗਿਆ। ਉਸਤੋਂ ਬਾਅਦ ਥੋੜ੍ਹਾ ਥੋੜ੍ਹਾ ਜਰੂਰਤ ਮੁਤਾਬਿਕ ਹਜ਼ਰਤ ਜਿਬਰਾਇਲ ਫਰਿਸ਼ਤੇ ਰਾਹੀਂ ਹਜ਼ਰਤ ਮੁਹੰਮਦ ਸਾਹਿਬ ਉਪਰ 23 ਸਾਲਾ ਤੱਕ ਉਤਾਰਿਆ ਜਾਂਦਾ ਰਿਹਾ। ਕੁਰਆਨ ਮਜੀਦ ਦੀਆਂ ਕੁਲ 114 ਸੂਰਤਾਂ ਭਾਵ ਅਧਿਆਇ ਹਨ। ਕੁਰਆਨ ਮਜੀਦ ਨੂੰ ਤੀਹ ਸਿਪਾਰਿਆ ਭਾਵ ਤੀਹ ਹਿੱਸਿਆ ਵਿੱਚ ਵੰਡਿਆ ਗਿਆ ਹੈ। ਕੁਰਆਨ ਮਜੀਦ ਦੇ ਕੁਲ 558 ਰਕੂਅ ਮੰਨੇ ਜਾਂਦੇ ਹਨ ਅਤੇ ਆਇਤਾ ਦੀ ਗਿਣਤੀ ਆਮ ਤੌਰ ’ਤੇ 6666 ਮੰਨੀ ਜਾਦੀ ਹੈ। ਕੁਰਆਨ ਮਜੀਦ ਦੀ ਤਿਲਾਵਤ ਕਰਦਿਆਂ 14 ਐਸੇ ਸਥਾਨ ਆਉਂਦੇ ਹਨ ਜਿੱਥੇ ਪੁੱਜ ਕੇ ਸਿਜਦਾ ਕਰਨਾ ਅਵੱਸ਼ਕ ਹੁੰਦਾ ਹੈ। ਕੁਰਆਨ ਮਜੀਦ ਦੀਆਂ ਕੁਲ 114 ਸੂਰਤਾਂ ਵਿੱਚੋਂ ਬਹੁ ਗਿਣਤੀ ਮੱਕੀ ਸੂਰਤਾਂ ਦੀ ਗਿਣਤੀ 86 ਅਤੇ ਮਦਨੀ ਸੂਰਤਾਂ ਦੀ ਗਿਣਤੀ 28 ਮੰਨੀ ਜਾਂਦੀ ਹੈ। ਕੁਰਆਨ ਮਜੀਦ ਦੇ ਇਕ ਵਾਕ ਨੂੰ ਆਇਤ ਅਤੇ ਇਕ ਅਧਿਆਇ ਨੂੰ ਸੂਰਤ ਕਹਿੰਦੇ ਹਨ। ਕੁਰਆਨ ਮਜੀਦ ਦੁਨੀਆਂ ਦੀਆਂ ਉਹਨਾਂ ਕਿਤਾਬਾਂ ਵਿਚੋਂ ਇਕ ਹੈ ਜੋ ਸਭ ਤੋਂ ਵੱਧ ਪੜ੍ਹੀਆਂ ਜਾਂਦੀਆ ਹਨ। ਹਦੀ ਸਸ਼ਰੀਫ ਵਿਚ ਕੁਰਆਨ ਮਜੀਦ ਦੀ ਸੂਰਹਾ-ਅਲ-ਕਮਰ ਦੀ ਆਇਤ ਨੰਬਰ 17 ਵਿਚ ਇਰਸ਼ਾਦੇ-ਖੁਦਾਵੰਦੀ ਹੈ। ਅਸੀਂ ਇਸ ਕੁਰਆਨ ਨੂੰ ਨਸੀਹਤ ਹਾਸਲ ਕਰਨ ਲਈ ਆਸਾਨ ਬਣਾ ਦਿੱਤਾ ਹੈ। ਸੂਰਹਾ-ਅਲ-ਹਿਜ਼ਰ ਦੀ ਆਇਤ ਨੰਬਰ 9 ਵਿਚ ਇਰਸ਼ਾਦ ਹੈ, "ਬੇਸ਼ੱਕ ਇਸ ਕਿਤਾਬ ਨੂੰ ਅਸੀਂ ਨਾਜ਼ਿਲ ਕੀਤਾ ਹੈ ਅਤੇ ਯਕੀਨਨ ਇਸਦੀ ਹਿਫਾਜ਼ਤ ਅਸੀਂ ਕਰਾਂਗੇ।" ਇਸ ਲਈ ਉਮੱਤ-ਏ-ਮੁਹੰਮਦੀਆ ਦੀ ਮਾਨਤਾ ਹੈ ਕਿ ਕੁਰਆਨ ਮਜੀਦ ਦੀ ਹਿਫਾਜ਼ਤ ਅੱਲਾਹ ਪਾਕ ਆਪ ਕਰਦਾ ਹੈ। ਕੁਰਆਨ ਮੂਲ ਰੂਪ ਵਿਚ ਅਰਬੀ ਭਾਸ਼ਾ ਵਿਚ ਹੈ ਲੇਕਿਨ ਦੁਨੀਆਂ ਦੀਆਂ ਵੱਖ-ਵੱਖ ਭਾਸ਼ਾਵਾਂ ਵਿਚ ਵੀ ਇਸਦੇ ਤਰਜਮੇ ਹੋ ਚੁੱਕੇ ਹਨ।"[59] ਕੁਝ ਵਿਦਵਾਨ ਮੱਕੇ ਵਿੱਚ ਉਤਰੀਆਂ ਸੂਰਤਾਂ ਦੀ ਗਿਣਤੀ 90 ਅਤੇ ਮਦੀਨੇ ਦੀਆਂ ਸੂਰਤਾਂ ਦੀ ਗਿਣਤੀ 24 ਕਰਦੇ ਹਨ। ਮੱਕੇ ਵਿਚ ਉਤਰੀਆਂ ਸੂਰਤਾਂ ਨੂੰ ਮੱਕੀ ਸੂਰਤਾਂ ਅਤੇ ਮਦੀਨੇ ਵਿਚ ਉਤਰੀਆਂ ਸੂਰਤਾਂ ਨੂੰ ਮਦੀਨੀ ਸੂਰਤਾਂ ਕਿਹਾ ਜਾਂਦਾ ਹੈ। ਕੁਰਾਨ ਧਰਤੀ ਤੇ ਉਤਾਰਨ ਤੋਂ ਪਹਿਲਾਂ ਆਸਮਾਨ ਵਿਚ ਲੋਹੇ-ਏ-ਮਹਿਫੂਜ਼ ਉਪਰ ਰੱਖਿਆ ਹੋਇਆ ਸੀ। ਹੌਲੀ-ਹੌਲੀ ਜਬਰਾਈਲ ਫ਼ਰਿਸਤੇ ਰਾਹੀਂ 23 ਸਾਲਾਂ ਵਿਚ ਇਸ ਨੂੰ ਉਤਾਰਿਆ ਗਿਆ।

### 4.3.5 ਹਦੀਸ

ਕੁਰਾਨ ਤੋਂ ਬਾਅਦ ਇਸਲਾਮ ਵਿਚ ਦੂਜਾ ਸਤਿਕਾਰ ਹਦੀਸ ਸ਼ਰੀਫ਼ ਦਾ ਹੈ। ਜਿਸ ਵਿਚ ਮੁਹੰਮਦ ਸਾਹਿਬ ਦੇ ਬਚਨਾਂ,ਸ਼ਰੀਅਤ ਬਾਰੇ,ਅਮਲੀ ਜੀਵਨ ਦਾ ਜ਼ਿਕਰ ਹੈ। ਇਸਦਾ ਸਥਾਨ ਇਸਲਾਮ ਵਿਚ ਉਸੇ ਤਰ੍ਹਾਂ ਹੈ ਜਿਵੇਂ ਸਿੱਖਾਂ ਵਿਚ ਜਨਮ ਸਾਖੀ ਅਤੇ ਬੋਧੀਆਂ ਵਿਚ ਜਾਤਕ ਕਥਾਵਾਂ ਦਾ। ਹਦੀਸ ਬਾਰੇ ਪ੍ਰੋ. ਗੁਰਚਰਨ ਸਿੰਘ ਤਲਵਾੜਾ ਸੂਫੀਮਤ ਸੰਕਲਪ ਕੋਸ਼ ਵਿਚ ਇੰਝ ਬਿਆਨ ਕਰਦੇ ਹਨ, "ਹਦੀਸ ਹਜ਼ਰਤ

---

[59] ਪ੍ਰੋ. ਗੁਰਚਰਨ ਸਿੰਘ ਤਲਵਾੜਾ ,*ਸੂਫੀਮਤ ਸੰਕਲਪ ਕੋਸ਼*, ਪੰਨਾ 235.

ਮੁਹੰਮਦ ਦੇ ਇਰਸ਼ਾਦ ਬਚਨ, ਕੌਲ, ਅਮਲੀ, ਜੀਵਨ ਜਾਂਚ ਨਾਲ ਸਬੰਧਤ ਕੰਮਾਂ, ਅਮਲ ਦੇ ਸੰਗ੍ਰਹਿ ਨੂੰ ਹਦੀਸ ਜਾਂ ਹਦੀਸ ਸ਼ਰੀਫ ਕਿਹਾ ਜਾਂਦਾ ਹੈ। ਇਸ ਨੂੰ ਆਮ ਭਾਸ਼ਾ ਵਿਚ ਹਦੀਸ-ਏ-ਨਬਵੀ ਵੀ ਕਹਿ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਹਦੀਸ ਸ਼ਰੀਫ ਉਹਨਾਂ ਕਿਤਾਬਾਂ, ਗ੍ਰੰਥਾਂ ਦਾ ਸੰਗ੍ਰਹਿ ਹੈ ਜਿਨ੍ਹਾਂ ਵਿਚ ਅੱਲਾਹ ਦੇ ਰਸੂਲ ਹਜ਼ਰਤ ਮੁਹੰਮਦ ਸਾਹਿਬ ਦੁਆਰਾ ਫੁਰਮਾਏ ਉਨ੍ਹਾਂ ਦੇ ਬਚਨ, ਉਨ੍ਹਾਂ ਦੁਆਰਾ ਕੀਤੇ ਅਮਲ, ਉਹਨਾਂ ਦੁਆਰਾ ਆਪਣੀ ਉਮੱਤ ਅਤੇ ਸਹਾਬੀਆਂ ਨੂੰ ਕੀਤੀਆਂ ਹਦਾਇਤਾਂ, ਨਸੀਹਤਾਂ ਨੂੰ ਨਕਲ, ਦਰਜ ਕੀਤਾ ਗਿਆ ਹੈ। ਹਦੀਸਾਂ ਦਾ ਸੰਗ੍ਰਹਿ ਭਾਵੇਂ ਪੈਗੰਬਰੇ ਇਸਲਾਮ ਦੇ ਸਮੇਂ ਸ਼ੁਰੂ ਹੋ ਗਿਆ ਸੀ ਲੇਕਿਨ ਇਹ ਅਮਲ ਆਪ ਦੀ ਵਫਾਤ ਤੋਂ ਬਾਅਦ ਵੀ ਆਪ ਦੇ ਸਹਾਬੀਆ ਦੁਆਰਾ ਜਾਰੀ ਰੱਖਿਆ ਗਿਆ। ਹਦੀਸਾਂ ਨੂੰ ਮੁੱਖ ਤੌਰ ਤੇ ਤਿੰਨ ਵਰਗਾਂ ਵਿਚ ਵੰਡਿਆ ਜਾਂਦਾ ਹੈ। ਹਦੀਸ-ਏ-ਸਹੀ, ਜਿਸ ਬਾਰੇ ਉਲਮਾਂ ਲੋਕਾਂ ਦੀ ਆਮ ਸਹਿਮਤੀ ਹੈ। ਹਦੀਸ-ਏ-ਹਸਨ, ਦੂਜੇ ਦਰਜੇ ਦੀ ਹਦੀਸ ਕਹਾਉਂਦੀ ਹੈ ਅਤੇ ਹਦੀਮ-ਏ-ਜ਼ਰੀਫ਼ ਦਾ ਦਰਜਾ, ਤੀਜੇ ਦਰਜੇ ਦਾ ਮੰਨਿਆ ਜਾਂਦਾ ਹੈ। ਹਦੀਸ-ਏ-ਜ਼ਈਫ਼ ਨੂੰ ਦਰਜੇ ਮੁਤਾਬਿਕ ਹਦੀਸ-ਏ-ਸਹੀ ਅਤੇ ਹਦੀਸ-ਏ-ਹਸਨ ਤੋਂ ਬਾਅਦ ਰੱਖਿਆ ਜਾਂਦਾ ਹੈ। ਸਹੀ ਬੁਖਾਰੀ, ਸਹੀ ਮੁਸਲਿਮ, ਸੁਨਨ ਅਬੂ ਦਾਊਦ, ਜਾਮਿ ਤਿਰਮਿਜ਼ੀ ਸੁਨਨ ਇਬਨੇ ਮਾਜਾ ਅਤੇ ਸਹੀ ਨਿਸਾਈ ਹਦੀਮਾਂ ਦੇ ਪ੍ਰਸਿੱਧ ਸੰਗ੍ਰਹਿ ਹਨ। ਇਹਨਾਂ ਛੇ ਸੰਗ੍ਰਹਿਆਂ ਨੂੰ 'ਸਿਹਾ ਸਿੱਤਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹਨਾਂ ਛੇ ਪ੍ਰਸਿੱਧ ਗ੍ਰੰਥਾਂ ਵਿਚ ਵੀ ਸਹੀ ਬੁਖ਼ਾਰੀ ਅਤੇ ਸਹੀ ਮੁਸਲਿਮ ਦਾ ਸਥਾਨ ਸਭ ਤੋਂ ਉਪਰ ਮੰਨਿਆ ਜਾਂਦਾ ਹੈ।"[60] ਇਸਲਾਮ ਵਿਚ ਕਈ ਹਦੀਸਾਂ ਪ੍ਰਚਲਿਤ ਹਨ ਜੋ ਉਹਨਾਂ ਦੇ ਸਮਕਾਲੀਆਂ ਵੱਲੋਂ ਲਿਖੀਆਂ ਗਈਆਂ ਪਰ ਕੁਝ ਇੰਨ੍ਹਾਂ ਵਿੱਚੋਂ ਪ੍ਰਮੁਖ ਹਨ। ਹਦੀਸਾਂ ਤੋਂ ਸ਼ਰੀਅਤ,ਨਮਾਜ਼ ਪੜ੍ਹਨ ਦਾ ਢੰਗ, ਵੂਜ਼ੂ ਕਰਨ ਦੇ ਢੰਗ, ਹੱਜ, ਰੋਜ਼ੇ, ਜ਼ਕਾਤ, ਈਦ ਆਦਿ ਬਾਰੇ ਵਿਸਥਾਰ ਸਹਿਤ ਜਾਣਕਾਰੀ ਮਿਲਦੀ ਹੈ।

**4.3.6 ਨਮਾਜ਼**

ਨਮਾਜ਼ ਇਸਲਾਮ ਵਿਚ ਦੂਜੇ ਸਥਾਨ ਤੇ ਆਉਂਦਾ ਹੈ ਅੱਲਾਹ ਅਤੇ ਮੁਹੰਮਦ ਤੋਂ ਬਾਅਦ ਪੰਜ ਨਮਾਜ਼ਾਂ ਹਰ ਮੁਸਲਮਾਨ ਨੇ ਨਿਯਤ ਸਮੇਂ ਅਨੁਸਾਰ ਹਰ ਰੋਜ਼ ਪੜ੍ਹਨੀਆਂ ਹਨ। ਹਥਲੇ ਖੋਜ ਕਾਰਜ ਵਿਚ ਨਮਾਜ਼ ਉਪਰ ਧਿਆਨ ਕੇਂਦਰਿਤ ਕੀਤਾ ਜਾਵੇਗਾ ਕਿਉਂਕਿ ਨਮਾਜ਼ ਇਸਲਾਮ ਵਿਚ ਪ੍ਰਾਰਥਨਾ ਦਾ ਹੀ ਰੂਪ ਹੈ ਜੋ ਇਸਲਾਮ ਵਿਚ ਦਿਨ ਵਿਚ ਪੰਜ ਵਾਰ ਭਾਵ ਸਾਰੇ ਧਰਮਾਂ ਨਾਲੋਂ ਜ਼ਿਆਦਾ ਵਾਰ ਪ੍ਰਾਰਥਨਾ ਕੀਤੀ ਜਾਂਦੀ ਹੈ। ਸੰਸਾਰ ਵਿਚ ਜਦੋਂ ਨਮਾਜ਼ ਦਾ ਟਾਈਮ ਹੁੰਦਾ ਹੈ ਮਸਜਿਦ ਵਿਚ ਅਜ਼ਾਨ ਦਿੱਤੀ ਜਾਂਦੀ ਹੈ ਤਾਂ ਉਸੇ ਵਕਤ ਹਰ ਮੁਸਲਮਾਨ ਨਮਾਜ਼ ਲਈ ਤਿਆਰੀ ਕਰ ਲੈਂਦਾ ਹੈ।ਪ੍ਰੋ. ਗੁਰਚਰਨ ਸਿੰਘ ਤਲਵਾੜਾ ਸੂਫੀਮਤ ਸੰਕਲਪ ਕੋਸ਼ ਅਨੁਸਾਰ ਨਮਾਜ਼ "ਨਮਾਜ਼ ਇਸਲਾਮ ਦਾ ਦੂਜਾ ਬੁਨਿਆਦੀ ਰੁਕਨ ਹੈ ਜਿਸਦੀ ਪਾਲਣਾ ਕਰਨੀ ਹਰ ਬਾਲਗ ਅਤੇ ਅਕਲਮੰਦ ਮੁਸਲਮਾਨ ਔਰਤ ਮਰਦ ਲਈ ਲਾਜ਼ਮੀ ਹੈ। ਦਿਨ ਵਿਚ ਪੰਜ ਵੇਲੇ ਨਮਾਜ਼ ਪੜ੍ਹਨੀ ਫਰਜ਼ ਹੈ, ਜ਼ਰੂਰੀ ਹੈ। ਨਮਾਜ਼ ਦਰ ਹਕੀਕਤ ਪੰਜ ਵਾਰੀ ਅੱਲਾਹ ਦੀ ਯਾਦ ਵਿਚ ਜੁੜਨਾ ਹੈ, ਅੱਲਾਹ ਨੂੰ ਯਾਦ ਕਰਨਾ ਹੈ, ਉਸਦੀ ਸ਼ਾਨ, ਉਸਦੀ ਅਜ਼ਮਤ ਬਾਰੇ ਸੋਚਣਾ ਹੈ। ਉਸ ਨਾਲ ਮੁਹੱਬਤ ਦਾ ਅਹਿਸਾਸ ਕਰਨਾ ਹੈ। ਉਸ ਨਾਲ ਰਾਬਤਾ ਕਾਇਮ ਕਰਨਾ ਹੈ। ਦੀਨ ਵਿਚ ਹਦਾਇਤ

[60] ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼*,ਪੰਨਾ 183-84.

ਹੈ ਕਿ ਨਮਾਜ਼ ਅਦਾ ਕਰਦੇ ਸਮੇਂ ਐਸਾ ਅਹਿਸਾਸ ਹੋਵੇ ਕਿ ਅੱਲਾਹ ਦੇ ਹਜ਼ੂਰ ਨਮਾਜ਼ ਅਦਾ ਕੀਤੀ ਜਾ ਰਹੀ ਹੈ ਤੇ ਅੱਲਾਹ ਦੇਖ ਰਿਹਾ ਹੈ। ਸਭ ਪਾਸਿਉਂ ਧਿਆਨ ਹਟਾ ਕੇ ਅੱਲਾਹ ਦੀ ਤਰਫ ਲਗਾਉਣਾ ਹੈ।"[61] ਇਸਲਾਮ ਵਿਚ ਨਮਾਜ਼, ਸਿੱਖਾਂ ਵਿਚ ਅਰਦਾਸ, ਇਸਾਈਆਂ ਵਿਚ ਪ੍ਰੇਅਰ ਅਤੇ ਹਿੰਦੂ ਧਰਮ ਵਿਚ ਪ੍ਰਾਰਥਨਾ ਇਕੋ ਜਿਹਾ ਸਥਾਨ ਰੱਖਦੀ ਹੈ। ਦੂਜੇ ਧਰਮਾਂ ਵਿਚ ਇਹ ਦਿਨ ਵਿਚ ਇਕ ਜਾਂ ਦੋ ਵਾਰ ਕਰਨ ਦੀ ਤਾਕੀਦ ਹੈ ਜਦਕਿ ਇਸਲਾਮ ਵਿਚ ਇਹ ਦਿਨ ਵਿਚ ਪੰਜ ਵਾਰ ਕੀਤੀ ਜਾਂਦੀ ਹੈ ਅਤੇ ਸਾਰਾ ਇਸਲਾਮ ਜਗਤ ਇਸ ਆਦੇਸ਼ ਨੂੰ ਬਾਖੂਬੀ ਨਿਭਾਉਂਦਾ ਹੈ ਅਤੇ ਅੱਲਾਹ ਪਾਕ ਦੇ ਦਰ ਤੇ ਪ੍ਰਵਾਨ ਚੜ੍ਹਦਾ ਹੈ। ਨਮਾਜ਼ ਤੋਂ ਪਹਿਲਾਂ ਅਤੇ ਨਮਾਜ਼ ਦੌਰਾਨ ਇਸ ਨਾਲ ਸਬੰਧਤ ਜਿਹੜੇ ਕਾਰਜ ਕੀਤੇ ਜਾਂਦੇ ਹਨ ਉਹਨਾਂ ਦੀ ਆਪਣੇ ਥਾਂ ਅਲੱਗ ਮਹੱਤਤਾ ਹੈ ਇਸਲਾਮ ਇਕ ਅੱਲਾਹ ਵਿਚ ਵਿਸ਼ਵਾਸ਼ ਰੱਖਣ ਵਾਲਾ ਧਰਮ ਹੈ । ਅੱਲਾਹਦੀ ਸ਼ਾਨ ਵਿਚ ਇਹ ਨਮਾਜ਼ਾਂ ਪੜ੍ਹੀਆਂ ਜਾਂਦੀਆਂ ਹਨ।

ਕੁਰਾਨ ਦੀ ਭਾਸ਼ਾ ਅਰਬੀ ਹੈ ਨਮਾਜ਼ ਨੂੰ ਅਰਬੀ ਵਿਚ ਸਲਾਤ ਕਹਿੰਦੇ ਹਨ। "ਸਲਾਤ ਅਰਬੀ ਭਾਸ਼ਾ ਵਿਚ ਨਮਾਜ਼ ਨੂੰ ਕਹਿੰਦੇ ਹਨ, ਇਸਦਾ ਬਹੁਵਚਨ ਹੈ ਸਲਵਾਤ। ਕੁਰਆਨ ਮਜੀਦ ਵਿਚ ਕਿਤੇ ਵੀ ਨਮਾਜ਼ ਸ਼ਬਦ ਨਹੀਂ ਆਇਆ, ਸਲਾਤ ਜਾਂ ਸਲਵਾਤ ਸ਼ਬਦ ਆਇਆ ਹੈ। ਮਿਸਾਲ ਦੇ ਤੌਰ 'ਤੇ ਸੂਰਹ ਬਕਰ ਦੀ ਆਇਤ ਨੰਬਰ 234 ਨੂੰ ਦੇਖਿਆ ਜਾ ਸਕਦਾ ਹੈ ਜਿਸ ਵਿਚ ਇਰਸ਼ਾਦ ਹੈ ਕਿ ਸਭ ਸਲਵਾਤਾਂ (ਨਮਾਜ਼ਾਂ) ਦੀ ਹਿਫਾਜ਼ਤ ਕਰੋ।"[62] ਕੁਰਾਨ ਸ਼ਰੀਫ ਵਿਚ ਹਰ ਮੁਸਲਮਾਨ ਨੂੰ ਪੰਜ ਨਮਾਜ਼ਾਂ ਪੜ੍ਹਨ ਦੀ ਸਖਤ ਹਦਾਇਤ ਵਾਰ-ਵਾਰ ਦੁਹਰਾਈ ਗਈ ਹੈ।

ਇਸਲਾਮ ਦੀ ਮਹਾਨ ਹਸਤੀ ਹਜ਼ਰਤ ਰਾਬਿਆਹ ਦਾ ਅਰਦਾਸ ਕਰਨ ਦਾ ਅੰਦਾਜ਼ ਇਸ ਪ੍ਰਕਾਰ ਸੀ।"ਐ ਅੱਲਾਹ! ਮੇਰਾ ਕੰਮ ਤਾਂ ਸਿਰਫ ਭਜਨ ਤੇ ਸਿਮਰਨ ਹੈ ਤੇ ਜਦੋਂ ਮੈਂ ਇਸ ਦੁਨੀਆਂ ਤੋਂ ਜਾਵਾਂ ਤਾਂ ਬੱਸ ਇਹੋ ਪ੍ਰਬਲ ਇੱਛਾ ਲੈ ਕੇ ਜਾਵਾਂ ਕਿ ਮੈਨੂੰ ਤੇਰਾ ਦੀਦਾਰ ਹੁੰਦਾ ਰਹੇ। ਵੈਸੇ ਤੂੰ ਸਭ ਦਾ ਸੁਆਮੀ ਹੈ, ਮਾਲਿਕ ਕੁਲ ਹੈ ਤੇ ਇਸ ਕਰਕੇ ਖੁਦ ਮੁਖਤਿਆਰ ਜਾਂ ਸੁਤੰਤਰ ਵੀ ਹੈ।" [63] ਸੋ ਰਬ ਨਾਲ ਇਕਮਿਕ ਰੂਹਾਂ ਦੀਆਂ ਅਰਦਾਸਾਂ ਦਾ ਸੰਸਾਰ ਵੱਖਰੀ ਕਿਸਮ ਦਾ ਹੁੰਦਾ ਹੈ ਉਹ ਰੱਬ ਤੋਂ ਰੱਬ ਦੇ ਸਿਵਾਏ ਕੁਝ ਨਹੀਂ ਮੰਗਦੇ ਉਹਨਾਂ ਦਾ ਸਾਰਾ ਜੀਵਨ ਹੀ ਰੱਬੀ ਨਿਯਮ ਵਿਚ ਗੁਜ਼ਰਿਆ। ਆਪ ਜੀ ਦੇ ਜੀਵਨ ਦੇ ਦਰਸ਼ਨ ਕਰਦਿਆਂ ਮਨ ਖੇੜੇ ਵਿਚ ਆ ਜਾਂਦਾ ਹੈ ਕਿ ਕਿਸ ਤਰ੍ਹਾਂ ਰੱਬ ਦੇ ਪਿਆਰੇ ਵੀ ਇਸ ਫਾਨੀ ਸੰਸਾਰ ਵਿਚ ਰਹਿ ਕੇ ਦੁਨੀਆਂ ਨੂੰ ਅੱਲਾਹ ਦੇ ਪਿਆਰ ਵਿਚ ਰਹਿਣ ਦਾ ਢੰਗ ਸਿਖਾ ਗਏ ਹਨ।

ਭਾਈ ਕਾਨ੍ਹ ਸਿੰਘ ਰਚਿਤ ਮਹਾਨ ਕੋਸ਼ ਵਿਚ ਨਮਾਜ਼ ਬਾਰੇ ਇਸ ਪ੍ਰਕਾਰ ਜ਼ਿਕਰ ਆਉਂਦਾ ਹੈ, "ਇਸਲਾਮ ਵਿਚ ਨਮਾਜ਼ ਦਾ ਅਤਿ ਮਹੱਤਵਪੂਰਨ ਸਥਾਨ ਹੈ। ਵਿਸ਼ਵਾਸ਼ ਦੇ ਪੱਖ ਤੋਂ ਤੌਹੀਦ ਪੂਰੇ ਧਰਮ ਦਾ ਸੁਰਚਸ਼ਮਾ ਹੈ ਅਤੇ ਕਰਮ/ਵਿਹਾਰ ਦੇ ਪੱਖ ਤੋਂ ਨਮਾਜ਼ ਪੂਰੇ ਦੀਨ ਦੀ ਅਮਲੀ ਬੁਨਿਆਦ ਹੈ। ਨਮਾਜ਼ ਇਕ ਵਿਸ਼ੇਸ ਇਸਲਾਮੀ ਇਬਾਦਤ ਹੈ ਜੋ ਹਰ ਅਕਲਮੰਦ, ਬਾਲਿਗ ਅਤੇ ਸਮਰੱਥ ਮਰਦਾ ਜਾਂ ਔਰਤ ਲਈ ਸਰੀਰ ਲਿਬਾਸ ਅਤੇ ਸਥਾਨ ਦੀ ਪਵਿੱਤਰਤਾ ਸਹਿਤ ਨਿਸ਼ਚਿਤ ਸਮੇਂ ਅਨੁਸਾਰ ਦਿਨ ਵਿਚ ਪੰਜ

---

[61] ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼*, ਪੰਨਾ 33.
[62] ਉਹੀ,ਪੰਨਾ 127.
[63] ਡਾ. ਗੁਰਦੇਵ ਸਿੰਘ, *ਹਜ਼ਰਤ ਰਾਬਿਅਹ ਬਸਰੀ* ,ਪੰਨਾ 81.

ਵਾਰ, ਅਦਾ ਕਰਨਾ ਫਰਜ਼ ਹੈ। ਕੁਰਆਨ ਸ਼ਰੀਫ਼ ਵਿਚ ਵੀ ਨਮਾਜ਼ ਦੀ ਤਾਕੀਦ ਹੋਰ ਧਾਰਮਿਕ ਫਰਜ਼ਾਂ ਨਾਲੋਂ ਅਧਿਕ ਵਾਰ ਕੀਤੀ ਗਈ ਹੈ।"[64] ਕੋਈ ਵੀ ਸੱਚਾ ਮੁਸਲਮਾਨ ਨਮਾਜ਼ ਦਾ ਵਕਤ ਖੁੰਝਾਉਦਾ ਨਹੀਂ ਕਹਿੰਦੇ ਹਨ ਕਿ ਬਾਬਰ ਚੱਲਦੀ ਜੰਗ ਵਿਚ ਵੀ ਨਮਾਜ਼ ਅਦਾ ਕਰ ਲੈਂਦਾ ਸੀ। ਇਸ ਗੱਲ ਤੋਂ ਇਸਲਾਮ ਵਿਚ ਨਮਾਜ਼ ਦੀ ਮਹੱਤਤਾ ਦਾ ਪਤਾ ਲਗਦਾ ਹੈ।

ਡਾ.ਅਨਵਰ ਚਰਾਗ ਰਚਿਤ ਇਸਲਾਮ ਚਿੰਤਨ ਅਤੇ ਪੰਜਾਬੀ ਸੂਫੀ ਕਵਿਤਾ ਵਿਚ ਨਮਾਜ਼ ਦਾ ਜ਼ਿਕਰ ਇਸ ਪ੍ਰਕਾਰ ਆਇਆ ਹੈ, "ਇਸਲਾਮ ਵਿਚ ਨਮਾਜ਼ ਪੜ੍ਹਨਾ ਆਪਣੇ ਅਮਲਾਂ ਨੂੰ ਸੁੱਚਾ ਕਰਨਾ ਹੈ। ਇਸ ਲਈ ਹਰ ਮੁਸਲਮਾਨ ਤੇ ਨਮਾਜ਼ ਫਰਜ਼ ਹੈ। ਜਦੋਂ ਵੀ ਬੱਚਾ ਸਮਝ ਵਾਲਾ ਹੋ ਜਾਵੇ ਧਿਆਨ ਨਾਲ ਨਮਾਜ਼ ਪੂਰੇ ਨਿਯਮ ਅਨੁਸਾਰ ਪੜ੍ਹ ਸਕਦਾ ਹੋਵੇ ਉਸ ਸਮੇਂ ਤੋਂ ਨਮਾਜ਼ ਪੜ੍ਹਨਾ ਉਸ ਲਈ ਜ਼ੂਰਰੀ ਹੋ ਜਾਂਦਾ ਹੈ ਦਿਨ ਵਿਚ ਪੰਜ ਵਾਰ ਮਨੁੱਖ ਜੋ ਅੱਲਾ ਤਾਅਲਾ ਦੇ ਰੂ-ਬ-ਰੂ ਹੋਵੇ ਆਪਣੀਆਂ ਭੁੱਲਾਂ ਬਖਸ਼ਾਵੇ। ਕੁਦਰਤੀ ਉਸ ਵਿਚ ਇਲਾਹੀ ਗੁਣਾਂ ਦਾ ਵਾਧਾ ਹੁੰਦਾ ਹੈ ਬਸ਼ਰਤੇ ਉਸ ਨਮਾਜ਼ ਨੂੰ ਅੰਦਰੋਂ ਪੜੇ ਜੋ ਉਹ ਸਿਰਫ ਵਿਖਾਵਾ ਕਰ ਰਿਹਾ ਤਾਂ ਬੇਸ਼ੱਕ ਸਾਰੀ ਉਮਰ ਕਰੋ। ਅੱਲਾਹ ਦੀ ਹੋਂਦ ਵਿਚ ਪੂਰੀ ਤਰ੍ਹਾਂ ਵਿਸ਼ਵਾਸ਼ ਰੱਖਣਾ ਅਤੇ ਉਸਨੂੰ ਹਾਜ਼ਰ ਨਾਜ਼ਰ ਜਾਣ ਕੇ ਨਮਾਜ਼ ਅਦਾ ਕਰਨੀ ਹੀ ਇਸਲਾਮ ਵਿਚ ਜ਼ਰੂਰੀ ਹੈ।"[65] ਨਮਾਜ਼ ਪੜ੍ਹਨ ਨਾਲ ਜਿੱਥੇ ਅੱਲਾਹ ਦੀ ਨੇੜਤਾ ਹਾਸਿਲ ਹੁੰਦੀ ਹੈ ਉਥੇ ਇਨਸਾਨ ਦੇ ਅਮਲ ਵੀ ਸੁੱਚੇ ਹੁੰਦੇ ਹਨ। ਦਿਨ ਵਿਚ ਪੰਜ ਵਾਰ ਅੱਲਾਹ ਨਾਲ ਹਮਕੱਲਾਮ ਹੋਣ ਤੇ ਇਨਸਾਨ ਦੀ ਅੰਦਰ ਦੀ ਮੈਲ ਲੱਥ ਜਾਂਦੀ ਹੈ ਅਤੇ ਉਹ ਪਾਕ ਪਵਿੱਤਰ ਹੋ ਜਾਂਦਾ ਹੈ।

ਰਾਹੁਲ ਸੰਕਰਤਾਇਣ ਰਚਿਤ ਇਸਲਾਮ ਧਰਮ ਦੀ ਰੂਪ ਰੇਖਾ ਵਿਚ ਨਮਾਜ਼ ਬਾਰੇ ਇਸ ਪ੍ਰਕਾਰ ਜ਼ਿਕਰ ਆਇਆ ਹੈ, "ਨਮਾਜ਼ (ਸਲਾਤ,ਪ੍ਰਾਰਥਨਾ) ਹਰੇਕ ਮੁਸਲਮਾਨ ਦਾ ਨਿਤ ਕਰਮ ਹੈ। ਜਿਸਨੂੰ ਨਾ ਕਰਨ ਵਾਲਾ ਪਾਪ ਦਾ ਭਾਗੀ ਹੁੰਦਾ ਹੈ। ਸਲਾਤ ਅਤੇ ਮੱਧ ਸਲਾਤ ਲਈ ਸਾਵਧਾਨ ਰਹੋ। ਨਿਮਰਤਾਪੂਰਵਕ ਪਰਮੇਸ਼ਵਰ ਲਈ ਖੜੇ ਹੋਵੇ। ਜੇਕਰ ਖਤਰੇ 'ਚ ਹੋ ਤਾਂ ਪੈਦਲ ਜਾਂ ਸਵਾਰ ਹੀ (ਉਸਨੂੰ ਪੂਰਾ ਕਰੋ) ਦੁਬਾਰਾ ਜਦੋਂ ਸ਼ਾਤ ਹੋਵੋ ਤਾਂ ਰੱਬ ਨੂੰ ਯਾਦ ਕਰੋ।" (3:32:34) ਨਮਾਜ਼ ਦਾ ਸਥਾਨ ਇਸਲਾਮ ਵਿਚ ਉਹੀ ਹੈ ਜੋ ਹਿੰਦੂ ਧਰਮ ਵਿਚ ਸੰਧਿਆ ਜਾ ਬ੍ਰਹਮਯੋਗ ਦਾ।"[66] ਇਸਲਾਮ ਵਿਚ ਨਮਾਜ਼ ਅਦਾ ਕਰਨ ਲਈ ਸਖ਼ਤ ਹਦਾਇਤਾਂ ਵੀ ਹਨ। ਜੋ ਨਮਾਜ਼ ਅਦਾ ਨਹੀਂ ਕਰਦਾ ਮੁਸਲਮਾਨ ਨਹੀਂ ਹੋ ਸਕਦਾ। ਉਸਨੂੰ ਪਾਪ ਦਾ ਭਾਗੀ ਜਾਂ ਕਾਫਿਰ ਕਿਹਾ ਜਾਂਦਾ ਹੈ। ਜਿਸਦਾ ਅਰਥ ਹੈ ਰੱਬ ਦੀ ਹੋਂਦ ਤੋਂ ਇਨਕਾਰੀ ਭਾਵ ਜੋ ਰੱਬ ਦੀ ਹੋਂਦ ਨੂੰ ਨਾ ਮੰਨਦਾ ਹੋਵੇ, ਨਮਾਜ਼ ਅਦਾ ਨਾ ਕਰੇ।

ਇਸੇ ਕਰਕੇ ਦੂਜੇ ਧਰਮਾਂ ਨਾਲੋਂ ਜ਼ਿਆਦਾ ਵਕਤ ਰੱਬ ਦੀ ਇਬਾਦਤ ਲਈ ਇਸਲਾਮ ਵਿਚ ਨਿਸ਼ਚਿਤ ਕੀਤੇ ਗਏ ਹਨ ਪਰੰਤੂ ਫਿਰ ਵੀ ਮੁਸਲਮਾਨ ਲੋਕਾਂ ਵੱਲੋਂ ਇਹ ਵੇਲੇ ਸੰਭਾਲਣਾ ਅੱਲਾਹ ਦੀ ਨਜ਼ਰ ਵਿਚ ਪ੍ਰਵਾਨ ਚੜ੍ਹਨਾ ਹੈ। ਸੋ ਹਰ ਇਕ ਧਰਮ ਦੀ ਰਹਿਤ ਮਰਿਯਾਦਾ ਜਾਂ ਨਿਯਮ ਵੱਖਰੇ ਹਨ ਪਰ ਜਦੋਂ

[64] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 682.
[65] ਡਾ. ਅਨਵਰ ਚਿਰਾਗ, *ਇਸਲਾਮੀ ਚਿੰਤਨ ਅਤੇ ਸੂਫੀ ਕਵਿਤਾ*, ਪੰਨਾ 29.
[66] ਰਾਹੁਲ ਸੰਕਰਤਾਇਣ, *ਇਸਲਾਮ ਧਰਮ ਕੀ ਰੂਪ-ਰੇਖਾ*, ਪੰਨਾ 83.

ਵੀ ਕੋਈ ਧਰਮੀਂ ਪੁਰਸ਼ ਆਪਣੇ ਧਰਮ ਦੀ ਅੰਦਰੋਂ ਪਾਲਣਾ ਕਰ ਰਿਹਾ ਹੁੰਦਾ ਹੈ ਤਾਂ ਦੂਜੇ ਧਰਮ ਦਾ ਸੱਚਾ ਧਰਮੀ ਮਨੁੱਖ ਖੁਸ਼ੀ ਮਹਿਸੂਸ ਕਰਦਾ ਹੈ।

ਹਜ਼ਰਤ ਮੌਲਾਨਾ ਮੁਹੰਮਦ ਇਹਤਸ਼ਾਮ ਆਪਣੀ ਰਚਨਾ ਅਰਕਾਨ-ਏ-ਇਸਲਾਮ ਵਿਚ ਨਮਾਜ਼ ਦਾ ਜ਼ਿਕਰ ਇਸ ਪ੍ਰਕਾਰ ਕਰਦੇ ਹਨ। "ਨਮਾਜ਼ ਮੋਮਿਨ ਲਈ ਇਕ ਪੌੜੀ ਦੀ ਨਿਆਈ ਹੈ ਇਸ ਲਈ ਕਿ ਇਸ ਰਾਹੀਂ ਉਸ ਨੂੰ ਆਪਣੇ ਮੌਲਾਂ ਦੇ ਸਾਹਮਣੇ ਪੇਸ਼ ਹੋਣ ਦਾ ਸਮਾਂ ਮਿਲਦਾ ਹੈ ਅਤੇ ਉਸ ਨਾਲ ਗੱਲਬਾਤ ਕਰਨ ਦਾ ਸੁਭਾਗ ਮਿਲਦਾ ਹੈ। ਜਦੋਂ ਨਮਾਜ਼ ਦਿਲ ਵਿਚ ਘਰ ਕਰ ਲੈਂਦੀ ਹੈ ਜਾਂ ਇਸ ਨਾਲ ਲਗਾਉ ਪੈਦਾ ਹੋ ਜਾਂਦਾ ਹੈ ਤਾਂ ਦਿਲ ਉੱਤੋਂ ਗੁਨਾਹਾਂ ਦਾ ਗੁਬਾਰ ਦੂਰ ਹੋ ਜਾਂਦਾ ਹੈ ਅਤੇ ਇਹ ਖੁਦਾ ਦੀ ਮਾਅਰਫਤ ਦੇ ਨੂਰ ਨਾਲ ਰੋਸ਼ਨ ਹੋ ਜਾਂਦਾ ਹੈ ਅਤੇ ਫਿਰ ਆਪਣੇ ਆਪ ਇਨਸਾਨ ਨੂੰ ਬੁਰੀਆਂ ਗੱਲਾਂ ਅਤੇ ਗੁਨਾਹਾਂ ਦੇ ਕੰਮਾਂ ਨਾਲ ਘਿਰਣਾ ਹੋ ਜਾਂਦੀ ਹੈ ਅਤੇ ਸ਼ੁਭ ਅਮਲ ਕਰਨ ਦਾ ਚਾਅ ਪੈਦਾ ਹੋ ਜਾਂਦਾ ਹੈ।"[67]ਇਸ ਗੱਲ ਵਿਚ ਰਤਾ ਵੀ ਝੂਠ ਨਹੀਂ ਕਿ ਧਾਰਮਿਕ ਆਗੂਆਂ ਵੱਲੋਂ ਲੋਕਾਈ ਨੂੰ ਰੱਬ ਨਾਲ ਜੁੜਨ ਲਈ ਜੋ ਪੂਜਾ, ਪਾਠ ,ਪ੍ਰਾਰਥਨਾਵਾਂ ਜਾ ਹੋਰ ਤੌਰ- ਤਰੀਕੇ ਸੰਬਧਿਤ ਧਰਮ ਮੁਤਾਬਿਕ ਦੱਸੇ ਗਏ ਹਨ। ਉਹਨਾਂ ਉਪਰ ਚੱਲ ਕੇ ਹੀ ਕਿਸੇ ਵੀ ਧਰਮ ਦਾ ਸ਼ਰਧਾਲੂ ਆਪਣੇ ਮੰਜ਼ਿਲ ਨੂੰ ਪ੍ਰਾਪਤ ਕਰ ਸਕਦਾ ਹੈ। ਅਕਸਰ ਦੇਖਿਆ ਜਾਂਦਾ ਹੈ ਕਿ ਹਰ ਇਕ ਧਰਮ ਗੁਰੂਆਂ/ਪੈਗੰਬਰਾਂ ਦੀਆਂ ਸਿੱਖਿਆਵਾਂ ਨੂੰ ਪਿੱਛੇ ਛੱਡ ਕੇ ਆਪਣੇ ਮੁਤਾਬਿਕ ਉਹਨਾਂ ਦੀ ਵਿਆਖਿਆ ਕਰਦਾ ਹੈ, ਜਿਸ ਨਾਲ ਉਸ ਆਗੂ ਦੀਆਂ ਸਿੱਖਿਆਂਵਾ ਸਮਾਂ ਪਾ ਕੇ ਹੋਰ ਰੂਪ ਧਾਰਨ ਕਰ ਲੈਂਦੀਆ ਹਨ ਸੋ ਜੇਕਰ ਅਸੀਂ ਉਹਨਾਂ ਦੇ ਦਰਸਾਏ ਮਾਰਗ ਦਾ ਇੰਨ-ਬਿੰਨ ਪਾਲਣ ਕਰਾਂਗੇ ਤਾਂ ਇਕ ਦਿਨ ਰੱਬ ਦੇ ਘਰ ਵਿੱਚ ਜ਼ਰੂਰ ਪ੍ਰਵੇਸ਼ ਕਰਾਂਗੇ।

ਨਮਾਜ਼ ਇਸਲਾਮ ਰੂਪੀ ਸਰੀਰ ਦੀ ਰੀੜ੍ਹ ਦੀ ਹੱਡੀ ਹੈ। ਨਮਾਜ਼ ਪ੍ਰਤੀ ਇਸਲਾਮ ਦਾ ਬਹੁਤ ਸਖਤ ਰਵੱਈਆ ਹੈ ਤਾਂ ਹੀ ਤੇ ਕਿਹਾ ਹੈ ਕਿ ਜੋ ਨਮਾਜ਼ ਪੜ੍ਹਦਾ ਹੈ ਉਹ ਹੀ ਮੁਸਲਮਾਨ ਹੈ ਦੂਜਾ ਨਹੀਂ, ਅਤੇ ਦੂਜੇ ਚੰਗੇ ਕਰਮਾਂ ਦਾ ਫਲ ਵੀ ਤਾਂ ਮਿਲੇਗਾ ਜੇ ਪੱਕਾ ਨਮਾਜ਼ੀ ਹੋਵੇਗਾ। "ਹਜ਼ਰਤ ਮੁਹੰਮਦ ਸਾਹਿਬ ਨੇ ਫੁਰਮਾਇਆ ਹੈ। ਨਮਾਜ਼ ਦੀਨ ਦਾ ਥੰਮ੍ਹ ਹੈ ਜਿਸਨੇ ਨਮਾਜ਼ ਨੂੰ ਕਾਇਮ ਰੱਖਿਆ ਅਤੇ ਜਿਸਨੇ ਨਮਾਜ਼ ਨੂੰ ਛੱਡ ਦਿੱਤਾ ਉਸਨੇ ਦੀਨ ਨੂੰ ਤਿਆਰ ਦਿੱਤਾ। ਦੂਜੀ ਥਾਂ ਫੁਰਮਾਇਆ ਹੈ ਮੋਮਿਨ ਅਤੇ ਕਾਫਰ ਵਿਚਕਾਰ ਕੇਵਲ ਨਮਾਜ਼ ਦਾ ਫ਼ਰਕ ਹੈ ਭਾਵ ਕੁਫਰ ਅਤੇ ਈਮਾਨ ਵਿਚ ਜ਼ਾਹਰੀ ਫਰਕ ਇਹ ਹੈ ਕਿ ਮੋਮਿਨ ਨਮਾਜ਼ ਪੜ੍ਹਦਾ ਹੈ ਅਤੇ ਕਾਫਿਰ ਨਮਾਜ਼ ਨਹੀਂ ਪੜ੍ਹਦਾ। ਜਿਸ ਮੁਸਲਮਾਨ ਨੇ ਨਮਾਜ਼ ਛੱਡ ਦਿੱਤੀ ਉਸਨੇ ਮੋਮਿਨ ਦੇ ਅਮਲੀ ਲੱਛਣ ਛੱਡ ਕੇ ਕਾਫਿਰ ਦੇ ਲੱਛਣ ਗ੍ਰਹਿਣ ਕਰ ਲਏ। ਕਿਆਮਤ ਦੇ ਦਿਨ ਸਭ ਤੋਂ ਪਹਿਲਾ ਨਮਾਜ਼ ਬਾਰੇ ਪ੍ਰਸ਼ਨ ਹੋਵੇਗਾ। ਜੋ ਉਹ ਕਬੂਲ ਹੋ ਗਈ ਤਾਂ ਦੂਜੇ ਚੰਗੇ ਅਮਲਾਂ ਦਾ ਬਦਲਾ ਦਿੱਾ ਜਾਵੇਗਾ ਨਹੀਂ ਤਾਂ ਸਾਰੇ ਚੰਗੇ ਅਮਲਾਂ ਨੂੰ ਰੱਦ ਕਰ ਦਿੱਤਾ ਜਾਵੇਗਾ।[68]" ਇਸ ਕਰਕੇ ਦੁਨੀਆਂ ਵਿਚ ਸਭ ਤੋਂ ਜ਼ਿਆਦਾ ਮੁਸਲਮਾਨ ਹੀ ਹਨ ਜੋ ਆਪਣੇ ਧਰਮ ਦਾ ਸਖ਼ਤੀ ਨਾਲ ਪਾਲਣ ਕਰਦੇ ਹਨ ਬਾਕੀ ਧਰਮਾਂ ਨੇ

[67] ਹਜ਼ਰਤ ਮੌਲਾਨਾ ਮੁਹੰਮਦ ਇਹਤਸ਼ਾਮ ਅਲਹਸਨ,*ਅਰਕਾਨ-ਏ-ਇਸਲਾਮ*, ਪੰਨਾ 30.
[68] ਉਹੀ ,ਪੰਨਾ 30.

ਕਿਸੇ ਨਾ ਕਿਸੇ ਤਰ੍ਹਾਂ ਆਪੋ-ਆਪਣੇ ਧਰਮ ਵਿਚ ਖੁੱਲਾਂ ਲਈਆਂ ਹੋਈਆਂ ਹਨ ਜਦਕਿ ਇਸਲਾਮ ਇਸ ਮਾਮਲੇ ਵਿਚ ਬੜਾ ਪੱਕਾ ਹੈ।

ਕੁਰਾਨ ਵਿਚ ਨਮਾਜ਼ ਪੜ੍ਹਨ ਬਾਰੇ ਵੱਖ-ਵੱਖ ਸੂਰਤਾਂ ਵਿਚ ਜ਼ਿਕਰ ਇਸ ਪ੍ਰਕਾਰ ਹੈ:

"ਨਮਾਜ਼ ਪੜ੍ਹੋ ਅਤੇ ਜ਼ਕਾਤ ਦਿਆ ਕਰੋ, ਜਿਹੜੇ ਲੋਕ ਸਾਡੇ ਹਜ਼ੂਰ ਨਮਾਜ਼ ਲਈ ਝੁਕਦੇ ਹਨ ਉਨ੍ਹਾਂ ਨਾਲ ਤੁਸੀਂ ਭੀ ਝੁਕਿਆ ਕਰੋ ...। ਮੁਸੀਬਤ ਵੇਲੇ ਨਮਾਜ਼ ਦਾ ਸਹਾਰਾ ਲਿਆ ਕਰੋ।"[69]

"ਨਮਾਜ਼ ਪੜ੍ਹੋ ਅਤੇ ਜ਼ਕਾਤ ਦੇਵੋ ਅਤੇ ਜੋ ਜੋ ਭਲਾਈ ਤੁਸੀਂ ਆਪਣੇ ਲਈ ਕਰ ਸਕਦੇ ਹੋ, ਕਰਕੇ ਪਹਿਲਾਂ ਹੀ ਭੇਜ ਦਿਉ ਅਤੇ ਉਨ੍ਹਾਂ ਨੂੰ ਤੁਸੀਂ ਅੱਲਾਹ ਕੋਲ ਸੁਰੱਖਸ਼ਤ ਪਾਉਂਗੇ।"[70]

"ਐ ਪੈਗੰਬਰ! ਸਾਡੇ ਬੰਦਿਆਂ ਨੂੰ ਜਿਹੜੇ ਈਮਾਨ ਲਿਆਏ ਹਨ ਕਹੋ ਕਿ ਨਮਾਜ਼ ਪੜ੍ਹਨ ਅਤੇ ਜੋ ਕੁਝ ਅਸੀਂ ਉਨ੍ਹਾਂ ਨੂੰ ਦਿੱਤਾ ਹੈ ਉਸ ਵਿਚੋਂ ਗੁਪਤ ਤੇ ਪ੍ਰਗਟ ਰੂਪ ਵਿਚ ਖੁਦਾ ਦੇ ਰਾਹ ਵਿਚ ਖਰਚ ਕਰਦੇ ਰਹਿਣ।"[71]

'ਐ ਪੈਗੰਬਰ! ਤੁਸੀਂ ਘਰ ਵਾਲਿਆ ਨੂੰ ਨਮਾਜ਼ ਦੀ ਤਾਕੀਦ ਕਰੋ ਅਤ ਆਪ ਭੀ ਨਮਾਜ਼ ਤੇ ਕਾਇਮ ਰਹੋ।" [72]

"ਐ ਮੁਸਲਮਾਨੋ! ਰਕੂਅ ਕਰੋ ਅਤੇ ਸਿਜਦੇ ਕਰੋ ਅਤੇ ਆਪਣੇ ਰੱਬ ਦੀ ਬੰਦਗੀ ਕਰੋ ਅਤੇ ਨੇਕੀ ਕਰੋ ਤਾਂ ਕਿ ਤੁਸੀਂ ਆਪਣੀ ਮੁਰਾਦ ਪਾ ਸਕੋ ਅਤੇ ਅੱਲਾਹ ਦੇ ਰਾਹ ਵਿਚ ਇਸ ਤਰ੍ਹਾਂ ਦੀ ਕੋਸ਼ਿਸ਼ ਕਰੋ। ਜਿਹਾ ਕਿ ਕੋਸ਼ਿਸ਼ ਕਰਨ ਦਾ ਹੱਕ ਹੈ ......। ਨਮਾਜ਼ ਪੜੋ ਤੇ ਜ਼ਕਾਤ ਦੇਵੋ ਅਤੇ ਅੱਲਾਹ ਦਾ ਹੀ ਸਹਾਰਾ ਫੜੋ, ਉਹੋ ਤੁਹਾਡਾ ਕਾਰਸਾਜ਼ ਹੈ।"[73]

"ਜਿਹੜੇ ਨਮਾਜ਼ ਪੜ੍ਹਦੇ ਹਨ ਅਤੇ ਜ਼ਕਾਤ ਦਿੰਦੇ ਹਨ ਅਤੇ ਆਖਿਰਤ ਤੇ ਯਕੀਨ ਰੱਖਦੇ ਹਨ ਉਹੋ ਆਪਣੇ ਰੱਬ ਦੀ ਤਰਫੋਂ ਸਿੱਧੇ ਰਸਤੇ ਤੇ ਹਨ।"[74] ਸੋ ਇਸ ਪ੍ਰਕਾਰ ਕੁਰਾਨ ਵਿਚ ਥਾਂ ਪੁਰ ਥਾਂ ਨਮਾਜ਼ ਪੜਨ੍ਹ ਦਾ ਜ਼ਿਕਰ ਆਇਆ ਹੈ। ਨਮਾਜ਼ ਪੜ੍ਹਨ ਦਾ ਮਤਲਬ ਹੈ ਇਕ ਅੱਲਾਹ ਤੇ ਯਕੀਨ ਅਤੇ ਉਸਦੀ ਬਣਾਈ ਹੋਈ ਉਮਤ ਨੂੰ ਪਿਆਰ ਕਰਨਾ, ਸੱਚ ਤੇ ਚੱਲਣਾ, ਗਰੀਬਾਂ ਦੀ ਮਦਦ ਕਰਨੀ, ਨਮਾਜ਼ ਪੜ੍ਹਨ ਵਾਲਾ ਇਹਨਾਂ ਸਾਰੇ ਗੁਣਾਂ ਦਾ ਧਾਰਨੀ ਹੁੰਦਾ ਹੈ।

ਧਰਤੀ ਉੱਤੇ ਆਏ ਹਰ ਇਕ ਪੈਗੰਬਰ ਨੇ ਮਨੁੱਖਤਾ ਨੂੰ ਉਸ ਇਲਾਹੀ ਨੂਰ ਨਾਲ ਜੁੜਨ ਦਾ ਰਸਤਾ ਦਿਖਾਇਆ ਹੈ ਜੋ ਇਸ ਰਸਤੇ ਉਪਰ ਚੱਲੇ, ਚੱਲ ਰਹੇ ਹਨ ਜਾ ਚੱਲਣਗੇ ਉਹੋ ਖੁਦਾਵੰਦ ਦੀ ਰਹਿਮਤ ਦੇ ਪਾਤਰ ਬਣਨਗੇ ਪਰ ਜੋ ਨਿਰੀਆਂ ਤਰਕ-ਵਿਤਰਕ ਜਾਂ ਕੋਰੇ ਫਲਸਫੇ ਪਿੱਛੇ ਲੱਗਣਗੇ, ਉਹ ਕੇਵਲ ਅੱਖਰੀ ਗਿਆਨ ਤੱਕ ਮਹਿਦੂਦ ਰਹਿਣਗੇ।ਅਮਰਵੰਤ ਸਿੰਘ ਆਪਣੇ ਲੇਖ ਨਿਵਾਜ਼ ਵਿਚ ਇਸ ਤਰ੍ਹਾਂ ਜ਼ਿਕਰ ਕਰਦੇ ਹਨ, " ਨਮਾਜ਼ ਇਨਸਾਨ ਲਈ ਇਸ ਲਈ ਜ਼ਰੂਰੀ ਹੈ ਕਿ ਉਹ ਖੁਦਾ ਵੱਲੋਂ ਗਾਫਿਲ ਨਾ

---

[69] ਕੁਰਾਨ ਸ਼ਰੀਫ,*ਸੂਰਤ ਅਲਬਕਰ*, ਰਕੂਅ 5.
[70] ਉਹੀ, *ਸੂਰਤ ਅਲਬਕਰਹ*, ਰਕੂਅ 13.
[71] ਉਹੀ, *ਸੂਰਤ ਇਬਰਾਹੀਮ*, ਰਕੂਅ 5.
[72] ਉਹੀ,*ਸੂਰਤ ਤਾਹ*, ਰਕੂਅ 8.
[73] ਉਹੀ, *ਸੂਰਤ ਹੱਜ*, ਰਕੂਅ 1.
[74]ਉਹੀ, *ਸੂਰਤ ਲੁਕਮਾਨ*, ਰਕੂਅ 1.

ਹੋ ਜਾਵੇ। ਦੁਨੀਆਂ ਦਾ ਧੋਖਾ ਦੇਣ ਵਾਲੀ ਸੰਪੱਤੀ ਉਸਨੂੰ ਇਸ ਹਕੀਕਤ ਤੋਂ ਬੇਧਿਆਨ ਨਾ ਕਰ ਦੇਵੇ ਕਿ ਉਹ ਕਿਸੇ ਦਾ ਬੰਦਾ ਹੈ, ਆਜ਼ਾਦ ਤੇ ਖੁਦਮੁਖਤਿਆਰ ਨਹੀਂ ਹੈ। ਮੌਤ ਮਗਰੋਂ ਉਸਨੇ ਖੁਦਾ ਦੇ ਹਜ਼ੂਰ ਸੁਰਖਰੂ ਹੋਣਾ ਹੈ। ਇਸ ਫ਼ਿਕਰ ਨੂੰ ਤਾਜ਼ਾ ਰੱਖਣ ਤੇ ਖੁਦਾ ਨਾਲ ਇਨਸਾਨ ਦਾ ਸੰਬੰਧ ਜੋੜੀ ਰੱਖਣ ਦਾ ਸਭ ਤੋਂ ਚੰਗਾ ਢੰਗ ਨਮਾਜ਼ ਹੈ ਜੋ ਕਿ ਪ੍ਰਤਿ ਦਿਨ ਕਈ ਵਾਰ ਆਦਮੀ ਨੂੰ ਦੁਨੀਆਂ ਦੇ ਝਮੇਲਿਆਂ ਵੱਲੋਂ ਹਟਾ ਕੇ ਖੁਦਾ ਵੱਲ ਲੈ ਜਾਂਦੀ ਹੈ।"[75] ਹਜ਼ਰਤ ਮੁਹੰਮਦ ਨੇ ਮੋਮਿਨ ਨੂੰ ਪੰਜ ਨਵਾਜ਼ਾਂ ਦਾ ਫਰਜ਼ ਆਇਦ ਕੀਤਾ ਹੈ ਜਿਹੜੀਆਂ ਹਰ ਇਕ ਸਮਝ ਵਾਲੇ ਮਰਦ ਇਸਤਰੀ ਲਈ ਹਰ ਰੋਜ਼ ਜ਼ਰੂਰੀ ਹਨ ਜੋ ਕਿ ਪੰਜ ਵੇਲੇ ਖੁਦਾ ਨਾਲ ਗੱਲਾਂ ਕਰਨ, ਆਪਣੇ ਮਨ ਦੀ ਵਿਥਿਆ ਦੱਸਣ ਦਾ ਮੌਕਾ ਹੈ ਜੋ ਮੁਸਲਮਾਨ ਇਹ ਪੰਜ ਵਕਤ ਖੁੰਝਾ ਦੇਵੇ, ਉਹ ਖੁਦਾ ਤੋਂ ਦੂਰ ਹੋ ਜਾਂਦਾ ਹੈ।

ਇਨਸਾਨ ਨੂੰ ਖੁਦਾ ਨੇ ਧਰਤੀ ਤੇ ਵਰਤਣ ਲਈ ਅਣਗਿਣਤ ਨਿਆਮਤਾਂ ਦਿੱਤੀਆਂ ਹਨ, ਇਹਨਾਂ ਨਿਆਮਤਾਂ ਦਾ ਭਾਰ ਉਹ ਰੱਬ ਅੱਗੇ ਸ਼ੁਕਰਾਨੇ ਦੇ ਰੂਪ ਵਿਚ ਲਾਹ ਸਕਦਾ ਹੈ ਪਰੰਤੂ ਇਨਸਾਨ ਖੁਦਾ ਨੂੰ ਭੁੱਲ ਕੇ ਆਪਣੀ ਖੁਦੀ ਵਿਚ ਚਕਨਾਚੂਰ ਹੋ ਜਾਂਦਾ ਹੈ।ਹਜ਼ਰਤ ਮੌਲਾਨਾ ਮੁਹੰਮਦ ਇਹਤਸ਼ਾਮ ਅਲਹਸਨ ਆਪਣੀ ਰਚਨਾ ਅਰਕਾਨ-ਏ-ਇਸਲਾਮ ਵਿਚ ਜ਼ਿਕਰ ਕਰਦੇ ਹਨ ਕਿ ਜਿਵੇਂ ਇਨਸਾਨ ਪਾਣੀ ਅਤੇ ਵਾਯੂ ਤੋਂ ਬਿਨਾਂ ਜਿਉਂਦਾ ਨਹੀਂ ਰਹਿ ਸਕਦਾ, ਬਿਲਕੁਲ ਇਸੇ ਤਰ੍ਹਾਂ ਹਕੀਕੀ ਇਸਲਾਮ ਤੇ ਈਮਾਨ ਨਮਾਜ਼ੋ ਬਾਝ ਕਾਇਮ ਨਹੀਂ ਰਹਿ ਸਕਦੇ। ਇਸ ਲਈ ਖੁਦਾਵੰਦ ਕਰੀਮ ਨੇ ਹਰ ਹਾਲ ਵਿਚ ਹਰ ਮੁਸਲਮਾਨ ਨੂੰ ਨਮਾਜ਼ ਦਾ ਹੁਕਮ ਦਿੱਤਾ ਹੈ ਅਤੇ ਵਾਰ-ਵਾਰ ਨਮਾਜ਼ ਪੜ੍ਹਨ ਦੀ ਤਾਕੀਦ ਕੀਤੀ ਹੈ ਤਾਂ ਕਿ ਇਸ ਰਾਹੀਂ ਈਮਾਨ ਅਤੇ ਇਸਲਾਮ ਵਿਚ ਰੌਣਕ,ਤਾਜ਼ਗੀ ਅਤੇ ਖੇੜਾ ਪੈਦਾ ਹੁੰਦਾ ਰਹੇ।"[76] ਇਸ ਲਈ ਇਸਲਾਮ ਵਿਚ ਖੁਦਾ ਨੂੰ ਯਾਦ ਰੱਖਣ ਲਈ ਪੈਗੰਬਰ ਹਜ਼ਰਤ ਮੁਹੰਮਦ ਦੁਆਰਾ ਦਿਨ ਵਿਚ ਪੰਜ ਵਾਰ ਪ੍ਰਬੰਧ ਕੀਤਾ ਗਿਆ ਹੈ। ਜੇਕਰ ਨਾਸ਼ੁਕਰਾ ਇਨਸਾਨ ਅਜਿਹਾ ਨਹੀਂ ਕਰਦਾ ਤਾਂ ਉਸਨੂੰ ਕਾਫਿਰ ਕਿਹਾ ਜਾਂਦਾ ਹੈ ਭਾਵ ਜੋ ਰੱਬ ਦੀ ਹੋਂਦ ਤੋਂ ਮੁਨਕਰ ਹੋਵੇ ਕਿਉਂਕਿ ਜੋ ਰੱਬ ਨੂੰ ਸੱਚਮੁੱਚ ਯਾਦ ਰੱਖਦਾ ਹੈ ਉਹ ਨਮਾਜ਼ ਦਾ ਵੇਲਾ ਨਹੀਂ ਖੁੰਝਾਉਂਦਾ ਨਮਾਜ਼ ਨੂੰ ਭੁੱਲਣਾ ਰੱਬ ਨੂੰ ਭੁੱਲਣਾ ਹੈ। ਇਸੇ ਲਈ ਕੁਰਾਨ/ਹਦੀਸ ਵਿਚ ਨਮਾਜ਼ ਪੜ੍ਹਨ ਦਾ ਜ਼ਿਕਰ ਬੜੀ ਹੀ ਸਖ਼ਤੀ ਨਾਲ ਆਇਆ ਹੈ। ਕਿਸੇ ਦਾ ਵੀ ਇਸ ਬਿਨਾਂ ਛੁਟਕਾਰਾ ਨਹੀਂ।

ਇਸ ਤਰ੍ਹਾਂ ਕੁਰਾਨ ਵਿਚ ਥਾਂ ਪੁਰ ਥਾਂ ਨਮਾਜ਼ ਕਾਇਮ ਕਰਨ ਲਈ ਅੱਲਾਹ ਵੱਲੋਂ ਬੜੀ ਵਾਰ ਹਦਾਇਤ ਕੀਤੀ ਗਈ ਹੈ ਅਤੇ ਨਮਾਜ਼ ਅਦਾ ਕਰਨ ਵਾਲੇ ਨੂੰ ਅੱਲਾਹ ਵੱਲੋਂ ਨਿਵਾਜਿਆ ਜਾਂਦਾ ਹੈ। "(ਇਹ ਕਿਤਾਬ) ਮਾਰਗ ਦਰਸ਼ਕ ਹੈ ਉਹਨਾਂ ਪਰਹੇਜ਼ਗਾਰਾਂ ਦੇ ਲਈ ਜੋ ਗੈਬ (ਪਰੋਖ) ਤੇ ਈਮਾਨ ਲਿਆਉਂਦੇ ਹਨ ਅਤੇ ਨਮਾਜ਼ ਕਾਇਮ ਕਰਦੇ ਹਨ।"[77]

"ਇਸ ਵਿਚ ਕੋਈ ਸ਼ੱਕ ਨਹੀਂ ਕਿ ਮੈਂ ਹੀ ਖੁਦਾ ਹਾਂ ਮੇਰੇ ਤੋਂ ਇਲਾਵਾ ਕੋਈ ਹੋਰ ਇਬਾਦਤ ਦੇ ਯੋਗ ਨਹੀਂ , ਸੋ ਤੁਸੀਂ ਮੇਰੀ ਹੀ ਇਬਾਦਤ ਕਰੋ ਅਤੇ ਮੇਰੀ ਯਾਦ ਦੇ ਲਈ ਨਮਾਜ਼ ਕਾਇਮ ਕਰੋ।"[78]

[75] ਅਮਰਵੰਤ ਸਿੰਘ,*ਨਾਨਕ ਪ੍ਰਕਾਸ਼ ਪੱਤ੍ਰਿਕਾ*,ਦਸੰਬਰ 1971,ਪੰਨਾ 112-13.

[76] ਹਜ਼ਰਤ ਮੌਲਾਨਾ ਮੁਹੰਮਦ ਇਹਤਸ਼ਾਮ ਅਲਹਸਨ,*ਅਰਕਾਨ-ਏ-ਇਸਲਾਮ*, ਪੰਨਾ 32.

[77] ਕੁਰਾਨ ਸ਼ਰੀਫ, *ਸੂਰਤ ਅਲਬਕਰਹ*, 2:2-3.

[78] ਉਹੀ, *ਸੂਰਤ ਤਾਹਾ*, 20:14.

"ਐ ਲੋਕੋ! ਜੋ ਕਿਤਾਬ ਨਾਜ਼ਿਲ ਕੀਤੀ ਗਈ ਹੈ, ਉਸਦੀ ਤਿਲਾਵਤ ਕਰੋ ਅਤੇ ਨਮਾਜ਼ ਕਾਇਮ ਕਰੋ। ਬੇਸ਼ੱਕ ਨਮਾਜ਼ ਬੇਹਯਾਈ ਅਤੇ ਬੁਰੇ ਕੰਮਾਂ ਤੋਂ ਰੋਕਦੀ ਹੈ ਅਤੇ ਖੁਦਾ ਨੂੰ ਯਾਦ ਕਰਨਾ ਯਕੀਨਨ ਬਹੁਤ ਵੱਡੀ ਗੱਲ ਹੈ ਅਤੇ ਤੁਸੀਂ ਜੋ ਕੁਝ ਵੀ ਕਰਦੇ ਹੋ, ਅੱਲਾਹ ਉਸ ਤੋਂ ਵਾਕਿਫ ਹੈ।"[79]

ਇਸ ਵਿਚ ਕੋਈ ਸ਼ੱਕ ਨਹੀਂ ਕਿ ਜੋ ਮੁਸਲਮਾਨ ਸੱਚੇ ਦਿੱਲੋ ਦਿਨ ਵਿਚ ਪੰਜ ਵਾਰ ਖੁਦਾ ਨਾਲ ਹਮਕਲਾਮ ਹੁੰਦਾ ਹੈ ਉਸ ਉਪਰ ਖੁਦਾ ਦੀ ਬਰਕਤ ਹੋਣੀ ਲਾਜ਼ਮੀ ਹੈ। ਖੁਦਾ ਉਸਨੂੰ ਕਿਸੇ ਵੀ ਚੀਜ਼ ਤੋਂ ਸੱਖਣਾ ਨਹੀਂ ਰੱਖਦਾ ਸੋ ਅਜਿਹੇ ਅਨੇਕਾਂ ਇਸ਼ਾਰੇ ਸਿੱਧ ਕਰਦੇ ਹਨ ਕਿ ਨਮਾਜ਼ ਹਰ ਮੁਸਲਮਾਨ ਲਈ ਜ਼ਰੂਰੀ ਫਰਜ਼ ਹੈ।

ਪ੍ਰੋ.ਗੁਰਚਰਨ ਸਿੰਘ ਤਲਵਾੜਾ ਰਚਿਤ ਸੂਫੀਮਤ ਸੰਕਲਪ ਕੋਸ਼ ਵਿਚ ਨਮਾਜ਼ ਬਾਰੇ ਇੰਝ ਦਰਜ ਹੈ, "ਨਮਾਜ਼ ਇਸਲਾਮ ਦੇ ਪੰਜ ਬੁਨਿਆਦੀ ਅਰਕਾਨ ਵਿਚੋਂ ਦੂਜਾ ਮਹੱਤਵਪੂਰਨ ਰੁਕਨ ਹੈ ਇਸਲਾਮ ਦੇ ਪੰਜ ਬੁਨਿਆਦੀ ਅਰਕਾਨ ਹਨ ਤੌਹੀਦ ਜਾਂ ਕਲਮਾਂ-ਏ-ਸ਼ਹਾਦਤ ਦਾ ਇਕਰਾਰ, ਨਮਾਜ਼, ਰੋਜ਼ਾ ਜ਼ਕਾਤ ਅਤੇ ਹੱਜ। ਕੁਰਆਨ ਮਜੀਦ ਵਿਚ ਨਮਾਜ਼ ਲਈ ਸ਼ਬਦ ਸਲਾਤ ਆਇਆ ਹੈ ਅਤੇ ਬਾਰ ਬਾਰ ਹਦਾਇਤ ਆਈ ਹੈ ਕਿ ਨਮਾਜ਼ ਕਾਇਮ ਕਰੋ। ਸੂਰਹਾ-ਅਲ-ਬਕਰ ਦੀ ਆਇਤ ਨੰਬਰ 43 ਸੂਰਹਾ-ਅਲ-ਸਾਇਦਾ ਦੀ ਆਇਤ ਨੰ: 55 ਸੂਰਤ ਬਨੀ ਇਸਰਾਇਲ ਦੀ ਆਇਤ ਨੰਬਰ 78 ਵਿਚ ਨਮਾਜ਼ ਕਾਇਮ ਕਰਨ ਦੀ ਹਦਾਇਤ ਆਈ ਹੈ। ਨਮਾਜ਼ ਅਜਿਹਾ ਇਬਾਦਤ ਹੈ ਜੋ ਮੁਸਲਮਾਨਾਂ ਲਈ ਪੰਜ ਵੇਲੇ ਫਰਜ਼ ਹੈ। ਇਸਤੋਂ ਇਲਾਵਾਂ ਨਫ਼ਲ ਭਾਵ ਵਾਧੂ ਨਮਾਜ਼ਾ ਵੀ ਹਨ ਜੋ ਪੜ੍ਹ ਲਈਆਂ ਜਾਣ ਤਾ ਸਵਾਬ ਮਿਲਦਾ ਹੈ, ਨਾ ਪੜ੍ਹੀਆ ਜਾਣ ਤਾਂ ਕੋਈ ਗੁਨਾਹ ਨਹੀਂ ਹੈ। ਨਮਾਜ਼ ਜਮਾਤ ਨਾਲ ਮਸਜਿਦ ਵਿਚ ਪੜ੍ਹਨ ਦੀ ਹਦਾਇਤ ਹੈ, ਲੇਕਿਨ ਮਜਬੂਰੀ ਦੀ ਹਾਲਤ ਵਿਚ ਇੱਕਲਿਆ ਵੀ ਪੜ੍ਹੀ ਜਾ ਸਕਦੀ ਹੈ। ਨਮਾਜ਼ ਪੜ੍ਹਨ ਤੋਂ ਪਹਿਲਾ ਵੁਜ਼ੂ ਕੀਤਾ ਜਾਂਦਾ ਹੈ।"[80] ਨਮਾਜ਼ ਮਸਜਿਦ ਵਿਚ ਪੜ੍ਹੀ ਜਾ ਸਕਦੀ ਹੈ, ਘਰ ਵਿਚ ਇਕੱਲਿਆਂ ਵੀ ਪੜ੍ਹੀ ਜਾ ਸਕਦੀ ਹੈ। ਜੁਮੇਂ ਦੀ ਨਮਾਜ਼ ਜਮਾਤ ਨਾਲ ਹੀ ਪੜ੍ਹਨੀ ਹੈ। ਜਿੱਥੇ ਵੀ ਸਾਫ ਜਗ੍ਹਾ ਮਿਲੇ,ਉਥੇ ਹੀ ਬੈਠ ਕੇ ਨਮਾਜ਼ ਅਦਾ ਕਰੋ, ਜੇਕਰ ਕੋਈ ਆਪਣੇ ਕਾਰੋਬਾਰ ਕਰ ਰਿਹਾ ਹੈ ਤਾਂ ਉਹ ਨਮਾਜ਼ ਦਾ ਸਮਾਂ ਜਾਣਦਾ ਹੋਇਆ ਉਸ ਜਗ੍ਹਾ ਤੇ ਵੀ ਨਮਾਜ਼ ਪੜ੍ਹ ਸਕਦਾ ਹੈ।

ਜਿਹੜੀ ਇਮਾਰਤ ਦੀਆਂ ਥੰਮੀਆਂ ਕਮਜ਼ੋਰ ਹੋ ਜਾਣ ਉਹ ਇਮਾਰਤ ਛੇਤੀ ਢਹਿ ਜਾਂਦੀ ਹੈ ਇਸੇ ਤਰ੍ਹਾਂ ਇਸਲਾਮ ਵਿਚ ਜੋ ਮੁਸਲਮਾਨ ਨਮਾਜ਼ ਤੋਂ ਮੁਨਕਰ ਹੋ ਗਿਆ ਸਮਝੋ ਉਸਦੀ ਜ਼ਿੰਦਗੀ ਦੀ ਸਫਲਤਾ ਦੀ ਥੰਮ੍ਹੀ ਟੁੱਟ ਗਈ ਕਿ ਭਾਵੇਂ ਪੰਜ ਨਮਾਜ਼ਾ ਤੋਂ ਬਿਨਾਂ ਵਾਧੂ ਨਮਾਜ਼ਾਂ ਦਾ ਵੀ ਜ਼ਿਕਰ ਹੈ ਪਰ ਹਰ ਇਕ ਮੁਸਲਮਾਨ ਨੇ ਇਹ ਪੰਜ ਨਮਾਜ਼ਾਂ ਤਾਂ ਪੜ੍ਹਨੀਆਂ ਹੀ ਪੜ੍ਹਨੀਆਂ ਹਨ। "ਦਿਨ ਵਿਚ ਪੰਜ ਵਾਰੀ ਮੱਕੇ ਵੱਲ ਮੂੰਹ ਕਰਕੇ ਨਿਸ਼ਚਿਤ ਨਮਾਜ਼ ਮੁਸਲਮਾਨਾਂ ਦਾ ਫਰਜ਼ ਅਤੇ ਇਸਲਾਮ ਦਾ ਦੂਸਰਾ ਸਤੰਭ ਹੈ। ਨਮਾਜ਼ ਦੇ ਵਕਤਾਂ ਬਾਰੇ ਜੇ ਇਸਲਾਮੀ ਸੰਸਾਰ ਉਪਰ ਵਿਹੰਗਮ ਦ੍ਰਿਸ਼ਟੀ ਪਾਈ ਜਾਵੇ ਤਾਂ ਨਮਾਜ਼ੀਆਂ ਦੀਆਂ ਪਾਲਾਂ ਦੀਆਂ ਪਾਲਾਂ ਦ੍ਰਿਸ਼ਟੀਗੋਚਰ ਹੋਣਗੀਆਂ ਜੋ ਮੱਕਾ ਸ਼ਰੀਫ ਦੇ ਕਾਅਬਾ ਦੇ ਕੇਂਦਰ ਦੁਆਲੇ ਖੜ੍ਹੀਆ ਹਨ

---

[79] ਉਹੀ, *ਸੂਰਤ ਅਲਕਬੂਤ*, 29:45.

[80] ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼*, ਪੰਨਾ 353.

ਅਤੇ ਪੱਛਮੀ ਅਫਰੀਕਾ ਤੋਂ ਲੈ ਕੇ ਚੀਨ ਅਤੇ ਸਾਇਬੇਰੀਆ ਦੇ ਤੋਬੋਲਸ਼ਕ ਸ਼ਹਿਰ ਤੋਂ ਕੈਪਟਾਊਨ ਤੱਕ ਵਿਸ਼ਾਲਤਰ ਮੰਡਲਾਂ ਵਿਚ ਛਾਈਆਂ ਹੋਈਆਂ ਹਨ।"[81]ਕੁਰਾਨ ਵਿਚ ਨਮਾਜ਼ ਕਾਇਮ ਕਰਨ ਲਈ ਅਨੇਕਾਂ ਥਾਵਾਂ ਤੇ ਜ਼ਿਕਰ ਆਇਆ ਹੈ। ਇਸਲਾਮ ਜਿੰਨ੍ਹਾਂ ਪੰਜ ਥੰਮ੍ਹਾਂ ਦੇ ਅਧਾਰ ਤੇ ਖੜ੍ਹਾ ਹੈ ਉਹਨਾਂ ਵਿਚੋਂ ਦੂਜਾ ਥੰਮ੍ਹ ਨਮਾਜ਼ ਹੈ।

ਵਿਦਵਾਨ ਮੰਨਦੇ ਹਨ ਕਿ ਨਮਾਜ਼ ਦਾ ਜ਼ਿਕਰ ਕੁਰਾਨ ਦੀਆਂ ਪਹਿਲੀਆਂ ਸੂਰਤਾਂ ਵਿਚ ਆਉਣ ਦਾ ਮਤਲਬ ਹੈ ਕਿ ਅੱਲਾਹ ਵੱਲੋਂ ਨਮਾਜ਼ ਸ਼ੁਰੂ ਵਿਚ ਹੀ ਲਾਗੂ ਕਰ ਦਿੱਤੀ ਗਈ ਸੀ। ਅਸਰ ਦੀ ਨਿਮਾਜ਼ ਦਾ ਜੋ ਵਿਧਾਨ ਸੀ ਮਦੀਨੀ ਕਾਲ ਖੰਡ ਤੋਂ ਪਹਿਲਾ ਪੂਰਾ ਨਹੀਂ ਸੀ ਹੋਇਆ, "ਅਨੁਸ਼ਾ ਠਾਨਿਕ ਪ੍ਰਾਰਥਨਾ ਦੇ ਲਈ ਸ਼ਬਦ ਸਲਾਤ ਜਿਸ ਵਿਚ ਵਾਉ (ਲਿਖੀ ਜਾਦੀ ਹੈ) ਲਿਪੀਗਤ ਰੂਪ ਵਜੋਂ ਆਰਾਮੀ ਸ਼ਬਦ ਭੰਡਾਰ ਵਿਚੋਂ ਅਰਬੀ ਵਿਚੋਂ ਲੀਤਾ ਗਿਆ ਪ੍ਰਤੀਤ ਹੁੰਦਾ ਹੈ। ਪਰ ਪੂਰਵ ਇਸਲਾਮ ਕਾਲ ਵਿਚ ਜੋ ਨਮਾਜ਼ ਵਿਸ਼ੇਸ਼ ਪ੍ਰਾਰਥਨਾ ਅਨੁਸ਼ਠਾਨ ਹੋਵੇ ਵੀ ਤਾਂ ਨਿਰਸੰਦੇਹ ਅਨਿਯਮਿਤ ਅਤੇ ਅਨੁਪਚਾਰਿਕ ਹੋਵੇਗਾ। 'ਕੁਰਾਨ ਮਜੀਦ' ਦੀ ਇਕ ਪ੍ਰਾਰੰਭਿਕ 'ਸੂਰਤ' ਵਿਚ ਸਲਾਤ ਦੀ ਪਰਿਭਾਸ਼ਾ ਆਈ ਹੈ ਅਤੇ ਕਈ 'ਮੱਕੀ ਆਇਤਾਂ' ਵਿਚ ਉਸਦੀਆਂ ਸ਼ਰਤਾਂ ਦੱਸੀਆਂ ਗਈਆਂ ਹਨ। ਫਿਰ ਵੀ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਸ ਦੇ ਰੋਜ਼ਾਨਾ ਪੰਜਾਂ ਵਕਤਾਂ ਅਤੇ ਸ਼ਰੀਅਤ ਅਨੁਗਤ ਵਿਧੀ ਅਨੁਸਾਰ ਪਵਿਤ੍ਰੱਤਾ ਦੇ ਆਦੇਸ਼ "ਮਦਨੀ ਕਾਲ ਖੰਡ' ਤੋਂ ਪਹਿਲਾਂ ਸੰਪੂਰਨ  ਨਹੀਂ ਹੋਏ ਸਨ। ਸਭ ਤੋਂ ਮਗਰੋਂ 'ਅਸਰ ਦੀ ਨਿਮਾਜ਼' ਦਾ ਵਿਧਾਨ ਹੋਇਆ ਸੀ।"[82] ਨਿਰਸੰਦੇਹ ਮੁਸਲਮਾਨਾਂ ਦੀ ਗਿਣਤੀ ਸੰਸਾਰ ਵਿਚ ਈਸਾਈਆਂ ਤੋਂ ਬਾਅਦ ਦੂਜੇ ਨੰਬਰ 'ਤੇ ਹੈ। ਦਿਨ ਵਿਚ ਪੰਜ ਵਾਰ ਮੱਕੇ ਦੇ ਦੁਆਲੇ ਜੁੜੇ ਮੁਸਲਮਾਨਾਂ ਦਾ ਨਜ਼ਾਰਾ ਦੇਖਣ ਯੋਗ ਹੁੰਦਾ ਹੈ। ਅਜੋਕੇ ਸਮੇਂ ਦੀ ਭੱਜ-ਦੌੜ ਵਾਲੀ ਜ਼ਿੰਦਗੀ ਵਿਚ ਰਹਿੰਦਿਆਂ ਪੰਜ ਵੇਲੇ ਨਮਾਜ਼ ਦੇ ਕੱਢਣੇ ਬੜੀ ਹੀ ਕਠਿਨ ਘਾਲਣਾ ਹੈ। ਪਰ ਫਿਰ ਵੀ ਉਹਨਾਂ ਦੁਆਰਾ ਅਜਿਹਾ ਕਰਨ ਖੁਦਾ ਦੀ ਬਰਕਤ ਹੀ ਹੈ।

ਵੱਖ-ਵੱਖ ਹਦੀਸਾਂ ਵਿਚ ਨਮਾਜ਼ ਦਾ ਜ਼ਿਕਰ ਬੜੇ ਭਾਵਪੂਰਤ ਅਰਥਾਂ ਵਿਚ ਆਇਆ ਹੈ ਜਿਸ ਵਿਚ ਹਜ਼ਰਤ ਮੁਹੰਮਦ ਸਾਹਿਬ ਦੁਆਰਾ ਨਮਾਜ਼ ਪੜ੍ਹਨ ਦੇ ਤਰੀਕੇ,ਨਮਾਜ਼ ਦੀਆਂ ਬਖਸ਼ਿਸ਼ਾਂ ਨਮਾਜ਼ ਪੜ੍ਹਨ ਲਈ ਜਾਣ ਲੱਗਿਆਂ ਹਰ ਇਕ ਕਦਮ ਚੁੱਕਣ ਤੇ ਅੱਲਾਹ ਦੀ ਬਖਸ਼ਿਸ਼ ਦਾ ਜ਼ਿਕਰ ਹਦੀਸਾਂ ਵਿਚ ਇਸ ਪ੍ਰਕਾਰ ਹੈ :-

ਡਾ. ਅਨਵਰ ਚਿਰਾਗ ਦੁਆਰਾ ਸੰਪਾਦਿਤ ਨੂਰ-ਏ-ਹਦੀਸ ਵਿਚ ਨਮਾਜ਼ ਦਾ ਜ਼ਿਕਰ ਇੰਝ ਆਇਆ ਹੈ, "ਹਜ਼ਰਤ ਅਨਸ ( ਰਜ਼ੀ.) ਰਿਵਾਇਤ ਕਰਦੇ ਹਨ ਕਿ ਅੱਲਾਹ ਦੇ ਰਸੂਲ ਨੇ ਇਰਸ਼ਾਦ ਫੁਰਮਾਇਆ, " ਮੇਰੀਆਂ ਅੱਖਾਂ ਦੀ ਠੰਢਕ ਨਮਾਜ਼ ਵਿਚ ਰੱਖੀ ਗਈ ਹੈ।" (ਨਿਸਾਈ)।"[83] ਨਮਾਜ਼ ਨੂੰ ਇਤਨਾ ਵੱਡਾ ਮੁਕਾਮ ਹਾਸਿਲ ਹੈ ਕਿ ਮੁਹੰਮਦ ਸਾਹਿਬ ਇਸ ਲਈ ਅਜਿਹੇ ਸ਼ਬਦ ਵਰਤ ਰਹੇ ਹਨ, ਵੱਖ-ਵੱਖ ਹਦੀਸਾਂ ਵਿਚ ਨਮਾਜ਼ ਦਾ ਜ਼ਿਕਰ ਬੜੇ ਭਾਵਪੂਰਤ ਅਰਥਾਂ ਵਿਚ ਆਇਆ ਹੈ ।

---

[81] ਸ਼ੇਖ ਸਹਾਬੁਦੀਨ ਸੁਹਰਵਰਦੀ ਅਵਾਰਿਫ-ਉਲ-ਮੁਆਰਿਫ, ਪੰਨਾ 12.
[82] *ਅਵਾਰਿਫ-ਉਲ-ਮੁਆਰਿਫ*, ਪੰਨਾ 13.
[83] ਡਾ. ਅਨਵਰ ਚਿਰਾਗ, *ਨੂਰ-ਏ-ਹਦੀਸ*,ਪੰਨਾ57.

ਡਾ. ਅਨਵਰ ਚਿਰਾਗ ਦੁਆਰਾ ਸੰਪਾਦਕ ਨੂਰ-ਏ-ਹਦੀਸ ਵਿਚ ਨਮਾਜ਼ ਦਾ ਜ਼ਿਕਰ ਇੰਝ ਆਇਆ ਹੈ, "ਹਜ਼ਰਤ ਓਮਰ (ਰਜ਼ੀ.) ਫੁਰਮਾਉਂਦੇ ਹਨ ਕਿ ਅੱਲਾਹ ਦੇ ਰਸੂਲ (ਸ.) ਨੇ ਇਰਸ਼ਾਦ ਫਰਮਾਇਆ, ਨਮਾਜ਼ ਦੀਨ ਦਾ ਸਤੂਨ (ਥੰਮ੍ਹ) ਹੈ। (ਜਾਮਿਆ- ਉੱਸ-ਸਗੀਰ)।"[84] ਭਾਵ ਇਸਲਾਮ ਰੂਪੀ ਮਹਿਲ ਦੀ ਬੁਨਿਆਦ ਇਸ ਮਜ਼ਬੂਤ ਥੰਮ੍ਹ ਤੇ ਆਧਾਰਿਤ ਹੈ ਜੇ ਇਹ ਥੰਮ੍ਹ ਨਾ ਹੋਣ ਤਾਂ  ਹਰ ਇਕ ਮਹਿਲ ਦੀ ਹੋਂਦ ਨੂੰ ਖਤਰਾ ਹੈ।

ਡਾ. ਅਨਵਰ ਚਿਰਾਗ ਦੁਆਰਾ ਸੰਪਾਦਿਤ ਨੂਰ-ਏ-ਹਦੀਸ ਵਿਚ ਨਮਾਜ਼ ਦਾ ਜ਼ਿਕਰ ਇੰਝ ਆਇਆ ਹੈ, "ਹਜ਼ਰਤ ਸਈਦ (ਰਹਿ.) ਇਕ ਅਨਸਾਰੀ ਸਾਹਬੀ (ਰਜ਼ੀ.) ਤੋਂ ਰਿਵਾਇਤ ਕਰਦੇ ਹਨ ਕਿ ਮੈਂ ਹਜ਼ੂਰ (ਸ.) ਨੂੰ ਇਹ ਫੁਰਮਾਉਂਦਿਆ ਸੁਣਿਆ ਜਦੋਂ ਤੁਹਾਡੇ ਵਿਚੋਂ ਕੋਈ ਵਿਅਕਤੀ ਅੱਛੀ ਤਰ੍ਹਾਂ ਵੁਜ਼ੂ ਕਰਕੇ ਨਮਾਜ਼ ਦੇ ਲਈ ਨਿਕਲਦਾ ਹੈ ਤਾਂ ਉਸਦੇ ਹਰ ਸੱਜੇ ਕਦਮ ਉਠਾਉਣ ਤੇ ਇਕ ਨੇਕੀ ਅੱਲਾਹ ਤਾਅਲਾ ਲਿਖ ਦਿੰਦੇ ਹਨ ਅਤੇ ਖੱਬਾ ਪੈਰ ਉਠਾਉਣ ਤੇ ਇਕ ਗੁਨਾਹ ਮਾਫ ਕਰ ਦਿੰਦੇ ਹਨ। ਉਹ ਚਾਹੇ ਛੋਟੇ-ਛੋਟੇ ਕਦਮ ਰੱਖੇ ਚਾਹੇ ਲੰਮੇ। ਜੇਕਰ ਇਹ ਵਿਅਕਤੀ ਮਸਜਿਦ ਵਿਚ ਆ ਕੇ ਜਮਾਤ ਦੇ ਨਾਲ ਨਮਾਜ਼ ਪੜ੍ਹ ਲੈਂਦਾ ਹੈ ਤਾਂ ਉਸਤੇ ਬਖਸ਼ਿਸ਼ ਕਰ ਦਿੱਤੀ ਜਾਂਦੀ ਹੈ। ਜੇਕਰ ਨਮਾਜ਼ ਦਾ ਕੁਝ ਹਿੱਸਾ ਹੀ (ਜਮਾਤ ਦੇ ਨਾਲ) ਪੜ੍ਹਦਾ ਹੈ ਤੇ ਬਾਕੀ ਨਮਾਜ਼, ਖੁਦ ਮੁਕੰਮਲ ਕਰਦਾ ਹੈ ਤਾਂ ਵੀ ਉਸਤੇ ਬਖਸ਼ਿਸ਼ ਹੋ ਜਾਂਦੀ ਹੈ ।ਜੇਕਰ ਇਹ ਵਿਅਕਤੀ ਮਸਜਿਦ ਵਿਚ ਆ ਕੇ ਦੇਖਦਾ ਹੈ ਕਿ ਲੋਕ ਨਮਾਜ਼ (ਇਕੱਲਿਆਂ ਹੀ) ਪੜ੍ਹ ਲੈਂਦੇ ਹਨ ਤਾਂ ਇਸ ਸਦਕਾ ਵੀ ਉਸਤੇ ਬਖਸ਼ਿਸ਼ ਕਰ ਦਿੱਤੀ ਜਾਂਦੀ ਹੈ।[85]" ਨਮਾਜ਼ ਪੜ੍ਹਨਾ ਭਾਵ ਅੱਲਾਹ ਨਾਲ ਜੁੜਨਾ ਅਤੇ ਪਿਛਲੇ ਗੁਨਾਹਾਂ ਦੀ ਖਲਾਸੀ ਅਤੇ ਅਗਲਿਆਂ ਗੁਨਾਹਾਂ ਤੋਂ ਬਚਣਾ ਹੈ। ਜਮਾਤ ਨਾਲ ਨਮਾਜ਼ ਪੜ੍ਹਨ ਤੇ ਮੁਸਲਮਾਨ ਦੇ ਮਨ ਵਿਚ ਏਕਤਾ ਦਾ ਅਹਿਸਾਸ ਹੁੰਦਾ ਹੈ।

ਡਾ. ਅਨਵਰ ਚਿਰਾਗ ਦੁਆਰਾ ਸੰਪਾ. ਨੂਰ-ਏ-ਹਦੀਸ ਵਿਚ ਨਮਾਜ਼ ਦਾ ਜ਼ਿਕਰ ਇੰਝ ਆਇਆ ਹੈ, ਇਸਲਾਮ ਮੰਨਦਾ ਹੈ ਕਿ ਜੋ ਮੁਸਲਮਾਨ ਅੱਲਾਹ ਵੱਲੋਂ ਦਰਸਾਏ ਰਾਹ 'ਤੇ ਚੱਲਦਾ ਹੈ ਉਹ ਅੱਲਾਹ ਦੀ ਕਿਰਪਾ ਦਾ ਪਾਤਰ ਬਣਦਾ ਹੈ ਅਤੇ ਜੇਕਰ ਕੋਈ ਇਨਸਾਨ ਅੱਲਾਹ ਦੇ ਰਾਹ 'ਤੇ ਨਹੀਂ ਚੱਲਦਾ ਤਾਂ ਹੋ ਸਕਦਾ ਹੈ ਕਿ ਅੱਲਾਹ ਉਸਨੂੰ ਸਜ਼ਾ ਵੀ ਦੇਵੇ । "ਹਜ਼ਰਤ ਉਬਾਦਾ ਬਿਨ ਸ਼ਾਮਿਤ (ਰਜ਼ੀ.) ਤੋਂ ਰਿਵਾਇਤ ਹੈ ਕਿ ਹਜ਼ਰਤ ਮੁਹੰਮਦ (ਸ.) ਨੇ ਫੁਰਮਾਇਆ 'ਅੱਲਾਹ ਤਾਅਲਾ ਨੇ ਪੰਜ ਨਮਾਜ਼ਾਂ ਫਰਜ਼ ਕੀਤੀਆਂ ਹਨ। ਜੋ ਵਿਅਕਤੀ ਇਹਨਾਂ ਨਮਾਜ਼ਾਂ ਲਈ ਚੰਗੀ ਤਰ੍ਹਾਂ ਵੁਜ਼ੂ ਕਰਦਾ ਹੈ ਉਹਨਾਂ ਨੂੰ ਨਿਸ਼ਚਿਤ ਵਕਤ ਤੇ ਅਦਾ ਕਰਦਾ ਹੈ, ਰੁਕੂਅ (ਅਤੇ ਸਿਜਦੇ) ਇਤਮਿਨਾਨ ਨਾਲ ਕਰਦਾ ਹੈ ਅਤੇ ਨਮਾਜ਼ ਪੂਰੇ ਖੁਸ਼ੂਅ ( ਨਿਮਰਤਾ, ਆਜਿਜ਼ੀ) ਨਾਲ ਪੜ੍ਹਦਾ ਹੈ ਤਾਂ ਅੱਲਾਹ ਦਾ ਵਾਅਦਾ ਹੈ ਕਿ ਉਸਤੇ ਜ਼ਰੂਰ ਬਖਸ਼ਿਸ਼ ਫਰਮਾਏਗਾ ਅਤੇ ਜੋ ਆਦਮੀ ਇੰਨ੍ਹਾਂ ਨਮਾਜ਼ਾਂ ਨੂੰ ਵਕਤ 'ਤੇ ਅਦਾ ਨਹੀਂ ਕਰਦਾ ਅਤੇ ਨਾ ਹੀ ਖੁਸ਼ੂਅ ਨਾਲ ਪੜ੍ਹਦਾ ਹੈ ਤਾਂ ਉਸਦੀ ਬਖਸ਼ਿਸ਼ ਦਾ ਕੋਈ ਵਾਅਦਾ ਨਹੀਂ। ਚਾਹੇ ਬਖਸ਼ਿਸ਼ ਫਰਮਾਏ ਚਾਹੇ ਅਜਾਬ ਦੇਵੇ (ਅਬੂ ਦਾਊਦ)।"[86] ਹਰ ਇਕ ਧਰਮ ਦੀ ਕ੍ਰਿਆ ਦੁਨਿਆਵੀ ਵਿਖਾਵੇ ਲਈ ਨਹੀਂ ਸਗੋਂ ਅੱਲਾਹ ਦੇ ਦਰ ਤੇ

---

[84] ਉਹੀ, ਪੰਨਾ 57.

[85] ਡਾ. ਅਨਵਰ ਚਿਰਾਗ, *ਨੂਰ-ਏ-ਹਦੀਸ*, ਪੰਨੇ 57-58.

[86] ਉਹੀ, ਪੰਨੇ 57-58.

ਕਬੂਲ ਕਰਵਾਉਣ ਲਈ ਸੁੱਚੀ ਹੋਣੀ ਚਾਹੀਦੀ ਹੈ। ਇਸ ਲਈ ਨਮਾਜ਼ ਪੜ੍ਹਦਿਆਂ ਨਿਮਰਤਾ ਅਤੇ ਅੱਲਾਹ ਵਿਚ ਵਿਸ਼ਵਾਸ਼ ਹੋਣ ਲਾਜ਼ਮੀ ਹੈ ਕਿਉਂਕਿ ਜਿਹਦੀ ਸ਼ਾਨ ਵਿਚ ਨਮਾਜ਼ ਅਦਾ ਕੀਤੀ ਜਾ ਰਹੀ ਹੈ ਜੇ ਉਸਦੇ ਹੋਣ ਜਾ ਨਾ ਹੋਣ ਬਾਰੇ ਮਨ ਵਿਚ ਸ਼ੰਕਾ ਹੀ ਬਣਿਆ ਰਿਹਾ ਤਾਂ ਨਮਾਜ਼ ਕਿਸ ਕੰਮ ਦੀ?

ਡਾ. ਅਨਵਰ ਚਿਰਾਗ ਆਪਣੀ ਪੁਸਤਕ ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫੀ ਕਵਿਤਾ ਵਿਚ ਇਬਾਦਤ ਇੰਝ ਜ਼ਿਕਰ ਕਰ ਰਹੇ ਹਨ, "ਇਬਾਦਤ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦਾ ਭਾਵਾਰਥ ਹੈ ਰੱਬ ਦੀ ਪੂਜਾ ਬੰਦਗੀ ਅਤੇ ਭਗਤੀ, ਇਸਲਾਮ ਅਨੁਸਾਰ ਬੰਦਾ ਆਪਣੇ ਰੱਬ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ ਜੋ ਕੁਝ ਵੀ ਕਰਦਾ ਹੈ ਉਹ ਇਬਾਦਤ ਹੈ। ਇਬਾਦਤ ਦੇ ਨਾਲ ਨੇਕ ਨੀਅਤ ਦਾ ਹੋਣਾ ਜਰੂਰੀ ਹੈ। ਇਕ ਹਦੀਸ ਅਨੁਸਾਰ ਜੇਕਰ ਕੋਈ ਵਿਅਕਤੀ ਇਸ ਨੀਅਤ ਨਾਲ ਸੌਂਵੇ ਕਿ ਉਹ ਅੱਧੀ ਰਾਤ ਨੂੰ ਉੱਠਕੇ ਨਮਾਜ਼ ਪੜ੍ਹੇਗਾ ਪਰ ਗੂੜੀ ਨੀਂਦ ਕਾਰਨ ਉਸਦੀ ਅੱਖ ਨਾ ਖੁੱਲੇ, ਤਾਂ ਅੱਲਾਹ ਵੱਲੋਂ ਫਿਰ ਵੀ ਇਨਾਮ ਵਜੋਂ ਉਸਦੀ ਕਰਮ-ਪੱਤਰੀ ਵਿਚ ਰਾਤ ਦੀ ਨਮਾਜ਼ ਲਿਖੀ ਜਾਵੇਗੀ (ਨਿਸਾਈ)। ਪ੍ਰੰਤੂ ਜੇਕਰ ਨੇਕ ਅਤੇ ਸ਼ੁੱਧ ਨੀਅਤ ਤੋਂ ਬਿਨਾਂ ਕੋਈ ਵੀ ਕਰਮ ਕੀਤਾ ਜਾਵੇਗਾ ਤਾਂ ਅੱਲਾਹ ਉਸਨੂੰ ਪ੍ਰਵਾਨ ਨਹੀਂ ਕਰੇਗਾ। ਮਿਸਾਲ ਵਜੋਂ ਸਮਾਜਿਕ ਵਡਿਆਈ ਲਈ ਨਮਾਜ਼ ਪੜ੍ਹਨਾ ਜਾਂ ਹੱਜ ਕਰਨਾ ਵਿਅਰਥ ਹੈ। ਇਸਲਾਮ ਅਨੁਸਾਰ ਅੱਲਾਹ ਨੇ ਮਨੁੱਖ ਜਾਤੀ ਦੀ ਸਿਰਜਨਾ ਆਪਣੀ ਇਬਾਦਤ ਲਈ ਹੀ ਕੀਤੀ ਹੈ।"[87] ਬੰਦੇ ਦੀ ਨੀਅਤ ਦਾ ਫੈਸਲਾ ਰੱਬ ਨੇ ਹੀ ਕਰਨਾ ਹੈ, ਬਹੁਤ ਵਾਰ ਧਰਮ ਦੀ ਦੁਨੀਆਂ ਵਿੱਚ ਲੋਕ ਸਮਾਜ ਵਿੱਚ ਇੱਜ਼ਤ ਖੱਟਣ ਲਈ ਧਾਰਮਿਕ ਕਾਰਜ ਕਰਦੇ ਰਹਿੰਦੇ ਹਨ, ਜਿਸ ਨਾਲ ਆਲਾ ਦੁਆਲਾ ਪ੍ਰਭਾਵਿਤ ਹੋ ਕੇ ਉਹਨਾਂ ਦੀ ਪ੍ਰਸੰਸਾ ਕਰਦਾ ਹੈ ਭਾਵੇਂ ਕਿ ਉਹ ਅਜਿਹਾ ਕਰਕੇ ਸਮਾਜ ਦੀਆਂ ਨਜ਼ਰਾ ਵਿਚ ਇੱਜ਼ਤ ਕਮਾਉਣਾ ਚਾਹੁੰਦੇ ਹਨ ਪਰ ਅੱਲਾਹ ਦੇ ਰਹਿਮੋਂ-ਕਰਮ ਹਾਸਿਲ ਨਹੀਂ ਕਰ ਸਕਦੇ ਕਿਉਂਕਿ ਉਹ ਤਾਂ ਗਾਹਕ ਹੀ ਤੁਹਾਡੀ ਅੰਦਰਲੀ ਅਵਸਥਾ ਦਾ ਹੈ ਬਾਹਰੀ ਕੰਮਾਂ ਨਾਲ ਉਸਦਾ ਰਿਸ਼ਤਾ ਹੀ ਨਹੀਂ ਹੁੰਦਾ ਪਰੰਤੂ ਮਨੁੱਖ ਅਜਿਹੇ ਕਾਰਜ ਕਰਕੇ ਰੱਬ ਨੂੰ ਛਲਣ ਦੇ ਭਰਮ ਕਰਨ ਦੀ ਕੋਸ਼ਿਸ ਤੋਂ ਵੀ ਬਾਜ਼ ਨਹੀਂ ਆਉਂਦਾ।

### 4.3.7 ਦੁਨਿਆਵੀ ਮਾਮਲੇ ਅਤੇ ਨਮਾਜ਼

ਇਸ ਹਦੀਸ ਵਿਚ ਨਮਾਜ਼ ਦਾ ਜ਼ਿਕਰ ਕਰਦਿਆਂ ਬੜਾ ਸੁੰਦਰ ਦੱਸਿਆ ਹੈ ਕਿ ਮਹੁੰਮਦ ਸਾਹਿਬ ਨੂੰ ਜਦੋਂ ਕੋਈ ਅਹਿਮ ਮਸਲਾ ਆਉਂਦਾ ਤਾ ਉਹ ਨਮਾਜ਼ ਪੜ੍ਹਦੇ ਭਾਵ ਉਸ ਗੱਲ ਦਾ ਜਵਾਬ ਅੱਲਾਹ ਕੋਲੋਂ ਲੈਂਦੇ। "ਹਜ਼ਰਤ ਹੁਜੈਫਾ (ਰਜ਼ੀ.) ਤੋਂ ਰਿਵਾਇਤ ਹੈ ਕਿ ਨਬੀ-ਏ-ਕਰੀਮ (ਸ.) ਦਾ ਆਮ ਦਸਤੂਰ ਇਹ ਸੀ ਕਿ ਜਦੋਂ ਕੋਈ ਅਹਿਮ ਮਾਮਲਾ ਪੇਸ਼ ਆ ਜਾਂਦਾ ਹੈ ਤਾਂ ਆਪ (ਸ.) ਫੌਰਨ ਨਮਾਜ਼ ਪੜ੍ਹਨ ਵਿਚ ਮਸ਼ਗੂਲ (ਵਿਅਸਤ) ਹੋ ਜਾਂਦੇ ਸਨ।" (ਅਬੂ ਦਾਊਦ)।"[88] ਪੈਗੰਬਰਾਂ ਦਾ ਅਜਿਹਾ ਕਰਨਾ ਉਮੱਤ ਨੂੰ ਸਮਝਾਉਣਾ ਹੁੰਦਾ ਹੈ। ਜਿਹੜਾ ਰਾਹ ਉਹਨਾਂ ਲੋਕਾਈ ਨੂੰ ਦੱਸਣਾ ਹੁੰਦਾ ਹੈ, ਉਸਤੋ ਪਹਿਲਾਂ ਉਹ ਆਪ

---

[87] ਡਾ. ਅਨਵਰ ਚਿਰਾਗ, *ਇਸਲਾਮੀ ਚਿੰਤਨ ਅਤੇ ਸੂਫੀ ਕਵਿਤਾ*, ਪੰਨਾ 28.
[88] ਡਾ. ਅਨਵਰ ਚਿਰਾਗ, *ਨੂਰ-ਏ-ਹਦੀਸ*, ਪੰਨੇ 57-58.

ਚੱਲਦੇ ਹਨ। ਉਹਨਾਂ ਦਾ ਨਮਾਜ਼ ਅਦਾ ਕਰਨਾ ਜਿੱਥੇ ਨਮਾਜ਼ ਦੀ ਅਹਿਮੀਅਤ ਨੂੰ ਬਿਆਨ ਕਰਦਾ ਹੈ ਉੱਥੇ ਜ਼ਿੰਦਗੀ ਦੇ ਹਰ ਮਸਲੇ ਦਾ ਹੱਲ ਵੀ ਨਮਾਜ਼ ਦੇ ਅੰਦਰੋਂ ਹੀ ਲੱਭਣ ਵੱਲ ਇਸ਼ਾਰਾ ਵੀ ਕਰਦਾ ਹੈ।

ਇਹ ਹਦੀਸ ਨਮਾਜ਼ ਪ੍ਰਤੀ ਬੜਾ ਭਾਵਪੂਰਤ ਇਸ਼ਾਰਾ ਕਰਦੀ ਹੈ ਨਮਾਜ਼ ਜੋ ਕਿ ਇਕ ਤਰ੍ਹਾਂ ਦੀ ਪੰਜ ਵੇਲੇ ਅੱਲਾਹ ਅੱਗੇ ਅਰਦਾਸ ਕਰਨ ਦਾ ਰੂਪ ਹੈ, ਆਪਣੀ ਵਿਥਿਆ ਬਿਆਨ ਕਰਨ ਦਾ ਮੌਕਾ ਹੈ, ਇਸਲਾਮ ਵਿਚ ਈਮਾਨ ਲਿਆਉਣ ਤੋਂ ਬਾਅਦ ਜੋ ਹਰ ਰੋਜ਼ ਕਰਨ ਵਾਲੀ ਜ਼ਰੂਰੀ ਚੀਜ਼ ਹੈ ਉਹ ਨਮਾਜ਼ ਹੀ ਹੈ। ਕਿਉਂਕਿ ਰੋਜ਼ੇ ਸਾਲ ਦੇ ਇਕ ਮਹੀਨੇ ਵਿਚ ਰੱਖੇ ਜਾਂਦੇ ਹਨ ਜ਼ਕਾਤ ਦਾ ਵੀ ਸਮਾਂ ਨਿਸ਼ਚਿਤ ਹੈ, ਹੱਜ ਜ਼ਿੰਦਗੀ ਵਿਚ ਇਕ ਵਾਰ ਕਰਨ ਦਾ ਫਰਜ਼ ਹੈ। ਨਮਾਜ਼ ਹੀ ਅਜਿਹਾ ਫਰਜ਼ ਹੈ ਜੋ ਦਿਨ ਵਿਚ ਪੰਜ ਵਾਰ ਨਿਭਾਉਣਾ ਹੈ। "ਹਜ਼ਰਤ ਅਨਸ (ਰਜ਼ੀ.) ਤੋਂ ਰਿਵਾਇਤ ਹੈ ਕਿ ਹਜ਼ੂਰ (ਸ.) ਨੇ ਫੁਰਮਾਇਆ, "ਦੀਨ ਵਿਚ ਜੋ ਚੀਜ਼ ਆਖਰ ਵਿਚ  ਬਾਕੀ ਰਹੇਗੀ ਉਹ ਨਮਾਜ਼ ਹੈ, ਅਤੇ ਕਿਆਮਤ ਦੇ ਦਿਨ ਸਭ ਤੋਂ ਪਹਿਲਾ ਨਮਾਜ਼ ਦਾ ਹਿਸਾਬ ਲਿਆ ਜਾਵੇਗਾ। ਅੱਲਾਹ ਆਪਣੇ ਫਰਿਸ਼ਤਿਆਂ ਨੂੰ ਕਹੇਗਾ, ਮੇਰੇ ਇਸ ਬੰਦੇ ਦੀ ਫਰਜ਼ ਨਮਾਜ਼ ਨੂੰ ਦੇਖੋ, ਜੇਕਰ ਉਹ ਮੁਕੰਮਲ ਹੈ ਤਾਂ ਮੁਕੰਮਲ ਲਿਖੋ..."[89]ਇਸ ਹਦੀਸ ਅਨੁਸਾਰ ਦੁਨੀਆਂ ਵਿਚ ਸਭ ਤੋਂ ਅਖੀਰ ਤੇ ਨਮਾਜ਼ ਹੀ ਬਚੇਗੀ। ਭਾਵ ਅੱਲਾਹ ਨਾਲ ਸਥਾਪਿਤ ਕੀਤੇ ਸੰਬੰਧ ਅਤੇ ਕਿਆਮਤ ਦੇ ਦਿਨ ਵੀ ਸਭ ਤੋਂ ਪਹਿਲਾ ਮੁਸਲਮਾਨ ਤੋਂ ਨਮਾਜ਼ ਦਾ ਹਿਸਾਬ ਪੁੱਛਿਆ ਜਾਵੇਗਾ ਬਾਕੀ ਸਭ ਕੁਝ ਬਾਅਦ ਵਿਚ ਅਤੇ ਇਸਲਾਮ ਵਿਚ ਕਿਆਮਤ ਦਾ ਦਿਨ ਬਹੁਤ ਹੀ ਮਹੱਤਵ ਰੱਖਦਾ ਹੈ ਅਤੇ ਉਸ ਦਿਨ ਸਭ ਤੋਂ ਪਹਿਲਾ ਜ਼ਿਕਰ ਨਮਾਜ਼ ਦਾ ਹੋਵੇਗਾ। ਇਹ ਗੱਲ ਨਮਾਜ਼ ਦੇ ਮਹੱਤਵ ਨੂੰ ਵੀ ਦਰਸਾਉਂਦੀ ਹੈ।

### 4.3.8 ਨਮਾਜ਼ ਬੁਰਾਈ ਤੋਂ ਬਚਾਉਂਦੀ ਹੈ

ਸੰਸਾਰ ਦੇ ਪੈਗੰਬਰਾਂ ਦੀ ਇਹੋਂ ਇੱਛਾ ਰਹੀ ਹੈ ਕਿ ਮਨੁੱਖ ਹਰ ਵਕਤ ਜ਼ਿਕਰ-ਏ-ਖੁਦਾ ਵਿਚ ਲੀਨ ਰਹੇ ਤਾਂ ਹੀ ਇਹ ਦੁਨੀਆਂ ਦੇ ਝਮੇਲਿਆਂ ਤੋਂ ਬਚ ਸਕਦਾ ਹੈ। ਉਸਨੂੰ ਯਾਦ ਰੱਖੇਗਾ, ਤਾਂ ਸਮਝੋ ਮਨ ਵਿਚ ਨਿਮਰਤਾ, ਗਰੀਬੀ, ਅਧੀਨਗੀ, ਆਏਗੀ। ਜੇ ਉਸਨੂੰ ਭੁੱਲ ਗਿਆ ਤਾਂ ਔਗੁਣਾਂ ਦਾ ਸ਼ਿਕਾਰ ਹੋ ਕੇ ਧਰਤੀ ਉਪਰ ਗੁਨਾਹ ਕਰੇਗਾ ਜਿਹਾ ਕਿ ਅਸੀਂ ਅਜੋਕੇ ਸਮੇਂ ਵਿਚ ਦੇਖਦੇ ਵੀ ਹਾਂ। "ਹਜ਼ਰਤ ਅਬੂ ਹੁਰੈਰਾ (ਰਜ਼ੀ.) ਤੋਂ ਰਿਵਾਇਤ ਹੈ ਕਿ ਨਬੀ-ਏ-ਕਰੀਮ (ਸ.) ਨੇ ਫੁਰਮਾਇਆ, ਜਦੋਂ ਤੁਸੀ ਘਰ ਵਿਚ ਦਾਖਲ ਹੋਵੋ ਤਾਂ ਦੋ ਰਕਾਤ (ਨਫਲ) ਨਮਾਜ਼ ਪੜ੍ਹ ਲਿਆ ਕਰੋ। ਇਹ ਦੋ ਰਕਾਤਾਂ ਤੁਹਾਨੂੰ ਘਰ ਵਿਚ ਦਾਖਲ ਹੋਣ ਤੋਂ ਬਾਅਦ ਵੀ ਬੁਰਾਈ ਤੋਂ ਬਚਾ ਲੈਣਗੀਆ। ਇਸੇ ਤਰ੍ਹਾਂ ਘਰੋਂ ਨਿਕਲਣ ਤੋਂ ਪਹਿਲਾ ਦੋ ਰਕਾਤ (ਨਫਲ) ਨਮਾਜ਼ ਪੜ੍ਹ ਲਿਆ ਕਰੋ, ਇਹ ਦੋ ਰਕਾਤਾਂ ਤੁਹਾਨੂੰ ਘਰ 'ਚੋਂ ਨਿਕਲਣ ਤੋਂ ਬਾਅਦ ਵੀ ਬੁਰਾਈ ਤੋਂ ਬਚਾ ਲੈਣਗੀਆਂ (ਮਜਮਾ-ਉੱਜ਼-ਜਵਾਇਦ)।"[90] ਆਧੁਨਿਕ ਮਨੁੱਖ ਤਾਂ ਅੱਲਾਹ ਦੀ ਹੋਂਦ ਤੋਂ ਹੀ ਮੁਨਕਰ ਹੋ ਬੈਠਾ ਹੈ। ਭਾਵ ਨਾ ਅੱਲਾਹ ਹੋਵੇਗਾ ਅਤੇ ਨਾ ਹੀ ਉਸਦਾ ਕੋਈ ਜ਼ਿਕਰ। ਇਸ ਲਈ

---

[89] ਡਾ. ਅਨਵਰ ਚਿਰਾਗ, *ਨੂਰ-ਏ-ਹਦੀਸ*,ਪੰਨਾ 62.
[90] ਉਹੀ, ਪੰਨਾ 62.

ਹਜ਼ਰਤ ਮੁਹੰਮਦ ਸਾਹਿਬ ਨੇ ਪਲ-ਪਲ ਹਰੇਕ ਮੁਸਲਮਾਨ ਨੂੰ ਨਮਾਜ਼ ਦੇ ਜ਼ਰੀਏ ਅੱਲਾਹ ਨਾਲ ਜੋੜਨ ਦਾ ਵਸੀਲਾ ਬਣਾਇਆ ਹੈ। ਮਨੁੱਖ ਅੱਲਾਹ ਨਾਲ ਜੁੜਿਆ ਰਹੇ ਅਤੇ ਜਾਣ ਅਣਜਾਣੇ ਕੀਤੇ ਗੁਨਾਹ ਵੀ ਉਸਦੇ ਅੰਦਰ ਘਰ ਨਾ ਕਰਨ ਅਤੇ ਉਹ ਬਚਿਆ ਰਹੇ।

ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਅੰਦਰ ਅੱਲਾਹ ਦੇ ਘਰੋਂ ਮੁਹੰਮਦ ਸਾਹਿਬ ਨੂੰ ਮਿਲੀਆਂ ਨਮਾਜ਼ਾਂ ਦਾ ਜ਼ਿਕਰ ਇੰਝ ਕਰਦੇ ਹਨ, "ਅੱਗੇ ਵਰਣਿਤ ਇਸ਼ਾਰਾ ਨਮਾਜ਼ ਦੀ ਅਹਿਮੀਅਤ ਅਤੇ ਬਰਕਤ ਨੂੰ ਵੀ ਸਿੱਧ ਕਰਦਾ ਹੈ। ਜਿਹੜੀ ਚੀਜ਼ ਖੁਦਾ ਨੇ ਆਪ ਮਨੁੱਖ ਲਈ ਨੀਅਤ ਕੀਤੀ ਹੋਵੇ, ਉਹ ਬਰਕਤਾਂ ਅਤੇ ਰਹਿਮਤਾਂ ਦਾ ਖਜ਼ਾਨਾ ਹੀ ਹੋ ਸਕਦੀ ਹੈ। "ਸਹੀਹੇ ਮੁਸਲਿਮ" ਵਿਚ ਲਿਖਿਆ ਹੈ ਕਿ ਹਜ਼ਰਤ ਮੁਹੰਮਦ ਖੁਦਾ ਦੇ ਪੇਸ਼ ਹੋ ਕੇ ਜਦ ਸੱਤਵੇਂ ਅਸਮਾਨੋ ਮੁੜੇ, ਤਦ ਰਾਹ ਵਿਚ ਛੇਵੇਂ ਅਸਮਾਨ ਹਜ਼ਰਤ ਮੂਸਾ ਮਿਲਿਆ, ਉਸਨੇ ਪੁੱਛਿਆ ਕਿ ਖੁਦਾ ਵੱਲੋਂ ਤੈਨੂੰ ਕੀ ਹੁਕਮ ਮਿਲਿਆ, ਮੁਹੰਮਦ ਸਾਹਿਬ ਨੇ ਆਖਿਆ ਕਿ ਪੰਜਾਹ ਵੇਲੇ ਨਮਾਜ਼ ਪੜ੍ਹਨ ਦਾ, ਮੂਸਾ ਨੇ ਕਿਹਾ ਕਿ ਤੇਰੀ ਉਮੱਤ ਨੇ ਕਦੇ ਤਾਮੀਲ ਨਹੀ ਕਰਨੀ, ਮੈਂ ਆਪਣੀ ਉਮੱਤ ਨੂੰ ਤਾਮੀਲ ਦੇ ਕੇ ਥੱਕ ਗਿਆਂ, ਪਰ ਉਸ ਤੋਂ ਅਮਲ ਨਹੀਂ ਹੋ ਸਕਿਆ, ਜਾਹ ਮੁੜ ਕੇ ਖੁਦਾ ਤੋਂ ਫੇਰ ਪੁੱਛ, ਜਦੋਂ ਪੈਗੰਬਰ ਮੁਹੰਮਦ ਨੇ ਖੁਦਾ ਨੂੰ ਇਹ ਮਜਬੂਰੀ ਦੱਸੀ, ਤਦ ਖੁਦਾ ਨੇ ਘਟਾਉਂਦੇ ਘਟਾਉਂਦੇ ਪੰਜ ਵੇਲੇ ਨਮਾਜ਼ ਮੁਨਕਰ ਕੀਤੀ, ਮੂਸਾ ਪਾਸ ਆ ਕੇ ਜਦ ਸਾਰਾ ਹਾਲ ਦੱਸਿਆ ਤਾਂ ਉਸਨੇ ਆਖਿਆ ਕਿ ਲੋਕਾਂ ਨੇ ਪੰਜ ਵੇਲੇ ਵੀ ਨਹੀਂ ਪੜ੍ਹਨੀ, ਖੁਦਾ ਪਾਸੋਂ ਕੁਝ ਹੋਰ ਮੁਆਫੀ ਮੰਗ, ਹਜ਼ਰਤ ਮੁਹੰਮਦ ਨੇ ਆਖਿਆ ਹੁਣ ਬਾਰ-ਬਾਰ ਅਰਜ਼ ਕਰਨ ਤੋਂ ਮੈਨੂੰ ਸ਼ਰਮ ਆਉਂਦੀ ਹੈ, ਹੁਣ ਮੈਂ ਕੁਝ ਨਹੀਂ ਪੁੱਛਾਗਾਂ।"[91] ਇਹ ਗੱਲ ਇਕ ਤਾਂ ਇਹ ਸਿੱਧ ਕਰਦੀ ਹੈ ਕਿ ਨਮਾਜ਼ ਖੁਦਾ ਵੱਲੋਂ ਮੁਹੰਮਦ ਸਾਹਿਬ ਨੂੰ ਹੁਕਮ ਹੋਇਆ, ਦੂਜਾ ਇਸਲਾਮ ਵਿਚ ਪਹਿਲਾਂ ਹੋ ਚੁੱਕੇ ਪੈਗੰਬਰਾਂ ਦਾ ਸਤਿਕਾਰ ਕੀਤਾ ਜਾਂਦਾ ਹੈ ਜਿਵੇਂ ਕਿ ਮੂਸਾ ਜੀ ਦਾ ਬਚਨ ਮੁਹੰਮਦ ਸਾਹਿਬ ਨੇ ਮੰਨਿਆ। ਤੀਜਾ ਦੂਜੇ ਧਰਮਾਂ ਨਾਲੋਂ ਅਰਦਾਸ ਕਰਨ ਦੇ ਪੰਜ ਵੇਲੇ ਮੂਸਾ ਜੀ ਵੱਲੋਂ ਵੀ ਵਾਧੂ ਮੰਨੇ ਜਾ ਰਹੇ ਹਨ ਪਰ ਫਿਰ ਵੀ ਮੁਸਲਮਾਨ ਅਜਿਹਾ ਕਰ ਰਹੇ ਹਨ ਜੋ ਉਹਨਾਂ ਦੇ ਖੁਦਾ ਪ੍ਰਤੀ ਅਕੀਦੇ ਨੂੰ ਸਪੱਸ਼ਟ ਕਰਦਾ ਹੈ।

ਨਮਾਜ਼ ਬਾਰੇ ਕੁਰਾਨ ਵਿਚ ਅੱਲਾਹ ਖੁਦ ਹੁਕਮ ਦੇ ਰਹੇ ਹਨ ਕਿ ਨਮਾਜ਼ ਹਰ ਮੁਸਲਮਾਨ ਲਈ ਜ਼ਰੂਰੀ ਹੈ ਅਤੇ ਇਹ ਵੀ ਯਕੀਨ ਦਿਵਾਉਂਦੇ ਹਨ ਕਿ ਮੇਰੇ ਤੋਂ ਸਿਵਾ ਦੂਜਾ ਕੋਈ ਨਹੀਂ ਜਿਸਦੀ ਲਈ ਨਮਾਜ਼ ਅਦਾ ਕੀਤੀ ਜਾ ਸਕੇ। ਕੁਰਾਨ ਵਿਚ ਨਮਾਜ਼ ਦਾ ਜ਼ਿਕਰ ਇਕ ਪ੍ਰਕਾਰ ਆਉਂਦਾ ਹੈ, "ਹਕੀਕਤ ਇਹ ਹੈ ਕਿ ਮੈਂ ਹੀ ਅੱਲਾਹ ਹਾਂ, ਮੇਰੇ ਸਿਵਾ ਕੋਈ ਖੁਦਾ ਨਹੀਂ ਹੈ, ਬਸ ਤੁਸੀਂ ਮੇਰੀ ਹੀ ਬੰਦਗੀ ਕਰੋ ਅਤੇ ਮੇਰੀ ਯਾਦ ਦੇ ਲਈ ਨਮਾਜ਼ ਕਾਇਮ ਕਰੋ।"[92] ਇਸ ਲਈ ਖੁਦਾ ਨੂੰ ਯਾਦ ਕਰਨ ਦਾ, ਮਿਲਣ ਦਾ, ਗੱਲਬਾਤ ਕਰਨ ਦਾ, ਇਕੋ ਇਕ ਜ਼ਰੀਆ ਨਮਾਜ਼ ਹੈ।

ਕੁਰਾਨ ਅੰਦਰ ਵਾਰ ਵਾਰ ਨਮਾਜ਼ਾਂ ਨੂੰ ਕਾਇਮ ਕਰਨ ਦੀਆਂ ਹਦਾਇਤਾਂ ਦਾ ਜ਼ਿਕਰ ਹੈ ਅਤੇ ਨਾਲ ਹੀ ਇਹ ਦਰਸਾਇਆ ਗਿਆ ਹੈ ਕਿ ਅਜਿਹਾ ਕਰਨ ਦੇ ਕੀ ਲਾਭ ਹਨ। ਨਮਾਜ਼ ਅਦਾ ਕਰਨ ਨਾਲ

---

[91] ਭਾਈ ਕਾਨ੍ਹ ਸਿੰਘ ਨਾਭਾ,ਮਹਾਨ ਕੋਸ਼,ਪੰਨਾ 682.
[92] ਕੁਰਾਨ ਸ਼ਰੀਫ, ਤਾ.ਹਾ. 20:14.

ਆਪਣੇ ਆਪ ਮਨ ਅੱਲਾਹ ਤਾਅਲਾ ਦੇ ਰਾਹ ਤੇ ਚੱਲ ਕੇ ਨੇਕੀ ਵੱਲ ਮੁੜੇਗਾ ਅਤੇ ਬਦੀ ਤੋਂ ਤੌਬਾ ਕਰੇਗਾ। "ਤਿਲਾਵਤ ਕਰੋ ਉਸ ਕਿਤਾਬ (ਕੁਰਆਨ) ਦੀ ਜੋ ਤੁਹਾਡੇ ਕੋਲ ਵਹੀ ਦੇ ਰਾਹੀਂ ਭੇਜੀ ਗਈ ਹੈ ਅਤੇ ਨਮਾਜ਼ ਕਾਇਮ ਕਰੋ। ਯਕੀਨਨ ਨਮਾਜ਼ ਬੁਰੇ ਅਤੇ ਅਸ਼ਲੀਲ ਕੰਮਾਂ ਤੋਂ ਰੋਕਦੀ ਹੈ।"[93]ਸੋ ਨਮਾਜ਼ ਰਾਹੀਂ ਦਿਨ ਵਿਚ ਜੋ ਮਨੁੱਖ ਸੱਚੇ ਦਿੱਲੋ ਪੰਜ ਵਾਰ ਅੱਲਾਹ ਨਾਲ ਹਮਕਲਾਮ ਹੁੰਦਾ ਹੈ, ਉਸਦੀ ਅੱਲਾਹ ਨਾਲ ਨੇੜਤਾ ਵਧਣੀ ਲਾਜ਼ਮੀ ਹੈ ਸੋ ਨੇਕ ਬੰਦੇ ਅੱਲਾਹ ਵੱਲ ਦਰਸਾਏ ਰਸਤੇ ਨੂੰ ਨੂਹੀਂ ਛੱਡਦੇ ਬਲਕਿ ਬਦੀ ਕਮਾਉਣ ਵਾਲੇ ਝੱਟ ਹੀ ਸ਼ੈਤਾਨੀਅਤ ਤੋਂ ਪ੍ਰਭਾਵਿਤ ਹੁੰਦੇ ਹਨ।

ਨਮਾਜ਼ ਬਾਰੇ ਕੁਰਾਨ ਵਿਚ, ਮੁਹੰਮਦ ਸਾਹਿਬ ਵੱਲੋਂ, ਇਸਲਾਮ ਵਿਚ ਹੋ ਚੁੱਕੇ ਸਿਆਣਿਆਂ ਵੱਲੋਂ ਬੜਾ ਕੁਝ ਕਿਹਾ ਅਤੇ ਲਿਖਿਆ ਗਿਆ ਹੈ। ਕਿਸੇ ਦੇ ਠੀਕ ਰੂਪ ਵਿਚ ਮੁਸਲਮਾਨ ਹੋਣ ਦੀ ਇਹ ਕਸੌਟੀ ਹੈ ਕਿਉਂਕੀ ਇਹ ਅਜਿਹੀ ਕ੍ਰਿਆ ਹੈ ਜੋ ਹਰ ਰੋਜ਼ ਕਰਨੀ ਪੈਂਦੀ ਹੈ ਅਤੇ ਵਿਖਾਵਾ ਸਾਰੀ ਉਮਰ ਕਾਇਮ ਨਹੀਂ ਰੱਖਿਆ ਜਾ ਸਕਦਾ।ਡਾ. ਅਨਵਰ ਚਿਰਾਗ ਆਪਣੀ ਰਚਨਾ ਇਸਲਾਮ ਚਿੰਤਨ ਅਤੇ ਸੂਫੀ ਕਵਿਤਾ ਵਿਚ ਨਮਾਜ਼ ਦਾ ਜ਼ਿਕਰ ਇੰਝ ਕਰਦੇ ਹਨ, "ਆਪ (ਸ.) ਨੇ ਫਰਮਾਇਆ, ਜੰਨਤ ਦੀ ਕੁੰਜੀ ਨਮਾਜ਼ ਹੈ ਅਤੇ ਨਮਾਜ਼ ਦੀ ਕੁੰਜੀ ਵੁਜ਼ੂ ਹੈ (ਮਸਨਦ ਅਹਿਮਦ.) ਨਮਾਜ਼ ਰੱਬ ਅਤੇ ਬੰਦੇ ਵਿਚਕਾਰ ਸਿੱਧਾ ਸੰਬੰਧ ਸਥਾਪਿਤ ਕਰਦੀ ਹੈ, ਇਸਦੀ ਪੂਰਨ ਰੂਪ ਵਿਚ ਪਾਬੰਦੀ/ਅਦਾਇਗੀ ਕਰਨ ਸਦਕਾ ਮਨੁੱਖ ਦੀ ਬਾਹਰੀ ਹਾਲਤ ਦੇ ਨਾਲ ਉਸਦੀ ਆਤਮਾ ਵੀ ਪਵਿੱਤਰ ਹੋ ਜਾਂਦੀ ਹੈ। ਇਸੇ ਲਏ ਨਮਾਜ਼ ਨੂੰ ਮੁਸਲਮਾਨ ਦੀ ਮਿਅਰਾਜ ਕਿਹਾ ਗਿਆ ਹੈ।"[94]ਇਸ ਵਿਚ ਮੁਹੰਮਦ ਸਾਹਿਬ ਫਰਮਾਉਂਦੇ ਹਨ ਕਿ ਜਿਸਨੇ ਜੰਨਤ ਵਿਚ ਜਾਣਾ ਹੋਵੇ ਉਹ ਨਮਾਜ਼ ਦਾ ਪੱਲਾ ਨਾ ਛੱਡੇ। ਨਮਾਜ਼ ਸਿੱਖ ਅਰਦਾਸ ਵਾਂਗ ਮੁਸਲਮਾਨ ਅਤੇ ਅੱਲਾਹ ਦਾ ਸਿੱਧਾ ਸੰਬੰਧ ਕਾਇਮ ਕਰਦੀ ਹੈ। ਨਮਾਜ਼ ਦੀ ਪਾਬੰਦੀ ਜਿੱਥੇ ਮਨੁੱਖ ਨੂੰ ਆਤਮਿਕ ਉੱਚਤਾ ਪ੍ਰਦਾਨ ਕਰਦੀ ਹੈ ਉਥੇ ਦੁਨਿਆਵੀ ਪੱਧਰ ਤੇ ਵੀ ਹਰ ਇਕ ਸੁਖ ਦਾ ਭਾਗੀਦਾਰ ਬਣਾਉਂਦੀ ਹੈ ਇਸੇ ਲਈ ਜਿਸਨੂੰ ਅੱਲਾਹ ਦਾ ਦਰ ਹੀ ਨਸੀਬ ਹੋ ਗਿਆ ਉਸਨੂੰ ਹੋਰ ਕਿਹੜੀ ਚੀਜ਼ ਦੀ ਕਮੀ ਰਹਿ ਜਾਂਦੀ ਹੈ। ਮੁਹੰਮਦ ਸਾਹਿਬ ਜਿਸ ਤਰ੍ਹਾਂ ਮਿਅਰਾਜ ਰਾਹੀਂ ਅੱਲਾਹ ਕੋਲ ਪਹੁੰਚੇ ਸਨ ਮੁਸਲਮਾਨ ਲਈ ਨਮਾਜ਼ ਹੀ ਮਿਅਰਾਜ ਬਣ ਸਕਦੀ ਹੈ।

ਕੁਝ ਵਿਦਵਾਨਾਂ ਦਾ ਕਹਿਣਾ ਹੈ ਕਿ ਕੁਰਾਨ ਵਿਚ ਭਾਵੇ ਨਮਾਜ਼ਾਂ ਦਾ ਲੜੀਵਾਰ ਜ਼ਿਕਰ ਨਹੀਂ ਮਿਲਦਾ ਪਰੰਤੂ ਫਿਰ ਵੀ ਇਸਦੇ ਇਸ਼ਾਰੇ ਕੁਰਾਨ ਵਿਚ ਮੌਜੂਦ ਹਨ। ਮੁਹੰਮਦ ਸਾਹਿਬ ਦੀਆਂ ਹਦੀਸਾਂ ਵਿਚ ਇਹ ਸਮੇਂ ਨਿਸ਼ਚਿਤ ਕੀਤੇ ਮਿਲਦੇ ਹਨ ਨਹੀਂ ਤੇ ਹਰ ਕੋਈ ਆਪਣੀ ਸੌਖ ਮੁਤਾਬਿਕ ਇਹ ਸਮੇਂ ਨਿਸ਼ਚਿਤ ਕਰ ਲੈਂਦਾ। "ਤੀਜੀ ਆਇਤ ਇਹ ਸੂਰਜ ਉਦੈ ਹੋਣ ਤੋਂ ਪਹਿਲਾਂ ਤੋਂ ਭਾਵ ਫਜ਼ਰ ਅਤੇ ਡੁੱਬਣ ਤੋਂ ਪਹਿਲਾਂ ਦਾ ਭਾਵ ਅਸਰ ਦਾ ਸਮਾਂ ਹੈ। ਰਾਤ ਦੀਆਂ ਘੜੀਆਂ ਵਿਚ ਮਗਰਿਬ ਅਤੇ ਅਸ਼ਾ ਦੋਨੋ ਸ਼ਾਮਲ ਹਨ। ਦਿਨ ਦੇ ਕਿਨਾਰੇ ਤਿੰਨ ਹਨ, ਇਕ ਸੁਬਹ, ਦੂਜੇ ਸੂਰਜ ਢੱਲਣ ਦਾ ਸਮਾਂ ਅਤੇ ਤੀਜੇ ਮਗਰਿਬ।

[93] *ਕੁਰਾਨ ਸ਼ਰੀਫ਼*, ਅਲ-ਅਕਤੂਬਰ, 29:45.

[94] ਡਾ. ਅਨਵਰ ਚਿਰਾਗ, *ਇਸਲਾਮੀ ਚਿੰਤਨ ਅਤੇ ਸੂਫੀ ਕਵਿਤਾ*, ਪੰਨਾ 30.

ਇਸ ਤਰ੍ਹਾਂ ਕੁਰਾਨ ਮਜੀਦ ਭਿੰਨ-ਭਿੰਨ 'ਸੂਰਤਾਂ' ਵਿਚ ਨਮਾਜ਼ ਦੇ ਉਨ੍ਹਾਂ ਪੰਜ ਵਕਤਾਂ ਵੱਲ ਇਸ਼ਾਰਾ ਕਰਦਾ ਹੈ ਜਿੰਨ੍ਹਾਂ ਉੱਤੇ ਅੱਜ ਦੁਨੀਆਂ ਭਰ ਦੇ ਮੁਸਲਮਾਨ ਨਮਾਜ਼ ਪੜ੍ਹਦੇ ਹਨ, ਪਰੰਤੂ ਜ਼ਾਹਰ ਹੈ ਕਿ ਕੇਵਲ ਇੰਨ੍ਹਾਂ ਆਇਤਾਂ ਨੂੰ ਪੜ੍ਹ ਕੇ ਕੋਈ ਵਿਅਕਤੀ ਭੀ ਨਮਾਜ਼ ਦੇ ਸਮੇਂ ਨੀਯਤ ਕਰ ਸਕਦਾ ਸੀ ਜੇਕਰ ਹਜ਼ਰਤ ਮੁਹੰਮਦ ਆਪ ਆਪਣੇ ਵਚਨ ਅਤੇ ਅਮਲ ਨਾਲ ਇੰਨ੍ਹਾਂ ਸਮਿਆਂ ਨੂੰ ਸਪੱਸ਼ਟ ਨਾ ਕਰਦੇ। ਸੁੰਨਤ ਅਤੇ ਹਦੀਸਾਂ ਦੇ ਲੇਖ ਅਨੁਸਾਰ ਹਰ ਮੁਸਲਮਾਨ ਮਰਦ ਤੇ ਇਸਤਰੀ ਨੂੰ ਦਿਨ ਰਾਤ ਵਿਚ ਪੰਜ ਨਮਾਜ਼ਾਂ ਦਾ ਫਰਜ਼ ਹੈ। ਇਸਲਾਮ ਅਨੁਸਾਰ ਇੰਨ੍ਹਾਂ ਨਮਾਜ਼ਾਂ ਦਾ ਇਨਕਾਰ ਕਰਨ ਵਾਲਾ ਕਾਫਿਰ ਹੈ ਅਤੇ ਇੰਨ੍ਹਾਂ ਨੂੰ ਛੱਡਣ ਵਾਲਾ ਬੇਨਸੀਬ ਹੈ।"[95]ਇਸੇ ਕਰਕੇ ਮੁਹੰਮਦ ਸਾਹਿਬ ਨੇ ਉਸ ਵਕਤ ਦੇ ਮੁਸਲਮਾਨਾਂ ਨੂੰ ਹਰ ਇਕ ਗੱਲ ਭਾਵੇਂ ਉਹ ਸਰੀਰਿਕ ਕ੍ਰਿਆ ਨਾਲ ਸੰਬੰਧਿਤ ਹੋਵੇ ਜਾਂ ਧਾਰਮਿਕ ਨਾਲ, ਕਰਨੀ ਸਿਖਾਈ, ਫਿਰ ਇਹ ਕਿੰਝ ਹੋ ਸਕਦਾ ਕਿ ਮੁਹੰਮਦ ਸਾਹਿਬ ਨਮਾਜ਼ ਦੇ ਸਮੇਂ ਨਿਸ਼ਚਿਤ ਨਾ ਕਰਦੇ।

ਕੁਰਾਨ ਦੀਆਂ ਇਹਨਾਂ ਆਇਤਾਂ ਵਿਚ ਨਮਾਜ਼ ਨੂੰ ਕਾਇਮ ਕਰਨ ਦੇ ਸਮਿਆਂ ਵੱਲ ਇਸ਼ਾਰਾ ਕੀਤਾ ਗਿਆ ਹੈ ਕਿਉਂਕਿ ਜੇ ਕੁਦਰਤ ਦਾ ਅਨੁਸ਼ਾਸ਼ਨ ਹੈ ਤਾਂ ਹੀ ਸੂਰਜ ਸਮੇਂ ਤੇ ਚੜ੍ਹਦਾ ਅਤੇ ਡੁੱਬਦਾ ਹੈ ਇਸ ਕਰਕੇ ਦੁਨੀਆਂ ਦੇ ਪੈਗੰਬਰ, ਆਪਣੀ ਉਮੱਤ ਵਿਚ ਅਨੁਸ਼ਾਸ਼ਨ ਕਾਇਮ ਕਰਨ ਲਈ ਉਹਨਾਂ ਲਈ ਧਾਰਮਿਕ ਕਿਰਿਆ ਨੂੰ ਮੁਕੱਰਰ ਕਰਦੇ ਹਨ ਤਾਂ ਕਿ ਬਾਅਦ ਵਿਚ ਕਿਸੇ ਤਰ੍ਹਾਂ ਦਾ ਤੌਖਲਾ ਨਾ ਰਹਿ ਜਾਵੇ।

"ਪਸ ਤਸਬੀਹ ਕਰੋ ਅੱਲਹਾ ਦੀ ਜਦੋਂ ਤੁਸੀਂ ਸ਼ਾਮ ਕਰਦੇ ਹੋ ਅਤੇ ਜਦੋਂ ਸੁਬਹ ਕਰਦੇ ਹੋ ਆਸਮਾਨਾਂ ਅਤੇ ਧਰਤੀ ਵਿਚ ਉਸੇ ਲਈ ਹਮਦ ਹੈ ਅਤੇ ਤਸਬੀਹ ਕਰੋ ਉਸਦੀ ਤੀਸਰੇ ਪਹਰ ਅਤੇ ਜਦੋਂ ਤੁਹਾਡੇ ਤੇ ਜ਼ੁਹਰ ਦਾ ਵਕਤ ਆਉਂਦਾ ਹੈ।"[96]

"ਨਮਾਜ਼ ਕਾਇਮ ਕਰੋ ਸੂਰਜ ਦੇ ਢਲਣ ਮਗਰੋਂ ਤੋਂ ਲੈ ਕੇ ਰਾਤ ਦੇ ਹਨੇਰੇ ਤੱਕ ਅਤੇ ਫਜ਼ਰ ਦੇ ਸਮੇਂ ਕੁਰਾਨ ਪੜ੍ਹਨ ਦਾ ਪ੍ਰਬੰਧ ਕਰੋ।"[97]

ਨਮਾਜ਼ ਕਾਇਮ ਕਰੋ ਦਿਨ ਦੇ ਦੋਨਾਂ ਸਿਰਿਆਂ ਤੇ ਅਤੇ ਕੁਝ ਰਾਤ ਲੰਘਣ ਤੇ।"[98]

"ਅਤੇ ਆਪਣੇ ਰੱਬ ਦੀ ਹਮਦ ਦੇ ਨਾਲ ਤਸਬੀਹ ਕਰੋ ਸੂਰਜ ਉਦੈ ਹੋਣ ਤੋਂ ਪਹਿਲਾਂ ਅਤੇ ਉਸਦੇ ਡੁੱਬਣ ਤੋਂ ਪਹਿਲਾਂ ਅਤੇ ਰਾਤ ਦੀਆਂ ਕੁਝ ਘੜੀਆਂ ਵਿਚ ਫਿਰ ਤਸਬੀਹ ਕਰੋ ਅਤੇ ਦਿਨ ਦੇ ਕਿਨਾਰਿਆ ਤੇ।"[99]

### 4.3.9 ਇਲਾਹੀ ਨੇੜਤਾ ਦਾ ਜ਼ਰੀਆ

ਕੁਰਾਨ ਅਤੇ ਹਦੀਸਾਂ ਵਿਚ ਵਾਰ-ਵਾਰ ਨਮਾਜ਼ ਪੜ੍ਹਨ ਦਾ ਜ਼ਿਕਰ ਆਇਆ ਹੈ ਅਤੇ ਨਮਾਜ਼ ਪੜ੍ਹਨ ਵਾਲਾ ਅੱਲਾਹ ਦੀ ਬਖਸ਼ਿਸ਼ ਦਾ ਪਾਤਰ ਹੁੰਦਾ ਹੈ,"ਹਜ਼ਰਤ ਅਬੂ ਉਮਾਮਾ (ਰਜ਼ੀ.) ਤੋਂ ਰਿਵਾਇਤ ਹੈ ਕਿ ਨਬੀ-ਏ-ਕਰੀਮ (ਸ.) ਨੇ ਇਰਸ਼ਾਦ ਫਰਮਾਇਆ ਅੱਲਾਹ ਤਾਅਲਾ ਕਿਸੇ ਬੰਦੇ ਨੂੰ ਦੋ ਰਕਾਤ

---

[95] ਅਮਰਵੰਤ ਸਿੰਘ,*ਨਾਨਕ ਪ੍ਰਕਾਸ਼ ਪੱਤ੍ਰਿਕਾ*,ਦਸੰਬਰ 1971,ਪੰਨਾ 14-15.
[96] *ਕੁਰਾਨ ਸ਼ਰੀਫ*, ਸੂਰਤ ਅਲਰੂਮ,ਰਕੂਅ 2.
[97] ਉਹੀ,ਸੂਰਤ ਲਵੀ ਅਸਰਾਈਲ,ਆਇਤ 78.
[98] ਉਹੀ, ਸੂਰਤ ਹਦ, ਆਇਤ 114.
[99] ਉਹੀ, ਸੂਰਤ ਤੇਂਹ, ਆਇਤ ਪੰਨਾ 13.

ਨਮਾਜ਼ ਪੜ੍ਹਨ ਦੀ ਤੌਫੀਕ ਦੇ ਦੇਣ ਤਾਂ ਇਸਤੋਂ ਬਿਹਤਰ ਕੋਈ ਹੋਰ ਚੀਜ਼ ਨਹੀਂ ਹੈ। ਬੰਦਾ ਜਦੋਂ ਤੱਕ ਨਮਾਜ਼ ਵਿਚ ਰੁੱਝਿਆ ਰਹਿੰਦਾ ਹੈ ਭਲਾਈਆ ਉਸਦੇ ਸਿਰ ਉੱਤੇ ਬਿਖੇਰ ਦਿੱਤੀਆਂ ਜਾਂਦੀਆ ਹਨ ਅਤ ਬੰਦਾ ਅੱਲਾਹ ਤਆਲਾ ਦੀ ਨੇੜਤਾ ਉਸ ਚੀਜ਼ ਤੋਂ ਵੱਧ ਕੇ ਕਿਸੇ ਹੋਰ ਚੀਜ਼ ਦੇ ਜ਼ਰੀਏ ਹਾਸਲ ਨਹੀਂ ਕਰ ਸਕਦਾ ਜਿਹੜੀ ਖੁਦ ਅੱਲਾਹ ਤਾਅਲਾ ਦੀ ਜਾਤ ਵਿਚੋਂ ਨਿਕਲਦੀ ਹੈ(ਭਾਵ ਕੁਰਆਨ ਸ਼ਰੀਫ) ਤਿਰਮਿਜ਼ੀ।"[100] ਨਮਾਜ਼ ਨਾਲ ਮੁਸਲਮਾਨ ਅੰਦਰ ਗੁਣਾਂ ਦਾ ਵਾਸ ਹੁੰਦਾ ਹੈ, ਅੱਲਾਹ ਦੀ ਨੇੜਤਾ ਹਾਸਿਲ ਹੁੰਦੀ ਹੈ।

### 4.3.10 ਸੁੰਨਤਾਂ ਦੀ ਮਹੱਤਤਾ

ਹਦੀਸਾਂ ਵਿਚ ਜ਼ਿਕਰ ਆਇਆ ਹੈ ਕਿ ਕਿਹੜੀ ਨਮਾਜ਼ ਕਿਸ ਵੇਲੇ ਦੀ ਪੜ੍ਹਨੀ ਹੈ ਅਤੇ ਕਿੰਨੀ ਪੜ੍ਹਨੀ ਹੈ, "ਹਜ਼ਰਤ ਆਇਸ਼ਾ (ਰਜ਼ੀ.) ਤੋਂ ਰਿਵਾਇਤ ਹੈ ਕਿ ਹਜ਼ੂਰ (ਸ.) ਨੇ ਇਰਸ਼ਾਦ ਫੁਰਮਾਇਆ, ਜੋ ਸ਼ਖਸ ਬਾਰਾਂ ਰਕਾਤਾਂ ਪੜ੍ਹਨ ਦੀ ਪਾਬੰਦੀ ਕਰਦਾ ਹੈ, ਅੱਲਾਹ ਤਾਅਲਾ ਉਸਦੇ ਲਈ ਜੰਨਤ ਵਿਚ ਮਹਿਲ ਬਣਾ ਦਿੰਦੇ ਹਨ। ਚਾਰ ਰਕਾਤਾਂ ਜ਼ੁਹਰ ਤੋਂ ਪਹਿਲਾਂ, ਦੋ ਰਕਾਤਾਂ ਜ਼ੁਹਰ ਤੋਂ ਬਾਅਦ, ਦੋ ਰਕਾਤਾਂ ਮਗ਼ਰਿਬ ਤੋਂ ਬਾਅਦ, ਦੋ ਰਕਾਤਾਂ ਇਸ਼ਾ ਤੋਂ ਬਾਅਦ ਅਤੇ ਦੋ ਰਕਾਤਾਂ ਫਜ਼ਰ ਤੋਂ ਪਹਿਲਾਂ।" (ਨਿਸਾਈ)।"[101]

ਨਮਾਜ਼ ਪੜ੍ਹਨ ਲਈ ਬੋਲੀ ਅਰਬੀ ਹੀ ਰੱਖਣੀ ਹੈ ਇਸ ਲਈ ਹਰ ਮੁਸਲਮਾਨ ਨੂੰ ਅਰਬੀ ਭਾਸ਼ਾ ਆਉਣੀ ਲਾਜ਼ਮੀ ਹੈ। ਅਮਰਵੰਤ ਸਿੰਘ ਅਨੁਸਾਰ "ਨਮਾਜ਼ ਦਾ ਪੜ੍ਹਨਾ ਕਰਾਨ ਦੀਆਂ ਆਯਤਾਂ ਵਿਚ ਜ਼ਰੂਰੀ ਹੈ ਅਤੇ ਅਨੁਸ਼ਾਠਨਿਕ ਪ੍ਰਾਰਥਨਾ (ਫਰੀਜ਼ਾ-ਏ-ਨਮਾਜ਼) ਇਕ ਕਾਨੂੰਨੀ ਹੁਕਮ ਹੈ ਅਤੇ ਆਪਦੇ ਨਿਸ਼ਚਿਤ ਸਵਰੂਪ ਵਿਚ ਨਮਾਜ਼ 'ਮੁਨਾਜਾਤ' ਅਤੇ 'ਦੁਆ' ਤੋਂ ਜ਼ਿਆਦਾ ਪਰਮੇਸ਼ਵਰ ਦੇ ਨਾਮ ਦੀ ਯਾਦ ਹੈ। ਇਹ ਨਹੀਂ ਕਿ ਅਰਬੀ ਦਾ ਤਰਜਮਾ ਕਿਸੇ ਹੋਰ ਬੋਲੀ ਵਿਚ ਪੜ੍ਹ ਲਵੇ। ਨਮਾਜ਼ ਤੋਂ ਪਹਿਲਾਂ ਜਿਸਮ ਅਤੇ ਵਸਤ੍ਰ ਸ਼ੁੱਧ ਕਰਨੇ ਚਾਹੀਦੇ ਹਨ।ਨਮਾਜ਼ ਪੜ੍ਹਨ ਦੀ ਜ਼ਮੀਨ ਅਪਵਿਤ੍ਰ ਨਾ ਹੋਵੇ।"[102] ਨਮਾਜ਼ ਅਦਾ ਕਰਨ ਲਈ ਸਰੀਰ, ਕੱਪੜੇ, ਨਮਾਜ਼ ਵਾਲੀ ਜਗ੍ਹਾ ਸਾਫ ਹੋਣੀ ਚਾਹੀਦੀ ਹੈ।

### 4.3.11 ਇਸਲਾਮ ਵਿਚ ਪੜ੍ਹੀਆਂ ਜਾਂਦੀਆ ਪੰਜ ਨਮਾਜ਼ਾਂ ਅਤੇ ਪੜ੍ਹਨ ਦੇ ਵੇਲੇ ਦਾ ਵੇਰਵਾ ਇਸ ਪ੍ਰਕਾਰ ਹੈ

#### 4.3.11.1 ਫਜ਼ਰ ਦੀ ਨਮਾਜ਼

ਇਹ ਇਸਲਾਮ ਦੀ ਪਹਿਲੀ ਨਮਾਜ਼ ਹੈ। ਇਹ ਨਮਾਜ਼ ਦਿਨ ਫੁੱਟਣ ਤੋਂ ਸੂਰਜ ਚੜ੍ਹਨ ਤੱਕ ਪੜ੍ਹਨ ਦੀ ਹਦਾਇਤ ਹੈ, ਸੂਰਜ ਚੜ੍ਹਨ ਤੋਂ ਬਾਅਦ ਇਹ ਨਮਾਜ਼ ਨਹੀਂ ਪੜ੍ਹਨੀ, "ਸਲਾਤੁਲ ਫਜ਼ਰ ਜਾਂ ਨਮਾਜ਼ ਏ ਸੁਬਹ, ਪਹੁ ਫੁੱਟਣ ਤੋਂ ਲੈ ਕੇ ਸੂਰਜ ਚੜ੍ਹਨ ਤੀਕ ਦੀ ਨਮਾਜ਼। ਇਹ ਨਮਾਜ਼ ਸੂਰਜ ਨਿਕਲਣ ਤੋਂ ਪਹਿਲਾ ਪੜ੍ਹ ਲੈਣੀ ਚਾਹੀਦੀ ਹੈ। ਜਦੋਂ ਸੂਰਜ ਦਾ ਭੋਰਾ ਭੋਰਾ ਕਿਨਾਰਾ ਭੀ ਨਿਕਲ ਆਇਆ ਤਾਂ ਇਸ ਨਮਾਜ਼ ਦਾ

---

[100] ਡਾ. ਅਨਵਰ ਚਿਰਾਗ, *ਨੂਰ-ਏ-ਹਦੀਸ*, ਪੰਨਾ 61.
[101] ਉਹੀ,ਪੰਨਾ 61.
[102] ਅਮਰਵੰਤ ਸਿੰਘ, *ਨਾਨਕ ਪ੍ਰਕਾਸ਼ ਪੱਤ੍ਰਿਕਾ*, ਦਸੰਬਰ 1971, ਪੰਨਾ 119.

ਸਮਾਂ ਲੰਘ ਚੁੱਕਿਆ ਹੁੰਦਾ ਹੈ। ਫਜ਼ਰ ਦੀਆਂ ਦੋ ਰੁਕਅਤ ਫਰਜ਼ ਹਨ ਅਤੇ ਇੰਨ੍ਹਾਂ ਦੋ ਰੁਕਅਤਾਂ ਤੋਂ ਪਹਿਲਾ ਦੋ ਰੁਕਅਤਾਂ ਪੜ੍ਹਨਾ ਸੁੰਨਤ ਹੈ।"[103]

ਇਹ ਨਮਾਜ਼ ਦੇ ਇਕ ਹਿੱਸੇ ਮੁਕੰਮਲ ਦਾ ਨਾਂ ਹੈ, ਅਲੱਗ-ਅਲੱਗ ਨਮਾਜ਼ਾ ਦੇ ਗਿਣਤੀ ਅਨੁਸਾਰ ਅਲੱਗ-ਅਲੱਗ ਹਿੱਸੇ ਹਨ, ਅਤੇ ਇਹਨਾਂ ਰਕਾਤਾਂ ਦੀ ਮਰਯਾਦਾ ਮੁਹੰਮਦ ਸਾਹਿਬ ਦੇ ਸਮੇਂ ਤੋਂ ਹੀ ਲਾਗੂ ਹੈ, "ਰੁਕਅਤ ਜਾਂ ਰਕਾਤ ਪੂਰੀ ਨਮਾਜ਼ ਦੇ ਇੱਕ ਹਿੱਸੇ ਨੂੰ ਕਹਿੰਦੇ ਹਨ। ਜਦੋਂ ਨਮਾਜ਼ ਪੜ੍ਹਨ ਦੀ ਨੀਅਤ ਕਰਕੇ ਖੜ੍ਹੇ ਹੋ ਜਾਂਦੇ ਹਨ ਅਤੇ ਤਕਬੀਰ ਪੜ੍ਹੀ ਜਾਂਦੀ ਹੈ ਫਿਰ ਕਿਆਮ, ਰਕੂਅ ਅਤੇ ਸਜਦੇ ਦੀ ਪ੍ਰਕ੍ਰਿਆ ਪੂਰੀ ਕੀਤੀ ਜਾਂਦੀ ਹੈ। ਇਸ ਸਾਰੇ ਅਮਲ ਵਿਚ ਜਦੋਂ ਨਮਾਜ਼ ਦਾ ਅਮਲ ਸਜਦੇ ਤੱਕ ਪਹੁੰਚ ਜਾਂਦਾ ਹੈ ਤਾਂ ਇਕ ਰਕਅਤ ਪੂਰੀ ਹੋ ਜਾਂਦੀ ਹੈ। ਪੈਗੰਬਰ ਇਸਲਾਮ ਹਜ਼ਰਤ ਮੁਹੰਮਦ ਸਾਹਿਬ ਦੇ ਸਮੇਂ ਤੋਂ ਹੀ ਵੱਖ-ਵੱਖ ਫਰਜ਼ ਨਮਾਜ਼ਾਂ ਦੀਆਂ ਰਕਅਤਾਂ ਨਿਸ਼ਚਿਤ ਹਨ ਕਿਸੇ ਵਿਚ ਦੋ ਕਿਸੇ ਵਿਚ ਚਾਰ ਆਦਿ ਇਸ ਤਰ੍ਹਾਂ ਰਕਤ ਜਾਂ ਰਕਾਅਤ ਮੁਕੰਮਲ ਨਮਾਜ਼ ਦੇ ਇਕ ਭਾਗ, ਇਕ ਹਿੱਸੇ ਨੂੰ ਕਹਿੰਦੇ ਹਨ"।[104]

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ ਫਜ਼ਰ, "ਭੋਰ, ਤੜਕਾ, ਸਵੇਰਾ, ਪ੍ਰਾਤਹਕਾਲ"[105]

"ਪਹਿਲਾ ਸਮਾਂ:- ਪਹੁ ਫੁੱਟਣ ਤੋਂ ਲੈ ਕੇ ਸੂਰਜ ਚੜ੍ਹਨ ਤੱਕ, ਇਸਨੂੰ ਸਵੇਰ ਦੀ ਨਮਾਜ਼ ਕਹਿੰਦੇ ਹਨ। ਇਸ ਦੀਆਂ ਦੋ ਰਕਾਤਾਂ ਨਿਮਾਜ਼, ਸੁੰਨਤ ਹਨ ਅਤੇ ਦੋ ਰਕਾਤਾਂ ਨਿਮਾਜ਼ ਫਰਜ਼ ਹਨ। ਨਿਮਾਜ਼ ਸੁੰਨਤ ਦੀਆਂ ਦੋ ਰਕਾਤਾਂ ਹਰੇਕ ਪ੍ਰਾਣੀ ਆਪ ਆਪਣੀ ਇੱਛਾ ਅਨੁਸਾਰ ਕੱਲਿਆਂ ਕੱਲਿਆਂ ਪੜ੍ਹਦਾ ਹੈ ਤੇ ਫਜ਼ਰ ਦੀਅ ਦੋ ਰਕਾਤਾਂ ਸਾਰੇ ਜਣੇ ਮਿਲ ਕੇ।ਇਮਾਮ ਦੇ ਪਿਛੇ ਨਿਮਾਜ਼ ਪੜ੍ਹਨ ਵਾਲੇ ਵੀ ਹੌਲੇ-ਹੌਲੇ ਆਪੇ ਆਪਣੇ ਮਨਾਂ ਵਿਚ ਦੁਹਰਾਈ ਜਾਂਦੇ ਹਨ ਤੇ ਕੁਰਾਨ ਸ਼ਰੀਫ ਦਾ ਜੋ ਹਿੱਸਾ ਸੂਰਤ ਫਾਤਿਹਾ ਤੋਂ ਮਗਰੋਂ ਇਮਾਮ ਪੜ੍ਹਦੇ ਹਨ ਉਸਨੂੰ ਸਾਰੇ ਜਾਣੇ ਚੁੱਪ ਕਰਕੇ ਸੁਣਦੇ ਹਨ।"[106]

### 4.3.11.2 ਫਜ਼ਰ ਦੀਆਂ ਸੁੰਨਤਾਂ

"ਹਜ਼ਰਤ ਆਈਸ਼ਾ (ਰਜ਼ੀ.) ਤੋਂ ਰਿਵਾਇਤ ਹੈ ਕਿ ਹਜ਼ੂਰ (ਸ.) ਨੇ ਫਜ਼ਰ ਦੀਆਂ ਦੋ ਸੁੰਨਤਾਂ ਦੇ ਬਾਰੇ ਇਰਸ਼ਾਦ ਫੁਰਮਾਇਆ ਇਹ ਦੋ ਰਕਾਤਾਂ ਮੈਨੂੰ ਸਾਰੀ ਦੁਨੀਆਂ ਤੋਂ ਜ਼ਿਆਦਾ ਮਹਿਬੂਬ ਹਨ। (ਮੁਸਲਿਮ)"[107]

### 4.3.11.3 ਜ਼ੁਹਰ ਦੀ ਨਮਾਜ਼

ਇਹ ਇਸਲਾਮ ਦੀ ਦੂਜੀ ਨਮਾਜ਼ ਹੈ। ਇਹ ਨਮਾਜ਼ ਸੂਰਜ ਢੱਲਣ ਵਲੇ ਪੜ੍ਹੀ ਜਾਂਦੀ ਹੈ ਅਤੇ ਤਿੰਨ ਘੰਟਿਆਂ ਦੇ ਸਮੇਂ ਤੱਕ ਪੜ੍ਹੀ ਜਾ ਸਕਦੀ ਹੈ। ਅਮਰਵੰਤ ਸਿੰਘ ਆਪਣੇ ਲੇਖ ਨਵਾਜ਼ ਵਿਚ ਜ਼ੁਹਰ ਦੀ ਨਮਾਜ਼ ਦਾ ਜ਼ਿਕਰ ਇਸ ਪ੍ਰਕਾਰ ਕਰਦੇ ਹਨ, "ਸਲਾਤੁਲਜ਼ੁਹਰ ਜਾਂ ਨਮਾਜ਼-ਏ-ਪੇਸ਼ੀਨ, ਜਦ ਸੂਰਜ ਢਲਣ ਲੱਗੇ, ਉਸ ਵੇਲੇ ਦੀ ਨਮਾਜ਼। ਇਸ ਨਮਾਜ਼ ਦੇ ਪੜ੍ਹਨ ਦਾ ਸਮਾਂ ਸੂਰਜ ਢਲਣ ਲੱਗਣ ਤੋਂ ਉਸ ਸਮੇਂ ਤੱਕ

---

[103] ਉਹੀ, ਪੰਨਾ 115.
[104] ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼*, ਪੰਨਾ 479.
[105] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 808.
[106] ਨਾਜ਼ਿਰ ਦਾਅਵਤੋ ਤਬਲੀਗ, *ਨਿਮਾਜ਼*, ਪੰਨਾ 25.
[107] ਅਨੁ ਤੇ ਸੰਪਾ. ਡਾ. ਅਨਵਰ ਚਿਰਾਗ, *ਨੂਰ-ਏ-ਹਦੀਸ*, ਪੰਨਾ 61.

ਰਹਿੰਦਾ ਹੈ ਜਦੋਂ ਕਿ ਹਰ ਸ਼ੈ ਦੀ ਛਾਂ ਉਸਦੀ ਅਸਲੀ ਥਾਂ ਤੋਂ ਇਲਾਵਾ ਦੁਗਣੀ ਹੋ ਜਾਵੇ ਇਸਦੀਆਂ ਚਾਰ ਰੁਕਅਤਾਂ ਫਰਜ਼ ਹਨ ਅਤੇ ਜ਼ਹਰ ਦੀ ਨਮਾਜ਼ ਤੋਂ ਪਹਿਲਾਂ ਚਾਰ ਰੁਕਅਤਾਂ ਅਤੇ ਨਮਾਜ਼ ਤੋਂ ਮਗਰੋਂ ਦੋ ਰੁਕਅਤਾਂ ਪੜ੍ਹਨਾ ਸੁੰਨਤ ਹੈ।"[108]

ਨਾਜ਼ਿਰ ਦਾਅਵਤੋ ਤਬਲੀਗ ਫਜ਼ਰ ਦੀ ਨਮਾਜ਼ ਬਾਰੇ ਇੰਝ ਜ਼ਿਕਰ ਕਰਦੇ ਹਨ, "ਦੂਜਾ ਸਮਾਂ - ਦੂਜੀ ਨਿਮਾਜ਼ ਦੁਪਿਹਰ ਤੋਂ ਮਗਰੋਂ ਜਦ ਕਿ ਸੂਰਜ ਢੱਲਣਾ ਸ਼ੁਰੂ ਹੋ ਜਾਂਦਾ ਹੈ, ਪੜ੍ਹੀ ਜਾਂਦੀ ਹੈ। ਇਸ ਨਿਮਾਜ਼ ਨੂੰ 'ਜ਼ੁਹਰ' ਜਾਂ ਪੇਸ਼ੀ ਦੀ ਨਿਮਾਜ਼ ਆਖਦੇ ਹਨ। ਇਹ ਨਿਮਾਜ਼ ਸੂਰਜ ਦੇ ਢੱਲਣ ਸਮੇਂ ਤੋਂ ਲੈ ਕੇ ਤਿੰਨ ਘੰਟੇ ਤੱਕ ਦੇ ਕਿਸੇ ਸਮੇਂ ਵਿਚ ਪੜ੍ਹੀ ਜਾ ਸਕਦੀ ਹੈ। ਇਸ ਨਿਮਾਜ਼ ਵਿਚ ਫਰਜ਼ ਦੀ ਕਿਸੇ ਰਕਾਤ ਵਿਚ ਵੀ ਸੂਰਤ ਫਾਤਿਹਾ ਆਦਿ ਉਚੀ ਆਵਾਜ਼ ਨਾਲ ਨਹੀਂ ਪੜ੍ਹੀ ਜਾਂਦੀ ਸਗੋਂ ਇਮਾਮ ਸਾਹਿਬ ਵੀ ਤੇ ਉਹਨਾਂ ਦੇ ਪਿੱਛੇ ਨਿਮਾਜ਼ ਪੜ੍ਹਨ ਵਾਲੇ ਲੋਕ ਵੀ ਆਪੋ ਆਪਣੇ ਮਨ ਵਿਚ ਹੌਲੇ-ਹੌਲੇ ਪੜ੍ਹਦੇ ਹਨ।"[109]

### 4.3.11.4 ਅਸਰ ਦੀ ਨਮਾਜ਼

ਇਹ ਇਸਲਾਮ ਦੀ ਤੀਜੀ ਨਮਾਜ਼ ਹੈ ਇਹ ਜ਼ੁਹਰ ਤੋਂ ਮਗਰੋਂ ਹੀ ਸ਼ੁਰੂ ਹੋ ਜਾਂਦੀ ਹੈ। ਇਸਦਾ ਸਮਾਂ ਸੂਰਜ ਡੁੱਬਣ ਤੱਕ ਰਹਿੰਦਾ ਹੈ। ਅਮਰਵੰਤ ਸਿੰਘ ਆਪਣੇ ਲੇਖਾ ਨਿਵਾਜ਼ ਵਿਚ ਅਸਰ ਦੀ ਨਮਾਜ਼ ਦਾ ਜ਼ਿਕਰ ਇਸ ਪ੍ਰਕਾਰ ਕਰਦੇ ਹਨ, "ਸਲਾਤੁਲਅਸਰ ਜਾਂ ਨਮਾਜ਼-ਏ-ਦੀਗਰ। ਇਸਨੂੰ ਤੀਸਰੇ ਪਹਿਰ ਦੀ ਨਮਾਜ਼ ਵੀ ਕਹਿੰਦੇ ਹਨ। ਜ਼ੁਹਰ ਤੋਂ ਮਗਰੋਂ ਤੁਰੰਤ ਅਸਰ ਦਾ ਸਮਾਂ ਸ਼ੁਰੂ ਹੋ ਜਾਂਦਾ ਹੈ ਅਤੇ ਸੂਰਜ ਡੁੱਬਣ ਵੇਲੇ ਤੱਕ ਰਹਿੰਦਾ ਹੈ ਪਰੰਤੂ ਸੂਰਜ ਪੀਲਾ ਪੈਣ ਤੋਂ ਪਹਿਲਾਂ-ਪਹਿਲਾਂ ਨਮਾਜ਼ ਪੜ੍ਹ ਲੈਣੀ ਚਾਹੀਦੀ ਹੈ ਅਤੇ ਦੇਰ ਕਰਨਾ ਜਾਇਜ਼ ਨਹੀਂ। ਇਸ ਵਿਚ ਤਿੰਨ ਰੁਕਅਤਾਂ ਫਰਜ਼ ਹਨ ਅਤੇ ਇੰਨ੍ਹਾਂ ਤਿੰਨ ਰੁਕਅਤਾ ਮਗਰੋਂ ਦੋ ਰੁਕਅਤਾਂ ਪੜ੍ਹਨਾ ਸੁੰਨਤ ਹੈ।"[110]

ਨਾਜਿਰ ਦਾਅਵਤੋ ਤਬਲੀਗ ਨਵਾਜ਼ ਦੇ ਤੀਜੇ ਸਮੇਂ ਦਾ ਜ਼ਿਕਰ ਇਸ ਪ੍ਰਕਾਰ ਕਰਦੇ ਹਨ,"ਤੀਜਾ ਸਮਾਂ-ਨਿਮਾਜ਼ ਦਾ ਤੀਜਾ ਸਮਾਂ ਲੌਢੇ ਵੇਲੇ ਤੋਂ ਸ਼ੁਰੂ ਹੁੰਦਾ ਹੈ। ਇਸ ਨਿਮਾਜ਼ ਨੂੰ "ਅਸਰ" ਜਾਂ ਦੀਗਰ ਦੀ ਨਿਮਾਜ਼ ਕਹਿੰਦੇ ਹਨ। ਇਸ ਨਿਮਾਜ਼ ਦੀਆਂ ਕੇਵਲ ਚਾਰ ਰਕਾਤਾਂ ਫਰਜ਼ ਦੀਆਂ ਹਨ, ਜੋ ਸਾਰੇ ਜਣੇ ਮਿਲ ਕੇ ਇਮਾਮ ਦੇ ਪਿਛੇ ਪੜ੍ਹਦੇ ਹਨ। ਇਸ ਨਿਮਾਜ਼ ਵਿਚ ਵੀ ਸੂਰਹ ਫਾਤਿਹਾ ਆਦਿ ਜ਼ਹੂਰ ਦੀ ਨਿਮਾਜ਼ ਵਾਂਗ ਹੌਲੇ-ਹੌਲੇ ਮਨਾਂ ਵਿਚ ਹੀ ਪੜ੍ਹੀ ਜਾਂਦੀ ਹੈ।"[111]

### 4.3.11.5 ਮਗ਼ਰਿਬ ਦੀ ਨਮਾਜ਼

ਇਹ ਇਸਲਾਮ ਦੀ ਤੀਜੀ ਨਮਾਜ਼ ਹੈ, ਇਸਦੇ ਪੜ੍ਹਨ ਦਾ ਸਮਾਂ ਸੂਰਜ ਦੇ ਛਿਪਣ ਤੋਂ ਲੈ ਕੇ ਹਨ੍ਹੇਰਾ ਹੋਣ ਤੋਂ ਪਹਿਲਾ ਦਾ ਹੈ।

---

[108] ਅਮਰਵੰਤ ਸਿੰਘ,*ਨਾਨਕ ਪ੍ਰਕਾਸ਼ ਪੱਤ੍ਰਿਕਾ*, ਦਸੰਬਰ 1971, ਪੰਨਾ 115.
[109] ਨਾਜ਼ਿਰ ਦਾਅਵਤੋ ਤਬਲੀਗ, *ਨਿਮਾਜ਼*, ਪੰਨੇ 25-26.
[110] ਅਮਰਵੰਤ ਸਿੰਘ, *ਨਾਨਕ ਪ੍ਰਕਾਸ਼ ਪੱਤ੍ਰਿਕਾ*, ਦਸੰਬਰ 1971, ਪੰਨਾ 115.
[111] ਨਾਜ਼ਿਰ ਦਾਅਵਤੋ ਤਬਲੀਗ, *ਨਿਮਾਜ਼*, ਪੰਨੇ 25-26.

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ ਮਗ਼ਰਿਬ, "ਮਗਰਿਬ ਸੰਗਯਾ- ਸੂਰਜ ਦੇ ਗ਼ਰੂਬ ਹੋਣ (ਛਿਪਣ) ਦੀ ਦਿਸ਼ਾ ,ਪਸ੍ਚਿਮ, ਪੱਛੋਂ."[112]

ਅਮਰਵੰਤ ਸਿੰਘ ਦੇ ਲੇਖ ਨਿਵਾਜ਼ ਅਨੁਸਾਰ "ਸਲਾਤੁਲ ਮਗਰਿਬ : ਜਾਂ ਨਮਾਜ਼-ਏ-ਸ਼ਾਮ। ਇਸ ਨਮਾਜ਼ ਦੇ ਪੜ੍ਹਨ ਦਾ ਸਮਾਂ ਸੂਰਜ ਛਿਪਣ ਤੋਂ ਲੈ ਕੇ ਅਸਮਾਨ ਦੀ ਸੁਰਖੀ ਮਿਟ ਜਾਣ ਤੱਕ ਹੁੰਦਾ ਹੈ। ਸਮਾਂ ਸ਼ੁਰੂ ਹੋਣ ਤੇ ਮਗਰੋਂ ਇਹ ਨਮਾਜ਼ ਤੁਰੰਤ ਪੜ੍ਹ ਲੈਣੀ ਚਾਹੀਦੀ ਹੈ ਅਤੇ ਦੇਰ ਕਰਨਾ ਜਾਇਜ਼ ਨਹੀਂ! ਇਸ ਲਈ ਤਿੰਨ ਰੁਕਅਤਾਂ ਫਰਜ਼ ਹਨ ਅਤੇ ਇਨ੍ਹਾਂ ਤਿੰਨ ਰੁਕਅਤਾ ਮਗਰੋਂ ਦੋ ਰੁਕਅਤਾਂ ਪੜ੍ਹਨਾ ਸੁੰਨਤ ਹੈ।"[113]

ਨਾਜਿਰ ਦਾਅਵਤੋ ਤਬਲੀਗ ਅਨੁਸਾਰ ਮਗਰਿਬ ਦੀ ਨਮਾਜ਼ ਦੇ "ਚੌਥਾ ਸਮਾਂ: ਨਿਮਾਜ਼ ਦਾ ਚੌਥਾ ਸਮਾਂ ਸੂਰਜ ਦੇ ਡੁੱਬਣ ਸਮੇਂ ਹੈ ਜਦ ਸੂਰਜ ਡੁੱਬ ਜਾਂਦਾ ਹੈ ਤਾਂ ਇਹ ਨਿਮਾਜ਼ ਪੜ੍ਹੀ ਜਾਂਦੀ ਹੈ। ਇਸ ਨੂੰ ਸ਼ਾਮ ਜਾਂ "ਮਗ਼ਰਬ" ਦੀ ਨਿਮਾਜ਼ ਕਹਿੰਦੇ ਹਨ। ਇਸ ਦੀਆਂ ਕੁਲ ਰਕਾਤਾਂ ਪੰਜ ਹਨ।"[114]

### 4.3.11.6 ਇਸ਼ਾ ਦੀ ਨਮਾਜ਼

ਇਹ ਇਸਲਾਮ ਦੀ ਅਖਰੀਲੀ ਨਮਾਜ਼ ਹੈ। ਇਸਦਾ ਸਮਾਂ ਚੌਥੀ ਨਮਾਜ਼ ਦੇ ਸਮੇਂ ਮੁੱਕਣ ਤੋਂ ਤੁਰੰਤ ਬਾਅਦ ਸ਼ੁਰੂ ਹੋ ਜਾਂਦਾ ਹੈ ਅਤੇ ਅੱਧੀ ਰਾਤ ਤੋਂ ਪਹਿਲਾ ਪੜ੍ਹ ਲੈਣੀ ਚਾਹੀਦੀ ਹੈ।

ਅਮਰਵੰਤ ਸਿੰਘ ਦੇ ਲੇਖ ਨਿਵਾਜ਼ ਅਨੁਸਾਰ, "ਸਲਾਤੁਲਇਸ਼ਾ ਜਾਂ ਨਮਾਜ਼-ਏ-ਖੁਫਤਨ। ਇਸ ਨੂੰ ਸੌਣ ਵੇਲੇ ਦੀ ਨਮਾਜ਼ ਭੀ ਕਹਿੰਦੇ ਹਨ। ਇਸ ਨਮਾਜ਼ ਦਾ ਸਮਾਂ ਆਸਮਾਨ ਦੀ ਸੁਰਖੀ ਮਿਟ ਜਾਣ ਤੋਂ ਮਗਰੋਂ ਆਰੰਭ ਹੁੰਦਾ ਹੈ ਅਤੇ ਪਹੁ ਫੁੱਟਣ ਤੱਕ ਰਹਿੰਦਾ ਹੈ ਪਰੰਤੂ ਅੱਧੀ ਰਾਤ ਤੋਂ ਪਹਿਲਾ ਹੀ ਇਹ ਨਮਾਜ਼ ਪੜ੍ਹ ਲੈਣੀ ਚੰਗੀ ਹੁੰਦੀ ਹੈ। ਇਸ ਨਮਾਜ਼ ਦੀਆਂ ਚਾਰ ਰੁਕਅਤਾਂ ਫਰਜ਼ ਹਨ ਅਤੇ ਇਸ ਨਮਾਜ਼ ਮਗਰੋਂ ਦੋ ਰੁਕਅਤਾਂ ਪੜ੍ਹਨਾ ਸੁੰਨਤ ਹੈ ਅਤੇ ਫੇਰ ਤਿੰਨ ਰੁਕਅਤਾਂ ਵਤਰ ਦੀ ਨਮਾਜ਼ ਲਈ ਪੜ੍ਹਨਾ ਜਾਇਜ਼ ਹਨ।"[115]

ਨਾਜ਼ਿਰ ਦਾਅਵਤੋ ਤਬਲੀਗ ਅਨੁਸਾਰ, "ਪੰਜਵਾਂ ਸਮਾਂ -ਸ਼ਾਮ ਦੀ ਨਿਮਾਜ਼ ਤੋਂ ਕੋਈ ਅੱਧੇ ਘੰਟੇ ਬਾਅਦ ਇਸ ਨਿਮਾਜ਼ ਦਾ ਸਮਾਂ ਸ਼ੁਰੂ ਹੁੰਦਾ ਇਸ ਦੀਆਂ ਕੁਲ ਗਿਆਰਾਂ ਰਕਾਤਾਂ ਹਨ ਜੋ ਇਸ ਤਰ੍ਹਾਂ ਹਨ।

ੳ. ਚਾਰ ਰਕਾਤਾਂ ਨਿਮਾਜ਼ ਸੁੰਨਤ

ਅ. ਚਾਰ ਰਕਾਤਾਂ ਨਿਮਾਜ਼ ਫਰਜ਼

ੲ. ਦੋ ਰਕਾਤਾਂ ਨਿਮਾਜ਼ ਸੁੰਨਤ

ਸ. ਤਿੰਨ ਰਕਾਤਾਂ ਨਿਮਾਜ਼ ਵਿਤਰ

[112] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*,ਪੰਨਾ 940.
[113] ਅਮਰਵੰਤ ਸਿੰਘ, *ਨਾਨਕ ਪ੍ਰਕਾਸ਼ ਪੱਤ੍ਰਿਕਾ*, ਦਸੰਬਰ 1971, ਪੰਨਾ 115.
57 ਨਾਜ਼ਿਰ ਦਾਅਵਤੋ ਤਬਲੀਗ, *ਨਿਮਾਜ਼*, ਪੰਨਾ 26.
[115] ਅਮਰਵੰਤ ਸਿੰਘ, *ਨਾਨਕ ਪ੍ਰਕਾਸ਼ ਪੱਤ੍ਰਿਕਾ*,ਦਸੰਬਰ 1971, ਪੰਨਾ 115.

ਫਰਜ਼ ਦੀਆਂ ਨਿਮਾਜ਼ਾਂ ਸਾਰੇ ਜਣੇ ਮਿਲ ਕੇ ਇਮਾਮ ਦੇ ਪਿਛੇ ਪੜ੍ਹਦੇ ਹਨ ਤੇ ਇਮਾਮ ਸਾਹਿਬ ਇਹਨਾਂ ਚੌਹਾਂ ਰਕਾਤਾਂ ਵਿਚੋਂ ਪਹਿਲੀਆਂ ਦੋ ਰਕਾਤਾਂ ਵਿਚ ਸੂਰਤ ਫਾਤਿਹਾ ਆਦਿ ਉੱਚੀ ਪੜ੍ਹਦੇ ਹਨ ਅਤੇ ਦੋਹਾਂ ਰਕਾਤਾਂ ਵਿਚ ਹੌਲੇ ਹੌਲੇ। ਇਸ ਨਿਮਾਜ਼ ਨੂੰ ਇਸ਼ਾ ਦੀ ਨਿਮਾਜ਼ ਕਹਿੰਦੇ ਹਨ।"[116]

ਇਸ ਤਰ੍ਹਾਂ ਇਸਲਾਮ ਦੀਆਂ ਇਹ ਪੰਜ ਨਮਾਜ਼ਾਂ ਹਨ ਅਤੇ ਇੰਨ੍ਹਾਂ ਨੂੰ ਪੜ੍ਹਨ ਦਾ ਸਮਾਂ ਅਤੇ ਇਸ ਵਿਚ ਪੜ੍ਹੀਆ ਜਾਣ ਵਾਲੀਆਂ ਰੁਕਅਤਾਂ ਦਾ ਜ਼ਿਕਰ ਸੀ। ਨਮਾਜ਼ ਹਰ ਮੁਸਲਮਾਨ ਜੋ ਬਾਲਗ ਹੈ ਉਪਰ ਫਰਜ਼ ਹੈ ਇਸ ਤੋਂ ਬਿਨਾਂ ਛੁਟਕਾਰਾਂ ਨਹੀਂ ਹੋ ਸਕਦਾ।

### 4.3.12 ਉਜ਼ੂ ਜਾਂ ਵੁਜ਼ੂ

ਨਿਵਾਜ਼ ਪੜ੍ਹਨ ਤੋਂ ਪਹਿਲਾ ਆਪਣੇ ਆਪ ਨੂੰ ਸਾਫ ਕਰਨ ਨੂੰ ਇਸਲਾਮ ਵਿਚ ਉਜ਼ੂ ਕਰਨਾ ਕਹਿੰਦੇ ਹਨ, ਜਿਸਦੀ ਕਰਨ ਦੀ ਖਾਸ ਹਿਦਾਇਤ ਹੈ, ਉਹ ਉਸੇ ਤਰੀਕੇ ਨਾਲ ਹੋਣਾ ਚਾਹੀਦਾ ਹੈ ਜਿਸ ਤਰੀਕੇ ਨਾਲ ਮੁਹੰਮਦ ਸਾਹਿਬ ਨੇ ਕੁਰਾਨ ਜਾਂ ਹਦੀਸਾਂ ਵਿਚ ਫੁਰਮਾਇਆ ਹੈ। ਜਿਸਨੂੰ ਅਸੀਂ ਪੰਜਾਬੀ ਵਿਚ ਪੰਜ ਇਸ਼ਨਾਨਾ ਵੀ ਕਹਿ ਸਕਦੇ ਹਾਂ।

ਨਾਜਿਰੋ ਦਾਅਵਤੋ ਤਬਲੀਗ ਅਨੁਸਾਰ ਉਜ਼ੂ, "ਹਰੇਕ ਨਿਮਾਜ਼ ਪੜ੍ਹਨ ਤੋਂ ਪਹਿਲਾਂ ਉਜ਼ੂ (ਪੰਜ ਇਸ਼ਨਾਨਾ) ਕਰਨ ਅਤਿ ਜ਼ਰੂਰੀ ਹੈ। ਇਸ ਤੋਂ ਬਿਨਾਂ ਨਿਮਾਜ਼ ਉੱਕੀ ਹੀ ਊਰੀ ਤੇ ਅਧੂਰੀ ਰਹਿ ਜਾਂਦੀ ਹੈ। ਹਾਂ, ਜੇ ਕੋਈ ਪ੍ਰਾਣੀ ਰੋਗੀ ਹੋਵੇ ਤੇ ਪਾਣੀ ਦੀ ਵਰਤੋਂ ਕੀਤਿਆਂ ਉਸਦੇ ਰੋਗ ਵਿਚ ਵਾਧਾ ਹੋ ਜਾਣ ਦਾ ਡਰ ਭਾਸੇ ਜਾਂ ਉਹ ਅਜਿਹੀ ਕਿਸੇ ਥਾਂ ਹੋਵੇ, ਜਿੱਥੇ ਪਾਣੀ ਸੌਖ ਨਾਲ ਨਾ ਮਿਲ ਸਕਦਾ ਹੋਵੇ, ਤਾਂ ਉਜ਼ੂ ਦੀ ਥਾਂ ਤਯੱਮਮ (ਸਾਫ ਮਿੱਟੀ ਜਾਂ ਘੱਟੇ ਨਾਲ ਪਹਿਰੇ ਕੱਪੜੇ ਤੇ ਦੋਵੇ ਹੱਥ ਮਾਰੇ ਜਾਣ ਤੇ ਫਿਰ ਉਹਨਾਂ ਧੂੜ ਭਰੇ ਹੱਥਾਂ ਨੂੰ ਮੂੰਹ ਤੇ ਬਾਂਹਾ ਆਦਿ ਤੇ ਫੇਰਿਆ ਜਾਏ) ਹੀ ਪਰਵਾਣ ਹੈ।

ਉਜ਼ੂ ਕਰਨ ਦਾ ਢੰਗ ਇਹ ਹੈ ਕਿ ਪਹਿਲਾਂ ਦੋਵੇਂ ਹੱਥ ਚੰਗੀ ਤਰ੍ਹਾਂ ਧੋਤੇ ਜਾਣ। ਫਿਰ ਤਿੰਨ ਵਾਰ ਕੁਰਲੀ ਕਰਕੇ ਮੂੰਹ ਦੀ ਸਫਾਈ ਕੀਤੀ ਜਾਵੇ। ਫੇਰ ਤਿੰਨ ਵਾਰ ਨੱਕ ਨੂੰ ਪਾਣੀ ਨਾਲ ਧੋਇਆ ਜਾਵੇ। ਇਸ ਦੇ ਮਗਰੋਂ ਪਾਣੀ ਦੇ ਤਿੰਨ ਛਿੱਟੇ ਮੂੰਹ ਤੇ ਮਾਰੋ ਤੇ ਮੂੰਹ ਨੂੰ ਧੋਵੋ ਇਸ ਦੇ ਬਾਅਦ ਪਹਿਲਾ ਸੱਜਾ ਹੱਥ ਤੇ ਫੇਰ ਖੱਬਾ ਹੱਥ ਕਹੂਣੀ ਤੱਕ ਧੋਵੇ। ਇਸ ਦੇ ਉਪਰੰਤ ਅੰਗੂਠੇ ਦੇ ਨਾਲ ਦੀਆਂ ਉਗਲਾਂ ਨੂੰ ਕੰਨ ਵਿਚ ਤੇ ਅੰਗੂਠੇ ਨੂੰ ਕੰਨ ਦੇ ਬਾਹਰ ਫੇਰਿਆ ਜਾਵੇ ਅਤੇ ਅੰਤ ਵਿਚ ਦੋਵੇਂ ਪੈਰ ਪਹਿਲਾ ਸੱਜੇ ਤੇ ਫੇਰ ਖੱਬੇ ਧੋਤੇ ਜਾਣ। ਇਸ ਸਾਰੀ ਕਿਰਿਆ ਨੂੰ ਉਜ਼ੂ ਕਹਿੰਦੇ ਹਨ। ਇਹ ਨਿਮਾਜ਼ ਦੇ ਪਹਿਲਾ ਹਰੇਕ ਨਿਮਾਜ਼ੀ ਲਈ ਜ਼ੂਰਰੀ ਹੈ।"[117] ਕਹਿਣ ਤੋਂ ਭਾਵ ਨਮਾਜ਼ ਅਦਾ ਕਰਨ ਤੋਂ ਪਹਿਲਾਂ ਸਰੀਰਿਕ ਸਫਾਈ ਜ਼ਰੂਰੀ ਹੈ। ਉਜ਼ੂ ਕਰਨ ਦਾ ਖਾਸ ਤਰੀਕਾ ਨਿਸ਼ਚਿਤ ਹੈ। ਪਾਣੀ ਨਾਲ ਤਕਲੀਫ ਹੋਣ ਤੇ ਜਾਂ ਪਾਣੀ ਨਾ ਮਿਲਣ ਤੇ ਮੁਸਲਮਾਨ ਮਿੱਟੀ ਨਾਲ ਵੀ ਉਜ਼ੂ ਕਰ ਸਕਦਾ ਹੈ।

ਨਮਾਜ਼ ਪੜ੍ਹਨ ਵੇਲੇ ਵੀ ਅਤੇ ਕੁਰਾਨ ਦੀ ਪਾਠ ਕਰਨ ਵੇਲੇ ਵੀ ਉਜ਼ੂ ਕਰਨ ਦੀ ਮਰਯਾਦਾ ਹੈ ਜਿਸਦਾ ਜ਼ਿਕਰ ਪੋ. ਗੁਰਚਰਨ ਸਿੰਘ ਤਲਵਾੜਾ ਸੂਫੀਮਤ ਸੰਕਲਪ ਕੋਸ਼ ਵਿਚ ਇੰਝ ਕਰਦੇ ਹਨ, "ਹਰ

---

[116] ਨਾਜ਼ਿਰ ਦਾਅਵਤੋ ਤਬਲੀਗ, *ਨਿਮਾਜ਼*, ਪੰਨਾ 27.
[117] ਨਾਜ਼ਿਰ ਦਾਅਵਤੋ ਤਬਲੀਗ, *ਨਿਮਾਜ਼*, ਪੰਨੇ 5-6.

ਨਮਾਜ਼ ਪੜ੍ਹਨ ਤੋਂ ਪਹਿਲਾ ਕੁਰਾਨ ਮਜੀਦ ਦੀ ਤਿਲਾਵਤ ਕਰਨ ਤੋਂ ਪਹਿਲਾ ਉਜ਼ੂ ਜਾਂ ਵੁਜ਼ੂ ਕੀਤਾ ਜਾਂਦਾ ਹੈ। ਪਹਿਲਾ ਵੁਜ਼ੂ ਕਰਨ ਦੀ ਨੀਅਤ ਕੀਤੀ ਜਾਂਦੀ ਹੈ। ਸਾਫ ਪਾਣੀ ਲੈ ਕੇ ਕੂਹਣੀਆਂ ਤੱਕ ਹੱਥ ਧੋਤੇ ਜਾਂਦੇ ਹਨ, ਕੁਰਲੀ ਕੀਤੀ ਜਾਂਦੀ ਹੈ। ਨੱਕ ਸਾਫ ਕੀਤਾ ਜਾਂਦਾ ਹੈ। ਸਿਰ, ਕੰਨਾਂ ਅਤੇ ਗਰਦਨ ਦਾ ਮਸਹਾ ਕੀਤੀ ਜਾਂਦੀ ਹੈ। ਗਿੱਟਿਆਂ ਤੱਕ ਪੈਰ ਧੋਤੇ ਜਾਂਦੇ ਹਨ। ਉਜ਼ੂ ਜਾਂ ਵਜ਼ੂ ਤੋਂ ਬਿਨਾਂ ਨਮਾਜ਼ ਅਦਾ ਨਹੀਂ ਕੀਤੀ ਜਾ ਸਕਦੀ। ਕੁਝ ਖਾਸ ਹਾਲਤਾਂ ਵਿਚ ਉਜੂ ਦੀ ਥਾਂ ਤਯੱਮੁਮ ਕੀਤਾ ਜਾ ਸਕਦਾ ਹੈ।"[118]

ਵੁਜ਼ੂ ਕਰਨ ਲੱਗਿਆ ਵੀ ਮੱਕੇ ਵੱਲ ਮੂੰਹ ਕੀਤਾ ਜਾਂਦਾ ਹੈ ਅਤੇ ਵੁਜ਼ੂ ਕਰਨ ਵੇਲੇ ਮੁਸਲਮਾਨਾਂ ਨੂੰ ਸ਼ਰੀਅਤ ਦਾ ਪਾਲਣਾ ਕਰਨੀ ਪੈਂਦੀ ਹੈ, "ਨਮਾਜ਼ ਪੜ੍ਹਨ ਕੁਰਆਨ ਮਜੀਦ ਦੀ ਤਿਲਾਵਤ ਕਰਨ ਆਦਿ ਦੀਨੀ ਫਰਜ਼ ਅਦਾ ਕਰਨ ਤੋਂ ਪਹਿਲਾ ਵਿਧੀ ਪੂਰਵਕ ਹੱਥ, ਮੂੰਹ ਪੈਰ ਆਦਿ ਧੋਣ ਦੀ ਪ੍ਰਕ੍ਰਿਆ ਨੂੰ ਵੁਜ਼ੂ, ਵਜ਼ੂ ਜਾਂ ਉਜ਼ੂ ਕਰਨਾ ਕਹਿੰਦੇ ਹਨ। ਵਜ਼ੂ ਕਰਨ ਤੋਂ ਪਹਿਲਾ ਕਿਬਲੇ ਦੀ ਤਰਫ ਮੂੰਹ ਕੀਤਾ ਜਾਂਦਾ ਹੈ।ਬਿਸਮਿਲਾਹ ਪੜ੍ਹ ਕੇ ਹੱਥ ਧੋਤੇ ਜਾਂਦੇ ਹਨ,ਮੂੰਹ ਧੋਤਾ ਜਾਂਦਾ ਹੈ, ਕੂਹਣੀਆਂ ਤੱਕ ਦੋਵੇ ਹੱਥ ਧੋਤੇ ਜਾਂਦੇ ਹਨ। ਵੁਜ਼ੂ ਤੋਂ ਬਿਨਾਂ ਨਮਾਜ਼ ਨਹੀਂ ਪੜ੍ਹੀ ਜਾਂਦੀ। ਜੇਕਰ ਪਾਣੀ ਨਾ ਹੋਵੇ ਜਾਂ ਗੰਦਾ ਹੋਵੇ ਜਾਂ ਕਿਸੇ ਕਾਰਣ ਪਾਣੀ ਦੀ ਵਰਤੋਂ ਸਿਹਤ ਲਈ ਹਾਨੀਕਾਰਕ ਐਲਾਨ ਕੀਤੀ ਗਈ ਹੋਵੇ ਤਾਂ ਵੁਜੂ ਦਾ ਬਦਲ ਤਯਮੁੱਮ ਹੈ, ਜੋ ਨਾ ਸਾਜ਼ਗਾਰ ਹਲਾਤਾਂ ਵਿਚ ਹੀ ਕੀਤਾ ਜਾਂਦਾ ਹੈ।"[119] ਵੁਜ਼ੂ ਤੋਂ ਬਿਨਾਂ ਨਮਾਜ਼ ਅਦਾ ਹੀ ਨਹੀਂ ਹੋ ਸਕਦੀ, ਤਯਮੱਮ ਖਾਸ ਸਮਿਆਂ ਵਿਚ ਕਰਨ ਦੀ ਹਦਾਇਤ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਉਜ਼ੂ, " ਪੰਜ ਸ਼ਨਾਨਾ, ਨਮਾਜ਼ ਪੜ੍ਹਨ ਤੋਂ ਪਹਿਲਾਂ ਹੱਥ, ਪੈਰ ਅਤੇ ਮੂੰਹ ਦੀ ਸਫਾਈ।"[120]

ਕੁਰਾਨ ਵਿਚ ਦਰਜ ਹੈ ਕਿ ਨਸ਼ੇ ਦੀ ਹਾਲਤ ਵਿਚ ਜੇ ਘਰ ਵਿਚ ਹੋਵੇ ਤਾਂ ਇਸ਼ਨਾਨ ਕਰਕੇ ਨਮਾਜ਼ ਅਦਾ ਕਰੇ। "ਹੇ ਵਿਸ਼ਵਾਸ਼ੀ ਮੁਸਲਮਾਨੋ! ਜਦੋਂ ਤੱਕ ਜੋ ਤੁਸੀਂ ਕਹਿੰਦੇ ਹੋ ਨਹੀਂ ਸਮਝਦੇ ,ਜਾਂ ਤੁਸੀ ਨਸ਼ੇ ਵਿਚ ਹੋ, ਅਤੇ ਯਾਤਰਾ ਵਿਚ ਨਾ ਹੋਣ ਤੇ ਵੀ ਜਿੱਥੇ ਹੋਵੇ ਉਦੋ ਤੱਕ ਨਮਾਜ਼ ਵਿਚ ਨਾ ਜਾਉ, ਜਦੋਂ ਤੱਕ ਤੁਸੀਂ ਇਸ਼ਨਾਨ ਨਹੀਂ ਕਰ ਲੈਂਦੇ, ਜੇਕਰ ਰੋਗੀ, ਯਾਤਰੀ ਦੀ ਅਵਸਥਾ ਵਿਚ ਸਰੀਰਿਕ ਕ੍ਰਿਆ ਜਾਂ ਇਸਤਰੀ ਨੂੰ ਛੋਹਿਆ, ਸ਼ੁੱਧ ਜਲ ਨਹੀਂ ਮਿਲਦਾ ਤਾਂ ਸ਼ੁੱਧ ਮਿੱਟੀ ਲਉ ਉਸਨੂੰ ਮੂੰਹ ਤੇ ਫੇਰੋ।"[121]

### 4.3.13 ਵੁਜ਼ੂ ਕਰਨ ਦਾ ਤਰੀਕਾ ਹਦੀਸਾਂ ਅਨੁਸਾਰ

ਡਾ.ਅਨਵਰ ਚਿਰਾਗ ਦੁਆਰਾ ਸੰਪਾਦਿਤ ਨੂਰ-ਏ-ਹਦੀਸ ਵਿਚ ਹਜ਼ਰਤ ਮੁਹੰਮਦ ਸਾਹਿਬ ਦੁਆਰਾ ਉਜ਼ੂ ਕਰਨ ਦੇ ਤਰੀਕੇ ਦਾ ਬਿਆਨ ਕੀਤਾ ਗਿਆ ਹੈ, "ਹਜ਼ਰਤ ਹੁਮਰਾਨ (ਰਜ਼ੀ.) ਜੋ ਹਜ਼ਰਤ ਉਸਮਾਨ ਦੇ ਗੁਲਾਮ ਸਨ, ਉਨ੍ਹਾਂ ਨੇ ਦੇਖਿਆ ਕਿ ਹਜ਼ਰਤ ਉਸਮਾਨ (ਰਜ਼ੀ.) ਨੇ ਵੁਜ਼ੂ ਲਈ ਪਾਣੀ ਮੰਗਵਾਇਆ ਅਤੇ ਆਪਣੇ ਦੋਵੇ ਹੱਥਾਂ ਤੇ ਬਰਤਨ ਚੋਂ ਪਾਣੀ ਪਾਇਆ ਅਤੇ (ਹੱਥਾਂ ਨੂੰ) ਤਿੰਨ ਵਾਰੀ ਧੋਤਾ ਫਿਰ ਆਪਣਾ ਸੱਜਾ ਹੱਥ ਪਾਣੀ ਵਿਚ ਪਾਇਆ। ਫਿਰ ਕੁਰਲੀ ਕੀਤੀ ਅਤੇ ਨੱਕ ਵਿਚ ਪਾਣੀ ਪਾਇਆ

---

118 ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼*, ਪੰਨਾ 37.
119 ਉਹੀ, ਪੰਨਾ 513 .
120 ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 5.
121 *ਕੁਰਾਨ ਸ਼ਰੀਫ*, 7:1.

ਤੇ ਨੱਕ ਸੁਣਕਿਆ। ਫਿਰ ਮੂੰਹ ਧੋਤਾ ਤਿੰਨ ਵਾਰ ਅਤੇ ਫਿਰ ਤਿੰਨ ਵਾਰੀ ਦੋਵੇਂ ਹੱਥ ਕੂਹਣੀਆਂ ਤੱਕ ਧੋਤੇ, ਫਿਰ ਇਕ ਵਾਰ ਮਸਹਾ ਕੀਤਾ, ਫਿਰ ਦੋਵੇ ਪੈਰਾਂ ਨੂੰ ਗਿੱਟਿਆਂ ਤੀਕ ਤਿੰਨ ਵਾਰੀ ਧੋਤਾ, ਫਿਰ ਫੁਰਮਾਇਆ ਕਿ ਅੱਲਾਹ ਦੇ ਰਸੂਲ (ਸ.) ਨੇ ਫੁਰਮਾਇਆ ਹੈ ਕਿ ਜੇ ਕੋਈ ਮੇਰੇ ਇਸ ਵੁਜ਼ੂ ਦੇ ਵਾਂਗ ਵੁਜ਼ੂ ਕਰੇ, ਫਿਰ ਦੋ ਰਕਾਤਾਂ ਤਹੀਤ-ਉਲ-ਵੁਜ਼ੂ (ਇਕ ਵਿਸ਼ੇਸ਼ ਨਮਾਜ਼) ਪੜ੍ਹੇ, ਦਿਲ ਵਿਚ ਕੋਈ ਖਿਆਲ ਨਾ ਲਿਆਵੇ ਤਾਂ ਉਸਦੇ ਪਹਿਲਾਂ ਹੋ ਚੁੱਕੇ ਗੁਨਾਹ ਬਖਸ਼ ਦਿੱਤੇ ਜਾਣਗੇ। (ਬੁਖ਼ਾਰੀ)"[122] ਮੁਹੰਮਦ ਸਾਹਿਹਬ ਅਨੁਸਾਰ ਜੋ ਸ਼ਰੀਅਤ ਅਨੁਸਾਰ ਵੁਜ਼ੂ ਕਰਕੇ ਅਤੇ ਮਨ ਨਾਲ ਨਮਾਜ਼ ਪੜ੍ਹੇ ਤਾਂ ਉਸਦੇ ਸਾਰੁ ਗੁਨਾਹ ਮੁਆਫ ਕਰ ਦਿੱਤੇ ਜਾਣਗੇ।

"ਹਜ਼ਰਤ ਜਾਬਿਰ ਬਿਨ ਅਬਦੁੱਲਾ (ਰਜ਼ੀ.) ਰਿਵਾਇਤ ਕਰਦੇ ਹਨ ਕਿ ਹਜ਼ਰਤ ਮੁਹੰਮਦ (ਸ) ਨੇ ਫੁਰਮਾਇਆ, 'ਜੰਨਤ ਦੀ ਕੁੰਜੀ ਨਮਾਜ਼ ਹੈ ਅਤੇ ਨਮਾਜ਼ ਦੀ ਕੁੰਜੀ ਵੁਜ਼ੂ ਹੈ।" (ਮਸਨਦ ਅਹਿਮਦ)"[123]

ਸੋ ਇਸ ਪ੍ਰਕਾਰ ਸਾਰੇ ਧਰਮਾਂ ਵਾਂਗ ਇਸਲਾਮ ਵਿਚ ਵੀ ਪਰਮਾਤਮਾ ਅੱਗੇ ਪੇਸ਼ ਹੋਣ ਤੋਂ ਪਹਿਲਾਂ ਆਪਣੇ ਆਪ ਨੂੰ ਪਵਿੱਤਰ ਕਰਨਾ ਬੇਹੱਦ ਜਰੂਰੀ ਹੈ ਅਤੇ ਇਸਲਾਮ ਵਿਚ ਇਹ ਤਰੀਕਾ ਮੁਹੰਮਦ ਸਾਹਿਬ ਨੇ ਆਪ ਦੱਸਿਆ ਹੈ ਜਿਸਦਾ ਜ਼ਿਕਰ ਕੁਰਾਨ ਅਤੇ ਹਦੀਸਾਂ ਵਿਚ ਅਸੀਂ ਦੇਖ ਚੁੱਕੇ ਹਾਂ। ਕਿਉਂਕਿ ਆਦਿਮ ਮਨੁੱਖ ਤੋਂ ਲੈ ਕੇ ਹੁਣ ਤੱਕ ਜਦੋਂ ਧਰਤੀ ਤੇ ਪੈਗੰਬਰਾਂ ਨੇ ਧਰਮਾਂ ਦੀ ਸ਼ੁਰੂਆਤ ਕੀਤੀ ਤਾਂ ਹੈਰ ਇਕ ਧਰਮ ਵਿਚ ਆਪਣੇ ਤੋਂ ਵੱਡੀ ਸ਼ਖਸ਼ੀਅਤ (ਪਰਮਾਤਮਾ ਜਾਂ ਉਸਦੇ ਭੇਜੇ ਰਸੂਲ) ਅੱਗੇ ਪੇਸ਼ ਹੋਣ ਲੱਗਿਆਂ ਖਾਸ ਤਰ੍ਹਾਂ ਦੀ ਪਵਿੱਤਰਤਾ ਅਤੇ ਢੰਗ ਤਰੀਕੇ ਵਰਤੇ ਜਾਂਦੇ ਹਨ।

### 4.3.14 ਅਜ਼ਾਨ

ਇਸਨੂੰ ਪੰਜਾਬੀ ਵਿਚ ਬਾਂਗ ਦੇਣਾ ਵੀ ਕਿਹਾ ਜਾਦਾ ਹੈ। ਜਿਸਦਾ ਅਰਥ ਹੈ ਇਸਲਾਮ ਵਿਚ ਪੰਜ ਵਖਤਾਂ ਦੀ ਨਮਾਜ਼ ਅਦਾ ਕਰਨ ਵੇਲੇ ਮਸਜਿਦ ਵਿਚ ਉੱਚੀ ਆਵਾਜ਼ ਵਿਚ ਬਾਂਗ ਦਿੱਤੀ ਜਾਂਦੀ ਹੈ ਜਿਸਦਾ ਮਤਲਬ ਮੁਸਲਮਾਨ ਨੂੰ ਇਹ ਦੱਸਣਾ ਹੈ ਕਿ ਨਮਾਜ਼ ਦਾ ਵੇਲਾ ਹੋ ਗਿਆ ਹੈ ਆ ਕੇ ਨਮਾਜ਼ ਅਦਾ ਕਰੋ।ਅਜ਼ਾਨ ਬਾਰੇ ਵੱਖ-ਵੱਖ ਵਿਦਵਾਨਾਂ ਦੀਆਂ ਰਾਵਾਂ ਇਸ ਪ੍ਰਕਾਰ ਹਨ:-

ਨਾਜ਼ਰੋ ਦਾਅਵਤੋ ਤਬਲੀਗ ਅਨੁਸਾਰ, "ਨਮਾਜ਼ ਪੜ੍ਹਨ ਤੋਂ ਪਹਿਲਾ ਲੋਕਾਂ ਨੂੰ ਇਕੱਤਰ ਕਰਨ ਲਈ (ਬਾਂਗ) ਦੇਣ ਦੀ ਰੀਤ ਹੈ ਤੇ ਇਹ ਰੀਤ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਦੇ ਸਮੇਂ ਤੋਂ ਹੀ ਚਲੀ ਆ ਰਹੀ ਹੈ, ਜਦ ਕਿਸੇ ਨਿਮਾਜ਼ ਦੇ ਪੜ੍ਹਨ ਦਾ ਸਮਾਂ ਆਉਂਦਾ ਹੈ ਤਾਂ ਇਕ ਪ੍ਰਾਣੀ ਉਜ਼ੂ ਕਰਕੇ ਕਾਬੇ ਵੱਲ ਮੂੰਹ ਕਰਕੇ ਇਹ ਅਜ਼ਾਨ (ਬਾਂਗ) ਉੱਚੀ ਆਵਾਜ਼ ਨਾਲ ਪੜ੍ਹਦਾ ਹੈ ਤਾਂ ਜੁ ਲਾਗੇ ਚਾਗੇ ਦੇ ਸਾਰੇ ਲੋਕਾਂ ਨੂੰ ਇਹ ਪਤਾ ਲੱਗ ਜਾਵੇ ਕਿ ਨਮਾਜ਼ ਪੜ੍ਹਨ ਦਾ ਵੇਲਾ ਹੋ ਗਿਆ ਹੈ ਅਤੇ ਉਹ ਆਪਣਾ ਕਾਰ ਵਿਹਾਰ ਥੋੜੇ ਸਮੇਂ ਲਈ ਬੰਦ ਕਰ ਦੇਣ, ਨਿਮਾਜ਼ ਪੜ੍ਹਨ ਲਈ ਮਸੀਤ ਵਿਚ ਇਕੱਤਰ ਹੋ ਜਾਣ।"[124] ਇਹ ਇਕ ਤਰ੍ਹਾਂ ਦੀ ਸੱਦ ਹੈ ਮੁਸਲਮਾਨਾਂ ਨੂੰ ਨਮਾਜ਼ ਦੇ ਲਈ ਅਤੇ ਇਹ ਰਿਵਾਇਤ ਵੀ ਮੁਹੰਮਦ ਸਾਹਿਬ ਦੇ ਸਮੇਂ ਤੋਂ ਸ਼ੁਰੂ ਹੋ ਗਈ ਸੀ।

---

[122] ਅਨੁ ਤੇ ਸੰਪਾ. ਡਾ. ਅਨਵਰ ਚਿਰਾਗ, ਨੂਰ-ਏ-ਹਦੀਸ, ਪੰਨਾ 145.
[123] ਉਹੀ, ਪੰਨਾ 59.
[124] ਨਾਜ਼ਿਰ ਦਾਅਵਤੋ ਤਬਲੀਗ,ਨਿਮਾਜ਼, ਪੰਨਾ 2.

### 4.3.15 ਬਾਂਗ-ਏ-ਅੱਲਾਹ

ਪ੍ਰੋ. ਗੁਰਚਰਨ ਸਿੰਘ ਤਲਵਾੜਾ ਰਚਿਤ ਸੂਫੀਮਤ ਸੰਕਲਪ ਕੋਸ਼ ਵਿਚ ਜ਼ਿਕਰ ਇਸ ਪ੍ਰਕਾਰ ਆਇਆ ਹੈ,"ਬਾਂਗ-ਏ-ਨਮਾਜ਼ ਨੂੰ ਬਾਂਗ-ਏ-ਅੱਲਾਹ ਕਿਹਾ ਜਾਂਦਾ ਹੈ, ਸ਼ਰੀਅਤ ਦੀ ਭਾਸ਼ਾ ਵਿਚ ਇਸਨੂੰ ਅਜ਼ਾਨ ਕਹਿੰਦੇ ਹਨ। ਇਹ ਨਿਮਾਜ਼ ਲਈ ਬੁਲਾਵਾ ਹੁੰਦਾ ਹੈ। ਮਸਜਿਦ ਦੇ ਮੁਨ੍ਹਾਰੇ ਤੇ ਚੜ੍ਹ ਕੇ ਮੁੱਲਾਂ ਉੱਚੀ ਆਵਾਜ਼ ਵਿਚ ਬਾਂਗ ਅਜ਼ਾਨ ਦਿੰਦਾ ਹੈ, ਜਿਸਨੂੰ ਸੁਣ ਕੇ ਮੁਸਲਮਾਨ ਨਮਾਜ਼ ਪੜ੍ਹਨ ਲਈ ਮਸਜਿਦ ਵਿਚ ਆਉਂਦੇ ਹਨ।"[125] ਪਹਿਲੋ ਪਹਿਲ ਤਾਂ ਮਸਜਿਦ ਦੇ ਮੁਨਾਰੇ ਤੇ ਚੜ੍ਹ ਕੇ ਅਜ਼ਾਨ ਦਿੱਤੀ ਜਾਂਦੀ ਸੀ ਅੱਜਕਲ੍ਹ ਲਾਊਂਡ ਸਪੀਕਰਾਂ ਦੀ ਵਰਤੋਂ ਵੀ ਕੀਤੀ ਜਾਂਦੀ ਹੈ।

### 4.3.16 ਅਜ਼ਾਨ ਦੇਣ ਵਾਲੇ ਦੀ ਫਜ਼ੀਲਤ

ਹਦੀਸਾਂ ਵਿਚ ਅਜ਼ਾਨ ਦਾ ਜ਼ਿਕਰ ਇਸ ਪ੍ਰਕਾਰ ਆਇਆ ਹੈ, "ਹਜ਼ਰਤ ਅਬੂ ਹੁਰੈਰਾ (ਰਜ਼ੀ.) ਤੋਂ ਰਿਵਾਇਤ ਹੈ ਕਿ ਹਜ਼ਰਤ ਮੁਹੰਮਦ (ਸ.) ਨੇ ਫੁਰਮਾਇਆ, 'ਮੁਅਜ਼ਨ (ਅਜ਼ਾਨ ਦੇਣ ਵਾਲਾ) ਦੇ ਗੁਨਾਹ ਉਥੋਂ ਤੱਕ ਮੁਆਫ ਕਰ ਦਿੱਤੇ ਜਾਂਦੇ ਹਨ ਜਿਥੋਂ ਤੱਕ ਉਸਦੀ ਆਵਾਜ਼ ਪਹੁੰਚਦੀ ਹੈ। ਜਾਨਦਾਰ ਅਤੇ ਬੇਜ਼ਾਨ ਜੋ ਮੁਅੱਜ਼ਨ ਦੀ ਆਵਾਜ਼ ਸੁਣਦੇ ਹਨ ਉਹ ਸਭ ਕਿਆਮਤ ਦੇ ਦਿਨ ਉਸਦੇ ਲਈ ਗਵਾਹੀ ਦੇਣਗੇ। ਮੁਅੱਜ਼ਨ ਦੀ ਆਵਾਜ਼ ਸੁਣਕੇ ਨਮਾਜ਼ ਲਈ ਆਉਣ ਵਾਲਿਆਂ ਦੇ ਲਈ ਪੱਚੀ ਨਮਾਜ਼ਾਂ ਦਾ ਸਵਾਬ ਲਿਖ ਦਿੱਤਾ ਜਾਂਦਾ ਹੈ ਅਤੇ ਇਸ ਨਿਮਾਜ਼ ਤੋਂ ਪਿਛਲੀ ਨਮਾਜ਼ ਤੱਕ ਦੇ ਸਮੇਂ ਦਰਮਿਆਨ ਹੋਏ ਗੁਨਾਹ ਮੁਆਫ ਕਰ ਦਿੱਤੇ ਜਾਂਦੇ ਹਨ।(ਅਬੂ ਦਾਊਦ)" [126] ਇਸਲਾਮ ਅਨੁਸਾਰ ਅਜ਼ਾਨ ਦੇਣ ਵਾਲੇ ਦੇ ਗੁਨਾਹਾਂ ਦੀ ਮੁਆਫੀ ਵੀ ਹੋ ਜਾਂਦੀ ਹੈ, ਜਿਹੜੇ ਲੋਕ ਉਸਦੀ ਅਵਾਜ਼ ਸੁਣ ਕੇ ਨਮਾਜ਼ ਪੜ੍ਹਦੇ ਹਨ ਉਹ ਕਿਆਮਤ ਦੇ ਦਿਨ ਗਵਾਹੀ ਦੇਣਗੇ ਅਤੇ ਅਜ਼ਾਨ ਦੇ ਸੱਦੇ ਤੇ ਆਉਣ ਵਾਲਿਆਂ ਨੂੰ ਇਸਲਾਮ ਅਨੁਸਾਰ ਉਸਦੇ ਹੱਕ ਵਿਚ ਪੁੰਨ ਮਿਲੇਗਾ।

ਪ੍ਰੋ. ਗੁਰਚਰਨ ਸਿੰਘ ਤਲਵਾੜਾ ਰਚਿਤ ਸੂਫੀਮਤ ਸੰਕਲਪ ਕੋਸ਼ ਅਨੁਸਾਰ ਅਜ਼ਾਨ, "ਮਸਜਿਦਾਂ ਵਿਚ ਨਮਾਜ਼ ਅਦਾ ਕਰਨ ਤੋਂ ਪਹਿਲਾਂ ਅਜ਼ਾਨ ਦੇਣ ਦੀ ਰਵਾਇਤ ਹੈ ਅਜ਼ਾਨ ਦਾ ਮਕਸਦ ਆਸ-ਪਾਸ ਦੇ ਮੁਸਲਿਮ ਸਮਾਜ ਕੇ ਲੋਕਾਂ ਨੂੰ ਸੂਚਨਾ ਦੇਣਾ ਹੁੰਦਾ ਹੈ ਕਿ ਨਮਾਜ਼ ਦਾ ਵਕਤ ਹੋ ਗਿਆ ਹੈ, ਉਹ ਮਸਜਿਦ ਵਿਚ ਪਹੁੰਚ ਜਾਣ। ਅਜ਼ਾਨ ਦੇਣ ਦੀ ਪਰੰਪਰਾ ਹਜ਼ਰਤ ਮੁਹੰਮਦ ਸਾਹਿਬ ਦੇ ਸਮੇਂ ਤੋਂ ਹੀ ਪ੍ਰਚਲਿਤ ਹੈ। ਮਦੀਨਾ ਵਿਖੇ ਮੱਕਾ ਫਤਿਹ ਹੋਣ ਤੋਂ ਪਹਿਲਾਂ ਬਿਲਾਲ ਨੂੰ ਅਜ਼ਾਨ ਦੇਣ ਦੀ ਹਿਦਾਇਤ ਸੀ। ਅਜ਼ਾਨ ਦੇ ਸ਼ਬਦਾਂ ਨੂੰ ਮੁਸਲਿਮ ਸਮਾਜ ਦੇ ਲੋਕ ਭਲੀ-ਭਾਂਤ ਜਾਣਦੇ ਹਨ। ਇਹਨਾਂ ਸ਼ਬਦਾਂ ਨਾਲ ਅੱਲਾਹ ਦੀ ਵਹਦਾਨੀਅਤ ਅਤੇ ਅੱਲਾਹ ਦੇ ਰਸੂਲ ਹਜ਼ਰਤ ਮੁਹੰਮਦ ਸਾਹਿਬ ਦੀ ਰਿਸਾਲਤ ਦਾ ਜ਼ਿਕਰ ਹੁੰਦਾ ਹੈ। ਕਿਹਾ ਜਾਂਦਾ ਹੈ ਕਿ ਅੱਲਾਹ ਸਭ ਤੋਂ ਵੱਡਾ ਹੈ ਅਤ ਉਸਤੋਂ ਸਿਵਾ ਕੋਈ ਇਸ਼ਟ ਨਹੀਂ ਹੈ। ਨਮਾਜ਼ ਵੱਲ ਆਉਣ ਕਾਮਯਾਬੀ ਵੱਲ ਆਉਣਾ ਹੈ। ਅਜ਼ਾਨ ਦੇ ਅਲਫਾਜ਼ ਅਰਬੀ ਵਿਚ ਹੁੰਦੇ ਹਨ। ਅਜ਼ਾਨ ਦੇਣ ਵਾਲੇ ਨੂੰ ਮੁਅੱਜ਼ਿਨ ਕਿਹਾ ਜਾਂਦਾ ਹੈ। ਅਜ ਕੱਲ ਅਜ਼ਾਨ ਲਾਊਡ ਸਪੀਕਰਾਂ ਰਾਹੀਂ ਦਿੱਤੀ ਜਾਂਦੀ ਹੈ।"[127]

---

[125] ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼*, ਪੰਨਾ 37.
[126] ਡਾ. ਅਨਵਰ ਚਿਰਾਗ, *ਨੂਰ-ਏ-ਹਦੀਸ*, ਪੰਨੇ 60-61.
[127] ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼*, ਪੰਨਾ 55.

ਪਹਿਲੀ ਮਸਜਿਦ ਮਦੀਨੇ ਵਿਖੇ ਹੀ ਬਣਾਈ ਗਈ ਸੀ ਜਿਸਦਾ ਨਾਂ ਮਸਜਿਦ ਨਬਵੀ ਹੈ। ਇਥੇ ਹੀ ਸਭ ਤੋਂ ਪਹਿਲੀ ਅਜ਼ਾਨ ਦਿੱਤੀ ਗਈ ਸੀ।

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ ਅਜ਼ਾਨ, "ਨਮਾਜ਼ ਲਈ ਪੁਕਾਰ, ਜੋ ਮਸਜਿਦ ਦੇ ਮੀਨਾਰ ਪੁਰ ਅਥਵਾ ਮਸਜਿਦ ਵਿਚ ਖੜੋਕੇ ਉੱਚੇ ਸੁਰ ਨਾਲ ਕੀਤੀ ਜਾਂਦੀ ਹੈ। ਜਿਸਨੂੰ ਸੁਣਕੇ ਨਮਾਜ਼ੀ ਜਮ੍ਹਾਂ ਹੋ ਜਾਣ, ਇਸਦਾ ਨਾਉਂ 'ਬਾਂਗ' ਭੀ ਹੈ, ਅਜ਼ਾਨ ਦੇਣ ਵਾਲੇ ਦਾ ਨਾਉ "ਮੁਅੱਜ਼ਿਨ" ਹੈ।

ਅਜ਼ਾਨ ਦਾ ਪ੍ਰਚਾਰ ਹਜ਼ਰਤ ਮੁਹੰਮਦ ਸਾਹਿਬ ਦੇ ਸਮੇਂ ਆਰੰਭ ਹੋਇਆ ਹੈ, ਅਜ਼ਾਨ ਮੱਕੇ ਵੱਲ ਮੂੰਹ ਕਰਕੇ ਅਰ ਕੰਨਾਂ ਵਿਚ ਉਗਲੀਆਂ ਦੇ ਕੇ ਦੇਣ ਦਾ ਹੁਕਮ ਹੈ।

ਮਲੀਨ, ਸ਼ਰਾਬੀ ਅਤੇ ਇਸਤ੍ਰੀ ਨੂੰ ਅਜ਼ਾਨ ਦੇਣ ਦਾ ਅਧਿਕਾਰ ਨਹੀਂ।"[128] ਅਜ਼ਾਨ ਅਪਵਿੱਤਰ ਸ਼ਰਾਬੀ ਅਤੇ ਔਰਤ ਨੂੰ ਦੇਣ ਦਾ ਹੱਕ ਇਸਲਾਮ ਵਿਚ ਨਹੀਂ ਹੈ। ਸੋ ਉਸ ਆਦਮੀ ਨੂੰ ਵੀ ਅੱਲਾਹ ਦੇ ਘਰੋਂ ਪੁੰਨ ਮਿਲਦਾ ਹੈ ਜੋ ਨਿਮਾਜ਼ ਲਈ ਲੋਕਾਂ ਨੂੰ ਇਕੱਤਰ ਕਰਦਾ ਹੈ ।

ਅਜ਼ਾਨ ਵਿਚ ਇਹਨਾਂ ਸ਼ਬਦਾਂ ਦਾ ਉਚਾਰਨ ਕੀਤਾ ਜਾਂਦਾ ਹੈ।

"ਅੱਲਾਹੂ ਅਕਬਰ (ਚਾਰ ਵਾਰ) ਅੱਲਾਹ ਹੀ ਸਭ ਤੋਂ ਵੱਡਾ ਹੈ।

ਅਸ਼ਹਦੁ ਅੱਲਾਇਲਾਹਾ ਇਲਾਲੱਾਹ (ਦੋ ਵਾਰ) ਮੈਂ ਇਹ ਗਵਾਹੀ ਦਿੰਦਾ ਹਾਂ ਕਿ ਉਸਤੋਂ ਛੁਟ ਕੋਈ ਹੋਰ ਇਸ਼ਟ ਨਹੀਂ।

ਅਸ਼ਹਦੂ ਅੱਲਾ ਮੁਹੱਮਦੱਰਾ ਸੂਲੁੱਲਾਹ (ਦੋ ਵਾਰ) ਮੈਂ ਇਹ ਵੀ ਗਵਾਹੀ ਦਿੰਦਾ ਹਾਂ ਕਿ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਅੱਲਾਹ ਦੇ ਰਸੂਲ ਹਨ।

ਹਯਾਅਲੱਸਲਾਅਹ (ਦੋ ਵਾਰ) ਆਉ ਨਿਮਾਜ਼ ਵੱਲ

ਹਯਾਅਲੱਲਫਲਾਅਹ (ਦੋ ਵਾਰ) ਆਉ ਸਫਲਤਾ ਵੱਲ

ਅੱਲਾ ਹੂ ਅਕਬਰ (ਦੋ ਵਾਰ) ਅੱਲਾਹ ਹੀ ਸਭ ਤੋਂ ਵੱਡਾ ਹੈ।

ਲਾ ਇਲਾਹਾ ਇੱਲਲਾਹ (ਇਕੋ ਵਾਰ) ਉਸ ਅੱਲਾਹ ਤੋਂ ਛੁਟ ਕੋਈ ਹੋਰ ਇਸ਼ਟ ਨਹੀਂ

ਸਵੇਰ ਦੀ ਨਿਮਾਜ਼ ਤੋਂ ਪਹਿਲਾ ਜੋ ਬਾਂਗ ਦਿੱਤੀ ਜਾਂਦੀ ਹੈ, ਉਸਤੋਂ ਅੱਗੇ ਇਹ ਵੀ ਪੜ੍ਹਿਆ ਜਾਂਦਾ ਹੈ।

ਸਲਾਤੁ ਖੈਰੁੰਮਿਨੱਨੋਮ

ਨਮਾਜ਼ ਨੀਂਦ ਨਾਲੋਂ ਵਧੇਰੇ ਚੰਗੀ ਹੈ।"[129] ਸੋ ਨਮਾਜ਼ ਦੀ ਸੱਦ ਵਿਚ ਅੱਲਾਹ ਦੀ ਵਡਿਆਈ ਉਸਦੇ ਰਸੂਲ ਬਾਰੇ ਅਤੇ ਮੁਸਲਮਾਨ ਨੂੰ ਨਮਾਜ਼ ਵੱਲ ਪ੍ਰੇਰਿਤ ਕਰਨ ਲਈ ਉਸਦੀ ਬਰਕਤ ਦਾ ਜ਼ਿਕਰ ਕੀਤਾ ਜਾਂਦਾ ਹੈ ਅਤੇ ਇਸਨੂੰ ਹੀ ਸਫਲ ਜੀਵਨ ਦਾ ਰਾਜ ਮੰਨਿਆ ਜਾਂਦਾ ਹੈ।

---

[128] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 47.
[129] ਨਾਜ਼ਿਰ ਦਾਅਵਤੋ ਤਬਲੀਗ, *ਨਿਮਾਜ਼*, ਪੰਨਾ 2,3,4.

**4.3.17 ਅਜ਼ਾਨ ਦੇ ਬਾਦ ਦੀ ਅਰਜ਼ੋਈ**

"ਅੱਲਾਹੁੰਮਾਰੱਬਿਹਾਜਿ ਹਿੱਦਅਵਾਤਿੱਤ ਮਤਿ ਵੱਸਲਾਤਿਲ ਕਾਇਮਾਤਿ ਆਤਿ ਮੁਹੰਮਦਿਨਿਲ ਵਸੀਲਿਤ ਵਲਫਜ਼ੀਲਿਤ ਵਾਦਾਰਾਜਾਤੱਰਾਫੀਅਤਾ ਵੱਬਅਸਹੁ ਮਾਕਾਮੰ ਮਹਮੂਦਾ ਨਿੱਲਾਜ਼ੀ ਵੱਅਲੱਾਹੂ ਇੱਨਾਕਾ ਲਾ ਤੁੱਖਲਿਫੁਲ ਮੀਆਦ।

ਅਰਥਾਤ – ਹੇ ਅੱਲਾਹ ! ਇਸ ਪੂਰਣ ਸੱਦੇ ਤੇ ਕਾਇਮ ਹੋਣ ਵਾਲੀ ਨਿਮਾਜ਼ ਦੇ ਵਟਾਂਦਰੇ ਵਿੱਚ ਹਜ਼ਰਤ ਮੁਹੰਮਦ ਸਾਹਿਬ ਵਿਸ਼ੇਸਤਾ ਬਖਸ਼ ਤੇ ਉਹਨਾਂ ਦੀ ਪਦਵੀ ਨੂੰ ਹੋਰ ਉਚਿੱਆ ਕਰ। ਅਰਥਾਤ ਆਪ ਨੂੰ ਉਹ ਮੁਕਾਇ ਮਹਿਮੂਦ (ਵੱਡੀ ਸਾਲਹੁਤਾ ਵਾਲੇ ਟਿਕਾਣੇ) ਤੇ ਖੜਾ ਕਰ, ਜਿਸਨੂੰ ਬਚਨ ਦਿੱਤਾ ਹੋਇਆ ਹੈ, ਬੇਸ਼ੱਕ ਤੇਰੇ ਬਚਨ ਸੱਚੇ ਹੁੰਦੇ ਹਨ ਤੂੰ ਉਹਨਾਂ ਦੇ ਵਿਰੁੱਧ ਕਦੇ ਵੀ ਨਹੀਂ ਕੀਤਾ ਕਰਦਾ।"[130]

ਸੋ ਇਸ ਪ੍ਰਕਾਰ ਵੁਜ਼ੂ ਕਰਨ ਤੋਂ ਬਾਅਦ ਨਮਾਜ਼ ਅਦਾ ਕਰਨ ਦਾ ਲਗਭਗ ਤਿਆਰੀ ਮੁਕੰਮਲ ਹੋ ਜਾਂਦੀ ਹੈ। ਮੁਸਲਮਾਨ ਆਪਣੇ ਆਪ ਨੂੰ ਅੱਲਾਹ ਦੇ ਘਰ ਵਿਚ ਖੜਾ ਮਹਿਸੂਸ ਕਰਦਾ ਹੈ ਅਤੇ ਦਿਲੋ ਇਹ ਮੰਨਦਾ ਹੈ ਕਿ ਮੈਂ ਜੋ ਕੁਝ ਕਰ ਰਿਹਾ ਹਾਂ ਅੱਲਾਹ ਉਸਨੂੰ ਵੇਖ ਰਿਹਾ ਹੈ ਅਤੇ ਉਹ ਨਮਾਜ਼ ਅਦਾ ਕਰਨ ਦੇ ਜੋ ਤੌਰ-ਤਰੀਕੇ ਹਨ ਉਸਨੂੰ ਪੂਰਾ ਕਰਨ ਲਈ ਅੱਲਾਹ ਦੇ ਨਾਂ ਤੋਂ ਸ਼ੁਰੂ ਕਰਦਾ ਹੈ ਕਿਉਂਕਿ ਨਮਾਜ਼ ਇਕ ਤਰ੍ਹਾਂ ਦੀ ਅੱਲਾਹ ਦੀ ਵਡਿਆਈ ਕਰਨ ਦਾ ਢੰਗ ਹੈ, ਉਸ ਅੱਗੇ ਅਰਦਾਸ ਹੈ।

**4.13.18 ਨਮਾਜ਼ ਸਮੇਂ ਸਫਾਂ (ਕਤਾਰਾਂ) ਸਿੱਧੀਆਂ ਰੱਖੀਆ ਜਾਣ।**

ਡਾ. ਅਨਵਰ ਚਿਰਾਗ ਦੁਆਰਾ ਸੰਪਾਦਿਤ ਨੂਰ-ਏ-ਹਦੀਸ ਵਿਚ ਦਰਜ ਹੈ ਕਿ, "ਹਜ਼ਰਤ ਅਬੂ ਸਈਦ ਅਨੁਸਾਰੀ (ਰਜ਼ੀ) ਰਿਵਾਇਤ ਕਰਦੇ ਹਨ ਕਿ ਹਜ਼ੂਰ (ਸ.) ਨਮਾਜ਼ ਦੇ ਲਈ ਖੜੇ ਹੁੰਦੇ ਸਮੇਂ (ਸਫਾਂ ਸਿੱਧੀਆਂ ਕਰਨ ਲਈ) ਸਾਡੇ ਮੋਢਿਆਂ 'ਤੇ ਹੱਥ ਫੇਰਦੇ ਅਤੇ ਫਰਮਾਉਂਦੇ, 'ਬਰਾਬਰ ਹੋ ਜਾਵੋ (ਸਫ਼ਬੰਦੀ ਵਿੱਚ) ਖਿਲਾਰ ਅਤੇ ਦੂਰੀ ਨਾ ਪੈਦਾ ਕਰੋ ਵਰਨਾ ਤੁਹਾਡੇ ਦਿਲਾਂ ਵਿਚ ਵੀ ਫੁੱਟ ਪੈ ਜਾਵੇਗੀ। ਤੁਹਾਡੇ ਵਿਚੋਂ ਜੋ ਅਕਲਮੰਦ ਤੇ ਸੂਝਵਾਨ ਹਨ, ਉਹ ਮੇਰੇ ਜ਼ਿਆਦਾ ਕਰੀਬ ਹਨ, ਫਿਰ ਜੋ ਉਨ੍ਹਾਂ ਦੇ ਕਰੀਬ ਹਨ, ਫਿਰ ਜੋ ਉਨ੍ਹਾਂ ਦੇ ਕਰੀਬ ਹਨ। (ਮੁਸਲਿਮ ਸ਼ਿਰਕਤ)"[131] ਕਿਸੇ ਵੀ ਧਰਮ ਦਾ ਪੈਗੰਬਰ ਧਰਤੀ ਤੇ ਹਰ ਇਕ ਚੀਜ਼ ਵਿਚ ਅਨੁਸ਼ਾਸ਼ਨ ਦੀ ਕਾਇਮੀ ਨੂੰ ਯਕੀਨੀ ਬਣਾਉਂਦਾ ਹੈ। ਨਮਾਜ਼ ਵੇਲੇ ਮੁਸਲਮਾਨਾਂ ਦੀਆਂ ਸਿੱਧੀਆਂ ਕਤਾਰਾਂ ਅਲੱਗ ਹੀ ਜਲਵਾ ਪੇਸ਼ ਕਰਦੀਆਂ ਹਨ।

**4.3.19 ਨਮਾਜ਼ ਦਾ ਆਰੰਭ**

"ਇੱਨੀ ਵਜ਼ਹਿਤੁ ਵਜਹਿਯਾ ਲਿਲਾਜ਼ੀ) ਫਾਤਾਰੱਸਾਮਾਅਵਾਤਿ ਵਲਅਰਜ਼ਿ ਹਨੀਫੰਵਮਾ ਅਨਾਮਿਨਲ ਮੁਸ਼ਰਿਕੀਨ

ਮੈਂ ਇਕ ਮਨ ਹੋ ਕੇ ਆਪਣਾ ਧਿਆਨ ਉਸ ਰੱਬ ਵੱਲ ਕਰਦਾ ਹਾਂ ਜਿਸਨੇ ਸਾਰੇ ਅਕਾਸ਼ ਪਾਤਾਲ ਅਥਵਾ ਸਾਰੀ ਸ੍ਰਿਸ਼ਟੀ ਨੂੰ ਪੈਦਾ ਕੀਤਾ ਹੈ ਅਤੇ ਮੈਂ ਉਸਦੇ ਨਾਲ ਕਿਸੇ ਨੂੰ ਭਾਈਵਾਲ ਬਨਾਉਣ ਵਾਲਿਆਂ ਵਿਚੋਂ ਨਹੀਂ ਹਾਂ।

---

130 ਨਾਜ਼ਿਰ ਦਾਅਵਤੋ ਤਬਲੀਗ, *ਨਿਮਾਜ਼*, ਪੰਨਾ 4,5.

131 ਸੰਪਾ ਤੇ ਅਨੁ. ਡਾ. ਅਨਵਰ ਚਿਰਾਗ, *ਨੂਰ-ਏ-ਹਦੀਸ*, ਪੰਨਾ 14.

ਇਸ ਤੋਂ ਮਗਰੋਂ ਨਿਮਾਜ਼ ਪੜ੍ਹਨ ਵਾਲਾ ਕਾਅਬੇ ਵੱਲ ਮੂੰਹ ਕਰਕੇ ਖੜਾ ਹੋ ਜਾਂਦਾ ਹੈ ਅਤੇ 'ਅੱਲਾਹ ਅਕਬਰ' ਕਹਿਕੇ ਆਪਣੇ ਦੋਵੇ ਹੱਥਾਂ ਕੰਨਾਂ ਤੱਕ ਚੁੱਕ ਕੇ ਸੀਨੇ ਤੇ ਰੱਖ ਲੈਂਦਾ ਹੈ, ਇਸ ਸਮੇਂ ਤੋਂ ਉਸਨੂੰ ਕਿਸੇ ਨਾਲ ਬਚਨ ਕਰਨ, ਏਧਰ ਉਧਰ ਵੇਖਣ ਅਤੇ ਆਪਣੀ ਥਾਂ ਤੋਂ ਹਿੱਲਣ ਦੀ ਆਗਿਆ ਨਹੀਂ ਹੁੰਦੀ। ਅੱਲਾਹੂ ਅਕਬਰ ਆਖ ਕੇ ਆਪਣੇ ਸੀਨੇ ਤੇ ਹੱਥ ਰੱਖ ਲੈਦਾ ਹੈ ਤੇ ਉਸਦੀ ਨਿਮਾਜ਼ ਸ਼ੁਰੂ ਹੋ ਜਾਂਦੀ ਹੈ।[132]

### 4.3.20 ਸਨਾ

ਸੀਨੇ ਤੇ ਹੱਥ ਧਰਣ ਮਗਰੋਂ ਸਭ ਤੋਂ ਪਹਿਲਾਂ ਜੋ ਕੁਝ ਪੜ੍ਹਿਆ ਜਾਂਦਾ ਹੈ ਉਸਨੂੰ 'ਸਨਾ' ਕਹਿੰਦੇ ਹਨ ਜੋ ਇਸ ਤਰ੍ਹਾਂ ਹੈ:

ਸੁਬਹਾਨਾਕੱਲਾਹੁੰਮਾ ਵਬਿ ਹੱਮਦਿਕਾ ਵਤਾਬਾਰਕੱਸਮੁਕਾ

ਜੱਦੁਕਾਵਲਾ ਇਲਾਹਾ ਗ਼ੈਰੁਕਾ

ਅਰਥਾਤ - ਹੇ ਅੱਲਾਹ! ਤੂੰ ਪਾਕ ਹੈ ਤੇ ਹਰੇਕ ਉਪਮਾ ਦਾ ਅਧਿਕਾਰੀ ਹੈ ਤੇਰਾ ਨਾਂ ਵੱਡੀ ਸ਼ਾਨ ਵਾਲਾ ਹੈ, ਤੇਰੀ ਸ਼ਾਨ ਵੀ ਬੰਦੇ ਤੋਂ ਵੱਡੀ ਹੈ, ਤੈਥੋਂ ਬਿਨਾਂ ਕੋਈ ਹੋਰ ਇਸ਼ਟ ਨਹੀਂ ।[133]

### 4.3.21 ਤਅੱਵੁਜ਼

"ਇਸਤੋਂ ਬਾਅਦ ਜੋ ਕੁਝ ਪੜ੍ਹਦੇ ਹਨ, ਉਸਨੂੰ ਤਅੱਵੁਜ਼ ਆਖਦੇ ਹਨ, ਜੋ ਇਸ ਤਰ੍ਹਾਂ ਹੈ:

ਅਊਜ਼ ਬਿਲਾਹਿ ਮਿੱਨਸੈਤਾ ਨਿਰੱਜੀਮ

ਅਰਥਾਤ - ਮੈਂ ਧਿਕਾਰੇ ਹੋਏ ਸੈਤਾਨ ਦੇ ਟਾਕਰੇ ਲਈ ਅੱਲਾਹ ਤੋਂ ਪਨਾਹ ਮੰਗਦਾ ਹਾਂ।[134]

ਪ੍ਰੋ. ਗੁਰਚਰਨ ਸਿੰਘ ਤਲਵਾੜਾ ਰਚਿਤ ਸੂਫੀਮਤ ਸੰਕਲਪ ਕੋਸ਼ ਵਿਚ ਤਅੱਵੁਜ਼ ਦਾ ਜ਼ਿਕਰ ਇਸ ਪ੍ਰਕਾਰ ਆਇਆ ਹੈ, "ਸ਼ੈਤਾਨ ਤੋਂ ਬਚਨ ਲਈ ਦੁਆ ਦੇ ਤੌਰ 'ਤੇ ਜੋ ਕਲਮਾ ਪੜ੍ਹਿਆ ਜਾਂਦਾ ਹੈ, ਉਸਨੂੰ ਤਅੱਵੁਜ਼ ਕਹਿੰਦੇ ਹਨ, ਜਿਸਦੇ ਸ਼ਬਦ ਹਨ।

ਅਊਜ਼ੂ ਬਿਲਲਾਹਿ ਮਿਨਸ ਸ਼ੈਤਾਨਿਰ ਰਜ਼ੀਮ 'ਅਰਥਾਤ ਮੈਂ ਪਨਾਹ ਲੈਂਦਾ ਹਾਂ ਅੱਲਾਹ ਦੀ, ਸ਼ੈਤਾਨ ਮਰਦੂਦ ਤੋਂ ਬਚਾਅ ਲਈ।

ਇਹ ਕਲਾਮ ਭਾਵ ਤਅੱਵੁਜ਼ ਕੁਰਆਨ ਮਜੀਦ ਦੀ ਤਿਲਾਵਤ ਕਰਨ ਲੱਗਿਆਂ ਅਤੇ ਨਮਾਜ਼ ਦੌਰਾਨ ਪੜ੍ਹਿਆ ਜਾਂਦਾ ਹੈ।"[135]

### 4.3.22 ਤਸਮੀਆਂ

"ਇਸ ਤੋਂ ਮਗਰੋਂ ਨਿਮਾਜ਼ੀ ਸੱਜਣ ਇਹ ਪੜ੍ਹਦਾ ਹੈ:-

ਬਿਸਮਿਲਾਹਿਰਹਿਮਾਨਿਰਾਹੀਮ

ਅਰਥਾਤ (ਮੈਂ) ਅਤਿ ਦਿਆਲੂ ਤੇ ਕਿਰਪਾਲੂ ਅੱਲਾਹ ਦਾ ਨਾ ਲੈ ਕੇ (ਆਰੰਭ ਕਰਦਾ ਹਾਂ)" [136]

---

[132] ਨਾਜ਼ਿਰ ਦਾਅਵਤੋ ਤਬਲੀਗ, *ਨਿਵਾਜ਼*, ਪੰਨਾ 7,8,9.
[133] ਉਹੀ, ਪੰਨਾ 9-10.
[134] ਉਹੀ, ਪੰਨਾ 10.
[135] ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼*, ਪੰਨਾ 304.

ਇਸਨੂੰ ਜਿਵੇਂ ਹਿੰਦੂ ਧਰਮ ਵਾਲੇ ਮੰਗਲ ਕਹਿੰਦੇ ਹਨ ਓਮ ਨਮੋ ਸ਼ਿਵਾਏ ਜਾਂ ਗਨੇਸ਼ ਦੇ ਨਾਂ ਤੋਂ ਭਾਵ ਕਿਸੇ ਦੇਵੀ ਦੇਵਤੇ ਦੇ ਨਾਂ ਤੋਂ ਸ਼ੁਰੂ ਕਰਦੇ ਹਨ। ਇਸ ਤਰ੍ਹਾਂ ਸਿੱਖ ਧਰਮ ਵਿਚ ੴ ਸਤਿਗੁਰੁ ਪ੍ਰਸਾਦਿ ਭਾਵ ਪਰਮਾਤਮਾ ਇੱਕ ਹੈ ਤੇ ਗੁਰੂ ਦੀ ਕ੍ਰਿਪਾ ਦੇ ਨਾਲ ਸ਼ੁਰੂ ਕਰ ਰਹੇ ਹਾਂ। ਇੰਞ ਹੀ ਇਸਲਾਮ ਵਿਚ ਇਕ ਅੱਲਾਹ ਦੇ ਨਾ ਤੋਂ ਸ਼ੁਰੂ ਕੀਤਾ ਜਾਂਦਾ ਹੈ ਜੋ ਰਹਿਮ ਕਰਨ ਵਾਲਾ ਹੈ, "ਨਮਾਜ਼ ਦੌਰਾਨ ਰੁਕੂਅ ਦੀ ਅਵਸਥਾ ਵਿਚ ਜਦੋਂ ਉਠਿਆ ਜਾਂਦਾ ਹੈ, ਉਸ ਵੇਲੇ ਜੋ ਕਲਾਮ ਪੜ੍ਹਿਆ ਜਾਂਦਾ ਹੈ, ਇਕ ਤਾਂ ਉਸਨੂੰ ਤਸਮੀਆਂ ਕਹਿੰਦੇ ਹਨ, ਇਸਦੇ ਸ਼ਬਦ ਹਨ, ਸਮਿ ਅਲਾਲਾਹੁ ਲਿਮਨ ਹਮਿਦਹ' ਅਰਥਾਤ ਅੱਲਾਹ ਨੇ ਉਸਦੀ ਸੁਣ ਲਈ ਜਿਸਨੇ ਉਸਦੀ ਤਾਰੀਫ ਕੀਤੀ। ਇਕ ਤਸਮੀਯਾ ਹੈ ਬਿਸਮਿਲਾ ਪੜ੍ਹਨਾ ਜਿਸਦੇ ਸ਼ਬਦ ਹਨ। ਬਿਸਮਿਲਾਹਿਰ - ਰਹਿਮਾਨਿਰ -ਰਹੀਮ' ਅਰਥਾਤ ਸ਼ੁਰੂ ਅੱਲਾਹ ਦੇ ਨਾਂ ਨਾਲ ਜੋ ਬੜਾ ਮਿਹਰਬਾਨ ਅਤੇ ਰਹਿਮ ਵਾਲਾ ਹੈ। ਇਸ ਤਰ੍ਹਾਂ ਤਸਮੀਆ ਅੱਲਾਹ ਪਾਕ ਦੀ ਮਹਾਨਤਾ ਅਤੇ ਤਾਰੀਫ ਬਿਆਨ ਕਰਨ ਵਾਲਾ ਕਲਮਾ ਹੈ।"[137]

### 4.3.23 ਸੂਰਤ ਫਾਤਿਹਾ

ਇਹ ਕੁਰਾਨ ਦੀ ਸਭ ਤੋਂ ਪਹਿਲੀ ਸੂਰਤ ਹੈ ਇਹ ਇਸਲਾਮ ਵਿਚ ਉਹੋ ਸਥਾਨ ਰੱਖਦੀ ਹੈ ਜੋ ਸਿੱਖਾਂ ਵਿਚ ਮੂਲ ਮੰਤਰ ਦਾ ਤੇ ਹਿੰਦੂਆਂ ਵਿਚ ਗਾਇਤਰੀ ਮੰਤਰ ਦਾ। ਇਹ ਬੱਚੇ ਦੇ ਜਨਮ, ਮੌਤ ਭਾਵ ਕਿ ਹਰ ਖ਼ੁਸ਼ੀ ,ਗਮੀ ਵੇਲੇ ਪੜ੍ਹੀ ਜਾਂਦੀ ਹੈ। ਹਰ ਇਕ ਨਮਾਜ਼ ਵੇਲੇ ਪੜ੍ਹੀ ਜਾਂਦੀ ਹੈ।"ਇਸਤੋਂ ਮਗਰੋਂ ਕੁਰਾਨ ਸ਼ਰੀਫ ਦੀ ਅਰੰਭਕ ਸੂਰਤ ਜਿਸਦਾ ਨਾਂ ਸੂਰਤ ਫਾਤਿਹਾ ਹੈ, ਪੜ੍ਹੀ ਜਾਂਦੀ ਹੈ। ਹਜ਼ਰਤ ਮੁਹੰਮਦ ਸਾਹਿਬ ਜੀ ਮਹਾਰਾਜ ਦੀ ਇਕ ਹਦੀਸ ਦਾ ਵਰਨਣ ਹੈ ਕਿ ਸੂਰਤ ਫਾਤਿਹਾ ਹਰੇਕ ਨਿਮਾਜ਼ ਵਿਚ ਪੜ੍ਹੀ ਜਾਣੀ ਜ਼ਰੂਰੀ ਹੈ। ਇਸ ਤੋਂ ਬਿਨਾਂ ਨਿਮਾਜ਼ ਅਧੂਰੀ ਰਹਿ ਜਾਂਦੀ ਹੈ ਅਤੇ ਇਸ ਕਰਕੇ ਸਾਰੇ ਹੀ ਮੁਸਲਾਮਨ ਹਰੇਕ ਨਿਮਾਜ਼ ਦੀ ਹਰੇਕ ਰਕਾਤ ਵਿਚ ਇਸਨੂੰ ਜ਼ਰੂਰ ਪੜ੍ਹਦੇ ਹਨ ਅਤੇ ਜਦ ਸਵੇਰ ਸ਼ਾਮ ਤੇ ਇਸ਼ਾ ਦੀ ਨਮਾਜ਼ ਪੜ੍ਹਾਉਣ ਵਾਲਾ ਇਮਾਮ ਸੂਰਤ ਫਾਤਿਹਾ ਨੂੰ ਉਚੀ ਆਵਾਜ਼ ਨਾਲ ਪੜ੍ਹਦਾ ਹੈ ਤਾਂ ਉਸਦੇ ਪਿੱਛੇ ਖੜੇ ਨਿਮਾਜ਼ੀ ਆਪੋ ਆਪਣੇ ਮਨਾਂ ਵਿਚ ਹੌਲੇ ਹੋਲੇ ਨਾਲ-ਨਾਲ ਇਸਨੂੰ ਦੁਹਰਾਈ ਜਾਂਦੇ ਹਨ।

ਸੂਰਤ ਫਾਤਿਹਾ ਤਰ੍ਹਾਂ ਹੈ:-

ਲਾਇਲਾਹਾ ਇੱਲਾਲਾਹ ਆਲਾਮੀਨ। ਰਹਿਮਾਨਿੱਰਾਹੀਮ। ਮਾਲਿਕਿ ਯੌਮਿੱਦੀਨ। ਇੱਯਾਕਾ ਨੱਅਬੁਦੁ ਵਾਇਯਾਕਾ ਨੱਸਤਾਈਨ। ਇਹ ਦਿਨ ਸਿਰੱਾਤਲ ਮੁਸਤਕੀਮ ।ਸਿਰਾ ਤੱਲਾਜ਼ੀਨਾ ਅੱਨ ਅੱਮਤਾ ਅਲੈਹਿਮ ਗ਼ੈਰਿਲ ਮ.ਗਜ਼ੂਬਿ ਅਲੈਹਿਮ ਵੱਲਜ਼ੁਆਲੀਨ

ਅਰਥਾਤ - ਹਰੇਕ ਉਪਮਾ ਦਾ ਅਧਿਕਾਰੀ ਸਾਰੇ ਜਹਾਨਾਂ ਦਾ ਸਾਜਨਹਾਰ ਪਾਲਨਹਾਰ ਅੱਲਾਹ ਹੀ ਹੈ ਜੋ ਅਤਿ ਦਿਆਲੂ ਤੇ ਕਿਰਪਾਲੂ ਹੈ। ਉਹ ਲੇਖੇ ਦੇ ਦਿਨ ਦਾ ਵੀ ਮਾਲਕ ਹੈ (ਹੇ ਪ੍ਰਭੂ) ਅਸੀਂ ਕੇਵਲ ਤੇਰਾ ਹੀ ਨਾਮ ਜਪਦੇ ਹਾਂ ਤੇ ਤੈਥੋਂ ਹੀ ਸਹਾਇਤਾ ਮੰਗਦੇ ਹਾਂ, ਤੂੰ ਸਾਨੂੰ ਸਿੱਧ ਮਾਰਗ ਵੱਲ ਲਈ ਰੱਖ, ਉਹਨਾਂ

---

[136] ਨਾਜ਼ਿਰ ਦਾਅਵਤੋ ਤਬਲੀਗ, *ਨਿਵਾਜ਼*, ਪੰਨਾ 10.

[137] ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼*, ਪੰਨਾ 306.

ਧਰਮੀਆਂ ਦੇ ਮਾਰਗ ਵੱਲ, ਜੋ ਤੇਰੀ ਕਿਰਪਾ ਦੇ ਪਾਤਰ ਬਣੇ, ਉਹਨਾਂ ਦੇ ਮਾਰਗ ਵੱਲ ਨਹੀਂ ਜੋ ਤੇਰੀ ਕਰੋਪੀ ਦੇ ਭਾਗੀ ਬਣੇ ਜਾਂ ਤੈਥੋਂ ਦੂਰ ਚਲੇ ਗਏ। "[138]

### 4.3.24 ਸੂਰਤ ਇਖਲਾਸ

"ਸੂਰਤ ਫਾਤਿਹਾ ਤੋਂ ਬਾਅਦ ਕਿਸੇ ਹੋਰ ਸੂਰਤ ਦੇ ਕੁਝ ਹਿੱਸੇ ਦਾ ਨਿਮਾਜ਼ ਵਿਚ ਪੜ੍ਹਨਾ ਜ਼ਰੂਰੀ ਹੈ ਜਿਸ ਬਾਰੇ ਕੋਈ ਖਾਸ ਸੂਰਤ ਜਾਂ ਆਇਤਾ ਨਿਯਤ ਨਹੀਂ ਹਨ, ਸਗੋਂ ਜਿੱਥੇ ਵੀ ਕੋਈ ਸੌਖ ਨਾਲ ਪੜ੍ਹ ਸਕਦਾ ਹੈ, ਪੜ੍ਹੇ, ਅਸੀਂ ਇਥੇ ਕੁਰਾਨ ਦੀ ਛੋਟੀ ਜਿਹੀ ਸੂਰਤ ਜਿਸਦਾ ਨਾਂ ਸੂਰਤ ਇਖਲਾਸ ਹੈ, ਦਰਜ ਕਰਦੇ ਹਾਂ ਜੋ ਇਸ ਤਰ੍ਹਾਂ ਹੈ:-

ਬਿਸਮਿਲਾਹਿੱਰਹਿਮਾ ਨਿੱਰਾਹੀਮ। ਕੁਲ ਹੁਵੱਲਾਹੁ ਆਹੱਦ। ਅੱਲਾਹੁਸਾਮੱਦ ।ਲਮ ਯਾਲਿੱਦ ਵਲਮ ਯੂਲੱਦ ਵਲਮ ਯਾਕੁੱਲਾਹੂ ਕੁਫਵਾਨ ਆਹੱਦ।

ਅਰਥਾਤ:- ਇਹ ਐਲਾਨ ਕਰ ਦਿਉ ਕਿ ਅੱਲਾਹ ਇਕੋ ਹੀ ਹੈ, ਉਸ ਕਿਸੇ ਦਾ ਮੁਹਤਾਜ ਨਹੀਂ,ਸਭ ਉਸ ਦੇ ਮੁਹਤਾਜ ਹਨ, ਉਹ ਮਾਤਾ ਪਿਤਾ ਤੋਂ ਧੀਆਂ ਪੁੱਤਾਂ ਤੋਂ ਰਹਿਤ ਹੈ, ਉਸ ਜੇਹਾ ਹੋਰ ਕੋਈ ਵੀ ਨਹੀਂ;ਉਹ ਆਪਣੇ ਜਿਹਾ ਇਕੋ ਇਕ ਆਪ ਹੀ ਹੈ।

ਫੇਰ ਹੱਥ ਛੱਡ ਕੇ

ਅੱਲਾ ਹੂ ਅਕਬਰ (ਫਿਰ ਇਹ ਤਿੰਨ ਵਾਰ ਪੜ੍ਹਿਆ ਜਾਂਦਾ ਹੈ)।

ਸੁਬਹਾਨਾ ਰੱਬੀਯੱਲ ਅਜ਼ੀਮ। (ਮੇਰਾ ਸਾਜਨਹਾਰ ਤੇ ਪਾਲਨਹਾਰ ਪਵਿੱਤਰ ਹੈ ਤੇ ਵੱਡੀਆਂ ਵਡਿਆਈਆਂ ਵਾਲਾ ਹੈ।

ਤਸਮੀਆਂ

ਫੇਰ ਸਿੱਧੇ ਖੜੇ ਹੋ ਕੇ ਦੋਵੇ ਹੱਥਾਂ ਦੋਹਾਂ ਪਹਿਲੂਆਂ ਨਾਲ ਲਟਕਾ ਦਈਦੇ ਹਨ ਤੇ ਮੂੰਹੋ ਇਹ ਆਖੀਦਾ ਹੈ:

ਸਾਮਿਅੱਲਾਹੁ ਲਿਮਨ ਹਾਮਿਦਾ

ਅਰਥਾਤ - ਜੋ ਪ੍ਰਾਨੀ ਅੱਲਾਹ ਦੀ ਉਸਤਤੀ ਕਰਦਾ ਹੈ ਉਸਦੀ ਉਸਤਤੀ ਪ੍ਰਵਾਨ ਚੜ੍ਹਦੀ ਹੈ।[139]

### 4.3.25 ਤਹਮੀਦ

ਇਸ ਵਿੱਚ ਅੱਲਾਹ ਦੀਆਂ ਵਡਿਆਈਆਂ ਦੀ ਤਾਰੀਫ ਕੀਤੀ ਜਾਂਦੀ ਹੈ।

ਇਸਤੋਂ ਮਗਰੋਂ ਜੋ ਕੁਝ ਪੜ੍ਹਦੇ ਹਨ, ਉਸਨੂੰ 'ਤਹਮੀਦ' ਆਖਦੇ ਹਨ ਤੇ ਉਹ ਇੰਝ ਹੈ:-

ਹੱਮਦਦ ਕਸੀਰਨ ਤੱਯਿਬਨ ਮੁਬਾਰਾਕਨ ਫੀਹ।

ਅਰਥਾਤ - ਹੇ ਸਾਡੇ ਸਾਜਨਹਾਰ ਤੇ ਪਾਲਨਹਾਰ ਹਰੇਕ ਉਪਮਾ ਦਾ ਅਧਿਕਾਰੀ ਤੂੰ ਹੀ ਹੈ। ਤੇਰੀ ਉਪਮਾ ਬੇਅੰਤ ਹੈ ਤੇ ਪਾਕ ਤੇ ਬਰਕਤਾਂ ਵਾਲੀ ਹੈ। "[140]

"ਤਹਮੀਦ ਨਮਾਜ਼ ਪੜ੍ਹਦੇ ਸਮੇਂ ਰੁਕੂਆਂ ਦੀ ਅਵਸਥਾ ਵਿਚ ਉੱਠਣ ਸਮੇਂ ਪੜ੍ਹੀ ਜਾਣ ਵਾਲੀ ਤਸਬੀਹ ਹੈ ਜਿਸਦੇ ਸਬਦ ਹਨ, 'ਰੱਬਾਨਾ ਲਕਲ ਹਮਦ, ਅਰਥਾਤ ਹੇ ਸਾਡੇ ਪਾਲਨਹਾਰ ! ਤੇਰੇ ਲਈ ਹੀ ਸਭ

---

[138] ਨਾਜ਼ਿਰ ਦਾਅਵਤੋ ਤਬਲੀਗ, *ਨਿਵਾਜ਼*, ਪੰਨਾ 10,11,12,13.

[139] ਉਹੀ, ਪੰਨਾ 13,14.

[140] ਉਹੀ, ਪੰਨਾ 14,15.

ਵਡਿਆਈਆਂ ਹਨ। ਆਮ ਅਰਥਾਂ ਵਿਚ ਅੱਲਾਹ ਦੀ ਵਡਿਆਈ ਬਿਆਨ ਕਰਨ ਨੂੰ ਵੀ ਤਹਮੀਦ ਕਹਿ ਦਿੱਤਾ ਜਾਂਦਾ ਹੈ। ਅੱਲਾਹ ਦੀ ਵਡਿਆਈ ਬਿਆਨ ਕਰਨ ਲਈ ਜੋ ਸ਼ਬਦ ਪੜ੍ਹੇ ਜਾਂਦੇ ਹਨ ਉਹ ਹਨ, ਅੱਲ-ਹਮਦੁ-ਲਿਲਾਹਿ' ਅਰਥਾਤ ਸਭ ਵਡਿਆਈਆਂ ਰੱਬ ਲਈ ਹਨ, ਰੱਬ ਹੀ ਵਡਿਆਈਆਂ ਦੇ ਲਾਇਕ ਹੈ ਇਸ ਤਰ੍ਹਾਂ ਤਹਮੀਦ ਅੱਲਾਹ ਤਾਅਲਾ ਦਾ ਪਾਕੀ ਅਤੇ ਤਾਰੀਫ ਬਿਆਨ ਕਰਨ ਵਾਲਾ ਦੁਆ ਦਾ ਕਲਮਾ ਹੈ।"[141]

"ਇਸਦੇ ਮਗਰੋਂ ਅੱਲਾਹੂ ਹੀ ਅਕਬਰ (ਅੱਲਾਹ  ਹੀ ਸਭ ਤੋਂ ਵੱਡਾ ਹੈ) ਕਹਿ ਕੇ ਸਿਜਦੇ ਵਿਚ ਚਲੇ ਜਾਂਦੇ ਹਨ ਅਤੇ ਸਜਦੇ ਵਿਚ ਪਿਆ ਘੱਟੋ ਘੱਟ ਤਿੰਨ ਵਾਰ ਇਹ ਪੜ੍ਹਿਆ ਜਾਂਦਾ ਹੈ :-

ਸੁਬਹ ਨਾ ਰੱਬੀਅੱਲ ਆਅੱਲਾ

ਅਰਥਾਤ - ਮੇਰਾ ਸਾਜਨਹਾਰ ਤੇ ਪਾਲਨਹਾਰ ਪਵਿੱਤਰ ਤੇ ਵੱਡੀ ਸ਼ਾਨ ਵਾਲਾ ਹੈ।

ਇਸਦੇ ਬਾਅਦ ਫਿਰ

ਅੱਲਾ ਹੂ ਅਕਬਰ (ਅੱਲਾਹ ਹੀ ਸਭ ਤੋਂ ਵੱਡਾ ਹੈ) ਫਿਰ ਇਹ ਪੜ੍ਹਿਆ ਜਾਂਦਾ ਹੈ।

ਅੱਲਾਹੰ ਮੱਗ਼ਫਿਰਲੀ ਵੱਰਹੱਮਨ ਵੱਹਦਿਨੀ ਵਾਆਫ਼ਿਨੀ ਵੱਰਫੱਅਨੀ ਵੱਜਬੁਰਨੀ ਵਰੱਜ਼ੁਕਨੀ

ਅਰਥਾਤ - ਹੇ ਅੱਲਾਹ! ਮੇਰੇ ਸਾਰੇ ਪਾਪ ਬਖਸ਼ ਦੇ ਤੇ ਮੇਰੇ ਉੱਤੇ ਮਿਹਰ ਕਰ ਮੈਨੂੰ ਸੁਮਾਰਗ ਵੱਲ ਲਾਈ ਰੱਖ, ਹਰੇਕ ਸ਼ਰਾਰਤੀ ਦੀ ਸ਼ਰਾਰਤ ਤੋਂ ਬਚਾਈ ਰੱਖ, ਮੇਰਾ ਸੁਧਾਰ ਕਰ, ਮੈਨੂੰ ਇੱਜ਼ਤ ਦੇ ਅਤੇ ਮੇਰੀ ਰੋਜ਼ੀ ਦੇ ਸਾਮਨ ਉਤਪੰਨ ਕਰ।

ਇਸਦੇ ਮਗਰੋਂ ਫਿਰ

ਅੱਲਾਹੂ ਅਕਬਰ (ਅੱਲਾਹ ਹੀ ਸਭ ਤੋਂ ਵੱਡਾ ਹੈ) ਕਹਿ ਕੇ ਸਜਦੇ ਵਿਚ ਚਲੇ ਜਾਂਦੇ ਹਨ ਤੇ ਉਹੋ ਕੁਝ ਪੜ੍ਹਦੇ ਹਨ ਜੋ ਪਹਿਲੇ ਸਜਦੇ ਵਿਚ ਪੜ੍ਹਿਆ ਸੀ।

ਸੁਬਹਾਨਾਰੱਬੀਅਲ ਆਅੱਲਾ'

ਮੇਰਾ ਸਾਜਨਹਾਰ ਤੇ ਪਾਲਨਹਾਰ ਪਵਿੱਤਰ ਹੈ ਤੇ ਵੱਡੀ ਸ਼ਾਨ ਵਾਲਾ ਹੈ।[142]

### 4.3.26 ਤਸੱਹਦ

ਇਸਤੋਂ ਬਾਅਦ 'ਤਸੱਹਦ' ਪੜ੍ਹਦੇ ਹਨ ਜਿਸਦੇ ਅਰਥ ਇੰਝ ਹਨ:-

"ਸਾਰੇ ਜਪ ਤਪ ਦੇ ਦਾਨ-ਪੁੰਨ ਅੱਲਾਹ ਵਾਸਤੇ ਯੋਗ ਹਨ, ਤੇਰੇ ਉੱਤੇ ਤੇ ਸਾਡੇ ਉੱਤੇ ਸਲਾਮਤੀ, ਰਹਿਮਤ ਤੇ ਬਰਕਤ ਹੋਵੇ। ਅੱਲਾਹ ਦੇ ਸਾਰੇ ਭਲੇ-ਪੁਰਸ਼ਾਂ ਉੱਤੇ ਵੀ ਸਲਾਮਤੀ ਹੋਵੇ, ਮੈਂ ਇਹ ਗਵਾਹੀ ਦਿੰਦਾ ਹਾਂ ਕਿ ਹਜ਼ਰਤ ਮੁਹੰਮਦ ਸਾਹਿਬ ਉਸਦੇ ਸਾਜੇ ਹੋਏ ਰਸੂਲ ਤੇ ਬੰਦੇ ਹਨ।"[143] ਇਹ ਇਕ ਤਰ੍ਹਾਂ ਦੀ ਮੁਸਲਮਾਨਾਂ ਦੀ ਪ੍ਰਾਰਥਨਾ ਹੈ ਜਿਸ ਵਿਚ ਅੱਲਾਹ ਦੀ ਵਡਿਆਈ ਦੇ ਨਾਲ-ਨਾਲ ਉਸਤੋਂ ਬਰਕਤ ਵੀ ਮੰਗੀ ਹੈ।

---

[141] ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼*, ਪੰਨਾ 308.
[142] ਨਾਜ਼ਿਰ ਦਾਅਵਤੋ ਤਬਲੀਗ, *ਨਿਵਾਜ਼*, ਪੰਨਾ 15-16.
[143] ਉਹੀ, ਪੰਨਾ 16.

### 4.3.27 ਦਰੂਦ–ਓ–ਸਲਾਮ

ਇਹ ਵੀ ਇਸਲਾਮ ਵਿਚ ਨਮਾਜ਼ ਵਾਂਗ ਪ੍ਰਾਰਥਨਾ ਦਾ ਇਕ ਰੂਪ ਹੈ ,ਇਸਨੂੰ ਦੁਆ ਵੀ ਕਹਿੰਦੇ ਹਨ ਇਹ ਦੁਆ ਮੁਹੰਮਦ ਸਾਹਿਬ ਅਤੇ ਉਹਨਾਂ ਦੇ ਬੱਚਿਆਂ ਅਤੇ ਵਡੇਰਿਆਂ ਲਈ ਪੜ੍ਹੀ ਜਾਂਦੀ ਹੈ।

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ ਦਰੂਦ,"ਫ਼ਾ ਸੰਗਯਾ-ਦੁਆ, ਬੇਨਤੀ, 2. ਪ੍ਰਾਰਥਨਾ ਸਮੇਂ ਪੜ੍ਹਿਆ ਸਤੋਤ੍ਰ"[144]

"ਆਮ ਕਰਕੇ ਦਰੂਦ ਉਸ ਦੁਆ ਨੂੰ ਕਹਿੰਦੇ ਹਨ ਜੋ ਪੈਗੰਬਰ ਇਸਲਾਮ ਹਜ਼ਰਤ ਮੁਹੰਮਦ ਮੁਸਤਫਾ ਲਈ ਪੜ੍ਹੀ ਜਾਂਦੀ ਹੈ। ਦਰੂਦ ਹਜ਼ਰਤ ਮੁਹੰਮਦ ਸਾਹਿਬ ਦੀ ਔਲਾਦ ਦੇ ਹੱਕ ਵਿਚ ਵੀ ਪੜ੍ਹੇ ਜਾਂਦੇ ਹਨ। ਇਸ ਤਰ੍ਹਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਦਰੂਦ ਉਸ ਦੁਆ ਦਾ ਨਾਂ ਹੈ ਜੋ ਹਜ਼ਰਤ ਮੁਹੰਮਦ ਸਾਹਿਬ ਅਤੇ ਉਹਨਾਂ ਦੀ ਔਲਾਦ ਲਈ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਸਲਾਮ ਵੀ ਸਲਾਮਤੀ ਦੀ ਤੰਦਰੁਸਤੀ ਦੀ ਦੁਆ ਹੈ, ਸੋ ਦਰੂਦ -ਓ-ਔਲਾਦ ਲਈ ਆਮ ਕਰਕੇ ਕੀਤੀ ਗਈ ਦੁਆ ਦਾ ਨਾਮ ਹੈ। ਹਜ਼ਰਤ ਮੁਹੰਮਦ ਸਾਹਿਬ ਦੀ ਉਮੱਤ ਦੇ ਲੋਕ ਅਤੇ ਉਹਨਾਂ ਉੱਤੇ ਅਕੀਦਾ ਰੱਖਣ ਵਾਲੇ ਗ਼ੈਰ ਮੁਸਲਿਮ ਸਮਾਜ ਦੇ ਲੋਕ ਵੀ ਉਹਨਾਂ ਉੱਤੇ ਦਰੂਦ-ਓ-ਸਲਾਮ ਭੇਜਦੇ ਹਨ, ਇਸਲਾਮੀ ਸ਼ਰੀਅਤ ਮੁਤਾਬਿਕ ਤਾਂ ਅੱਲਾਹ ਪਾਕ ਅਤੇ ਫਰਿਸ਼ਤੇ ਵੀ ਨਬੀ ਪਾਕ ਹਜ਼ਰਤ ਮੁਹੰਮਦ ਸਾਹਿਬ ਉੱਤੇ ਦਰੂਦ-ਓ-ਸਲਾਮ ਭੇਜਦੇ ਹਨ। ਕੁਰਆਨ ਮਜੀਦ ਦੀ ਸੂਰਾ-ਅਲ-ਅਹਜ਼ਾਬ ਦੀ ਆਇਤ ਨੰਬਰ 56 ਵਿਚ ਹਦਾਇਤ ਆਈ ਹੈ "ਅੱਲਾਹ ਅਤੇ ਉਸਦੇ ਫਰਿਸ਼ਤੇ ਨਬੀ ਉੱਤੇ ਦਰੂਦ ਭੇਜਦੇ ਹਨ। ਹੇ ਈਮਾਨ ਲਿਆਉਣ ਵਾਲਿਉ, ਤੁਸੀਂ ਵੀ ਪੈਗੰਬਰ ਉੱਤੇ ਦਰੂਦ ਦੇ ਸਲਾਮ ਭੇਜਿਆ ਕਰੋ। ਕਈ ਵਾਰ ਹਜ਼ਰਤ ਇਬਰਾਹੀਮ ਪੈਗੰਬਰ ਦੇ ਹੱਕ ਵਿਚ ਦਰੂਦ ਪੜ੍ਹੇ ਜਾਂਦੇ ਹਨ ਕਿਉਂਕਿ ਉਹ ਹਜ਼ਰਤ ਮੁਹੰਮਦ ਸਾਹਿਬ ਦੀ ਪੀੜ੍ਹੀ ਵਿਚ ਉਹਨਾਂ ਦੇ ਵਡੇਰੇ ਸਨ।"[145] ਇਸਲਾਮ ਵਿਚ ਓਮੱਤ ਆਪਣੇ ਲਈ ਹੀ ਨਹੀਂ ਆਪਣੇ ਪੈਗੰਬਰਾਂ ਦੀ ਸਲਾਮਤੀ ਲਈ ਵੀ ਪ੍ਰਾਰਥਨਾ/ਦੁਆ ਕਰ ਸਕਦੀ ਹੈ। ਜਿਸ ਨਾਲ ਪੈਗੰਬਰ ਨੂੰ ਮੰਨਣ ਵਾਲੇ ਲੋਕਾਂ ਵਿਚ ਪੈਗੰਬਰ ਨਾਲ ਪ੍ਰੇਮ ਵੱਧਦਾ ਹੈ ਅਤੇ ਉਸਦੀਆਂ ਸਿੱਖਿਆਵਾਂ ਦਾ ਵਾਸ ਦਿਲ ਵਿਚ ਹੁੰਦਾ ਹੈ

### 4.3.28 ਦਰੂਦ ਸ਼ਰੀਫ਼

ਅੱਲਾਹੁੰਮਾਸੱਲਿ ਮੁਹੰਮਾਦਿਨ ਵਾਅਲਾਆ ਮੁਹੰਮਾਦਿਨ ਕਾਮਾਸੱਲੈਤਾ ਬਾਰੱਕਤਾ ਅਲਾ ਇਬਰਾਹੀਮ ਵਾਅਲਾ ਆਲਿ ਇਬਰਾਹੀਮਾ ਇਨੱਕਾ ਹਮੀਦੁੰਮ ਜੀਦ।

ਅਰਥਾਤ – ਹੇ ਅੱਲਾਹ! ਤੂੰ ਹਜ਼ਰਤ ਮੁਹੰਮਦ ਸਾਹਿਬ ਅਤੇ ਆਪਦੇ ਅਨੁਯਾਈਆਂ ਉੱਤੇ ਮਿਹਰ ਕਰ, ਜਿਵੇਂ ਕਿ ਤੂੰ ਹਜ਼ਰਤ ਇਬਰਾਹੀਮ ਤੇ ਉਸਦੇ ਅਨੁਯਾਈਆਂ ਉਤੇ ਮਿਹਰ ਕੀਤੀ ਸੀ ਤੂੰ ਹਰੇਕ ਉਪਮਾ ਦਾ ਅਧਿਕਾਰੀ ਤੇ ਬਲਵਾਨ ਹੈ। ਫਿਰ ਇਹ ਦੁਆਵਾਂ ਪੜ੍ਹੀਆਂ ਜਾਂਦੀਆਂ ਹਨ।

ਅੱਲਾਹੁੰਮਾ ਇੱਨੀ ਜ਼ਲੱਮਤੁ ਨੱਫਸੀ ਜ਼ੁਲਮਨ ਕਸੀਰਨ ਵਾਲਾ ਯੱਗਾਫਿਰੁਜ਼ੁੱਨੂਬਾ ਇੱਲਾ ਅੰਨਤਾ, ਫੱਗਫਿਰਲੀ ਮੱਗਫਿ ਰਾਤੰਮਨਿ ਇਨਕਿਕਾ ਵੱਰਹੱਮਨੀ ਇੱਨਾਕਾ ਅਨੱਤਲ ਗਫੂਰੁੱਰਾਹੀਮ।

[144] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 624.

[145] ਪ੍ਰੋ. ਗੁਰਚਰਨ ਸਿੰਘ, *ਤਲਵਾੜਾ ਸੂਫੀਮਤ ਕੋਸ਼*, ਪੰਨਾ 341.

**ਅਰਥਾਤ–** ਹੇ ਅੱਲਾਹ। ਮੈਂ ਆਪਣੀ ਜਾਨ ਤੇ ਅਨੇਕਾਂ ਜ਼ੁਲਮ ਕੀਤੇ ਹਨ। ਤੈਥੋਂ ਛੁਟ ਹੋਰ ਕਈ ਵੀ ਬਖਸ਼ਣਹਾਰ ਨਹੀਂ ਹੈ। ਤੂੰ ਅਪਣੀ ਮਿਹਰ ਨਾਲ ਬਖਸ਼ ਲੈ। ਤੂੰ ਹੀ ਵੱਡਾ ਬਖਸ਼ਣਹਾਰ ਤੇ ਮਿਹਰਬਾਨ ਹੈਂ।

ਅੱਲਾਹੁੰਮਾ ਇਨੀ ਅਊਜ਼ਬਿਕਾ ਮਿੱਨਲਹੱਮਿ ਵੱਲ ਗ਼ੰਮਿ ਵਾਆਊਜ਼ ਬਿਕਾ ਮਿੱਨਲ ਜੁਬਨਿ ਵੱਲਬੁਖਲਿ ਵਾਆਊਜ਼ ਬਿਕਾ ਮਿੱਨਲ ਅੱਜਿਜ ਵੱਲ ਕਸਲਿ ਵਾਆਊਜ਼ਬਿਕਾ

ਹੇ ਅੱਲਾਹ । ਮੈਂ ਤੈਥੋਂ ਹਰੇਕ ਦੁਖ-ਸੁਖ ਸਮੇਂ ਪਨਾਹ ਮੰਗਦਾ ਹਾਂ।ਤੈਥੋਂ ਕਾਇਰਤਾ ਤੇ ਕੰਜੂਸੀ ਤੋਂ ਵੀ ਪਨਾਹ ਮੰਗਦਾ ਹਾਂ ਤੇ ਇਸੇ ਤਰ੍ਹਾਂ ਮੈਂ ਤੇਰੇ ਪਾਸੋਂ ਇਸ ਗੱਲ ਦੀ ਵੀ ਪਨਾਹ ਮੰਗਦਾ ਹਾਂ ਕਿ ਕਿਤੇ ਇਹ ਨਾ ਹੋਵੇ ਕਿ ਮੈਂ ਆਪਣੇ ਕਾਰਜਾਂ ਦੀ ਸਿੱਧੀ ਲਈ ਸਾਧਨ ਨਾ ਪ੍ਰਾਪਤ ਕਰ ਸਕਾਂ ਤੇ ਇਸ ਗੱਲ ਦੀ ਵੀ ਕਿ ਕਿਤੇ ਇਹ ਨਾ ਹੋਵੇ ਕਿ ਸਾਧਨਾਂ ਦੇ ਹੁੰਦਿਆਂ ਹੋਇਆ ਉਹਨਾਂ ਤੋਂ ਕੰਮ ਨਾ ਲੈ ਸਕਾਂ।"

"ਰੱਬਾਨਾਆਤਿਨਾ ਫ਼ਿੱਦੁਨੀਆ ਹਾਸਾਨਤੰਵਾ ਫਿਲ ਆਖਿਰਾਤਿ ਹਸਾਨਾ ਤੰਵਾਕਿਨਾ ਅਜ਼ਾਬੱਨਾਰ।"

ਹੇ ਮੇਰੇ ਸਾਜਨਹਾਰ ਤੇ ਪਾਲਨਹਾਰ! ਲੇਖੇ ਦੇ ਦਿਨ ਮੇਰੇ ਮਾਪਿਆ ਤੇ ਸਾਰੇ ਸਾਕ ਸੰਬੰਧੀਆਂ ਨੂੰ ਬਖਸ਼ ਦੇਣਾ।

ਇਸ ਤੋਂ ਮਗਰੋਂ ਜੇ ਨਿਮਾਜ਼ ਤਿੰਨਾਂ ਜਾਂ ਚਾਰ ਰਕਾਤਾਂ ਦੀ ਹੈ ਤਾਂ ਮੁੜ ਖੜੇ ਹੋ ਜਾਂਦੇ ਹਨ ਤੇ ਫੇਰ ਪਹਿਲੀਆਂ ਦੋ ਰਕਾਤਾਂ ਵਾਂਗ ਬਾਕੀ ਵੀ ਇਕ ਜਾਂ ਦੋ ਰਕਾਤਾਂ ਪੜ੍ਹਦੇ ਹਨ ਤੇ ਫੇਰ ਇਸੇ ਤਰ੍ਹਾਂ ਬੈਠ ਕੇ ਇਹ ਸਾਰਾ ਕੁਝ ਨਵੇਂ ਸਿਰਿਉਂ ਪੜ੍ਹਦੇ ਹਨ ਤੇ ਇਸ ਥਾਂ ਪੁਜਨ ਤੇ ਪਹਿਲਾਂ ਸੱਜੇ ਪਾਸੇ ਤੇ ਫੇਰ ਖੱਬੇ ਪਾਸੇ ਮੂੰਹ ਕਰਕੇ ਇਹ ਆਖਦੇ ਹਨ:-

"ਅੱਲਾਹ ਅੱਲਕੁ, ਵਰਹਾਮੁਤਾਲਾਹ"

ਤੁਹਾਡੇ ਉੱਤੇ ਅੱਲਾਹ ਹੀ ਸਲਾਮਤੀ ਤੇ ਰਹਿਮਤ ਹੋਵੇ। ਫੇਰ ਸੱਜੇ ਪਾਸੇ ਮੂੰਹ ਕਰਕੇ ਵੀ ਇਹੋ ਉਚਾਰਦੇ ਹਨ।

ਇਸਦੇ ਮਗਰੋਂ ਇਕ ਸਮੇਂ ਦੀ ਨਿਮਾਜ਼ ਮੁਕ ਜਾਂਦੀ ਹੈ। ਹੁਣ ਉਸ ਪ੍ਰਾਣੀ ਨੂੰ ਇਸ ਗੱਲ ਦੀ ਖੁੱਲ ਹੈ ਕਿ ਉਹ ਆਪਣਾ ਕਾਰ ਵਿਹਾਰ ਕਰੇ।

ਜੇ ਨਿਮਾਜ਼ ਫਰਜ਼ ਦੇ ਨਾਲ ਸੁੰਨਤ ਨਿਮਾਜ਼ ਵੀ ਹੋਵੇ ਤਾਂ ਉਸ ਨਿਮਾਜ਼ ਨੂੰ ਇਸ ਢੰਗ ਨਾਲ ਹੀ, ਪੜ੍ਹਿਆ ਜਾਂਦਾ ਹੈ ਤੇ ਸਲਾਮ ਫੇਰ ਕੇ ਆਪਣੇ ਨਿੱਜੀ ਕਾਰ-ਵਿਹਾਰ ਵਿਚ ਰੁਝ ਜਾਈਦਾ ਹੈ।"[146] ਸੋ ਇਸ ਤਰੀਕੇ ਨਾਲ ਨਮਾਜ਼ ਖਤਮ ਹੋ ਜਾਂਦੀ ਹੈ ਅਤੇ ਨਮਾਜ਼ੀ ਆਪੋ ਆਪਣੇ ਕੰਮਾਂ ਵਿਚ ਰੁਕ ਜਾਂਦੇ ਹਨ । ਨਮਾਜ਼ ਵਿਚ ਨਮਾਜ਼ੀ ਸੱਤ ਅਲੱਗ-ਅਲੱਗ ਪੁਜੀਸ਼ਨਾਂ ਲੈਂਦਾ ਹੈ ਅਤੇ ਦਿਨ ਵਿਚ ਇਹ ਕਿਰਿਆ ਪੰਜ ਵਾਰ ਨਿਭਾਈ ਜਾਂਦੀ ਹੈ।

---

[146] ਨਾਜ਼ਿਰ ਦਾਅਵਤੋ ਤਬਲੀਗ, *ਨਿਵਾਜ਼*, ਪੰਨਾ 21,22,23.

**4.3.29 ਨਮਾਜ਼ ਪੜ੍ਹਨ ਦਾ ਢੰਗ**

ਡਾ. ਅਮਰਵੰਤ ਸਿੰਘ ਆਪਣੇ ਲੇਖ ਨਿਵਾਜ਼ ਵਿਚ ਨਮਾਜ਼ ਪੜ੍ਹਣ ਦੇ ਢੰਗ ਦਾ ਜ਼ਿਕਰ ਕਰਦੇ ਹਨ।"ਨਮਾਜ਼ ਪੜ੍ਹਨ ਤੋਂ ਪਹਿਲਾਂ ਵਜ਼ੂ ਕਰਕੇ ਪਾਕ ਤੇ ਸਾਫ ਥਾਂ ਤੇ ਕਿਬਲਾ ਵੱਲ ਮੂੰਹ ਕਰਕੇ ਖੜੋਣਾ ਚਾਹੀਦਾ ਹੈ ਅਤੇ ਅਰਬੀ ਵਿਚ ਇਹ ਵਾਕ ਬੋਲਣੇ ਚਾਹੀਦੇ ਹਨ ਜਿੰਨ੍ਹਾਂ ਦਾ ਉਲਥਾ ਹੈ।ਮੈਂ ਆਪਣਾ ਮੁਖ ਉਸ ਜ਼ਾਤ ਵੱਲ ਕਰਦਾ ਹਾਂ ਜਿਸਨੇ ਆਸਮਾਨਾਂ ਤੇ ਧਰਤੀ ਨੂੰ ਪੈਦਾ ਕੀਤਾ ਅਤੇ ਮੈਂ ਅੱਲਾਹ ਦਾ ਸ਼ਰੀਕ ਠਹਿਰਾਉਣ ਵਾਲਾ ਨਹੀਂ ਹਾਂ ਫਿਰ ਜਿਹੜੀ ਨਮਾਜ਼ ਪੜ੍ਹਨ ਦਾ ਮਨਸ਼ਾ ਹੋਵੇ ਉਸਦੀ ਨੀਅਤ ਕਰੋ ਅਤੇ ਕਹੋ ਕਿ ਐ ਅੱਲਾਹ! ਮੈਂ ਫਲਾਣੇ ਸਮੇਂ ਦੀ ਨਮਾਜ਼ ਪੜ੍ਹਦਾ ਹਾਂ ਅਤੇ ਦੋਨਾਂ ਹੱਥਾਂ ਨੂੰ ਕੰਨਾਂ ਤੱਕ ਉਠਾਵੇ, ਹੱਥਾਂ ਦੀਆਂ ਉਗਲਾਂ ਖੁਲ੍ਹੀਆਂ ਰੱਖੇ ਅਤੇ ਹਥੇਲੀ ਨੂੰ ਕਿਲੇ ਵੱਲ ਰੱਖੇ ਅਤੇ ਫਿਰ, 'ਅੱਲਾਹੂ ਅਕਬਰ' ਕਹਿ ਕੇ ਹੱਥਾਂ ਨੂੰ ਧੁੰਨੀ ਹੇਠ ਇਸ ਤਰ੍ਹਾਂ ਬੰਨ੍ਹ ਲਵੇ ਕਿ ਸੱਜਾ ਹੱਥਾ ਉੱਤੇ ਤੇ ਖੱਬਾ ਹੱਥ ਹੇਠਾਂ ਰਹੇ। ਨਮਾਜ਼ ਵਿਚ ਇਧਰ ਉਧਰ ਨਾ ਦੇਖੇ ਬਲਕਿ ਅਦਬ ਦੇ ਆਰਾਮ ਨਾਲ ਖੜ੍ਹਾ ਰਹੇ। ਇਹ ਗੱਲ ਮੰਨੇ ਕਿ ਜੋ ਕੁਝ ਮੈਂ ਕਰ ਰਿਹਾ ਹਾਂ ਅੱਲਾਹ ਉਸਨੂੰ ਵੇਖ ਰਿਹਾ ਹੈ ਅਤੇ ਜੋ ਕੁਝ ਮੈਂ ਪੜ੍ਹ ਰਿਹਾ ਹਾਂ ਅੱਲਾਹ ਉਸਨੂੰ ਸੁਣ ਰਿਹਾ ਹੈ। ਹੱਥ ਬੰਨ੍ਹ ਕੇ ਪਹਿਲਾਂ ਸਨ ਪੜ੍ਹੇ ਫਿਰ ਅਊਜ਼ ਅਤੇ ਬਿਸਮਿੱਲਾ ਪੜ੍ਹ ਕੇ ਸੂਰਤ ਫਾਤਿਹਾ ਪੜ੍ਹੇ 'ਅਲਹਮਦ ਸ਼ਰੀਫ ਮੁੱਕਣ ਮਗਰੋਂ ਹੌਲੀ ਜਿਹੇ ਆਮੀਨ ਕਹੇ ਅਤੇ ਕੁਰਾਨ ਮਜੀਦ ਦੀ ਜਿਹੜੀ ਸੂਰਤ ਯਾਦ ਹੋਵੇ, ਪੜ੍ਹੇ, ਪਰੰਤੂ ਜਦੋਂ ਇਮਾਮ ਦੇ ਪਿੱਛੇ ਹੋਵੇ ਤਾਂ ਸਨ ਪੜ੍ਹ ਕੇ ਚੁੱਪ ਖੜ੍ਹਾ ਹੋ ਜਾਵੇ, ਕੁਝ ਨਾ ਪੜ੍ਹੇ, ਜਦੋਂ ਇਮਾਮ ਸੂਰਤ ਫਾਤਿਹਾ ਪੜ੍ਹ ਚੁੱਕੇ ਤਾਂ ਹੌਲੀ ਜਿਹੇ ਆਮੀਨ ਕਹੇ। ਫਿਰ ਅੱਲਾਹੂ ਅਕਬਰ ਕਹਿ ਕੇ ਰਕੂਅ ਵਿਚ ਝੁਕੇ। ਰਕੂਅ ਵਿਚ ਦੋਨਾਂ ਹੱਥਾਂ ਨਾਲ ਗੋਡਿਆਂ ਨੂੰ ਫੜੇ, ਸਿਰ ਅਤੇ ਪਿੱਠ ਨੂੰ ਸਿੱਧਾ ਰੱਖੇ। ਫਿਰ 'ਸੁਬਹਾਨ ਰੱਬੀਉਲਅਜ਼ੀਮ' ਤਿੰਨ, ਪੰਜ ਜਾਂ ਸੱਤ ਵਾਰ ਪੜ੍ਹੇ, ਫਿਰ 'ਸਮਿਅ ਅੱਲਾਹ ਲਮਿਨ ਹਮਿਦਹ' ਪੜ੍ਹਦਾ ਹੋਇਆ ਬਿਲਕੁਲ ਸਿੱਧਾ ਖੜ੍ਹਾ ਹੋ ਜਾਵੇ ਅਤੇ ਇਕ ਵਾਰ ਇਹ ਪੜ੍ਹੇ "ਐ ਸਾਡੇ ਪਰਵਰਦਗਾਰ ਤਰੀਫ ਤੇਰੇ ਲਈ ਹੀ ਹੈ। ਫਿਰ 'ਅੱਲਾਹੂ ਅਕਬਰ' ਕਹਿੰਦਾ ਹੋਇਆ ਸਿੱਧਾ ਖੜ੍ਹਾ ਹੋ ਜਾਵੋ, ਪਹਿਲਾ ਮੱਥਾ, ਫਿਰ ਨੱਕ, ਫਿਰ ਹੱਥ, ਫਿਰ ਗੋਡੇ ਧਰਤੀ ਤੇ ਚੁੱਕੇ ਅਤੇ ਉੱਠਦੇ ਸਮੇਂ ਧਰਤੀ ਤੇ ਹੱਥ ਨਾ ਰੱਖੇ। ਹੁਣ ਇਕ ਰੁਕਅਤ ਪੂਰੀ ਹੋ ਗਈ। ਇਸੇ ਤਰ੍ਹਾਂ ਦੂਜੀ ਰੁਕਅਤ ਪੜ੍ਹੇ ਪਰੰਤੂ ਸਨਾ ਅਤੇ ਅਊਜ਼ ਨਾ ਪੜ੍ਹੇ। ਇਹ ਕੇਵਲ ਪਹਿਲੀ ਰੁਕਅਤ ਵਿਚ ਪੜ੍ਹੇ ਜਾਂਦੇ ਹਨ। ਦੂਜੀ ਰੁਕਅਤ ਦੇ ਦੋਵੇਂ ਸਿਜਦੇ ਕਰਨ ਮਗਰੋਂ ਖੱਬਾ ਪੈਰ ਵਿਛਾ ਕੇ ਉਸ ਉੱਤੇ ਬੈਠ ਜਾਵੇ ਅਤੇ ਸੱਜਾ ਪੈਰ ਇਸ ਤਰ੍ਹਾਂ ਰੱਖੇ ਕਿ ਉਂਗਲਾ ਕਿਬਲੇ ਵੱਲ ਰਹਿਣ ਅਤੇ ਦੋਨੋਂ ਹੱਥ ਗੋਡਿਆਂ ਤੇ ਰੱਖੇ ਅਤੇ ਪਹਿਲਾ ਅੱਤਹੀਆਤ ਪੜ੍ਹੇ, ਜਦੋਂ 'ਅਸ਼ਹੁਦਅਨ ਲਾ ਅੱਲਾਹ' ਤੇ ਪੁੱਜੇ ਤਾਂ ਸੱਜੇ ਹੱਥ ਦੇ ਅੰਗੂਠੇ ਅਤੇ ਵਿਚਲੀ ਉਂਗਲ ਦਾ ਘੇਰਾ ਬਣਾਏ ਅਤੇ ਛੋਟੀ ਤੇ ਕੋਲ ਵਾਲੀ ਉਂਗਲ ਨੂੰ ਬੰਦ ਕਰੋ ਅਤੇ ਸ਼ਹਾਦਤ ਵਾਲੀ ਉਗਲ ਨੂੰ ਉਠਾਵੇ, ਲਾ ਇਲਾ ਤੇ ਉਗਲ ਉਠਾਵੇ ਤੇ ਇਲ ਅੱਲਾਹ ਤੇ ਝੁਕਾ ਦੇਵੇ।ਫਿਰ 'ਦਰੂਦ ਸ਼ਰੀਫ' ਪੜ੍ਹੇ ਅਤੇ ਸਲਾਮ ਫੇਰ ਦੇਵੇ' ਸਲਾਮ ਫੇਰਨ ਦਾ ਢੰਗ ਇਹ ਹੈ ਕਿ ਪਹਿਲਾਂ ਸੱਜੇ ਵੱਲ ਫਿਰ ਖੱਬੇ ਵੱਲ ਮੂੰਹ ਮੋੜੇ ਅਤੇ ਦੋਵੇ ਵਾਰ ਅਲਸਲਾਮ ਅਲੇਕਮ ਕਹੇ। ਪਹਿਲਾ ਸਲਾਮ ਵਿਚ ਸੱਜੇ ਪਾਸੇ ਦੇ ਨਮਾਜ਼ੀਆ ਅਤੇ ਫਰਿਸ਼ਤਿਆਂ ਦੀ ਨੀਅਤ ਕਰੇ ਅਤੇ ਦੂਜੇ ਸਲਾਮ ਵਿਚ ਖੱਬੇ ਪਾਸੇ ਦੇ ਨਮਾਜ਼ੀਆਂ ਅਤੇ ਫਰਿਸ਼ਤਿਆਂ ਦੀ ਅਤੇ ਇਮਾਮ ਦੋਨਾਂ ਸਲਾਮਾਂ ਵੱਲ ਪੈਰਵੀ ਕਰਨ ਵਾਲਿਆਂ ਦੀ

ਨੀਅਤ ਕਰੇ। ਇਹ ਦੋ ਰੁਕਅਤਾਂ ਵਾਲੀ ਨਮਾਜ਼ ਪੂਰੀ ਹੋ ਗਈ ਜੇ ਤਿੰਨ ਜਾਂ ਚਾਰ ਰੁਕਅਤਾਂ ਵਾਲੀ ਨਮਾਜ਼ ਪੜ੍ਹਨੀ ਹੋਵੇ ਤਾਂ ਦਰੂਦ ਸ਼ਰੀਫ ਨਾ ਪੜ੍ਹੇ ਅਤੇ ਸਲਾਮ ਨਾ ਫੇਰੇ ਬਲਕਿ 'ਅੱਲਾਹੂ ਅਕਬਰ' ਕਹਿੰਦਾ ਹੋਇਆ ਖੜ੍ਹਾ ਹੋ ਜਾਵੇ।"[147] ਸੋ ਇਸ ਤਰ੍ਹਾਂ ਨਮਾਜ਼ ਸ਼ਰੀਅਤ ਅਨੁਸਾਰ ਸੰਪੂਰਨ ਹੋਈ ਸਮਝੀ ਜਾਂਦੀ ਹੈ ਇਸ ਢੰਗ ਵਿਚ ਕੋਈ ਫੇਰ ਬਦਲ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਮੁਹੰਮਦ ਸਾਹਿਬ ਦੇ ਸਮੇਂ ਤੋਂ ਹੀ ਇਸ ਪ੍ਰਕਾਰ ਪੜ੍ਹੀ ਜਾ ਰਹੀ ਹੈ।

ਇਸਲਾਮ ਵਿਚ ਪੜ੍ਹੀਆਂ ਜਾਣ ਵਾਲੀਆਂ ਪੰਜ ਨਮਾਜ਼ਾਂ ਨੂੰ ਫਰਜ਼ ਨਮਾਜ਼ਾਂ ਕਿਹਾ ਜਾਂਦਾ ਹੈ ਜਿਸਦਾ ਪੜ੍ਹਨਾ ਹਰ ਇਕ ਮੁਸਲਮਾਨ ਦਾ ਜ਼ਰੂਰੀ ਫਰਜ਼ ਹੈ। ਇਹ ਅੱਲਾਹ ਵੱਲੋਂ, ਮੁਹੰਮਦ ਸਾਹਿਬ ਵੱਲੋਂ ਸ਼ਰੀਅਤ ਵੱਲੋਂ, ਸੁੰਨਤ ਹਨ ਭਾਵ ਇਹ ਪੜ੍ਹਨੀਆਂ ਹੀ ਪੜ੍ਹਨੀਆਂ ਹਨ। ਪ੍ਰੋ. ਗੁਰਚਰਨ ਸਿੰਘ ਤਲਵਾੜਾ ਰਚਿਤ ਸੂਫੀਮਤ ਸੰਕਲਪ ਕੋਸ਼ ਅਨੁਸਾਰ, "ਨਮਾਜ਼ ਇਬਾਦਤ ਹੈ, ਦੁਆ ਹੈ, ਪ੍ਰਾਰਥਨਾ ਹੈ ਜੋ ਸ਼ਰੀਅਤ ਅਨੁਸਾਰ ਪੰਜ ਵੇਲੇ ਨਿਸ਼ਚਿਤ ਹੈ। ਇਸਲਾਮੀ ਸ਼ਰੀਅਤ ਮੁਤਾਬਿਕ ਪੰਜ ਵੇਲੇ ਦੀਆਂ ਨਮਾਜ਼ਾਂ ਅੱਲਾਹ ਪਾਕ ਵੱਲੋਂ ਉਸ ਵੇਲੇ ਫਰਜ਼ ਕੀਤੀਆਂ ਗਈਆਂ ਹਨ ਜਦੋਂ ਹਜ਼ਰਤ ਮੁਹੰਮਦ ਸਾਹਿਬ ਮੇਅਰਾਜ ਦੀ ਯਾਤਰਾ ਲਈ ਗਏ ਸਨ।"[148] ਇਸ ਫਰਜ਼ ਨੂੰ ਪੂਰਾ ਕਰਨਾ ਹਰ ਇਕ ਮੁਸਲਮਾਨ ਦਾ ਧਾਰਮਿਕ ਫਰਜ਼ ਹੈ।

ਮੁਹੰਮਦ ਸਾਹਿਬ ਦੇ ਜੀਵਨ ਦੀ ਉਹੀ ਮਹਾਨ ਘਟਨਾ ਜਦੋਂ ਉਹ ਅੱਲਾਹ ਨੂੰ ਮਿਲੇ ਸਨ ਅਤੇ ਉਹਨਾਂ ਤੋਂ ਨਮਾਜ਼ਾਂ ਲਿਆਂਦੀਆ ਸਨ। ਮੁਹੰਮਦ ਸਾਹਿਬ ਬੁਰਾਕ ਘੋੜੇ ਉਪਰ ਅੱਲਾਹ ਮਿਲਣ ਲਈ ਗਏ ਸਨ, ਪ੍ਰੋ. ਗੁਰਚਰਨ ਸਿੰਘ ਤਲਵਾੜਾ ਰਚਿਤ ਸੂਫੀਮਤ ਸੰਕਲਪ ਕੋਸ਼ ਅਨੁਸਾਰ, "ਮਿਅਰਾਜ ਕਹਿੰਦੇ ਹਨ ਉਪਰ ਚੜ੍ਹਨ ਨੂੰ, ਉਪਰ ਚੜ੍ਹਨ ਦੀ ਪ੍ਰਕ੍ਰਿਰਿਆ ਨੂੰ ਮਿਅਰਾਜ ਯਾਤਰਾ ਦਾ ਸਬੰਧ ਹਜ਼ਰਤ ਮੁਹੰਮਦ ਸਾਹਿਬ ਨਾਲ ਹੈ, ਜਦੋਂ ਨਬਵੁੱਤ ਦੇ ਬਾਹਰਵੇਂ ਸਾਲ ਆਪ ਅੱਲਾਹ ਪਾਕ ਦੇ ਬੁਲਾਵੇ 'ਤੇ ਉਸ ਨਾਲ ਮੁਲਾਕਾਤ ਕਰਨ ਲਈ ਸੱਤਵੇਂ ਆਸਮਾਨ ਤੇ ਗਏ ਸਨ।"[149]ਇਸ ਯਾਤਰਾ ਦੌਰਾਨ ਉਹਨਾਂ ਨੂੰ ਹਜ਼ਰਤ ਮੂਸਾ ਵੀ ਮਿਲੇ ਸਨ।

### 4.3.30 ਈਦ

ਇਹਨਾਂ ਪੰਜ ਨਮਾਜ਼ਾਂ ਤੋਂ ਇਲਾਵਾ ਇਸਲਾਮ ਵਿਚ ਹੋਰ ਵੀ ਨਮਾਜ਼ਾਂ ਦਾ ਜ਼ਿਕਰ ਮਿਲਦਾ ਹੈ। ਮੁੱਖ ਤੌਰ 'ਤੇ ਈਦ ਦੀਆਂ ਨਮਾਜ਼ਾਂ ਜਿਸਨੂੰ ਇਸਲਾਮ ਵਿਚ ਈਦਉਲਫਿਤਰ ਅਤੇ ਈਦਉਲਜ਼ੁਹਾ ਵੀ ਕਿਹਾ ਜਾਂਦਾ ਹੈ ਜਾਂ ਇਹਨਾਂ ਨੂੰ ਛੋਟੀ ਈਦ ਜਾਂ ਵੱਡੀ ਈਦ ਵੀ ਕਿਹਾ ਜਾਂਦਾ ਹੈ।

ਇਹ ਮੁਸਲਮਾਨਾਂ ਵਿਚ ਖੁਸ਼ੀ ਦੇ ਪ੍ਰਗਟਾਵੇ ਦਾ ਤਿਉਹਾਰ ਹੈ।ਈਦ ਦੇ ਤਿਉਹਾਰ ਦੀ ਪਰੰਪਰਾ ਹਜ਼ਰਤ ਇਬਰਾਹੀਮ ਨਾਲ ਜੋੜੀ ਜਾਂਦੀ ਹੈ।ਜਦੋਂ ਉਹ ਆਪਣੇ ਸੌ ਸਾਲ ਬਾਅਦ ਜਨਮੇ ਇਕੋ ਪੁੱਤਰ ਦੀ ਕੁਰਬਾਨੀ ਅੱਲਾਹ ਦੇ ਨਾਂ ਤੇ ਦੇਣ ਲੱਗੇ ਸਨ। ਇਸ ਘਟਨਾ ਤੋਂ ਬਾਅਦ ਇਹ ਤਿਉਹਾਰ ਹੋਂਦ ਵਿਚ ਆਇਆ।ਮੁਸਲਮਾਨਾਂ ਵਿਚ ਇਸਨੂੰ ਵੱਡੀ ਈਦ ਦੇ ਤੌਰ ਤੇ ਮਨਾਇਆ ਜਾਂਦਾ ਹੈ ਅਤੇ ਕਿਸੇ ਜਾਨਵਰ ਦੀ ਕੁਰਬਾਨੀ ਦਿੱਤੀ ਜਾਂਦੀ ਹੈ।ਪ੍ਰੋ. ਗੁਰਚਰਨ ਸਿੰਘ ਤਲਵਾੜਾ ਅਨੁਸਾਰ ਈਦ, "ਇਸਲਾਮ ਧਰਮ ਦੇ

---

[147]ਅਮਰਵੰਤ ਸਿੰਘ, *ਨਾਨਕ ਪ੍ਰਕਾਸ਼ ਪੱਤ੍ਰਿਕਾ*, ਦਸੰਬਰ 1971, ਪੰਨਾ 116,17,18.
[148] ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼*, ਪੰਨਾ 354.
[149] ਉਹੀ, ਪੰਨਾ 435.

ਖੁਸ਼ੀ ਦੇ ਤਿਉਹਾਰ ਨੂੰ ਈਦ ਕਿਹਾ ਜਾਂਦਾ ਹੈ ਆਮ ਤੌਰ ਤੇ ਮੁਸਲਮਾਨਾਂ ਲਈ ਈਦ ਦੇ ਦੋ ਵੱਡੇ ਤਿਉਹਾਰ ਹਨ। ਈਦ-ਉਲ-ਫਿਤਰ ਅਤੇ ਈਦ-ਉਲ-ਅਜ਼ਹਾ। ਤੀਸਰੀ ਈਦ ਆਮ ਤੌਰ ਤੇ ਈਦ-ਉਲ-ਮਿਲਾਦ, ਉਲ-ਨਬੀ ਕਹਿਲਾਉਂਦੀ ਹੈ। ਈਦੈਨ ਭਾਵ ਈਦਾਂ ਮੁਸਲਮਾਨਾਂ ਲਈ ਖੁਸ਼ੀ ਦੇ ਤਿਉਹਾਰ ਹਨ।[150]"

### 4.3.31 ਈਦ-ਉਲ ਅਜ਼ਹਾ

ਪ੍ਰੋ. ਗੁਰਚਰਨ ਸਿੰਘ ਤਲਵਾੜਾ ਰਚਿਤ ਸੂਫੀਮਤ ਸੰਕਲਪ ਕੋਸ਼ ਅਨੁਸਾਰ, " ਈਦ ਇਹ ਮੁਸਲਮਾਨਾਂ ਵਿਚ ਖੁਸ਼ੀ ਦੇ ਪ੍ਰਗਟਾਵੇ ਦਾ ਤਿਉਹਾਰ ਹੈ। ਈਦ ਦੇ ਤਿਉਹਾਰ ਦੀ ਪਰੰਪਰਾ ਹਜ਼ਰਤ ਇਬਰਾਹੀਮ ਨਾ ਜੋੜੀ ਜਾਂਦੀ ਹੈ। ਜਦੋਂ ਉਹ ਆਪਣੇ 100 ਸਾਲ ਬਾਅਦ ਹੋਏ ਇੱਕੋ ਪੁਤਰ ਦੀ ਕੁਰਬਾਨੀ ਅੱਲਾਹ ਦੇ ਨਾ ਤੇ ਦੇਣ ਲੱਗੇ ਸਨ। ਇਸ ਘਟਨਾ ਤੋਂ ਬਾਅਦ ਇਹ ਤਿਉਹਾਰ ਹੋਂਦ ਵਿਚ ਆਇਆ। ਮੁਸਲਮਾਨਾਂ ਵਿਚ ਇਸਨੂੰ ਵੱਡੇ ਈਦ ਦੇ ਤੌਰ ਤੇ ਮਨਾਇਆ ਜਾਂਦਾ ਹੈ ਅਤੇ ਕਿਸੇ ਜਾਨਵਰ ਦੀ ਕੁਰਬਾਨੀ ਦਿੱਤੀ ਜਾਂਦੀ ਹੈ। ਈਦ-ਉਲ-ਅਜ਼ਹਾ ਹਜ਼ਰਤ ਇਬਰਾਹੀਮ ਦੁਆਰਾ ਆਪਣੇ ਬੇਟੇ ਹਜ਼ਰਤ ਇਸਮਾਈਲ ਦੀ ਕੁਰਬਾਨੀ ਦੇਣ ਵਾਲੇ ਵਾਕਿਆ ਦੀ ਯਾਦ ਵਿੱਚ ਮਨਾਈ ਜਾਂਦੀ ਹੈ। ਇਹ ਆਮ ਤੌਰ ਤੇ ਅਰਬੀ ਮਹੀਨੇ ਜ਼ਿਲ-ਹਿਜ਼ਾ ਵੀ ਦਸਵੀਂ ਤਾਰੀਖ ਨੂੰ ਆਉਂਦੀ ਹੈ। ਹਜ਼ਰਤ ਇਬਾਰਾਹੀਮ ਅਤੇ ਹਜ਼ਰਤ ਇਸਮਾਇਲ ਦੀ ਯਾਦ ਨੂੰ ਤਾਜ਼ਾ ਕਰਨ ਲਈ ਹਲਾਲ ਜਾਨਵਰ ਦੀ ਕੁਰਬਾਨੀ ਦਿੱਤੀ ਜਾਂਦੀ ਹੈ। ਇਸ ਈਦ ਨੂੰ 'ਬਕਰਹ ਈਦ' ਅਤੇ ਈਦ-ਉਲ-ਕਬੀਰ ਭਾਵ ਵੱਡੀ ਈਦ ਵੀ ਕਿਹਾ ਜਾਂਦਾ ਹੈ।"[151]

### 4.3.32 ਈਦੁਲਅਜ਼ਹਾ ਦੀ ਨਮਾਜ਼

"ਇਹ ਤਿਉਹਾਰ ਹਨ ਲੋਕਾਂ ਲਈ ਹੈ ਜੋ ਹੱਜ ਨਹੀਂ ਕਰ ਸਕਦੇ ਪਰ ਅੱਲਾਹ ਦੀਆਂ ਬਰਕਤਾਂ ਹਾਸਿਲ ਕਰਨ ਲਈ ਉਹਨਾਂ ਲਈ ਇਹ ਤਿਉਹਾਰ ਮਨਾਇਆ ਜਾਂਦਾ ਹੈ। ਈਦੁਅਲਜ਼ਹਾ ਦੇ ਅਦਾ ਕਰਨ ਦੀ ਖੁਸ਼ੀ ਵਿਚ ਮਨਾਉਂਦੇ ਹਨ। ਜਿਹੜੇ ਲੋਕ ਹੱਜ ਨਹੀਂ ਕਰ ਸਕਦੇ ਉਹਨਾਂ ਲਈ ਈਦੁਲਅਜ਼ਹਾ ਦਾ ਦਿਨ ਨੀਅਤ ਕੀਤਾ ਗਿਆ ਹੈ ਕਿ ਉਹ ਭੀ ਹਾਜੀਆ ਵਾਂਗ ਖੁਦਾਵੰਦ ਕਰੀਮ ਦੀਆਂ ਨਿਆਮਤਾਂ ਤੇ ਰਹਿਮਤਾਂ ਹਾਸਿਲ ਕਰਨ। ਇਸਨੂੰ 'ਬਕਰ ਈਦ' ਭੀ ਕਹਿੰਦੇ ਹਨ ਇਸੇ ਲਈ ਇਸ ਦਿਨ ਈਦ ਮਗਰੋਂ ਕੁਰਬਾਨੀ ਦਿੱਤੀ ਜਾਂਦੀ ਹੈ। ਇਸ ਦਿਨ ਨਮਾਜ਼ ਸੂਰਜ ਉੱਗਣ ਤੋਂ ਤੁਰੰਤ ਮਗਰੋਂ ਸਵੇਰੇ ਸਵੇਰੇ ਹੀ ਅਦਾ ਕਰਨੀ ਚਾਹੀਦੀ ਹੈ।"[152] ਇਹ ਤਿਉਹਾਰ ਮੁਸਲਮਾਨਾਂ ਵਿਚ ਉਂਝ ਹੈ ਜਿਵੇਂ ਹਿੰਦੂਆਂ ਵਿਚ ਦੀਵਾਲੀ, ਜੈਨੀਆਂ ਵਿਚ ਮਹਾਵਰੀ ਜਯੰਤੀ ਅਤੇ ਬੋਧੀਆਂ ਵਿਚ ਬੁੱਧ ਪੂਰਨਿਮਾ। ਇਸ ਲਈ ਮੁਸਲਮਾਨ ਖਾਸ ਤਰ੍ਹਾਂ ਦੀ ਤਿਆਰੀ ਕਰਦੇ ਹਨ।

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਵਿਚ ਈਦਉਲਅਜ਼ਹਾ ਬਾਰੇ ਇਸ ਪ੍ਰਕਾਰ ਜ਼ਿਕਰ ਆਇਆ ਹੈ" ਕੁਰਬਾਨੀ ਦਾ ਤਯੋਹਾਰ, ਜੁਅਲਹਿਜ਼ਾਹ ਦੀ ਦਸਵੀਂ ਤਾਰੀਖ ਨੂੰ ਇਹ ਪਰਵ ਮਨਾਇਆ ਜਾਂਦਾ ਹੈ। ਇਸ ਵਿਚ ਪਸ਼ੂ ਦੀ ਕੁਰਬਾਨੀ ਕਰਨੀ ਜ਼ਰੂਰੀ ਹੈ, ਕੁਰਬਾਨ ਕੀਤੇ ਪਸ਼ੂ ਦਾ ਇਕ ਹਿੱਸਾ ਰਿਸ਼ਤੇਦਾਰਾਂ ਨੂੰ, ਇੱਕ ਹਿੱਸਾ ਗਰੀਬਾਂ ਨੂੰ, ਤੀਜਾ ਆਪਣੇ ਵਰਤਣ ਲਈ ਰੱਖਣਾ ਚਾਹੀਏ, ਗਊ ਦੀ

[150] ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼*,ਪੰਨਾ110.
[151] ਉਹੀ,ਪੰਨਾ 111.
[152] *ਇਸਲਾਮ ਕੀ ਬਾਤੇਂ*, ਪੰਨਾਂ 27.

ਕੁਰਬਾਨੀ ਕਰਨ ਕਰਕੇ ਇਸ ਨੂੰ 'ਬਕਰਹ ਈਦ' ਆਖਦੇ ਹਨ, ਅਰਬੀ ਵਿਚ ਬਕਰਹ ਨਾਉਂ ਗਊ ਦਾ ਹੈ, ਇਸ ਈਦ ਦਾ ਨਾਉਂ 'ਈਦੁਲ ਕਬੀਰ' ਭੀ ਹੈ।"[153] ਇਸ ਈਦ ਵਿਚ ਕੁਰਬਾਨੀ ਵਾਲੇ ਜਾਨਵਰ ਦਾ ਮਾਸ ਗਰੀਬਾਂ ਵਿੱਚ ਵੰਡਿਆ ਜਾਂਦਾ ਹੈ ਰਿਸ਼ਤੇਦਾਰਾਂ ਨਾਲ ਵੰਡ ਕੇ ਖਾਧਾ ਜਾਂਦਾ ਹੈ ਭਾਵ ਪ੍ਰੇਮ ਪਿਆਰ ਵਧਾਇਆ ਜਾਂਦਾ ਹੈ।

### 4.3.33 ਈਦੁਲਫਿਤਰ ਦੀ ਨਮਾਜ਼

ਇਸਨੂੰ ਛੋਟੀ ਈਦ ਵੀ ਕਿਹਾ ਜਾਂਦਾ ਹੈ ਇਹ ਰੋਜ਼ਿਆਂ ਦੇ ਖਤਮ ਹੋਣ ਦੀ ਖੁਸ਼ੀ ਵਿਚ ਮਨਾਈ ਜਾਂਦੀ ਹੈ। ਇਹ ਕਠਿਨ ਸਮੇਂ ਦੇ ਲੰਘਣ ਦੀ ਖੁਸ਼ੀ ਵਿਚ ਮਨਾਈ ਜਾਂਦੀ ਹੈ। ਇਸ ਵਿਚ ਚੰਨ ਨੂੰ ਵੇਖਿਆ ਜਾਂਦਾ ਹੈ। ਘਰਾਂ ਵਿਚ ਮਿੱਠੇ ਪਕਵਾਨ ਪੱਕਦੇ ਹਨ। ਬੱਚੇ, ਬਜ਼ੁਰਗ, ਔਰਤਾਂ ਨਵੇਂ ਕੱਪੜੇ ਪਾਉਂਦੀਆਂ ਗਰੀਬਾਂ ਨੂੰ ਦਾਨ ਦਿੱਤਾ ਜਾਂਦਾ ਹੈ। "ਰਮਜ਼ਾਨ ਦਾ ਮਹੀਨਾ ਖਤਮ ਹੋਣ ਤੋਂ ਉਪਰੰਤ ਯਕਮ ਸਵਾਲ ਦਾ ਦਿਨ ਖੁਸ਼ੀ ਦਾ ਨਿਯਤ ਕੀਤਾ ਗਿਆ ਹੈ ਕਿਉਂਕਿ ਮੁਸਲਮਾਨਾਂ ਨੇ ਮਹੀਨਾ ਭਰ ਆਪਣੇ ਪਰਵਦਗਾਰ ਦੀ ਖੂਬ ਇਬਾਦਤ ਕੀਤੀ ਹੁੰਦੀ ਹੈ ਅਤੇ ਉਸਦੇ ਹੁਕਮ ਅਧੀਨ ਸਵੇਰ ਤੋਂ ਸ਼ਾਮ ਤੱਕ ਭੁੱਖੇ ਪਿਆਸੇ ਰਹੇ ਹੁੰਦੇ ਹਨ ਤੇ ਰਾਤ ਅੱਲਾਹ ਦੀ ਯਾਦ ਵਿੱਚ ਲੰਘਾਈ ਹੁੰਦੀ ਹੈ। ਇਸ ਕਠਿਨ ਸਮੇਂ ਦੇ ਲੰਘਣ ਦੀ ਖੁਸ਼ੀ ਵਿਚ ਈਦਲਫਿਤਰ ਮਨਾਈ ਜਾਂਦੀ ਹੈ ਤੇ ਨਮਾਜ਼ ਅਦਾ ਕੀਤੀ ਜਾਂਦੀ ਹੈ।"[154]

ਡਾ. ਰਤਨ ਸਿੰਘ ਜੱਗੀ ਰਚਿਤ ਗੁਰੂ ਗ੍ਰੰਥ ਵਿਸ਼ਵਕੋਸ਼ ਅਨੁਸਾਰ ਈਦੁਲਫਿਤਰ,"ਈਦੁਲ ਫਿਤਰ ਰੋਜ਼ਿਆਂ ਦੇ ਖਤਮ ਹੋਣ ਉੱਤੋਂ ਨਵੇਂ ਚੰਨ ਨੂੰ ਵੇਖ ਕੇ ਮਨਾਈ ਜਾਂਦੀ ਹੈ। ਉਸ ਦਿਨ ਮੁਸਲਮਾਨ ਸਵੇਰੇ ਉੱਠ ਕੇ ਇਸ਼ਨਾਨ ਕਰਦੇ ਹਨ ਅਤੇ ਸਾਫ ਸੁਥਰੇ ਜਾਂ ਨਵੇਂ ਬਸਤਰ ਧਾਰਣ ਕਰਦੇ ਈਦਗਾਹ ਵਿਚ ਦੋ ਵਕਤਾਂ ਦੀ ਨਮਾਜ਼ ਪੜ੍ਹਦੇ ਹਨ, ਇਮਾਮ ਤੋਂ ਖੁਤਬਾ ਸੁਣਦੇ ਹਨ ਅਤੇ ਦੁੱਧ ਵਿਚ ਉਬਾਲੀਆਂ ਸੇਵੀਆਂ ਅਤੇ ਹੋਰ ਸੁਆਦੀ ਮਿੱਠੇ ਪਕਵਾਣ ਤਿਆਰ ਕਰਕੇ ਲੋਕਾਂ ਵਿਚ ਵੰਡਦੇ ਹਨ। ਈਦ ਤੋਂ ਦੋ ਦਿਨ ਪਹਿਲਾ ਖਾਧ ਪਦਾਰਥ (ਫਿਤਰਾ) ਗਰੀਬਾਂ ਜਾਂ ਮੁਥਾਜਾਂ ਵਿਚ ਵੰਡੇ ਜਾਂਦੇ ਹਨ। ਜਿਸ ਕਿਸੇ ਮੁਸਲਮਾਨ ਨੂੰ ਪਹਿਲਾ ਜ਼ਕਾਤ ਨਾ ਦਿੱਤੀ ਹੋਵੇ, ਉਹ ਵੀ ਈਦ ਤੋਂ ਪਹਿਲਾ ਜ਼ਕਾਤ ਦੇ ਦਿੰਦਾ ਹੈ। ਇਹ ਉਨ੍ਹਾਂ ਲਈ ਲਾਜ਼ਮੀ ਹੈ।"[155] ਇਹ ਮੁਸਲਮਾਨਾਂ ਦਾ ਪ੍ਰਮੁੱਖ ਤਿਉਹਾਰ ਹੈ। ਜਿਸ ਵਿਚ ਮੁਸਲਮਾਨ ਦੇ ਚਿਹਰੇ ਉਪਰ ਇਕ ਖਾਸ ਤਰ੍ਹਾਂ ਦੀ ਖੁਸ਼ੀ ਹੁੰਦੀ ਹੈ, ਉਹ ਇਕ ਦੂਜੇ ਦੇ ਗਲੇ ਮਿਲਦੇ ਹਨ ਅਤੇ ਈਦ ਮੁਬਾਰਕ ਕਹਿੰਦੇ ਹਨ।

ਇਸ ਨੂੰ ਛੋਟੀ ਈਦ ਜਾਂ ਮਿੱਠੀ ਈਦ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਵਿਚ ਮਿੱਠੇ ਪਕਵਾਨ ਬਣਦੇ ਹਨ, ਬੱਚਿਆਂ ਨੂੰ ਖਰਚਣ ਲਈ ਪੈਸੇ ਦਿੱਤੇ ਜਾਂਦੇ ਹਨ। ਰਿਸ਼ਤੇਦਾਰਾਂ ਵਿਚ ਵੀ ਤੋਹਫੇ ਵੰਡੇ ਜਾਂਦੇ ਹਨ। ਜਿਸਨੂੰ ਈਦੀ ਕਹਿੰਦੇ ਹਨ। ਪ੍ਰੋ.ਗੁਰਚਰਨ ਸਿੰਘ ਤਲਵਾੜਾ ਰਚਿਤ ਸੂਫੀਮਤ ਕੋਸ਼ ਅਨੁਸਾਰ, "ਰਮਜ਼ਾਨ ਦੇ ਮਹੀਨੇ ਵਿਚ ਰੱਖੇ ਰੋਜ਼ਿਆਂ ਦੇ ਮੁਕੰਮਲ ਹੋਣ ਤੋਂ ਬਾਅਦ ਈਦ-ਉਲ-ਫਿਤਰ ਮਨਾਈ ਜਾਂਦੀ ਹੈ। ਰਮਜ਼ਾਨ ਦੇ ਪੂਰੇ ਮਹੀਨੇ ਰੋਜ਼ੇ ਰੱਖੇ ਜਾਂਦੇ ਹਨ ਇਬਾਦਤਾਂ ਕੀਤੀਆਂ ਜਾਂਦੀਆ ਹਨ। ਜਦੋਂ ਰਮਜ਼ਾਨ ਤੋਂ ਬਾਅਦ ਵਾਲੇ ਮਹੀਨੇ ਦੀ ਪਹਿਲੀ ਤਾਰੀਖ ਆਉਂਦੀ ਹੈ ਤਾਂ ਇਹ ਈਦ ਮਨਾਈ ਜਾਂਦੀ ਹੈ। ਆਮ ਤੌਰ

[153] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 128.

[154] ਅਮਰਵੰਤ ਸਿੰਘ, *ਨਾਨਕ ਪ੍ਰਕਾਸ਼ ਪੱਤ੍ਰਿਕਾ*, ਦਸੰਬਰ 1971 2:2 ਪੰਨਾ 118.

[155] ਡਾ.ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ)*, ਪੰਨੇ 123-24.

'ਤੇ ਰਮਜ਼ਾਨ ਮਹੀਨੇ ਦੀ ਆਖਰੀ ਰਾਤ ਨੂੰ ਜਦੋਂ ਚੰਦਰਮਾ ਨਜ਼ਰ ਆ ਜਾਂਦਾ ਹੈ ਤਾਂ ਰੋਜ਼ੇ ਖਤਮ ਸਮਝੇ ਜਾਂਦੇ ਹਨ। ਇਸ ਈਦ ਨੂੰ ਈਦ-ਉਲ-ਸਗੀਰ ਭਾਵ ਛੋਟੀ ਈਦ ਅਤੇ ਮਿੱਠੀ ਈਦ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਦਿਨ ਸੇਵੀਆਂ, ਖੀਰ ਆਦਿ ਮਿੱਠੇ ਪਕਵਾਨ ਬਣਾਏ ਜਾਂਦੇ ਹਨ। ਈਦ-ਉਲ-ਫਿਤਰ ਵਾਲੇ ਦਿਨ ਬੱਚਿਆਂ ਨੂੰ ਖਰਚਣ ਲਈ ਅਤੇ ਖਿਡੌਣੇ ਵਗੈਰਾ ਖਰੀਦਣ ਲਈ ਵੱਡਿਆਂ ਵੱਲੋਂ ਜੋ ਪੈਸੇ ਦਿੱਤੇ ਜਾਂਦੇ ਹਨ, ਉਸਨੂੰ ਈਦੀ ਕਿਹਾ ਜਾਂਦਾ ਹੈ। ਰਿਸ਼ਤੇ ਵਿੱਚ ਵੱਡਿਆਂ ਵੱਲੋਂ ਇਸ ਦਿਨ ਆਪਣੇ ਨੇੜੇ ਦੇ ਰਿਸ਼ਤੇਦਾਰਾਂ ਨੂੰ ਜੋ ਮਠਿਆਈ ਪੈਸੇ ਜਾਂ ਤੋਹਫੇ ਦਿੱਤੇ ਜਾਂਦੇ ਹਨ ਉਸਨੂੰ ਈਦੀ ਜਾਂ ਈਦੀਆ ਕਿਹਾ ਜਾਂਦਾ ਹੈ।"[156] ਇਸਨੂੰ ਵਰਤ ਖੋਲ੍ਹਣ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ ਕਿਉਂਕਿ 30 ਰੋਜ਼ੇ ਰੱਖਣ ਤੋਂ ਬਾਅਦ ਇਹ ਦਿਨ ਆਉਂਦਾ ਹੈ। ਅੱਲਾਹ ਦੇ ਰਾਹ ਤੇ ਚੱਲਣ ਵਾਲੇ ਲੋਕ ਰੋਜ਼ਿਆਂ ਦੀ ਸਫਲਤਾ ਲਈ ਇਹ ਦਿਨ ਮਨਾਉਂਦੇ ਹਨ।

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ, "ਈਦੁਲਫਿਤਰ-ਵ੍ਰਤ ਉਤਾਰਣ ਦਾ ਤਿਉਹਾਰ, ਰਮਜ਼ਾਨ ਦੇ ਰੋਜ਼ੇ ਸਮਾਪਤ ਹੋਣ ਪੁਰ ਨਵੇਂ ਚੰਦ ਨੂੰ ਵੇਖ ਕੇ ਇਹ ਉਤਸਵ ਮਨਾਇਆ ਜਾਂਦਾ ਹੈ।"[157]

### 4.3.34 ਈਦ ਦੀ ਨਮਾਜ਼ ਪੜ੍ਹਨ ਦਾ ਤਰੀਕਾ

ਇਸ ਦਿਨ ਈਦ ਦੀ ਨਮਾਜ਼ ਖਾਸ ਤੌਰ ਤੇ ਖਾਸ ਤਰੀਕੇ ਨਾਲ ਪੜ੍ਹੀ ਜਾਂਦੀ ਹੈ। ਇਸਨੂੰ ਮਸਜਿਦ ਵਿਚ ਇਮਾਮ ਦੇ ਪਿੱਛੇ ਪੜ੍ਹਨ ਦਾ ਵਿਧਾਨ ਹੈ। ਮੌਲਾਨਾ ਮੋਲਵੀ ਅਲਹਸਨ ਇਹਤਸ਼ਾਮ ਨੇ ਇਸਲਾਮ ਕੀ ਬਾਤੇ ਵਿਚ ਇਸਨੂੰ ਪੜ੍ਹਨ ਦਾ ਢੰਗ ਇਸ ਪ੍ਰਕਾਰ ਬਿਆਨ ਕੀਤਾ ਹੈ,"ਪਹਿਲਾ ਇਸ ਤਰ੍ਹਾਂ ਨੀਅਤ ਕਰੇ ਕਿ ਮੈਂ ਈਦੁਲਫਿਤਰ ਦੀਆਂ ਦੋ ਰੁਕਅਤਾਂ ਵਾਜਬ ਅਤੇ ਛੇ ਤਕਬੀਰਾਂ ਇਮਾਮ ਦੇ ਪਿੱਛੇ ਪੜ੍ਹਦਾ ਹਾਂ ਫਿਰ ਤਕਬੀਰ ਤਹਿਰੀਆ ਕਹਿ ਕੇ ਹੱਥ ਬੰਨ੍ਹ ਲਵੇ ਅਤੇ ਸਨਾ ਪੜ੍ਹੇ ਫਿਰ ਅੱਲਾਹੂ ਅਕਬਰ ਕਹਿੰਦਾ ਹੋਇਆ ਦੋਨੋਂ ਹੱਥ ਕੰਨ ਤੱਕ ਚੁੱਕੇ ਅਤੇ ਛੱਡ ਦੇਵੇ ਫਿਰ ਦੂਜੀ ਵਾਰੁ ਅੱਲਾਹੂ ਅਕਬਰ ਕਹਿੰਦਾ ਹੋਇਆ ਦੋਨੋ ਹੱਥ ਕੰਨਾਂ ਤੱਕ ਚੁੱਕੇ ਅਤੇ ਛੱਡ ਦੇਵੇ। ਫਿਰ ਤੀਜੀ ਵਾਰ 'ਅੱਲਾਹੂ ਅਕਬਰ' ਕਹਿੰਦਾ ਹੋਇਆ ਦੋਵੇ ਹੱਥ ਕੰਨਾਂ ਤੱਕ ਚੁੱਕੇ ਤੇ ਹੱਥ ਬੰਨ੍ਹ ਲਵੇ। ਫਿਰ ਇਮਾਮ ਅਊਜ਼ ਅਤੇ ਬਿਸਮਿੱਲਾ ਹੌਲੀ ਅਤੇ ਸੂਰਹ ਫਾਤਿਹਾ ਅਤੇ ਕੋਈ ਹੋਰ ਸੂਰਤ ਉੱਚੀ ਆਵਾਜ਼ ਨਾਲ ਪੜ੍ਹੇ ਅਤੇ ਪੈਰਵੀ ਕਰਨ ਵਾਲਾ ਕੁਝ ਨਾ ਪੜੇ। ਫਿਰ ਰਕੂਅ ਅਤੇ ਸਿਜਦਾ ਕਰਕੇ ਦੂਜੀ ਰੁਕਅਤ ਲਈ ਖੜ੍ਹੇ ਹੋ ਜਾਣ। ਦੂਜੀ ਰੁਕਅਤ ਵਿਚ ਪਹਿਲਾਂ ਇਮਾਮ ਸੂਰਹ ਫਾਤਿਹਾ ਅਤੇ ਕੋਈ ਹੋਰ ਸੂਰਤ ਪੜ੍ਹੇ ਫਿਰ ਸਾਰੇ 'ਅੱਲਾਹੂ ਅਕਬਰ' ਕਹਿੰਦੇ ਹੋਏ ਹੱਥ ਕੰਨਾਂ ਤੱਕ ਚੁੱਕਣ ਅਤੇ ਛੱਡ ਦੇਣ ਫਿਰ ਦੂਜੀ ਅਤੇ ਤੀਜੀ ਵਾਰ 'ਅੱਲਾਹੂ ਅਕਬਰ' ਕਹਿੰਦੇ ਹੋਏ ਹੱਥ ਚੁੱਕਣ ਅਤੇ ਛੱਡ ਦੇਣ। ਫਿਰ ਚੌਥੀ ਵਾਰ ਹੱਥ ਚੁੱਕੇ ਬਗੈਰ 'ਅੱਲਾਹੂ ਅਕਬਰ' ਕਹਿ ਕੇ ਰਕੂਅ ਵਿਚ ਜਾਣ ਅਤੇ ਇਸ ਢੰਗ ਦੁਆਰਾ ਦੋ ਰੁਕਅਤਾਂ ਪੂਰੀਆਂ ਕਰਨ।"[158] ਸੋ ਇਸ ਪ੍ਰਕਾਰ ਈਦ ਦੀ ਨਮਾਜ਼ ਪੂਰੀ ਕੀਤੀ ਜਾਂਦੀ ਹੈ।

---

[156] ਡਾ. ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ)*, ਪੰਨਾ 123-124.
[157] ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ128.
[158] ਮੌਲਾਨਾ ਮੌਲਵੀ ਅਲਹਸਨ ਇਹਤਸ਼ਾਮ, *ਅਰਕਾਨ-ਏ-ਇਸਲਾਮ*, ਪੰਨਾ 97.

#### 4.3.35 ਰਮਜ਼ਾਨ

ਰਮਜ਼ਾਨ ਮਹੀਨੇ ਦਾ ਇਸਲਾਮ ਵਿਚ ਬਹੁਤ ਸਤਿਕਾਰ ਹੈ ਕਿਉਂਕਿ ਇਸ ਮਹੀਨੇ ਦੇ 30 ਦਿਨਾਂ ਵਿਚ ਰੋਜ਼ੇ ਰੱਖੇ ਜਾਂਦੇ ਹਨ। ਇਹ ਮੁਹੰਮਦ ਸਾਹਿਬ ਦੁਆਰਾ ਮੁਸਲਮਾਨਾਂ ਤੇ ਫਰਜ਼ ਕੀਤੇ ਗਏ ਹਨ। ਇਹ ਹਿਜਰੀ ਸਾਲ ਦਾ ਨੌਵਾਂ ਮਹੀਨਾ ਹੈ ਅਤੇ ਇਸਲਾਮਿਕ ਪਰੰਪਰਾ ਵਿਚ ਮੰਨਿਆਂ ਜਾਂਦਾ ਹੈ ਕਿ ਇਸ ਮਹੀਨੇ ਦੀ ਸਤਾਈਵੀਂ ਰਾਤ ਨੂੰ ਕੁਰਾਨ ਉਤਾਰਿਆ ਗਿਆ, ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਵਿਚ ਰਮਜ਼ਾਨ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ,"ਹਿਜਰੀ ਸਾਲ ਦਾ ਨੌਵਾਂ ਮਹੀਨਾ ਇਸ ਮਹੀਨੇ ਵਿਚ ਵ੍ਰਤ ਰੱਖਣਾ ਇਸਲਾਮ ਦਾ  ਧਾਰਮਿਕ ਨਿਯਮ ਹੈ, ਮਿਸ਼ਕਾਤ ਵਿਚ ਲਿਖਿਆ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਦਾ ਬਚਨ ਹੈ ਕਿ 'ਰਮਜ਼ਾਨ ਵਿਚ ਸਵਰਗ ਦੇ ਦਰਵਾਜ਼ੇ ਖੁੱਲੇ, ਅਤੇ ਨਰਕ ਦੇ ਬੰਦ ਰਹਿੰਦੇ ਹਨ ਅਰ ਇਸ ਮਹੀਨੇ ਸ਼ੈਤਾਨ ਦੇ ਪੈਰਾਂ ਵਿਚ ਬੰਧਨ ਪਾਕੇ ਕੈਦ ਰੱਖਿਆ ਜਾਦਾ ਹੈ, ਰਮਜ਼ਾਨ ਵਿਚ ਰੋਜ਼ਾ ਰੱਖਣ ਵਾਲੇ ਦੇ ਪਾਪ ਬਖਸ਼ੇ ਜਾਂਦੇ ਹਨ।

ਕੁਰਾਨ ਦੀ ਸੂਰਤ ਬਕਰਹ ਦੀ 183 ਆਯਤ ਤੋਂ  187 ਤੀਕ ਰੋਜ਼ੇ ਦਾ ਖਾਸ ਹੁਕਮ ਹੈ ਇਸ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਜੋ ਰੋਗੀ ਹੋਵੇ ਜਾ ਸਫ਼ਰ ਕਰਦਾ ਹੋਵੇ, ਉਹ ਜਿਤਨੇ ਦਿਨ ਰਮਜ਼ਾਨ ਵਿਚ ਵਰਤ ਨਾ ਰੱਖ ਸਕਦਾ ਹੋਵੇ ਉਤਨੇ ਦਿਨ ਹੋਰ ਮਹੀਨੇ ਵਿਚ ਵਰਤ ਰੱਖਕੇ ਗਿਣਤੀ ਪੂਰੀ ਕਰ ਦੇਵੇ।

ਪਹੁ ਫੁੱਟਣ ਦੇ ਸਮੇਂ ਤੋਂ ਲੈ ਕੇ ਸੂਰਜ ਛਿਪਣ ਤੀਕ ਰਮਜ਼ਾਨ ਦੇ ਦਿਨਾਂ ਵਿਚ ਅੰਨ ਜਲ ਦਾ ਤਿਆਗ ਕੀਤਾ ਜਾਂਦਾ ਹੈ ਕਿ ਦਸਵੇਂ ਮਹੀਨੇ ਦਾ ਚੰਦ ਦੇਖ ਕੇ ਵ੍ਰਤ ਦੀ ਸਮਾਪਤੀ ਹੁੰਦੀ  ਹੈ। ਰਮਜ਼ਾਨ ਵਿਚ ਹਰ ਰੋਜ਼ ਦਾ ਨਮਾਜ਼ ਪਿੱਛੋਂ ਵੀਹ ਰਕਾਤਾਂ ਦਾ ਪੜ੍ਹਨਾ ਜਰੂਰੀ ਹੈ। ਜਿਨ੍ਹਾਂ ਦੀ ਸੰਗਯਾ ਤਰਾਵੀਹ ਹੈ। ਗਰਭਵਤੀ ਇਸਤ੍ਰੀ, ਬੱਚੇ ਨੂੰ ਚੁੰਘਾਉਣ ਵਾਲੀ ਅਰ ਛੋਟੀ ਉਮਰ ਦੇ ਬਾਲ ਨੂੰ ਇਸ ਵ੍ਰਤ ਤੋਂ ਮੁਆਫੀ ਹੈ, ਰਮਜ਼ਾਨ ਦੀ ਸਤਾਈਵੀਂ ਰਾਤ 'ਲੈਲਤੁਲ ਮੁਬਾਰਕ' ਅਥਵਾ 'ਲੈਲਤੁਲਕਦਰ' ਆਖੀ ਜਾਂਦੀ ਹੈ। ਇਸ ਰਾਤ ਨੂੰ ਕੁਰਾਨ ਉਤਾਰਿਆ ਗਿਆ ਸੀ, ਇਸ ਰਾਤ ਵਿਚ ਜਾਗ ਕੇ ਕੁਰਾਨ ਪੜ੍ਹਨਾ ਵਿਧਾਨ ਹੈ, ਕਈ ਆਖਦੇ ਹਨ ਕਿ ਇਹ ਰਾਤ ਰਮਜ਼ਾਨ ਵਿਚ ਤਾਂ ਜ਼ਰੂਰ ਆਉਂਦੀ ਹੈ ਪਰ ਪਤਾ ਨਹੀਂ ਕਿ ਰਾਤ ਕਿਹੜੀ ਹੈ ਕਿਉਂਕਿ ਕੁਰਾਨ ਵਿਚ ਖਾਸ ਗਿਣਤੀ ਦੀ ਰਾਤ ਨਹੀਂ ਦੱਸੀ।"[159] ਇਸਲਾਮ ਧਰਮ ਦੇ ਨਿਯਮ ਕਾਫੀ ਕਰੜੇ ਹਨ ।ਆਮ ਵਰਤ ਜਿਵੇਂ ਹਿੰਦੂ ਧਰਮ ਵਿਚ ਹੈ ਉਹ ਇਕ ਅੱਧਾ ਦਿਨ ਜਾਂ ਆਪਣੀ ਮਰਜ਼ੀ ਅਨੁਸਾਰ ਇਸਨੂੰ ਕਈ ਦਿਨਾਂ ਕਈ ਮਹੀਨੇ ਦਾ ਵੀ ਕੀਤਾ ਜਾ ਸਕਦਾ ਹੈ ਪਰ ਇਸਲਾਮ ਵਿਚ ਇਹ 30 ਵ੍ਰਤ ਹਨ।

#### 4.3.36 ਰੋਜ਼ਾ

ਰੋਜ਼ਾ ਜਿਸਨੂੰ ਅਸੀਂ ਪੰਜਾਬੀ ਜਾਂ ਹਿੰਦੀ ਵਿਚ ਵ੍ਰਤ ਕਹਿੰਦੇ ਹਾਂ। ਮੁਸਲਮਾਨਾਂ ਵਿਚ 30 ਰੋਜ਼ੇ ਲਗਾਤਾਰ ਚੱਲਦੇ ਹਨ ਜਿਸ ਵਿਚ ਸੂਰਜ ਚੜ੍ਹਨ ਤੋਂ ਪਹਿਲਾ ਅਤੇ ਸੂਰਜ ਡੁੱਬਣ ਤੋਂ ਬਾਅਦ ਕੁਝ ਖਾਣਾ ਹੈ। ਪ੍ਰੋ.ਗੁਰਚਰਨ ਸਿੰਘ ਤਲਵਾੜਾ ਰਚਿਤ ਸੂਫੀਮਤ ਸੰਕਲਪ ਕੋਸ਼ ਵਿਚ ਇੰਝ ਦਰਜ ਹੈ, "ਰੋਜ਼ਾ ਉਮਤ-ਏ-ਮੁਹੰਮਦੀਆ ਦੀ ਅਹਿਮ ਇਬਾਦਤ ਹੈ। ਦੀਨ ਦੇ ਜੋ ਪੰਜ ਅਰਕਾਨ ਹਨ, ਉਹਨਾਂ ਵਿਚੋਂ ਰੋਜ਼ਾ ਇਕ

[159] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 1023.

ਮਹੱਤਵਪੂਰਨ ਰੁਕਨ ਹੈ। ਰੋਜ਼ੇ ਰਮਜ਼ਾਨ ਦਾ ਪੂਰਾ ਮਹੀਨਾ ਰੱਖੇ ਜਾਂਦੇ ਹਨ। ਕੁਝ ਵਿਸ਼ੇਸ਼ ਹਾਲਤਾਂ, ਮਜਬੂਰੀਆਂ ਨੂੰ ਛੱਡ ਕੇ ਹਰ ਮੁਸਲਮਾਨ ਜੋ ਬਾਲਿਗ ਹੈ, ਚਾਹੇ ਉਹ ਮਰਦ ਹੈ, ਚਾਹੇ ਔਰਤ, ਉਸ ਉੱਤੇ ਰੋਜ਼ੇ ਫਰਜ਼ ਹਨ ਕਿਉਂਕਿ ਇਹ ਫਰਜ਼ ਇਬਾਦਤ ਹੈ। ਜਿਸਨੇ ਰੋਜ਼ਾ ਰੱਖਿਆ ਹੋਵੇ, ਉਸਨੂੰ ਰੋਜ਼ਾਦਾਰ ਕਹਿੰਦੇ ਹਨ।ਰਮਜ਼ਾਨ ਮਹੀਨੇ ਦੇ ਫਰਜ਼ ਰੋਜ਼ਿਆ ਤੋਂ ਇਲਾਵਾ ਨਫਲੀ ਰੋਜ਼ੇ ਵੀ ਰੱਖੇ ਜਾ ਸਕਦੇ ਹਨ। ਰਮਜ਼ਾਨ ਦੇ ਪੂਰੇ ਮਹੀਨੇ ਦੇ ਰੋਜ਼ੇ ਇਲਾਹੀ ਹੁਕਮ ਮੁਤਾਬਿਕ ਹਿਜਰਤ ਦੇ ਦੂਜੇ ਸਾਲ ਸੰਨ 624 ਈਸਵੀ ਨੂੰ ਲਾਜ਼ਮੀ ਕਰਾਰ ਦਿੱਤੇ ਗਏ। ਇਸ ਤੋਂ ਪਹਿਲਾ ਪੈਗੰਬਰ ਇਸਲਾਮ ਆਪਣੇ ਪੈਰੋਕਾਰਾਂ ਨੂੰ ਮੁਹੱਰਮ ਮਹੀਨੇ ਦੀ ਦਸ ਤਰੀਕ ਦਾ ਰੋਜ਼ਾ ਰੱਖਣ ਲਈ ਕਿਹਾ ਕਰਦੇ ਸਨ। ਸੰਨ 624 ਈ. ਵਿਚ ਫਰਵਰੀ ਮਾਰਚ ਦੇ ਮਹੀਨੇ ਵਿਚ ਰਮਜ਼ਾਨ ਦੇ ਰੋਜ਼ੇ ਰੱਖੇ ਗਏ ਅਤੇ ਮਾਰਚ 624 ਈ. ਵਿਚ ਪਹਿਲੀ ਈਦ-ਉਲ-ਫਿਤਰ ਮਨਾਈ ਗਈ। ਰੋਜ਼ੇ ਦੌਰਾਨ ਸਵੇਰ ਦੇ ਇਕ ਨਿਸ਼ਚਿਤ ਸਮੇਂ ਤੋਂ ਸ਼ਾਮ ਦੇ ਨਿਸ਼ਚਿਤ ਸਮੇਂ ਤੱਕ ਨਾ ਕੁਝ ਖਾਧਾ  ਜਾਂਦਾ ਹੈ ਨਾ ਪੀਤਾ ਜਾਂਦਾ ਹੈ। ਸੂਰਜ ਚੜ੍ਹਨ ਤੋਂ ਪਹਿਲਾ ਸੁਬਹ ਸਾਦਿਕ ਵੇਲੇ ਨਿਸ਼ਚਿਤ ਸਮੇਂ ਤੋਂ ਪਹਿਲਾ ਜੋ ਭੋਜਨ ਖਾ ਕੇ ਰੋਜ਼ਾ ਰੱਖਿਆ ਜਾਂਦਾ ਹੈ ਕਿ ਉਸਨੂੰ ਸਹਰੀ ਕਿਹਾ ਜਾਂਦਾ ਹੈ। ਸ਼ਾਮ ਨੂੰ ਜਿਸ ਖਾਧ ਪਦਾਰਥ ਨਾਲ ਰੋਜ਼ਾ ਖੋਲ੍ਹਿਆ ਜਾਂਦਾ ਹੈ, ਉਸਨੂੰ 'ਇਫਤਾਰੀ' ਕਿਹਾ ਜਾਂਦਾ ਹੈ ਰੋਜ਼ਾ ਖੋਲ੍ਹਣ ਨੂੰ ਰੋਜ਼ਾ ਇਫਤਾਰ ਕਰਨਾ ਕਿਹਾ ਜਾਂਦਾ ਹੈ। ਇਫਤਾਰ ਕਰਨ ਤੋਂ ਪਹਿਲਾਂ ਦੁਆਵਾਂ ਕੀਤੀਆਂ ਜਾਂਦੀਆ ਹਨ। ਇਸਲਾਮੀ ਸ਼ਰੀਅਤ ਦੀ ਮਾਨਤਾ ਹੈ ਕਿ ਇਸ ਸਮੇਂ ਕੀਤੀਆਂ ਦੁਆਵਾਂ ਅੱਲਾਹ ਕਬੂਲ ਕਰਦਾ ਹੈ। ਰੋਜ਼ੇ ਦੌਰਾਨ, ਰੋਜ਼ਾਕਾਰ ਨੇ ਜ਼ਿਕਰ ਅਨੁਸਾਰ ਕੁਰਾਨ ਮਜੀਦ ਦੀ ਤਿਲਾਵਤ ਆਦਿ ਇਬਾਦਤ ਕਰਨੀ ਹੁੰਦੀ ਹੈ, ਵਕਤ ਸਿਰ ਨਮਾਜ਼ ਅਦਾ ਕਰਨੀ ਹੁੰਦੀ ਹੈ। ਗੀਬਤ ਭਾਵ ਨਿੰਦਿਆ-ਚੁਗਲੀ ਅਤੇ ਲੜਾਈ-ਝਗੜੇ ਤੋਂ ਬਚਣਾ ਹੁੰਦਾ ਹੈ ਨਹੀਂ ਤਾਂ ਰੋਜ਼ਾ ਫੁਟ (ਖਰਾਬ) ਜਾਂਦਾ ਹੈ। ਹਦੀਸ ਸ਼ਰੀਫ ਵਿਚ ਜ਼ਿਕਰ ਹੈ ਕਿ ਰੋਜ਼ਾਕਾਰ ਦੇ ਮੂੰਹ ਦੀ ਬੂ ਅੱਲਾਹ ਦੇ ਨਜ਼ਦੀਕ ਕਸਤੂਰੀ ਦੀ ਖੁਸ਼ਬੂ ਤੋਂ ਵੀ ਜ਼ਿਆਦਾ ਮਹਿਬੂਬ ਹੈ। ਰੋਜ਼ਿਆਂ ਦਾ ਜ਼ਿਕਰ ਕੁਰਾਨ ਸ਼ਰੀਫ ਅਤੇ ਹਦੀਸ ਸ਼ਰੀਫ ਵਿਚ ਅਕਸਰ ਆਇਆ ਹੈ। ਕੁਰਆਨ ਮਜੀਦ ਦੀ ਸੂਰਹਾ-ਅਲ-ਬਕਰ ਦੀ ਆਇਤ ਨੰਬਰ 183 ਵਿਚ ਰਵਾਇਤ ਹੈ 'ਹੇ ਈਮਾਨ ਵਾਲਿਉ! ਤੁਹਾਡੇ ਉੱਤੇ ਰੋਜ਼ੇ ਫਰਜ਼ ਕਰ ਦਿੱਤ ਗਏ, ਜਿਵੇਂ ਤੁਹਾਡੇ ਤੋਂ ਪਹਿਲਾਂ ਨਬੀਆਂ ਦੇ ਪੈਰੋਕਾਰਾਂ ਤੇ ਫਰਜ਼ ਕੀਤੇ ਗਏ ਸਨ। ਹਦੀਸ ਸ਼ਰੀਫ ਵਿਚ ਰੋਜ਼ੇ ਨੂੰ ਜਿਸਮ ਦੀਆਂ ਬੁਰਾਈਆਂ ਨੂੰ ਪਾਕ ਕਰਨ ਵਾਲੀ ਇਬਾਦਤ ਕਿਹਾ ਹੈ। ਜਿਸਨੇ ਰਮਜ਼ਾਨ ਮਹੀਨੇ ਰੋਜ਼ੇ ਰੱਖੇ, ਅੱਲਾਹ ਉਸ ਦੇ ਗੁਨਾਹਾਂ ਨੂੰ ਮਾਫ ਕਰ ਦੇਵੇਗਾ ਐਸਾ ਜ਼ਿਕਰ ਵੀ ਹਦੀਸ ਸ਼ਰੀਫ ਵਿਚ ਆਇਆ ਹੈ।"[160] ਰੋਜ਼ਿਆਂ ਵਿਚ ਕਾਰਨ ਦੀ ਤਿਲਾਵਤ ਕਰਨੀ ਹੈ ਕਿਸੇ ਦੀ ਚੁਗਲੀ ਨਿੰਦਿਅਆਂ ਜਾਂ ਚੋਰੀ,ਯਾਰੀ ਨਹੀਂ ਕਰਨੀ। ਇਸ ਸਮੇਂ ਕੀਤੀਆਂ ਦੁਆਵਾਂ ਜਲਦ ਪ੍ਰਵਾਨ ਹੁੰਦੀਆਂ ਹਨ। ਕੁਰਾਨ ਅਤੇ ਹਦੀਸਾਂ ਵਿਚ ਇਸਦਾ ਜ਼ਿਕਰ ਮਿਲਦਾ ਹੈ। ਇਹ ਇਸਲਾਮ ਦਾ ਤੀਜਾ ਥੰਮ੍ਹ ਹੈ। ਇਹ ਮੁਹੰਮਦ ਸਾਹਿਬ ਵੇਲੇ ਤੋਂ ਹੀ ਸ਼ੁਰੂ ਹੋ ਗਏ ਸਨ।

[160] ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼*, ਪੰਨਾ 492.

### 4.3.37 ਜੁਮੇ ਦੀ ਨਮਾਜ਼

ਇਹਨਾਂ ਨਮਾਜ਼ਾਂ ਤੋਂ ਇਲਾਵਾਂ ਇਸਲਾਮ ਵਿਚ ਜੁਮੇ ਦੀ ਨਮਾਜ਼ ਦਾ ਜ਼ਿਕਰ ਬੜੀ ਵਿਸ਼ੇਸ਼ਤਾ ਨਾਲ ਆਉਂਦਾ ਹੈ। ਜੁਮਾਂ ਸ਼ੁਕਰਵਾਰ ਨੂੰ ਕਹਿੰਦੇ ਹਨ, ਇਹ ਦਿਨ ਮੁਸਲਮਾਨਾਂ ਵਿਚ ਪਵਿਤਰ ਮੰਨਿਆ ਜਾਂਦਾ ਹੈ ਕਿ। ਜ਼ੁਹਰ ਦੀ ਨਮਾਜ਼ ਮਸਜਿਦ ਵਿਚ ਜਾ ਕੇ ਪੜ੍ਹਨੀ ਹੁੰਦੀ ਹੈ। ਮੰਨਿਆ ਜਾਦਾ ਹੈ ਅੱਲਾਹ ਨੇ ਆਦਮ ਨੂੰ ਇਸ ਦਿਨ ਪੈਦਾ ਕੀਤਾ ਸੀ ਅਤੇ ਇਸੇ ਦਿਨ ਕਿਆਮਤ ਆਵੇਗੀ। ਇਸ ਦਿਨ ਮੌਲਵੀ ਖੁਤਬਾ ਵੀ ਪੜ੍ਹਦਾ ਹੈ। ਜਿਸ ਵਿਚ ਇਸਲਾਮ ਦੇ ਚੱਲ ਰਹੇ ਹਾਲਾਤ ਦਾ ਵਰਨਣ ਹੁੰਦਾ ਹੈ। ਡਾ. ਅਨਵਰ ਚਿਰਾਗ ਨੇ ਨਰੂ-ਏ-ਹਦੀਸ ਵਿਚ ਇਸਦਾ ਜ਼ਿਕਰ ਇੰਝ ਕਰਦੇ ਹਨ, "ਹਜ਼ਰਤ ਅਬੂ ਅਬਦੁੱਲਾ ਸਲਮਾਨ ਫਾਰਸੀ (ਰਜ਼ੀ.) ਰਿਵਾਇਤ ਕਰਦੇ ਹਨ ਕਿ ਹਜ਼ੂਰ (ਸ.) ਨੇ ਫਰਮਾਇਆ ਜੋ ਵਿਅਕਤੀ ਜੁਮੇ ਦੇ ਦਿਨ ਗੁਸਲ (ਇਸ਼ਨਾਨ) ਕਰੇ, ਨਿਯਮ ਪੂਰਵਕ ਪਵਿੱਤਰਤਾ ਹਾਸਿਲ ਕਰੇ, ਤੇਲ ਲਗਾਵੇ ਅਤੇ ਜੇਕਰ ਘਰ ਵਿਚ ਖੁਸ਼ਬੂ ਹੋਵੇ ਤਾਂ ਉਹ ਵੀ ਲਗਾਵੇ, ਫਿਰ ਉਹ ਨਿੱਕਲੇ (ਜੁਮੇ ਦੀ ਨਮਾਜ਼ ਦੇ ਲਈ) ਅਤੇ ਮਸਜਿਦ ਵਿਚ ਪਹੁੰਚ ਕੇ ਪਹਿਲਾ ਬੈਠੇ ਦੋ ਆਦਮੀਆਂ ਨੂੰ ਅਲੱਗ ਅਲੱਗ ਕਰਕੇ ਖੁਦ ਉੱਥੇ ਨਾ ਬੈਠੇ (ਭਾਵ ਜਿੱਥੇ ਥਾਂ ਮਿਲੇ ਉੱਥੇ ਬੈਠੇ) ਫਿਰ ਉਹ ਨਮਾਜ਼ ਅਦਾ ਕਰੇ ਜੋ ਉਸ ਤੇ ਫਰਜ਼ ਕੀਤੀ ਗਈ ਹੈ ਅਤੇ ਜਦੋਂ ਇਮਾਮ ਖੁਤਬਾ ਪੜ੍ਹੇ ਖਾਮੋਸ਼ ਰਹੇ ਤਾਂ ਉਸ ਵਿਅਕਤੀ ਦੇ ਇਸ ਜੁਮੇਂ ਅਤੇ ਦੂਸਰੇ ਜੁਮੇਂ ਦੇ ਵਿਚਕਾਰ ਦੇ ਸਭ ਗੁਨਾਹ ਬਖਸ਼ ਦਿੱਤੇ ਜਾਣਗੇ। (ਬੁਖਾਰੀ)।"[161] ਹਦੀਸਾਂ ਵਿਚ ਜੁਮੇ ਦੀ ਨਮਾਜ਼ ਦੇ ਅਨੇਕਾਂ ਸਵਾਬ ਦਰਜ ਹਨ। ਇਹ ਹਰ ਮੁਸਲਮਾਨ ਲਈ ਜ਼ਰੂਰੀ ਫਰਜ਼ ਹੈ।

ਇਸ ਨਮਾਜ਼ ਦਾ ਮਹੱਤਤਾ ਇਸਲਾਮ ਵਿਚ ਜ਼ਿਆਦਾ ਮੰਨੀ ਜਾਂਦੀ ਹੈ। ਇਸੇ ਨਮਾਜ਼ ਨੂੰ ਪੜ੍ਹਨ ਲਈ ਮੁਸਲਮਾਨ ਬਾਦਸ਼ਾਹ ਜਾਮਾ ਮਸਜਿਦ ਬਣਾਉਂਦੇ ਸਨ। ਜਿਥੇ ਸ਼ੁਕਰਵਾਰ ਨੂੰ ਵੱਡੀ ਗਿਣਤੀ ਵਿਚ ਮੁਸਲਮਾਨ ਨਮਾਜ਼ ਅਦਾ ਕਰ ਸਕਣ। ਪ੍ਰੋ. ਗੁਰਚਰਨ ਸਿੰਘ ਤਲਵਾੜਾ ਰਚਿਤ ਸਫੀਮਤ ਸੰਕਲਪ ਕੋਸ਼ ਅਨੁਸਾਰ,"ਇਸਲਾਮ ਸ਼ਰੀਅਤ ਅਤੇ ਸੂਫੀ ਵਿਚਾਰਧਾਰਾ ਵਿਚ ਜੁਮੇ ਦੀ ਨਮਾਜ਼ ਦੇ ਬੇਹੱਦ ਅਹਿਮੀਅਤ ਮੰਨੀ ਜਾਂਦੀ ਹੈ, ਸ਼ਾਇਦ ਸਭ ਨਮਾਜ਼ਾਂ ਵਿਚੋਂ ਜੁਮੇ ਦੀ ਨਮਾਜ਼ ਦੀ ਫਜ਼ੀਲਤ ਸਭ ਤੋਂ ਜ਼ਿਆਦਾ ਹੈ। ਭਾਰਤੀ ਪੰਜਾਬ ਵਿਚ ਜੁਮੇ ਦੀ ਨਮਾਜ਼ ਨੂੰ ਜੁਮਾ ਪੜ੍ਹਨਾ ਵੀ ਕਿਹਾ ਜਾਂਦਾ ਹੈ। ਜੁਮਾ ਦਿਨ ਸ਼ੁਕਰਵਾਰ ਨੂੰ ਕਿਹਾ ਜਾਂਦਾ ਹੈ। ਇਸ ਦਿਨ ਦੇ ਅਹਿਮੀਅਤ ਇਸ ਕਰਕੇ ਹੈ ਕਿਉਂਕਿ ਹਜ਼ਰਤ ਆਦਮ ਨੂੰ ਇਸ ਦਿਨ ਪੈਦਾ ਕੀਤਾ ਗਿਆ ਇਸੇ ਦਿਨ ਉਸਨੂੰ ਜੰਨਤ ਵਿਚ ਦਾਖਲ ਕੀਤਾ ਗਿਆ, ਇਸੇ ਦਿਨ ਕਿਆਮਤ ਆਵੇਗੀ। ਸ਼ੁਕਰਵਾਰ ਦੇ ਦਿਨ ਜ਼ੁਹਰ ਦੀ ਨਮਾਜ਼ ਨੂੰ ਨਮਾਜ਼ੇ ਜੁਮਾਂ ਕਿਹਾ ਜਾਂਦਾ ਹੈ। ਇਸ ਨਿਮਾਜ਼ ਤੋਂ ਪਹਿਲਾ ਮੌਲਵੀ ਖੁਤਬਾ ਦਿੰਦਾ ਹੈ। ਜੁਮੇ ਦੀ ਨਮਾਜ਼ ਜਮਾਤ ਨਾਲ ਹੀ ਪੜ੍ਹੀ ਜਾਂਦੀ ਹੈ।"[162] ਇਹ ਨਮਾਜ਼ ਇਕੱਲਿਆਂ ਨਹੀਂ ਪੜ੍ਹੀ ਜਾ ਸਕਦੀ। ਘੱਟੋ ਘੱਟ ਤਿੰਨ ਜਣਿਆਂ ਦਾ ਹੋਣਾ ਜ਼ਰੂਰੀ ਹੈ। ਪਹਿਲੀ ਗੱਲ ਤਾਂ ਜਮਾਤ ਨਾਲ ਪੜ੍ਹੋ।

---

[161] ਅਨੁ.ਤੇ ਸੰਪਾ.ਡਾ. ਅਨਵਰ ਚਿਰਾਗ, *ਨੂਰ-ਏ-ਹਦੀਸ*, ਪੰਨਾ 141.

[162] ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼*, ਪੰਨਾ 355.

ਨਾਜ਼ਿਰ ਦਾਅਵਤੋ ਤਬਲੀਗ, ਕਾਦੀਆ ਅਨੁਸਾਰ,"ਇਹ ਨਿਮਾਜ਼ ਘੱਟੋ ਘੱਟ ਤਿੰਨ ਜਣੇ ਮਿਲਕੇ ਪੜ੍ਹਦੇ ਹਨ ਜੇ ਕਿਤੇ ਤਿੰਨ ਮੁਸਲਮਾਨ ਇਕੱਤਰ ਨਾ ਹੋ ਸਕਦੇ ਹੋਣ, ਤਾਂ ਫੇਰ ਕਿਸੇ ਲਾਗਲੇ ਪਿੰਡ ਜਾਂ ਸ਼ਹਿਰ ਵਿਚ ਜਾ ਕੇ ਦੂਜੇ ਮੁਸਲਮਾਨਾਂ ਨਾਲ ਰਲ ਕੇ ਪੜ੍ਹੀ ਜਾ ਸਕਦੀ ਹੈ ਤੇ ਜੇ ਲਾਗੇ ਚਾਗੇ ਕੋਈ ਹੋਰ ਮੁਸਲਮਾਨ ਨਾ ਹੋਵੇ ਤਾਂ ਫਿਰ ਇਸ ਦੀ ਥਾਂ ਪੇਸ਼ੀ ਦੀ ਨਿਮਾਜ਼ ਪੜ੍ਹਨੀ ਹੀ ਪ੍ਰਵਾਨ ਹੈ।

ਇਸ ਨਿਮਾਜ਼ ਤੋਂ ਪਹਿਲਾਂ ਇਮਾਮ ਸਾਹਿਬ ਕੁਝ ਉਪਦੇਸ਼ ਦਿੰਦੇ ਹਨ ਜਿਸਨੂੰ 'ਖੁਤਬਾ ਜੁਮਾ' ਕਿਹਾ ਜਾਂਦਾ ਹੈ । ਇਸ ਖੁਤਬੇ ਵਿਚ ਇਮਾਮ ਸਾਹਿਬ ਸਮੇਂ ਦੀ ਲੋੜ ਅਨੁਸਾਰ ਜ਼ਰੂਰੀ ਗੱਲਾਂ ਤੇ ਚਾਨਣਾ ਪਾਉਂਦੇ ਹਨ ਤੇ ਅਗਵਾਈ ਦਿੰਦੇ ਹਨ। ਇਸ ਖੁਤਬੇ ਦੇ ਆਰੰਭ ਵਿਚ ਇਹ ਪੜ੍ਹਿਆ ਜਾਂਦਾ ਹੈ।

ਮੈਂ ਇਹ ਗਵਾਹੀ ਦਿੰਦਾ ਹਾਂ ਕਿ ਅੱਲਾਹ ਤੋਂ ਬਿਨਾਂ ਹੋਰ ਕੋਈ ਇਸ਼ਟ ਨਹੀਂ ਉਹ ਇਕੋ ਇਕ ਹੈ, ਉਸਦਾ ਕੋਈ ਵੀ ਸਰੀਕ ਨਹੀਂ ਤੇ ਮੈਂ ਇਹ ਗਵਾਹੀ ਵੀ ਦਿੰਦਾ ਹਾਂ ਕਿ ਹਜ਼ਰਤ ਮੁਹੰਮਦ ਸਾਹਿਬ ਉਸਦੇ ਸਾਜੇ ਨਿਵਾਜੇ ਰਸੂਲ ਹਨ ਇਸ ਮਗਰੋਂ ਮੈਂ ਧਿਕਾਰੇ ਹੋਏ ਸ਼ੈਤਾਨ ਦੇ ਟਾਕਰੇ ਲਈ ਅੱਲਾਹ ਤੋਂ ਹੀ ਪਨਾਹ ਮੰਗਦਾ ਹਾਂ ਅਤੇ ਦਿਆਲੂ ਕਿਰਪਾਲੂ ਅੱਲਾਹ ਦਾ ਨਾਂ ਲੈ ਕੇ ਆਰੰਭ ਕਰਦਾ ਹਾਂ।ਇਸਦੇ ਮਗਰੋਂ ਆਮ ਤੌਰ ਤੇ ਸੂਰਤ-ਫਾਤਿਹਾ ਪੜ੍ਹੀ ਜਾਂਦੀ ਹੈ ਤੇ ਫੇਰ ਸਮੇਂ ਦੀ ਲੋੜ ਅਨੁਸਾਰ ਕੁਰਾਨ ਸ਼ਰੀਫ ਦੀਆਂ ਕੁਝ ਆਇਤਾਂ ਪੜ੍ਹਕੇ ਉਹਨਾਂ ਦੀ ਵਿਆਖਿਆ ਕੀਤੀ ਜਾਂਦੀ ਹੈ।

### 4.3.38 ਦੂਜੇ ਖੁਤਬੇ ਦੀ ਵਿਆਖਿਆ

ਅੱਲਾਹ ਦੇ ਭਗਤ ਜਨੋ। ਤੁਹਾਡੇ ਉਤੋਂ ਅੱਲਾਹ ਦੀ ਮਿਹਰ ਹੋਵੇ। ਬੇਸ਼ੱਕ ਅੱਲਾਹ ਇਨਸਾਫ ਅਤੇ ਭਲਾਈ ਕਰਨ ਦਾ ਹੀ ਹੁਕਮ ਦਿੰਦਾ ਹੈ ਤੇ ਸਾਕਾਂ ਸੰਬੰਧੀਆਂ ਨਾਲ ਚੰਗਾ ਵਰਤਾਉ ਕਰਨ ਦੀ ਆਗਿਆ ਦਿੰਦਾ ਹੈ। ਅਰਥਾਤ ਕੁਕਰਮੀਆਂ ਤੇ ਅਯੋਗ ਗੱਲਾਂ ਅਤੇ ਬਗਾਵਤ ਕਰਨ ਤੋਂ ਰੋਕਦਾ ਹੈ। ਤਹਾਨੂੰ ਇਹ ਉਪਦੇਸ਼ ਕਰਦਾ ਹੈ, ਜੋ ਤੁਸੀਂ ਆਪਣਾ ਆਪ ਸੁਧਾਰ ਸਕੋ। ਤੁਸੀਂ ਅੱਲਾਹ ਨੂੰ ਯਾਦ ਕਰਦੇ ਰਹੋ, ਉਹ ਤੁਹਾਨੂੰ ਯਾਦ ਕਰਦਾ ਰਹੇਗਾ ਤੇ ਉਸ ਅੱਗੇ ਅਰਦਾਸਾਂ ਕਰੋ, ਉਹ ਤੁਹਾਡੀਆਂ ਅਰਦਾਸਾਂ ਪਰਵਾਨ ਕਰੇਗਾ, ਅਰਥਾਤ ਅੱਲਾਹ ਨੂੰ ਯਾਦ ਕਰਦੇ ਰਹਿਣਾ ਹੀ ਵੱਡਾ ਸ਼ੁਭ ਕਰਮ ਹੈ।"[163] ਇਹ ਨਮਾਜ਼ਾਂ ਅੱਲਾਹ ਅੱਗੇ ਆਪਣੀ ਵਿਥਿਆ ਰੱਖਣ ਦਾ ਮੌਕਾ ਹਨ। ਸੋ ਜੁਮੇਂ ਦੀ ਨਮਾਜ਼ ਹਫਤੇ ਵਿਚ ਘੱਟੋ ਘੱਟ ਇੱਕ ਵਾਰ ਮੁਸਲਮਾਨ ਤੇ ਮਸਜਿਦ ਵਿਚ ਜਾ ਕੇ ਅਦਾ ਕਰਨ ਦਾ ਫਰਜ਼ ਹੈ।

### 4.3.39 ਇਮਾਮ

ਇਮਾਮ ਜਿਸਨੂੰ ਸਰਲ ਭਾਸ਼ਾ ਵਿਚ ਅਸੀਂ ਆਗੂ ਜਾ ਮੁਖੀ ਕਹਿ ਸਕਦੇ ਹਾਂ ਇਮਾਮ ਮਸਜਿਦਾਂ ਵਿਚ ਵੀ ਹੁੰਦੇ ਹਨ ਅਤੇ ਇਸਲਾਮ ਧਰਮ ਅਨੁਸਾਰ ਕੁਝ ਸ਼ਾਹੀ ਇਮਾਮ ਵੀ ਹੁੰਦੇ ਹਨ ਜੋ ਧਰਮ ਦੀ ਅਗਵਾਈ ਵੀ ਕਰਦੇ ਹਨ। ਇਹ ਅੱਗੇ ਨਮਾਜ਼ ਪੜ੍ਹਦਾ ਹੈ ਬਾਕੀ ਮੁਸਲਮਾਨ ਪਿੱਛੇ। ਪ੍ਰੋ.ਗੁਰਚਰਨ ਸਿੰਘ ਤਲਵਾੜਾ ਰਚਿਤ ਸੂਫੀਮਤ ਸੰਕਲਪ ਕੋਸ਼ ਅਨੁਸਾਰ, "ਇਮਾਮ ਦਾ ਕੋਸ਼ਗਤ ਅਰਥ ਹੈ ਆਗੂ, ਹਾਦੀ, ਪੇਸ਼ਵਾ, ਮੁਖੀ ਆਦਿ। ਜਦੋਂ ਨਮਾਜ਼ ਪੜ੍ਹੀ ਜਾਂਦੀ ਹੈ ਤਾਂ ਇਮਾਮ ਅੱਗੇ ਖਲੋਦਾ ਹੈ, ਬਾਕੀ ਸਭ ਉਸਦੇ ਪਿਛੇ ਨਮਾਜ਼ ਪੜ੍ਹਦੇ ਹਨ। ਇਸਲਾਮੀ ਸ਼ਰੀਅਤ ਦਾ ਐਸੀ ਮਾਨਤਾ ਹੈ ਕਿ ਅਗਰ ਦੋ ਜਾਂ ਤਿੰਨ ਵਿਅਕਤੀ

[163] ਨਾਜ਼ਿਰ ਦਾਅਵਤੋ ਤਬਲੀਗ, *ਨਿਮਾਜ਼*, ਪੰਨਾ 33,34,35, 36.

ਵੀ ਨਮਾਜ਼ ਪੜ੍ਹਨ ਵਾਲੇ ਹੋਣ ਤਾਂ ਉਹਨਾਂ ਵਿੱਚੋਂ ਇਕ ਨੂੰ ਇਮਾਮ ਮੰਨ ਲਿਆ ਜਾਵੇ ਜੋ ਦੀਨ ਅਤੇ ਸ਼ਰੀਅਤ ਬਾਰੇ ਜ਼ਿਆਦਾ ਜਾਣਕਾਰੀ ਰੱਖਦਾ ਹੋਵੇ, ਇਮਾਮ ਇਕ ਸਤਿਕਾਰਤ ਲਕਬ ਹੈ ਜੋ ਦੀਨ ਨੂੰ ਸਮਝਣ ਵਾਲੇ ਮਹਾਨ ਵਿਅਕਤੀ ਨੂੰ ਹਾਸਲ ਹੁੰਦਾ ਹੈ। ਇਸਲਾਮ ਅਤੇ ਸੂਫੀਮਤ ਵਿਚ ਵਿਸ਼ਵ ਪ੍ਰਸਿੱਧ ਇਮਾਮ ਹੋਏ ਹਨ। ਇਮਾਮ ਬਾਰੇ ਜ਼ਿਕਰ ਕੁਰਾਨ ਮਜੀਦ ਵਿਚ ਵੀ ਆਇਆ ਹੈ। ਸੂਰਹਾ-ਅਲ-ਬਕਰ ਦੀ ਆਇਤ ਨੰ: 124 ਵਿਚ ਹਜ਼ਰਤ ਇਬਰਾਹੀਮ ਨੂੰ ਇਮਾਮ ਬਨਾਉਣ ਦਾ ਜ਼ਿਕਰ ਆਇਆ ਹੈ। ਇਸੇ ਤਰ੍ਹਾਂ ਕੁਰਾਨ ਮਜੀਦ ਦੀ ਸੂਰਹਾ ਬਨੀ ਅਸਰਾਈਲ ਦੀ ਆਇਤ ਨੰ: 71 ਵਿਚ ਵੀ ਇਮਾਮ, ਪੇਸ਼ਵਾ ਦਾ ਜ਼ਿਕਰ ਆਇਆ ਹੈ।"[164] ਇਮਾਮ ਉਹ ਜੋ ਇਸਲਾਮ ਦੀ ਸਾਰੀ ਜਾਣਕਾਰੀ ਰੱਖਦਾ ਹੈ। ਮੌਕੇ ਤੇ ਜਿਸਨੂ ਇਸਲਾਮ ਦੀ ਜ਼ਿਆਦਾ ਜਾਣਕਾਰੀ ਹੈ ਉਹ ਇਮਾਮ ਬਣ ਸਕਦਾ ਹੈ ਇਸਲਾਮ ਵਿਚ ਪ੍ਰਸਿੱਧ ਇਮਾਮ ਹੋ ਚੁੱਕੇ ਹਨ। ਇਮਾਮ ਦਾ ਜ਼ਿਕਰ ਕੁਰਾਨ ਅਤੇ ਹਦੀਸ ਵਿਚ ਵੀ ਆਇਆ ਹੈ।

**4.3.40 ਖੁਤਬਾ**

ਇਮਾਮ ਦੁਆਰਾ ਦਿੱਤਾ ਧਾਰਮਿਕ ਭਾਸ਼ਣ ਜਿਸ ਵਿਚ ਇਸਲਾਮ ਨਾਲ ਸੰਬੰਧਿਤ ਮਸਲਿਆਂ ਬਾਰੇ ਵਿਚਾਰ ਚਰਚਾ ਕੀਤੀ ਜਾਂਦੀ ਹੈ। ਜਿਸ ਨਾਲ ਮੁਸਲਮਾਨਾਂ ਦੀ ਅਗਵਾਈ ਹੁੰਦੀ ਹੈ। ਈਦ ਤੇ ਇਮਾਮ ਖੁਤਬਾ ਪੜ੍ਹਦਾ ਹੈ। ਇਹ ਮੁਹੰਮਦ ਸਾਹਿਬ ਦੇ ਵੇਲੇ ਤੋਂ ਹੀ ਸ਼ੁਰੂ ਹੋ ਗਿਆ ਸੀ। ਰਵਾਇਤਾਂ ਮੁਤਾਬਿਕ ਮੁਹੰਮਦ ਸਾਹਿਬ ਵੀ ਖੁਤਬਾ ਪੜ੍ਹਦੇ ਸਨ, "ਖੁਤਬਾ ਆਮ ਭਾਸ਼ਾ ਵਿਚ ਇਮਾਮ ਦੁਆਰਾ ਦਿੱਤੇ ਧਾਰਮਿਕ ਭਾਸ਼ਣ ਨੂੰ ਕਹਿ ਦਿੱਤਾ ਜਾਂਦਾ ਹੈ। ਇਸਲਾਮੀ ਸ਼ਰੀਅਤ ਅਨੁਸਾਰ ਜੁਮੇ ਦੀ ਨਮਾਜ਼ ਤੋਂ ਪਹਿਲਾ ਅਤੇ ਈਦ ਦੀ ਨਮਾਜ਼ ਤੋਂ ਬਾਅਦ ਜੋ ਉਪਦੇਸ਼, ਵਿਖਿਆਨ, ਇਮਾਮ ਜਾਂ ਖਤੀਬ ਦੁਆਰਾ ਇਕੱਤਰ ਲੋਕਾਂ ਨੂੰ ਦਿੱਤਾ ਜਾਂਦਾ ਹੈ। ਉਸਨੂੰ ਖੁਤਬਾ ਕਹਿੰਦੇ ਹਨ। ਇਹ ਇਕ ਤਰ੍ਹਾਂ ਨਾਲ ਧਾਰਮਿਕ ਵਿਖਿਆਨ ਹੁੰਦਾ ਹੈ, ਜਿਸਦਾ ਸਬੰਧ ਦੀਨ ਅਤੇ ਸ਼ਰੀਅਤ ਨਾਲ ਸੰਬੰਧਿਤ ਮਸਲਿਆਂ ਨਾਲ ਹੁੰਦਾ ਹੈ। ਖੁਤਬਾ ਉਮੱਤ ਦੀ ਰਹਿਨਮੁਈ ਅਤੇ ਅਗਵਾਈ ਲਈ ਪੜ੍ਹਿਆ ਜਾਂਦਾ ਹੈ। ਜੁਮੇ ਜਾਂ ਸ਼ੁਕਰਵਾਰ ਨੂੰ ਆਮ ਕਰਕੇ ਜ਼ੁਹਰ ਦੀ ਨਮਾਜ਼ ਨੂੰ ਜੁਮਾ ਪੜ੍ਹਨ ਕਿਹਾ ਜਾਂਦਾ ਹੈ। ਇਸ ਨਿਮਾਜ਼ ਤੋਂ ਪਹਿਲਾ ਇਮਾਮ ਖੁਤਬਾ ਪੜ੍ਹਦਾ ਹੈ। ਈਦ-ਉਲ-ਫਿਤਰ ਅਤੇ ਈਦ-ਉਲ-ਅਜਰਾ ਦੀ ਨਮਾਜ਼ ਤੋਂ ਬਾਅਦ ਇਮਾਮ ਉਪਦੇਸ਼ ਕਰਦਾ ਹੈ। ਇਹ ਉਪਦੇਸ਼ ਵਿਖਿਆਨ ਖੁਤਬਾ ਕਹਿਲਾਉਂਦਾ ਹੈ। ਖੁਤਬੇ ਦੀ ਰਿਵਾਇਤ ਪੈਗੰਬਰ ਇਸਲਾਮ ਹਜ਼ਰਤ ਮੁਹੰਮਦ ਸਾਹਿਬ ਦੇ ਸਮੇਂ ਵੀ ਪ੍ਰਚੱਲਿਤ ਸੀ, ਹਦੀਸ ਸ਼ਰੀਫ ਵਿਚ ਜ਼ਿਕਰ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਖੁਤਬਾ ਸੰਖੇਪ ਰੂਪ ਵਿਚ ਲੇਕਿਨ ਜ਼ੋਰਦਾਰ ਅਤੇ ਪ੍ਰਭਾਵਸ਼ਾਲੀ ਰੂਪ ਵਿਚ ਪੜ੍ਹਦੇ ਸਨ। ਇਸ ਤਰ੍ਹਾਂ ਖੁਤਬਾ ਇਮਾਮ ਦੁਆਰਾ ਦਿੱਤੀ ਗਈ ਧਾਰਮਿਕ ਤਕਰੀਰ ਹੁੰਦਾ ਹੈ ਜੋ ਉਮੱਤ ਦੀ ਰਹਿਨੁਮਾਈ ਕਰਦਾ ਹੈ। ਖੁਤਬਾ ਪੜ੍ਹਨ ਤੋਂ ਬਾਅਦ ਦੁਆ ਮੰਗੀ ਜਾਂਦੀ ਹੈ। ਖਲੀਫਿਆਂ, ਬਾਦਸ਼ਾਹਾਂ ਅਤੇ ਸੁਲਤਾਨਾਂ ਦੇ ਸਮੇਂ ਉਹਨਾਂ ਅਤੇ ਉਹਨਾਂ ਦੇ ਸ਼ਾਸ਼ਨ ਬਾਰੇ, ਖੁਤਬਾ ਪੜ੍ਹਦਿਆ ਦੁਆਵਾਂ ਮੰਗੀਆਂ ਜਾਂਦੀਆ ਸਨ, ਖੁਤਬੇ ਵਿਚ ਖਲੀਫੇ ਬਾਦਸ਼ਾਹ ਅਤੇ ਸੁਲਤਾਨਾਂ ਦੇ ਨਾਂ ਨੂੰ ਸ਼ਾਮਲ ਕਰਕੇ ਦੁਆਵਾਂ ਮੰਗੀਆਂ ਜਾਂਦੀਆ ਸਨ।"[165] ਖੁਤਬੇ ਵਿਚ ਦੀਨ ਲਈ

[164] ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼*, ਪੰਨਾ 100.
[165] ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼*, ਪੰਨਾ 253.

,ਸੁਲਤਾਨਾਂ ਲਈ ਦੁਆਵਾਂ ਮੰਗੀਆਂ ਜਾਂਦੀਆਂ ਹਨ। ਇਸ ਰਾਹੀਂ ਇਸਲਾਮ ਨੂੰ ਮੰਨਣ ਵਾਲੇ ਲੋਕਾਂ ਨੂੰ ਅਗਵਾਈ ਮਿਲਦੀ ਹੈ।

ਇਸਲਾਮ ਵਿਚ ਪੰਜ ਫਰਜ਼ ਨਿਮਾਜ਼ਾਂ ਤੋਂ ਇਲਾਵਾਂ ਉਹਨਾਂ ਨਮਾਜ਼ਾਂ ਦਾ ਜ਼ਿਕਰ ਵੀ ਆਉਂਦਾ ਹੈ ਜਿਹੜੀਆਂ ਇਹਨਾਂ ਨਮਾਜ਼ਾਂ ਤੋਂ ਵੱਧ ਪੜ੍ਹੀਆ ਜਾਣ ਜਿੰਨ੍ਹਾਂ ਨੂੰ ਨਫ਼ਲ ਨਮਾਜ਼ਾਂ ਕਿਹਾ ਜਾਂਦਾ ਹੈ। ਇਹਨਾਂ ਦੇ ਪੜ੍ਹਨ ਨਾਲ ਅੱਲਾਹ ਤਾਅਲਾ ਦੇ ਘਰੋਂ ਬਰਕਤਾਂ ਮਿਲਦੀਆਂ ਹਨ ਪਰ ਜੇ ਨਾ ਵੀ ਪੜ੍ਹੀਆ ਜਾਣ ਤਾਂ ਕੋਈ ਹਰਜ਼ ਨਹੀਂ, ਉਹਨਾਂ ਨਮਾਜ਼ਾਂ ਦਾ ਜ਼ਿਕਰ ਇਸ ਪ੍ਰਕਾਰ ਹੈ:-

### 4.3.41 ਨਫਲੀ ਨਮਾਜ਼ਾਂ ਦੀ ਫਜ਼ੀਲਤ

ਪੰਜ ਫਰਜ਼ ਨਮਾਜ਼ਾਂ ਤੋਂ ਇਲਾਵਾਂ ਜੋ ਮੁਸਲਮਾਨ ਨਫਲ ਨਮਾਜ਼ਾਂ ਪੜ੍ਹਦਾ ਹੈ ਉਸਨੂੰ ਸਵਾਬ ਮਿਲਦਾ ਹੈ। ਜਿਸਤੋਂ ਫਰਜ਼ ਨਮਾਜ਼ਾਂ ਦਾ ਵੇਲਾ ਖੁੰਝ ਜਾਵੇ ਉਹ ਨਫਲ ਨਮਾਜ਼ਾਂ ਨਾਲ ਉਸਨੂੰ ਪੂਰਾ ਕਰਦਾ ਹੈ। ਡਾ. ਅਨਵਰ ਚਿਰਾਗ ਰਚਿਤ ਨੂਰ-ਏ-ਹਦੀਸ ਅਨੁਸਾਰ ਨਫਲ ਨਮਾਜ਼ਾਂ,"ਹਜ਼ਰਤ ਅਬੂ ਹੁਰੈਰਾ (ਰਜ਼ੀ.) ਤੋਂ ਰਿਵਾਇਤ ਹੈ ਕਿ ਅੱਲਾਹ ਦੇ ਰਸੂਲ (ਸ.) ਨੇ ਫੁਰਮਾਇਆ ਹੈ ਕਿ ਅੱਲਾਹ ਤਾਅਲਾ ਫੁਰਮਾਉਂਦਾ ਹੈ ਮੇਰਾ ਬੰਦਾ ਆਪਣੇ ਜਿਹੜੇ ਅਮਲਾਂ (ਕਰਮਾਂ) ਰਾਹੀਂ ਮੇਰੀ ਨੇੜਤਾ ਹਾਸਲ ਕਰਦਾ ਹੈ, ਉਨ੍ਹਾਂ ਵਿਚੋਂ ਸਭ ਤੋਂ ਵਧੇਰੇ ਮਹਿਬੂਬ ਉਹ ਅਮਲ ਹਨ ਜੋ ਮੈਂ ਉਸ ਤੇ ਫਰਜ਼ ਕੀਤੇ ਹਨ ਅਤੇ ਮੇਰਾ ਬੰਦਾ ਲਗਾਤਾਰ ਨਫਲੀ ਇਬਾਦਤਾਂ ਦੇ ਜ਼ਰੀਏ ਮੇਰੇ ਕਰੀਬ ਹੁੰਦਾ ਰਹਿੰਦਾ ਹੈ, ਇਥੋਂ ਤੱਕ ਕਿ ਉਹ ਮੇਰਾ ਮਹਿਬੂਬ ਬੰਦਾ ਬਣ ਜਾਂਦਾ ਹੈ ਅਤੇ ਮੈਂ ਉਸਦਾ ਕੰਨ ਬਣ ਜਾਂਦਾ ਹਾਂ, ਜਦੋਂ ਉਹ ਸੁਣਦਾ ਹੈ, ਉਸਦੀ ਅੱਖ ਬਣ ਜਾਂਦਾ ਹਾਂ, ਜਿਸ ਨਾਲ ਉਹ ਦੇਖਦਾ ਹੈ, ਉਸਦਾ ਹੱਥ ਬਣ ਜਾਂਦਾ ਹੈ, ਜਿਸ ਨਾਲ ਉਹ ਪਕੜਦਾ ਹੈ ਅਤੇ ਮੈਂ ਉਸਦੇ ਪੈਰ ਬਣ ਜਾਂਦਾ ਹੈ ਜਿਸ ਨਾਲ ਉਹ ਤੁਰਦਾ ਫਿਰਦਾ ਹੈ।(ਬੁਖਾਰੀ)"[166] ਨਫਲ ਨਮਾਜ਼ਾਂ ਅਦਾ ਕਰਨ ਵਾਲੇ ਦਾ ਅੱਲਾਹ ਹਰ ਥਾਂ ਸਹਾਇਕ ਹੁੰਦਾ ਹੈ ਅਤੇ ਉਸਦਾ ਰਾਖਾ ਬਣ ਜਾਂਦਾ ਹੈ।

ਨਫਲ ਨਮਾਜ਼ਾਂ ਦਾ ਵੇਰਵਾ ਇਸ ਪ੍ਰਕਾਰ ਹੈ:-

### 4.3.42 ਨਮਾਜ਼-ਏ-ਇਸਤਖਾਰਾ

ਮੁਹੰਮਦ ਸਾਹਿਬ ਹਰ ਕੰਮ ਕਰਨ ਤੋਂ ਪਹਿਲਾ ਅੱਲਾਹ ਪਾਕ ਅੱਗੇ ਨਮਾਜ਼ ਰਾਹੀਂ ਪ੍ਰਾਰਥਨਾ ਕਰਦੇ ਸਨ ਤਾਂ ਕਿ ਕੀਤੇ ਜਾਣ ਵਾਲੇ ਕੰਮ ਵਿਚ ਵਿਘਨ ਨਾ ਆਵੇ। ਪ੍ਰੋ. ਗੁਰਚਰਨ ਸਿੰਘ ਤਲਵਾੜਾ ਰਚਿਤ ਸੂਫੀਮਤ ਸੰਕਲਪ ਕੋਸ਼ ਅਨੁਸਾਰ,"ਅਹਿਲੇ ਈਮਾਨ ਕੋਈ ਕੰਮ ਕਰਨ ਤੋਂ ਪਹਿਲਾਂ ਨਮਾਜ਼-ਏ-ਇਸਤਖਾਰਾ ਅਦਾ ਕਰਕੇ ਅੱਲਾਹ ਪਾਕ ਅੱਗੇ ਦੁਆ ਕਰਦਾ ਹੈ ਕਿ ਉਹ ਇਹ ਕੰਮ ਕਰਨਾ ਚਾਹੁੰਦਾ ਹੈ। ਅੱਲਾਹ ਉਸਨੂੰ ਤੌਫੀਕ ਬਖਸ਼ੇ, ਉਸਦਾ ਮਾਰਗ ਦਰਸ਼ਨ ਕਰੇ। ਇਸਲਾਮੀ ਸ਼ਰੀਅਤ ਅਤੇ ਸੂਫੀ ਦਰਵੇਸ਼ਾਂ ਦੀ ਮਾਨਤਾ ਹੈ ਕਿ ਅੱਲਾਹ ਪਾਕ ਵੱਲੋਂ ਉਸਨੂੰ ਸੁਪਨੇ ਵਿਚ ਜਾਂ ਉਸਦੇ ਮਨ ਵਿਚ ਰੱਬ ਵੱਲੋਂ ਮਾਰਗ ਦਰਸ਼ਨ ਦੇ ਤੌਰ 'ਤੇ ਹਦਾਇਤ ਆਉਂਦੀ ਹੈ ਕਿ ਉਹ ਜੋ ਕੰਮ ਕਰਨਾ ਚਾਹੁੰਦਾ ਹੈ ਕਰੇ ਜਾਂ ਨਾ ਕਰੇ,

---

[166] ਅਨੁ ਤੇ ਸੰਪਾ ਡਾ. ਅਨਵਰ ਚਿਰਾਗ, *ਨੂਰ-ਏ-ਹਦੀਸ*, ਪੰਨਾ 61-62.

ਈਮਾਨ ਵਾਲਾ ਵਿਅਕਤੀ ਉਸੇ ਮੁਤਾਬਿਕ ਹੀ ਅਮਲ ਕਰਦਾ ਹੈ।"[167] ਇਸ ਨਮਾਜ਼ ਰਾਹੀਂ ਮੁਸਲਮਾਨ ਦੇ ਸਾਰੇ ਕਾਰਜ ਰਾਸ ਆ ਜਾਂਦੇ ਹਨ, ਜੇ ਉਹ ਇਸ ਨਮਾਜ਼ ਨੂ ਨੇਕ ਨੀਅਤ ਨਾਲ ਪੜ੍ਹਦਾ ਹੈ।

### 4.3.43 ਨਮਾਜ਼-ਏ-ਤਰਾਵੀਹ

ਇਹ ਨਮਾਜ਼ ਰਮਜ਼ਾਨ ਦੇ ਮਹੀਨੇ ਵਿਚ ਇਸ਼ਾ ਦੀ ਨਮਾਜ਼ ਤੋਂ ਬਾਅਦ ਜਮਾਤ ਨਾਲ ਪੜ੍ਹੀ ਜਾਂਦੀ ਹੈ। ਹਰ ਸੱਚਾ ਮੁਸਲਮਾਨ ਇਸਨੂੰ ਪੜ੍ਹਦਾ ਹੈ। "ਰਮਜ਼ਾਨ ਦੇ ਮਹੀਨੇ ਨਮਾਜ਼-ਏ-ਇਸ਼ਾ ਤੋਂ ਬਾਅਦ ਕੀਤੀ ਜਾਣ ਵਾਲੀ ਇਹ ਖਾਸ ਇਬਾਦਤ ਹੈ ਜੋ ਆਮ ਤੌਰ ਤੇ ਜਮਾਤ ਨਾਲ ਪੜ੍ਹੀ ਜਾਣ ਵਾਲੀ ਨਮਾਜ਼ ਹੈ। ਨਮਾਜ਼ ਏ ਤਰਾਵੀਹ ਇਕ ਤਰ੍ਹਾਂ ਨਾਲ ਵਾਜਿਬ ਦਾ ਦਰਜਾ ਰੱਖਣ ਵਾਲੀ ਨਮਾਜ਼ ਹੈ, ਹਰ ਈਮਾਨ ਵਾਲਾ ਮੁਸਲਮਾਨ ਇਸਦੀ ਪਾਬੰਦੀ ਕਰਦਾ ਹੈ, ਨਮਾਜ਼-ਏ-ਤਰਾਵੀਹ ਦਾ ਸੰਬੰਧ ਰਮਜ਼ਾਨ ਦੇ ਮਹੀਨੇ ਨਾਲ ਹੀ ਹੈ, ਇਸਨੂੰ ਰਮਜ਼ਾਨ ਦੀ ਰੂਹ ਕਿਹਾ ਜਾਂਦਾ ਹੈ।"[168] ਇਸਲਾਮ ਵਿਚ ਇਸ ਨਮਾਜ਼ ਦੀ ਖਾਸ ਮਹੱਤਤਾ ਹੈ। ਇਸਨੂੰ ਪੜ੍ਹਨ ਨਾਲ ਅੱਲਾਹ ਤਾਅਲਾ ਦੀ ਰਹਿਮਤ ਨਸੀਬ ਹੁੰਦੀ ਹੈ।

### 4.3.44 ਨਮਾਜ਼-ਏ-ਤਹੱਜੁਦ

ਇਹ ਨਮਾਜ਼ ਸਿੱਖ ਧਰਮ ਦੇ ਅੰਮ੍ਰਿਤ ਵੇਲੇ ਨਾਲ ਮੇਲ ਖਾਂਦੀ ਹੈ। ਇਹ ਨਮਾਜ਼ ਪੰਜ ਨਮਾਜ਼ਾਂ ਤੋਂ ਪਹਿਲੇ ਮੰਨੀ ਗਈ ਹੈ। ਪ੍ਰੋ. ਗੁਰਚਰਨ ਸਿੰਘ ਤਲਵਾੜਾ ਰਚਿਤ ਸੂਫੀਮਤ ਸੰਕਲਪ ਕੋਸ਼ ਅਨੁਸਾਰ, "ਨਮਾਜ਼-ਏ-ਤਹੱਜੁਦ ਰਾਤ ਦੇ ਤੀਜੇ ਪਹਿਰ ਅਤੇ ਫਜ਼ਰ ਦੀ ਨਮਾਜ਼ ਤੋਂ ਪਹਿਲਾ ਪੜ੍ਹੀ ਜਾਂਦੀ ਹੈ। ਇਹ ਨਮਾਜ਼ ਸੂਫੀ ਦਰਵੇਸ਼ ਪਾਬੰਦੀ ਨਾਲ ਅਦਾ ਕਰਦੇ ਹਨ, ਭਾਵੇਂ ਇਹ ਨਮਾਜ਼ ਫਰਜ਼ ਨਹੀਂ ਹੈ, ਹਦੀਸ ਸ਼ਰੀਫ ਵਿਚ ਫਰਜ਼ ਨਮਾਜ਼ ਤੋਂ ਬਾਅਦ ਤਹੱਜੁਦ ਦੀ ਨਮਾਜ਼ ਨੂੰ ਸਭ ਤੋਂ ਅਫਜ਼ਲ ਮੰਨਿਆ ਗਿਆ ਹੈ। ਇਸਲਾਮੀ ਸ਼ਰੀਅਤ ਅਤੇ ਸੂਫੀਆਂ ਦੀ ਮਾਨਤਾ ਹੈ ਕਿ ਤਹੱਜੁਦ ਦੇ ਵਕਤ ਕੀਤੀ ਦੁਆ ਅੱਲਾਹ ਤਾਅਲਾ ਲਾਜ਼ਮੀਂ ਕਬੂਲ ਕਰਦਾ ਹੈ।"[169] ਇਸ ਨਮਾਜ਼ ਦੀ ਮਹਿਮਾ ਬੇਅੰਤ ਹੈ। ਇਸ ਸਮੇਂ ਕੀਤੀ ਗਈ ਦੁਆ ਜਲਦ ਕਬੂਲ ਹੁੰਦੀ ਹੈ।

### 4.3.45 ਨਮਾਜ਼-ਏ-ਤਹੱਜੁਦ ਦੀ ਫਜ਼ੀਲਤ

ਇਹ ਰਾਤ ਦੇ ਤੀਜੇ ਪਹਿਲ ਕੀਤੀ ਜਾਂਦੀ ਹੈ ਸੂਫੀ ਲੋਕ ਇਸਨੂੰ ਜ਼ਰੂਰ ਅਦਾ ਕਰਦੇ ਹਨ। ਡਾ. ਅਨਵਰ ਚਿਰਾਗ ਸੰਪਾਦਿਤ ਨੂਰ-ਏ-ਹਦੀਸ ਅਨੁਸਾਰ, "ਹਜ਼ਰਤ ਅਬੂ ਹੁਰੈਰਾ (ਰਜ਼ੀ.) ਤੋਂ ਰਿਵਾਇਤ ਹੈ ਕਿ ਹਜ਼ਰਤ ਮੁਹੰਮਦ (ਸ.) ਨੇ ਫੁਰਮਾਇਆ, ਰਮਜ਼ਾਨ ਦੇ ਮਹੀਨੇ ਤੋਂ ਬਾਅਦ ਸਭ ਤੋਂ ਅਫਜ਼ਲ (ਸ਼੍ਰੇਸ਼ਟ) ਰੋਜ਼ੇ ਮੁਹੱਰਮ ਮਹੀਨੇ ਦੇ ਹਨ ਅਤੇ ਫਰਜ਼ ਨਮਾਜ਼ਾਂ ਤੋਂ ਬਾਅਦ ਸਭ ਤੋਂ ਅਫਜ਼ਲ ਨਮਾਜ਼ ਰਾਤ ਦੀ (ਨਮਾਜ਼-ਏ-ਤਹੱਜੁਦ) ਹੈ।(ਮੁਸਲਿਮ)"[170] ਇਸ ਨਮਾਜ਼ ਦੀ ਉਤਮਤਾ ਦਾ ਜ਼ਿਕਰ ਖੁਦ ਮੁਹੰਮਦ ਸਾਹਿਬ ਨੇ ਕੀਤਾ ਹੈ।

---

[167] ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼*, ਪੰਨੇ 355-56.
[168] ਉਹੀ, ਪੰਨਾ 356.
[169] ਉਹੀ, ਪੰਨਾ 356.
[170] ਅਨੁ. ਤੇ ਸੰਪਾ. ਡਾ. ਅਨਵਰ ਚਿਰਾਗ, *ਨੂਰ-ਏ-ਹਦੀਸ* ,ਪੰਨਾ 63.

### 4.3.46 ਤਹੱਜੁਦ ਇਲਾਹੀ ਨੇੜਤਾ ਦਾ ਜ਼ਰੀਆ

ਇਹ ਨਮਾਜ਼ ਮੁਸਲਮਾਨ ਨੂੰ ਰੱਬ ਦੇ ਨਜ਼ਦੀਕ ਲਿਜਾਂਦੀ ਹੈ, ਗੁਨਾਹਾਂ ਨੂੰ ਦੂਰ ਕਰਦੀ ਹੈ ਅਤੇ ਗੁਨਾਹਾਂ ਤੋਂ ਬਚਾਅ ਕਰਦੀ ਹੈ,"ਹਜ਼ਰਤ ਅਬੂ ਉਮਾਮ ਬਾਹਲੀ (ਰਜ਼ੀ.) ਆਖਦੇ ਹਨ ਕਿ ਅੱਲਾਹ ਦੇ ਰਸੂਲ (ਸ.) ਨੇ ਫਰਮਾਇਆ, ਤੁਸੀਂ ਲੋਕ ਆਪਣੇ ਆਪਨੂੰ ਤਹੱਜੁਦ (ਅੱਧੀ ਰਾਤ ਤੋਂ ਬਾਅਦ ਪੜ੍ਹੀ ਜਾਣ ਵਾਲੀ ਵਿਸ਼ੇਸ਼ ਨਫਲੀ ਨਮਾਜ਼) ਦਾ ਪਾਬੰਦ ਬਣਾਉ ਇਸ ਲਈ ਕਿਉਂਕਿ ਤੁਹਾਨੂੰ ਪਹਿਲਾਂ ਦੇ ਨੇਕ ਲੋਕਾਂ ਦਾ ਇਹੋ ਤਰੀਕਾ ਰਿਹਾ ਹੈ, ਇਹ (ਨਮਾਜ਼) ਤੁਹਾਨੂੰ ਰੱਬ ਦੇ ਕਰੀਬ ਕਰਨ ਵਾਲੀ, ਗੁਨਾਹਾਂ ਨੂੰ ਢੱਕਣ ਵਾਲੀ ਤੇ ਗੁਨਾਹਾਂ ਤੋਂ ਬਚਾਉਣ ਵਾਲੀ ਹੈ।(ਤਿਰਮਜ਼ੀ)"[171] ਮੁੱਢ ਤੋਂ ਹੀ ਇਸ ਨਮਾਜ਼ ਰਾਹੀਂ ਨੇਕ ਲੋਕਾਂ ਨੇ ਅੱਲਾਹ ਨਾਲ ਨੇੜਤਾ ਵਧਾਈ ਹੈ।

### 4.3.47 ਇਲਾਹੀ ਨੇੜਤਾ

ਮੁਹੰਮਦ ਸਾਹਿਬ ਮੁਤਾਬਿਕ ਅੱਲਾਹ ਰਾਤ ਦੇ ਇਸ ਹਿੱਸੇ ਵਿਚ ਰੱਬ ਦੇ ਕਰੀਬ ਹੁੰਦਾ ਹੈ। ਤੁਹਾਡੀ ਪੁਕਾਰ ਸੁਣੀ ਜਾਂਦੀ ਹੈ,"ਹਜ਼ਰਤ ਅਮਰ (ਰਜ਼ੀ.) ਰਿਵਾਇਤ ਕਰਦੇ ਹਨ ਕਿ ਅੱਲਾਹ ਦੇ ਰਸੂਲ (ਸ.) ਨੇ ਫੁਰਮਾਇਆ, ਰੱਬ ਆਪਣੇ ਬੰਦੇ ਦੇ ਸਭ ਤੋਂ ਜ਼ਿਅਦਾ ਕਰੀਬ ਰਾਤ ਦੇ ਆਖਰੀ ਹਿੱਸੇ ਵਿਚ ਹੁੰਦਾ ਹੈ, ਜੇਕਰ ਤੁਸੀਂ ਰਾਤ ਦੇ ਆਖਰੀ ਹਿੱਸੇ ਵਿਚ ਅੱਲਾ, ਨੂੰ ਯਾਦ ਕਰਨ ਵਾਲਿਆਂ ਵਿਚ ਸ਼ਾਮਲ ਹੋ ਸਕਦੇ ਹੋ ਤਾਂ ਇਹ ਕਰੋ (ਭਾਵ ਤਹੱਜ਼ੁਦੀ ਨਮਾਜ਼ ਅਦਾ ਕਰੋ ਤੇ ਅੱਲਾਹ ਨੂੰ ਯਾਦ ਕਰੋ।(ਤਿਰਮਿਜ਼ੀ)

ਹਜ਼ਰਤ ਅਲੀ (ਰਜ਼ੀ) ਫੁਰਮਾਉਂਦੇ ਹਨ ਕਿ ਹਜ਼ੂਰ (ਸ.) ਇਕ ਰਾਤ ਤਹੱਜੁਦ ਦੇ ਵੇਲੇ ਸਾਡੇ ਘਰ ਤਸ਼ਰੀਫ ਲਿਆਏ ਅਤੇ ਮੈਨੂੰ ਅਤੇ ਫਾਤਿਮਾ (ਰਜ਼ੀ) ਨੂੰ ਫੁਰਮਾਇਆ, "ਕੀ ਤੁਸੀਂ ਦੋਵੇਂ ਤਹੱਜੁਦ ਦੀ ਨਮਾਜ਼ ਨਹੀਂ ਪੜ੍ਹਦੇ। (ਬੁਖਾਰੀ)"[172]ਇਸ ਨਮਾਜ਼ ਦੀ ਪਾਲਣਾ ਕਰਨ ਦੇ ਇਸ਼ਾਰੇ ਮੁਹੰਮਦ ਸਾਹਿਬ ਦੇ ਜੀਵਨ ਵਿਚ ਵੀ ਮਿਲਦੇ ਹਨ।

### 4.3.48 ਨਮਾਜ਼-ਏ-ਜਨਾਜ਼ਾ

ਇਹ ਨਮਾਜ਼ ਕਿਸੇ ਦੀ ਮੌਤ ਸਮੇਂ ਪੜ੍ਹੀ ਜਾਂਦੀ ਹੈ ਜਦੋਂ ਮਰੇ ਹੋਈ ਵਿਅਕਤੀ ਨੂੰ ਕਬਰ ਵਿੱਚ ਦਫਨਾਇਆ ਜਾਂਦਾ ਹੈ ਇਹ ਵਿਚ ਮਰਨ ਵਾਲੇ ਵਿਅਕਤੀ ਦੀ ਰੂਹ ਦੀ ਸ਼ਾਂਤੀ ਲਈ ਪ੍ਰਾਰਥਨਾ ਕੀਤੀ ਜਾਂਦੀ ਹੈ। ਪ੍ਰੋ. ਗੁਰਚਰਨ ਸਿੰਘ ਤਲਵਾੜਾ ਰਚਿਤ ਸੂਫੀਮਤ ਸੰਕਲਪ ਕੋਸ਼ ਅਨੁਸਾਰ,"ਇਹ ਨਮਾਜ਼ ਜਨਾਜ਼ੇ ਉੱਤੇ ਪੜ੍ਹੀ ਜਾਂਦੀ ਹੈ ਜਦੋਂ ਕਿਸੇ ਦਾ ਇੰਤਕਾਲ ਹੋ ਜਾਂਦਾ ਹੈ। ਮਈਅਤ ਨੂੰ ਕਬਰ ਵਿਚ ਦਫਨ ਕਰਨ ਤੋਂ ਪਹਿਲਾ ਇਹ ਨਮਾਜ਼ ਅਦਾ ਕੀਤੀ ਜਾਂਦੀ ਹੈ। ਨਮਾਜ਼-ਏ-ਜਨਾਜ਼ਾ ਦਾ ਬਾਕੀ ਨਮਾਜ਼ਾਂ ਨਾਲੋਂ ਫਰਕ ਹੈ, ਅੰਤਰ ਹੈ ਕਿਉਂਕਿ ਇਸ ਨਮਾਜ਼ ਵਿਚ ਨਾ ਰਕੂਅ ਹੁੰਦਾ ਹੈ ਨਾ ਸਜਦਾ। ਦਰ ਹਕੀਕਤ ਨਮਾਜ਼ -ਏ-ਜਨਾਜ਼ਾ ਇਕ ਤਰ੍ਹਾਂ ਦੀ ਦੁਆ ਹੈ ਜਿਸ ਰਾਹੀਂ ਮਰਨ ਵਾਲੇ ਦੀ ਰੂਹ ਦੀ ਸੁਖ-ਸਾਂਤੀ ਲਈ ਪ੍ਰਾਰਥਨਾ ਕੀਤੀ ਜਾਂਦੀ ਹੈ। ਮਰਨ ਵਾਲੇ ਦੇ ਪਰਿਵਾਰ ਅਤੇ ਬਾਕੀ ਲੋਕਾਈ ਲਈ ਸੁਖ ਸ਼ਾਤੀ ਲਈ ਦੁਆ ਮੰਗੀ

---

[171] ਅਨੁ. ਤੇ ਸੰਪਾ. ਡਾ. ਅਨਵਰ ਚਿਰਾਗ, *ਨੂਰ-ਏ-ਹਦੀਸ*, ਪੰਨੇ 63-64.
[172] ਪ੍ਰੋ. ਗੁਰਚਰਨ ਸਿੰਘ ਤਲਵਾੜਾ,*ਸੂਫੀਮਤ ਸੰਕਲਪ ਕੋਸ਼*, 356.

ਜਾਂਦੀ ਹੈ।"[173] ਇਸ ਨਮਾਜ਼ ਦਾ ਦੂਜੀਆਂ ਨਮਾਜ਼ਾਂ ਨਾਲੋਂ ਅੰਤਰ ਹੈ ਇਸ ਵਿਚ ਸਜਦਾ ਵੀ ਨਹੀਂ ਹੁੰਦਾ ਅਤੇ ਨਾ ਹੀ ਕੋਈ ਰਕੂਅ ਹੁੰਦਾ ਹੈ।

### 4.3.49 ਨਮਾਜ਼-ਏ-ਮਾਅਕੂਸ

ਇਹ ਨਮਾਜ਼ ਪ੍ਰਸਿੱਧ ਸੂਫੀ ਸਾਧਕ ਅਤੇ ਮੁਹੰਮਦ ਸਾਹਿਬ ਖੁਦ ਅਦਾ ਕਰਦੇ ਹੁੰਦੇ ਸਨ। ਇਹ ਨਮਾਜ਼ ਰੂਹਾਨੀ ਬਰਕਤ ਲਈ ਕੀਤੀ ਜਾਂਦੀ ਹੈ। ਪ੍ਰੋ. ਗੁਰਚਰਨ ਸਿੰਘ ਤਲਵਾੜਾ ਰਚਿਤ ਸੂਫੀਮਤ ਸੰਕਲਪ ਕੋਸ਼ ਅਨੁਸਾਰ, "ਕਈ ਕਾਮਿਲ ਸੂਫੀ ਦਰਵੇਸ਼ ਇਹ ਨਮਾਜ਼, ਨਮਾਜ਼-ਏ-ਮਾਅਕੂਸ ਅਦਾ ਕਰਦੇ ਰਹੇ ਹਨ। ਨਮਾਜ਼ -ਏ-ਮਾਅਕੂਸ ਇਕ ਖਾਸ ਤਰ੍ਹਾਂ ਦੀ ਰਿਆਜ਼ਤ ਭਾਵ ਸੂਫੀ ਸਾਧਨਾ ਹੈ ਜੋ ਸੁਰਤੀ ਬਿਰਤੀ ਉਲਟਾ ਕੇ ਕੀਤੀ ਜਾਂਦੀ ਹੈ। ਸੂਫੀ ਦਰਵੇਸ਼ਾਂ ਦੀ ਮਾਨਤਾ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਵੀ ਇਹ ਰੂਹਾਨੀ ਸਾਧਨਾ ਕਰਦੇ ਰਹੇ ਹਨ। ਹਜ਼ਰਤ ਬਾਬਾ ਸ਼ੇਖ ਫਰੀਦ ਅਤੇ ਚਿਸ਼ਤੀ ਸਾਬਰੀ ਸਿਲਸਿਲੇ ਦੇ ਪ੍ਰਸਿੱਧ ਸੂਫੀ ਦਰਵੇਸ਼ ਹਜ਼ਰਤ ਸੇਖ ਅਬੁਦਲ ਕਦੂਸ ਗੰਗੋਹੀ ਨੂੰ ਨਮਾਜ਼-ਏ-ਮਾਅਕੂਸ ਦੀ ਸੂਫੀ ਸਾਧਨਾ ਵਿਚ ਖਾਸ ਮੁਹਾਰਿਤ ਹਾਸਿਲ ਸੀ। ਯਾਦ ਰਹੇ ਕਿ ਇਹ ਪੁੱਠੇ ਲਟਕ ਕੇ ਕਰਨ ਵਾਲੀ ਇਬਾਦਤ ਜਾਂ ਨਮਾਜ਼ ਨਹੀਂ ਜੋ ਆਮ ਵਿਦਵਾਨ ਸਮਝ ਲੈਂਦੇ ਹਨ। ਇਹ ਰੂਹਾਨੀ ਅਭਿਆਸ ਹੈ ਜੋ ਸੁਰਤੀ ਬਿਰਤੀ ਨੂੰ ਅੰਤਰਮੁਖ ਉਲਟਾ ਕੇ ਕੀਤਾ ਜਾਂਦਾ ਹੈ।"[174] ਇਸ ਨਾਲ ਮਨੁੱਖ ਦੀ ਅੰਤਰ ਆਤਮਾ ਨੂੰ ਉਲਟਾ ਕੇ ਅੱਲਾਹ ਦੇ ਘਰ ਵੱਲ ਲਿਜਾਇਆ ਜਾਂਦਾ ਹੈ।

### 4.3.50 ਨਮਾਜ਼-ਏ-ਹਾਜ਼ਤ

ਇਹ ਇਕ ਤਰ੍ਹਾਂ ਦੀ ਸਿੱਧੀ ਪ੍ਰਾਰਥਨਾ ਹੈ ਅੱਲਾਹ ਤੋਂ ਕੁਝ ਮੰਗਣ ਲਈ ਜਿਸ ਵਿਚ ਕੋਈ ਵੀ ਮੰਗ ਹੋ ਸਕਦੀ ਹੈ, "ਕਿਸੇ ਮੰਗ, ਚਾਹ, ਇੱਛਾ ਦੀ ਪੂਰਤੀ ਲਈ ਨਮਾਜ਼-ਏ-ਹਾਜ਼ਤ ਪੜ੍ਹ ਕੇ ਅੱਲਾਹ ਤਾਅਲਾ ਅੱਗੇ ਦੁਆ ਕੀਤੀ ਜਾਂਦੀ ਹੈ ਤਾਂ ਕਿ ਮੰਗ, ਚਾਹ, ਇੱਛਾ ਪੂਰੀ ਹੋ ਜਾਵੇ।"[175] ਇਸ ਨਮਾਜ਼ ਵਿਚ ਇਹ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਮੰਗੀ ਗਈ ਮੰਗ ਪੂਰੀ ਹੋਵੇਗੀ।

### 4.3.51 ਨਮਾਜ਼-ਏ-ਸ਼ਹੂਦੀ

ਇਹ ਨਮਾਜ਼ ਵੀ ਅਧਿਆਤਮਿਕ ਰੰਗਤ ਵਾਲੀ ਹੈ। ਇਸ ਵਿਚ ਸਾਧਕ ਆਪਣੇ ਆਪਨੂੰ ਖੁਦਾ ਦੇ ਸਨਮੁਖ ਮਹਿਸੂਸ ਕਰਦਾ ਹੈ। ਪ੍ਰੋ. ਗੁਰਚਰਨ ਸਿੰਘ ਤਲਵਾੜਾ ਰਚਿਤ ਸੂਫੀਮਤ ਸੰਕਲਪ ਕੋਸ਼ ਅਨੁਸਾਰ,"ਇਸ ਨਮਾਜ਼ ਨੂੰ ਅਹਿਲੇ ਈਮਾਨ ਮੋਮਿਨ ਅਤੇ ਕਾਮਿਲ ਸੂਫੀ ਦਰਵੇਸ਼ ਅਦਾ ਕਰਦੇ ਹਨ। ਇਹ ਐਸੀ ਨਮਾਜ਼ ਹੈ ਜਿਸਨੂੰ ਅਦਾ ਕਰਦਿਆਂ ਐਸਾ ਅਨੁਭਵ ਕੀਤਾ ਜਾਂਦਾ ਹੈ ਕਿ ਅੱਲਾਹ ਦੇ ਹਜ਼ੂਰ ਨਮਾਜ਼ ਅਦਾ ਕੀਤੀ ਜਾ ਰਹੀ ਹੈ ਜਾਂ ਫਿਰ ਐਸਾ ਸਮਝਿਆ ਜਾਂਦਾ ਹੈ ਕਿ ਅਦਾ ਕੀਤੀ ਨਮਾਜ਼ ਨੂੰ ਅੱਲਾਹ ਪਾਕ ਦੇਖ ਰਿਹਾ ਹੈ। ਸੂਫੀ ਦਰਵੇਸ਼ ਇਸਨੂੰ ਇਸ਼ਕ ਦੀ ਨਿਮਾਜ਼ ਕਹਿੰਦੇ ਹਨ। ਹਦੀਸ ਸ਼ਰੀਫ ਵਿਚ ਐਸੀ ਨਮਾਜ਼ ਨੂੰ ਐਸੀ ਇਬਾਦਤ ਨੂੰ ਇਹਸਾਨ ਦਾ ਨਾਂ ਦਿੱਤਾ ਗਿਆ ਹੈ ਜਦੋਂ ਨਮਾਜ਼ ਅਦਾ ਕਰਨ ਵਾਲਾ ਇਹ ਅਨੁਭਵ ਕਰਦਾ ਹੈ ਕਿ ਉਹ ਅੱਲਾਹ ਨੂੰ ਦੇਖ ਰਿਹਾ ਹੈ ਜਾਂ ਉਹ ਇਹ ਅਨੁਭਵ ਕਰੇ ਕਿ

---

[173] ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼*, ਪੰਨਾ 356.
[174]ਉਹੀ, ਪੰਨਾ 356-57.
[175] ਉਹੀ, ਪੰਨਾ 357.

ਅੱਲਾਹ ਉਸਨੂੰ ਦੇਖ ਰਿਹਾ ਹੈ।"[176] ਸੂਫੀ ਲੋਕ ਇਸਨੂੰ ਇਸ਼ਕ ਦੀ ਨਮਾਜ਼ ਵੀ ਕਹਿੰਦੇ ਹਨ। ਇਸ ਵਿਚ ਸਾਧਕ ਅੱਲਾਹ ਨੂੰ ਦੇਖ ਰਿਹਾ ਹੈ ਜਾਂ ਅੱਲਾਹ ਉਸਨੂੰ ਦੇਖ ਰਿਹਾ ਹੈ, ਮਹਿਸੂਸ ਕੀਤਾ ਜਾਂਦਾ ਹੈ।

### 4.3.52 ਨਮਾਜ਼-ਏ-ਤੌਬਾ

ਇਹ ਨਮਾਜ਼ ਵੀ ਅੱਲਾਹ ਕੋਲ ਕੀਤੇ ਗੁਨਾਹਾਂ ਦੀ ਮੁਆਫੀ ਦੀ ਮੰਗ ਲਈ ਜਾਂਦੀ ਹੈ, "ਅੱਲਾਹ ਤਾਅਲਾ ਤੋਂ ਹੋ ਗਏ ਗੁਨਾਹਾਂ ਦੀ ਮੁਆਫੀ ਲਈ ਨਮਾਜ਼-ਏ-ਤੌਬਾ ਪੜ੍ਹ ਕੇ ਦੁਆ ਕੀਤੀ ਜਾਂਦੀ ਹੈ ਕਿ ਅੱਲਾਹ ਤਾਅਲਾ ਗੁਨਾਹ ਮਾਫ ਕਰ ਦੇਵੇ ਅਤੇ ਅਹਿਦ ਕੀਤਾ ਜਾਂਦਾ ਹੈ ਕਿ ਮੁੜ ਕੇ ਗੁਨਾਹਾਂ ਤੋਂ ਤੌਬਾ ਕੀਤੀ ਜਾਵੇਗੀ।"[177] ਇਸ ਵਿਚ ਹੋ ਚੁੱਕੇ ਗੁਨਾਹਾਂ ਦੀ ਤੌਬਾ ਦੇ ਨਾਲ ਦੁਬਾਰਾ ਗੁਨਾਹ ਨਾ ਕਰਨ ਦਾ ਵੀ ਅਹਿਦ ਹੁੰਦਾ ਹੈ।

### 4.3.53 ਨਮਾਜ਼-ਏ-ਚਾਸ਼ਤ

ਇਹ ਵੀ ਨਫਲ ਨਮਾਜ਼ ਹੈ ਜਿਸਨੂੰ ਪੜ੍ਹਕੇ ਸਵਾਬ ਮਿਲਦਾ ਹੈ, "ਨਮਾਜ਼-ਏ-ਚਾਸ਼ਤ ਦਾ ਵਕਤ ਦੁਪਿਹਰ ਤੋਂ ਪਹਿਲਾਂ ਦਾ ਹੈ। ਇਹ ਫਰਜ਼ ਨਮਾਜ਼ ਨਹੀਂ, ਨਫਲ ਨਮਾਜ਼ ਹੈ ਜੇ ਕੋਈ ਪੜ੍ਹਦਾ ਹੈ ਤਾਂ ਸਵਾਬ ਮਿਲੇਗਾ, ਨਹੀਂ ਪੜ੍ਹਦਾ ਤਾ ਕੋਈ ਗੁਨਾਹ ਨਹੀਂ। ਨਮਾਜ਼-ਏ-ਚਾਸ਼ਤ ਆਮ ਕਰਕੇ ਦਿਨ ਦੇ ਗਿਆਰਾਂ ਵਜੇ ਤੋਂ ਪਹਿਲਾ ਪੜ੍ਹੀ ਜਾਂਦੀ ਹੈ।"[178] ਇਹ ਦਿਨ ਵੇਲੇ ਪੜ੍ਹਨ ਵਾਲੀ ਨਮਾਜ਼ ਹੈ।

### 4.3.54 ਨਮਾਜ਼-ਏ-ਚਾਸ਼ਤ ਦੀ ਫਜ਼ੀਲਤ

ਇਸ ਨਮਾਜ਼ ਬਾਰੇ ਮੁਹੰਮਦ ਸਾਹਿਬ ਫੁਰਮਾਉਂਦੇ ਹਨ ਕਿ ਇਸਨੂੰ ਅਦਾ ਕਰਨ ਨਾਲ ਮਨੁੱਖ ਦੇ ਸਾਰੇ ਕਾਰਜ ਰਾਸ ਹੁੰਦੇ ਹਨ, "ਹਜ਼ਰਤ ਅਬੂ ਦਰਦਾ (ਰਜ਼ੀ.) ਤੋਂ ਰਵਾਇਤ ਹੈ ਕਿ ਅੱਲਾਹ ਦੇ ਰਸੂਲ (ਸ.)ਨੇ ਫੁਰਮਾਇਆ, ਅੱਲਾਹ ਤਾਅਲਾ ਫਰਮਾਉਂਦੇ ਹਨ ਕਿ ਐ ਆਦਮ ਦੇ ਬੇਟੇ ! ਦਿਨ ਦੇ ਸ਼ੁਰੂ ਵਿਚ ਚਾਰ ਰਕਾਤ ਨਮਾਜ਼ (ਚਾਸ਼ਤ) ਪੜ੍ਹਨ ਤੋਂ ਆਜਿਜ਼ ਨਾ ਬਣ, ਮੈਂ ਤੇਰੇ ਦਿਨ ਭਰ ਦੇ ਕੰਮ ਬਣਾ ਦੇਵਾਂਗਾ।[179] ਸੋ ਪੈਗੰਬਰ/ਗੁਰੂ ਜਾਂ ਅਵਤਾਰ ਲੋਕਾਈ ਨੂੰ ਕਿਸੇ ਨਾਲ ਕਿਸੇ ਤਰੀਕੇ ਅੱਲਾਹ ਦੇ ਰਸਤੇ ਤੇ ਤੋਰਦੇ ਹਨ।

### 4.3.55 ਨਮਾਜ਼-ਏ-ਇਸ਼ਰਾਕ

ਇਹ ਵੀ ਨਫਲ ਨਮਾਜ਼ ਹੈ ਜਿਹੜੀ ਕਿ ਫਜ਼ਰ ਦੀ ਨਮਾਜ਼ ਤੋਂ ਬਾਅਦ ਪੜ੍ਹੀ ਜਾ ਸਕਦੀ ਹੈ,"ਨਮਾਜ਼-ਏ-ਇਸ਼ਰਾਕ ਦਿਨ ਚੜ੍ਹਨ ਤੋਂ ਬਾਅਦ ਪੜ੍ਹੀ ਜਾਣ ਵਾਲੀ ਨਮਾਜ਼ ਹੈ ਇਹ ਨਫਲ ਨਮਾਜ਼ ਹੈ ਯਾਦ ਰਹੇ ਕਿ ਨਮਾਜ਼-ਏ-ਫਜ਼ਰ ਜੋ ਫਰਜ਼ ਨਮਾਜ਼ ਹੈ, ਉਸਦਾ ਵਕਤ ਸੂਰਜ ਚੜ੍ਹਨ ਤੋਂ ਪਹਿਲਾਂ ਦਾ ਹੈ।"[180] ਇਸ ਨਮਾਜ਼ ਨੂੰ ਪੜ੍ਹਨ ਨਾਲ ਵੀ ਅੱਲਾਹ ਤਾਅਲਾ ਦੇ ਘਰ ਦਾ ਦਰਵਾਜ਼ਾ ਖੁੱਲ੍ਹਦਾ ਹੈ।

---

[176] ਪ੍ਰੋ. ਗੁਰਚਰਨ ਸਿੰਘ ਤਲਵਾੜਾ,*ਸੂਫੀਮਤ ਸੰਕਲਪ ਕੋਸ਼* ਪੰਨਾ 357.
[177] ਉਹੀ, ਪੰਨਾ 357.
[178]ਉਹੀ, ਪੰਨਾ 357.
[179] ਅਨੁ ਤੇ ਸੰਪਾ ਡਾ. ਅਨਵਰ ਚਿਰਾਗ, _ਨੂਰ-ਏ-ਹਦੀਸ_, ਪੰਨਾ 63.
[180] ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼*, ਪੰਨਾ 357.

**4.3.56 ਨਮਾਜ਼-ਏ-ਇਸ਼ਰਾਕ**

ਇਸ ਨਮਾਜ਼ ਨੂੰ ਅਦਾ ਕਰਨ ਦੇ ਨਾਲ ਮੁਸਲਮਾਨ ਦੋਜ਼ਖ ਦੀ ਅੱਗ ਤੋਂ ਬਚਦਾ ਹੈ,"ਹਜ਼ਰਤ ਹਸਨ ਬਿਨ ਅਲੀ (ਰਜ਼ੀ.) ਤੋਂ ਰਿਵਾਇਤ ਹੈ ਕਿ ਨਬੀ-ਏ-ਕਰੀਮ (ਸ.) ਨੇ ਫੁਰਮਾਇਆ, 'ਜੋ ਵਿਅਕਤੀ ਫਜਰ ਦੀ ਨਮਾਜ਼ ਪੜ੍ਹਨ ਤੋਂ ਬਾਅਦ ਸੂਰਜ ਨਿਕਲਣ ਤੱਕ ਅੱਲਾਹ ਤਾਅਲਾ ਦੇ ਜ਼ਿਕਰ ਵਿਚ ਮਸ਼ਗੂਲ ਰਹਿੰਦਾ ਹੈ ਫਿਰ ਦੋ ਜਾ ਚਾਰ ਰਕਾਤ (ਇਸ਼ਰਾਕ ਦੀ ਨਮਾਜ਼) ਪੜ੍ਹਦਾ ਹੈ ਤਾਂ ਉਸਦੀ ਚਮੜੀ ਨੂੰ (ਵੀ) ਦੋਜ਼ਖ ਦੀ ਅੱਗ ਨਹੀਂ ਛੂਹੇਗੀ। (ਬੈਤਕੀ)"[181] ਨਮਾਜ਼ ਅਦਾ ਕਰਨ ਵਾਲਾ ਮੁਸਲਮਾਨ ਕੁਦਰਤੀ ਹੀ ਸੱਚ ਦੇ ਰਾਹ ਤੇ ਚਲੇਗਾ, ਉਸਨੂੰ ਦੋਜ਼ਖ ਦੀ ਅੱਗ ਨਹੀਂ ਸਤਾ ਸਕਦੀ।

**4.3.57 ਇਸ਼ਰਾਕ ਦੀ ਫਜ਼ੀਲਤ**

ਇਸ ਨਮਾਜ਼ ਨੂੰ ਪੜ੍ਹਨ ਨਾਲ ਮੁਸਲਮਾਨ ਨੂੰ ਹੱਜ ਕਰਨ ਵਰਗਾ ਫਲ ਮਿਲਦਾ ਹੈ, "ਹਜ਼ਰਤ ਅਨਸ ਬਿਨ ਮਲਿਕ (ਰਜ਼ੀ.) ਤੋਂ ਰਵਾਇਤ ਹੈ ਕਿ ਹਜ਼ੂਰ (ਸ.) ਨੇ ਫਰਮਾਇਆ ਜੋ ਵਿਅਕਤੀ ਫਜਰ ਦੀ ਨਮਾਜ਼ ਜਮਾਤ ਨਾਲ ਪੜ੍ਹਦਾ ਹੈ ਅਤੇ ਫਿਰ ਸੂਰਜ ਨਿਕਲਣ ਤੱਕ ਅੱਲਾਹ ਦੇ ਜ਼ਿਕਰ ਵਿਚ ਸ਼ਰਧਾਲੂ ਰਹਿੰਦਾ ਹੈ ਫਿਰ ਦੋ ਰਕਾਤ ਨਫਲ ਪੜ੍ਹਦਾ ਹੈ ਤਾਂ ਉਸਨੂੰ ਹੱਜ ਅਤੇ ਉਮਰਾ (ਕਰਨ ਦਾ) ਸਵਾਬ ਮਿਲਦਾ ਹੈ ਹਜ਼ਰਤ ਅਨਸ (ਰਜ਼ੀ.) ਫਰਮਾਉਂਦੇ ਹਨ ਕਿ ਆਪ (ਸ.) ਨੇ ਤਿੰਨ ਵਾਰ ਇਸ਼ਰਾਕ ਫਰਮਾਇਆ, ਕਾਮਿਲ (ਸੰਪੂਰਨ) ਹੱਜ ਅਤੇ ਉਮਰੇ ਦਾ ਸਵਾਬ, ਕਾਮਿਲ ਹੱਜ ਅਤੇ ਉਮਰੇ ਦਾ ਸਵਾਬ, ਕਾਮਿਲ ਹੱਜ ਅਤੇ ਉਮਰੇ ਦਾ ਸਵਾਬ (ਤਿਰਮਿਜ਼ੀ)"[182] ਮੁਹੰਮਦ ਸਾਹਿਬ ਨੇ ਇਸ ਨਮਾਜ਼ ਨੂੰ ਅਦਾ ਕਰਨ ਵਾਲੇ ਨੂੰ ਤਿੰਨ ਵਾਰ ਹੱਜ ਅਤੇ ਉਮਰੇ ਦਾ ਸਵਾਬ ਮਿਲਣ ਦਾ ਇਸ਼ਾਰਾ ਕੀਤਾ ਹੈ।

**4.3.58 ਨਮਾਜ਼-ਏ-ਵਿਤਰ**

ਇਹ ਨਮਾਜ਼ ਇਸ਼ਾ ਦੀ ਨਮਾਜ਼ ਤੋਂ ਬਾਅਦ ਪੜ੍ਹਨ ਦਾ ਵਿਧਾਨ ਹੈ ਭਾਵ ਸੌਣ ਤੋਂ ਪਹਿਲਾ ਇਸਨੂੰ ਮੁਹੰਮਦ ਸਾਹਿਬ ਅਦਾ ਕਰਦੇ ਹੁੰਦੇ ਹਨ,"ਸੌਣ ਤੋਂ ਪਹਿਲਾਂ ਆਮ ਕਰਕੇ ਨਮਾਜ਼-ਏ-ਵਿਤਰ ਪੜ੍ਹੀ ਜਾਂਦੀ ਹੈ। ਇਸ ਨਫਲ ਨਮਾਜ਼ ਦਾ ਵਕਤ ਇਸ਼ਾ ਦੀ ਫਰਜ਼ ਨਮਾਜ਼ ਤੋਂ ਬਾਅਦ ਦਾ ਹੈ। ਵੈਸੇ ਨਮਾਜ਼-ਏ-ਵਿਤਰ ਇਸ਼ਾ ਦੀ ਨਮਾਜ਼ ਤੋਂ ਬਾਅਦ ਰਾਤ ਦੇ ਕਿਸੇ ਹਿੱਸੇ ਵਿਚ ਵੀ ਪੜ੍ਹੀ ਜਾ ਸਕਦੀ ਹੈ। ਐਸੀ ਮਾਨਤਾ ਹੈ ਕਿ ਅੱਲਾਹ ਦੇ ਰਸੂਲ ਹਜ਼ਰਤ ਮੁਹੰਮਦ ਸਾਹਿਬ ਨਮਾਜ਼-ਏ-ਵਿਤਰ ਰਾਤ ਦੇ ਆਖਰੀ ਹਿੱਸੇ ਵਿਚ ਅਦਾ ਕਰਦੇ ਸਨ।

ਉਪਰੋਕਤ ਨਫਲ ਨਮਾਜ਼ਾਂ ਤੋਂ ਇਲਾਵਾਂ ਹੋਰ ਵੀ ਕਈ ਨਫਲ ਨਮਾਜ਼ਾਂ ਹਨ ਜਿਵੇਂ ਮੀਂਹ ਲਈ ਪੜ੍ਹੀ ਜਾਣ ਵਾਲੀ ਨਮਾਜ਼, ਚੰਦ-ਗ੍ਰਹਿਣ, ਸੂਰਜ-ਗ੍ਰਹਿਣ, ਜਾਂ ਭੂਚਾਲ ਆਦਿ ਕੁਦਰਤੀ ਆਫਤ ਸਮੇਂ ਵੀ ਨਮਾਜ਼ ਅਦਾ ਕੀਤੀ ਜਾਂਦੀ ਹੈ। ਯਾਦ ਰਹੇ ਕਿ ਫਰਜ਼ ਨਮਾਜ਼ਾਂ ਆਮ ਕਰਕੇ ਮਸਜਿਦ ਵਿਚ ਜਮਾਤ ਦੇ ਨਾਲ ਅਦਾ ਕਰਨ ਦੀ ਹਦਾਇਤ ਹੈ ਜਦ ਕਿ ਨਫਲ ਨਮਾਜ਼ਾਂ ਜ਼ਿਆਦਾਤਰ ਘਰ ਰਹਿ ਕੇ ਅਦਾ ਕੀਤੀਆਂ ਜਾਂਦੀਆ ਹਨ। ਨਮਾਜ਼ ਪੜ੍ਹਨ ਵਾਲੇ ਨੂੰ ਨਮਾਜ਼ੀ ਅਤੇ ਨਮਾਜ਼ ਪੜ੍ਹਨ ਵਾਲੀ ਥਾਂ ਨੂੰ ਨਮਾਜ਼ਗਾਹ ਜਾ

[181] ਅਨੁ. ਤੇ ਸੰਪਾ. ਡਾ. ਅਨਵਰ ਚਿਰਾਗ, *ਨੂਰ-ਏ-ਹਦੀਸ*,ਪੰਨਾ 63.
[182]ਉਹੀ,ਪੰਨਾ 63.

ਮਸਜਿਦ ਕਿਹਾ ਜਾਂਦਾ ਹੈ।"[183] ਸੋ ਇਹਨਾਂ ਨਫਲ ਨਮਾਜ਼ਾ ਤੋਂ ਇਲਾਵਾਂ ਹੋਰ ਵੀ ਅਨੇਕਾ ਨਫਲ ਨਮਾਜ਼ਾ ਹਨ ਜੋ ਕਿਸੇ ਵੀ ਕੁਦਰਤੀ ਘਟਨਾ ਦੇ ਸਮੇਂ ਪੜ੍ਹੀਆ ਜਾਂਦੀਆਂ ਹਨ। ਇਹ ਨਮਾਜ਼ਾਂ ਜ਼ਿਆਦਾਤਰ ਘਰ ਹੀ ਪੜ੍ਹੀਆ ਜਾਂਦੀਆਂ ਹਨ।

**4.3.59 ਦੁਗਾਨਾ**

ਇਹ ਵੀ ਇਕ ਨਮਾਜ਼ ਦਾ ਰੂਪ ਹੈ ਦੋ ਰਕਾਤਾਂ ਹੋਣ ਕਾਰਨ ਇਸਨੂੰ ਦੁਗਾਨਾ ਕਿਹਾ ਜਾਂਦਾ ਹੈ,"ਦੁਗਾਨਾ ਜਾਂ ਦੋਗਾਨਾ ਦੋ ਰਕਅਤਾਂ ਦੀ ਨਮਾਜ਼ ਨੂੰ ਕਹਿੰਦੇ ਹਨ ਨਮਾਜ਼-ਏ-ਹਾਜ਼ਤ, ਨਮਾਜ਼-ਏ-ਤੌਬਾ ਅਤੇ ਸ਼ੁਕਰਾਨੇ ਦੀ ਨਮਾਜ਼ ਕਿਉਂਕਿ ਦੋ ਰਕਅਤਾਂ ਦੀਆਂ ਹੁੰਦੀਆਂ ਹਨ ਇਸ ਕਰਕੇ ਇਹਨਾਂ ਵਿਚੋਂ ਹਰ ਇਕ ਨਮਾਜ਼ ਨੂੰ ਦੁਗਾਨਾ ਕਿਹਾ ਜਾ ਸਕਦਾ ਹੈ। ਦੋਵੇਂ ਈਦਾਂ ਦੌਰਾਨ ਈਦਗਾਹ ਵਿਖੇ ਪੜ੍ਹੀਆ ਜਾਣ ਵਾਲੀਆਂ ਨਮਾਜ਼ਾਂ ਵੀ ਕਿਉਂਕਿ ਦੋ ਰਕਅਤਾਂ ਦੀਆਂ ਹੁੰਦੀਆਂ ਹਨ। ਇਹਨਾਂ ਨਮਾਜ਼ਾਂ ਨੂੰ ਵੀ ਦੁਗਾਨਾ-ਏ-ਈਦ ਕਿਹਾ ਜਾਂਦਾ ਹੈ।"[184] ਇਸ ਤਰ੍ਹਾਂ ਦੀਆਂ ਨਮਾਜ਼ਾਂ ਇਸਲਾਮ ਵਿਚ ਕਈ ਮੌਕਿਆਂ ਤੇ ਪੜ੍ਹੀਆਂ ਜਾਂਦੀਆਂ ਹਨ।

**4.3.60 ਦੁਆ**

ਇਸਲਾਮ ਵਿਚ ਦੁਆ ਵੀ ਇਕ ਤਰ੍ਹਾਂ ਦੀ ਅਰਦਾਸ ਹੀ ਹੈ, ਜਿਸ ਵਿਚ ਅੱਲਾਹ ਅੱਗੇ ਦੁਆ ਕਰਕੇ ਕੁਝ ਨਾ ਕੁਝ ਮੰਗਿਆ ਜਾਂਦਾ ਹੈ। ਇਹ ਮੰਗ ਦੁਨਿਆਵੀ ਵੀ ਹੋ ਸਕਦੀ ਹੈ ਅਤੇ ਅਧਿਆਤਮਿਕ ਵੀ ਇਹ ਸਿੱਧੇ ਤੌਰ ਤੇ ਅਰਦਾਸ, ਪ੍ਰਾਰਥਨਾ, ਪ੍ਰੇਅਰ ਵਰਗੀ ਹੈਸੀਅਤ ਰੱਖਦੀ ਹੈ। ਇਸਲਾਮ ਵਿਚ ਆਪਣੇ ਭਲੇ ਲਈ, ਕਿਸੇ ਹੋਰ ਦੇ ਭਲੇ ਲਈ ਭਾਵ ਹਰ ਕਾਰਜ ਲਈ ਦੁਆ ਕੀਤੀ ਜਾਂਦੀ ਹੈ। ਇਸਲਾਮ ਵਿਚ ਇਸ ਸੰਕਲਪ ਬਾਰੇ ਵਿਚਾਰ ਇਸ ਪ੍ਰਕਾਰ ਸ਼ਾਮਿਲ ਹਨ:-

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ ਦੁਆ, "ਦੁਆ -ਪ੍ਰਾਰਥਨਾ, ਬੇਨਤੀ"[185]

ਦੁਆ ਸਿੱਧੇ ਤੌਰ ਤੇ ਇਸਲਾਮ ਵਿਚ ਪ੍ਰਾਰਥਨਾ ਦਾ ਸਰੂਪ ਹੈ ਦੁਆ ਕਰਨੀ ਕੇਵਲ ਖੁਦਾ ਸਾਹਮਣੇ ਹੈ। ਹਰ ਇਕ ਵਿਅਕਤੀ ਦੁਆ ਮੰਗ ਸਕਦਾ ਹੈ। ਪੈਗੰਬਰ ਆਪਣੇ ਮੰਨਣ ਵਾਲੇ ਲੋਕਾਂ ਲਈ ਦੁਆ ਮੰਗ ਸਕਦਾ ਹੈ, ਗੁਨਾਹਗਾਰ ਆਪਣੀਆਂ ਭੁੱਲਾਂ ਬਖਸ਼ਾਉਣ ਲਈ, ਇਸਲਾਮ ਵਿਚ ਵੱਡੇ ਤੋਂ ਵੱਡੇ ਗੁਨਾਹਗਾਰ ਵੀ ਸੱਚੇ ਪਛਤਾਵੇ ਰਾਹੀਂ ਦੁਆ ਮੰਗ ਕੇ ਬਖਸ਼ੇ ਜਾ ਸਕਦੇ ਹਨ। ਪ੍ਰੋ.ਗੁਰਚਰਨ ਸਿੰਘ ਤਲਵਾੜਾ ਰਚਿਤ ਸੂਫੀਮਤ ਸੰਕਲਪ ਕੋਸ਼ ਅਨੁਸਾਰ,"ਦੁਆ ਤੋਂ ਭਾਵ ਹੈ ਰੱਬ ਕੋਲੋਂ ਮੰਗਣਾ, ਰੱਬ ਅੱਗੇ ਪ੍ਰਾਰਥਨਾ ਕਰਨਾ, ਰੱਬ ਅੱਗੇ ਅਰਦਾਸ ਕਰਨਾ, ਰੱਬ ਨੂੰ ਸ਼ੁਕਰਾਨਾ, ਸਭ ਧਰਮਾਂ ਵਿਚ ਬੇਨਤੀ, ਪ੍ਰਾਰਥਨਾ, ਅਰਦਾਸ ਅਤੇ ਦੁਆ ਕਰਨ ਦੀ ਬੇਹੱਦ ਅਹਿਮੀਅਤ ਹੈ, ਇਸਲਾਮੀ ਸ਼ਰੀਅਤ ਅਤੇ ਸੂਫੀ ਵਿਚਾਰਧਾਰਾ ਵਿਚ ਦੁਆ ਦੇ ਸੰਕਲਪ ਦੀ ਅਤਿ ਮਹੱਤਤਾ ਤਾਂ ਹੈ ਹੀ ਲੇਕਿਨ ਦੁਆ ਸਿਰਫ ਤੇ ਸਿਰਫ ਖੁਦਾ ਅੱਗੇ ਹੀ ਕੀਤੀ ਜਾਂਦੀ ਹੈ। ਗੈਰ-ਉਲਾ ਤੇ ਦੁਆ ਮੰਗਣ ਦਾ ਸੰਕਲਪ ਇਸਲਾਮ ਅਤੇ ਸੂਫੀਮਤ ਵਿਚ ਹੈ ਹੀ ਨਹੀਂ ਹੈ, ਸੋਚਿਆ ਵੀ ਨਹੀਂ ਜਾ ਸਕਦਾ ਕਿ ਰੱਬ ਤੋਂ ਇਲਾਵਾ ਕਿਸੇ ਹੋਰ ਅੱਗੇ ਦੁਆ ਕੀਤੀ ਜਾਵੇ। ਚਾਹੇ ਕੋਈ

[183] ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼* ,ਪੰਨਾ 358.
[184] ਉਹੀ,ਪੰਨਾ 340.
[185] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 639.

ਅਹਿਲੇ ਈਮਾਨ ਹੋਵੇ, ਚਾਹੇ ਕੋਈ ਗੁਨਾਹਗਾਰ ਹੋਵੇ, ਹਰ ਕੋਈ ਰੱਬ ਕੋਲੋਂ ਦੁਆ ਮੰਗ ਸਕਦਾ ਹੈ, ਅਹਿਲੇ ਈਮਾਨ ਆਪਣੀ ਅਤੇ ਉਮੱਤ ਦੀ ਭਲਾਈ ਦੀ ਦੁਆ ਮੰਗਦਾ ਹੈ। ਗੁਨਾਹਗਾਰ ਤੌਬਾ ਕਰਕੇ ਰੱਬ ਤੋਂ ਦੁਆ ਮੰਗਦਾ ਹੈ ਕਿ ਉਹ ਗੁਨਾਹਾਂ ਤੋਂ ਮਾਫੀ ਚਾਹੁੰਦਾ ਹੈ ਅਤੇ ਅੱਗੇ ਤੋਂ ਨੇਕ ਪਾਕ ਜੀਵਨ ਬਤੀਤ ਕਰਨ ਦੀ ਤੌਫੀਕ ਮੰਗਦਾ ਹੈ। ਯਾਦ ਰਹੇ ਕਿ ਇਸਲਾਮ ਵਿਚ ਨਾ ਉਮੀਦੀ ਨਹੀਂ ਹੈ ਭਾਵੇ ਕੋਈ ਕਿਤਨਾ ਵੀ ਗੁਨਾਹਗਾਰ ਹੋਵੇ, ਉਹ ਗੁਨਾਹਾਂ ਲਈ ਤੌਬਾ ਕਰੇ ਅਤੇ ਰੱਬ ਅਗੇ ਦੁਆ ਕਰੇ। ਇਸਲਾਮ ਵਿਚ ਨਾ ਉਮੀਦੀ ਨੂੰ ਕੁਫਰ ਸਮਝਿਆ ਗਿਆ ਹੈ। ਕੁਰਆਨ ਮਜੀਦ ਵਿਚ ਰੱਬ ਅੱਗੇ ਦੁਆ ਕਰਨ ਦੀ ਹਿਦਾਇਤ ਕਈ ਥਾਵਾਂ ਤੇ ਆਈ ਹੈ ਕਿ ਆਪਣੇ ਰੱਬ ਕੋਲੋਂ ਦੁਆ ਮੰਗੋ, ਉਹ ਕਬੂਲ ਕਰਦਾ ਹੈ ਸੂਰਹਾ ਅਲ-ਮੋਮਿਨਨ ਦੀ ਆਇਤ ਨੰ: 118 ਵਿਚ ਇਰਸ਼ਾਦ ਹੈ, ਹੇ ਨਬੀ! ਆਪ ਦੁਆ ਕਰਦੇ ਰਹੇ ਕਿ ਮੇਰਿਆ ਰੱਬਾ ਬਖਸ਼ ਅਤੇ ਮਿਹਰ ਕਰ ਤੂੰ ਸਭਨਾ ਤੋਂ ਚੰਗਾ ਮਿਹਰਬਾਨ ਹੈ। ਸੂਰਹਾ-ਅਲ-ਮੋਮਿਨ ਦੇ ਆਇਤ ਨੰਬਰ 60 ਵਿਚ ਫੁਰਮਾਨ ਹੈ, ਤੁਹਾਡਾ ਰੱਬ ਆਖਦਾ ਹੈ ਕਿ ਸਿਰਫ ਮੇਰੇ ਅੱਗੇ ਹੀ ਦੁਆ ਕਰੋ, ਮੈਂ ਤੁਹਾਡੀਆਂ ਦੁਆਵਾਂ ਕਬੂਲ ਕਰਾਂਗਾ। ਰੱਬੇ ਅੱਗੇ ਦੁਆ ਕਰਨਾ ਸੁੰਨਤ-ਏ-ਰਸੂਲ ਹੈ। ਕਈ ਖਾਸ ਸਮੇਂ ਕੀਤੀਆਂ ਗਈਆਂ ਦੁਆਵਾਂ ਦੀ ਅਹਿਮੀਅਤ ਬਿਆਨ ਕੀਤੀ ਗਈ ਹੈ। ਜਦੋਂ ਰੋਜ਼ਾ ਇਫਤਾਰ ਕੀਤਾ ਜਾਂਦਾ ਹੈ ਉਸਤੋਂ ਪਹਿਲਾ ਕੀਤੀ ਦੁਆ ਬਾਰੇ ਕਿਹਾ ਜਾਂਦਾ ਹੈ ਕਿ ਰੱਬ ਕਬੂਲ ਕਰਦਾ ਹੈ। ਤਹੱਜੁਦ ਦੇ ਸਮੇਂ ਕੀਤੀ ਦੁਆ ਅਕਸਰ ਕਬੂਲ ਹੁੰਦੀ ਹੈ। ਇਸਲਾਮੀ ਸ਼ਰੀਅਤ ਅਤੇ ਸੂਫੀ ਵਿਚਾਰਧਾਰਾ ਮੁਤਾਬਿਕ ਭਾਵੇਂ ਦੁਆਵਾਂ ਦੇ ਸ਼ਬਦ ਨਿਸ਼ਚਿਤ ਹਨ ਲੇਕਿਨ ਐਸੀ ਮਾਨਤਾ ਵੀ ਹੈ ਕਿ ਆਪਣੇ ਲਫਜ਼ਾਂ ਨਾਲ ਕੀਤੀ ਦੁਆ ਵੀ ਜਾਇਜ਼ ਹੈ। ਰੱਬ ਚਾਹੇ ਤਾਂ ਕਬੂਲ ਹੁੰਦੀ ਹੈ। ਦੁਆ ਬਾਰੇ ਤਾਂ ਇਥੋਂ ਤਕ ਕਿਹਾ ਜਾਂਦਾ ਹੈ ਕਿ ਤਕਦੀਰ ਦੇ ਫੈਸਲੇ ਵੀ ਬਦਲ ਜਾਂਦੇ ਹਨ ਜੇਕਰ ਰੱਬ ਦੀ ਮਰਜ਼ੀ ਹੋਵੇ, ਇਸ ਕਰਕੇ ਸੂਫੀ ਫਕੀਰ ਰੱਬ ਕੋਲੋ ਦੁਆ ਮੰਗਣ ਦੀ ਹਦਾਇਤ ਅਕਸਰ ਹੀ ਆਪਣੇ ਮੁਰੀਦਾਂ ਨੂੰ ਕਰਦੇ ਰਹਿੰਦੇ ਹਨ।"[186] ਇਸਲਾਮ ਵਿਚ ਦੁਆ ਦੀ ਬੜੀ ਮਾਨਤਾ ਹੈ। ਅੱਲਾਹ ਕੋਲੋਂ ਦੁਆ ਰਾਹੀਂ ਹੀ ਕੁਝ ਨਾ ਕੁਝ ਹਾਸਿਲ ਕੀਤਾ ਜਾ ਸਕਦਾ ਹੈ। ਇਸ ਲਈ ਹਮੇਸ਼ਾ ਦੁਆ ਵਿਚ ਜੁੜੇ ਰਹੋ। ਆਪਣੇ ਲਈ, ਆਪਣੇ ਲੋਕਾਂ ਲਈ ਹਮੇਸ਼ਾਂ ਦੁਆ ਵਿਚ ਭਲਾ ਹੀ ਮੰਗੋ।

### 4.3.61 ਦੁਆ ਮੰਗਣ ਦਾ ਸਲੀਕਾ

ਦੁਆ ਵਿਚ ਕਦੇ ਕਿਸਾ ਦਾ ਬੁਰਾ ਨਹੀਂ ਮੰਗਣਾ ਹੁੰਦਾ ਅਜਿਹੀ ਦੁਆ ਹਮੇਸ਼ਾ ਕਬੂਲ ਹੁੰਦੀ ਹੈ,"ਹਜ਼ਰਤ ਅਬੂ ਹੁਰੈਰਾ (ਰਜ਼ੀ.) ਰਿਵਾਇਤ ਕਰਦੇ ਹਨ ਕਿ ਨਬੀ(ਸ.) ਨੇ ਫਰਮਾਇਆ, 'ਬੰਦੇ ਦੀ ਦੁਆ ਹਮੇਸ਼ਾ ਕਬੂਲ ਹੁੰਦੀ ਹੈ ਬਸ਼ਰਤਿ ਕਿ ਉਹ ਕਿਸੇ ਗੁਨਾਹ ਜਾਂ (ਕਿਸੇ ਨਾਲੋਂ) ਸੰਬੰਧ ਤੋੜਨ ਦੀ ਦੁਆ ਨਾ ਕਰੇ ਅਤੇ ਜਲਦਬਾਜ਼ੀ ਤੋਂ ਕੰਮ ਨਾ ਲਵੇ। ਲੋਕਾਂ ਨੇ ਪੁੱਛਿਆ, "ਐ ਅੱਲਾਹ ਦੇ ਰਸੂਲ! ਜਲਦਬਾਜ਼ੀ ਤੋਂ ਕੀ ਭਾਵ ਹੈ? ਆਪ (ਸ.) ਨੇ ਫੁਰਮਾਇਆ, 'ਦੁਆ ਮੰਗਣ ਵਾਲਾ ਇਹ ਸੋਚਣ ਲੱਗਦਾ ਹੈ ਕਿ ਮੈਂ ਬਹੁਤ ਦੁਆ ਮੰਗੀ ਪਰ ਕਬੂਲ ਨਾ ਹੋਈ ਬੱਸ ਥੱਕ ਕੇ (ਨਿਰਾਸ਼ ਹੋ ਕੇ) ਉਹ ਦੁਆ ਮੰਗਣਾ ਬੰਦ ਕਰ

---

[186] ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼*, ਪੰਨਾ 338-39.

ਦਿੰਦਾ ਹੈ।(ਮੁਸਲਿਮ)"[187] ਦੁਆ ਵਿਚ ਹਮੇਸ਼ਾਂ ਜੁੜੇ ਰਹਿਣਾ ਚਾਹੀਦਾ ਹੈ। ਇਸ ਗੱਲ ਤੇ ਨਿਰਾਸ਼ ਨਹੀਂ ਹੋਣਾ ਚਾਹੀਦਾ ਕਿ ਇੰਨਾ ਚਿਰ ਹੋ ਗਿਆ ਕਿ ਮੇਰੀ ਦੁਆ ਕਬੂਲ ਨਹੀਂ ਹੋਈ। ਇਸ ਲਈ ਸਬਰ ਤੋਂ ਕੰਮ ਲਵੋ ਮੁਹੰਮਦ ਸਾਹਿਬ ਦਾ ਇਹ ਫੁਰਮਾਨ ਹੈ।

### 4.3.62 ਦੁਆ ਮੰਗਣ ਤੇ ਕੁਝ ਨਾ ਕੁਝ ਜ਼ਰੂਰ ਮਿਲਦਾ ਹੈ

ਹਜ਼ਰਤ ਮੁਹੰਮਦ ਸਾਹਿਬ ਦਾ ਦੁਆ ਲਈ ਬਚਨ ਹੈ ਕਿ ਜਾਂ ਤਾਂ ਦੁਆ ਤੁਹਾਡੀ ਦੁਨੀਆਂ ਵਿਚ ਕਬੂਲ ਫੁਰਮਾਈ ਜਾਵੇਗੀ ਜਾਂ ਆਖਿਰਤ ਦੇ ਦਿਨ ਤੁਹਾਡੇ ਤੇ ਰਹਿਮਤ ਹੋਵੇਗੀ,"ਹਜ਼ਰਤ ਅਬੂ ਸਈਦ ਖ਼ੁਦਰੀ (ਰਜ਼ੀ.) ਆਖਦੇ ਹਨ ਕਿ ਨਬੀ (ਸ.) ਨੇ ਫੁਰਮਾਇਆ, ਜਦੋਂ ਕੋਈ ਮੁਸਲਮਾਨ ਦੁਆ ਮੰਗਦਾ ਹੈ ਜਿਸ ਵਿਚ ਕਿਸੇ ਗੁਨਾਹ ਜਾਂ ਸੰਬੰਧ ਤੋੜਨ ਦੀ ਗੱਲ ਨਾ ਹੋਵੇ ਤਾਂ ਅੱਲਾਹ ਅਜਿਹੀ ਦੁਆ ਨੂੰ ਕਬੂਲ ਕਰਦਾ ਹੈ ਜਾਂ ਤਾਂ ਇਸ ਦੁਨੀਆਂ ਵਿਚ ਹੀ ਉਸਦੀ ਦੁਆ ਕਬੂਲ ਫਰਮਾ ਲੈਂਦਾ ਹੈ ਅਤੇ (ਦੁਆ ਮੰਗਣ ਵਾਲੇ)ਦਾ ਮਕਸਦ ਪੂਰਾ ਹੋ ਜਾਂਦਾ ਹੈ ਜਾਂ ਆਖਰਤ ਵਿਚ ਉਸਦੇ ਲਈ ਜ਼ਖੀਰਾ (ਖਜ਼ਾਨਾ) ਬਣਾ ਦਿੰਦਾ ਹੈ ਜਾਂ ਉਸ ਤੇ ਉਸਨੂੰ ਇਸ ਦੁਆ ਦੀ ਬਦੌਲਤ ਟਾਲ ਦਿੰਦਾ ਹੈ। ਸਹਾਬਾ (ਰਜ਼ੀ.) ਨੇ ਅਰਜ਼ ਕੀਤੀ। ਫਿਰ ਤਾਂ ਅਸੀਂ ਬਹੁਤ ਜ਼ਿਆਦਾ ਦੁਆਵਾਂ ਮੰਗਾਂਗੇ, ਆਪ (ਸ.) ਨੇ ਫਰਮਾਇਆ ਅੱਲਾਹ ਵੀ ਬਹੁਤ ਜ਼ਿਆਦਾ ਅਤਾ ਫਰਮਾਉਣ ਵਾਲਾ ਹੈ।(ਮਸਨਦ ਅਹਿਮਦ)"[188] ਮੁਹੰਮਦ ਸਾਹਿਬ ਅਨੁਸਾਰ ਜਿੰਨੀ ਜ਼ਿਆਦਾ ਦੁਆ ਮੰਗੋਗੇ ਖੁਦਾ ਓਨੀ ਜ਼ਿਆਦਾ ਰਹਿਮਤ ਕਰੇਗਾ।

### 4.3.63 ਦੁਆ-ਏ-ਮਾਸੂਰਾ

ਕੁਰਆਨ ਮਜੀਦ ਦਾ ਪੂਰਾ ਪਾਠ ਕਰਨ ਤੋਂ ਬਾਅਦ ਇਹ ਦੁਆ ਪੜ੍ਹੀ ਜਾਂਦੀ ਹੈ। ਇਸ ਵਿਚ ਕਿਆਮਤ ਦੇ ਦਿਨ ਮਿਹਰ ਕਰਨ ਦੀ ਦੁਆ ਹੈ, "ਕੁਰਆਨ ਮਜੀਦ ਦੀ ਤਿਲਾਵਤ ਤੋਂ ਬਾਅਦ ਖਤਮ-ਏ-ਕੁਰਆਨ ਦੀ ਦੁਆ ਪੜ੍ਹੀ ਜਾਂਦੀ ਹੈ ਜੋ ਤਿਲਾਵਤ ਤੇ ਖਤਮ ਹੋਣ ਦੀ ਦੁਆ ਹੈ, ਇਹ ਇਸ ਤਰ੍ਹਾਂ ਹੀ ਹੈ ਜਿਵੇਂ ਦੂਜੇ ਧਰਮਾਂ,ਮਜ਼੍ਹਬਾਂ ਵਿਚ ਧਾਰਮਿਕ ਗ੍ਰੰਥਾਂ ਦੇ ਪਾਠ ਦੀ ਸਮਾਪਤੀ ਬਾਅਦ ਅਰਦਾਸ ਕੀਤੀ ਜਾਂਦੀ ਹੈ। ਦੁਆ-ਏ-ਮਾਸੂਰਾ ਇਕ ਰਿਵਾਇਤੀ ਦੁਆ ਹੈ ਜਿਸਦੇ ਲਫਜ਼ਾਂ ਦਾ ਪੰਜਾਬੀ ਅਨੁਵਾਦ ਹੈ, 'ਹੇ ਅੱਲਾਹ! ਮੇਰੀ ਕਬਰ ਦੀ ਘਬਰਾਹਟ ਵਿਚ ਮੇਰੀ ਸਹਾਇਤਾ ਕਰਨਾ। ਹੇ ਅੱਲਾਹ! ਇਸ ਮਹਾਨ ਕੁਰਆਨ ਦੀ ਬਰਕਤ ਨਾਲ ਮੇਰੇ ਤੇ ਦਇਆ ਕਰ ਅਤੇ ਇਸਨੂੰ ਮੇਰੇ ਲਈ ਪੇਸ਼ਵਾ,ਨੂਰ,ਹਿਦਾਇਤ ਅਤੇ ਰਹਿਮਤ ਬਣਾ ਦੇ। ਹੇ ਅੱਲਾਹ! ਇਸਦੇ ਵਿਚੋਂ ਜੋ ਕੁਝ ਮੈਂ ਭੁੱਲ ਗਿਆ ਹਾਂ, ਉਹ ਮੈਨੂੰ ਚੇਤੇ ਕਰਾ ਦੇ ਤੇ ਜੋ ਕੁਝ ਮੈਂ ਨਹੀਂ ਜਾਣਦਾ ਉਹ ਮੈਨੂੰ ਸਿਖਾ ਦੇ ਅਤੇ ਰਾਤ ਤੇ ਦਿਨ ਦੀਆਂ ਘੜੀਆਂ ਵਿਚ ਮੈਨੂੰ ਇਸਦਾ ਪਾਠ ਕਰਨ ਦਾ ਸੁਭਾਗ ਬਖਸ਼। ਹੇ ਪਾਲਣਹਾਰ! ਮੈਨੂੰ ਇਸਦੇ ਲਈ ਦਲੀਲ ਬਣਾ ਦੇ।"[189] ਜਿਵੇਂ ਦੂਜੇ ਧਰਮਾਂ ਵਿਚ ਪਾਠ ਕਰਦਿਆਂ ਹੋਈਆਂ ਭੁੱਲਾਂ ਦੀ ਖਿਮਾ ਮੰਗੀ ਜਾਂਦੀ ਹੈ, ਉਸੇ ਤਰ੍ਹਾਂ ਇਸ ਦੁਆ ਵਿਚ ਵੀ ਖਿਮਾ ਯਾਚਨਾ ਕੀਤੀ ਜਾਂਦੀ ਹੈ।

---

[187] ਅਨੁ. ਤੇ ਸੰਪਾ. ਡਾ. ਅਨਵਰ ਚਿਰਾਗ, *ਨੂਰ-ਏ-ਹਦੀਸ*, ਪੰਨਾ 77.
[188] ਅਨੁ. ਤੇ ਸੰਪਾ. ਡਾ. ਅਨਵਰ ਚਿਰਾਗ, *ਨੂਰ-ਏ-ਹਦੀਸ*, ਪੰਨਾ 77-78.
[189] ਪ੍ਰੋ: ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼,* ਪੰਨਾ 339-40.

### 4.3.64 ਹਰ ਨਮਾਜ਼ ਤੋਂ ਬਾਅਦ ਪੜ੍ਹਨਯੋਗ ਦੁਆ

ਮੁੰਹਮਦ ਸਾਹਿਬ ਵੱਲੋਂ ਬਖਸ਼ਿਸ਼ ਪ੍ਰਾਪਤ ਮਨੁੱਖ ਦੱਸਦੇ ਹਨ ਕਿ ਦੁਆ ਮੰਗਣ ਬਾਰੇ ਮੁਹੰਮਦ ਸਾਹਿਬ ਬੜੇ ਜ਼ੋਰ ਨਾਲ ਕਿਹਾ ਕਰਦੇ ਸਨ, "ਹਜ਼ਰਤ ਮੁਆਜ਼ ਬਿਨ ਜਬਲ (ਰਜ਼ੀ) ਆਖਦੇ ਹਨ ਕਿ ਅੱਲਾਹ ਦੇ ਰਸੂਲ (ਸ.) ਨੇ ਮੇਰਾ ਹੱਥ ਆਪਣੇ ਹੱਥ ਵਿੱਚ ਲਿਆ ਅਤੇ ਫੁਰਮਾਇਆ , "ਐ ਮੁਆਜ਼! ਮੈਂ ਤੁਹਾਨੂੰ ਬਹਤੁ ਮੁਹੱਬਤ ਕਰਦਾ ਹਾਂ। ਫਿਰ ਫੁਰਮਾਇਆ, ਐ ਮੁਆਜ਼! ਮੈਂ ਤੁਹਾਨੂੰ ਵਸੀਅਤ ਕਰਦਾ ਹਾਂ ਕਿ ਹਰ ਨਮਾਜ਼ ਤੋਂ ਬਾਅਦ ਇਹ ਦੁਆ ਜ਼ਰੂਰ ਮੰਗਣਾ (ਅਰਬੀ ਦੁਆ ਦਾ ਭਾਵ) ਐ ਅੱਲਾਹ! ਤੂੰ ਮੈਨੂੰ ਆਪਣਾ ਜ਼ਿਕਰ, ਆਪਣਾ ਸ਼ੁਕਰ ਅਤੇ ਆਪਣੀ ਵਧੀਆ ਢੰਗ ਨਾਲ ਇਬਾਦਤ ਕਰਨ ਦੀ ਤੌਫੀਕ ਅਤਾ ਫਰਮਾ।(ਅਬੂ ਦਾਊਦ ਨਿਸਾਈ)"[190] ਹਰ ਦੁਆ ਵਿਚ ਇਹ ਮੰਗ ਰੱਖੋ ਕਿ ਅੱਲਾਹ ਆਪਨੂੰ ਯਾਦ, ਬੰਦਗੀ ਅਤੇ ਸ਼ੁਕਰਾਨੇ ਦੀ ਅਵਸਥਾ ਦੇਵੇ।

### 4.3.65 ਪ੍ਰੇਸ਼ਾਨ ਅਤੇ ਦੁਖੀ ਵਿਅਕਤੀ ਦੀ ਦੁਆ

ਪ੍ਰੇਸ਼ਾਨ ਅਤੇ ਦੁਖੀ ਵਿਅਕਤੀ ਅੱਲਾਹ ਦੇ ਦਰ 'ਤੇ ਇਹ ਦੁਆ ਮੰਗਣ ਕਿ ਸਾਡੇ ਤੇ ਰਹਿਮਤ ਕਰਕੇ ਸਾਨੂੰ ਆਪਣਾ ਬਣਾ,"ਹਜ਼ਰਤ ਅਬੂ ਹੁਰੈਰਾ (ਰਜ਼ੀ.) ਰਿਵਾਇਤ ਕਰਦੇ ਹਨ ਕਿ ਰਸੂਲ (ਸ.) ਨੇ ਫੁਰਮਾਇਆ, 'ਪ੍ਰੇਸ਼ਾਨ ਅਤੇ ਦੁਖੀ ਵਿਅਕਤੀ ਇਹ ਦੁਆ ਪੜ੍ਹੇ ਕਿ ਐ ਅੱਲਾਹ! ਮੈਂ ਤੇਰੀ ਰਹਿਮਤ ਦਾ ਉਮੀਦਵਾਰ ਹਾਂ, ਤੂੰ ਅੱਖ ਝਮਕਣ ਜਿਨ੍ਹੀ ਦੇਰੀ ਲਈ ਵੀ ਮੈਨੂੰ ਮੇਰੇ ਨਫਸ ਦੇ ਹਵਾਲੇ ਨ ਕਰ ਅਤੇ ਮੇਰੇ ਸਭ ਹਾਲਾਤ ਤੇ ਮਾਮਲੇ ਦਰੁਸਤ ਫਰਮਾ ਦੇ, ਤੇਰੇ ਸਿਵਾ ਮੇਰਾ ਕੋਈ ਮਾਅਬੂਬ (ਜਿਸਦੀ ਇਬਾਦਤ ਕੀਤੀ ਜਾਵੇ,ਰੱਬ) ਨਹੀਂ ਹੈ।(ਅਬੂ ਦਾਊਦ)"[191] ਦੁਆ ਦੀ ਇਹ ਮੰਗ ਹੋਵੇ ਕਿ ਤੇਰੇ ਤੋਂ ਬਿਨਾਂ ਸਾਡਾ ਕੋਈ ਨਹੀਂ ਕਿਰਪਾ ਕਰਕੇ ਦੁਖਾਂ ਵਿਚੋਂ ਕੱਢ ਲੈ।

### 4.3.66 ਹਜ਼ਰਤ ਅਬੂ ਬਕਰ (ਰਜ਼ੀ.) ਦੀ ਦੁਆ

ਹਜ਼ਰਤ ਅਬੂਬਕਰ ਜੋ ਇਸਲਾਮ ਵਿਚ ਖਲੀਫੇ ਦੀ ਪਦਵੀ 'ਤੇ ਬਿਰਾਜਮਾਨ ਸਨ ਬੜੀ ਸੁੰਦਰ ਦੁਆ ਕਰਦੇ ਸਨ ਕਿ, "ਐ ਅੱਲਾਹ! ਮੈਂ ਆਪਣੇ ਉਪਰ ਬਹੁਤ ਜ਼ੁਲਮ ਕੀਤਾ ਹੈ ਅਤੇ ਮੇਰੇ ਗੁਨਾਹਾਂ ਨੂੰ ਤੇਰੇ ਸਿਵਾ ਕੋਈ ਮੁਆਫ ਕਰਨ ਵਾਲਾ ਨਹੀਂ ਹੈ। ਬੱਸ ਤੂੰ ਆਪਣੇ ਫਜ਼ਲ ਅਤੇ ਰਹਿਮਤ ਨਾਲ ਮੇਰੇ ਗੁਨਾਹ ਮੁਆਫ ਫਰਮਾ ਦੇ ਮੇਰੇ ਤੇ ਰਹਿਮ ਫਰਮਾ ਬੇਸ਼ੱਕ ਤੂੰ ਮੁਆਫ ਫੁਰਮਾਉਣ ਵਾਲਾ ਅਤੇ ਮਿਹਰਬਾਨ ਏਂ।(ਮੁਤਾਫਿਕ ਅਲੈਹਿ)"[192] ਆਪਣੇ ਗੁਨਾਹਾਂ ਦੀ ਮੁਆਫੀ ਅਤੇ ਖ਼ੁਦਾ ਦੀ ਰਹਿਮਤ ਹੀ ਦੁਆ ਦਾ ਮੁਖ ਨਿਸ਼ਾਨਾ ਹੋਵੇ।

### 4.3.67 ਹਜ਼ਰਤ ਅਬਦੁੱਲਾ ਬਿਨ ਮਸਊਦ (ਰਜ਼ੀ.) ਦੀ ਦੁਆ

ਇਸ ਦੁਆ ਵਿਚ ਅੱਲਾਹ ਤੋਂ ਅਧਿਆਤਮਿਕ ਅਤੇ ਸੰਸਾਰਿਕ ਸਾਰਾ ਕੁਝ ਹੀ ਮੰਗ ਲਿਆ ਗਿਆ ਹੈ, "ਐ ਅੱਲਾਹ! ਮੈਂ ਆਪ ਤੋਂ ਉਹ ਈਮਾਨ ਮੰਗਦਾ ਹਾਂ ਜੋ ਆਪਣੀ ਜਗ੍ਹਾ ਤੋਂ ਨਾ ਹਟੇ ਅਤੇ ਉਹ ਨਿਆਮਤਾਂ ਚਾਹੁੰਦਾ ਹਾਂ ਜੋ ਕਦੇ ਖਤਮ ਨਾ ਹੋਣ ਅਤੇ ਹਮੇਸ਼ਾਂ ਰਹਿਣ ਵਾਲੀ ਆਹਲਾ ਦਰਜੇ ਦੀ

---

[190] ਅਨੁ: ਤੇ ਸੰਪਾ: ਡਾ ਅਨਵਰ ਚਿਰਾਗ, *ਨੂਰ-ਏ-ਹਦੀਸ*, ਪੰਨਾ 78.
[191] ਉਹੀ,ਪੰਨਾ 78.
[192] ਉਹੀ,ਪੰਨਾ 78-79.

ਜੰਨਤ ਵਿਚ ਆਪਣੇ ਪੈਗੰਬਰ ਹਜ਼ਰਤ ਮੁਹੰਮਦ (ਸ.) ਦਾ ਸਾਥ ਨਸੀਬ ਹੋਵੇ।(ਜ਼ਾਦ-ਏ-ਰਾਹ)"[193] ਇਸ ਦੁਆ ਵਿਚ ਦੁਨਿਆਵੀ ਸੁਖ ਅਤੇ ਮੁਹੰਮਦ ਸਾਹਿਬ ਦਾ ਸਦੀਵੀਂ ਸਾਥ ਇਕੱਠੇ ਮੰਗੇ ਗਏ ਹਨ।

### 4.3.68 ਹਜ਼ਰਤ ਮੁਹੰਮਦ (ਸ.) ਦੀ ਦੁਆ

ਮੁਹੰਮਦ ਸਾਹਿਬ ਵੀ ਆਪਣੀ ਦੁਆ ਵਿਚ ਖ਼ੁਦਾ ਤੋਂ ਗੁਨਾਹਾਂ ਦੀ ਮੁਆਫੀ ਮੰਗਦੇ ਸਨ, ਜੋ ਜਾਣੇ ਜਾਂ ਅਣਜਾਣੇ ਵਿਚ ਹੋਏ ਹੁੰਦੇ ਹਨ,"ਹਜ਼ਰਤ ਅਬੂ ਮੂਸਾ ਅਸ਼ਅਰੀ (ਰਜ਼ੀ) ਅਨੁਸਾਰ ਆਪ (ਸ.) ਇਹ ਦੁਆ ਪੜ੍ਹਿਆ ਕਰਦੇ ਸਨ, "ਐ ਮੇਰੇ ਰੱਬ! ਮੇਰੇ ਗੁਨਾਹ ਮਾਫ ਫਰਮਾ ਦੇ, ਮੇਰੀ ਜਹਾਲਤ ਤੇ ਪਰਦਾ ਪਾ ਦੇ ਅਤੇ ਆਪਣੇ ਸਾਰੇ ਮਾਮਲਿਆਂ ਵਿਚ ਜਿਥੇ ਵੀ ਮੈ ਹੱਕ ਤੋਂ ਹਟ ਗਿਆ ਹੋਵਾਂ, ਉਨ੍ਹਾਂ ਤੋਂ ਦਰਗੁਜ਼ਰ ਫਰਮਾ ਅਤੇ ਉਨ੍ਹਾਂ ਤਮਾਮ ਗੁਨਾਹਾਂ ਤੋਂ ਜਿੰਨ੍ਹਾਂ ਬਾਰੇ ਤੂੰ ਮੇਰੇ ਤੋਂ ਜ਼ਿਆਦਾ ਜਾਣਦਾ ਏਂ, ਮਾਫ ਫਰਮਾ ਦੇ, ਐ ਅੱਲਾਹ! ਮੇਰੀਆਂ ਗਲਤੀਆਂ ਨੂੰ ਮਾਫ ਕਰ ਦੇ, ਜੋ ਜਾਣਬੁੱਝ ਕੇ ਇਰਾਦੇ ਨਾਲ ਹੋਈਆਂ ਜਾਂ ਜ਼ਜ਼ਬਾਤ ਦੇ ਹਾਵੀ ਹੋਣ ਕਾਰਨ ਹੋਈਆਂ ਅਤੇ ਉਹ ਗਲਤੀ ਵੀ ਜੋ ਹਾਸੇ ਮਜ਼ਾਕ ਵਿਚ ਹੋਈ। ਇਹਨਾਂ ਸਭ ਖਤਾਵਾਂ ਨੂੰ ਮਾਫ ਫਰਮਾ ਦੇ। ਤੂੰ ਹੀ ਆਪਣੇ ਬੰਦਿਆਂ ਨੂੰ ਅੱਗੇ ਵਧਾਉਣ ਵਾਲਾ ਅਤੇ ਪਿੱਛੇ ਕਰ ਦੇਣ ਵਾਲਾ ਏ ਅਤੇ ਤੂੰ ਹਰ ਚੀਜ਼ 'ਤੇ ਕਾਦਿਰ ਏ।(ਮੁਤਾਫਿਕ ਅਲ਼ੈਹਿ)" [194] ਮੁਹੰਮਦ ਸਾਹਿਬ ਇਸ ਦੁਆ ਵਿਚ ਆਪਣੀ ਗਲਤੀਆਂ ਦੀ ਮੁਆਫੀ ਮੰਗ ਰਹੇ ਹਨ ਜਦਕਿ ਪੈਗੰਬਰ ਕੋਈ ਗਲਤੀ ਨਹੀਂ ਕਰਦਾ ਉਹ ਤੇ ਦੁਨਿਆਵੀ ਲੋਕਾਂ ਨੂੰ ਸਿਖਾਉਣ ਲਈ ਅਜਿਹਾ ਸਭ ਕੁਝ ਕਰਦਾ ਹੈ।

### 4.3.69 ਦੁਆ ਗੋ

ਜੋ ਦੂਜਿਆਂ ਲਈ ਦੁਆਵਾਂ ਕਰਦੇ ਹਨ ਉਸਨੂੰ ਦੁਆ ਗੋ ਕਿਹਾ ਜਾਂਦਾ ਹੈ ਕਿ ਜਿਵੇਂ ਮਕਬਰਿਆਂ, ਮਜਾਰਾਂ ਤੇ ਸੂਫੀ ਫ਼ਕੀਰ ਕਿਸੇ ਦੇ ਕਹਿਣ ਤੇ ਦੁਆ ਕਰਦੇ ਹਨ ਅਤੇ ਦੁਆ ਕਰਾਉਣ ਵਾਲਾ ਉਹਨਾਂ ਨੂੰ ਪੈਸੇ ਦੇ ਰੂਪ ਵਿਚ ਕੁਝ ਭੇਟਾ ਦਿੰਦਾ ਹੈ,"ਦੁਆ ਕਰਨ ਵਾਲੇ ਨੂੰ ਦੁਆ ਗੋ ਕਹਿੰਦੇ ਹਨ। ਦੁਆ ਗੋ ਭਾਵ ਦੁਆ ਫਰਿਆਦ ਕਰਨ ਵਾਲੇ ਨੂੰ ਦੁਆ ਗਰ ਵੀ ਕਹਿ ਦਿੱਤਾ ਜਾਂਦਾ ਹੈ। ਕਾਮਿਲ ਸੂਫੀ ਦਰਵੇਸ਼ਾਂ ਦੀਆਂ ਦਰਗਾਹਾਂ, ਮਕਬਰਿਆਂ ਉੱਤੇ ਬੈਠੇ ਸੂਫੀ ਦਰਵੇਸ਼, ਮਜਾਵਰ ਵਗੈਰਾ, ਦੁਨੀਆਂ ਦੀ ਭਲਾਈ, ਮੁਲਕ ਦੀ ਭਲਾਈ ਲਈ ਦੁਆਵਾਂ ਤਾਂ ਕਰਦੇ ਹੀ ਰਹਿੰਦੇ ਹਨ, ਜਦੋਂ ਕਈ ਅਕੀਦਤ ਮੰਦ ਇਹਨਾਂ ਦਰਗਾਹਾਂ ਦੀ ਜ਼ਿਆਰਤ ਕਰਨਾ ਜਾਂਦਾ ਹੈ ਤਾਂ ਉਹ ਵੀ ਇਹਨਾਂ ਦਰਵੇਸ਼ ਲੋਕਾਂ ਕੋਲੋਂ ਆਪਣੇ ਹੱਕ ਵਿਚ ਰੱਬ ਅੱਗੇ ਦੁਆ ਪ੍ਰਾਰਥਨਾ ਕਰਨ ਲਈ ਕਹਿੰਦਾ ਹੈ। ਦੁਆ ਫਰਿਆਦ ਕਰਨ ਬਦਲੇ ਅਕੀਦਤਮੰਦ ਲੋਕ ਇਹਨਾਂ ਦਰਵੇਸ਼ਾਂ ਨੂੰ ਭੇਟਾ ਦੇ ਤੌਰ 'ਤੇ ਰੁਪਏ ਪੈਸੇ ਵੀ ਦਿੰਦੇ ਹਨ।"[195] ਇਹ ਸੂਫੀ ਦਰਵੇਸ਼ ਹਮੇਸ਼ਾ ਰੱਬ ਕੋਲੋਂ ਲੋਕਾਈ ਦੀ ਭਲਾਈ ਲਈ ਦੁਆਵਾਂ ਮੰਗਦੇ ਰਹਿੰਦੇ ਹਨ।

### 4.3.70 ਮਸਜਿਦ ਵਿੱਚ ਦਾਖਲ ਹੋਣ ਦੀ ਦੁਆ

ਇਸਲਾਮ ਵਿਚ ਹਰ ਕਦਮ ਤੇ ਦੁਆ ਮੰਗਣ ਦਾ ਵਿਧਾਨ ਹੈ ਮਸਜਿਦ ਵਿਚ ਦਾਖਲ ਹੋਣ ਤੇ ਵੀ ਦੁਆ ਕੀਤੀ ਜਾਂਦੀ ਹੈ, "ਹਜ਼ਰਤ ਅਬਦੁੱਲਾ (ਰਜ਼ੀ.) ਤੋਂ ਰਿਵਾਇਤ ਹੈ ਕਿ ਅੱਲਾਹ ਦੇ ਰਸੂਲ (ਸ.) ਜਦੋਂ

---

[193] ਅਨੁ: ਤੇ ਸੰਪਾ: ਡਾ ਅਨਵਰ ਚਿਰਾਗ, *ਨੂਰ-ਏ-ਹਦੀਸ, ਪੰਨਾ 79.*

[194] ਉਹੀ,ਪੰਨਾ 79.

[195] ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼*, ਪੰਨਾ 340.

ਮਸਜਿਦ ਵਿਚ ਦਾਖਲ ਹੁੰਦੇ ਤਾਂ ਇਹ ਦੁਆ ਪੜ੍ਹਦੇ। ਆਊ ਜੋ ਬਿੱਲਾ ਹਿਲਅਜ਼ੀਮ ਬਿ ਵਜਹਿ ਹਿਲਕਰੀਮ ਵਾ ਸੁਲਤਾਨਿ ਹਿਲਕਦੀਮ ਮਿਨੱਸ਼ਈਤੁਆ ਨਿਰਾਜੀਮ (ਭਾਵ ਮੈਂ ਮਹਾਨਤਾ ਵਾਲੇ ਅੱਲਾਹ ਦੀ ਅਤੇ ਉਸਦੀ ਕਰਮ ਫੁਰਮਾਉਣ ਵਾਲੀ ਜ਼ਾਤ ਦੀ ਅਤੇ ਉਸਦੀ ਖਤਮ ਨਾ ਹੋਣ ਵਾਲੀ ਬਾਦਸ਼ਾਹਤ ਦੀ ਪਨਾਹ ਲੈਂਦਾ ਹਾਂ। ਜਦੋਂ ਇਹ ਦੁਆ ਪੜ੍ਹੀ ਜਾਂਦੀ ਹੈ ਤਾਂ ਸ਼ੈਤਾਨ ਕਹਿੰਦਾ ਹੈ, ਮੈਥੋਂ (ਇਹ ਆਦਮੀ) ਪੂਰੇ ਦਿਨ ਦੇ ਲਈ ਸੁਰੱਖਿਅਤ ਹੋ ਗਿਆ।(ਅਬੂ ਦਾਊਦ)" [196] ਅਜਿਹੀ ਦੁਆ ਨਾਲ ਸ਼ੈਤਾਨ ਆਪਣੇ ਆਪ ਦੂਰ ਚਲਾ ਜਾਂਦਾ ਹੈ ਅਤੇ ਅੱਲਾਹ ਨਜ਼ਦੀਕ ਹੋ ਜਾਂਦਾ ਹੈ।

### 4.3.71 ਤੌਬਾ

ਨਮਾਜ਼ ਅਤੇ ਦੁਆ ਤੋਂ ਇਲਾਵਾ ਇਸਲਾਮ ਵਿਚ ਅਰਦਾਸ ਨਾਲ ਮਿਲਦਾ-ਜੁਲਦਾ ਇਕ ਸੰਕਲਪ ਤੌਬਾ ਵੀ ਹੈ ਜਦੋਂ ਮੁਸਲਮਾਨ ਆਪਣੇ ਕੀਤੇ ਗੁਨਾਹਾਂ ਦੀ ਤੌਬਾ ਅਰਦਾਸ ਦੇ ਰੂਪ ਵਿੱਚ ਅੱਲਾਹ ਕੋਲ ਕਰਦਾ ਹੈ ਅਤੇ ਅੱਲਾਹ ਉਸਦੇ ਅੰਦਰਲੇ ਸੰਸਾਰ ਨੂੰ ਦੇਖ ਕੇ ਉਸਦੀ ਤੌਬਾ ਕਬੂਲ ਫਰਮਾਉਂਦੇ ਹਨ। ਪਰ ਇਹ ਤੌਬਾ ਦਿਲੋਂ ਹੋਣੀ ਚਾਹੀਦੀ ਹੈ। ਇਹ ਨਹੀਂ ਕਿ ਗੁਨਾਹ ਵੀ ਕਰੀ ਜਾਉ ਤੇ ਤੌਬਾ ਵੀ ਕਰੀ ਜਾਉ। ਕੁਝ ਲੋਕ ਦਿਨੇ ਗੁਨਾਹ ਕਰਦੇ ਹਨ ਅਤੇ ਰਾਤ ਨੂੰ ਸੌਣ ਤੋਂ ਪਹਿਲਾ ਤੌਬਾ ਮੰਗਦੇ ਹਨ। ਅਜਿਹਾ ਠੀਕ ਨਹੀਂ, ਜੋ ਸੱਚੇ ਦਿਲੋਂ ਤੌਬਾ ਮੰਗਦਾ ਹੈ, ਅੱਲਾਹ ਉਸਦੀ ਬੇਨਤੀ ਪ੍ਰਵਾਨ ਕਰਕੇ ਉਸਨੂੰ ਬਖਸ਼ ਦਿੰਦਾ ਹੈ।

ਇਸਲਾਮ ਵਿਚ ਮਨੁੱਖ ਤੋਂ ਹੋਈ ਹਰ ਗਲਤੀ ਲਈ ਮੁਆਫੀ ਮੰਗਣ ਦਾ ਇਕ ਹੋਰ ਵਿਧਾਨ ਤੌਬਾ ਦਾ ਹੈ। ਅੱਲਾਹ ਕੋਲ ਆਪਣੇ ਕੀਤੇ ਗੁਨਾਹਾਂ ਦੀ ਤੌਬਾ ਸੱਚੇ ਦਿਲੋਂ ਕਰ ਲੈਣ ਨਾਲ ਉਸਦੇ ਗੁਨਾਹ ਮੁਆਫ ਹੋ ਜਾਂਦੇ ਹਨ,"ਇਸਲਾਮੀ ਸ਼ਰੀਅਤ ਅਤੇ ਸੂਫੀ ਵਿਚਾਰਧਾਰਾ ਮੁਤਾਬਿਕ ਜੇ ਕਿਸੇ ਇਨਸਾਨ ਕੋਲੋਂ ਅਣਜਾਣਪੁਣੇ ਵਿਚ ਗਲਤੀ ਹੋ ਗਈ ਹੋਵੇ ਅਤੇ ਜੇਕਰ ਉਹ ਰੱਬ ਕੋਲੋ ਤੌਬਾ ਮੰਗ ਲਵੇ ਭਾਵ ਗਲਤੀ ਲਈ ਮੁਆਫੀ ਮੰਗ ਲਵੇ ਤਾਂ ਉਸਦੀ ਤੌਬਾ ਕਬੂਲ ਹੋ ਜਾਂਦੀ ਹੈ ਅਤੇ ਉਸਨੂੰ ਗੁਨਾਹ ਦੀ ਮੁਆਫੀ ਮਿਲ ਜਾਂਦੀ ਹੈ। ਦੀਨਪ੍ਰਸਤ ਇਨਸਾਨ ਕੋਲੋਂ ਜਦੋਂ ਕਈ ਗਲਤੀ ਹੋ ਜਾਂਦੀ ਹੈ ਤਾਂ ਉਹ ਨਮਾਜ਼-ਏ-ਤੌਬਾ ਪੜ੍ਹ ਕੇ ਰੱਬ ਕੋਲੋ ਮੁਆਫੀ ਮੰਗ ਲੈਂਦਾ ਹੈ। ਯਾਦ ਰਹੇ ਕਿ ਜਾਣ ਬੁਝ ਕੇ ਕੀਤੇ ਮਾੜੇ ਕੰਮਾਂ ਲਈ ਤੌਬਾ ਕਬੂਲ ਨਹੀਂ ਹੁੰਦੀ ਅਤੇ ਬਾਰ-ਬਾਰ ਕੀਤੇ ਗੁਨਾਹਾਂ ਲਈ ਰੱਬ ਤੌਬਾ ਕਬੂਲ ਕਰੇ ਜਾਂ ਨਾ ਕਰੇ, ਉਸਦੀ ਮਰਜ਼ੀ ਹੈ। ਕੁਰਆਨ ਮਜੀਦ ਹੀ ਸੂਰਤ-ਅਲ-ਨਿਸਾ ਦੀ ਆਇਤ ਨੰਬਰ 17 ਅਤੇ 18 ਵਿੱਚ ਹਦਾਇਤ ਹੈ ਕਿ ਅੱਲਾਹ ਉਹਨਾਂ ਲੋਕਾਂ ਦੀ ਤੌਬਾ ਕਬੂਲ ਕਰਦਾ ਹੈ ਜੋ ਨਾਦਾਨੀ ਅਤੇ ਅਗਿਆਨਤਾ ਵੱਸ ਗਲਤ ਕੰਮ ਕਰ ਬੈਠਦੇ ਹਨ ਅਤੇ ਜਲਦੀ ਹੀ ਤੌਬਾ ਕਰ ਲੈਂਦੇ ਹਨ। ਤੌਬਾ ਉਹਨਾਂ ਲੋਕਾਂ ਲਈ ਨਹੀਂ ਹੈ ਜੋ ਭੈੜੇ ਕੰਮ ਕਰਦੇ ਚਲੇ ਜਾਂਦੇ ਹਨ। ਐਸਾ ਜ਼ਿਕਰ ਵੀ ਸੂਰਤ ਅਨ-ਨਹਲ ਦੀ ਆਇਤ ਨੰਬਰ 119 ਵਿਚ ਆਇਆ ਹੈ ਕਿ ਜੋ ਤੌਬਾ ਕਰਕੇ ਆਪਣੇ ਆਪ ਨੂੰ ਸੁਧਾਰ ਲੈਂਦੇ ਹਨ, ਰੱਬ ਉਹਨਾਂ ਨੂੰ ਬਖਸ਼ ਦਿੰਦਾ ਹੈ, ਤੌਬਾ ਲਈ ਸ਼ਰਤ ਹੁੰਦੀ ਹੈ ਕਿ ਤੌਬਾ ਮੰਗਣ ਵਾਲਾ ਗਲਤੀ ਦਾ ਅਹਿਸਾਸ ਕਰੇ ਪਛਤਾਵਾ ਕਰੇ ਅਤੇ ਅੱਗੇ ਗਲਤੀ ਨਾ ਕਰਨ ਦਾ ਦ੍ਰਿੜ੍ਹ ਸੰਕਲਪ ਕਰੇ। ਤੌਬਾ ਉਸ ਵਕਤ ਤਕ ਹੀ ਕਬੂਲ ਹੋ ਸਕਦੀ ਹੈ,ਜਦੋਂ ਤੱਕ ਇਨਸਾਨ

---

[196] ਅਨੁ.ਤੇ ਸੰਪਾ.ਡਾ.ਅਨਵਰ ਚਿਰਾਗ, *ਨੂਰ-ਏ-ਹਦੀਸ*, ਪੰਨਾ 140.

ਉੱਤੇ ਮੌਤ ਦੀਆਂ ਅਲਾਮਤਾਂ ਪ੍ਰਗਟ ਨਾ ਹੋ ਜਾਣ। ਯਾਦ ਰਹੇ ਕੇ ਤੌਬਾ ਸਿਰਫ ਅਤੇ ਸਿਰਫ ਅੱਲਾਹ ਪਾਕ ਹੀ ਕਬੂਲ ਕਰਦਾ ਹੈ। ਕਿਸੇ ਵਲੀ, ਨਬੀਂ ਜਾਂ ਗੈਰ ਉਲ੍ਹਾ ਕੋਲ ਇਖਤਿਆਰ ਨਹੀਂ ਹੈ ਕਿ ਉਹ ਕਿਸੇ ਦੀ ਤੌਬਾ ਕਬੂਲ ਕਰ ਸਕਦਾ।"[197] ਇਸਦੀ ਸ਼ਰਤ ਇਹ ਹੈ ਕਿ ਜਾਣਦੇ ਹੋਏ ਗੁਨਾਹ ਦੀ ਤੌਬਾ ਕਬੂਲ ਨਹੀਂ ਹੁੰਦੀ। ਵਾਰ-ਵਾਰ ਤੌਬਾ ਵੀ ਕਬੂਲ ਨਹੀਂ ਕੀਤੀ ਜਾਂਦੀ ਜੋ ਸੱਚੇ ਦਿਲੋਂ ਗਲਤੀ ਦਾ ਅਹਿਸਾਸ ਹੈ ਅਤੇ ਅੱਗੇ ਤੋਂ ਗਲਤੀ ਨਾ ਕਰਨ ਦਾ ਪ੍ਰਣ ਹੈ ਤਾਂ ਤੌਬਾ ਕਬੂਲ ਹੋਵੇਗੀ।

### 4.3.72 ਤੌਬਾ ਸੁੰਨਤ ਹੈ

ਮੁਹੰਮਦ ਸਾਹਿਬ ਤੌਬਾ ਵਿਚ ਯਕੀਨ ਕਰਦੇ ਸਨ ਅਤੇ ਸੱਚੇ ਦਿਲੋਂ ਤੌਬਾ ਕਰਨ ਵਾਲੇ ਦੇ ਗੁਨਾਹ ਮੁਆਫ ਹੋ ਜਾਂਦੇ ਹਨ,"ਹਜ਼ਰਤ ਅਬੂ ਹੁਰੈਰਾ (ਰਜ਼ੀ) ਤੋਂ ਰਵਾਇਤ ਹੈ ਕਿ ਮੈਂ ਅੱਲਾਹ ਦੇ ਰਸੂਲ (ਸ.) ਨੇ ਇਹ ਫਰਮਾਉਂਦਿਆ ਸੁਣਿਆ, "ਖੁਦਾ ਦੀ ਕਸਮ: ਮੈਂ ਇਕ ਦਿਨ ਵਿਚ ਸੱਤਰ ਤੋਂ ਵੱਧ ਵਾਰੀ ਖੁਦਾ ਤੋਂ (ਮੁਆਫੀ) ਮੰਗਦਾ ਅਤੇ ਤੌਬਾ ਕਰਦਾ ਹਾਂ।(ਬੁਖਾਰੀ)"[198] ਮੁਹੰਮਦ ਸਾਹਿਬ ਦਿਨ ਵਿਚ 70 ਵਾਰ ਤੌਬਾ ਕਰਦੇ ਸਨ। ਅਜਿਹੀ ਰਵਾਇਤ ਇਸਲਾਮ ਵਿਚ ਮਿਲਦੀ ਹੈ।

### 4.3.73 ਤੌਬਾ ਅੱਲਾਹ ਨੂੰ ਮਹਿਬੂਬ ਹੈ

ਤੌਬਾ ਕਰਨ ਬਾਰੇ ਮੁਹੰਮਦ ਸਾਹਿਬ ਦੇ ਜੀਵਨ ਵਿਚ ਅਨੇਕਾਂ ਇਸ਼ਾਰੇ ਮਿਲਦੇ ਹਨ "ਹਜ਼ਰਤ ਅਬੂ ਹਮਜ਼ਾ (ਰਜ਼ੀ. ਤੋਂ ਰਿਵਾਇਤ ਹੈ ਕਿ ਹਜ਼ਰਤ ਮੁਹੰਮਦ (ਸ.) ਨੇ ਫਰਮਾਇਆ, 'ਅੱਲਾਹ ਤਾਅਲਾ ਆਪਣੇ ਬੰਦੇ ਦੀ ਤੌਬਾ ਤੋਂ ਉਸ ਵਿਅਕਤੀ ਨਾਲੋਂ ਵੀ ਵਧੇਰੇ ਖੁਸ਼ ਹੁੰਦਾ ਹੈ ਜਿਸਨੂੰ ਪਾਣੀ ਰਹਿਤ ਵੀਰਾਨੇ ਮੈਦਾਨ ਵਿਚ ਖੋ ਜਾਣ ਤੋਂ ਬਾਅਦ ਉਸਦਾ ਉਠ ਮਿਲ ਗਿਆ ਹੋਵੇ।(ਬੁਖਾਰੀ ਮਸਲਿਮ)"[199] ਸੱਚੇ ਦਿਲੋਂ ਤੌਬਾ ਕਰਨ ਵਾਲੇ ਇਨਸਾਨ ਤੋਂ ਅੱਲਾਹ ਖੁਸ਼ ਹੁੰਦਾ ਹੈ ਅਤੇ ਉਸਦੀ ਤੌਬਾ ਕਬੂਲ ਫਰਮਾਉਂਦਾ ਹੈ।

### 4.3.74 ਤੌਬਾ ਦਾ ਦਰਵਾਜ਼ਾ ਕਿਆਮਤ ਤੱਕ ਖੁੱਲ੍ਹਾ ਹੈ

ਦਿਲੋਂ ਤੌਬਾ ਕਰਨ ਵਾਲੇ ਲੋਕਾਂ ਲਈ ਅੱਲਾਹ ਦਾ ਦਰਵਾਜ਼ਾ ਹਮੇਸ਼ਾ ਖੁੱਲ੍ਹਾ ਹੈ ਅਤੇ ਕਪਟੀਆਂ ਲਈ ਇਹ ਦਰਵਾਜ਼ਾ ਹਮੇਸ਼ਾ ਬੰਦ ਹੈ,"ਹਜਰਤ ਅਬੂ ਮੂਸਾ ਅਬਦੁੱਲਾ (ਰਜ਼ੀ.) ਤੋਂ ਰਿਵਾਇਤ ਹੈ ਕਿ ਅੱਲਹਾ ਦੇ ਰਸੂਲ (ਸ.) ਨੇ ਇਰਸ਼ਾਦ ਫਰਮਾਇਆ, 'ਅੱਲਾਹ ਤਾਅਲਾ ਰਾਤ ਨੂੰ ਆਪਣੇ ਹੱਥ (ਰਹਿਮਤ ਦਾ ਦਾਮਨ) ਫੈਲਾਉਂਦਾ ਹੈ ਤਾਂ ਕਿ ਦਿਨ ਦੇ ਗੁਨਾਹਗਾਰ ਤੌਬਾ ਕਰ ਲੈਣ ਅਤੇ ਦਿਨ ਵੇਲੇ ਹੱਥ ਫੈਲਾਉਂਦਾ ਹੈ ਤਾਂ ਕਿ ਰਾਤ ਦੇ ਗੁਨਾਹਗਾਰ ਤੌਬਾ ਕਰ ਲੈਣ। ਇਹ ਸਿਲਸਿਲਾ ਉਸ ਸਮੇਂ ਤੱਕ ਕਾਇਮ ਰਹੇਗਾ। ਜਦੋਂ ਤੱਕ ਕਿ ਸੂਰਜ ਪੱਛਮ ਚੋਂ ਨਾ ਚੜ੍ਹੇ (ਭਾਵ ਕਿਆਮਤ ਤੱਕ ਕਿਉਂਕਿ ਕਿਆਮਤ ਦੇ ਦਿਨ ਸੂਰਜ ਪੱਛਮ ਚੋਂ ਉਦੈ ਹੋਵੇਗਾ)।"[200] ਅੱਲਾਹ ਰਾਤ ਦੇ ਗੁਨਾਹਗਾਰਾਂ ਦੀ ਤੌਬਾ ਲਈ ਦਿਨੇ ਰਹਿਮਤ ਕਰਦਾ ਹੈ ਅਤੇ ਦਿਨ ਦੇ ਗੁਨਾਹਗਾਰਾਂ ਦੀ ਤੌਬਾ ਲਈ ਰਾਤ ਨੂੰ ਰਹਿਮਤ ਦਾ ਦਾਮਨ ਫੈਲਾਉਂਦਾ ਹੈ।

---

[197] ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼*, ਪੰਨਾ 327.

[198] ਅਨੁ.ਤੇ ਸੰਪਾ. ਡਾ ਅਨਵਰ ਚਿਰਾਗ, *ਨੂਰ-ਏ-ਹਦੀਸ*,ਪੰਨਾ 76.

[199]ਉਹੀ,ਪੰਨਾ 76.

[200] ਉਹੀ,ਪੰਨਾ 76.

### 4.3.75 ਤੌਬਾ ਦੀ ਕਬੂਲੀਅਤ

"ਹਜ਼ਰਤ ਅਬੂ ਹੁਰੈਰਾ (ਰਜ਼ੀ.) ਰਿਵਾਇਤ ਕਰਦੇ ਹਨ ਕਿ ਅੱਲਹਾ ਦੇ ਰਸੂਲ (ਸ.) ਨੇ ਫੁਰਮਾਇਆ, 'ਸੂਰਜ ਦੇ ਪੱਛਮ 'ਚੋਂ ਉਦੈ ਹੋਣ ਤੋਂ ਪਹਿਲਾਂ ਜੋ ਵਿਅਕਤੀ ਤੌਬਾ ਕਰ ਲਵੇਗਾ, ਉਸਦੀ ਤੌਬਾ ਕਬੂਲ ਕਰ ਲਈ ਜਾਵੇਗੀ।"(ਮਸਲਿਮ)[201] ਹਰ ਇਕ ਵਿਅਕਤੀ ਦੀ ਤੌਬਾ ਕਬੂਲ ਹੋਵੇਗੀ ਜੇ ਉਹ ਨੇਕ ਨੀਅਤ ਨਾਲ ਕਰੇਗਾ।

### 4.3.76 ਤੌਬਾ ਕਦੋਂ ਤੱਕ ਕਬੂਲ ਹੁੰਦੀ ਹੈ

ਇਸਲਾਮ ਵਿਚ ਤੌਬਾ ਦਾ ਵਿਧਾਨ ਮਰਨ ਦੇ ਸਮੇਂ ਤੱਕ ਨਿਸ਼ਚਿਤ ਕੀਤਾ ਹੋਇਆ ਹੈ,"ਹਜ਼ਰਤ ਅਬੂ ਅਬਦੁੱਰ-ਰਹਿਮਾਨ ਬਿਨ ਉਮਰ (ਰਜ਼ੀ.) ਤੋਂ ਰਿਵਾਇਤ ਹੈ ਕਿ ਹਜ਼ੂਰ (ਸ.) ਨੇ ਫੁਰਮਾਇਆ, 'ਅੱਲਾਹ ਤਾਅਲਾ ਆਪਣੇ ਬੰਦੇ ਦੀ ਤੌਬਾ ਕਬੂਲ ਕਰਦਾ ਹੈ ਉਸ ਵਕਤ ਜਦੋਂ ਤੱਕ ਮ੍ਰਿਤੂ ਸਮੇਂ ਉਸ ਬੰਦੇ ਦੀ ਰੂਹ ਉਸ ਦੇ ਗਲ ਤੱਕ ਨਹੀਂ ਆ ਜਾਂਦੀ।(ਤਿਰਮਿਜ਼ੀ)"[202] ਭਾਵ ਉਹ ਮਰਨ ਵੇਲੇ ਵੀ ਤੌਬਾ ਕਰ ਲਵੇ ਤਾਂ ਉਸਦੀ ਤੌਬਾ ਕਬੂਲ ਹੋ ਜਾਂਦੀ ਹੈ।

### 4.3.77 ਅੱਲਾਹ ਬੰਦੇ ਦੀ ਤੌਬਾ ਕਬੂਲਾ ਕਰਦਾ ਹੈ

ਅੱਲਾਹ ਤਾਅਲਾ ਤੌਬਾ ਕਰਨ ਵਾਲਿਆਂ ਦੇ ਤੌਬਾ ਤੇ ਹਮੇਸ਼ਾ ਕੰਨ ਧਰਦਾ ਹੈ,"ਹਜ਼ਰਤ ਇਬਨੇ ਅੱਬਾਸ ਅਤੇ ਹਜ਼ਰਤ ਅਨਸ ਬਿਨ ਮਲਿਕ (ਰਜ਼ੀ.) ਤੋਂ ਰਿਵਾਇਤ ਹੈ ਕਿ ਅੱਲਾਹ ਦੇ ਰਸੂਲ (ਸ.) ਨੇ ਫਰਮਾਇਆ ਜੇਕਰ ਆਦਮੀ ਦੇ ਕੋਲ ਸੋਨੇ ਦੀ ਵਾਦੀ ਹੋਵੇ ਤਾਂ ਵੀ ਉਹ ਚਾਹੁੰਦਾ ਹੈ ਕਿ ਉਸ ਕੋਲ ਦੋ ਵਾਦੀਆਂ ਹੋਣ। ਆਦਮੀ ਦੇ ਮੂੰਹ ਨੂੰ ਕੋਈ ਚੀਜ਼ ਨਹੀਂ ਭਰ ਸਕਦੀ ਸਿਵਾਏ ਮਿੱਟੀ ਦੇ ਅਤੇ ਅੱਲਾਹ ਤਾਅਲਾ ਉਸਦੀ ਤੌਬਾ ਸਵੀਕਾਰ ਕਰਦਾ ਹੈ ਜੋ ਤੌਬਾ ਕਰਦਾ ਹੈ।ਬੁਖਾਰੀ ਮੁਸਲਿਮ)"[203] ਇਸ ਲਈ ਤੌਬਾ ਦਾ ਵਿਧਾਨ ਬੜਾ ਚੰਗਾ ਹੈ ਜਿਸ ਰਾਹੀਂ ਮਨੁੱਖ ਆਪਣੇ ਕੀਤੇ ਗੁਨਾਹਾਂ ਦੇ ਭਾਰ ਤੋਂ ਮੁਕਤ ਹੋ ਸਕਦਾ ਹੈ।

### 4.3.78 ਇਸਤਿਫਗਾਰ

ਇਸਲਾਮ ਵਿਚ ਤੌਬਾ ਤੋਂ ਬਿਨਾਂ ਇਸਤਿਫਗਾਰ ਇਕ ਹੋਰ ਜ਼ਰੀਆ ਹੈ ਰੱਬ ਤੋਂ ਭੁੱਲਾਂ ਬਖਸ਼ਾਉਣਾ ਦਾ। ਇਨਸਾਨ ਗਲਤੀਆਂ ਦਾ ਪੁਤਲਾ ਹੈ ਪਰ ਸਿਆਣੇ ਇਹ ਵੀ ਕਹਿੰਦੇ ਹਨ, ਗਲਤੀ ਕਰਨਾ ਪਾਪ ਨਹੀਂ ਗਲਤੀ ਨਾ ਮੰਨਣਾ ਪਾਪ ਹੈ। ਸੋ ਸੱਚੇ ਦਿਲੋਂ ਰੱਬ ਕੋਲੋਂ ਗੁਨਾਹ ਮੁਆਫ ਕਰਵਾਏ ਜਾ ਸਕਦੇ ਹਨ,"ਇਸਤਿਫਗਾਰ ਕਹਿੰਦੇ ਹਨ ਰੱਬ ਕੋਲੋਂ ਗੁਨਾਹਾਂ ਤੋਂ ਮੁਆਫੀ ਮੰਗਣ ਲਈ ਕੀਤੀ ਪ੍ਰਾਰਥਨਾ ਨੂੰ। ਇਨਸਾਨ ਗਲਤੀ ਦਾ ਪੁਤਲਾ ਹੈ ਇਸਲਾਮੀ ਸ਼ਰੀਅਤ ਦੀ ਮਾਨਤਾ ਹੈ ਕਿ ਆਦਮ ਦਾ ਹਰ ਬੰਦਾ ਖਤਾਕਾਰ ਹੈ। ਉਸ ਕੋਲੋਂ ਜਾਣੇ ਅਣਜਾਣੇ ਕੋਈ ਨਾ ਕੋਈ ਗਲਤੀ, ਗੁਨਾਹ ਹੋ ਹੀ ਜਾਂਦੇ ਹਨ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉਸ ਲਈ ਦੀਨ ਦਾ ਰਸਤਾ ਬੰਦ ਹੋ ਗਿਆ ਹੈ ਉਹ ਰੱਬ ਕੋਲੋ ਗੁਨਾਹਾਂ ਦੀ ਮਾਫੀ ਮੰਗੇ, ਅੱਗੇ ਤੋਂ ਗੁਨਾਹ ਕਰਨ ਦਾ ਸੰਕਲਪ ਕਰੇ, ਐਸੀ ਬੇਨਤੀ, ਪ੍ਰਾਰਥਨਾ, ਤੌਬਾ ਨੂੰ ਇਸਤਿਫਗਾਰ ਕਿਹਾ ਜਾਂਦਾ ਹੈ। ਗੁਨਾਹਾਂ ਲਈ ਇਸਤਿਫਗਾਰ ਉਹੀ ਕਰਦਾ ਹੈ ਜਿਸਦੇ ਅੰਦਰ ਖੌਫ-ਏ-ਖੁਦਾ ਹੁੰਦਾ ਹੈ। ਸੂਫੀ

---

[201] ਅਨੁ.ਤੇ ਸੰਪਾ. ਡਾ ਅਨਵਰ ਚਿਰਾਗ, *ਨੂਰ-ਏ-ਹਦੀਸ*, ਪੰਨਾ 76-77.
[202] ਉਹੀ,ਪੰਨਾ 77.
[203] ਉਹੀ,ਪੰਨਾ 77.

ਦਰਵੇਸ਼ ਦੀ ਮਾਨਤਾ ਹੈ ਕਿ ਰੱਬ ਕੋਲੋ ਗੁਨਾਹਾਂ ਦੀ ਮੁਆਫੀ ਸਿਰਫ ਉਸ ਵਕਤ ਹੀ ਮੰਗਣੀ ਚਾਹੀਦੀ ਹੈ, ਜਦੋਂ ਗੁਨਾਹ ਹੋ ਜਾਣ, ਵੈਸੇ ਵੀ ਕਦੇ ਕਦੇ ਰੱਬ ਅੱਗੇ ਇਸਤਿਗਫਾਰ ਕਰਦੇ ਰਹਿਣਾ ਚਾਹੀਦਾ ਹੈ ਕਿਉਂਕਿ ਇਨਸਾਨ ਨੂੰ ਕਈ ਵਾਰ ਪਤਾ ਵੀ ਨਹੀਂ ਚੱਲਦਾ ਲੇਕਿਨ ਉਸ ਕੋਲੋਂ ਕੋਈ ਨਾ ਕੋਈ ਗਲਤੀ ਹੋ ਗਈ ਹੁੰਦੀ ਹੈ। ਜਾਣ ਬੁੱਝ ਕੇ ਅਤੇ ਬਾਰ-ਬਾਰ ਕੀਤੇ ਗੁਨਾਹਾਂ ਲਈ ਰੱਬ ਇਸਤਿਫਗਾਰ ਕਬੂਲ ਕਰੇ ਜਾ ਨਾ ਕਰੇ। ਇਹ ਉਸਦੀ ਮਰਜ਼ੀ ਹੈ। ਤਹੱਜੁਦ ਦੇ ਵਕਤ ਰੱਬ ਅਗੇ ਇਸਤਿਫਗਾਰ ਕਰਨ ਦੀ ਖਾਸ ਅਹਿਮੀਅਤ ਮੰਨੀ ਗਈ ਹੈ ਅੱਲਾਹ ਤਾਅਲਾ ਕਬੂਲ ਕਰਦਾ ਹੈ। ਤਹੱਜੁਦ ਰਾਤ ਦੇ ਆਖਰੀ ਹਿੱਸੇ ਨੂੰ ਕਿਹਾ ਜਾਂਦਾ ਹੈ। ਇਹ ਸੂਫੀਆ ਲਈ ਇਬਾਦਤ ਦਾ ਖਾਸ ਸਮਾਂ ਹੈ।"[204] ਗਲਤੀ ਕੀਤੇ ਤੋਂ ਬਿਨਾਂ ਵੀ ਇਸਤਿਫਗਾਰ ਕਰਦੇ ਰਹਿਣਾ ਚਾਹੀਦਾ ਹੈ ਕਿਉਂਕਿ ਇਨਸਾਨ ਅਣਜਾਣੇ ਵਿਚ ਵੀ ਗਲਤੀ ਕਰ ਬੈਠਦਾ ਹੈ।

ਸੋ ਇਸ ਪ੍ਰਕਾਰ ਇਸਲਾਮ ਵਿਚ ਨਮਾਜ਼ ਦੇ ਨਾਲ-ਨਾਲ ਨਫਲ ਨਮਾਜ਼ਾਂ, ਜੁਮੇਂ ਦੀ ਨਮਾਜ਼, ਈਦ ਦੀਆਂ ਨਮਾਜ਼ਾਂ, ਤੌਬਾ, ਦੁਆ, ਇਸਤਿਫਗਾਰ ਆਦਿ ਸੰਕਲਪ ਅਰਦਾਸ ਦਾ ਹੀ ਰੂਪ ਹੈ। ਦਿਨ ਦੀਆਂ ਪੰਜ ਨਮਾਜ਼ਾਂ ਭਾਵ ਦਿਨ ਵਿਚ ਪੰਜ ਵਾਰ ਅਰਦਾਸ ਕਰਨ ਦਾ ਵਿਧਾਨ ਕੇਵਲ ਇਸਲਾਮ ਵਿਚ ਹੀ ਦੇਖਣ ਨੂੰ ਮਿਲਦਾ ਹੈ ਜਿਹੜਾ ਕਿ ਮੁਸਲਮਾਨਾਂ ਦੇ ਅੱਲਾਹ ਪ੍ਰਤੀ ਇਸ਼ਕ ਨੂੰ ਦਰਸਾਉਂਦਾ ਹੈ ਜਦਕਿ ਦੂਜੇ ਧਰਮਾਂ ਵਿਚ ਦਿਨ ਵਿਚ ਇਕ ਜਾਂ ਦੋ ਵਾਰ ਇਹ ਵਿਧੀ ਨਿਭਾਈ ਜਾਂਦੀ ਹੈ। ਤੌਬਾ ਰਾਹੀਂ ਆਪਣੇ ਗੁਨਾਹਾਂ ਨੂੰ ਬਖਸ਼ਾਉਣ ਦੀ ਪ੍ਰਾਰਥਨਾ ਦਾ ਵਿਧਾਨ ਵੀ ਇਸਲਾਮ ਵਿਚ ਮੌਜੂਦ ਹੈ। ਇਸੇ ਤਰ੍ਹਾਂ ਦੁਆ ਜੋ ਕਿ ਹਰ ਵਕਤ ਰੱਬ ਅੱਗੇ ਪ੍ਰਾਰਥਨਾ ਵਿਚ ਖੜ੍ਹੇ ਰਹਿਣਾ ਅਤੇ ਆਪਣੀਆਂ ਭੁੱਲਾਂ ਦਾ ਪਸ਼ਚਾਤਾਪ ਕਰਨ ਦੀਆਂ ਅਰਦਾਸਾਂ ਇਸਲਾਮ ਵਿਚ ਆਮ ਹੀ ਦੇਖਣ ਨੂੰ ਮਿਲਦੀਆਂ ਹਨ।

[204] ਪ੍ਰੋ. ਗੁਰਚਰਨ ਸਿੰਘ ਤਲਵਾੜਾ, *ਸੂਫੀਮਤ ਸੰਕਲਪ ਕੋਸ਼*, ਪੰਨਾ 84-85.

## ਅਧਿਆਇ-ਪੰਜਵਾਂ

# ਸਿੱਖ ਧਰਮ ਵਿਚ ਅਰਦਾਸ: ਸੰਕਲਪ ਅਤੇ ਸਰੂਪ

ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਪੰਥ ਦੇ ਹੀ ਨਹੀਂ ਸਗੋਂ ਸਮੁੱਚੀ ਮਾਨਵਤਾ ਦੇ ਮਾਰਗ ਦਰਸ਼ਕ ਹਨ। ਸਿੱਖ ਗੁਰੂ ਸਾਹਿਬਾਨ ਨੇ ਲੋਕ ਕਲਿਆਣ ਦੀ ਦ੍ਰਿਸ਼ਟੀ ਨੂੰ ਮੁੱਖ ਰੱਖਦਿਆ ਇਸ 'ਮਾਲਾ ਰੂਪੀ ਗ੍ਰੰਥ' ਵਿਚ ਵੱਖ-ਵੱਖ ਧਰਮਾਂ, ਜ਼ਾਤਾਂ, ਬੋਲੀਆਂ ਖੇਤਰਾਂ ਨੂੰ ਇਕ ਧਾਗੇ ਵਿਚ ਪਰੋਇਆ। ਉਹ ਵੱਖਰੀ ਗੱਲ ਹੈ ਕਿ ਆਧੁਨਿਕ ਸਮੇਂ ਵਿਚ ਸਮਾਜ ਸੱਭਿਆਚਾਰਕ ਪ੍ਰਭਾਵਾਂ ਕਾਰਣ ਸਿੱਖ ਪੰਥ ਤੇ ਕਾਬਜ਼ ਲੋਕ ਗੁਰੂ ਸਾਹਿਬਾਨ ਦੇ ਦੱਸੇ ਮਾਰਗ ਤੋਂ ਭਟਕ ਕੇ ਸਮੇਂ ਦੇ ਛੋਟੇ ਮਾਪ ਦੰਡਾਂ ਅਧੀਨ ਵੱਡੇ ਫੈਸਲਿਆਂ ਨੂੰ ਵਿਚਾਰਨਾ ਸ਼ੁਰੂ ਕਰ ਦਿੱਤਾ ਹੈ ਕਿਉਂਕਿ ਗੁਰੂ ਸਾਹਿਬਾਨ ਦੀ ਜੋਤ ਦੇ ਸਮੁੱਚੇ ਪਾਸਾਰਾਂ ਨੂੰ ਜਾਣ ਕੇ ਸਹਿਜੇ ਹੀ ਸਮਝ ਆ ਜਾਂਦੀ ਹੈ ਕਿ ਇਸ ਨਿਰਾਲੇ ਪੰਥ ਦਾ ਧਰਤੀ ਤੇ ਉਤਾਰਨ ਦਾ ਮਕਸਦ ਹੀ ਪ੍ਰਾਣੀ ਮਾਤਰ ਦੀ ਭਲਾਈ ਸੀ। ਜਿਸਨੂੰ ਸਾਕਾਰ ਰੂਪ ਵਿਚ ਅਸੀਂ ਗੁਰੂ ਸਾਹਿਬਾਨ ਦੇ ਜੀਵਨ ਵਿਚੋਂ ਨਿਹਾਰ ਸਕਦੇ ਹਾਂ ਇਸੇ ਲਈ ਸਿਆਣਿਆਂ ਦਾ ਮੰਨਣਾ ਹੈ ਕਿ ਹੁਣ ਸਿੱਖ ਧਰਮ ਤੋਂ ਬਾਅਦ ਵਿਸ਼ਵ ਵਿਚ ਕੋਈ ਨਵਾਂ ਧਰਮ ਜਾਂ ਪੈਗੰਬਰ ਨਹੀਂ ਆਉਣਾ ਸਗੋਂ ਗੁਰੂ ਨਾਨਕ ਦੀ ਦੇਹ ਵਿਚ ਹੀ ਪਹਿਲਾਂ ਹੋ ਚੁੱਕੇ ਪੈਗੰਬਰ ਅਤੇ ਧਰਮ ਆਪਣੀ ਸੰਪੂਰਨਤਾ ਹਾਸਿਲ ਕਰਨਗੇ।

ਕਿ ਸਿੱਖ ਧਰਮ ਵਿਚ ਅਰਦਾਸ ਦੀ ਭਾਵਨਾ ਦੀ ਬਹੁਤ ਮਹੱਤਤਾ ਹੈ ਜੋ ਕਿ ਸਿੱਖਾਂ ਦੀ ਸਮਾਜਿਕ, ਰਾਜਨੀਤਿਕ, ਮਾਨਸਿਕ, ਮਨੋਵਿਗਿਆਨਕ ਅਤੇ ਅਧਿਆਤਮਿਕ ਅਵਸਥਾ ਦੀ ਤਰਜਮਾਨੀ ਕਰਦੀ ਹੈ। ਇਹ ਸਿੱਖ ਅੰਦਰ ਦੁਨਿਆਵੀ ਗੁਣਾਂ ਦੇ ਸੰਚਾਰ ਦੇ ਨਾਲ-ਨਾਲ ਉਸਨੂੰ ਸਮੁੱਚੀ ਧਰਤੀ ਦੀ ਸੇਵਾ ਲਈ ਵੀ ਤਤਪਰ ਕਰਦੀ ਹੈ। ਇਸੇ ਲਈ ਸਿੱਖ ਅਰਦਾਸ ਦੀ ਰੂਪ ਰੇਖਾ ਵਿਦਵਾਨਾਂ ਨੇ ਇਸ ਤਰ੍ਹਾਂ ਤਿਆਰ ਕੀਤੀ ਹੈ ਕਿ ਉਸ ਵਿਚ ਅਕਾਲ ਪੁਰਖ, ਗੁਰੂ ਸਾਹਿਬਾਨ ਅਤੇ ਸਮੁੱਚੇ ਹੋ ਕੇ ਚੁੱਕੇ ਸਿੱਖ ਸ਼ਹੀਦਾਂ ਨੂੰ ਨਤਮਸਤਕ ਹੋਇਆ ਜਾਂਦਾ ਹੈ। ਗੁਣਾਂ ਦੀ ਮੰਗ ਕਰਦਿਆਂ ਅਰਦਾਸ ਦੀ ਸਮਾਪਤੀ ਸਰਬੱਤ ਦੇ ਭਲੇ ਦੇ ਨਾਹਰੇ ਨਾਲ ਕੀਤੀ ਜਾਂਦੀ ਹੈ।

ਬੇਸ਼ੱਕ ਸਾਰਾ ਦੇ ਸਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਵ ਇਸਤਰੀ ਦੀ ਆਵਾਜ਼ ਵਿਚ ਪਰਮਾਤਮਾ ਨਾਲ ਮਿਲਾਪ ਦੀ ਅਰਦਾਸ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਰਦਾਸ ਲਈ ਅਰਦਾਸਿ, ਅਰਦਾਸੁ, ਅਰਦਾਸੇ, ਬਿਨਉ, ਬਿਨੇਤੀ, ਬੇਨੰਤੀਆ ਆਦਿ ਸ਼ਬਦ ਵਰਤੇ ਗਏ ਹਨ। ਇਹਨਾਂ ਸ਼ਬਦਾਂ ਰਾਹੀਂ ਪਰਮਾਤਮਾ ਅੱਗੇ ਜ਼ਿਆਦਾਤਰ ਪਰਮਾਰਥ ਦੀ ਮੰਗ ਹੀ ਹੈ ਪਰ ਕਿਤੇ ਕਿਤੇ ਇਸ ਰਾਹ ਤੇ ਚੱਲਣ ਵਿਚ ਕੋਈ ਰੁਕਾਵਟ ਨਾ ਆਵੇ ਉਥੇ ਕਈ ਵਾਰ ਪਦਾਰਥਕ ਮੰਗਾਂ ਲਈ ਵੀ ਅਰਦਾਸ ਦਾ ਆਸਰਾ ਲਿਆ ਹੈ। ਜਿਵੇਂ ਜਿਥੇ 'ਨਾਮ' ਦੀ ਗੱਲ ਹੋ ਰਹੀ ਹੈ। ਇਥੇ ਨਾਮ ਜਪਣਾ ਜਾਂ ਜਪਾਉਣਾ ਵੀ ਕਿਸੇ ਨਾ ਕਿਸੇ ਰੂਪ ਵਿਚ ਅਰਦਾਸ ਦਾ ਹਿੱਸਾ ਬਣਦਾ ਹੈ। ਇਸ ਲਈ ਸਿੱਖ ਇਸ ਗੱਲ ਨੂੰ ਹੋਰ ਸਪੱਸ਼ਟ ਕਰਨ ਲਈ ਅਰਦਾਸ ਉਪਰ ਵੱਖ-ਵੱਖ ਵਿਦਵਾਨਾਂ ਦੀਆਂ ਰਾਵਾਂ ਨੂੰ ਦੇਖਣ ਦਾ ਯਤਨ ਕਰਦੇ ਹਾਂ।

ਸੰਸਾਰ ਦੇ ਸਾਰੇ ਧਰਮਾਂ ਵਿਚ ਅਰਦਾਸ ਕਿਸੇ ਨਾ ਕਿਸੇ ਰੂਪ ਵਿਚ ਸਾਨੂੰ ਜ਼ਰੂਰ ਨਜ਼ਰ ਆਉਂਦੀ ਹੈ ਪਰ ਸਿੱਖ ਧਰਮ ਵਿਚ ਅਰਦਾਸ ਦਾ ਵਿੱਲਖਣ ਅਤੇ ਪ੍ਰਮੁਖ ਸਥਾਨ ਹੈ, "ਸਿੱਖ ਧਰਮ ਵਿਚ ਅਰਦਾਸ ਦੀ ਬਹੁਤ ਮਹਾਨਤਾ ਹੈ ਹਰ ਕਾਰਜ ਦੇ ਆਰੰਭ ਅਤੇ ਸਮਾਪਤੀ ਵੇਲੇ ਭਾਵੇਂ ਉਹ ਖੁਸ਼ੀ ਹੋਵੇ ਜਾਂ ਗਮੀਂ ਦਾ, ਸਿੱਖ ਲਈ ਦੋਵੇਂ ਹੱਥ ਜੋੜ ਕੇ ਅਕਾਲ ਪੁਰਖ ਅੱਗੇ ਅਰਦਾਸ ਕਰਨ ਦਾ ਹੀ ਵਿਧਾਨ ਹੈ। ਖੁਸ਼ੀ ਸਮੇਂ ਤਾਂ ਉਸਦੀਆਂ ਬਖਸ਼ਿਸ਼ਾਂ ਨੂੰ ਯਾਦ ਕਰਕੇ ਸ਼ੁਕਰਾਨਾ ਕਰਨਾ ਹੁੰਦਾ ਹੈ ਅਤੇ ਔਕੜ ਵੇਲੇ ਉਸ ਪਰਮਾਤਮਾ ਪਾਸੋਂ ਭਾਣਾ ਮੰਨਣ ਲਈ ਸ਼ਕਤੀ ਦੀ ਮੰਗ ਕਰਨੀ ਹੁੰਦੀ ਹੈ।"[1] ਸਿੱਖਾਂ ਦੇ ਪਹਿਲੇ ਗੁਰੂ ਤੋਂ ਲੈ ਕੇ ਹੁਣ ਤੱਕ ਦੇ ਸਮੇਂ ਵਿਚ ਅਰਦਾਸ ਦਾ ਮਹੱਤਵ ਬਰਕਰਾਰ ਹੈ। ਜਿਓਂ ਜਿਉਂ ਸਿੱਖ ਧਰਮ ਕਾਲ ਦੀਆਂ ਦਿਸ਼ਾਵਾਂ ਅਨੁਸਾਰ ਅੱਗੇ ਵਧਦਾ ਹੈ, ਅਰਦਾਸ ਦੀ ਸਿਰਜਨਾ ਵੀ ਨਾਲ-ਨਾਲ ਹੀ ਹੋ ਰਹੀ ਹੈ।

ਅਰਦਾਸ ਦਾ ਮੁਖ ਮੰਤਵ ਆਪਣੇ ਅੰਦਰ ਦੀ ਵਿਥਿਆ ਕਰਤੇ ਨੂੰ ਦੱਸਣੀ ਹੈ ਜੋ ਇਸਦਾ ਸੁਚੱਜਾ ਹੱਲ ਕੱਢ ਸਕਦਾ ਹੈ, "ਪੱਛਮੀ ਧਰਮ ਸ਼ਾਸ਼ਤਰੀਆਂ ਨੇ Prayer ਦੀ ਕਈ ਤਰ੍ਹਾਂ ਨਾਲ ਵਿਆਖਿਆ ਕੀਤੀ ਹੈ। ਵਿਸ਼ਾਲ ਅਰਥਾਂ ਵਿਚ ਤਾਂ ਇਹ ਇਕ ਧਾਰਮਿਕ ਕ੍ਰਿਆ ਹੈ ਜਿਸਦਾ ਪ੍ਰਮਾਣਿਕ ਭਾਵ ਹੈ। ਆਪਣੇ ਹਿਰਦੇ ਨੂੰ ਉਠਾ ਉਠਾ ਕੇ ਈਸ਼ਵਰ ਵੱਲ ਲੈ ਜਾਣ ਜਾਂ ਈਸ਼ਵਰ ਨੂੰ ਸੰਬੋਧਨ ਕਰਕੇ ਉਸ ਨਾਲ ਗੱਲਾਂ ਕਰਨੀਆਂ। ਸੀਮਤ ਅਰਥਾਂ ਵਿਚ ਈਸ਼ਵਰ ਕੋਲੋਂ ਮੰਗ ਮੰਗਣ ਨੂੰ ਪ੍ਰਾਰਥਨਾ ਆਖਦੇ ਹਨ।"[2] ਅਰਦਾਸ ਵਿਚ ਮੰਗ ਮੰਗਣ ਦੀ ਕ੍ਰਿਆ ਜ਼ਰੂਰ ਸ਼ਾਮਿਲ ਹੈ ਕਿਉਂਕਿ ਮੰਗਣਾ ਜ਼ਰੂਰੀ ਨਹੀਂ ਦੁਨਿਆਵੀ ਹੋਵੇ, ਇਹ ਅਧਿਆਤਮਿਕ ਵੀ ਹੋ ਸਕਦਾ ਹੈ।

ਸਿੱਖ ਦਾ ਜੀਵਨ ਸਰਵਪੱਖੀ ਹੋਣ ਕਾਰਣ ਉਸਨੂੰ ਅਰਦਾਸ ਦੀ ਜ਼ਰੂਰਤ ਪੈਂਦੀ ਹੈ ਉਸਦੀ ਅਰਦਾਸ ਤਾਂ ਇਹੀ ਹੋਣੀ ਚਾਹੀਦੀ ਹੈ ਕਿ ਸੰਸਾਰ ਤੇ ਵਿਚਰਿਦਿਆਂ ਵੀ ਪਰਮਾਤਮਾ ਦਾ ਚੇਤਾ ਨਾ ਭੁੱਲਾ ਇਸ ਵਿਚ ਸਾਰੀਆਂ ਅਰਦਾਸਾਂ ਆਪਣੇ ਆਪ ਸ਼ਾਮਿਲ ਹੋ ਜਾਂਦੀਆਂ ਹਨ, "ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਰਦਾਸ ਕਿਸ ਮਨੋਰਥ ਲਈ ਕੀਤੀ ਜਾਣੀ ਚਾਹੀਦੀ ਹੈ? ਇਕ ਸਿੱਖ ਦਾ ਜੀਵਨ ਸਰਵਪੱਖੀ ਹੈ। ਉਹ ਅਧਿਆਤਮਿਕ ਮਾਰਗ ਦਾ ਪਾਂਧੀ ਹੁੰਦਾ ਹੋਇਆ ਨਾਲ ਨਾਲ ਗ੍ਰਿਹਸਥ ਦੀਆਂ ਜ਼ਿੰਮੇਵਾਰੀਆਂ ਵੀ ਨਿਭਾਉਂਦਾ ਹੈ। ਸਿੱਖ ਸੰਤ ਵੀ ਹੈ ਅਤੇ ਸਿਪਾਹੀ ਵੀ, ਜੋਗੀ ਵੀ ਹੈ ਅਤੇ ਘਰ ਬਾਰੀ ਵੀ, ਕਿਰਤ ਵੀ ਕਰਦਾ ਹੈ, ਮਾਇਆ ਵੀ ਕਮਾਉਂਦਾ ਹੈ ਅਤੇ ਬੱਚਿਆਂ ਦੀ ਪਾਲਣਾ ਵੀ ਕਰਦਾ ਹੈ। ਇਹ ਸਾਰੇ ਕਾਰਜ ਕਰਦਿਆਂ ਉਸਨੂੰ ਕਈ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਦੋਖੀਆਂ ਵੱਲੋਂ ਉਸ ਨੂੰ ਦੁਖੀ ਕੀਤਾ ਜਾਂਦਾ ਹੈ, ਕਦਮ ਕਦਮ ਤੇ ਉਸਨੂੰ ਪਰੀਖਿਆ ਵਿਚੋਂ ਲੰਘਣਾ ਪੈਂਦਾ ਹੈ। ਇੰਨ੍ਹਾਂ ਸਾਰੇ ਅਵਸਰਾਂ ਤੇ ਆਪਣੀ ਮਨੋਰਥ ਸਿੱਧੀ ਲਈ, ਆਪਣੀਆਂ ਸ਼ਕਤੀਆਂ ਵਿਚ ਵਾਧਾ ਕਰਨ ਲਈ, ਕਰਮ ਖੇਤਰ ਵਿਚ ਸਫਲ ਹੋਣ ਲਈ, ਜੀਵ ਨੂੰ ਅਰਦਾਸ ਦੀ ਓਟ ਲੈਣੀ ਪੈਂਦੀ ਹੈ। ਮਾਣ-ਤਾਣ, ਦੁੱਧ-ਪੁੱਤ, ਧਨ-ਦੌਲਤ ਆਦਿ ਦੀ ਪ੍ਰਾਪਤੀ ਲਈ ਅਕਾਲ ਪੁਰਖ ਅੱਗੇ ਜੋਦੜੀ ਕਰਨ ਦੀ ਲੋੜ ਪੈਂਦੀ ਹੈ।"[3] ਸਿੱਖ ਧਰਮ ਵਿਚ

---

[1] ਮਹਿੰਦਰ ਸਿੰਘ, ਸਿੱਖ ਸੰਸਕਾਰ ਅਤੇ ਮਰਯਾਦਾ, ਪੰਨਾ 114.

[2] Collin's Encyclopedia vol.15 Page 679.

[3] ਮਹਿੰਦਰ ਸਿੰਘ, ਸਿਖ ਸੰਸਕਾਰ ਅਤੇ ਮਰਯਾਦਾ, ਪੰਨਾ 118

ਸਿੱਖ ਗੁਰੂ ਸਾਹਿਬਾਨ ਸਿੱਖ ਨੂੰ ਧਰਤੀ ਤੇ ਵੀ ਭਰਪੂਰ ਸੁਖੀ ਜ਼ਿੰਦਗੀ ਗੁਜਾਰਨ ਦੀ ਤਾਕੀਦ ਕੀਤੀ ਹੈ। ਸੁੱਖਾਂ ਵਿਚ ਗਲਤਾਨ ਹੋਣ ਤੇ ਪਰਮਾਤਮਾ ਹੀ ਬਚਾ ਸਕਦਾ ਹੈ। ਇਹੋ ਅਰਦਾਸ ਹੋਣੀ ਚਾਹੀਦੀ ਹੈ।

ਸਿੱਖ ਅਰਦਾਸ ਦੀ ਇਹੋ ਵਿਲੱਖਣਤਾ ਹੈ ਕਿ ਇਹ ਬਹੁਤ ਹੀ ਸਰਲ, ਸਪੱਸ਼ਟ ਅਤੇ ਢੁਕਵੀਂ ਸ਼ਬਦਾਵਲੀ ਵਿਚ ਆਪਣੇ ਦਸਾਂ ਗੁਰੂਆਂ ਨੂੰ ਯਾਦ ਕਰਦਿਆਂ, ਉਹਨਾਂ ਤੋਂ ਦਾਤਾਂ ਮੰਗਦਿਆਂ, ਉਹਨਾਂ ਦੀ ਉਸਤਤ ਕਰਦਿਆਂ ਬੜੇ ਹੀ ਚੋਣਵੇ ਸ਼ਬਦਾਂ ਵਿਚ ਬਿਆਨ ਕੀਤੀ ਗਈ ਹੈ,"ਅਰਦਾਸ ਦਸਾਂ ਗੁਰੂਆਂ ਦੇ ਆਤਮਕ ਸਰੂਪ ਜਾਗਦੀ ਜੋਤ ਸ਼ਬਦ ਅਵਤਾਰ ਸ਼ਬਦ ਗੁਰੂ ਨੂੰ ਸਨਮੁਖ ਮੁਖਾਤਬ ਕਰਕੇ ਕੀਤੀ ਜਾਂਦੀ ਹੈ। ਡਾਢੀ ਭਾਵਪੂਰਤ, ਦਿਲ ਚੀਰਵੀਂ ਸਰਲ ਸੰਖੇਪ ਸੰਘਣੀ ਹਿਰਦੇ ਸਪਰਸ਼ੀ ਭਾਵਨਾਵਾਂ ਨਾਲ ਓਤ-ਪ੍ਰੋਤ, ਅਧਰਿੜਕੇ ਦੁੱਧ ਵਾਂਗ ਥਿੰਦੀ ਚਿਕਨੀ, ਉਦਗਾਰ ਭਰਪੂਰ ਮਨੋਭਾਵਾਂ ਦੇ ਸਿੱਧੇ ਸਾਦੇ ਪ੍ਰਭਾਵਸ਼ਾਲੀ ਮੌਲਿਕ ਮਲੂਕੜੇ ਅਨੁਭਵਾਂ ਦੇ ਗੌਰਵਮਈ ਪ੍ਰਗਟਾਵੇ ਦਾ ਨਾਮ ਹੀ ਅਰਦਾਸ ਹੈ।"[4] ਸ਼ਾਇਦ ਹੀ ਇੰਨੀ ਭਾਵਪੂਰਤ ਅਰਦਾਸ ਕਿਸੇ ਹੋਰ ਧਰਮ ਵਿਚ ਹੋਵੇ ਜਿਸ ਵਿਚ ਸਾਰੇ ਪੰਥ ਦੇ ਸਫ਼ਰ ਨੂੰ ਬਿਆਨ ਕੀਤਾ ਜਾਵੇ ਅਤੇ ਅੰਤ ਵਿਚ ਸਰਬੱਤ ਦਾ ਭਲਾ ਵੀ ਮੰਗਿਆ ਜਾਵੇ।

ਸਿੱਖ ਪੰਥ ਵਿਚ ਜੀਵਨ ਦੀ ਹਰ ਪੜਾਅ 'ਤੇ ਅਰਦਾਸ ਦਾ ਹੀ ਆਸਰਾ ਹੈ। ਸਿੱਖ ਦੀ ਗ੍ਰਿਹਸਥ, ਧਰਮ, ਮੁਕਤੀ ਆਦਿ ਸਾਰਾ ਕੁਝ ਅਰਦਾਸ ਦੇ ਆਸਰੇ ਚੱਲਦਾ ਹੈ। ਸਿੱਖ ਹਰ ਰੋਜ਼ ਧਾਰਮਿਕ ਤੌਰ 'ਤੇ ਦੋ ਵਾਰ ਸਵੇਰੇ ਸ਼ਾਮ ਅਰਦਾਸ ਕਰਦਾ ਹੈ ਜਿਸ ਵਿਚ ਸਰਬੱਤ ਦਾ ਭਲਾ ਮੰਗਣਾ ਜ਼ਰੂਰੀ ਹੈ। ਸਿੱਖ ਕੌਮ ਹੀ ਦੁਨੀਆਂ ਦੀ ਅਜਿਹੀ ਕੌਮ ਹੈ ਜੋ ਸਾਰਿਆਂ ਦਾ ਭਲਾ ਹਰ ਰੋਜ਼ ਅਰਦਾਸ ਵਿਚ ਮੰਗਦੀ ਹੈ। ਹਰ ਇਕ ਔਕੜ ਵਿਚ ਅਰਦਾਸ ਦਾ ਸਹਾਰੇ ਹੀ ਪਾਰ ਹੋਇਆ ਜਾ ਸਕਦਾ ਹੈ।"ਸਿੱਖ ਦੀ ਅਰਦਾਸ ਤਾਂ ਹੀ ਸਫਲ ਹੈ ਜੇ ਉਹ ਆਪਣੀਆਂ ਸੀਮਤ ਛੋਟੀਆਂ ਛੋਟੀਆਂ ਲੋੜਾਂ ਤੋਂ ਉਪਰ ਉਠ ਕੇ ਸਰਬੱਤ ਦਾ ਭਲਾ ਮੰਗੇ। ਅਰਦਾਸ ਨਿੱਜੀ ਵੀ ਹੁੰਦੀ ਹੈ ਅਤੇ ਸੰਗਤੀ ਰੂਪ ਵਿਚ ਵੀ। ਸੰਗਤੀ ਅਰਦਾਸ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਸੰਗਤ ਰੂਪ ਵਿਚ ਜੁੜ ਕੇ ਕੀਤੀ ਜਾਣ ਵਾਲੀ ਸਮੂਹਕ ਅਰਦਾਸ ਹੈ। ਉਸ ਨੂੰ ਪੰਥ ਦੀ ਸ਼੍ਰੋਮਣੀ ਨੇ ਇਕ ਨਿਸ਼ਚਿਤ ਰੂਪ ਦਿੱਤਾ ਹੈ ਜਿਸਦੇ ਅੰਤ ਵਿਚ ਤਾ ਲੋੜ ਅਨੁਸਾਰ ਵਾਧਾ ਕਰ ਲਿਆ ਜਾਂਦਾ ਹੈ ਪਰ ਉਸਦੀ ਬਾਹਰਲੀ ਰੂਪ ਰੇਖਾ ਉਹੀ ਰਹਿੰਦੀ ਹੈ।"[5] ਸਿੱਖ ਧਰਮ ਤਾਂ ਹੈ ਹੀ ਸਰਬੱਤ ਦੇ ਭਲੇ ਲਈ। ਸਿੱਖ ਗੁਰੂ ਸਾਹਿਬਾਨ ਦੇ ਜੀਵਨ ਬਿਰਤਾਂਤ ਦੇ ਦਰਸ਼ਨ ਕਰਦਿਆਂ ਪਤਾ ਲੱਗਦਾ ਹੈ ਕਿ ਉਹਨਾਂ ਦੇ ਜੀਵਨ ਦੀ ਇਕ ਇਕ ਘਟਨਾ ਕਿਸੇ ਨਿੱਜੀ ਲਾਭ ਵਿਚ ਨਾ ਹੋ ਕੇ ਸਮੁੱਚੀ ਮਨੁੱਖਤਾ ਦੀ ਭਲਾਈ ਲਈ ਹੈ।

ਸੰਗਤ, ਪੰਗਤ, ਲੰਗਰ, ਸਰੋਵਰ ਦਾ ਇਸ਼ਨਾਨ, ਹਰਿਮੰਦਰ ਸਾਹਿਬ ਦੀ ਉਸਾਰੀ, ਮੀਰੀ-ਪੀਰੀ, ਗੁਰੂ ਤੇਗ ਬਹਾਦਰ ਦੀ ਸ਼ਹਾਦਤ, ਖਾਲਸਾ, ਅੰਮ੍ਰਿਤ ਸੰਸਕਾਰ ਆਦਿ ਇਹ ਗੱਲਾਂ ਮਨੁੱਖਤਾ ਦੇ ਭਲੇ ਹਿਤ ਸ਼ੁਰੂ ਕੀਤੀਆਂ ਗਈਆਂ ਸਨ ਜੋ ਅੱਜ ਵੀ ਸਾਡੇ ਸਾਹਮਣੇ ਮੌਜੂਦ ਹਨ। ਸਿੱਖ ਪੰਥ ਦੀ ਲੰਗਰ ਸੰਸਥਾ ਅਜੋਕੇ ਸਮਾਜ ਵਿਚ ਜਿੱਥੇ ਬਰਾਬਰਤਾ ਦਾ ਸੰਦੇਸ਼ ਦਿੰਦੀ ਹੈ ਉੱਥੇ ਲੋੜਵੰਦ ਮਨੁੱਖਾਂ ਦਾ ਪੇਟ ਭਰਨਾ ਵੀ

---

[4] ਡਾ.ਇਕਬਾਲ ਸਿੰਘ, ਗੁਰਮਤਿ ਮੰਥਨ, ਪੰਨਾ, 189-90.

[5] ਮਹਿੰਦਰ ਸਿੰਘ, ਸਿਖ ਸੰਸਕਾਰ ਅਤੇ ਮਰਯਾਦਾ, ਪੰਨਾ 118-19.

ਭਲੇ ਦਾ ਕਾਰਜ ਹੈ,"ਅਰਦਾਸ ਦੇ ਅਲੌਕਿਕ ਅੱਖਰਾਂ ਦੀ ਬਣਤਰ, ਸ਼ਹੀਦਾਂ ਦਾ ਸਨਸਿਮਰਨ, ਗੁਰਧਾਮਾਂ ਦੇ ਪਵਿੱਤਰ ਦਰਸ਼ਨਾਂ ਦਾ ਸੰਕਲਪ, ਪੰਜ ਪਿਆਰਿਆਂ ਦੇ ਆਤਮ ਸਮਰਪਣ ਦੀ ਗੌਰਵ-ਗਾਥਾ, ਚਾਲੀ ਮੁਕਤਿਆਂ ਦੀ ਲਾਸਾਨੀ ਅਤੇ ਲਾਫਾਨੀ ਕੁਰਬਾਨੀ, ਮਨ ਨੂੰ ਨੀਵਾਂ ਅਤੇ ਮਤਿ ਨੂੰ ਉਚਾ ਰੱਖਣ ਵਾਲਾ ਅਦਭੁਤ ਆਦਰਸ਼ ਅਤੇ ਸਰਬੱਤ ਦੇ ਭਲੇ ਲਈ ਕੀਤੀ ਗਈ ਯਾਚਨਾ ਅਰਦਾਸ ਕਰਨ ਵਾਲੇ ਦੇ ਦਿਲ ਤੋਂ ਦਿਮਾਗ ਨੂੰ ਟੁੰਬਦੀ ਇਕ ਨਵੀਂ ਰੂਹ ਫੂਕ ਦਿੰਦੀ ਹੈ। ਮਨ ਉਤਸ਼ਾਹ ਨਾਲ ਭਰਪੂਰ ਅਤੇ ਵਲਵਲੇ ਨਾਲ ਲਬਰੇਜ਼ ਹੋ ਜਾਂਦਾ ਹੈ। ਮਾਨਸਿਕ ਦਸ਼ਾ 'ਚੜ੍ਹੀਏ ਹੋਏ ਇਕੀਸ' ਦੀ ਸਰਵ ਉਚ ਸਿਖਰ ਤੇ ਪੁਜ ਖਲੋਂਦੀ ਹੈ। ਕਠਿਨ ਤੋਂ ਕਠਿਨ ਪ੍ਰਸਥਿਤੀ ਦਾ ਮੁਕਾਬਲਾ ਕਰਦੇ ਹੋਏ ਧਰਮ ਦੇਸ਼, ਕੌਮ, ਤੇ ਰਾਜ ਲਈ ਜੂਝਦੇ ਹੋਏ ਪ੍ਰਾਣਾਂ ਨੂੰ ਨਿਛਾਵਰ ਕਰ ਦੇਣ ਤੋਂ ਵੀ ਰਤਾ ਸੰਕੋਚ ਨਹੀਂ ਕਰਦਾ।"[6]ਸਿੱਖ ਅਰਦਾਸ ਦਸਾਂ ਗੁਰੂਆਂ ਦੀ ਆਤਮਿਕ ਜੋਤ ਨੂੰ ਹਾਜ਼ਰ ਨਾਜ਼ਰ ਮੰਨ ਕੇ ਕੀਤੀ ਜਾਂਦੀ ਹੈ। ਜੋ ਕਿ ਅਕਾਲ ਪੁਰਖ ਦੀ ਫਤਿਹ ਤੋਂ ਸ਼ੁਰੂ ਹੁੰਦੀ ਹੈ ਅਤੇ ਇਹ ਗੁਰੂ ਗੋਬਿੰਦ ਸਿੰਘ ਜੀ ਰਚਿਤ 'ਚੰਡੀ ਦੀ ਵਾਰ' ਦੀ ਆਰੰਭਕ ਪਉੜੀ ਹੈ ਜੋ ਕਿ ਪਹਿਲੇ ਨੌ ਗੁਰੂਆਂ ਦੀ ਭਾਵਪੂਰਤ ਵੰਦਨਾ ਕਰਦੀ ਹੈ ਜਿਹੜੀ ਕਿ ਨੌਆਂ ਗੁਰੂਆਂ ਨੂੰ ਬੜੇ ਹੀ ਸੰਖੇਪ ਰੂਪ ਵਿਚ ਸੰਬੋਧਨ ਹੋ ਕੇ ਹਰ ਇਕ ਕੋਲੋ ਸਹਾਇਤਾ ਵੀ ਮੰਗਦੀ ਹੈ ਅਤੇ ਦਾਤਾਂ ਵੀ ਮੰਗਦੀ ਹੈ।

ਅਰਦਾਸ ਰਾਹੀਂ ਕੌਮ ਵਿਚ ਹੋ ਪੁਰਾਤਨ ਅਤੇ ਵਰਤਮਾਨ ਸ਼ਹੀਦਾਂ ਨੂੰ ਯਾਦ ਕੀਤਾ ਜਾਂਦਾ ਹੈ। ਅਰਦਾਸ ਦੇ ਸ਼ਬਦ ਹੀ ਅਜਿਹੇ ਘੜੇ ਗਏ ਹਨ ਕਿ ਉਸ ਦੀ ਮਹਾਨਤਾ ਨੂੰ ਸੁਣ ਕੇ ਵਿਚ ਭਵਿੱਖ ਵਿਚ ਵੀ ਸ਼ਹਾਦਤ ਦਾ ਜਾਮ ਪੀਣ ਵਾਲੇ ਮਰਜੀਵੜੇ ਤਿਆਰ ਹੁੰਦੇ ਹਨ। ਕਿਉਕੀਂ ਜਿਸ ਨਾਲ ਸਿੱਖ ਪੰਥ ਦਾ ਇਲਾਹੀ ਰੂਪ ਅਤੇ ਸਿੱਖ ਇਤਿਹਾਸ ਆਪਣੇ ਆਪ ਉਹਨਾਂ ਨਾਲ ਜੁੜਦਾ ਹੈ। "ਸਿੱਖੀ ਦਾ ਮਹਿਲ ਅਰਦਾਸ ਦੇ ਅਦਭੁਤ, ਵਿੱਲਖਣ, ਅਦੁਤੀ ਪ੍ਰਭਾਵਸ਼ਾਲੀ ਸ਼ਬਦਾਂ ਦੀ ਆਧਾਰ ਮਿਲਾ ਕੇ ਆਸਰੇ ਅਹਿਲ ਖਲੋਤਾ ਹੈ ਅਤੇ ਗੁਰਮਤਿ ਦੇ ਇਹ ਮੌਲਿਕ ਸਿਧਾਂਤ ਹੀ ਸਦੀਂਵੀ ਸਰਵਮਾਨਯ ਅਤੇ ਸਰਵ ਪ੍ਰਿਅ ਰਹੇ ਹਨ। ਜੋ ਜੋਤ ਅਤੇ ਜੁਗਤ ਦਸਾਂ ਜਾਮਿਆਂ ਵਿਚ ਸਮੇਂ-ਸਮੇਂ ਪਹੁੰਚ ਪ੍ਰਜਵਲਿਤ ਹੋ ਕੇ ਜੀਵਨ ਜਾਂਚ ਤਥਾ ਗੁਰਮਤਿ ਸੇਧਾਂ ਦਸਦੀ ਹੋਈ ਅਗਵਾਈ ਕਰਦੀ ਰਹੀ ਹੈ।ਉਹ ਪਰਮਜੋਤ ਬ੍ਰਹਮ ਗਿਆਨ ਤਥਾ ਸ਼ਬਦ ਬ੍ਰਹਮ ਦੇ ਸਰੂਪ ਵਿਚ ਇਸਥਿਤ ਹੋ ਕੇ ਟਿਕੀ ਹੋਈ ਹੈ ਅਤੇ ਜੁਗਤ ਦਾ ਮਾਲਕ ਹੁਣ ਖਾਲਸਾ ਪੰਥ ਨੂੰ ਥਾਪਿਆ ਗਿਆ ਹੈ। ਅਰਦਾਸ ਕੇਵਲ ਗੁਰੂ ਗ੍ਰੰਥ ਸਾਹਿਬ ਜੋ ਦਸਾਂ ਗੁਰੂਆਂ ਦੀ ਆਤਮ ਜੋਤਿ ਦਾ ਪ੍ਰਤੱਖ ਰੂਪ ਹੈ, ਨੂੰ ਹਾਜ਼ਰ ਨਾਜ਼ਰ ਮੰਨ ਕੇ ਕੀਤੀ ਜਾਂਦੀ ਹੈ। ਅਰਦਾਸ ਸਦੀਵੀ ਪ੍ਰੇਰਨਾ ਦਾ ਸ੍ਰੋਤ ਸੋਮਾ ਹੈ ਜਿਸ ਦੇ ਮਾਧਿਅਮ ਦੁਆਰਾ ਸਿੱਖੀ ਦੇ ਸ਼ਾਨਦਾਰ ਇਤਿਹਾਸ ਨੂੰ ਸੰਖੇਪ ਤੌਰ 'ਤੇ ਦੁਹਰਾਇਆ ਜਾਂਦਾ ਹੈ।"[7]ਇਸ ਵਿਚ ਗੁਰਧਾਮਾਂ ਦੇ ਦਰਸ਼ਨਾਂ ਦੀ ਗੱਲ ਵੀ ਆਉਂਦੀ ਹੈ ਜੋ ਕਿ ਹਰ ਇਕ ਸਿੱਖ ਨੂੰ ਆਪਣੇ ਇਤਿਹਾਸਿਕ ਸਥਾਨਾਂ ਦੇ ਦਰਸ਼ਨ ਕਰਨ ਲਈ ਅਤੇ ਉਥੋਂ ਦੇ ਇਤਿਹਾਸ ਨਾਲ ਜੁੜਨ ਲਈ ਪ੍ਰੇਰਦੀ ਹੈ। ਇਸ ਵਿਚ ਮਨ ਅਤੇ ਮਤ ਨੂੰ ਠੀਕ ਦਿਸ਼ਾ ਵਿਚ ਰੱਖਣ ਦੀ ਤਾਕੀਦ ਹੈ ਅਤੇ ਜਦੋਂ ਮਨੁੱਖੀ ਮਨ ਠੀਕ ਦਿਸ਼ਾ ਵਿਚ ਚੱਲ ਪਵੇ ਤਾਂ ਸਾਰੇ ਕਾਰਜ ਆਪਣੇ ਆਪ ਠੀਕ ਹੋ ਜਾਂਦੇ ਹਨ।

[6] ਇਕਬਾਲ ਸਿੰਘ, ਗੁਰਮਤਿ ਮੰਥਨ, ਪੰਨਾ 90.
[7] ਉਹੀ, ਪੰਨਾ 195

ਇਸ ਵਿਚ ਗੁਰਧਾਮਾਂ ਦੇ ਦਰਸ਼ਨਾਂ ਦੀ ਗੱਲ ਵੀ ਆਉਂਦੀ ਹੈ ਜੋ ਕਿ ਹਰ ਇਕ ਸਿੱਖ ਨੂੰ ਆਪਣੇ ਇਤਿਹਾਸਿਕ ਸਥਾਨਾਂ ਦੇ ਦਰਸ਼ਨ ਕਰਨ ਲਈ ਅਤੇ ਉਥੋਂ ਦੇ ਇਤਿਹਾਸ ਨਾਲ ਜੁੜਨ ਲਈ ਪ੍ਰੇਰਦੀ ਹੈ। ਇਸ ਵਿਚ ਮਨ ਅਤੇ ਮਤ ਨੂੰ ਠੀਕ ਦਿਸ਼ਾ ਵਿਚ ਰੱਖਣ ਦੀ ਤਾਕੀਦ ਹੈ ਅਤੇ ਜਦੋਂ ਮਨੁੱਖੀ ਮਨ ਠੀਕ ਦਿਸ਼ਾ ਵਿਚ ਚੱਲ ਪਵੇ ਤਾਂ ਸਾਰੇ ਕਾਰਜ ਆਪਣੇ ਆਪ ਠੀਕ ਹੋ ਜਾਂਦੇ ਹਨ।

ਪਰਮਾਤਮਾ ਅੱਗੇ ਜੋ ਵੀ ਅਰਦਾਸ ਸੱਚੇ ਦਿਲੋਂ ਕਰਦਾ ਹੈ ਉਸ ਦੀ ਰਸਾਈ ਹੋਣੀ ਲਾਜ਼ਮੀ ਹੈ, ਇਹ ਜ਼ਰੂਰ ਹੈ ਉਸਦੇ ਕਰਮਾਂ ਕਰਕੇ ਜਾਂ ਰੱਬੀ ਨਿਯਮਾਂ ਕਰਕੇ ਦੇਰ-ਸਵੇਰ ਹੋ ਸਕਦੀ ਹੈ ਕਿਉਂਕਿ ਅਸੀਂ ਪਰਮਾਤਮਾ ਨੂੰ ਮਾਂ-ਪਿਉ ਵਰਗਾ ਮੰਨਦੇ ਹਾਂ ਜੋ ਕਦੇ ਵੀ ਬੱਚੇ ਨੂੰ ਔਖ ਵਿਚ ਨਹੀਂ ਵੇਖ ਸਕਦਾ। "ਇਹ ਉਸਦਾ ਅਟੱਲ ਕਨੂੰਨ ਹੈ ਆਪਣੇ ਬਿਰਦ ਦੀ ਉਹ ਸਦਾ ਪਾਲਣਾ ਕਰਦਾ ਹੈ। ਅਸੀਂ ਕਰਮਾਂ ਦੀ ਗਤੀ ਨੂੰ ਨਹੀਂ ਪਹਿਚਾਣਦੇ ਅਤੇ ਨਾ ਹੀ ਸਾਨੂੰ ਸਰਵ ਸ਼ਕਤੀਮਾਨ ਦੇ ਰਮਜ਼ ਭਰੇ ਭੇਦ ਵਾਲੇ ਨਿਯਮਾਂ ਦੀ ਕੋਈ ਸਮਝ ਹੈ। ਇਹ ਤਾਂ ਪੱਕੀ ਪੁਖਤਾ ਗੱਲ ਪੱਥਰ ਤੇ ਲਕੀਰ ਵਾਂਗ ਹੈ ਕਿ ਜੋ ਜੋ ਅਸੀਂ ਮੰਗਦੇ ਹਾਂ ਮਿਲੇਗਾ ਜ਼ਰੂਰ, ਪਰ ਕਦੋਂ ਇਸ ਜਨਮ ਵਿਚ ਜਾਂ ਕਿਸੇ ਅਗਲੇਰੇ ਜਨਮ ਵਿਚ ਇਸਦਾ ਸਾਨੂੰ ਕੁਝ ਗਿਆਨ ਨਹੀਂ; ਇਸ ਲਈ ਗੁਰਬਾਣੀ ਦੀ ਕਿਸੇ ਵੀ ਪਾਵਨ-ਪੰਕਤੀ ਤੇ ਸਾਨੂੰ ਉਕਾ ਹੀ ਸ਼ੰਕਾ ਨਹੀਂ ਕਰਨਾ ਚਾਹੀਦਾ। ਸਾਨੂੰ ਤਾਂ ਨਿਸ਼ਚਾਵਾਨ ਜਾਚਕ ਦੀ ਤਰ੍ਹਾਂ ਅਰਦਾਸ ਕਰਨੀ ਚਾਹੀਦੀ ਹੈ।"[8] ਉਹ ਵੱਖਰੀ ਗੱਲ ਹੈ ਕਿ ਅਸੀਂ ਰੱਬੀ ਨਿਯਮ ਦੀ ਉਚੱਤਾ ਨੂੰ ਸਮਝ ਨਹੀਂ ਸਕਦੇ ਕਿਉਂਕਿ ਸਾਡੀ ਬੁੱਧੀ ਦੀ ਕੋਈ ਸੀਮਾ ਹੈ। ਉਹ ਅਸੀਮ ਹੈ ਅਤੇ ਉਸ ਤੋਂ ਅਰਦਾਸ ਦੇ ਆਸਰੇ ਹੀ ਕੁਝ ਨਾ ਕੁਝ ਮੰਗਿਆ ਜਾ ਸਕਦਾ ਹੈ। ਇਸ ਲਈ ਧਰਮ ਗ੍ਰੰਥਾਂ ਉਪਰ ਬਗੈਰ ਕਿਸੇ ਸ਼ੰਕੇ ਤੋਂ ਸਾਨੂੰ ਵਿਸ਼ਵਾਸ਼ ਕਰਨਾ ਚਾਹੀਦਾ ਹੈ।

ਸਿੱਖ ਪੰਥ ਤਾਂ ਇਸ ਗੱਲ ਨੂੰ ਬੜੇ ਜ਼ੋਰ ਨਾਲ ਮੰਨਦਾ ਹੈ ਕਿ ਉਸਦਾ ਲਾਸਾਨੀ ਇਤਿਹਾਸ ਅਰਦਾਸ ਦੀ ਦੇਣ ਹੈ ਕਿਉਂ ਕਿ ਜੋ ਮਨੁੱਖ ਹਰ ਰੋਜ਼ ਦੋ ਵੇਲੇ ਆਪਣੇ ਹੋ ਚੁੱਕੇ ਪੂਰਵਜਾਂ ਅਤੇ ਉਹਨਾਂ ਦੀ ਨੇਕ ਕਮਾਈ ਨੂੰ ਸੱਚੇ ਦਿਲੋਂ ਯਾਦ ਕਰੇ ਉਸ ਅੰਦਰ ਉਹੋ ਜਿਹੇ ਗੁਣ ਜਿਹੋ ਜਿਹੇ ਮਹਾਨ ਸੂਰਬੀਰਾਂ ਨੂੰ ਉਹ ਯਾਦ ਕਰਦਾ ਹੈ, ਆ ਜਾਣੇ ਸੁਭਾਵਿਕ ਹਨ। "ਕੌਮੀ ਸਿੱਖ ਅਰਦਾਸਿ 'ਚ ਸਿੱਖ ਸਭ ਤੋਂ ਪਹਿਲਾ ਵਾਹਿਗੁਰੂ ਨੂੰ ਚੇਤੇ ਕਰਦੇ ਹਨ, ਫਿਰ ਦਸ ਗੁਰੂਆਂ ਨੂੰ ਯਾਦ ਕਰਦੇ ਹਨ ਅਤੇ ਨਾਲ ਹੀ ਦਸਾਂ ਪਾਤਸ਼ਾਹੀਆਂ ਦੇ ਰੂਹਾਨੀ ਵਾਰਿਸ ਗੁਰੂ ਗ੍ਰੰਥ ਅਤੇ ਉਸਦੇ ਫਲਸਫੇ ਅੱਗੇ ਸਿਰ ਝੁਕਾਉਂਦੇ ਹਨ। ਸਿੱਖਾਂ ਦੀ ਕੌਮੀ ਅਰਦਾਸਿ ਦਾ ਪਹਿਲਾ ਹਿੱਸਾ ਸਿੱਖ ਦਾ ਆਪਣੇ ਫਲਸਫੇ ਬਾਰੇ ਐਲਾਨਨਾਮਾ ਹੈ। ਸਿੱਖ ਦਾ ਯਕੀਨ ਵਾਹਿਗੁਰੂ, ਦਸ ਗੁਰੂ ਸਾਹਿਬਾਨ ਅਤੇ "ਸ਼ਬਦ" ਤੇ ਹੈ। ਇਕ ਲਫ਼ਜ਼ ਵਿਚ ਆਖਣਾ ਹੋਏ ਤਾਂ ਸਿੱਖ ਦਾ ਯਕੀਨ ਸਿਰਫ਼ ਵਾਹਿਗੁਰੂ ਤੇ ਹੀ ਹੈ ਕਿਉਂਕਿ ਦਸ ਗੁਰੂ ਸਾਹਿਬਾਨ ਵਾਹਿਗੁਰੂ ਦੇ ਨੁਮਾਇੰਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਧੁਰ ਦੀ ਬਾਣੀ ਹੈ।"[9] ਜਿਹੜੀ ਕੌਮ ਆਪਣੇ ਹੋ ਚੁੱਕੇ ਸ਼ਹੀਦਾਂ ਨੂੰ ਯਾਦ ਰੱਖੇ ਉਸ ਕੌਮ ਵਰਗਾ ਦੂਜਾ ਕੋਈ ਨਹੀਂ ਹੋ ਸਕਦਾ। ਇਸ ਕਰਕੇ ਸਿੱਖ ਅਰਦਾਸ ਦਾ ਅੱਖਰ-ਅੱਖਰ ਪ੍ਰੇਰਨਾਸ੍ਰੋਤ ਹੈ।

---

[8] ਇਕਬਾਲ ਸਿੰਘ, ਗੁਰਮਤਿ ਮੰਥਨ, ਪੰਨਾ 196

[9] ਡਾ.ਹਰਜਿੰਦਰ ਸਿੰਘ ਦਿਲਗੀਰ, ਸਿੱਖ ਫਿਲਾਸਫੀ ਕੀ ਹੈ ਅਤੇ ਹੋਰ ਲੇਖ, ਪੰਨਾ 93.

ਜਿੱਥੇ ਇਹ ਅਕਾਲ ਪੁਰਖ ਦਾ ਧਿਆਨ ਧਰਾਉਂਦੀ ਹੈ ਉੱਥੇ ਮਨੁੱਖ ਦੇ ਧਰਤੀ ਉਪਰਲੇ ਸਫ਼ਰ ਨੂੰ ਵੀ ਸਫਲਾ ਕਰਦੀ ਹੈ।

ਸਿੱਖ ਦੀ ਹਰ ਇਕ ਗੱਲ ਰੱਬ ਤੋਂ ਸ਼ੁਰੂ ਹੁੰਦੀ ਅਤੇ ਰੱਬ 'ਤੇ ਹੀ ਖ਼ਤਮ ਹੁੰਦੀ ਹੈ। ਸਿੱਖ ਗੁਰੂ ਸਾਹਿਬਾਨ ਨੇ ਅਕਾਲ ਪੁਰਖ ਦਾ ਜੋ ਰੂਪ ਬਿਆਨ ਕੀਤਾ ਹੈ ਉਹ ਬਾ-ਕਮਾਲ ਹੈ। ਇਸ ਲਈ ਸਿੱਖ ਦੇ ਜੀਵਨ ਵਿਚ ਕਦਮ-ਕਦਮ ਤੇ ਰੱਬੀ ਆਸਰਾ ਜ਼ਰੂਰੀ ਹੈ। ਸਿੱਖ ਦਾ ਭਰੋਸਾ ਪਰਮਾਤਮਾ, ਦਸਾਂ ਗੁਰੂਆਂ ਅਤੇ ਸ਼ਬਦ ਦੇ ਦੈਵੀ ਪਸਾਰਾਂ 'ਤੇ ਹੈ। "ਗੁਰੂ ਗੋਬਿੰਦ ਸਿੰਘ ਜੀ ਦਾ ਰਚਿਆ 'ਜ਼ਫ਼ਰਨਾਮਾ' (ਫਤਹਨਾਮਾ) ਕਮਾਲ ਹੈ, ਪਰ 'ਅਰਦਾਸ' ਸਰਬੱਤ ਖਾਲਸਾ ਜੀ ਦੀ 'ਜ਼ਫਰਨਾਮਾ' ਹੈ ਇਹ ਵਾਹਿਗੁਰੂ ਜੀ, ਭਗੌਤੀ ਜੀ, ਦਸ ਗੁਰੂ ਸਾਹਿਬਾਨ ਅਤੇ ਸਰਬੱਤ ਪੰਥ ਦਾ ਜ਼ਫਰਨਾਮਾ ਹੈ ਇਹ ਐਸਾ ਜ਼ਫ਼ਰਨਾਮਾ ਹੈ ਜਿਸਦਾ ਇਕ ਇਕ ਅੱਖਰ ਪਹਿਲਾਂ ਜੀਵਿਆ ਗਿਆ ਹੈ ਅਤੇ ਜਿਸ ਦੀ ਇਕ ਇਕ ਸਤਰ ਲਈ ਕਈ ਵਾਰੀ ਇਕ ਇਕ ਸਦੀ ਕਠਨ ਤਪੱਸਿਆ ਅਤੇ ਘੋਰ ਘਾਲਣਾ ਘਾਲਣੀ ਪਈ ਹੈ। ਜਿਵੇਂ ਕੋਈ ਮਹਾਨ ਰਚਨਾ ਕਲਾਕਾਰ ਦਾ ਜੀਵਨ ਅੰਸ਼ ਭਰਪੂਰ ਖ਼ੂਨ ਹੁੰਦਾ ਹੈ ਜਿਵੇਂ ਹੀ ਅਰਦਾਸ ਸਰਬੱਤ ਖਾਲਸਾ ਜੀ ਦੀ ਲਹੂ ਹੈ।"[10]ਸਿੱਖਾਂ ਵਿਚ ਪਰਮਾਤਮਾ, ਗੁਰੂ ਅਤ ਸ਼ਬਦ ਵਿਚ ਕੋਈ ਅੰਤਰ ਨਹੀਂ ਹੈ। ਕਿਸੇ ਅਵਸਥਾ ਵਿਚ ਇਹ ਤਿੰਨੇ ਇਕ ਹੋ ਜਾਂਦੇ ਹਨ। ਜਿਸ ਨਾਲ ਇਕ ਓਅੰਕਾਰ ਵਾਲਾ ਸਿਧਾਂਤ ਸੰਪੂਰਨਤਾ ਹਾਸਿਲ ਕਰਦਾ ਹੋਇਆ ਆਪਣੇ ਜਲਵਾਗਰ ਰੂਪ ਵਿਚ ਪੇਸ਼ ਹੁੰਦਾ ਹੈ ਅਤੇ ਉਸ ਇਕ ਦੇ ਬਹੁਪਸਾਰੀ ਮੰਡਲ ਆਪਣੇ ਆਪ ਆਪਣੀਆਂ ਤੈਆਂ ਖੋਲ੍ਹਦੇ ਹਨ। ਜਿਸ ਨਾਲ ਜਿੱਥੇ ਸਿੱਖ ਪੰਥ ਦਾ ਰੂਹਾਨੀ ਫਲਸਫਾ ਉਜਾਗਰ ਹੁੰਦਾ ਹੈ ਉਥੇ ਗੁਰੂ ਸਾਹਿਬਾਨ ਦੀ ਮਹਾਨਤਾ ਦੇ ਵੀ ਸਹਿਜ ਹੀ ਦਰਸ਼ਨ ਹੁੰਦੇ ਹਨ।

ਅਰਦਾਸ ਖਾਲਸਾ ਜੀ ਦੀ ਚੜ੍ਹਦੀ ਕਲਾ ਦਾ ਵੀ ਪ੍ਰਤੀਕ ਹੈ। ਇਸ ਦਾ ਹਰ ਇਕ ਅੱਖਰ ਪਹਿਲਾ ਸਿੱਖ ਗੁਰੂਆਂ ਨੇ ਆਪਣੇ ਆਪ ਉਪਰ ਸੱਚ ਕਰ ਵਿਖਾਇਆ ਜਿਸ ਕਾਰਣ ਇਹ ਖਾਲਸਾ ਜੀ ਦਾ ਲਹੂ ਭਿੱਜਾ ਇਤਿਹਾਸ ਹੈ। ਇਸ ਕਰਕੇ ਵਿਦਵਾਨ ਇਹ ਮੰਨਦੇ ਹਨ ਕਿ ਸੰਸਾਰ ਦੀ ਹੋਰ ਕੋਈ ਅਜਿਹੀ ਰਚਨਾ ਨਹੀਂ ਜੋ ਇੰਨੀਆਂ ਘਾਲਨਾਵਾਂ ਨਾਲ ਭਰਪੂਰ ਹੋਵੇ। ਇਸ ਦੇ ਹਰ ਇਕ ਸ਼ਬਦ ਪਿੱਛੇ ਅਨੇਕਾਂ ਸ਼ਹੀਦਾਂ ਦੇ ਲਹੂ ਦੀ ਖੁਸ਼ਬੂ ਮਹਿਕਦੀ ਹੈ। ਜਿੰਨ੍ਹਾਂ ਨੇ ਕਠਿਨ ਤਪੱਸਿਆ, ਸਾਧਨਾ ਦੁਆਰਾ ਪੰਥ ਦਾ ਮਾਣ ਉੱਚਾ ਕੀਤਾ,"ਸੰਸਾਰ ਦੀ ਕੋਈ ਹੋਰ ਅਰਦਾਸ ਜਾਂ ਰਚਨਾ ਇਤਨੇ ਜ਼ਫਰ ਨਾਲ ਨਹੀਂ ਕੀਤੀ ਗਈ ਜਿਤਨੀ ਘਾਲਣਾ ਨਾਲ ਇਹ ਰਚਨਾ ਕੀਤੀ ਗਈ ਹੈ। ਫਿਰ ਇਸ ਵਿਚ ਇਤਨੀ ਸਮੱਰਥਾ ਹੈ ਅਸਚਰਜ ਦੀ ਹੀ ਗੱਲ ਹੈ। ਸ਼ਾਇਦ ਹੀ ਵਾਰਤਕ ਦਾ ਇਤਨਾ ਜ਼ੋਰਦਾਰ ਹੋਰ ਕੋਈ ਟੁਕੜਾ ਸੰਸਾਰ ਸਾਹਿਤਾਂ ਵਿਚ ਆਇਆ ਹੋਵੇ, ਜਿਤਨਾ ਸਾਹਿਤ ਦਾ ਇਹ ਟੁਕੜਾ ਹੈ। ਸ਼ਾਇਦ ਹੀ ਕਿਸੇ ਇਤਿਹਾਸਕਾਰ ਨੇ ਆਪਣੀ ਕੌਮ ਦਾ ਇਤਿਹਾਸ ਤੇ ਚਿਤਰਨ ਤੇ ਇਤਨੀ ਥੋੜੀ ਥਾਂ ਲਗਾਈ ਹੋਵੇ ਜਿਤਨੀ ਸਮੂਹ ਖਾਲਸਾ ਜੀ ਨੇ ਇਹ ਇਤਿਹਾਸ ਚਿਤਰਨ ਤੇ ਲਗਾਈ ਹੈ। ਸ਼ਾਇਦ ਹੀ ਕਿਸੇ ਕੌਮ ਦੀਆਂ ਸਾਰੀਆਂ ਆਸ਼ਾਵਾਂ ਨੂੰ ਰੂਪਮਾਨ ਕਰਨ ਲਈ ਕਿਸੇ ਲੇਖਕ ਨੇ ਕਦੇ ਇਤਨੇ ਸਾਹਸ ਦਾ ਪਰਮਾਣ ਦਿੱਤਾ ਹੋਵੇ, ਜਿਤਨਾ ਖਾਲਸਾ ਜੀ ਨੇ ਆਪਣੇ ਆਦਰਸ਼ ਦੀਆਂ ਉੱਚੀਆਂ ਟੀਸੀਆਂ ਨੂੰ ਰੂਪਮਾਨ ਕਰਨ ਲਈ ਅਰਦਾਸ ਵਿਚ ਸਾਹਸ ਕੀਤਾ ਹੈ।

[10] ਡਾ. ਤਾਰਨ ਸਿੰਘ, *ਨੇਮ ਤੇ ਪ੍ਰੇਮ*, ਪੰਨਾ 190.

ਕਾਵਿ ਵਾਰਤਕ ਦਾ ਸੰਸਾਰ ਸਾਹਿਤਾਂ ਵਿਚੋਂ ਅਤਿ ਉਤਮ ਨਮੂਨਾ ਹੈ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਭਾਈ ਮਨੀ ਸਿੰਘ ਅਤੇ ਪੰਥ ਖਾਲਸਾ ਜੀ ਦੀ ਸਾਂਝੀ ਰਚਨਾ ਹੈ ਜਿਸ ਰਚਨਾ ਨੂੰ ਸੰਪੂਰਨ ਹੋ ਗਿਆ ਕਦੇ ਨਹੀਂ ਕਿਹਾ ਜਾਏਗਾ, ਕਿਉਂਕਿ ਜਿਉ ਜਿਉ ਖਾਲਸਾ ਜੀ ਦਾ ਇਤਿਹਾਸ ਅੱਗੇ ਤੁਰਦਾ ਜਾਏਗਾ, ਉਤਨੇ ਚਿੰਨ੍ਹ ਇਥੇ ਅਤਿ ਸੂਖਮ ਸੰਕੇਤਾਂ ਵਿਚ ਸਦਾ ਦਰਸਾਏ ਜਾਂਦੇ ਰਹਿਣਗੇ। ਇਹ ਰਚਨਾ ਸਾਡੀ ਸਮਰਣੀ ਹੈ, ਚਿੰਨ੍ਹਾਤਮਕ ਤੇ ਸੰਕੇਤਾਮਕ ਹੈ ਇਹ ਕੌਮ ਦਾ ਤੁਰਦਾ ਜੀਵਨ ਹੈ। ਇਹ ਰਚਨਾ ਦੀ ਆਖਰੀ ਸਤਰ ਵਿਚ ਪੰਥ ਤੇ ਨਾਨਕ ਇਕ ਮਿਕ ਹਨ, ਕਿਉਂਕਿ ਪੰਥ ਨੇ 'ਨਾਨਕ' ਨਾਂ ਦੀ ਮੋਹਰ ਵਰਤੀ ਹੈ ਅਤੇ ਪੰਥ ਨੂੰ ਇਹ ਹੱਕ ਸਦਾ ਪ੍ਰਾਪਤ ਹੈ।"[11]ਸਿੱਖੀ ਦਾ ਬੂਟਾ ਅਜਿਹਾ ਹੈ ਜਿਸ ਨੂੰ ਅਨੇਕਾਂ ਸ਼ਹੀਦਾਂ ਨੇ ਆਪਣੇ ਖ਼ੂਨ ਨਾਲ ਸਿੰਜਿਆ ਹੈ ਅਤੇ ਇਸ ਬੂਟੇ ਦੀਆਂ ਸ਼ਾਖਾਵਾਂ ਨੇ ਸਮਾਂ ਗੁਜ਼ਰਨ ਨਾਲ ਵਿਸ਼ਾਲ ਦਰੱਖਤ ਦਾ ਰੂਪ ਧਾਰਨ ਕਰਨ ਲਿਆ ਹੈ ਅਤੇ ਜੋ ਵਿਸ਼ਵ ਵਿਚ ਲਾਸਾਨੀ ਕੁਰਬਾਨੀ ਕਰਨ ਵਾਲਿਆਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਉਹਨਾਂ ਮਰਜੀਵੜਿਆਂ ਦਾ ਜ਼ਿਕਰ ਅਰਦਾਸ ਵਿਚ ਬੜੇ ਹੀ ਭਾਵਪੂਰਤ ਢੰਗ ਨਾਲ ਬਿਆਨਿਆ ਹੈ।

ਬੇਸ਼ੱਕ ਸੰਸਾਰ ਦੇ ਇਤਿਹਾਸ ਅਤੇ ਸਾਹਿਤ ਵਿਚ ਕੋਈ ਹੋਰ ਮਿਸਾਲ ਕੁਰਬਾਨੀਆਂ ਦੀ ਨਹੀਂ ਮਿਲ ਸਕਦੀ ਅਤੇ ਉਹਨਾਂ ਨੂੰ ਇੰਨੇ ਸੰਖੇਪ ਵਿਚ ਲਿਖਣਾ ਵੀ ਕਿਤੇ ਨਹੀਂ ਮਿਲਦਾ। ਸੱਚਮੁੱਚ ਅਜਿਹਾ ਨਮੂਨਾ ਵਿਸ਼ਵ ਸਾਹਿਤ ਵਿਚ ਨਹੀਂ ਲੱਭਿਆ ਜਾ ਸਕਦਾ। ਇੰਨੀ ਥੋੜ੍ਹੀ ਸ਼ਬਦਾਵਲੀ ਵਿਚ ਪੰਥ ਦੀ ਮਹਾਨਤਾ ਨੂੰ ਬਿਆਨ ਕਰਨਾ ਭਾਵ ਸਮੁੱਚੇ ਪੰਥ ਦੇ ਇਤਿਹਾਸ ਨੂੰ ਪਰੋਣਾ ਬੜਾ ਔਖਾ ਕਾਰਜ ਹੈ। ਖਾਲਸਾ ਜੀ ਦੇ ਮਹਾਨ ਕਾਰਨਾਮੇ ਬੜੇ ਹੀ ਭਾਵਪੂਰਤ ਅਤੇ ਸੰਖੇਪ ਰੂਪ ਵਿਚ ਅੰਕਿਤ ਕੀਤੇ ਹਨ। ਇਹ ਰਚਨਾ ਦਸਮ ਪਿਤਾ ਦੁਆਰਾ ਸ਼ੁਰੂ ਕੀਤੀ ਗਈ ਹੈ ਅਤੇ ਇਸਨੂੰ ਪੰਥ ਸੰਪੂਰਨ ਕਰ ਰਿਹਾ ਹੈ ਭਾਵੇਂ ਕਿ ਇਹ ਰਹਿੰਦੀ ਦੁਨੀਆਂ ਤੱਕ ਸੰਪੂਰਨ ਨਹੀਂ ਹੋਣੀ ਕਿਉਂਕਿ ਖਾਲਸਾ ਜੀ ਨੇ ਇਤਿਹਾਸ ਵਿਚ ਮੀਲ ਪੱਥਰ ਗੱਡਦੇ ਰਹਿਣਾ ਹੈ ਜੋ ਅਰਦਾਸ ਦਾ ਸ਼ਿੰਗਾਰ ਬਣਦੇ ਰਹਿਣਗੇ। ਕਿਉਂਕਿ ਇਹ ਫਲਸਫਾ ਮਉਲਦਾ ਰਹਿਣਾ ਹੈ, "ਅਰਦਾਸ ਪੰਥ ਖਾਲਸਾ ਜੀ ਦੀ ਰਚੀ ਹੋਈ ਮਹਾਨ ਬਾਣੀ ਹੈ, ਜਿਸਨੂੰ ਹਰ ਸਾਧਾਰਨ ਤੇ ਵਿਸ਼ੇਸ਼ ਰਸਮੀ ਤੇ ਗੈਰ-ਰਸਮੀ ਸਿੱਖ ਸਮਾਗਮਾਂ ਵਿਚ ਪੂਰੇ ਸਤਿਕਾਰ ਸਹਿਤ ਖੜੇ ਹੋ ਕੇ ਪੂਰੀ ਗੰਭੀਰਤਾ ਤੇ ਸੰਜੀਦਗੀ ਨਾਲ ਦੁਹਰਾਇਆ ਜਾਂਦਾ ਹੈ। ਇਸਦੇ ਨਾਇਕਾਂ ਨੂੰ ਰੋਜ਼ ਪਰਨਾਮ ਕੀਤਾ ਜਾਂਦਾ ਹੈ। ਰੋਜ਼ ਪੰਥ ਦੇ ਅੰਤਰ-ਰਾਸ਼ਟਰੀ ਕਰਤਵ ਦਾ ਪ੍ਰਣ ਲਿਆ ਜਾਂਦਾ ਹੈ। ਇਹ ਸਾਡਾ ਰਾਸ਼ਟਰੀ ਗੀਤ ਹੈ। ਇਹ ਸਾਡਾ ਅੰਤਰ ਰਾਸ਼ਟਰੀ ਜੀਵਨ ਆਦਰਸ਼ਾਂ ਦਾ ਐਲਾਨ ਹੈ। ਆਪਣੇ ਸ਼ਹੀਦਾਂ ਨੂੰ ਅਸੀਂ ਰੋਜ਼ ਅਭਿਨੰਦਨ ਦੇਂਦੇ ਹਾਂ। ਉਹਨਾਂ ਨੂੰ Slute ਦਿੰਦੇ ਹਾਂ ਕੋਈ ਹੋਰ ਐਲਾਨ ਜਾ ਪ੍ਰਣ ਇਤਨੀ ਵਾਰ ਸੰਸਾਰ ਵਿਚ ਦੁਹਰਾਇਆ ਨਹੀਂ ਜਾਂਦਾ ਜਿਤਨੀ ਵਾਰ ਇਹ ਐਲਾਨ ਪੜ੍ਹਿਆ ਤੇ ਦੁਹਰਾਇਆ ਜਾਂਦਾ ਹੈ।"[12]ਇਸ ਰਚਨਾ ਵਿਚ ਵੀ ਗੁਰੂ ਤੇ ਪੰਥ ਇਕਮਿਕ ਹਨ ਇਸੇ ਕਰਕੇ ਸਿੱਖ ਪੰਥ ਆਪਣੇ ਸ਼ਹੀਦਾਂ ਤੇ ਮਾਣ ਮਹਿਸੂਸ ਕਰਦਾ ਹੈ ਕਿਉਂਕਿ ਸੰਸਾਰ ਭਰ ਵਿਚ ਅਜਿਹਾ ਇਤਿਹਾਸ ਸਿਰਜਨਾ ਅਕਾਲ ਪੁਰਖ ਵੱਲੋਂ ਸਿੱਖਾਂ ਦੇ ਹਿੱਸੇ ਹੀ ਆਇਆ ਹੈ ਅਤੇ ਉਸ ਇਤਿਹਾਸ ਨੂੰ ਮਾਲਾ ਦੇ ਮਣਕਿਆਂ ਵਾਂਗ ਪਰੋ ਕੇ ਉਸਦੀ ਰਚਨਾ ਕਰਨ ਵਾਲਿਆਂ ਨੇ ਵੀ

---

[11] ਡਾ.ਤਾਰਨ ਸਿੰਘ, *ਨੇਮ ਤੇ ਪ੍ਰੇਮ*, ਪੰਨਾ 190.
[12] ਉਹੀ, ਪੰਨਾ 190-191.

ਕਮਾਲ ਵਿਖਾਇਆ ਹੈ। ਇਸ ਅਰਦਾਸ ਨੂੰ ਜਦੋਂ ਦੂਜੇ ਧਰਮ ਦੇ ਲੋਕ ਪੜ੍ਹਦੇ ਹਨ ਉਹਨਾਂ ਨੂੰ ਜਿੱਥੇ ਸਿੱਖ ਪੰਥ ਦੀ ਮਹਾਨਤਾ ਦੀ ਜਾਣਕਾਰੀ ਹੁੰਦੀ ਹੈ ਉੱਥੇ ਨਾਲ ਹੀ ਪਰਮਾਤਮਾ, ਸਰਬੱਤ ਦਾ ਭਲਾ ਅਤੇ ਸਿੱਖਾਂ ਦੇ ਸਬਰ ਸ਼ੁਕਰ ਵਾਲੇ ਜੀਵਨ ਦੀ ਵੀ ਜਾਣਕਾਰੀ ਮਿਲਦੀ ਹੈ।

ਸਿੱਖ ਪੰਥ ਵਿਚ ਹਰ ਰੋਜ਼ ਅਰਦਾਸ ਜਿੱਥੇ ਦੋ ਵਾਰੀ ਦੁਹਰਾਈ ਜਾਂਦੀ ਹੈ ਇਸਤੋਂ ਇਲਾਵਾ ਸਿੱਖ ਘਰਾਂ ਵਿਚ ਵਿਸ਼ੇਸ਼ ਮੌਕਿਆਂ 'ਤੇ ਇਸਨੂੰ ਦੁਹਰਾਇਆ ਜਾਂਦਾ ਹੈ। ਇਸ ਵਿਚ ਹੋ ਚੁੱਕੀਆਂ ਮਹਾਨ ਆਤਮਾਵਾਂ ਦਾ ਅਭਿਨੰਦਨ ਕੀਤਾ ਜਾਂਦਾ ਹੈ। "ਅਰਦਾਸ 'ਫਤਿਹ-ਨਾਮਾ' ਹੈ। ਅਰਦਾਸ ਵਿਚ 'ਫਤਿਹ' ਦਾ ਇਤਿਹਾਸ ਹੈ ਅਤੇ ਇਸ ਵਿਚ ਸਦਾ ਫਤਿਹ ਪ੍ਰਾਪਤੀ ਲਈ ਬੇਨਤੀ ਹੈ। 'ਫਤਿਹ' ੧ੳ︠ ਦੀ ਹੋਣੀ ਹੈ, ਭਾਵ ਫਤਿਹ ਏਕਤਾ ਦੀ ਹੋਣੀ ਹੈ- ਵਿਸ਼ਵ ਏਕਤਾ ਦੀ ਜਿਸਦੇ ਜ਼ਰੂਰੀ ਅੰਗ ਦੇਸ਼ਾਂ, ਕੌਮਾਂ, ਜ਼ਾਤਾਂ, ਬੋਲੀਆਂ, ਰੰਗਾਂ, ਵਾਟਾਂ ਸਮਾਜਾਂ ਦੇ ਆਰਥਕ,ਰਾਜਸੀ, ਸਭਿਆਚਾਰਕ, ਆਦਰਸ਼ਕ-ਧਾਰਮਿਕ ਤੇ ਸਦਾਚਾਰਕ ਝਗੜਿਆਂ ਤੋਂ ਸਮੂਹ ਸੰਸਾਰ ਨੇ ਉਤਾਂਹ ਉਠੱਣਾ ਹੈ। ਜਦ ਸਾਰਾ ਪਸਾਰਾ ੧ੳ︠ ਦਾ ਹੈ ਫਿਰ ਵਿਤਕਰਾ ਵੈਰ ਤੇ ਭੈ ਕਿੱਥੇ? ਸਮੂਹ ਬ੍ਰਹਿਮੰਡ ਵਿਚ ਇਕਾਗਰਤਾ ਹੈ, ਭਾਵੇਂ ਬਾਹਰਮੁੱਖ ਭਿੰਨ-ਭੇਦ ਕਿੰਨੇ ਹਨ। ਸਾਡੀ ਅਰਦਾਸ ਦਾ ਆਦਰਸ਼ ਸਮੂਹ ਬ੍ਰਹਿਮੰਡ ਦੀ ਇਕਾਗਰਤਾ ਤੀਕ ਪੁੱਜਣਾ ਹੈ। ਅਸੀਂ ਨਿਰਭਉ ਤੇ ਨਿਰਵੈਰ ਹੋਣਾ ਹੈ। ਫਤਿਹ ਸੰਸਾਰ ਏਕਤਾ ਦੀ ਹੋਣੀ ਹੈ। ਖਾਲਸੇ ਨੇ ਇਸ ਆਦਰਸ਼ ਵਾਸਤੇ ਯਤਨ ਕਰਦੇ ਰਹਿਣਾ ਹੈ।"[13] ਸਿੱਖ ਦੇ ਧਰਤੀ ਉੱਤੇ ਕੀ ਕਰੱਤਵ ਹਨ ਦੁਹਰਾਏ ਜਾਂਦੇ ਹਨ। ਇਹ ਸਾਡੇ ਰਾਸ਼ਟਰੀ ਗਾਣ ਵਰਗੀ ਟੁਕੜੀ ਹੈ ਅਤੇ ਅੰਤਰ ਰਾਸ਼ਟਰੀ ਪੱਧਰ ਤੇ ਉਚ ਆਦਰਸ਼ਾਂ ਦਾ ਫੁਰਮਾਣ ਹੈ। ਦੁਹਰਾਉ ਨਾਲ ਮਨੁੱਖੀ ਫਿਤਰਤ ਵਿਚ ਉਹ ਚੀਜ਼ ਘਰ ਕਰ ਜਾਂਦੀ ਹੈ। ਸੋ ਇਸ ਤਰ੍ਹਾਂ ਸਿੱਖ ਅਰਦਾਸ ਸਿੱਖ ਦੇ ਜੀਵਨ ਵਿਚ ਖ਼ੂਨ ਦੀ ਰਵਾਨਗੀ ਦੀ ਤਰ੍ਹਾਂ ਹੈ।

ਅਰਦਾਸ ਜਿੱਤ ਦੀ ਸੂਚਕ ਹੈ ਇਸ ਵਿਚ ਇਤਿਹਾਸ ਵੀ ਫਤਿਹ ਦਾ ਹੈ ਅਤੇ ਅਰਜੋਈ ਵੀ ਫਤਿਹ ਲਈ ਹੈ। ਜਿੱਤ ਅਕਾਲ ਪੁਰਖ ਦੀ ਹੋਣੀ ਹੈ ਫਤਿਹ ਏਕੇ ਦੀ ਭਾਵਨਾ ਦੀ ਹੋਣੀ ਹੈ। ਜਿਸ ਵਿਚ ਸਮੁੱਚਾ ਸੰਸਾਰ ਜ਼ਾਤਾਂ, ਨਸਲਾਂ, ਬੋਲੀਆਂ, ਰੰਗਾਂ ਆਦਿ ਨੂੰ ਛੱਡ ਕੇ ਇਕ ਹੋਵੇਗਾ, "ਵਿਸ਼ਵ ਏਕਤਾ ਦੀ ਪ੍ਰਾਪਤੀ ਲਈ ਅਤੇ ਇਸ ਪ੍ਰਾਪਤੀ ਲਈ ਲੋੜੀਂਦੇ ਗਿਆਨ ਤੇ ਬਲ ਲਈ ਖਾਲਸਾ, ਸਹਾਇਕ ਸਮਝਦਾ ਹੈ ਪਰਮਾਤਮਾ ਦੀ ਸਰਵ ਵਿਆਪੀ ਸ਼ਕਤੀ ਨੂੰ ਜੋ ਸਦੀਵ ਕਾਲ ਸਚਾਈ ਦਾ ਸਾਥ ਦਿੰਦੀ ਹੈ ਅਤੇ ਅਸਤਿ ਦਾ ਵਿਨਾਸ਼ ਕਰਦੀ ਹੈ। ਇਸ ਮੰਤਵ ਲਈ ਖਾਲਸਾ ਸਹਾਇਕ ਸਮਝਦਾ ਹੈ ਆਪਣੇ ਮਹਾਨ ਗੁਰੂ ਸਾਹਿਬਾਨ ਦੀ ਆਤਮਾ ਨੂੰ ਜਿੰਨ੍ਹਾਂ ਆਪ ਸ਼ਕਤੀ ਦਾ ਆਸਰਾ ਲੈ ਕੇ ਸੰਸਾਰ ਏਕਤਾ ਲਈ ਘੋਲ ਕੀਤਾ। ਪ੍ਰਭੂ ਦੀ ਸਰਵ ਵਿਆਪੀ ਭਗੌਤੀ ਅਤੇ ਅਮਰ ਗੁਰ ਆਤਮਾ ਦਾ ਖਾਲਸਾ 'ਸਿਮਰਨ' ਕਰਦਾ ਹੈ ਅਤੇ ਉਹਨੂੰ ਧਿਆਉਂਦਾ ਹੈ ਤਾਂ ਜੋ ਉਸਨੂੰ ਏਕਤਾ ਦੇ ਮਿਥੇ ਮੰਤਵ ਲਈ ਸਹਾਇਤਾ ਪ੍ਰਾਪਤ ਹੋਵੇ। ਸਾਡਾ ਦ੍ਰਿੜ ਵਿਸ਼ਵਾਸ਼ ਹੈ ਕਿ ਇਕਾਗਰਤਾ ਦੇ ਵਿਰੋਧੀਆਂ ਦਾ ਨਾਸ ਹੋਵੇਗਾ ਅਤੇ 'ਇਕਾਗਰਤਾ' ਦੀ ਜੈ ਹੋਵੇਗੀ। ਏਕਤਾ ਦੀ ਜੈ ਹੀ ਸਚਾਈ ਦੀ ਜੈ ਹੈ, ਕਿਉਂਕਿ ਸਚਾਈ ਦ੍ਵੈਤ ਵਿਚ ਨਹੀਂ ਹੋ ਸਕਦੀ।"[14]ਜਦੋਂ ਸਾਰੇ

[13] ਡਾ.ਤਾਰਨ ਸਿੰਘ, *ਨੇਮ ਤੇ ਪ੍ਰੇਮ*, ਪੰਨਾ 191.
[14] ਉਹੀ, ਪੰਨਾ 192.

ਇਕ ਬਾਪ ਦੇ ਪੁੱਤਰ ਹਨ ਤਾਂ ਲੜਾਈ ਝਗੜਾ ਕਿਸ ਗੱਲ ਦਾ ਜਿਵੇਂ ਸਾਰਾ ਬ੍ਰਹਿਮੰਡ ਇਕ ਦਾ ਪਸਾਰਾ ਹੈ। ਅਸੀਂ ਡਰ ਰਹਿਤ ਅਤੇ ਵੈਰ ਰਹਿਤ ਹੋ ਕੇ ਹੀ ਸੰਸਾਰ ਦਾ ਭਲਾ ਲੋਚ ਸਕਦੇ ਹਾਂ ਸੋ ਇਸੇ ਆਦਰਸ਼ ਦੀ ਪੂਰਤੀ ਸਿੱਖ ਅਰਦਾਸ ਵਿਚ ਹੀ ਹੋ ਸਕਦੀ ਹੈ।

ਸਿੱਖ ਪੰਥ ਇਕ ਅਜਿਹੀ ਦੈਵੀ ਵਿਚਾਰਧਾਰਾ ਤੇ ਚੱਲਦਾ ਹੈ ਜਿਸ ਅਨੁਸਾਰ ਸਾਰਾ ਸੰਸਾਰ ਇਕ ਹੋਵੇ, ਨਾਹਵਾਚੀ ਵੱਖਰਤਾ ਦਾ ਵਿਨਾਸ਼ ਹੋਵੇ ਅਤੇ ਇਸ ਗੱਲ ਤੱਕ ਪਹੁੰਚ ਲਈ ਗਿਆਨ ਅਤੇ ਜ਼ੋਰ ਲਈ ਪਰਮਾਤਮਾ ਹੀ ਸਹਾਇਕ ਸਿੱਧ ਹੋ ਸਕਦਾ ਹੈ। ਜਿਹੜੀ ਕਿ ਹਮੇਸ਼ਾ ਸੱਚ ਦੇ ਪ੍ਰਕਾਸ਼ ਅਤੇ ਝੂਠ ਦੇ ਵਿਨਾਸ਼ ਲਈ ਮੁੱਢ ਤੋਂ ਹੀ ਤਤਪਰ ਹੈ ਇਸੇ ਆਸ਼ੇ ਦੀ ਪ੍ਰਾਪਤੀ ਲਈ ਦਸ ਗੁਰੂ ਸਾਹਿਬਾਨ ਦੀ ਜੋਤ ਨੇ ਧਰਤੀ ਤੇ ਸਰੀਰਿਕ ਜਾਮਾ ਧਾਰਿਆ ਅਤੇ ਮਨੁੱਖਤਾ ਨੂੰ ਆਦਰਸ਼ ਜੀਵਨ ਜਿਉਣ ਦਾ ਢੰਗ ਸਿਖਾਇਆ,"ਖਾਲਸਾ ਇਹ ਘੋਲ ਕਰਦਾ ਰਹੇਗਾ, ਪਰ ਉਹ ਕਦੇ ਅਸਤਿ ਦਾ ਸ਼ਸ਼ਤਰ ਨਹੀਂ ਵਰਤੇਗਾ, ਕਿਉਂਕਿ ਉਸਦੀ ਲਿਵ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਹੈ ਉਸਨੇ ਹਰ ਗੱਲ ਵਿਚ ਧਿਆਨ ਧਰਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਜੋ ਦਸਾਂ ਪਾਤਸ਼ਾਹੀਆਂ ਦੀ ਜੋਤ ਹੈ। ਖਾਲਸਾ ਜੀ ਨੇ ਏਕਤਾ ਲਈ ਘੋਲ ਉਨ੍ਹਾਂ ਸਿਧਾਤਾਂ 'ਤੇ ਅਸੂਲਾਂ ਦੇ ਤਾਬੇ ਰਹਿ ਕੇ ਕਰਨਾ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦ੍ਰਿੜਾਏ ਗਏ ਹਨ। ਰੋਜ਼ਾਨਾ ਜੀਵਨ ਸਾਡਾ ਇਹਨਾਂ ਨਿਯਮਾਂ ਅਸੂਲਾਂ ਦੇ ਤਾਬੇ ਹੈ।ਜਾਤੀ ਤੇ ਸਮੂਹੀ ਜੀਵਨ।ਇਹੋ ਧਿਆਨ ਧਰਨਾ 'ਤੇ ਇਹੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਕਰਮਾ ਕਰਨਾ ਹੈ। ਧਿਆਨ ਧਰ ਕੇ ਵਾਹਿਗੁਰੂ ਬੋਲਣਾ ਹੈ। ... ਭਾਵ ਵਾਹਿਗੁਰੂ ਸਾਰਾ ਉਹ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਿਆਨ ਕੀਤਾ ਹੋਇਆ ਹੈ। ਜੋ ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਗੁਰ ਪ੍ਰਸਾਦਿ ਹੈ। ਇਹਨਾਂ ਆਦਰਸ਼ਾਂ ਅਧੀਨ ਰਹਿ ਕੇ ਸਿੱਖ ਨੇ ਘੋਲ ਕਰਨਾ ਹੈ। ਏਕਤਾ ਲਈ ਵੀ ਝੂਠ ਦਾ ਪ੍ਰਯੋਗ ਨਹੀਂ ਕੀਤਾ ਜਾ ਸਕਦਾ ਹੈ, ਵੈਰ ਤੇ ਭੈ ਦੋਵਾਂ ਦਾ ਪ੍ਰਯੋਗ ਨਹੀਂ ਕੀਤਾ ਜਾ ਸਕਦਾ। ਇਹ ਸੱਚ ਦੀ ਲੜਾਈ ਹੈ ਅਤੇ ਇਸ ਲੜਾਈ ਵਿਚ ਪ੍ਰਭੂ ਤੇ ਗੁਰੂ ਸਾਡੇ ਨਾਲ ਹਨ।"[15] ਸਿੱਖ ਪੰਥ ਇਕ ਅਜਿਹੀ ਦੈਵੀ ਵਿਚਾਰਧਾਰਾ ਤੇ ਚੱਲਦਾ ਹੈ ਜਿਸ ਅਨੁਸਾਰ ਸਾਰਾ ਸੰਸਾਰ ਇਕ ਹੋਵੇ, ਨਾਹਵਾਚੀ ਵੱਖਰਤਾ ਦਾ ਵਿਨਾਸ਼ ਹੋਵੇ ਅਤੇ ਇਸ ਗੱਲ ਤੱਕ ਪਹੁੰਚ ਲਈ ਗਿਆਨ ਅਤੇ ਜ਼ੋਰ ਲਈ ਪਰਮਾਤਮਾ ਹੀ ਸਹਾਇਕ ਸਿੱਧ ਹੋ ਸਕਦਾ ਹੈ। ਜਿਹੜੀ ਕਿ ਹਮੇਸ਼ਾ ਸੱਚ ਦੇ ਪ੍ਰਕਾਸ਼ ਅਤੇ ਝੂਠ ਦੇ ਵਿਨਾਸ਼ ਲਈ ਮੁੱਢ ਤੋਂ ਹੀ ਤਤਪਰ ਹੈ ਇਸੇ ਆਸ਼ੇ ਦੀ ਪ੍ਰਾਪਤੀ ਲਈ ਦਸ ਗੁਰੂ ਸਾਹਿਬਾਨ ਦੀ ਜੋਤ ਨੇ ਧਰਤੀ ਤੇ ਸਰੀਰਿਕ ਜਾਮਾ ਧਾਰਿਆ ਅਤੇ ਮਨੁੱਖਤਾ ਨੂੰ ਆਦਰਸ਼ ਜੀਵਨ ਜਿਉਣ ਦਾ ਢੰਗ ਸਿਖਾਇਆ।

ਗੁਰੂ ਵੱਲੋਂ ਖਾਲਸੇ ਦੀ ਇਹ ਪੱਕੀ ਡਿਊਟੀ ਹੈ ਕਿ ਉਹ ਏਕਤਾ ਲਈ ਹਮੇਸ਼ਾ ਜੂਝਦਾ ਰਹੇਗਾ। ਪਰ ਕਦੇ ਝੂਠ ਦਾ ਸਾਥ ਨਹੀਂ ਦੇਵੇਗਾ ਅਤੇ ਸੰਘਰਸ਼ ਵੀ ਸਚਾਈ ਦੇ ਅਸੂਲਾਂ ਦੀ ਛਾਂ ਹੇਠ ਰਹਿ ਕੇ ਕਰਨਾ ਹੈ ਅਤੇ ਆਪਣਾ ਸਮੁੱਚਾ ਜੀਵਨ ਨਿੱਜੀ ਤੇ ਸਮੂਹਿਕ ਵੀ ਇਹਨਾਂ ਉਚ ਆਦਰਸ਼ਾਂ ਵਿਚ ਜਿਊਣਾ ਹੈ।ਗੁਰੂ ਵੱਲੋਂ ਖਾਲਸੇ ਦੀ ਇਹ ਪੱਕੀ ਡਿਊਟੀ ਹੈ ਕਿ ਉਹ ਏਕਤਾ ਲਈ ਹਮੇਸ਼ਾ ਜੂਝਦਾ ਰਹੇਗਾ। ਪਰ ਕਦੇ ਝੂਠ ਦਾ ਸਾਥ ਨਹੀਂ ਦੇਵੇਗਾ ਅਤੇ ਸੰਘਰਸ਼ ਵੀ ਸਚਾਈ ਦੇ ਅਸੂਲਾਂ ਦੀ ਛਾਂ ਹੇਠ ਰਹਿ ਕੇ ਕਰਨਾ ਹੈ

---

[15] ਡਾ.ਤਾਰਨ ਸਿੰਘ, *ਨੇਮ ਤੇ ਪ੍ਰੇਮ*, ਪੰਨਾ 192-93.

ਅਤੇ ਆਪਣਾ ਸਮੁੱਚਾ ਜੀਵਨ ਨਿੱਜੀ ਤੇ ਸਮੂਹਿਕ ਵੀ ਇਹਨਾਂ ਉਚ ਆਦਰਸ਼ਾਂ ਵਿਚ ਜਿਊਣਾ ਹੈ,"ਅਰਦਾਸ ਦ੍ਰਿੜ ਕਰਾਉਂਦੀ ਹੈ ਕਿ ਪਰਮਾਤਮਾ ਦਾ ਭਾਣਾ ਇਹ ਹੈ ਕਿ ਸਰਬੱਤ ਦਾ ਭਲਾ ਹੋਵੇ ਅਤੇ ਇਹ ਕੇਵਲ ਇਕ ਹੀ ਸਾਧਨ ਨਾਲ ਹੋ ਸਕਦਾ ਹੈ ਅਤੇ ਉਹ ਸਾਧਨ ਇਹ ਹੈ ਕਿ ਨਾਮ ਦੀ ਚੜ੍ਹਦੀ ਕਲਾ ਹੋਵੇ ਜਿਉਂ ਜਿਉਂ ਨਾਮ ਵਾਲਾ ਆਚਰਣ ਮਨੁੱਖਤਾ ਵਿਚ ਪੈਦਾ ਜਾਵੇਗਾ, ਮਨੁੱਖਤਾ ਦੀ ਕਲਿਆਣ ਨੇੜੇ ਹੁੰਦੀ ਜਾਏਗੀ। ਨਾਲ '੧ਓ' ਦੀ ਉਪਾਸਨਾ ਹੈ, ਏਕਤਾ ਦੀ ਪੂਜਾ, ਏਕਤਾ ਦੀ ਫਤਿਹ, ਗਿਆਨ ਦੀ ਫਤਿਹ।"[16] ਇਸੇ ਕਰਕੇ ਅਰਦਾਸ ਵਿਚ ਵਾਰ-ਵਾਰ ਧਿਆਨ ਧਰਾਇਆ ਜਾਂਦਾ ਹੈ ਪਰਮਾਤਮਾ ਦਾ ਸਰੂਪ ਮੂਲ ਮੰਤ੍ਰ ਵਿਚ ਦਰਜ ਹੈ ਜਿਸਨੂੰ ਇੰਨ ਬਿੰਨ ਵਿਸ਼ਵਾਸ਼ਪੂਰਵਕ ਮੰਨਣਾ ਹੈ। ਸਮੁੱਚੀ ਮਨੁੱਖਤਾ ਵਿਚ ਵੈਰ ਭਾਵ ਖਤਮ ਕਰਕੇ ਅਤੇ ਇਕ ਦੂਜੇ ਦੇ ਭੈ ਤੋਂ ਮੁਕਤ ਹੋ ਕੇ ਸੱਚ ਦੀ ਖੋਜ ਕੀਤੀ ਜਾ ਸਕਦੀ ਹੈ। ਅਜਿਹਾ ਕਰਦਿਆਂ ਗੁਰੂ ਅਤੇ ਰੱਬ ਹਮੇਸ਼ਾ ਸਹਾਈ ਹੋਣਗੇ।

ਦੁਨੀਆਂ ਵਿਚ ਕੇਵਲ ਸਿੱਖ ਧਰਮ ਹੈ ਜੋ ਦੋ ਵੇਲੇ ਪਰਮਾਤਮਾ ਕੋਲ ਸਾਰਿਆਂ ਦਾ ਭਲਾ ਮੰਗਦਾ ਹੈ ਅਤੇ ਪਰਮਾਤਮਾ ਦਾ ਸੁਭਾਅ ਵੀ ਇਹ ਹੈ। ਸਾਰਿਆਂ ਦੇ ਭਲੇ ਲਈ ਹਰ ਇਕ ਦੇ ਮਨ ਵਿਚ ਰੱਬੀ ਨੂਰ ਦਾ ਵਾਸਾ ਹੋਣਾ ਜ਼ਰੂਰੀ ਹੈ। ਉਸਦਾ ਨਾਮ ਜਪਦਿਆਂ ਉਸ ਵਰਗੇ ਹੀ ਹੋ ਜਾਈਦਾ ਹੈ। ਜਿਵੇਂ-ਜਿਵੇਂ ਧਰਤੀ ਉਪਰ ਨਾਮ ਜਪਣ ਵਾਲਿਆਂ ਦੀ ਗਿਣਤੀ ਵਧਦੀ ਜਾਵੇਗੀ। ਧਰਤੀ ਦਾ ਭਲਾ ਹੁੰਦਾ ਜਾਵੇਗਾ,"ਸਿੱਖ ਧਰਮ ਕੇਵਲ ਤਸੱਵਰ ਨਾਲ ਹੀ ਤਸੱਲੀ ਨਹੀਂ ਦਿੰਦਾ ਬਲਕਿ ਵਾਹਿਗੁਰੂ ਨਾਲ ਨੇੜੇ ਦਾ ਸੰਬੰਧ ਕਾਇਮ ਕਰਦਾ ਹੈ। ਜਿੰਨ੍ਹਾਂ ਢੰਗਾਂ ਨਾਲ ਇਹ ਸੰਬੰਧ ਕਾਇਮ ਹੁੰਦਾ ਹੈ। ਉਨ੍ਹਾਂ ਵਿਚੋਂ ਇਕ ਅਰਦਾਸ ਹੈ। ਇਹ ਆਤਮ ਪ੍ਰਕਾਸ਼ ਤੇ ਜਗਾਵਾ ਦੇਣ ਵਾਲੀ ਚੀਜ਼ ਹੈ। ਦ੍ਰਿਸ਼ਟਮਾਨ ਜਗਤ ਸਾਡੇ ਲਈ ਉਤਨੀ ਹੀ ਹਕੀਕਤ ਰੱਖਦਾ ਹੈ, ਜਿਤਨਾ ਉਸਦਾ ਗਿਆਨ ਅਸੀਂ ਇੰਦ੍ਰੀਆਂ ਰਾਹੀਂ ਪ੍ਰਾਪਤ ਕਰਕੇ ਮਾਨਸਿਕ ਤੌਰ 'ਤੇ ਉਨਤੀ ਜਾਂ ਬੁੱਧੀ ਦਾ ਵਿਕਾਸ ਕਰਦੇ ਹਾਂ। ਜਿਸ ਤਰ੍ਹਾਂ ਬਾਹਰਲੀ ਸੁੰਦਰਤਾ ਦੀ ਪਰਖ ਲਈ ਮਾਨਸਿਕ ਵਿਕਾਸ ਦੀ ਲੋੜ ਹੈ, ਇਸੇ ਤਰ੍ਹਾਂ ਆਤਮਿਕ ਪ੍ਰਕਾਸ਼ ਲਈ ਮਨ ਦਾ ਪਵਿੱਤ੍ਰ ਤੇ ਨਿਰਮਲ ਹੋਣ ਜ਼ਰੂਰੀ ਹੈ। ਅਰਦਾਸ ਮਨ ਨੂੰ ਪਵਿੱਤਰ ਕਰਦੀ ਹੈ। ਇਹ ਇਕ ਅੰਦਰਲਾ ਅਹਿਸਾਸ ਹੈ।"[17] ਅਜੋਕੇ ਸਮਾਜ ਦੇ ਦੁਖ ਹੀ ਇਸੇ ਕਾਰਨ ਹੈ ਕਿ ਉਹ ਰੱਬ ਦਾ ਲੜ ਛੱਡ ਕੇ ਦੁਨੀਆਂ ਵਿਚ ਖਚਿਤ ਹੋ ਗਿਆ ਹੈ। ਸਿੱਖ ਧਰਮ ਵਿਚ ਨਾਮ '੧ਓ' ਦੇ ਧੁਰੇ ਦੁਆਲੇ ਘੁੰਮਦਾ ਹੈ। ਜਿਸ ਵਿਚ ਇਕ ਦੀ ਪੂਜਾ ਅਤੇ ਉਸਦੀ ਹੀ ਜਿੱਤ ਦੀ ਗੱਲ ਕੀਤੀ ਗਈ ਹੈ।

ਸਿੱਖ ਧਰਮ ਦੀ ਇਹ ਖਾਸੀਅਤ ਹੈ ਕਿ ਇਸ ਵਿਚ ਰੱਬ ਦਾ ਜੋ ਸਰੂਪ ਪੇਸ਼ ਕੀਤਾ ਹੈ ਉਹ ਕਥਨ ਤੋਂ ਬਾਹਰਾ ਹੈ ਪਰੰਤੂ ਨਾਲ ਨਾਲ ਅਜਿਹੇ ਸਰੂਪ ਨਾਲ ਸੰਬੰਧਾਂ ਨੂੰ ਵੀ ਸਥਾਪਿਤ ਕਰਨਾ ਹੈ। ਸੰਬੰਧ ਤਾਂ ਸਥਾਪਿਤ ਹੋਣਗੇ, ਜੇ ਉਸਦੇ ਗੁਣਾਂ ਨੂੰ ਹਿਰਦੇ ਵਿਚ ਵਸਾਇਆ ਜਾਵੇ ਜੋ ਵੱਸਣਗੇ ਉਸਦੇ ਗੁਣਾਂ ਨੂੰ ਵਾਰ-ਵਾਰ ਯਾਦ ਕੀਤਿਆਂ ਅਤੇ ਉਸ ਅੱਗੇ ਅਰਦਾਸ ਕਰਕੇ ਕਿਉਂਕਿ ਅਰਦਾਸ ਵਿਚ ਨਿਮ੍ਰਤਾ ਅਤੇ ਸਮਰਪਣ ਦੋਵੇ ਹੁੰਦੇ ਹਨ ਅਤੇ ਇਹ ਦੋਵੇਂ ਗੁਣ ਦੁਨਿਆਵੀ ਪੱਧਰ ਤੇ ਵੱਡੇ ਹਨ ਅਤੇ ਅਧਿਆਤਮਿਕ

---

[16] ਡਾ.ਤਾਰਨ ਸਿੰਘ, *ਨੇਮ ਤੇ ਪ੍ਰੇਮ*, ਪੰਨਾ 196.
[17] ਗਿਆਨੀ ਪ੍ਰਤਾਪ ਸਿੰਘ, ਗੁਰਮਤਿ ਫਿਲਾਸਫੀ, ਪੰਨਾ 242.

ਪੱਧਰ 'ਤੇ ਵੀ ਇਹਨਾਂ ਦਾ ਬੜਾ ਯੋਗਦਾਨ ਹੈ। ਅਰਦਾਸ ਉਸ ਬੇਅੰਤ ਦੀ ਕੁਦਰਤ ਤੋਂ ਵਿਸਾਸਮਿਤ ਹੋ ਕੇ ਅੰਦਰਲੇ ਅਹਿਸਾਸਾਂ ਨੂੰ ਸ਼ਾਬਦਿਕ ਰੂਪ ਵਿਚ ਕਹਿਣ ਦਾ ਨਾਂ ਹੈ।

ਮਨੁੱਖੀ ਮਨ ਵਿਚ ਅਹੰਕਾਰ ਆਉਣਾ ਬੜਾ ਲਾਜ਼ਮੀ ਹੈ। ਇਹ ਵਿਕਾਰ ਕਿਸੇ ਨਾ ਕਿਸੇ ਰੂਪ ਵਿਚ ਮਨੁੱਖ ਨੂੰ ਘੇਰ ਲੈਂਦਾ ਹੈ। ਧਰਮ ਗ੍ਰੰਥਾਂ ਨੇ ਮਨੁੱਖ ਨੂੰ ਅਜਿਹੀ ਘਾਤਕ, ਅਤੇ ਵਿਨਾਸ਼ਕ ਸ਼ਕਤੀ ਤੋਂ ਸਾਵਧਾਨ ਰਹਿਣ ਦੀ ਤਾਕੀਦ ਕੀਤੀ ਹੈ,"ਹਉਮੈ ਦੇ ਦੀਰਘ ਰੋਗ ਨੂੰ ਫੁੱਟਣ ਤੋਂ ਰੋਕਣ ਲਈ ਅਰਦਾਸ ਇਕ ਅਤਿ ਜ਼ਰੂਰੀ ਮਾਨਸਿਕ ਕਸਰਤ ਹੈ ਐਨ ਉਸੇ ਹੀ ਤਰ੍ਹਾਂ ਜਿਵੇਂ ਕਿਸੇ ਬਿਮਾਰੀ ਦੇ ਇਲਾਜ ਲਈ ਦਵਾਈ ਅਤੇ ਪਰਹੇਜ਼ ਦੇ ਨਾਲ-ਨਾਲ ਕੋਈ ਸਰੀਰਿਕ ਕਸਰਤ ਕਰਨੀ ਵੀ ਜ਼ਰੂਰੀ ਹੁੰਦੀ ਹੈ। ਇਸਦਾ ਵੱਡਾ ਕਾਰਨ ਇਹ ਹੈ ਕਿ ਹਉਮੈਂ ਦਾ ਬੀਜ ਮਨੁੱਖੀ ਮਨ ਵਿਚ ਹਰ ਸਮੇਂ ਮੌਜੂਦ ਰਹਿੰਦਾ ਹੈ ਸਗੋਂ ਮਨੁੱਖ ਦੀ ਨਿੱਜੀ ਹਸਤੀ ਦਾ ਆਧਾਰ ਹੀ ਇਹ ਬੀਜ ਹੈ। ਇਸ ਬੀਜ ਨੂੰ ਸਵੈ ਵਿਸ਼ਵਾਸ਼ ਅਤੇ ਭਰੋਸੇ ਦੇ ਰੂਪ ਵਿਚ ਵਧਣ ਫੁਲਣ ਦੇਣਾ ਜ਼ਿੰਦਗੀ ਜਿਉਣ ਲਈ ਅਤਿ ਜ਼ਰੂਰੀ ਹੈ। ਪਰ ਇਹ ਸਵੈ ਵਿਸ਼ਵਾਸ਼ ਅਤੇ ਭਰੋਸਾ ਜੇਕਰ ਸੰਜਮ ਅਤੇ ਕੰਟਰੋਲ ਵਿਚ ਨਾ ਰੱਖਿਆ ਜਾਵੇ ਤਾਂ ਹਉਮੈ ਅਤੇ ਅਹੰਕਾਰ ਦਾ ਰੂਪ ਧਾਰਨ ਕਰ ਜਾਂਦਾ ਹੈ ਤੇ ਦੀਰਘ ਰੋਗ ਹੋ ਨਿਬੜਦਾ ਹੈ। ਕਈ ਲੋਕਾਂ ਨੇ ਮਨ ਨੂੰ ਚੰਚਲ ਅਤੇ ਅੱਥਰੇ ਘੋੜੇ ਨਾਲ ਤਸਬੀਹ ਦਿੱਤੀ ਹੈ, ਜਿਵੇਂ ਘੋੜੇ ਨੂੰ ਕੰਟਰੋਲ ਕਰਨ ਲਈ ਲਗਾਮ ਪਾਉਣੀ ਜ਼ਰੂਰੀ ਹੁੰਦੀ ਹੈ ਇਸ ਲਈ ਮਨ ਨੂੰ ਸੰਜਮ ਵਿਚ ਰੱਖਣ ਲਈ ਅਰਦਾਸ ਜ਼ਰੂਰੀ ਹੈ।"[18]ਆਧੁਨਿਕ ਸਮਾਜ ਵਿਚ ਇੰਨ੍ਹਾ ਜ਼ੁਲਮ, ਦੁਖ, ਰਿਸ਼ਤਿਆਂ ਦੇ ਟੁੱਟਣ ਦਾ ਕਾਰਨ ਹਉਮੈ ਹੀ ਹੈ। ਕੋਈ ਵੀ ਆਪਣੇ ਆਪਨੂੰ ਘੱਟ ਮੰਨਣ ਨੂੰ ਤਿਆਰ ਹੀ ਨਹੀਂ। ਹਰ ਕੋਈ ਇਕ ਦੂਜੇ ਤੋਂ ਵੱਡਾ ਹੋਣ ਦੀ ਦੌੜ ਵਿਚ ਲੱਗਾ ਹੋਇਆ ਹੈ ਅਤੇ ਇਹਨਾਂ ਗੱਲਾਂ ਕਾਰਣ ਸਮਾਜ ਵਿਚ ਅਸ਼ਾਂਤੀ ਫੈਲ ਚੁੱਕੀ ਹੈ।

ਅਰਦਾਸ ਹੀ ਮਨੁੱਖ ਦੀ ਪਹੁੰਚ ਅਕਾਲ ਤੱਕ ਕਰਵਾਉਣ ਦਾ ਸਭ ਤੋਂ ਬੇਹਤਰੀਨ ਜ਼ਰੀਆ ਹੈ। ਬੇਸ਼ੱਕ ਇਸ ਲਈ ਇਕਾਗਰਤਾ ਬੜੀ ਜ਼ਰੂਰੀ ਹੈ। ਇਕਾਗਰ ਮਨ ਜਦੋਂ ਉਸ ਦੈਵੀ ਸ਼ਕਤੀ ਅੱਗੇ ਅਰਦਾਸ ਵਿਚ ਜੁੜਦਾ ਹੈ ਤਾਂ ਪਰਮਾਤਮਾ ਆਪਣੇ ਸਾਰੇ ਖਜ਼ਾਨੇ ਉਸ ਅੱਗੇ ਖੋਲ੍ਹ ਕੇ ਰੱਖਦਾ ਹੈ ਕਿਉਂਕਿ ਪਰਮਾਤਮਾ ਦਾ ਮਿਲਣਾ ਅਤੇ ਉਸਦੀਆਂ ਬਖਸ਼ਿਸ਼ਾਂ ਦਾ ਮਿਲਣਾ ਇਕੱਠਾ ਹੀ ਵਾਪਰਦਾ ਹੈ,"ਅਰਦਾਸ ਇਕ ਅਜਿਹਾ ਸਾਧਨ ਹੈ, ਜਿਸ ਨਾਲ ਕਾਲ-ਬੱਧ ਮਨੁੱਖ ਦੀ ਪਹੁੰਚ ਅਕਾਲ ਤੱਕ ਹੋ ਜਾਂਦੀ ਹੈ। ਜਦ ਵੀ ਮਨੁੱਖ ਇਕ ਮਨ ਇਕ ਚਿੱਤ ਹੋ ਕੇ ਅਕਾਲ ਪੁਰਖ ਦੇ ਦਰ ਤੇ ਦਸਤਕ ਦੇਂਦਾ ਹੈ। ਉਸਦੀ ਬਖਸ਼ਿਸ਼ ਦੇ ਦਰ ਖੁੱਲ੍ਹ ਜਾਂਦੇ ਹਨ ਅਤੇ ਉਸਦੀ ਕ੍ਰਿਪਾ ਦ੍ਰਿਸ਼ਟੀ ਹੁੰਦੀ ਹੈ। ਗੁਰਮਤਿ ਅਨੁਸਾਰ ਅਕਾਲ ਪੁਰਖ ਸ੍ਰਿਸ਼ਟੀ ਨੂੰ ਸਾਜ ਕੇ ਇਸਦੀ ਸਾਰ ਸੰਭਾਲ ਵੀ ਕਰਦਾ ਹੈ। ਉਹ ਜੀਵੰਤ ਚੇਤੰਨ ਹਸਤੀ ਹੈ ਅਤੇ ਇਕ ਚੇਤਨ ਜਾਗ੍ਰਿਤ ਹਸਤੀ ਦੇ ਰੂਪ ਵਿਚ ਹੀ ਸ੍ਰਿਸ਼ਟੀ ਦਾ ਸਾਰਾ ਕਾਰਜ ਚਲਾ ਰਿਹਾ ਹੈ"।[19] ਸੋ ਅਰਦਾਸ ਵਿਚ ਜੁੜੀ ਸੁਰਤ ਇਕ ਪਲ ਵਿਚ ਹੀ ਆਪਣੇ ਜਨਮ ਮਰਨ ਦਾ ਗੇੜ ਕਟਵਾ ਸਕਦੀ ਹੈ ਸ਼ਰਤ ਇਹ ਹੈ ਕਿ ਉਸਦਾ ਵਿਸ਼ਵਾਸ਼ ਪਰਮਾਤਮਾ ਨੂੰ ਪਾਉਣ ਵਾਲਾ ਹੋਵੇ। ਇਸ ਮਿਲਾਪ ਵਿਚ ਹੀ ਸਿਮਰਣ ਦਾ ਕਰਨ ਜਾਂ ਸੰਪੂਰਨ ਹੋਣਾ ਵੀ

[18] ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 255.
[19] ਗੁਰਨਾਮ ਕੌਰ ਬੇਦੀ, ਗੁਰਮਤਿ ਸੰਕਲਪ, ਪੰਨਾ 10.

ਲੁਕਿਆ ਹੋਇਆ ਹੈ। ਜਦ ਸਾਰੀ ਕਾਇਨਾਤ ਨੂੰ ਪੈਦਾ ਕਰਨ ਵਾਲਾ ਉਹ ਆਪ ਹੀ ਹੈ ਤਾਂ ਮਨੁੱਖ ਦਾ ਫਰਜ਼ ਹੈ ਕਿ ਅਰਦਾਸ ਵੀ ਉਸ ਅੱਗੇ ਕਰੇ ਅਤੇ ਹਰ ਇਕ ਬਖਸ਼ਿਸ਼ ਦਾ ਪਾਤਰ ਵੀ ਬਣੇ।[20]

ਸਿੱਖ ਪੰਥ ਵਿਚ ਸਿੱਖ ਦੀ ਸ਼ਖਸ਼ੀਅਤ ਨੂੰ ਗੁਰੂ ਸਾਹਿਬਾਨ ਨੇ ਸ਼ਾਨਦਾਰ ਗੁਣਾਂ ਨਾਲ ਭਰਪੂਰ ਕੀਤਾ ਹੈ ਅਤੇ ਉਸਨੂੰ ਜ਼ਿੰਦਗੀ ਜਿਊਣ ਦੇ ਪਵਿਤਰ ਢੰਗ ਵਿਚ ਹੀ ਪਰਮਾਤਮਾ ਤੱਕ ਪਹੁੰਚਣ ਦਾ ਰਾਹ ਦੱਸਿਆ ਹੈ। ਮਨੁੱਖ ਦਾ ਇਹ ਫਰਜ਼ ਹੈ ਕਿ ਉਸਨੇ ਮਾਇਆ ਵਿਚ ਖਚਿਤ ਹੋਣ ਦੀ ਥਾਂ ਉਚ ਆਦਰਸ਼ਾਂ 'ਤੇ ਚੱਲ ਕੇ ਰੱਬ ਦਾ ਪਿਆਰਾ ਬਣਨਾ ਹੈ, "ਗੁਰਬਾਣੀ ਨੇ ਮਨੁੱਖ ਨੂੰ ਉਤਮ ਜੀਵਨ ਜਾਚ ਸਿਖਾਈ ਹੈ। ਮਨੁੱਖ ਨੇ ਆਪਣੀ ਅਗਿਆਨਤਾ ਵਿਚੋਂ ਬਾਹਰ ਆਉਣਾ ਹੈ। ਉਸਨੇ ਆਪਣੀ 'ਕੂੜ ਦੀ ਪਾਲ' ਤੋੜ ਕੇ 'ਸਚਿਆਰਾ' ਬਣਨਾ ਹੈ। ਉਸਨੇ ਆਪਣੀ ਅਜਿਹੀ ਘਾੜਤ ਘੜਨੀ ਹੈ ਜਿਸ ਨਾਲ ਉਹ ਪਰਮਾਤਮਾ ਨਾਲ ਇਕਸੁਰ ਹੋ ਕੇ ਜੀ ਸਕੇ। ਅਰਦਾਸ ਅਜਿਹੇ ਆਦਰਸ਼ ਤੱਕ ਪਹੁੰਚਣ ਲਈ ਇਕ ਉਪਰਾਲਾ ਹੈ। ਗੁਰਬਾਣੀ ਨੇ ਮਨੁੱਖ ਨੂੰ ਇਸ ਆਦਰਸ਼ ਤੱਕ ਪਹੁੰਚਣ ਦੀ ਜਾਂਚ ਵੀ ਸਿਖਾਈ ਹੈ। ਮਨੁੱਖ ਨੇ ਜੋ ਵੀ ਮੰਗਣਾ ਹੈ, ਉਹ ਸੱਚੇ ਸਾਂਈ ਸ੍ਰਿਸ਼ਟੀ ਦੇ ਸਿਰਜਣਹਾਰ ਕੋਲੋਂ ਮੰਗਣਾ ਹੈ। ਜਿਥੇ ਮੰਗ ਕੇ ਮੁੜ ਲੱਜਿਤ ਨਾ ਹੋਣਾ ਪਵੇ।"[21] ਉਸਦੇ ਜੀਵਨ ਵਿੱਚੋਂ ਹੀ ਪਰਮਾਤਮਾ ਦਾ ਝਲਕਾਰਾ ਮਿਲਣਾ ਚਾਹੀਦਾ ਹੈ। ਇਸ ਅਵਸਥਾ ਤੱਕ ਪਹੁੰਚਣ ਲਈ ਅਰਦਾਸ ਸਹਾਰਾ ਬਣਦੀ ਹੈ। ਗੁਰਬਾਣੀ ਨੇ ਮਨੁੱਖ ਨੂੰ ਪਰਮਾਤਮਾ ਤੱਕ ਪਹੁੰਚਣ ਲਈ ਕਿਸ ਤਰ੍ਹਾਂ ਨਾਲ ਅਰਦਾਸ ਦਾ ਰੂਪ ਹੋਣੀ ਚਾਹੀਦੀ ਹੈ, ਉਸਦਾ ਤਰੀਕਾ ਵੀ ਸਿਖਾਇਆ ਹੈ। ਉਸਦੀ ਹਰ ਮੰਗ ਪਰਮਾਤਮਾ ਕੋਲ ਹੋਣਾ ਚਾਹੀਦਾ ਹੈ। ਜੇ ਉਹ ਪਰਮਾਤਮਾ ਨੂੰ ਛੱਡ ਕੇ ਕਿਸੇ ਹੋਰ ਤੋਂ ਮੰਗਦਾ ਹੈ ਤਾਂ ਉਸਦਾ ਜੀਵਨ ਅਜਾਈ ਚਲਾ ਜਾਵੇਗਾ। ਉਸਨੂੰ ਸੱਚ ਤੇ ਝੂਠ ਦਾ ਫਰਕ ਸਮਝ ਨਹੀਂ ਆਵੇਗਾ।

ਸਿੱਖ ਅਰਦਾਸ ਦੀ ਰੂਪ-ਰੇਖਾ ਸਿੱਖ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਨਿਸ਼ਚਿਤ ਹੈ ਅਤੇ ਇਸਦੀ ਅਸਲ ਖੁਰਾਕ ਗੁਰਬਾਣੀ ਵਿਚੋਂ ਲਈ ਹੋਈ ਹੈ ਅਤੇ ਇਸਨੂੰ ਸਮੁੱਚੇ ਪੰਥ ਨੇ ਪ੍ਰਵਾਨ ਕੀਤਾ ਹੈ। ਇਸ ਅਰਦਾਸ ਦੇ ਪੜ੍ਹਦਿਆਂ ਸੁਣਦਿਆਂ ਜਿੱਥੇ ਪਰਮਾਤਮਾ ਦੇ ਦਰਸ਼ਨ ਹੁੰਦੇ ਹਨ ਉੱਥੇ ਸਮੇਂ ਦੀ ਤੋਰ ਵੀ ਇਸ ਵਿਚ ਸਮਾਈ ਹੋਈ ਹੈ, "ਸਮੁੱਚੇ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਿੱਖ ਅਰਦਾਸ ਗੁਰਬਾਣੀ ਦਾ ਓਟ ਆਸਰਾ ਲੈ ਕੇ ਤਿਆਰ ਕੀਤੀ ਗਈ ਹੈ ਅਤੇ ਇਸ ਅਰਦਾਸ ਨੂੰ ਗੁਰੂ ਪੰਥ ਵੱਲੋਂ ਪ੍ਰਵਾਨਗੀ ਪ੍ਰਾਪਤ ਹੋਈ ਹੈ। ਇਸ ਅਰਦਾਸ ਵਿਚ ਇਕ ਲਗਾਤਾਰਤਾ ਹੈ ਜਿਹੜੀ ਇਸਨੂੰ ਸਰਬ ਸਮਿਆਂ ਨਾਲ ਜੋੜਦੀ ਹੈ। ਸਿੱਖ ਅਰਦਾਸ ਸ਼ਹੀਦਾਂ ਦਾ ਅਭਿਨੰਦਨ ਹੈ ਤਿਆਰ ਬਰ ਤਿਆਰ ਰਹਿਣ ਦਾ ਸੰਦੇਸ਼ ਹੈ। ਸਿੱਖ ਅਰਦਾਸ ਨਾਮ ਸਿਮਰਨ ਦਾ ਮਾਧਿਅਮ ਹੈ। ਅਰਦਾਸ ਰਾਹੀਂ ਬਾਰ ਬਾਰ ਵਾਹਿਗੁਰੂ, ਵਾਹਿਗੁਰੂ ਸਿਮਰ ਕੇ ਅਤੇ ਵਾਹਿਗੁਰੂ ਨਾਲ ਹੀ ਜੁੜਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜਾਗਤ-ਜੋਤ ਸ਼ਬਦ ਦੇ ਆਸਰੇ ਹੀ ਸਿੱਖ ਚੜ੍ਹਦੀ ਕਲਾ ਤੇ ਸਰਬੱਤ ਦੇ ਭਲੇ ਵਾਲੀ ਜੀਵਨ-ਜਾਂਚ ਸਿੱਖਦਾ ਹੈ।"[22]ਇਸ ਅਰਦਾਸ ਵਿਚ ਅਨੇਕਾਂ ਗੁਣ ਹਨ। ਜੋ ਇਕੋ ਸਮੇਂ ਹਾਸਿਲ ਹੁੰਦੇ ਹਨ, ਦੁਨੀਆਂ ਵਿਚ ਬੈਠਾ ਹਰ ਇਕ ਸਿੱਖ ਜਦੋਂ ਅਰਦਾਸ ਕਰਦਾ ਹੈ ਉਹ ਦੂਜਿਆਂ ਨਾਲ ਆਪਣੇ ਆਪ ਭਰਾ ਵਾਲਾ ਰਿਸ਼ਤਾ ਬਣਾਉਂਦਾ ਹੈ। ਇਸ ਵਿਚ ਸਿੱਖ ਲਈ ਹਮੇਸ਼ਾ

---

[20] ਗੁਰਨਾਮ ਕੌਰ ਬੇਦੀ, *ਗੁਰਮਤਿ ਸੰਕਲਪ*, ਪੰਨਾ 10.
[21] ਉਹੀ, ਪੰਨਾ 12.
[22] ਉਹੀ, ਪੰਨਾ 15.

ਕੁਰਬਾਨੀ ਲਈ ਤਤਪਰ ਰਹਿਣ ਦਾ ਸ਼ੰਦੇਸ਼ ਹੈ। ਅਰਦਾਸ ਦੇ ਜ਼ਰੀਏ ਨਾਮ ਸਿਮਰਨ ਨਾਲ ਵੀ ਸਿੱਖ ਜੁੜਦਾ ਹੈ।ਸਿੱਖ ਦੇ ਜੀਵਨ ਵਿਚ ਅਰਦਾਸ ਹੀ ਹੈ ਜੋ ਉਸਨੂੰ ਅਧਿਆਤਮਿਕ ਬੁਲੰਦੀਆਂ ਤੇ ਪਹੁੰਚਾਉਂਦੀ ਹੈ।

ਸਿੱਖ ਅਰਦਾਸ ਵਿਚ ਇੰਨ੍ਹਾ ਜੋਸ਼ ਅਤੇ ਜਲਾਲ ਹੈ ਕਿ ਇਸਦੇ ਆਸਰੇ ਨਾਲ ਹੀ ਸਿੱਖ ਪੰਥ ਵਿਚ ਮਹਾਨ ਕਾਰਜ ਸੰਪੂਰਨ ਹੋਏ। ਜਦੋਂ ਵੀ ਕਿਸੇ ਸਿੱਖ ਨੇ ਕਿਸੇ ਮੰਜ਼ਿਲ ਵੱਲ ਵਧਣਾ ਉਸਨੇ ਗੁਰੂ ਸਾਹਿਬ ਅੱਗੇ ਅਰਦਾਸ ਕਰਨੀ ਅਤੇ ਜਦੋਂ ਸਿੱਖ ਨੇ ਇਕ ਵਾਰ ਅਰਦਾਸ ਕਰ ਲਈ ਫਿਰ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ, ਅਜਿਹੀਆਂ ਇਤਿਹਾਸ ਵਿਚ ਅਨੇਕ ਘਟਨਾਵਾਂ ਦਰਜ ਹਨ। ਭਾਵੇਂ ਉਹ ਅਕਾਲੀ ਫੂਲਾ ਸਿੰਘ ਵੱਲੋਂ ਕੀਤੀ ਗਈ ਅਰਦਾਸ ਹੋਵੇ ਜਾਂ ਅਟਕ ਦਰਿਆ ਸਾਹਮਣੇ ਮਹਾਰਾਜਾ ਰਣਜੀਤ ਸਿੰਘ ਵੱਲੋਂ, "ਅਰਦਾਸ ਦੇ ਬਲਬੂਤੇ ਬੜੀਆਂ ਹੀ ਅਚੰਭਿਤ, ਵਿਲੱਖਣ ਤੇ ਧਾਰਮਿਕ ਘਟਨਾਵਾਂ ਵਾਪਰਦੀਆਂ ਹਨ ਜਿੰਨ੍ਹਾਂ ਨੂੰ ਕਿ ਆਮ ਸਾਧਾਰਣ ਜੀਵ ਅਸੰਭਵ ਤਸੱਵਰ ਕਰਦੇ ਹਨ। ਵੱਡੇ-ਵੱਡੇ ਮਾਹਰਕੇ ਸਰ ਕਰਨਾ, ਮੁਸ਼ਕਿਲ ਤੋਂ ਮੁਸ਼ਕਿਲ ਕੰਮ ਨੇਪਰੇ ਚਾੜ੍ਹਨਾ, ਅਰਦਾਸ ਤੋਂ ਪ੍ਰਾਪਤ ਅਥਾਹ ਬਲ ਅਤੇ ਆਤਮ ਸ਼ਕਤੀ ਦੇ ਪ੍ਰੀਣਾਮ ਸਰੂਪ ਹੀ ਸੰਪੰਨ ਸੰਪੂਰਨ ਹੁੰਦੇ ਵੇਖੇ ਜਾਂਦੇ ਹਨ।"[23] ਅਰਦਾਸ ਵਿਚ ਦਰਜ ਸ਼ਹੀਦਾਂ ਅਤੇ ਸ਼ਹਾਦਤਾਂ ਦਾ ਜ਼ਿਕਰ ਕਰਨ ਦਾ ਮਤਲਬ ਹੀ ਇਹ ਹੈ ਕਿ ਸੁਣਨ ਵਾਲੇ ਨੂੰ ਅਹਿਸਾਸ ਹੋਵੇ ਕਿ ਸਿੱਖ ਪੰਥ ਵਿਚ ਕਿੰਨੇ ਮਹਾਨ ਯੋਧੇ ਹੋਏ ਜਿਸ ਨਾਲ ਹਰ ਰੋਜ਼ ਇਕਾਗਰ ਮਨ ਨਾਲ ਅਰਦਾਸ ਕਰਨ ਵਾਲੇ ਦੇ ਦਿਲ ਵਿਚ ਹੌਲੀ-ਹੌਲੀ ਇਹ ਅਹਿਸਾਸ ਘਰ ਕਰ ਜਾਂਦੇ ਹਨ ਕਿ ਉਸਦਾ ਜੀਵਨ ਪਰਮਾਤਮਾ ਵੱਲੋਂ ਬਖ਼ਸ਼ੀ ਹੋਈ ਦਾਤ ਹੈ ਜਿਸਨੂੰ ਉਹ ਸਰਬੱਤ ਦੇ ਭਲੇ ਵਿਚ ਲਾਵੇਗਾ।

ਸਿੱਖ ਧਰਮ ਨਾਲ ਸੰਬੰਧਤ ਅਧਿਆਇ ਵਿਚ ਗੁਰਬਾਣੀ ਵਿਚ ਆਈ ਅਰਦਾਸ ਦੇ ਸੰਕਲਪ ਨੂੰ ਉਭਾਰਿਆ ਗਿਆ ਹੈ। ਕਿਉਂਕਿ ਪਿਛਲੇ ਅਧਿਆਇਆਂ ਵਿਚ ਵੀ ਪ੍ਰਮੁਖ ਤੌਰ ਤੇ ਧਰਮ ਗ੍ਰੰਥਾਂ ਦੀਆਂ ਅਰਦਾਸਾਂ ਨੂੰ ਹੀ ਪ੍ਰਮੁਖ ਰੂਪ ਵਿੱਚ ਖੋਜ ਕਾਰਨ ਦਾ ਵਿਸ਼ਾ ਬਣਾਇਆ ਗਿਆ ਹੈ। ਇਸ ਅਧਿਆਇ ਵਿਚ ਗੁਰਬਾਣੀ ਲਿਖਣ ਦੇ ਨਿਯਮ ਅਨੁਸਾਰ ਲੜੀਵਾਰ ਪਹਿਲੇ ਪੰਜ ਪਾਤਸ਼ਾਹ ਅਤੇ ਨੌਵੇਂ ਪਾਤਸ਼ਾਹ, ਫਿਰ ਭਗਤ ਸਾਹਿਬਾਨ ਦੀ ਬਾਣੀ ਵਿੱਚੋਂ ਅਰਦਾਸ ਨਾਲ ਸੰਬੰਧਿਤ ਤੁਕਾਂ ਨੂੰ ਅਰਥਾਂ ਸਮੇਤ ਅੰਕਿਤ ਕੀਤਾ ਜਾਵੇਗਾ ਤਾਂ ਜੋ ਅਧਿਆਇ ਲਿਖਣ ਦੀ ਸਾਰਥਕਰਤਾ ਸਿੱਧ ਹੋਵੇ। ਗੁਰਬਾਣੀ ਵਿਚ ਅਰਦਾਸ ਸ਼ਬਦ ਨਾਲ ਮਿਲਦੇ ਜੁਲਦੇ ਸ਼ਬਦ ਜਿਵੇਂ ਅਰਦਾਸਿ, ਅਰਦਾਸ, ਅਰਦਾਸੇ, ਬਿਨਉ, ਬਿਨੰਤੀ, ਬੇਨਤੀ ਅਤੇ ਬੇਨੰਤੀਆ ਆਦਿ ਵੀ ਵਰਤੇ ਗਏ ਹਨ। ਜਿੰਨ੍ਹਾਂ ਵਿਚ ਪਰਮਾਰਥ ਅਤੇ ਪਦਾਰਥ ਦੋਹਾਂ ਮੰਗਾਂ ਨੂੰ ਦੇਖਿਆ ਜਾ ਸਕਦਾ ਹੈ। ਸੋ ਹਥਲੇ ਖੋਜ-ਕਾਰਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਅਰਦਾਸ ਨਾਲ ਸਬੰਧਿਤ ਖੋਜ-ਕਾਰਜ ਦੇ ਵਿਸ਼ੇ ਨਾਲ ਸੰਬੰਧਿਤ ਗੁਰਬਾਣੀ ਦੀਆਂ ਸੰਪੂਰਨ ਤੁਕਾਂ ਰਚਨਹਾਰੇ ਅਨੁਸਾਰ ਲੜੀਬੱਧ ਕਰਨ ਦਾ ਯਤਨ ਕੀਤਾ ਗਿਆ ਹੈ।ਅਰਦਾਸ ਅਧਿਆਤਮਿਕ ਭਾਵਨਾਵਾਂ ਵਾਲਾ ਸਿੱਖ ਜਗਤ ਦਾ ਇਕ ਵਿਸ਼ੇਸ਼ ਸ਼ਬਦ ਹੈ। ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਛੱਬੀ ਵਾਰ, ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਸੱਤ ਵਾਰ, ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਨੌ ਵਾਰ, ਸ੍ਰੀ ਗੁਰੂ

[23] ਗੁਰਨਾਮ ਕੌਰ ਬੇਦੀ, *ਗੁਰਮਤਿ ਸੰਕਲਪ*, ਪੰਨਾ 15.

ਅਰਜਨ ਦੇਵ ਜੀ ਦੀ ਬਾਣੀ ਵਿਚ ਤ੍ਰਿਵੰਜਾ ਵਾਰ, ਕਬੀਰ ਜੀ ਦੀ ਬਾਣੀ ਵਿਚ ਇਕ ਵਾਰ, ਭੱਟਾਂ ਦੇ ਸਵੱਯਾਂ ਵਿਚ ਦੋ ਵਾਰ ਅਤੇ ਸਦੁ (ਰਾਮਕਲੀ) ਵਿਚ ਇਕ ਵਾਰ, ਕੁਲ ਨੜਿਨਵੇਂ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਹੈ। ਇਸ ਤੋਂ ਬਿਨਾਂ ਇਹ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ "ਅਰਦਾਸ" ਰੂਪ ਵਿਚ ਇਕ ਵਾਰ ਅਤੇ "ਅਰਦਾਸੇ" ਰੂਪ ਵਿਚ ਦੋ ਵਾਰ ਵੀ ਵਰਤਿਆ ਮਿਲਦਾ ਹੈ।

**1. ਸ੍ਰੀ ਗੁਰੂ ਨਾਨਕ ਦੇਵ ਜੀ ਦੇਵ ਜੀ ਦੀ ਬਾਣੀ ਵਿਚ ਅਰਦਾਸ ਨਾਲ ਸੰਬੰਧਤ ਪੰਕਤੀਆਂ**

ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖਾਂ ਦੇ ਪਹਿਲੇ ਗੁਰੂ ਸਨ। ਜੋ ਅਕਾਲ ਪੁਰਖ ਦੇ ਘਰ ਤੋਂ ਹੀ ਗੁਰੂ ਥਾਪੇ ਗਏ ਸਨ। ਆਪ ਜੀ ਨੂੰ ਧੁਰ ਕੀ ਬਾਣੀ ਉਤਰਦੀ ਸੀ, ਆਪ ਜੀ ਦਾ ਸਾਥੀ ਮਰਦਾਨਾ ਰਬਾਬ ਵਜਾਉਂਦਾ ਅਤੇ ਆਪਨੂੰ ਬਾਣੀ ਆਉਂਦੀ ਸੀ। ਆਪ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 977 ਸ਼ਬਦ 20 ਵੱਖ-ਵੱਖ ਰਾਗਾਂ ਵਿਚ ਮਿਲਦੇ ਹਨ। ਆਪ ਜੀ ਵੱਲੋਂ ਰਚਿਤ ਬਾਣੀ ਅਤੇ ਉਦਾਸੀਆਂ ਸਮੇਂ ਵੱਖ-ਵੱਖ ਸੰਤਾਂ-ਭਗਤਾਂ ਦੀ ਇਕੱਤਰ ਕੀਤੀ ਬਾਣੀ ਇਕ ਗੁਰੂ ਤੋਂ ਦੂਜੇ ਗੁਰੂ ਨੂੰ ਗੁਰਗੱਦੀ ਦੇਣ ਲੱਗਿਆਂ ਦਿੱਤੀ ਜਾਂਦੀ ਸੀ

ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ॥ ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਾਸੁ॥[24]

ਇਹ ਪੰਕਤੀਆਂ ਸ੍ਰੀ ਗੁਰੁ ਨਾਨਕ ਦੇਵ ਜੀ ਦੁਆਰਾ ਰਚਿਤ ਸਿਰੀਰਾਗੁ_ਵਿਚ ਸ੍ਰੀ ਗੁਰੂ ਗ੍ਰੰਥ ਸਾਾਹਿਬ ਦੇ ਪੰਨਾ 25 ਤੇ ਦਰਜ ਹਨ,"ਹੇ ਪ੍ਰਭੂ! ਨਾਨਕ (ਤੇਰੇ ਦਰ ਤੇ) ਅਰਦਾਸ ਕਰਦਾ ਹੈ (ਤੂੰ ਹਰ ਥਾਂ ਮੌਜੂਦ ਹੈਂ, ਮੈਨੂੰ ਵੀ ਦੀਦਾਰ ਦੇਹ) ਤੂੰ ਹੀ ਸਰੋਵਰ ਹੈਂ, ਤੂੰ ਹੀ ਸਰੋਵਰ ਤੇ ਰਹਿਣ ਵਾਲਾ ਹੰਸ ਹੈਂ। ਸੂਰਜ ਦੀ ਰੌਸ਼ਨੀ ਵਿਚ ਖਿੜਨ ਵਾਲਾ ਕੌਲ ਫੁੱਲ ਭੀ ਤੂੰ ਹੀ ਹੈਂ ਤੇ ਚੰਦ ਦੇ ਚਾਨਣ ਵਿਚ ਖਿੜਨ ਵਾਲੀ ਕੰਮੀ ਭੀ ਤੂੰ ਹੀ ਹੈਂ (ਆਪਣੇ ਜਮਾਲ ਨੂੰ ਤੇ ਆਪਣੇ ਜਲਾਲ ਨੂੰ) ਵੇਖ ਕੇ ਤੂੰ ਆਪ ਹੀ ਖ਼ੁਸ਼ ਹੋਣ ਵਾਲਾ ਹੈਂ।"[25] ਪਰਮਾਤਮਾ ਦੀ ਮੌਜੂਦਗੀ ਨੂੰ ਹਰ ਥਾਂ ਹਾਜ਼ਰ ਨਾਜ਼ਰ ਦੇਖ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਉਸਦੇ ਦੀਦਾਰ ਦੀ ਅਰਦਾਸ ਕਰ ਰਹੇ ਹਨ।

**5.1 ਰਜ਼ਾ ਵਿੱਚ ਰਹਿਣ ਦੀ ਅਰਦਾਸ**

ਜੇਤਾ ਦੇਹਿ ਤੇਤਾ ਹਉ ਖਾਉ॥ ਬਿਆ ਦਰੁ ਨਾਹੀ ਕੈ ਕਰਿ ਜਾਉ॥
ਨਾਨਕੁ ਏਕ ਕਹੈ ਅਰਦਾਸਿ॥ ਜੀਉ ਪਿੰਡੁ ਸਭੁ ਤੇਰੈ ਪਾਸਿ॥[26]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਸਿਰੀਰਾਗ_ਵਿਚ ਸ੍ਰੀ ਗੁਰੂ ਗ੍ਰੰਥ ਸਾਾਹਿਬ ਦੇ ਪੰਨਾ 25 ਤੇ ਦਰਜ ਹਨ, "ਹੇ ਪ੍ਰਭੂ! ਜੋ ਕੁਝ ਤੂੰ ਮੈਨੂੰ ਦੇਂਦਾ ਹੈਂ, ਮੈਂ ਉਹੀ ਖਾਂਦਾ ਹਾਂ, ਕੋਈ ਹੋਰ ਦਰਵਾਜ਼ਾ ਨਹੀਂ ਹੈ ਜਿਥੇ ਮੈਂ ਜਾਵਾਂ (ਤੇ ਸਵਾਲੀ ਬਣਾਂ)। ਨਾਨਕ ਸਿਰਫ਼ ਇਹ ਬੇਨਤੀ ਕਰਦਾ ਹੈ ਕਿ ਇਹ ਜਿੰਦ ਤੇਰੀ ਹੀ ਦਿੱਤੀ ਹੋਈ ਹੈ ਇਹ ਸਰੀਰ ਤੇਰਾ ਹੀ ਦਿੱਤਾ ਹੋਇਆ ਹੈ, ਇਹ ਸਭ ਕੁਝ ਤੇਰੇ ਹੀ

[24] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 25.
[25] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ)*, ਪੰਨਾ 223.
[26] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 25.

ਆਸਰੇ ਰਹਿ ਸਕਦਾ ਹੈ।"[27] ਇਹਨਾਂ ਪੰਕਤੀਆਂ ਵਿਚ ਪਰਮਾਤਮਾ ਅੱਗੇ ਸਭ ਕੁਝ ਉਸਦਾ ਦਿੱਤਾ ਹੋਇਆ ਮੰਨਕੇ ਗੁਰੂ ਸਾਹਿਬ ਅਰਦਾਸ ਕਰ ਰਹੇ ਹਨ।

### 5.2 ਨਾਮ ਜਪਣ ਦੀ ਅਰਦਾਸ

ਸਾਚਉ ਵਖਰੁ ਲਾਦੀਐ ਲਾਭੁ ਸਦਾ ਸਚੁ ਰਾਸਿ॥
ਸਾਚੀ ਦਰਗਹ ਬੈਸਈ ਭਗਤਿ ਸਚੀ ਅਰਦਾਸਿ॥
ਪਤਿ ਸਿਉ ਲੇਖਾ ਨਿਬੜੈ ਰਾਮ ਨਾਮੁ ਪਰਗਾਸਿ॥[28]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਸਿਰੀਰਾਗੁ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 54-55 ਤੇ ਦਰਜ ਹਨ, "(ਹੇ ਵਣਜਾਰੇ ਜੀਵ!) ਸਦਾ-ਥਿਰ ਰਹਿਣ ਵਾਲੀ (ਨਾਮ ਦੀ) ਰਾਸ-ਪੂੰਜੀ ਹੀ ਜੋੜਨੀ ਚਾਹੀਦੀ ਹੈ, (ਇਸ ਵਿਚੋਂ ਉਹ) ਨਫ਼ਾ (ਪੈਂਦਾ ਹੈ ਜੋ) ਸਦਾ (ਕਾਇਮ ਰਹਿੰਦਾ ਹੈ)। ਜੇਹੜਾ ਮਨੁੱਖ ਸਦਾ-ਥਿਰ ਪ੍ਰਭੂ ਦੀ ਭਗਤੀ ਕਰਦਾ ਹੈ, (ਉਸ ਦੇ ਅੱਗੇ) ਅਰਦਾਸ ਕਰਦਾ ਹੈ, ਉਹ ਉਸ ਦੀ ਸਦਾ-ਥਿਰ ਹਜ਼ੂਰੀ ਵਿਚ ਬੈਠਦਾ ਹੈ, ਉਸ ਦਾ (ਜੀਵਨ-ਸਫ਼ਰ ਦਾ) ਲੇਖਾ (ਇੱਜ਼ਤ ਨਾਲ) ਸਾਫ਼ ਹੋ ਜਾਂਦਾ ਹੈ (ਕਿਉਂਕਿ ਉਸ ਦੇ ਅੰਦਰ) ਪ੍ਰਭੂ ਦਾ ਨਾਮ ਉਜਾਗਰ ਹੋ ਜਾਂਦਾ ਹੈ।"[29] ਇਹਨਾਂ ਪੰਕਤੀਆਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨਾਮ ਧਨ ਇਕੱਠਾ ਕਰਨ ਦੀ ਅਰਦਾਸ ਕਰਨ ਕਰ ਰਹੇ ਹਨ।

### 5.3 ਹਮੇਸ਼ਾ ਪ੍ਰੇਮ ਵਿਚ ਰੰਗੇ ਰਹਿਣ ਦੀ ਅਰਦਾਸਸ

ਦੁਇ ਕਰ ਜੋੜਿ ਖੜੀ ਤਕੈ ਸਚੁ ਕਹੈ ਅਰਦਾਸਿ॥
ਲਾਲਿ ਰਤੀ ਸਚ ਭੈ ਵਸੀ ਭਾਇ ਰਤੀ ਰੰਗਿ ਰਾਸਿ॥[30]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਸਿਰੀਰਾਗੁਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 54 ਤੇ ਦਰਜ ਹਨ, "ਜੇਹੜੀ ਦੋਵੇਂ ਹੱਥ ਜੋੜ ਕੇ ਪੂਰੀ ਸਰਧਾ ਨਾਲ (ਪ੍ਰਭੂ-ਪਤੀ ਦਾ ਆਸਰਾ ਹੀ) ਤੱਕਦੀ ਹੈ, ਜੇਹੜੀ ਸਦਾ-ਥਿਰ ਪ੍ਰਭੂ ਨੂੰ ਹੀ ਯਾਦ ਕਰਦੀ ਹੈ ਤੇ ਉਸ ਦੇ ਦਰ ਤੇ ਅਰਜ਼ੋਈਆਂ ਕਰਦੀ ਹੈ, ਉਹ ਪ੍ਰਭੂ-ਪ੍ਰੀਤਮ (ਦੇ ਪਿਆਰ) ਵਿਚ ਰੰਗੀ ਰਹਿੰਦੀ ਹੈ, ਉਹ ਸਦਾ-ਥਿਰ ਪ੍ਰਭੂ ਦੇ ਡਰ-ਅਦਬ ਵਿਚ ਟਿਕੀ ਰਹਿੰਦੀ ਹੈ, ਉਹ ਪ੍ਰਭੂ ਦੇ ਪ੍ਰੇਮ ਵਿਚ ਰੱਤੀ ਰਹਿੰਦੀ ਹੈ, ਤੇ ਉਸ ਦੇ ਰੰਗ ਵਿਚ ਰਸੀ ਰਹਿੰਦੀ ਹੈ।"[31] ਗੁਰੂ ਸਾਹਿਬ ਅਨੁਸਾਰ ਮਨੁੱਖ ਨੂੰ ਪਰਮਾਤਮਾ ਅੱਗੇ ਹਰ ਵਕਤ ਉਸਦੇ ਮਿਲਾਪ ਦੀਆਂ ਬੇਨਤੀਆਂ ਕਰਦੇ ਰਹਿਣਾ ਚਾਹੀਦਾ ਹੈ।

### 5.4 ਪਰਮਾਤਮਾ ਦੇ ਮਿਲਾਪ ਦੀ ਅਰਦਾਸਸ

ਸਤਿਗੁਰ ਅਗੈ ਅਰਦਾਸਿ ਕਰਿ ਸਾਜਨੁ ਦੇਇ ਮਿਲਾਇ॥
ਸਾਜਨਿ ਮਿਲਿਐ ਸੁਖੁ ਪਾਇਆ ਜਮਦੂਤ ਮੁਏ ਬਿਖੁ ਖਾਇ॥

---

[27] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ)*, ਪੰਨਾ 233.
[28] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 54-55.
[29] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ)*, ਪੰਨਾ 386.
[30] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 54.
[31] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ)*, ਪੰਨਾ 381.

ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ॥[32]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਸਿਰੀਰਾਗੁਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 55 ਤੇ ਦਰਜ ਹਨ "ਗੁਰੂ ਅੱਗੇ ਅਰਦਾਸ ਕਰਦਾ ਰਹੁ, (ਗੁਰੂ) ਸੱਜਣ-ਪ੍ਰਭੂ ਮਿਲਾ ਦੇਂਦਾ ਹੈ। ਜੇ ਸੱਜਣ-ਪ੍ਰਭੂ ਮਿਲ ਪਏ ਤਾਂ ਆਤਮਕ ਆਨੰਦ ਮਿਲ ਜਾਂਦਾ ਹੈ, ਜਮਦੂਤ ਤਾਂ (ਇਉਂ ਸਮਝੋ ਕਿ) ਜ਼ਹਰ ਖਾ ਕੇ ਮਰ ਜਾਂਦੇ ਹਨ (ਭਾਵ, ਜਮਦੂਤ ਨੇੜੇ ਹੀ ਨਹੀਂ ਢੁਕਦੇ)। (ਜੇ ਸੱਜਣ-ਪ੍ਰਭੂ ਮਿਲ ਪਏ ਤਾਂ) ਮੈਂ ਉਸ ਦੇ ਨਾਮ ਵਿਚ ਸਦਾ ਟਿਕਿਆ ਰਹਿ ਸਕਦਾ ਹਾਂ ਉਸ ਦਾ ਨਾਮ (ਸਦਾ ਲਈ) ਮੇਰੇ ਮਨ ਵਿਚ ਆ ਵੱਸਦਾ ਹੈ।"[33] ਗੁਰੂ ਸਾਹਿਬ ਇਹਨਾਂ ਪੰਕਤੀਆਂ ਵਿਚ ਪਰਮਾਤਮਾ ਰੂਪੀ ਸੱਜਣ ਦੇ ਮਿਲਾਪ ਦੀ ਅਰਦਾਸ ਕਰ ਰਹੇ ਹਨ ਅਤੇ ਅਜਿਹਾ ਹੋ ਜਾਣ ਤੇ ਜਮਦੂਤ ਰੂਪੀ ਦੁਖ ਮੁੱਕ ਜਾਂਦੇ ਹਨ।

### 5.5 ਪਰਮਾਤਮਾ ਦੀ ਹੋਂਦ ਜਲ-ਥਲ ਵਿਚ ਮੌਜੂਦ ਹੈ

ਸਬਦਾਹ ਮਾਹਿ ਵਖਾਣੀਐ ਵਿਰਲਾ ਤ ਬੂਝੈ ਕੋਇ॥

ਨਾਨਕੁ ਵਖਾਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ॥[34]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਸਿਰੀਰਾਗੁ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 64 ਤੇ ਦਰਜ ਹਨ, "ਨਾਨਕ ਬੇਨਤੀ ਕਰਦਾ ਹੈ—ਜ਼ਬਾਨੀ ਜ਼ਬਾਨੀ ਤਾਂ ਹਰ ਕੋਈ ਆਖਦਾ ਹੈ ਪਰ ਕੋਈ ਵਿਰਲਾ ਹੀ ਯਕੀਨ ਲਿਆਉਂਦਾ ਹੈ (ਕਿ ਹਰੇਕ ਜੀਵ ਨੇ ਇਥੋਂ ਚਲੇ ਜਾਣਾ ਹੈ ਤੇ ਇਥੇ ਸਿਰਫ਼) ਉਹੀ ਪਰਮਾਤਮਾ (ਅਟੱਲ ਰਹਿਣ ਵਾਲਾ ਹੈ ਜੋ) ਜਲ ਵਿਚ ਧਰਤੀ ਵਿਚ ਪੁਲਾੜ ਵਿਚ (ਹਰ ਥਾਂ ਮੌਜੂਦ) ਹੈ।"[35] ਪਰਮਾਤਮਾ ਹੀ ਹੈ ਜੋ ਹਮੇਸ਼ਾ ਟਿਕਣ ਵਾਲਾ ਹੈ ਜੀਵ ਤਾਂ ਵਾਹਿਗੁਰੂ ਵੱਲੋਂ ਬਖਸ਼ੀ ਉਮਰ ਭੋਗ ਕੇ ਚਲੇ ਜਾਣਗੇ ਸੋ ਪਰਮਾਤਮਾ ਅੱਗੇ ਜੀਵਨ ਸਫਲਾ ਕਰਨ ਦੀ ਅਰਦਾਸ ਕਰਨੀ ਚਾਹੀਦੀ ਹੈ।

### 5.6 ਪਹਿਰਿਆਂ ਰਾਹੀਂ ਅਧਿਆਤਮਿਕ ਗਿਆਨ ਦੇਣਾ

ਪਹਿਲੈ ਪਹਿਰੈ ਰੈਣਿ ਕੇ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ॥

ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ॥

ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ॥

ਨਾਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ॥

ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥

ਕਹੁ ਨਾਨਕ ਪ੍ਰਾਣੀ ਪਹਿਲੈ ਪਹਿਰੈ ਹੁਕਮਿ ਪਇਆ ਗਰਭਾਸਿ॥[36]

ਸਿਰੀਰਾਗੁ ਵਿੱਚ ਪਹਿਲੇ ਪਾਤਸ਼ਾਹ ਪਹਿਰਿਆਂ ਵਿੱਚ ਉਪਦੇਸ਼ ਕਰਦੇ ਹੋਏ ਪਰਮਾਤਮਾ ਅੱਗੇ ਜਠਰ ਅਗਨੀ ਵਿੱਚ ਹੋ ਰਹੀ ਅਰਦਾਸ ਦਾ ਜ਼ਿਕਰ ਕਰਦੇ ਹਨ। ਇਹ ਪੰਕਤੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 75 ਤੇ ਸਿਰੀਰਾਗੁ ਵਿਚ ਦਰਜ ਹਨ। "ਹਰਿ-ਨਾਮ ਦਾ ਵਣਜ ਕਰਨ ਆਏ ਹੇ ਜੀਵ-ਮਿਤ੍ਰ!

---

[32] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 55.

[33] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ),* ਪੰਨਾ 389.

[34] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 64.

[35] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ),* ਪੰਨਾ 437.

[36] *ਸ੍ਰੀ ਗੁਰੂ ਗ੍ਰੰਥ ਸਾਹਿਬ*, 75.

(ਜ਼ਿੰਦਗੀ ਦੀ) ਰਾਤ ਦੇ ਪਹਿਲੇ ਪਹਰ ਵਿਚ ਪਰਮਾਤਮਾ ਦੇ ਹੁਕਮ ਅਨੁਸਾਰ ਤੂੰ ਮਾਂ ਦੇ ਪੇਟ ਵਿਚ ਆ ਨਿਵਾਸ ਲਿਆ ਹੈ। ਹੇ ਵਣਜਾਰੇ ਜੀਵ-ਮਿਤ੍ਰ! ਮਾਂ ਦੇ ਪੇਟ ਵਿਚ ਤੂੰ ਪੁੱਠਾ ਲਟਕ ਕੇ ਤਪ ਕਰਦਾ ਰਿਹਾ, ਖਸਮ-ਪ੍ਰਭੂ ਅੱਗੇ ਅਰਦਾਸਾਂ ਕਰਦਾ ਰਿਹਾ। (ਮਾਂ ਦੇ ਪੇਟ ਵਿਚ ਜੀਵ) ਪੁੱਠਾ (ਲਟਕਿਆ ਹੋਇਆ) ਖਸਮ-ਪ੍ਰਭੂ ਅੱਗੇ ਅਰਦਾਸ ਕਰਦਾ ਹੈ, (ਪ੍ਰਭੂ ਦੇ) ਧਿਆਨ ਵਿਚ (ਜੁੜਦਾ ਹੈ), (ਪ੍ਰਭੂ-ਚਰਨਾਂ ਵਿਚ) ਸੁਰਤਿ ਜੋੜਦਾ ਹੈ। ਜਗਤ ਵਿਚ ਨੰਗਾ ਆਉਂਦਾ ਹੈ, ਮੁੜ (ਇਥੋਂ) ਨੰਗਾ (ਹੀ) ਚਲਾ ਜਾਇਗਾ। ਜੀਵ ਦੇ ਮੱਥੇ ਉੱਤੇ (ਪਰਮਾਤਮਾ ਦੇ ਹੁਕਮ ਅਨੁਸਾਰ) ਜਿਹੋ ਜਿਹੀ (ਕੀਤੇ ਕਰਮਾਂ ਦੇ ਸੰਸਕਾਰਾਂ ਦੀ) ਕਲਮ ਚੱਲਦੀ ਹੈ (ਜਗਤ ਵਿਚ ਆਉਣ ਵੇਲੇ) ਜੀਵ ਦੇ ਪਾਸ ਉਹੋ ਜਿਹੀ ਹੀ (ਆਤਮਕ ਜੀਵਨ ਦੀ ਰਾਸ ਪੂੰਜੀ) ਹੁੰਦੀ ਹੈ। ਹੇ ਨਾਨਕ! ਆਖ—ਜੀਵ ਨੇ ਪਰਮਾਤਮਾ ਦੇ ਹੁਕਮ ਅਨੁਸਾਰ (ਜ਼ਿੰਦਗੀ ਦੀ ਰਾਤ ਦੇ) ਪਹਿਲੇ ਪਹਰ ਮਾਂ ਦੇ ਪੇਟ ਵਿਚ ਆ ਨਿਵਾਸ ਲਿਆ।"[37] ਗੁਰੂ ਸਾਹਿਬ ਅਨੁਸਾਰ ਜੋ ਮਨੁੱਖ ਜਿਹੜੀ ਅਰਦਾਸ ਮਾਂ ਦੇ ਪੇਟ ਵਿਚ ਕਰਦਾ ਸੀ ਉਹੋ ਜਿਹੀ ਅਵਸਥਾ ਸਾਰੀ ਉਮਰ ਬਣਾਏ ਤਾਂ ਮਨੁੱਖਾਂ ਜਨਮ ਸਫਲ ਹੋ ਸਕਦਾ ਹੈ।

### 5.7 ਭਾਣੇ ਵਿਚ ਰਹਿਣ ਦੀ ਅਰਦਾਸ

ਜਾ ਤੁਧੁ ਭਾਵੈ ਨਾਇ ਰਚਾਵਹਿ ਤੁਧੁ ਭਾਣੇ ਤੂੰ ਭਾਵਹਿ॥
ਨਾਨਕੁ ਏਕ ਕਹੈ ਬੇਨੰਤੀ ਹੋਰਿ ਸਗਲੇ ਕੂੜੁ ਕਮਾਵਹਿ॥[38]

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੂਜੇ ਰਾਗੁ ਮਾਝ ਦੀ ਵਾਰ ਦੇ ਪੰਨਾ 145 ਤੇ ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਤੇਰੇ ਭਾਣੇ ਤੋਂ ਬਾਹਰ ਦੇ ਸਾਰੇ ਕਾਰਜ ਕੂੜੇ ਹਨ, "(ਹੇ ਪ੍ਰਭੂ! ਇਹ ਭੀ ਤੇਰੀ ਹੀ ਰਜ਼ਾ ਹੈ ਕਿ ਕਈ ਜੀਵ) ਤੇਰੇ ਨਾਮ ਵਿਚ ਜੁੜਦੇ ਹਨ, ਜੋ ਤੇਰੀ ਰਜ਼ਾ ਵਿਚ ਤੁਰਦੇ ਹਨ ਤੈਨੂੰ ਪਿਆਰੇ ਲੱਗਦੇ ਹਨ। ਨਾਨਕ ਇਕ ਅਰਜ਼ ਕਰਦਾ ਹੈ (ਕਿ ਰਜ਼ਾ ਵਿਚ ਤੁਰਨ ਤੋਂ ਬਿਨਾਂ) ਹੋਰ ਸਾਰੇ (ਜਿਨ੍ਹਾਂ ਦਾ ਉਪਰ ਜ਼ਿਕਰ ਕੀਤਾ ਹੈ) ਕੂੜ ਕਮਾ ਰਹੇ ਹਨ (ਭਾਵ, ਉਹ ਸਉਦਾ ਕਰਦੇ ਹਨ ਜੋ ਵਿਅਰਥ ਜਾਂਦਾ ਹੈ)।"[39] ਪਰਮਾਤਮਾ ਦੇ ਭਾਣੇ ਵਿਚ ਹੀ ਮਨੁੱਖ ਨੂੰ ਚੱਲਣਾ ਚਾਹੀਦਾ ਹੈ ਇਹੋ ਮਨੁੱਖਾਂ ਜਨਮ ਦਾ ਮਨੋਰਥ ਹੈ ਅਤੇ ਹਮੇਸ਼ਾ ਇਹੋ ਅਰਦਾਸ ਕਰਦੇ ਰਹਿਣਾ ਚਾਹੀਦਾ ਹੈ।

### 5.8 ਨਾਮ ਅੰਮ੍ਰਿਤ ਦੀ ਦਾਤ ਲਈ ਅਰਦਾਸ

ਨਾਰੀ ਪੁਰਖੁ ਪਿਆਰੁ ਪ੍ਰੇਮਿ ਸੀਗਾਰੀਆ॥ ਕਰਨਿ ਭਗਤਿ ਦਿਨੁ ਰਾਤਿ ਨਾ ਰਹਨੀ ਵਾਰੀਆ॥
ਮਹਲਾ ਮੰਝਿ ਨਿਵਾਸੁ ਸਬਦਿ ਸਵਾਰੀਆ॥ ਸਚੁ ਕਹਨਿ ਅਰਦਾਸਿ ਸੇ ਵੇਚਾਰੀਆ॥
ਸੋਹਨਿ ਖਸਮੈ ਪਾਸਿ ਹੁਕਮਿ ਸਿਧਾਰੀਆ॥ ਸਖੀ ਕਹਨਿ ਅਰਦਾਸਿ ਮਨਹੁ ਪਿਆਰੀਆ॥
ਬਿਨੁ ਨਾਵੈ ਧ੍ਰਿਗੁ ਵਾਸੁ ਫਿਟੁ ਸੁ ਜੀਵਿਆ॥ ਸਬਦਿ ਸਵਾਰੀ ਆਸੁ ਅੰਮ੍ਰਿਤੁ ਪੀਵਿਆ॥[40]

[37] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ)*, ਪੰਨਾ 490.
[38] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 145.
[39] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ)*, ਪੰਨਾ 453.
[40] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 148.

ਸ੍ਰੀ ਗੁਰੂ ਨਾਨਕ ਦੇਵ ਜੀ ਰਚਿਤ ਇਹ ਪੰਕਤੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੂਜੇ ਰਾਗੁ ਮਾਝ ਕੀ ਵਾਰ ਵਿਚ ਦਰਜ ਹਨ ਪੰਨਾ "ਜਿਨ੍ਹਾਂ ਜੀਵ-ਇਸਤ੍ਰੀਆਂ ਦਾ ਪ੍ਰਭੂ-ਪਤੀ ਨਾਲ ਪਿਆਰ ਹੈ, ਉਹ ਇਸ ਪਿਆਰ (-ਰੂਪ ਗਹਣੇ ਨਾਲ) ਸਜੀਆਂ ਹੋਈਆਂ ਹਨ, ਉਹ ਦਿਨ ਰਾਤ (ਪ੍ਰਭੂ-ਪਤੀ ਦੀ) ਭਗਤੀ ਕਰਦੀਆਂ ਹਨ, ਵਰਜੀਆਂ (ਭੀ ਭਗਤੀ ਤੋਂ) ਹਟਦੀਆਂ ਨਹੀਂ ਹਨ, ਸਤਿਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਸੁਧਰੀਆਂ ਹੋਈਆਂ ਉਹ (ਮਾਨੋ) ਮਹਲਾਂ ਵਿਚ ਵੱਸਦੀਆਂ ਹਨ, ਉਹ ਵਿਚਾਰਵਾਨ (ਹੋ ਜਾਣ ਦੇ ਕਾਰਨ) ਸਦਾ-ਥਿਰ ਰਹਿਣ ਵਾਲੀ ਅਰਦਾਸ ਕਰਦੀਆਂ ਹਨ (ਭਾਵ, ਦੁਨੀਆ ਦੇ ਨਾਸਵੰਤ ਪਦਾਰਥ ਨਹੀਂ ਮੰਗਦੀਆਂ, ਸਦਾ-ਕਾਇਮ ਰਹਿਣ ਵਾਲਾ 'ਪਿਆਰ' ਹੀ ਮੰਗਦੀਆਂ ਹਨ), (ਪਤੀ-ਪ੍ਰਭੂ ਦੇ) ਹੁਕਮ ਅਨੁਸਾਰ (ਪਤੀ-ਪ੍ਰਭੂ ਤਕ) ਅੱਪੜੀਆਂ ਹੋਈਆਂ ਉਹ ਖਸਮ-ਪ੍ਰਭੂ ਦੇ ਕੋਲ (ਬੈਠੀਆਂ) ਸੋਭਦੀਆਂ ਹਨ, ਪ੍ਰਭੂ ਨੂੰ ਦਿਲੋਂ ਪਿਆਰ ਕਰਦੀਆਂ ਹਨ ਤੇ ਸਖੀ-ਭਾਵਨਾਂ ਨਾਲ ਉਸ ਅੱਗੇ ਅਰਦਾਸ ਕਰਦੀਆਂ ਹਨ। (ਪਰ) ਉਹ ਜੀਊਣ ਫਿਟਕਾਰ-ਜੋਗ ਹੈ, ਉਸ ਵਸੇਬੇ ਨੂੰ ਲਾਹਨਤ ਹੈ ਜੋ ਨਾਮ ਤੋਂ ਸੱਖਣਾ ਹੈ। ਜਿਸ ਜੀਵ-ਇਸਤ੍ਰੀ ਨੂੰ (ਅਕਾਲ ਪੁਰਖ) ਨੇ ਗੁਰ-ਸ਼ਬਦ ਦੀ ਰਾਹੀਂ ਸੁਧਾਰਿਆ ਹੈ ਉਸ ਨੇ (ਨਾਮ-) ਅੰਮ੍ਰਿਤ ਪੀਤਾ ਹੈ।"[41] ਮਨੁੱਖਾ ਜਨਮ ਦਾ ਮੁਖ ਮਨੋਰਥ ਪਰਮਾਤਮਾ ਦਾ ਨਾਮ ਜਪਣਾ ਹੈ ਜਿਹੜਾ ਮਨੁੱਖ ਅਜਿਹਾ ਨਹੀਂ ਕਰਦਾ ਉਸਦਾ ਜੀਵਨ ਅਜਾਂਈ ਚਲਾ ਜਾਂਦਾ ਹੈ ਸੋ ਪਰਮਾਤਮਾ ਦੇ ਮਿਲਾਪ ਦੀ ਅਰਦਾਸ ਕਰਦੇ ਰਹਿਣਾ ਚਾਹੀਦਾ ਹੈ।

### 5.9 ਪ੍ਰਭੂ ਮਿਲਾਪ ਲਈ ਅਰਦਾਸ

ਜੋੜਿ ਸਾਧਨ ਕਰੈ ਬਿਨਤੀ ਰੈਣਿ ਦਿਨੁ ਰਸਿ ਭਿੰਨੀਆ॥
ਨਾਨਕ ਪਿਰੁ ਧਨ ਕਰਹਿ ਰਲੀਆ ਇਛ ਮੇਰੀ ਪੁੰਨੀਆ॥[42]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤੀਜੇ ਰਾਗੁ ਗਉੜੀ ਵਿਚ ਪੂਰਬੀ ਛੰਤ ਮਹਲਾ 1 ਸਿਰਲੇਖ ਅਧੀਨ ਪੰਨਾ 242 ਤੇ ਦਰਜ ਹਨ, "ਉਹ ਜੀਵ-ਇਸਤ੍ਰੀ ਦਿਨ-ਰਾਤ ਪ੍ਰਭੂ ਦੇ ਪਿਆਰ-ਰਸ ਵਿਚ ਭਿੱਜੀ ਹੋਈ ਹੱਥ ਜੋੜ ਕੇ ਪ੍ਰਭੂ-ਪਤੀ ਦੇ ਦਰ ਤੇ ਅਰਦਾਸਾਂ ਕਰਦੀ ਰਹਿੰਦੀ ਹੈ। ਹੇ ਨਾਨਕ! ਪ੍ਰਭੂ-ਪਤੀ ਤੇ ਉਹ ਜੀਵ-ਇਸਤ੍ਰੀ (ਜੀਵ-ਇਸਤ੍ਰੀ ਦੀ ਹਿਰਦੇ-ਸੇਜ ਉਤੇ) ਮਿਲ ਕੇ ਆਤਮਕ ਆਨੰਦ ਮਾਣਦੇ ਹਨ।"[43] ਜਿਹੜੀ ਜੀਵ ਇਸਤ੍ਰੀ ਪ੍ਰਭੂ ਮਿਲਾਪ ਲਈ ਸੱਚੇ ਦਿਲੋਂ ਅਰਦਾਸ ਕਰਦੀ ਹੈ ਉਹੋ ਹੀ ਪ੍ਰੀਤਮ ਦੇ ਮਿਲਾਪ ਦਾ ਅਨੰਦ ਮਾਣਦੀ ਹੈ।

ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹੇ॥
ਕਿਉ ਧੀਰੈਗੀ ਨਾਹ ਬਿਨਾ ਪ੍ਰਭ ਵੇਪਰਵਾਹੇ॥
ਧਨ ਨਾਹ ਬਾਝਹੁ ਰਹਿ ਨ ਸਾਕੈ ਬਿਖਮ ਰੈਣਿ ਘਣੇਰੀਆ॥
ਨਹ ਨੀਦ ਆਵੈ ਪ੍ਰੇਮੁ ਭਾਵੈ ਸੁਣਿ ਬੇਨੰਤੀ ਮੇਰੀਆ॥
ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ॥

[41] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ)*, ਪੰਨਾ 872.
[42] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 242.
[43] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ)*, ਪੰਨਾ 471.

ਨਾਨਕ ਸਾਧਨ ਮਿਲੈ ਮਿਲਾਈ ਬਿਨੁ ਪ੍ਰੀਤਮ ਦੁਖੁ ਪਾਏ॥[44]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤੀਜੇ ਰਾਗੁ ਗਉੜੀ ਵਿਚ ਛੰਤ ਮਹਲਾ 1 ਸਿਰਲੇਖ ਅਧੀਨ ਪੰਨਾ 243 ਤੇ ਦਰਜ ਹੈ, "ਹੇ ਪ੍ਰਭੂ ਖਸਮ ਜੀ! (ਮੇਰੀ ਬੇਨਤੀ) ਸੁਣੋ। (ਤੈਥੋਂ ਬਿਨਾ) ਮੈਂ ਜੀਵ-ਇਸਤ੍ਰੀ ਇਸ ਸੰਸਾਰ-ਜੰਗਲ ਵਿਚ ਇਕੱਲੀ ਹਾਂ। ਹੇ ਬੇ-ਪ੍ਰਵਾਹ ਪ੍ਰਭੂ! ਤੈਂ ਖਸਮ ਤੋਂ ਬਿਨਾਂ ਮੇਰੀ ਜਿੰਦ ਧੀਰਜ ਨਹੀਂ ਫੜ ਸਕਦੀ। ਜੀਵ-ਇਸਤ੍ਰੀ ਪ੍ਰਭੂ-ਪਤੀ ਤੋਂ ਬਿਨਾ ਰਹਿ ਨਹੀਂ ਸਕਦੀ (ਖਸਮ-ਪ੍ਰਭੂ ਤੋਂ ਬਿਨਾ ਇਸ ਦੀ) ਜ਼ਿੰਦਗੀ ਦੀ ਰਾਤ ਬਹੁਤ ਹੀ ਔਖੀ ਗੁਜ਼ਰਦੀ ਹੈ। ਹੇ ਖਸਮ-ਪ੍ਰਭੂ! ਮੇਰੀ ਬੇਨਤੀ ਸੁਣ, ਮੈਨੂੰ ਤੇਰਾ ਪਿਆਰ ਚੰਗਾ ਲੱਗਦਾ ਹੈ (ਤੇਰੇ ਵਿਛੋੜੇ ਵਿਚ) ਮੈਨੂੰ ਸ਼ਾਂਤੀ ਨਹੀਂ ਆ ਸਕਦੀ। ਪਿਆਰੇ ਪ੍ਰਭੂ-ਪਤੀ ਤੋਂ ਬਿਨਾ (ਇਸ ਜਿੰਦ ਦੀ) ਕੋਈ ਭੀ ਵਾਤ ਨਹੀਂ ਪੁੱਛਦਾ। ਇਹ ਇਕੱਲੀ ਹੀ (ਇਸ ਸੰਸਾਰ-ਜੰਗਲ ਵਿਚ) ਕੂਕਦੀ ਹੈ, (ਪਰ) ਹੇ ਨਾਨਕ! ਜੀਵ-ਇਸਤ੍ਰੀ ਤਦੋਂ ਹੀ ਪ੍ਰਭੂ-ਪਤੀ ਨੂੰ ਮਿਲ ਸਕਦੀ ਹੈ, ਜੇ ਇਸ ਨੂੰ ਗੁਰੂ ਮਿਲਾ ਦੇਵੇ, ਨਹੀਂ ਤਾਂ ਪ੍ਰੀਤਮ-ਪ੍ਰਭੂ ਤੋਂ ਬਿਨਾ ਦੁਖ ਹੀ ਦੁਖ ਸਹਾਰਦੀ ਹੈ।"[45] ਪ੍ਰਭੂ ਪ੍ਰੀਤਮ ਤੋਂ ਵਿਛੜੀ ਜੀਵ ਇਸਤ੍ਰੀ ਜੇ ਸੱਚੇ ਗੁਰੂ ਦੇ ਲੜ ਲੱਗਣ ਦੀ ਅਰਦਾਸ ਕਰੇਗੀ ਤਾਂ ਹੀ ਉਸਦਾ ਪਰਮਾਤਮਾ ਨਾਲ ਮਿਲਾਪ ਹੋ ਸਕੇਗਾ।

ਅਹਿਨਿਸਿ ਅੰਧੁਲੇ ਦੀਪਕੁ ਦੇਇ॥ ਭਉਜਲ ਡੂਬਤ ਚਿੰਤ ਕਰੇਇ॥

ਕਹਹਿ ਸੁਣਹਿ ਜੋ ਮਾਨਹਿ ਨਾਉ॥ ਹਉ ਬਲਿਹਾਰੈ ਤਾ ਕੈ ਜਾਉ॥

ਨਾਨਕੁ ਏਕ ਕਹੈ ਅਰਦਾਸਿ॥ ਜੀਉ ਪਿੰਡੁ ਸਭੁ ਤੇਰੈ ਪਾਸਿ॥[46]

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਇਹ ਪੰਕਤੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚੌਥੇ ਰਾਗੁ ਆਸਾ ਦੇ ਪੰਨਾ 354 ਤੇ ਦਰਜ ਹਨ, "ਪ੍ਰਭੂ (ਇਤਨਾ ਦਿਆਲ ਹੈ ਕਿ ਮੇਰੇ ਵਰਗੇ) ਅੰਨ੍ਹੇ ਨੂੰ ਦਿਨ ਰਾਤ (ਗਿਆਨ ਦਾ) ਦੀਵਾ ਬਖ਼ਸ਼ਦਾ ਹੈ, ਸੰਸਾਰ-ਸਮੁੰਦਰ ਵਿਚ ਡੁਬਦੇ ਦਾ ਫ਼ਿਕਰ ਰੱਖਦਾ ਹੈ। (ਮੈਂ ਉਹਨਾਂ ਬੰਦਿਆਂ ਤੋਂ ਸਦਕੇ ਜਾਂਦਾ ਹਾਂ) ਜੋ ਪ੍ਰਭੂ ਦਾ ਨਾਮ ਜਪਦੇ ਹਨ, ਸੁਣਦੇ ਹਨ, ਉਸ ਵਿਚ ਸਰਧਾ ਰੱਖਦੇ ਹਨ,ਮੈਂ ਉਹਨਾਂ ਬੰਦਿਆਂ ਤੋਂ ਸਦਕੇ ਜਾਂਦਾ ਹਾਂ।ਹੇ ਪ੍ਰਭੂ,ਨਾਨਕ ਤੇਰੇ ਦਰ ਤੇ ਇਹ ਅਰਦਾਸ ਕਰਦਾ ਹੈ,ਸਾਡੀ ਜਿੰਦ ਤੇ ਸਾਡਾ ਸਰੀਰ ਸਭ ਕੁਝ ਤੇਰੇ ਹੀ ਆਸਰੇ ਹੈ।"[47] ਗੁਰੂ ਸਾਹਿਬ ਅਨੁਸਾਰ ਪਰਮਾਤਮਾ ਹੀ ਸਾਡਾ ਆਸਰਾ ਹੈ ਉਸੇ ਅੱਗੇ ਹੀ ਅਰਦਾਸ ਕਰਨੀ ਸੋਭਦੀ ਹੈ।

### 5.10 ਗੁਰਮੁਖਾਂ ਦੀ ਸੰਗਤ ਲਈ ਅਰਦਾਸ

ਹਰਿ ਜੀਉ ਆਗੈ ਕਰੀ ਅਰਦਾਸਿ॥ ਸਾਧੂ ਜਨ ਸੰਗਤਿ ਹੋਇ ਨਿਵਾਸੁ॥

ਕਿਲਵਿਖ ਦੁਖ ਕਾਟੇ ਹਰਿ ਨਾਮੁ ਪ੍ਰਗਾਸੁ॥[48]

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਇਹ ਪੰਕਤੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚੌਥੇ ਰਾਗੁ ਆਸਾ ਦੇ ਪੰਨਾ 414-15 ਤੇ ਦਰਜ ਹਨ, "ਮੈਂ ਪ੍ਰਭੂ ਜੀ ਅੱਗੇ ਅਰਦਾਸਿ ਕਰਦਾ ਹਾਂ ਕਿ ਗੁਰਮੁਖਾਂ ਦੀ

[44] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 243.
[45] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ),* ਪੰਨਾ 472-73.
[46] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 354.
[47] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਤੀਜੀ ਪੋਥੀ),* ਪੰਨਾ 41.
[48] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 414-415.

ਸੰਗਤਿ ਵਿਚ ਮੇਰਾ ਨਿਵਾਸ ਬਣਿਆ ਰਹੇ, ਮੇਰੇ ਅੰਦਰ ਪਰਮਾਤਮਾ ਦਾ ਨਾਮ ਚਮਕ ਪਏ ਤੇ ਉਹ ਨਾਮ ਮੇਰੇ ਪਾਪ ਕਲੇਸ਼ ਕੱਟ ਦੇਵੇ।"[49] ਇਸ ਅਰਦਾਸ ਵਿਚ ਗੁਰੂ ਸਾਹਿਬ ਗੁਰਮੁਖਾਂ ਦੀ ਸੰਗਤ ਦੀ ਮੰਗ ਕਰ ਰਹੇ ਹਨ।

### 5.11 ਸ਼ਬਦ ਰਾਹੀਂ ਗੁਰੂ ਦੇ ਮਿਲਾਪ ਦੀ ਅਰਦਾਸ

ਨਾਨਕ ਕੀ ਅਰਦਾਸਿ ਹੈ ਸਚ ਨਾਮਿ ਸੁਹੇਲਾ॥
ਆਪੁ ਗਇਆ ਸੋਝੀ ਪਈ ਗੁਰ ਸਬਦੀ ਮੇਲਾ॥[50]

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਇਹ ਪੰਕਤੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚੌਥੇ ਰਾਗੁ ਆਸਾ ਦੇ ਪੰਨਾ 421 ਤੇ ਦਰਜ ਹਨ, "ਨਾਨਕ ਦੀ ਇਹ ਅਰਦਾਸ ਹੈ ਕਿ ਮੈਂ ਸਦਾ-ਥਿਰ ਪ੍ਰਭੂ ਦੇ ਨਾਮ ਵਿਚ (ਜੁੜ ਕੇ) ਸੁਖੀ ਰਹਾਂ (ਭਾਵ, ਮੈਂ ਪਰਮਾਤਮਾ ਦੀ ਯਾਦ ਵਿਚ ਰਹਿ ਕੇ ਆਤਮਕ ਆਨੰਦ ਹਾਸਲ ਕਰਾਂ)। ਜੇਹੜਾ ਮਨੁੱਖ ਆਪਣੇ ਅੰਦਰੋਂ ਆਪਾ-ਭਾਵ ਗਵਾਂਦਾ ਹੈ ਉਸ ਨੂੰ (ਇਸ ਤਰ੍ਹਾਂ ਦੀ ਅਰਦਾਸ ਕਰਨ ਦੀ) ਸਮਝ ਪੈਂਦੀ ਹੈ ਤੇ ਗੁਰੂ ਦੇ ਸ਼ਬਦ ਦੀ ਰਾਹੀਂ (ਪਰਮਾਤਮਾ ਨਾਲ ਉਸ ਦਾ) ਮਿਲਾਪ ਹੋ ਜਾਂਦਾ ਹੈ।"[51] ਪਰਮਾਤਮਾ ਦਾ ਮਿਲਾਪ ਹੁੰਦਾ ਹੀ ਉਦੋਂ ਹੈ ਜਦੋਂ ਮਨੁੱਖ ਦੇ ਅੰਦਰੋਂ ਮੈਂ ਮੁੱਕ ਜਾਂਦੀ ਹੈ ਫਿਰ ਤੂੰ ਪੈਦਾ ਹੁੰਦਾ ਹੈ।

ਮੁੰਧ ਸਹਜਿ ਸਲੋਨੜੀਏ ਇਕ ਪ੍ਰੇਮ ਬਿਨੰਤੀ ਰਾਮ॥
ਮੈ ਮਨਿ ਤਨਿ ਹਰਿ ਭਾਵੈ ਪ੍ਰਭ ਸੰਗਮਿ ਰਾਤੀ ਰਾਮ॥
ਪ੍ਰਭ ਪ੍ਰੇਮਿ ਰਾਤੀ ਹਰਿ ਬਿਨੰਤੀ ਨਾਮਿ ਹਰਿ ਕੈ ਸੁਖਿ ਵਸੈ॥
ਤਉ ਗੁਣ ਪਛਾਣਹਿ ਤਾ ਪ੍ਰਭੁ ਜਾਣਹਿ ਗੁਣਹ ਵਸਿ ਅਵਗਣ ਨਸੈ॥
ਤੁਧੁ ਬਾਝੁ ਇਕੁ ਤਿਲੁ ਰਹਿ ਨ ਸਾਕਾ ਕਹਣਿ ਸੁਨਣਿ ਨ ਧੀਜਏ॥
ਨਾਨਕਾ ਪ੍ਰਿਉ ਪ੍ਰਿਉ ਕਰਿ ਪੁਕਾਰੇ ਰਸਨ ਰਸਿ ਮਨੁ ਭੀਜਏ॥[52]

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਇਹ ਪੰਕਤੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚੌਥੇ ਰਾਗੁ ਆਸਾ ਦੇ ਪੰਨਾ 421 ਤੇ ਦਰਜ ਹਨ, "ਹੇ ਆਤਮਕ ਅਡੋਲਤਾ ਵਿਚ ਟਿਕੀ ਸੁੰਦਰ ਨੇਤ੍ਰਾ ਵਾਲੀ ਜੀਵ-ਇਸਤ੍ਰੀਏ! ਮੇਰੀ ਇਕ ਪਿਆਰ ਭਰੀ-ਬੇਨਤੀ ਸੁਣ। (ਮੈਨੂੰ ਭੀ ਰਾਹੇ ਪਾ ਕਿ) ਮੈਨੂੰ ਭਗਤੀ ਵਿਚ ਪ੍ਰਭੂ ਪਿਆਰਾ ਲੱਗੇ ਤੇ ਮੈਂ ਪ੍ਰਭੂ ਦੇ ਨਾਲ ਰੱਤੀ ਜਾਵਾਂ। ਜੇਹੜੀ ਜੀਵ-ਇਸਤ੍ਰੀ ਪ੍ਰਭੂ ਦੇ ਪਿਆਰ ਵਿਚ ਰੱਤੀ ਰਹਿੰਦੀ ਹੈ ਤੇ ਉਸ ਦੇ ਦਰ ਤੇ ਬੇਨਤੀਆਂ ਕਰਦੀ ਰਹਿੰਦੀ ਹੈ ਉਹ ਪ੍ਰਭੂ ਦੇ ਨਾਮ ਵਿਚ ਜੁੜ ਕੇ ਆਤਮਕ ਆਨੰਦ ਵਿਚ ਜੀਵਨ ਬਿਤੀਤ ਕਰਦੀ ਹੈ। ਹੇ ਪ੍ਰਭੂ! ਜੇਹੜੀਆਂ ਜੀਵ ਇਸਤ੍ਰੀਆਂ ਜਦੋਂ ਤੇਰੇ ਗੁਣ ਪਛਾਣਦੀਆਂ ਹਨ ਤਦੋਂ ਉਹ ਤੇਰੇ ਨਾਲ ਡੂੰਘੀ ਸਾਂਝ ਪਾ ਲੈਂਦੀਆਂ ਹਨ, ਉਹਨਾਂ ਦੇ ਹਿਰਦੇ ਵਿਚ ਗੁਣ ਆ ਟਿਕਦੇ ਹਨ ਤੇ ਔਗੁਣ ਉਹਨਾਂ ਦੇ ਅੰਦਰੋਂ ਦੂਰ ਹੋ ਜਾਂਦੇ ਹਨ। ਹੇ ਪ੍ਰਭੂ ! ਮੈਂ ਤੈਥੋਂ ਬਿਨਾ ਇਕ ਤਿਲ

---

[49] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਤੀਜੀ ਪੋਥੀ)*, ਪੰਨਾ 363.
[50] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 421.
[51] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਤੀਜੀ ਪੋਥੀ)*, ਪੰਨਾ 396.
[52] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ *436.*

ਜਿਤਨਾ ਸਮਾ ਭੀ ਜੀਊ ਨਹੀ ਸਕਦੀ (ਮੇਰੀ ਜਿੰਦ ਵਿਆਕੁਲ ਹੋ ਪੈਂਦੀ ਹੈ) ਤੇ (ਤੇਰੇ ਨਾਮ ਤੋਂ ਬਿਨਾਂ ਕੁਝ ਹੋਰ) ਆਖਣ ਨਾਲ ਜਾਂ ਸੁਣਨ ਨਾਲ ਮੇਰਾ ਮਨ ਧੀਰਜ ਨਹੀਂ ਫੜਦਾ। ਹੇ ਨਾਨਕ ! ਜੇਹੜੀ ਜੀਵ-ਇਸਤ੍ਰੀ ਪ੍ਰਭੂ ਨੂੰ 'ਹੇ ਪਿਆਰੇ ! ਹੇ ਪਿਆਰੇ !' ਆਖ ਆਖ ਕੇ ਯਾਦ ਕਰਦੀ ਰਹਿੰਦੀ ਹੈ ਉਸ ਦੀ ਜੀਭ ਉਸ ਦਾ ਮਨ ਪਰਮਾਤਮਾ ਦੇ ਨਾਮ-ਰਸ ਵਿਚ ਭਿੱਜ ਜਾਂਦਾ ਹੈ।"[53] ਇਸ ਅਰਦਾਸ ਵਿਚ ਗੁਰੂ ਸਾਹਿਬ ਪਰਮਾਤਮਾ ਦੇ ਰੰਗ ਵਿਚ ਰੰਗੇ ਰਹਿਣ ਦੀ ਮੰਗ ਕਰ ਰਹੇ ਹਨ।

ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥ ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥
ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ॥ ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥[54]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 568 ਤੇ ਸਿੱਖ ਪੰਥ ਦੀ ਅੰਮ੍ਰਿਤ ਵੇਲੇ ਪੜੀ ਜਾਣ ਵਾਲੀ ਬਾਣੀ ਆਸਾ ਦੀ ਵਾਰ ਵਿਚ ਦਰਜ ਹੈ, "ਛਲ ਵਿਚ ਫਸੇ ਹੋਏ ਜੀਵ ਦਾ ਛਲ ਵਿਚ ਮੋਹ ਪੈ ਗਿਆ ਹੈ, ਇਸ ਕਰਕੇ ਇਸ ਨੂੰ ਆਪਣਾ ਪੈਦਾ ਕਰਨ ਵਾਲਾ ਭੁੱਲ ਗਿਆ ਹੈ। (ਇਸ ਨੂੰ ਯਾਦ ਨਹੀਂ ਰਹਿ ਗਿਆ ਕਿ) ਸਾਰਾ ਜਗਤ ਨਾਸਵੰਤ ਹੈ, ਕਿਸੇ ਨਾਲ ਭੀ ਮੋਹ ਨਹੀਂ ਪਾਣਾ ਚਾਹੀਦਾ। (ਇਹ ਸਾਰਾ ਜਗਤ ਹੈ ਤਾਂ ਛਲ, ਪਰ ਇਹ) ਛਲ (ਸਾਰੇ ਜੀਵਾਂ ਨੂੰ) ਪਿਆਰਾ ਲੱਗ ਰਿਹਾ ਹੈ, ਸ਼ਹਿਦ (ਵਾਂਗ) ਮਿੱਠਾ ਲੱਗਦਾ ਹੈ, ਇਸ ਤਰ੍ਹਾਂ ਇਹ ਛਲ ਸਾਰੇ ਜੀਵਾਂ ਨੂੰ ਡੋਬ ਰਿਹਾ ਹੈ। (ਹੇ ਪ੍ਰਭੂ!) ਨਾਨਕ (ਤੇਰੇ ਅੱਗੇ) ਅਰਜ਼ ਕਰਦਾ ਹੈ ਕਿ ਤੈਥੋਂ ਬਿਨਾ (ਇਹ ਜਗਤ) ਛਲ ਹੈ।"[55] ਸੰਸਾਰ ਦੀ ਹਰ ਇਕ ਵਸਤੂ ਨਾਸ਼ਵਾਨ ਹੈ, ਕੇਵਲ ਪਰਮਾਤਮਾ ਹੀ ਸਦਾ ਥਿਰ ਰਹਿਣ ਵਾਲਾ ਹੈ, ਉਸ ਨਾਲ ਪ੍ਰੇਮ ਪਾਉਣਾ ਚਾਹੀਦਾ ਹੈ ਅਤੇ ਹਮੇਸਾ ਉਸ ਵਿਚ ਲੀਨ ਹੋਣ ਦੀ ਓਰਦਾਸ ਕਰਦੇ ਰਹਿਣਾ ਚਾਹੀਦਾ ਹੈ।

ਭਗਤਿ ਪ੍ਰੇਮ ਆਰਾਧਿਤੰ ਸਚੁ ਪਿਆਸ ਪਰਮ ਹਿਤੰ॥
ਬਿਲਲਾਪ ਬਿਲਲ ਬਿਨੰਤੀਆ ਸੁਖ ਭਾਇ ਚਿਤ ਹਿਤੰ॥[56]

ਇਹ ਪੰਕਤੀਆਂ ਗੂਜਰੀ ਰਾਗੁ ਦੇ ਪੰਨਾ 505 ਤੇ ਦਰਜ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਹਨ, "ਜੇਹੜੇ ਮਨੁੱਖ ਪਰਮਾਤਮਾ ਦੀ ਭਗਤੀ ਕਰਦੇ ਹਨ, ਸਦਾ-ਥਿਰ ਪ੍ਰਭੂ ਨੂੰ ਪ੍ਰੇਮ ਨਾਲ ਆਰਾਧਦੇ ਹਨ, ਉਹਨਾਂ ਦੇ ਅੰਦਰ ਪ੍ਰਭੂ-ਪ੍ਰੇਮ ਦੀ ਤੀਬਰ ਖਿੱਚ ਬਣੀ ਰਹਿੰਦੀ ਹੈ, ਉਹ (ਪ੍ਰਭੂ ਦੇ ਦਰ ਤੇ ਹੀ) ਹਾੜੇ-ਤਰਲੇ ਕਰਦੇ ਹਨ ਬੇਨਤੀਆਂ ਕਰਦੇ ਹਨ, ਉਹਨਾਂ ਦੇ ਚਿੱਤ ਪ੍ਰਭੂ ਦੇ ਪ੍ਰੇਮ ਪਿਆਰ ਵਿਚ (ਮਗਨ ਰਹਿੰਦੇ ਹਨ) ਤੇ ਉਹ ਆਤਮਕ ਆਨੰਦ ਮਾਣਦੇ ਹਨ।"[57] ਜਿਹੜੇ ਲੋਕ ਹਮੇਸ਼ਾ ਪਰਮਾਤਮਾ ਨੂੰ ਪਾਉਣ ਦੀ ਅਰਦਾਸਾਂ ਕਰਦੇ ਰਹਿੰਦੇ ਹਨ ਉਹਨਾਂ ਨੂੰ ਪਰਮਾਤਮਾ ਦਾ ਮਿਲਾਪ ਜ਼ਰੂਰ ਨਸੀਬ ਹੁੰਦਾ ਹੈ।

ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ॥

[53] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਤੀਜੀ ਪੋਥੀ),* ਪੰਨਾ 476.
[54] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 468.
[55] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਤੀਜੀ ਪੋਥੀ),* ਪੰਨਾ 648.
[56] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 505.
[57] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ*), ਪੰਨਾ 92.

ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ॥[58]

ਇਹ ਪੰਕਤੀਆਂ ਵਡਹੰਸ ਰਾਗੁ ਦੇ ਪੰਨਾ 557 ਤੇ ਦਰਜ ਹਨ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਹਨ, "ਨਾਨਕ ਤੇਰੇ ਨਾਮ ਦਾ ਵਣਜਾਰਾ ਬਣ ਜਾਏ, ਤੂੰ ਮੇਰਾ ਸ਼ਾਹ ਹੋਵੇਂ ਤੇਰਾ ਨਾਮ ਮੇਰੀ ਪੂੰਜੀ ਬਣੇ। ਮੇਰੇ ਮਨ ਤੋਂ ਦੁਨੀਆ ਵਾਲਾ ਸਹਮ ਤਦੋਂ ਹੀ ਦੂਰ ਹੋ ਸਕਦਾ ਹੈ ਜੇ ਮੈਂ ਸਦਾ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦਾ ਰਹਾਂ, ਜੇ ਉਸ ਦੇ ਦਰ ਤੇ ਅਰਦਾਸ-ਅਰਜ਼ੋਈ ਕਰਦਾ ਰਹਾਂ।"[59] ਪਰਮਾਤਮਾ ਦੇ ਦਰ ਤੇ ਅਰਦਾਸ ਕੀਤਿਆਂ ਹੀ ਸਾਰੇ ਡਰ ਦੂਰ ਹੁੰਦੇ ਹਨ।

ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ॥
ਅੰਮ੍ਰਿਤੁ ਹਰਿ ਕਾ ਨਾਮੁ ਮੇਰੈ ਮਨਿ ਭਾਇਆ॥
ਨਾਮੁ ਮੀਠਾ ਮਨਹਿ ਲਾਗਾ ਦੂਖਿ ਡੇਰਾ ਢਾਹਿਆ॥
ਸੂਖੁ ਮਨ ਮਹਿ ਆਇ ਵਸਿਆ ਜਾਮਿ ਤੈ ਫੁਰਮਾਇਆ॥
ਨਦਰਿ ਤੁਧੁ ਅਰਦਾਸਿ ਮੇਰੀ ਜਿੰਨਿ ਆਪੁ ਉਪਾਇਆ॥
ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ॥[60]

ਇਹ ਪੰਕਤੀਆਂ ਵਡਹੰਸ ਰਾਗੁ ਦੇ ਪੰਨਾ 565-566 ਤੇ ਦਰਜ ਹਨ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਹਨ, "ਹੇ ਪ੍ਰਭੂ! ਮੈਂ ਤਦੋਂ ਹੀ ਤੇਰੀ ਸਿਫ਼ਤਿ-ਸਾਲਾਹ ਕਰ ਸਕਦਾ ਹਾਂ ਜਦੋਂ ਤੂੰ ਆਪ ਪ੍ਰੇਰਨਾ ਕਰਦਾ ਹੈਂ। ਪ੍ਰਭੂ ਦਾ ਆਤਮਕ ਜੀਵਨ ਦੇਣ ਵਾਲਾ ਨਾਮ ਮੇਰੇ ਮਨ ਵਿਚ ਪਿਆਰਾ ਲੱਗ ਸਕਦਾ ਹੈ। ਜਦੋਂ ਪ੍ਰਭੂ ਦਾ ਨਾਮ ਮਨ ਵਿਚ ਮਿੱਠਾ ਲੱਗਦਾ ਹੈ ਤਦੋਂ ਦੁੱਖ ਨੇ (ਉਸ ਮਨ ਵਿਚੋਂ) ਆਪਣਾ ਡੇਰਾ ਚੁੱਕ ਲਿਆ। ਹੇ ਪ੍ਰਭੂ! ਜਦੋਂ ਤੂੰ ਹੁਕਮ ਕੀਤਾ ਤਦੋਂ ਆਤਮਕ ਆਨੰਦ ਮੇਰੇ ਮਨ ਵਿਚ ਆ ਵੱਸਦਾ ਹੈ। ਹੇ ਪ੍ਰਭੂ! ਜਿਸ ਨੇ ਆਪਣੇ ਆਪ ਨੂੰ ਆਪ ਹੀ (ਜਗਤ-ਰੂਪ ਵਿਚ) ਪਰਗਟ ਕੀਤਾ ਹੈ, ਜਦੋਂ ਤੂੰ ਮੈਨੂੰ ਪ੍ਰੇਰਨਾ ਕਰਦਾ ਹੈਂ ਤਦੋਂ ਹੀ ਮੈਂ ਤੇਰੀ ਸਿਫ਼ਤਿ-ਸਾਲਾਹ ਕਰ ਸਕਦਾ ਹਾਂ। ਮੇਰੀ ਤਾਂ ਤੇਰੇ ਦਰ ਤੇ ਅਰਜ਼ੋਈ ਹੀ ਹੁੰਦੀ ਹੈ, ਮੇਹਰ ਦੀ ਨਜ਼ਰ ਤੂੰ ਆਪ ਕਰਦਾ ਹੈਂ।"[61] ਪਰਮਾਤਮਾ ਜਿਸਨੂੰ ਚਾਹੇ ਉਸਨੂੰ ਆਪਣੇ ਨਾਮ ਦੀ ਦਾਤ ਦਿੰਦਾ ਹੈ ਉਸਦੀ ਕ੍ਰਿਪਾ ਅਤੇ ਓਸਦੇ ਅੱਗੇ ਅਰਦਾਸ ਕੀਤਿਆਂ ਹੀ ਅਜਿਹਾ ਸੰਭਵ ਹੋ ਸਕਦਾ ਹੈ।

ਵਡੇ ਮੇਰੇ ਸਾਹਿਬਾ ਅਲਖ ਅਪਾਰਾ॥
ਕਿਉ ਕਰਿ ਕਰਉ ਬੇਨੰਤੀ ਹਉ ਆਖਿ ਨ ਜਾਣਾ॥
ਨਦਰਿ ਕਰਹਿ ਤਾ ਸਾਚੁ ਪਛਾਣਾ॥[62]

ਇਹ ਪੰਕਤੀਆਂ ਵਡਹੰਸ ਰਾਗੁ ਦੇ ਪੰਨਾ 565-566 ਤੇ ਦਰਜ ਹਨ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਹਨ, "ਹੇ ਮੇਰੇ ਵੱਡੇ ਮਾਲਕ! ਹੇ ਅਦ੍ਰਿਸ਼ਟ ਮਾਲਕ! ਹੇ ਬੇਅੰਤ ਮਾਲਕ! ਮੈਂ (ਤੇਰੇ ਦਰ ਤੇ) ਕਿਵੇਂ ਬੇਨਤੀ ਕਰਾਂ? ਮੈਨੂੰ ਤਾਂ ਬੇਨਤੀ ਕਰਨੀ ਭੀ ਨਹੀਂ ਆਉਂਦੀ। ਜੇ ਤੂੰ ਆਪ (ਮੇਰੇ ਉਤੇ) ਮੇਹਰ

---

[58] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 557.
[59] ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ), 318-19.
[60] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 565-566.
[61] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ)*, ਪੰਨਾ 360.
[62] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 566-67.

ਦੀ ਨਿਗਾਹ ਕਰੇਂ ਤਾਂ ਹੀ ਮੈਂ ਤੇਰੇ ਸਦਾ-ਥਿਰ ਨਾਮ ਨਾਲ ਸਾਂਝ ਪਾ ਸਕਦਾ ਹਾਂ।"[63] ਗੁਰੂ ਨਾਨਕ ਸਾਹਿਬ ਪਰਮਾਤਮਾ ਨੂੰ ਸੰਬੋਧਿਤ ਹੁੰਦੇ ਕਹਿ ਰਹੇ ਹਨ ਕਿ ਸਾਨੂੰ ਤਾਂ ਅਰਦਾਸ ਵੀ ਕਰਨੀ ਨਹੀਂ ਆਉਂਦੀ ਸੋ ਤੂੰ ਆਪ ਹੀ ਬਖਸ਼ ਲੈ।

### 5.12 ਨਾਮ-ਰਸੀਆਂ ਦੀ ਚਰਨ ਧੂੜ ਮਿਲਣ ਦੀ ਅਰਦਾਸ

ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ॥

ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ॥[64]

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਇਹ ਪੰਕਤੀਆਂ ਤਿਲੰਗ ਰਾਗੁ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੰਨਾ 721 ਤੇ ਦਰਜ ਹੈ, "ਹੇ ਪਿਆਰੇ (ਸੱਜਣ!) ਜਿਨ੍ਹਾਂ ਜੀਵ-ਇਸਤ੍ਰੀਆਂ ਦੇ (ਸਰੀਰ-) ਚੋਲੇ (ਜੀਵਨ ਨਾਮ-ਰੰਗ ਨਾਲ) ਰੰਗੇ ਗਏ ਹਨ, ਖਸਮ-ਪ੍ਰਭੂ (ਸਦਾ) ਉਹਨਾਂ ਦੇ ਕੋਲ (ਵੱਸਦਾ) ਹੈ। ਹੇ ਸੱਜਣ! ਨਾਨਕ ਵਲੋਂ ਉਹਨਾਂ ਪਾਸ ਬੇਨਤੀ ਕਰ, ਭਲਾ ਕਿਤੇ ਨਾਨਕ ਨੂੰ ਉਹਨਾਂ ਦੇ ਚਰਨਾਂ ਦੀ ਧੂੜ ਮਿਲ ਜਾਏ।"[65] ਨਾਮ ਜਪਣ ਵਾਲੇ ਲੋਕਾਂ ਦੀ ਚਰਨ ਧੂੜ ਨੂੰ ਦੁਨੀਆਂ ਤਰਸਦੀ ਹੈ ਇਸੇ ਕਰਕੇ ਸੰਤਾਂ-ਮਹਾਂਪੁਰਖਾਂ ਦੇ ਪੈਰੀਂ ਹੱਥ ਲਾਇਆ ਜਾਂਦਾ ਹੈ ਅਤੇ ਉਹਨਾਂ ਤੋਂ ਅਰਦਾਸਾਂ ਕਰਵਾਈਆਂ ਜਾਂਦੀਆਂ ਹਨ ਅਜਿਹਾ ਇਸ਼ਾਰਾ ਗੁਰੂ ਸਾਹਿਬ ਇਹਨਾਂ ਪੰਕਤੀਆਂ ਵਿਚ ਕਰ ਰਹੇ ਹਨ।

ਜਿਨੀ ਸਖੀ ਸਹੁ ਰਾਵਿਆ ਤਿਨ ਪੂਛਉਗੀ ਜਾਏ॥

ਪਾਇ ਲਗਉ ਬੇਨਤੀ ਕਰਉ ਲੇਉਗੀ ਪੰਥੁ ਬਤਾਏ॥[66]

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਇਹ ਪੰਕਤੀਆਂ ਤਿਲੰਗ ਰਾਗੁ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦੀ ਪੰਨਾ 721 ਤੇ ਦਰਜ ਹੈ, "ਮੈਂ ਉਹਨਾਂ ਸਹੇਲੀਆਂ ਨੂੰ ਜਾ ਕੇ ਪੁੱਛਾਂਗੀ, ਜਿਨ੍ਹਾਂ ਨੇ ਪ੍ਰਭੂ-ਪਤੀ ਦਾ ਮਿਲਾਪ ਪ੍ਰਾਪਤ ਕਰ ਲਿਆ ਹੈ। ਮੈਂ ਉਹਨਾਂ ਦੇ ਚਰਨੀ ਲੱਗਾਂਗੀ, ਮੈਂ ਉਹਨਾਂ ਅੱਗੇ ਬੇਨਤੀ ਕਰਾਗੀ, (ਤੇ, ਉਹਨਾਂ ਪਾਸੋਂ ਪ੍ਰਭੂ-ਪਤੀ ਦੇ ਮਿਲਾਪ ਦਾ) ਰਸਤਾ ਪੁੱਛ ਲਵਾਂਗੀ।"[67] ਜਿੰਨ੍ਹਾਂ ਨੇ ਪਰਮਾਤਮਾ ਨੂੰ ਪਾ ਲਿਆ ਹੈ ਉਹਨਾਂ ਕੋਲੋਂ ਪਰਮਾਤਮਾ ਨੂੰ ਪਾਉਣ ਦੀ ਜੁਗਤ ਪੁੱਛਣ ਲਈ ਅਰਦਾਸ ਕੀਤੀ ਜਾ ਰਹੀ ਹੈ।

ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ॥

ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ॥[68]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਸੂਹੀ ਰਾਗੁ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 751 ਤੇ ਦਰਜ ਹਨ, "ਹੇ ਪ੍ਰਭੂ! ਮੇਰੀ ਨਾਨਕ ਦੀ ਅਰਦਾਸ ਭੀ ਇਹੀ ਹੈ ਜੇ ਤੈਨੂੰ ਇਹ

---

[63] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 366.
[64] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 721.
[65] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 310.
[66] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 725.
[67] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 326.
[68] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 751.

ਪਸੰਦ ਆ ਜਾਏ ਤਾਂ ਮੇਰੇ ਹਿਰਦੇ ਵਿਚ ਆਪਣੇ ਨਾਮ ਦਾ ਨਿਵਾਸ ਕਰ ਦੇਹ ਤਾ ਕਿ ਮੈਂ ਤੇਰੇ ਗੁਣ ਗਾਂਦਾ ਰਹਾਂ।"[69] ਪਹਿਲੇ ਪਾਤਸ਼ਾਹ ਹਿਰਦੇ ਵਿਚ ਪਰਮਾਤਮਾ ਦੇ ਨਾਮ ਦੇ ਵਾਸੇ ਲਈ ਅਰਦਾਸ ਕਰ ਰਹੇ ਹਨ।

### 5.13 ਪ੍ਰਭੂ ਨਾਲ ਮਿਲਾਪ ਦੀ ਅਰਦਾਸ

ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ॥
ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ॥[70]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਸੂਹੀ ਰਾਗੁ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 762 ਤੇ ਦਰਜ ਹਨ, "ਹੇ ਪ੍ਰਭੂ! ਤੂੰ ਬੇਅੰਤ ਗੁਣਾਂ ਵਾਲਾ ਹੈਂ, ਮੇਰੇ ਅੰਦਰ ਸਾਰੇ ਔਗੁਣ ਹੀ ਔਗੁਣ ਹਨ, ਫਿਰ ਭੀ ਨਾਨਕ ਦੀ ਬੇਨਤੀ (ਤੇਰੇ ਹੀ ਦਰ ਤੇ) ਹੈ ਕਿ ਭਾਗਾਂ ਵਾਲੀਆਂ ਜੀਵ-ਇਸਤ੍ਰੀਆਂ ਤਾਂ ਸਦਾ ਹੀ ਤੇਰੇ ਨਾਮ-ਰੰਗ ਵਿਚ ਰੰਗੀਆਂ ਹੋਈਆਂ ਹਨ, ਮੈਨੂੰ ਅਭਾਗਣ ਨੂੰ ਭੀ ਕੋਈ ਇਕ ਰਾਤ ਬਖ਼ਸ਼ (ਮੇਰੇ ਉਤੇ ਭੀ ਕਦੇ ਮੇਹਰ ਦੀ ਨਿਗਾਹ ਕਰ)।"[71] ਪਹਿਲੇ ਪਾਤਸ਼ਾਹ ਬੜੀ ਹੀ ਨਿਮਰਤਾ ਵਿਚ ਪਰਮਾਤਮਾ ਅੱਗੇ ਬੇਨਤੀ ਕਰ ਰਹੇ ਹਨ ਕਿ ਮੈਂ ਬਿਨਾਂ ਭਾਗਾਂ ਵਾਲਾ ਹਾਂ, ਔਗੁਣਾਂ ਵਾਲਾ ਹਾਂ ਪਰ ਫੇਰ ਵੀ ਮੈਨੂੰ ਆਪਣਾ ਮਿਲਾਪ ਬਖਸ਼।

ਕਿਆ ਮਾਗਉ ਕਿਆ ਕਹਿ ਸੁਣੀ ਮੈ ਦਰਸਨ ਭੂਖ ਪਿਆਸਿ ਜੀਉ॥
ਗੁਰ ਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ॥[72]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਸੂਹੀ ਰਾਗੁ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 762 ਤੇ ਦਰਜ ਸੁਚਜੀ ਸਿਰਲੇਖ ਹੇਠ ਸੁਚੱਜੀ ਤੋਂ ਭਾਵ ਹੈ ਚੰਗੇ ਚੱਜ ਆਚਾਰ ਵਾਲੀ ਜੀਵ ਇਸਤ੍ਰੀ ਭਾਵ ਜੋ ਪ੍ਰਭੂ ਦੀ ਰਜ਼ਾ ਵਿਚ ਰਹਿੰਦੀ ਹੈ, "ਮੈਂ ਤੇਰੇ ਦਰ ਤੋਂ ਹੋਰ ਕੀਹ ਮੰਗਾਂ? ਤੈਨੂੰ ਹੋਰ ਕੀਹ ਆਖਾਂ ਜੋ ਤੂੰ ਸੁਣੇਂ? ਮੈਨੂੰ ਤੇਰੇ ਦੀਦਾਰ ਦੀ ਭੁੱਖ ਹੈ, ਮੈਂ ਤੇਰੇ ਦਰਸਨ ਦੀ ਪਿਆਸੀ ਹਾਂ। ਤੂੰ ਸਦਾ-ਥਿਰ ਰਹਿਣ ਵਾਲਾ ਖਸਮ ਗੁਰੂ ਦੇ ਸ਼ਬਦ ਦੀ ਰਾਹੀਂ ਮਿਲਦਾ ਹੈ। ਮੇਰੀ ਨਾਨਕ ਦੀ ਤੇਰੇ ਅੱਗੇ ਅਰਜ਼ੋਈ ਹੈ ਕਿ ਮੈਨੂੰ ਭੀ ਗੁਰੂ ਦੀ ਸਰਨ ਪਾ ਕੇ ਮਿਲ।"[73] ਗੁਰੂ ਸਾਹਿਬ ਸ਼ੁੱਭ ਲੱਛਣਾਂ ਵਾਲੀ ਜੀਵ ਇਸਤ੍ਰੀ ਵਾਂਗ ਪ੍ਰੀਤਮ ਦੇ ਮਿਲਾਪ ਦੀ ਅਰਦਾਸ ਕਰ ਰਹੇ ਹਨ।

ਕੀਤਾ ਕਿਆ ਸਾਲਾਹੀਐ ਕਰਿ ਵੇਖੈ ਸੋਈ॥
ਤਾ ਕੀ ਕੀਮਤਿ ਨ ਪਵੈ ਜੇ ਲੋਚੈ ਕੋਈ॥
ਕੀਮਤਿ ਸੋ ਪਾਵੈ ਆਪਿ ਜਾਣਾਵੈ ਆਪਿ ਅਭੁਲੁ ਨ ਭੁਲਏ॥
ਜੈ ਜੈਕਾਰੁ ਕਰਹਿ ਤੁਧੁ ਭਾਵਹਿ ਗੁਰ ਕੈ ਸਬਦਿ ਅਮੁਲਏ॥
ਹੀਣਉ ਨੀਚੁ ਕਰਉ ਬੇਨੰਤੀ ਸਾਚੁ ਨ ਛੋਡਉ ਭਾਈ॥

[69] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 466-67.
[70] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 762.
[71] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 519.
[72] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 762.
[73] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 520.

ਨਾਨਕ ਜਿਨਿ ਕਰਿ ਦੇਖਿਆ ਦੇਵੈ ਮਤਿ ਸਾਈ॥[74]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਸੂਹੀ ਰਾਗੁ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 766 ਤੇ ਦਰਜ ਹਨ "ਪਰਮਾਤਮਾ ਦੇ ਪੈਦਾ ਕੀਤੇ ਹੋਏ ਜੀਵ ਦੀਆਂ ਸਿਫ਼ਤਾਂ ਕਰਨ ਦਾ ਕੀਹ ਲਾਭ? (ਸਿਫ਼ਤਿ-ਸਾਲਾਹ ਉਸ ਪਰਮਾਤਮਾ ਦੀ ਕਰਨੀ ਚਾਹੀਦੀ ਹੈ) ਜੋ ਜਗਤ ਪੈਦਾ ਕਰ ਕੇ ਆਪ ਹੀ ਸੰਭਾਲ ਭੀ ਕਰਦਾ ਹੈ। (ਪਰ ਉਸ ਪ੍ਰਭੂ ਦਾ ਮੁੱਲ ਨਹੀਂ ਪੈ ਸਕਦਾ, ਉਸ ਵਰਗਾ ਹੋਰ ਕੋਈ ਦੱਸਿਆ ਨਹੀਂ ਜਾ ਸਕਦਾ)। ਜੇ ਕੋਈ ਮਨੁੱਖ ਇਹ ਚਾਹੇ (ਕਿ ਪਰਮਾਤਮਾ ਦੇ ਗੁਣ ਬਿਆਨ ਕਰ ਕੇ ਮੈਂ ਉਸ ਦਾ ਮੁੱਲ ਪਾ ਸਕਾਂ ਤਾਂ ਇਹ ਨਹੀਂ ਹੋ ਸਕਦਾ) ਉਸ ਪ੍ਰਭੂ ਦਾ ਮੁੱਲ ਨਹੀਂ ਪੈ ਸਕਦਾ। ਜਿਸ ਮਨੁੱਖ ਨੂੰ ਪ੍ਰਭੂ ਆਪ ਸੂਝ ਬਖ਼ਸ਼ਦਾ ਹੈ, ਉਹ ਪ੍ਰਭੂ ਦੀ ਕਦਰ ਸਮਝ ਲੈਂਦਾ ਹੈ (ਤੇ ਦੱਸਦਾ ਹੈ ਕਿ) ਪ੍ਰਭੂ ਅਭੁੱਲ ਹੈ ਕਦੇ ਭੁੱਲ ਨਹੀਂ ਕਰਦਾ। (ਉਹ ਬੰਦਾ ਇਉਂ ਬੇਨਤੀ ਕਰਦਾ ਹੈ—) ਹੇ ਪ੍ਰਭੂ! ਜੇਹੜੇ ਬੰਦੇ ਤੈਨੂੰ ਪਿਆਰੇ ਲੱਗਦੇ ਹਨ ਉਹ ਗੁਰੂ ਦੇ ਅਮੋਲਕ ਸ਼ਬਦ ਵਿਚ ਜੁੜ ਕੇ ਤੇਰੀ ਸਿਫ਼ਤਿ-ਸਾਲਾਹ ਕਰਦੇ ਹਨ। ਹੇ ਨਾਨਕ! (ਆਖ—) ਹੇ ਭਾਈ! ਮੈਂ ਤੁੱਛ ਹਾਂ, ਮੈਂ ਨੀਵਾਂ ਹਾਂ, ਪਰ ਮੈਂ (ਪ੍ਰਭੂ-ਦਰ ਤੇ ਹੀ) ਬੇਨਤੀ ਕਰਦਾ ਹਾਂ, ਮੈਂ ਉਸ ਸਦਾ-ਥਿਰ ਪ੍ਰਭੂ (ਦੇ ਪੱਲੇ) ਨੂੰ ਨਹੀਂ ਛੱਡਦਾ। (ਮੇਰੀ ਕੋਈ ਪਾਂਇਆਂ ਨਹੀਂ ਕਿ ਮੈਂ ਸਿਫ਼ਤਿ-ਸਾਲਾਹ ਕਰਨ ਦਾ ਦਮ ਭਰ ਸਕਾਂ), ਜੇਹੜਾ ਪ੍ਰਭੂ ਪੈਦਾ ਕਰ ਕੇ ਸੰਭਾਲ ਕਰਦਾ ਹੈ ਉਹੀ (ਸਿਫ਼ਤਿ-ਸਾਲਾਹ ਕਰਨ ਦੀ) ਅਕਲ ਬਖ਼ਸ਼ਦਾ ਹੈ।"[75] ਪਰਮਾਤਮਾ ਦੇ ਨਾਮ ਦੀ ਸੋਝੀ ਉਸਨੂੰ ਆਉਂਦੀ ਹੈ ਜੋ ਪਰਮਾਤਮਾ ਅੱਗੇ ਅਰਦਾਸ ਕਰਦਾ ਹੈ ਅਤੇ ਪ੍ਰਭੂ ਕ੍ਰਿਪਾ ਕਰਕੇ ਆਪਣੀ ਸੋਝੀ ਕਰਵਾਉਂਦਾ ਹੈ।

ਦਿਨੁ ਰਾਤਿ ਚਾਨਣੁ ਚਾਉ ਉਪਜੈ ਸਬਦੁ ਗੁਰ ਕਾ ਮਨਿ ਵਸੈ॥
ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਰਾਹੁ ਪਾਧਰੁ ਗੁਰੁ ਦਸੈ॥[76]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਸੂਹੀ ਰਾਗੁ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 766-67 ਤੇ ਦਰਜ ਹਨ, "ਪਰ ਜਿਸ ਮਨੁੱਖ ਦੇ ਮਨ ਵਿਚ ਗੁਰੂ ਦਾ ਸ਼ਬਦ ਵੱਸਦਾ ਹੈ, ਉਸ ਦੇ ਹਿਰਦੇ ਵਿਚ ਦਿਨ ਰਾਤ ਨਾਮ ਦਾ ਚਾਨਣ ਹੋਇਆ ਰਹਿੰਦਾ ਹੈ, ਉਸ ਦੇ ਅੰਦਰ (ਸੇਵਾ-ਸਿਮਰਨ ਦਾ) ਉਤਸ਼ਾਹ ਪੈਦਾ ਹੋਇਆ ਰਹਿੰਦਾ ਹੈ। ਉਹ ਆਪਣੇ ਦੋਵੇਂ ਹੱਥ ਜੋੜ ਕੇ ਗੁਰੂ ਦੇ ਪਾਸ ਬੇਨਤੀ ਕਰਦਾ ਰਹਿੰਦਾ ਹੈ ਕਿਉਂਕਿ ਗੁਰੂ ਉਸ ਨੂੰ ਜੀਵਨ ਦਾ ਸਿੱਧਾ ਰਸਤਾ ਦੱਸਦਾ ਹੈ।"[77] ਪਰਮਾਤਮਾ ਤੱਕ ਪਹੁੰਚ ਸੱਚਾ ਗੁਰੂ ਹੀ ਕਰਵਾ ਸਕਦਾ ਹੈ, ਦੂਜੇ ਵਿਚ ਇਹ ਤਾਣ ਨਹੀਂ ਕਿ ਉਹ ਸੱਚੇ ਗੁਰੂ ਵਾਂਗ ਪਰਮਾਤਮਾ ਦੀ ਪ੍ਰਾਪਤੀ ਦਾ ਰਾਹ ਦੱਸ ਸਕੇ।

### 5.14 ਭਾਣੇ ਵਿੱਚ ਰਹਿਣ ਦੀ ਅਰਦਾਸ

ਜੀਅ ਜੰਤ ਸਭਿ ਸਰਣਿ ਤੁਮ੍ਾਰੀ ਸਰਬ ਚਿੰਤ ਤੁਧੁ ਪਾਸੇ॥

---

[74] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 766.
[75] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ),* 546-47.
[76] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 766-67.
[77] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ),* ਪੰਨਾ 544.

ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ॥[78]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਿਲਾਵਲ ਰਾਗੁ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 795 ਤੇ ਦਰਜ ਹਨ, "ਸਾਰੇ ਜੀਵ ਜੰਤ ਤੇਰੇ ਹੀ ਆਸਰੇ ਹਨ, ਤੈਨੂੰ ਹੀ ਸਭ ਦੀ ਸੰਭਾਲ ਦਾ ਫ਼ਿਕਰ ਹੈ। ਨਾਨਕ ਦੀ (ਤੇਰੇ ਦਰ ਤੇ) ਸਿਰਫ਼ ਇਹੀ ਬੇਨਤੀ ਹੈ ਕਿ ਜੋ ਤੇਰੀ ਰਜ਼ਾ ਹੋਵੇ ਉਹ ਮੈਨੂੰ ਚੰਗੀ ਲੱਗੇ (ਮੈਂ ਸਦਾ ਤੇਰੀ ਰਜ਼ਾ ਵਿਚ ਰਾਜ਼ੀ ਰਹਾਂ)।"[79] ਇਸ ਅਰਦਾਸ ਵਿਚ ਗੁਰੂ ਸਾਹਿਬ ਪਰਮਾਤਮਾ ਤੋਂ ਭਾਣੇ ਵਿਚ ਰਹਿਣ ਦੀ ਮੰਗ ਕਰ ਰਹੇ ਹਨ।

ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਮਿਲਹੁ ਸਾਚਿ ਪਿਆਰੀਆ॥

ਧਨ ਭਾਇ ਭਗਤੀ ਦੇਖਿ ਪ੍ਰੀਤਮ ਕਾਮ ਕ੍ਰੋਧੁ ਨਿਵਾਰਿਆ॥

ਨਾਨਕ ਮੁੰਧ ਨਵੇਲ ਸੁੰਦਰਿ ਦੇਖਿ ਪਿਰੁ ਸਾਧਾਰਿਆ॥[80]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਿਲਾਵਲ ਰਾਗੁ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 843 ਤੇ ਦਰਜ ਹਨ, "ਉਹ (ਸਦਾ ਦੋਵੇਂ) ਹੱਥ ਜੋੜ ਕੇ ਗੁਰੂ ਦੇ ਪਾਸ ਬੇਨਤੀ ਕਰਦੀ ਰਹਿੰਦੀ ਹੈ (ਕਿ, ਹੇ ਗੁਰੂ! ਮੈਨੂੰ) ਮਿਲ (ਤਾ ਕਿ ਮੈਂ ਤੇਰੀ ਕਿਰਪਾ ਨਾਲ) ਸਦਾ-ਥਿਰ ਪ੍ਰਭੂ ਦੇ ਨਾਮ ਵਿਚ ਜੁੜ ਕੇ ਉਸ ਨੂੰ ਪਿਆਰ ਕਰ ਸਕਾਂ। ਅਜਿਹੀ ਜੀਵ-ਇਸਤ੍ਰੀ ਪ੍ਰੀਤਮ-ਪ੍ਰਭੂ ਦੀ ਭਗਤੀ ਦੀ ਰਾਹੀਂ ਪ੍ਰੀਤਮ-ਪ੍ਰਭੂ ਦੇ ਪ੍ਰੇਮ ਵਿਚ ਟਿਕ ਕੇ ਉਸ ਦਾ ਦਰਸਨ ਕਰ ਕੇ ਕਾਮ ਕ੍ਰੋਧ (ਆਦਿਕ ਵਿਕਾਰਾਂ ਨੂੰ ਆਪਣੇ ਅੰਦਰੋਂ) ਦੂਰ ਕਰ ਲੈਂਦੀ ਹੈ। ਹੇ ਨਾਨਕ! ਪਵਿਤ੍ਰ ਤੇ ਸੋਹਣੇ ਜੀਵਨ ਵਾਲੀ ਉਹ ਜੀਵ-ਇਸਤ੍ਰੀ ਪ੍ਰਭੂ-ਪਤੀ ਦਾ ਦੀਦਾਰ ਕਰ ਕੇ (ਉਸ ਦੀ ਯਾਦ ਨੂੰ) ਆਪਣੇ ਹਿਰਦੇ ਦਾ ਆਸਰਾ ਬਣਾ ਲੈਂਦੀ ਹੈ।"[81] ਗੁਰੂ ਸਾਹਿਬ ਇਸ ਅਰਦਾਸ ਵਿਚ ਕਹਿ ਰਹੇ ਹਨ ਕਿ ਸਪਰਮਾਤਮਾ ਹੀ ਹਿਰਦੇ ਘਰ ਵਿਚ ਵੱਸਣਾ ਚਾਹੀਦਾ ਹੈ ਜੋ ਜਨਮ ਮਰਨ ਦਾ ਗੇੜ ਮੁਕਾ ਦੇਂਦਾ ਹੈ।

### 5.15 ਜੀਵਨ ਵਿਚ ਸੰਤੋਖ ਧਾਰਨ ਦੀ ਅਰਦਾਸ

ਤੁਧ ਨੋ ਨਿਵਣੁ ਮੰਨਣੁ ਤੇਰਾ ਨਾਉ॥ ਸਾਚੁ ਭੇਟ ਬੈਸਣ ਕਉ ਥਾਉ॥

ਸਤੁ ਸੰਤੋਖੁ ਹੋਵੈ ਅਰਦਾਸਿ॥ ਤਾ ਸੁਣਿ ਸਦਿ ਬਹਾਲੇ ਪਾਸਿ॥[82]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 878 ਤੇ ਰਾਮਕਲੀ ਰਾਗੁ ਵਿਚ ਦਰਜ ਹਨ, "ਹੇ ਨਾਨਕ! ਪਰਮਾਤਮਾ ਦੀ ਦਰਗਾਹ ਅਜੇਹੀ ਹੈ, ਉਹੀ ਸਦਾ ਕਾਇਮ ਰਹਿਣ ਵਾਲਾ ਪਰਮਾਤਮਾ ਆਪ ਭੀ ਅਜੇਹਾ ਹੈ ਕਿ (ਉਸ ਦੀ ਹਜ਼ੂਰੀ ਵਿਚ ਪਹੁੰਚ ਕੇ) ਕੋਈ (ਸਵਾਲੀ) ਖ਼ਾਲੀ ਨਹੀਂ ਮੁੜਦਾ।1।ਰਹਾਉ।(ਹੇ ਪ੍ਰਭੂ!) ਤੇਰੇ ਨਾਮ ਨਾਲ ਡੂੰਘੀ ਸਾਂਝ ਪਾਣੀ ਤੇਰੇ ਅੱਗੇ ਸਿਰ ਨਿਵਾਣਾ ਹੈ, ਤੇਰੀ ਸਿਫ਼ਤਿ-ਸਾਲਾਹ (ਤੇਰੇ ਦਰ ਤੇ ਪਰਵਾਨ ਹੋਣੀ ਵਾਲੀ) ਭੇਟਾ ਹੈ (ਜਿਸ ਦੀ ਬਰਕਤਿ ਨਾਲ ਤੇਰੀ ਹਜ਼ੂਰੀ ਵਿਚ) ਬੈਠਣ ਲਈ ਥਾਂ ਮਿਲਦਾ ਹੈ।(ਹੇ ਭਾਈ!) ਜਦੋਂ ਮਨੁੱਖ ਸੰਤੋਖ ਧਾਰਦਾ

---

[78] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 795.

[79] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਛੇਵੀਂ ਪੋਥੀ),* ਪੰਨਾ 45.

[80] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 843.

[81] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਛੇਵੀਂ ਪੋਥੀ)*, ਪੰਨਾ 249.

[82] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 878.

ਹੈ, (ਦੂਜਿਆਂ ਦੀ) ਸੇਵਾ ਕਰਦਾ ਹੈ (ਤੇ ਇਸ ਜੀਵਨ-ਮਰਯਾਦਾ ਵਿਚ ਰਹਿ ਕੇ ਪ੍ਰਭੂ-ਦਰ ਤੇ) ਅਰਦਾਸ ਕਰਦਾ ਹੈ, ਤਦੋਂ (ਅਰਦਾਸ) ਸੁਣ ਕੇ (ਸਵਾਲੀ ਨੂੰ) ਸੱਦ ਕੇ ਪ੍ਰਭੂ ਆਪਣੇ ਕੋਲ ਬਿਠਾਂਦਾ ਹੈ।"[83] ਜਦੋਂ ਮਨੁੱਖ ਜੀਵਨ ਵਿਚ ਸੰਤੋਖ ਧਾਰ ਕੇ ਅਰਦਾਸ ਕਰਦਾ ਹੈ ਤਾਂ ਪਰਮਾਤਮਾ ਉਸਨੂੰ ਆਪਣੀ ਗੋਦ ਵਿਚ ਬਿਠਾਉਂਦਾ ਹੈਅਤੇ ਸਾਰੇ ਸੁਖ ਦਿੰਦਾ ਹੈ।

ਰੋਸੁ ਨ ਕੀਜੈ ਅੰਮ੍ਰਿਤੁ ਪੀਜੈ ਰਹਣੁ ਨਹੀ ਸੰਸਾਰੇ॥
ਰਾਜੇ ਰਾਇ ਰੰਕ ਨਹੀ ਰਹਣਾ ਆਇ ਜਾਇ ਜੁਗ ਚਾਰੇ॥
ਰਹਣ ਕਹਣ ਤੇ ਰਹੈ ਨ ਕੋਈ, ਕਿਸੁ ਪਹਿ ਕਰਉ ਬਿਨੰਤੀ॥
ਏਕੁ ਸਬਦੁ ਰਾਮ ਨਾਮ ਨਿਰੋਧਰੁ ਗੁਰੁ ਦੇਵੈ ਪਤਿ ਮਤੀ॥[84]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 931 ਤੇ ਰਾਮਕਲੀ ਰਾਗੁ ਵਿਚ ਦੱਖਣੀ ਓਅੰਕਾਰ ਸਿਰਲੇਖ ਅਧੀਨ ਦਰਜ ਹਨ, "ਰੁਸੇਵਾਂ ਹੀ ਨਾਹ ਕਰੀ ਰੱਖੋ, ਉਸ ਦਾ ਨਾਮ-ਅੰਮ੍ਰਿਤ ਪੀਉ। ਇਸ ਸੰਸਾਰ ਵਿਚ ਸਦਾ ਦਾ ਵਸੇਬਾ ਨਹੀਂ ਹੈ। ਰਾਜੇ ਹੋਣ, ਅਮੀਰ ਹੋਣ, ਚਾਹੇ ਕੰਗਾਲ ਹੋਣ, ਕੋਈ ਭੀ ਇਥੇ ਸਦਾ ਨਹੀਂ ਰਹਿ ਸਕਦਾ। ਜੋ ਜੰਮਿਆ ਹੈ ਉਸ ਨੇ ਮਰਨਾ ਹੈ, (ਇਹ ਨਿਯਮ) ਸਦਾ ਲਈ (ਅਟੱਲ) ਹੈ। ਇਥੇ ਸਦਾ ਟਿਕੇ ਰਹਿਣ ਲਈ ਤਰਲੇ ਕਰਨ ਨਾਲ ਭੀ ਕੋਈ ਸਦਾ ਟਿਕਿਆ ਰਹਿ ਨਹੀਂ ਸਕਦਾ, ਇਸ ਗੱਲ ਵਾਸਤੇ ਕਿਸੇ ਅੱਗੇ ਤਰਲੇ ਲੈਣੇ ਵਿਅਰਥ ਹਨ। (ਹਾਂ, ਹੇ ਪਾਂਡੇ! ਗੁਰੂ ਦੀ ਸਰਨ ਆਓ) ਸਤਿਗੁਰੂ ਪਰਮਾਤਮਾ ਦੇ ਨਾਮ ਦੀ ਵਡਿਆਈ ਦਾ ਸ਼ਬਦ ਬਖ਼ਸ਼ਦਾ ਹੈ ਜੋ ਵਿਕਾਰਾਂ ਤੋਂ ਬਚਾ ਲੈਂਦਾ ਹੈ, ਤੇ, ਸਤਿਗੁਰੂ ਪ੍ਰਭੂ-ਪਤੀ ਨਾਲ ਮਿਲਣ ਦੀ ਅਕਲ ਦੇਂਦਾ ਹੈ।"[85] ਪਰਮਾਤਮਾ ਨਾਲ ਰੋਸਾ ਛੱਡ ਕੇ ਉਸਦੇ ਨਾਮ ਦੇ ਲੜ ਲੱਗਣਾ ਚਾਹੀਦਾ ਹੈ ਇਥੇ ਕੋਈ ਸਦਾ ਲਈ ਨਹੀਂ ਰਹਿ ਸਕਦਾ। ਸਤਿਗੁਰੂ ਅੱਗੇ ਅਰਦਾਸ ਕਰਨ ਤੇ ਉਹ ਵਿਕਾਰਾਂ ਤੋਂ ਬਚਾ ਕੇ ਪਰਮਾਤਮਾ ਨਾਲ ਮਿਲਾਉਂਦਾ ਹੈ।

ਕਵਨ ਤੁਮ੍ਹੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ॥
ਸਾਚੁ ਕਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਓ॥
ਕਹ ਬੈਸਹੁ ਕਹ ਰਹੀਐ ਬਾਲੇ, ਕਹ ਆਵਹੁ ਕਹ ਜਾਹੋ॥
ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ॥[86]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 938 ਤੇ ਦਰਜ ਰਾਮਕਲੀ ਰਾਗੁ ਵਿਚ ਸਿਰਲੇਖ ਸਿਧ ਗੋਸਟਿ ਸਿੱਧਾਂ ਨਾਲ ਗੋਸਟੀ ਕੀਤੀ ਹੈ, "ਚਰਪਟ ਜੋਗੀ ਨੇ ਪੁੱਛਿਆ—) ਤੁਸੀ ਕੌਣ ਹੋ? ਤੁਹਾਡਾ ਕੀਹ ਨਾਮ ਹੈ? ਤੁਹਾਡਾ ਕੀਹ ਮਤ ਹੈ? (ਉਸ ਮਤ ਦਾ) ਕੀਹ ਮਨੋਰਥ ਹੈ?(ਗੁਰੂ ਨਾਨਕ ਦੇਵ ਜੀ ਦਾ ਉੱਤਰ—) ਮੈਂ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਨੂੰ ਜਪਦਾ ਹਾਂ,

---

[83] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਛੇਵੀਂ ਪੋਥੀ)*, ਪੰਨਾ 455-56.
[84] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 931.
[85] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਛੇਵੀਂ ਪੋਥੀ)*, ਪੰਨਾ 794-75.
[86] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 937.

ਸਾਡੀ (ਪ੍ਰਭੂ ਅਗੇ ਹੀ ਸਦਾ) ਅਰਦਾਸਿ ਹੈ ਤੇ ਮੈਂ ਸੰਤ ਜਨਾਂ ਤੋਂ ਸਦਕੇ ਜਾਂਦਾ ਹਾਂ (ਬੱਸ! ਇਹ ਮੇਰਾ ਮਤ ਹੈ)। (ਨਾਨਕ ਆਖਦਾ ਹੈ—ਚਰਪਟ ਨੇ ਪੁੱਛਿਆ—) ਹੇ ਬਾਲਕ! ਤੁਸੀ ਕਿਸ ਦੇ ਆਸਰੇ ਸ਼ਾਂਤ-ਚਿੱਤ ਹੋ? ਤੁਹਾਡੀ ਸੁਰਤਿ ਕਿਸ ਵਿਚ ਜੁੜਦੀ ਹੈ? ਕਿੱਥੋਂ ਆਉਂਦੇ ਹੋ? ਕਿੱਥੇ ਜਾਂਦੇ ਹੋ? ਹੇ ਸੰਤ! ਸੁਣ, ਤੇਰਾ ਕੀਹ ਮਤ ਹੈ?"[87] ਇਹ ਸਿੱਧਾਂ ਅਤੇ ਗੁਰੂ ਨਾਨਕ ਸਾਹਿਬ ਵਿਚ ਆਪਸੀ ਸਵਾਲ ਜੁਆਬ ਹੋ ਰਹੇ ਹਨ। ਉਹ ਗੁਰੂ ਨਾਨਕ ਸਾਹਿਬ ਤੋਂ ਉਹਨਾਂ ਦੇ ਗੁਰੂ,ਮਤਿ,ਰਾਹ ਆਦਿ ਬਾਰੇ ਦੱਸਣ ਦੀ ਬੇਨਤੀ ਕਰ ਰਹੇ ਹਨ।

ਸੁਣਿ ਸੁਆਮੀ ਅਰਦਾਸਿ ਹਮਾਰੀ ਪੂਛਉ ਸਾਚੁ ਬੀਚਾਰੋ॥
ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰ ਦੁਆਰੋ॥
ਇਹੁ ਮਨੁ ਚਲਤਉ ਸਚ ਘਰਿ ਬੈਸੈ ਨਾਨਕ ਨਾਮੁ ਅਧਾਰੋ॥
ਆਪੇ ਮੇਲਿ ਮਿਲਾਏ ਕਰਤਾ ਲਾਗੈ ਸਾਚਿ ਪਿਆਰੋ॥[88]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 938 ਤੇ ਦਰਜ ਰਾਮਕਲੀ ਰਾਗੁ ਵਿਚ ਸਿਰਲੇਖ ਸਿਧ ਗੋਸਟਿ ਸਿੱਧਾਂ ਨਾਲ ਗੋਸਟੀ ਕੀਤੀ ਹੈ, "ਚਰਪਟ ਦਾ ਪ੍ਰਸ਼ਨ : ਹੇ ਸੁਆਮੀ! ਮੇਰੀ ਬੇਨਤੀ ਸੁਣ, ਮੈਂ ਸਹੀ ਵਿਚਾਰ ਪੁੱਛਦਾ ਹਾਂ; ਗੁੱਸਾ ਨਾਹ ਕਰਨਾ, ਉੱਤਰ ਦੇਣਾ ਕਿ ਗੁਰੂ ਦਾ ਦਰ ਕਿਵੇਂ ਪ੍ਰਾਪਤ ਹੁੰਦਾ ਹੈ? (ਭਾਵ, ਕਿਵੇਂ ਪਤਾ ਲੱਗੇ ਕਿ ਗੁਰੂ ਦਾ ਦਰ ਪ੍ਰਾਪਤ ਹੋ ਗਿਆ ਹੈ)? (ਉੱਤਰ :) (ਜਦੋਂ ਸੱਚ-ਮੁਚ ਗੁਰੂ ਦਾ ਦਰ ਪ੍ਰਾਪਤ ਹੋ ਜਾਂਦਾ ਹੈ ਤਦੋਂ) ਹੇ ਨਾਨਕ! ਇਹ ਚੰਚਲ ਮਨ ਪ੍ਰਭੂ ਦੀ ਯਾਦ ਵਿਚ ਜੁੜਿਆ ਰਹਿੰਦਾ ਹੈ, (ਪ੍ਰਭੂ ਦਾ) ਨਾਮ (ਜ਼ਿੰਦਗੀ ਦਾ) ਆਸਰਾ ਹੋ ਜਾਂਦਾ ਹੈ। (ਪਰ ਇਹੋ ਜਿਹਾ) ਪਿਆਰ ਸੱਚੇ ਪ੍ਰਭੂ ਵਿਚ (ਤਦੋਂ ਹੀ) ਲੱਗਦਾ ਹੈ (ਜਦੋਂ) ਕਰਤਾਰ ਆਪ (ਜੀਵ ਨੂੰ) ਆਪਣੀ ਯਾਦ ਵਿਚ ਜੋੜ ਲੈਂਦਾ ਹੈ।"[89] ਇਹਨਾਂ ਤੁਕਾਂ ਵਿਚ ਚਰਪਟ ਨਾਥ, ਗੁਰੂ ਨਾਨਕ ਦੇਵ ਜੀ ਤੋਂ ਗੁਰੂ ਦੇ ਦਰ, ਨਾਮ, ਪ੍ਰਭੂ ਦੀ ਯਾਦ ਸੰਬੰਧੀ ਜਾਣਕਾਰੀ ਲੈਣ ਦੀ ਬੇਨਤੀ ਕਰ ਰਿਹਾ ਹੈ।

ਜੁਗੁ ਜੁਗੁ ਸਾਚਾ ਹੈ ਭੀ ਹੋਸੀ॥
ਕਉਣੁ ਨ ਮੂਆ ਕਉਣੁ ਨ ਮਰਸੀ॥
ਨਾਨਕੁ ਨੀਚੁ ਕਹੈ ਬੇਨੰਤੀ ਦਰਿ ਦੇਖਹੁ ਲਿਵ ਲਾਈ ਹੇ॥[90]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1021-22 ਤੇ ਮਾਰੂ ਰਾਗੁ ਵਿਚ ਦਰਜ ਹੈ, "ਪ੍ਰਭੂ ਹਰੇਕ ਜੁਗ ਵਿਚ ਕਾਇਮ ਰਹਿਣ ਵਾਲਾ ਹੈ, ਹੁਣ ਭੀ ਮੌਜੂਦ ਹੈ, ਸਦਾ ਹੀ ਕਾਇਮ ਰਹੇਗਾ। ਜਗਤ ਵਿਚ ਹੋਰ ਜੇਹੜਾ ਭੀ ਜੀਵ ਆਇਆ ਉਹ (ਆਖ਼ਰ) ਮਰ ਗਿਆ, ਜੇਹੜਾ ਭੀ ਆਵੇਗਾ ਉਹ (ਜ਼ਰੂਰ) ਮਰੇਗਾ। ਗਰੀਬ ਨਾਨਕ ਬੇਨਤੀ ਕਰਦਾ ਹੈ—ਹੇ ਪ੍ਰਭੂ! ਤੂੰ ਆਪਣੇ ਦਰਬਾਰ ਵਿਚ ਬੈਠਾ ਸਭ ਜੀਵਾਂ ਦੀ ਬੜੇ ਧਿਆਨ ਨਾਲ ਸੰਭਾਲ ਕਰ ਰਿਹਾ ਹੈਂ।"[91] ਗੁਰੂ ਨਾਨਕ ਸਾਹਿਬ ਪਰਮਾਤਮਾ ਦੀ ਦੁਨਿਆਵੀ ਭੇਤ ਬਾਰੇ ਜਾਣਕਾਰੀ ਦੇ ਰਹੇ ਹਨ ਕਿ ਹਰ ਇਕ ਮਨੁੱਖ ਜਨਮ ਮਰਨ ਦੇ ਗੇੜ

---

[87] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਸੱਤਵੀ ਪੋਥੀ)*, ਪੰਨਾ 33.
[88] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 938.
[89] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਸੱਤਵੀ ਪੋਥੀ)*, ਪੰਨਾ 36.
[90] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1021-1022.
[91] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਸੱਤਵੀ ਪੋਥੀ)*, ਪੰਨਾ 534-35.

ਵਿਚ ਹੈ ਕੇਵਲ ਪਰਮਾਤਮਾ ਹੀ ਅਬਿਨਾਸ਼ੀ ਹੈ। ਜਿਹੜਾਂ ਸਾਰਿਆਂ ਜੀਵਨਾਂ ਦੀ ਦੇਖ-ਰੇਖ ਕਰ ਰਿਹਾ ਹੈ ਉਸ ਅੱਗੇ ਅਰਦਾਸ ਕਰੋ।

**5.16 ਪਰਮਾਤਮਾ ਦੇ ਦਰਸ਼ਨਾਂ ਲਈ ਅਰਦਾਸ**

ਜੇਤੀ ਹੈ ਤੇਤੀ ਤੁਧੁ ਅੰਦਰਿ॥
ਦੇਖਹਿ ਆਪਿ ਬੈਸਿ ਬਿਜ ਮੰਦਰਿ॥
ਨਾਨਕੁ ਸਾਚੁ ਕਹੈ ਬੇਨੰਤੀ ਹਰਿ ਦਰਸਨਿ ਸੁਖੁ ਪਾਇਦਾ॥[92]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਮਾਰੂ ਰਾਗੁ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1033 ਤੇ ਦਰਜ ਹੈ, "ਇਹ ਜਿਤਨੀ ਭੀ ਸ੍ਰਿਸ਼ਟੀ ਹੈ ਸਾਰੀ ਦੀ ਸਾਰੀ ਤੇਰੇ ਹੁਕਮ ਦੇ ਅੰਦਰ ਚੱਲ ਰਹੀ ਹੈ। ਤੂੰ ਆਪਣੇ ਸਦਾ-ਥਿਰ ਮਹਿਲ ਵਿਚ ਬੈਠ ਕੇ ਆਪ ਹੀ ਸਭ ਦੀ ਸੰਭਾਲ ਕਰ ਰਿਹਾ ਹੈਂ। ਹੇ ਹਰੀ! ਤੇਰਾ ਦਾਸ ਨਾਨਕ ਤੇਰਾ ਸਦਾ-ਥਿਰ ਨਾਮ ਸਿਮਰਦਾ ਹੈ (ਤੇਰੇ ਦੀਦਾਰ ਵਾਸਤੇ ਤੇਰੇ ਦਰ ਤੇ) ਬੇਨਤੀ ਕਰਦਾ ਹੈ (ਜਿਸ ਨੂੰ ਤੇਰਾ ਦੀਦਾਰ ਨਸੀਬ ਹੁੰਦਾ ਹੈ, ਉਹ ਉਸ) ਦੀਦਾਰ ਦੀ ਬਰਕਤਿ ਨਾਲ ਆਤਮਕ ਆਨੰਦ ਪ੍ਰਾਪਤ ਕਰਦਾ ਹੈ।"[93] ਸਾਰੀ ਸ਼੍ਰਿਸ਼ਟੀ ਦਾ ਉਤਪਤੀ ਕਰਤਾ ਪਰਮਾਤਮਾ ਹੈ। ਗੁਰੂ ਨਾਨਕ ਦੇਵ ਜੀ ਆਤਮਕ ਅਨੰਦ ਦੀ ਪ੍ਰਾਪਤੀ ਲਈ ਅਰਦਾਸ ਕਰ ਰਹੇ ਹਨ।

ਸੇ ਗੁਣ ਗਾਵਹਿ ਸਾਚੇ ਭਾਵਹਿ॥
ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ॥
ਨਾਨਕੁ ਸਾਚੁ ਕਹੈ ਬੇਨੰਤੀ ਮਿਲਿ ਸਾਚੇ ਸੁਖੁ ਪਾਇਦਾ॥[94]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਮਾਰੂ ਰਾਗੁ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1034 ਤੇ ਦਰਜ ਹੈ, "ਜੇਹੜੇ ਜੀਵ ਸਦਾ-ਥਿਰ ਪ੍ਰਭੂ ਨੂੰ ਪਿਆਰੇ ਲੱਗਦੇ ਹਨ ਉਹ ਉਸ ਦੇ ਗੁਣ ਗਾਂਦੇ ਹਨ। ਹੇ ਪ੍ਰਭੂ! ਸਾਰੇ ਜੀਅ ਜੰਤ ਤੈਥੋਂ ਪੈਦਾ ਹੁੰਦੇ ਹਨ ਤੇ ਤੇਰੇ ਵਿਚ ਹੀ ਲੀਨ ਹੋ ਜਾਂਦੇ ਹਨ। ਹੇ ਨਾਨਕ! ਜੇਹੜਾ ਮਨੁੱਖ ਸਦਾ-ਥਿਰ ਪ੍ਰਭੂ ਨੂੰ ਸਿਮਰਦਾ ਹੈ (ਉਸ ਦੇ ਦਰ ਤੇ) ਬੇਨਤੀਆਂ ਕਰਦਾ ਹੈ, ਉਹ ਉਸ ਸਦਾ-ਥਿਰ ਪਰਮਾਤਮਾ ਨੂੰ ਮਿਲ ਕੇ ਆਤਮਕ ਅਨੰਦ ਮਾਣਦਾ ਹੈ।"[95] ਜਿਹੜਾ ਮਨੁੱਖ ਅਟੱਲ ਰਹਿਣ ਵਾਲੇ ਪਰਮਾਤਮਾ ਨੂੰ ਸਿਮਰਦਾ ਹੈ ਉਹ ਆਤਮਕ ਅਨੰਦ ਮਾਣਦਾ ਹੈ।ਉਸ ਅੱਗੇ ਅਰਦਾਸ ਕਰਨੀ ਹੀ ਸੋਭਦੀ ਹੈ।

ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ॥ ਥਲ ਤਾਪਹਿ ਸਰ ਭਾਰ ਸਾਧਨ ਬਿਨਉ ਕਰੈ॥
ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ॥
ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ॥
ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ॥

---

[92] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1033.
[93] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਸੱਤਵੀ ਪੋਥੀ),* ਪੰਨਾ 596.
[94] *ਸ੍ਰੀ ਗੁਰੂ ਗ੍ਰੰਥ ਸਾਹਿਬ* , ਪੰਨਾ 1034.
[95] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਸੱਤਵੀ ਪੋਥੀ),* ਪੰਨਾ 601.

ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ॥[96]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਤੁਖਾਰੀ ਰਾਗੁ ਵਿਚ ਦਰਜ ਬਾਰਹਮਾਹ ਵਿਚ ਪੰਨਾ 1108 ਤੇ ਦਰਜ ਹਨ। ਬਾਰਹਮਾਹ ਪੰਜਵੇ ਪਾਤਸ਼ਾਹ ਦਾ ਮਾਝ ਰਾਗੁ ਵਿਚ ਆਉਂਦਾ ਹੈ। ਇਹ ਦੂਜਾ ਬਾਰਹਮਾਹ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਹੈ, "ਜੇਠ ਮਹੀਨਾ (ਉਹਨਾਂ ਨੂੰ ਹੀ) ਚੰਗਾ ਲੱਗਦਾ ਹੈ ਜਿਨ੍ਹਾਂ ਨੂੰ ਪ੍ਰੀਤਮ-ਕਦੇ ਨਹੀਂ ਵਿੱਸਰਦਾ। (ਜੇਠ ਵਿਚ ਲੋਆਂ ਪੈਣ ਨਾਲ) ਭੱਠ ਵਾਂਗ ਥਲ ਤਪਣ ਲੱਗ ਪੈਂਦੇ ਹਨ (ਇਸੇ ਤਰ੍ਹਾਂ ਕਾਮਾਦਿਕ ਵਿਕਾਰਾਂ ਦੀ ਅੱਗ ਨਾਲ ਸੰਸਾਰੀ ਜੀਵਾਂ ਦੇ ਹਿਰਦੇ ਤਪਦੇ ਹਨ, ਉਹਨਾਂ ਦੀ ਤਪਸ਼ ਅਨੁਭਵ ਕਰ ਕੇ) ਗੁਰਮੁਖਿ ਜੀਵ-ਇਸਤ੍ਰੀ (ਪ੍ਰਭੂ-ਚਰਨਾਂ ਵਿਚ) ਅਰਦਾਸ ਕਰਦੀ ਹੈ, ਉਸ ਪ੍ਰਭੂ ਦੇ ਗੁਣ (ਹਿਰਦੇ ਵਿਚ) ਸੰਭਾਲਦੀ ਹੈ, ਜੋ ਇਸ ਤਪਸ਼ ਤੋਂ ਨਿਰਾਲਾ ਆਪਣੇ ਸਦਾ-ਥਿਰ ਮਹਲ ਵਿਚ ਟਿਕਿਆ ਰਹਿੰਦਾ ਹੈ, ਉਸ ਅੱਗੇ ਜੀਵ-ਇਸਤ੍ਰੀ ਬੇਨਤੀ ਕਰਦੀ ਹੈ—ਹੇ ਪ੍ਰਭੂ! ਮੈਂ ਤੇਰੀ ਸਿਫ਼ਤਿ-ਸਾਲਾਹ ਕਰਦੀ ਹਾਂ, ਤਾ ਕਿ ਤੈਨੂੰ ਚੰਗੀ ਲੱਗ ਪਵਾਂ, ਤੂੰ ਮੈਨੂੰ ਆਗਿਆ ਦੇਵੇਂ ਮੈਂ ਭੀ ਤੇਰੇ ਮਹਲ ਵਿਚ ਆ ਜਾਵਾਂ (ਤੇ ਬਾਹਰਲੀ ਤਪਸ਼ ਤੋਂ ਬਚ ਸਕਾਂ)। ਜਿਤਨਾ ਚਿਰ ਜੀਵ-ਇਸਤ੍ਰੀ ਪ੍ਰਭੂ ਤੋਂ ਵੱਖ ਰਹਿ ਕੇ (ਵਿਕਾਰਾਂ ਦੀ ਤਪਸ਼ ਨਾਲ) ਨਿਢਾਲ ਤੇ ਕਮਜ਼ੋਰ ਹੈ, ਉਤਨਾ ਚਿਰ (ਤਪਸ਼ੋਂ ਬਚੇ ਹੋਏ ਪ੍ਰਭੂ ਦੇ) ਮਹਲ ਦਾ ਆਨੰਦ ਨਹੀਂ ਮਾਣ ਸਕਦੀ।"[97] ਪਰਮਾਤਮਾ ਤੋਂ ਵਿਛੜਿਆ ਜੀਵ ਵਿਕਾਰਾਂ ਦੀ ਅਗਨੀ ਵਿਚ ਤਪਦਾ ਰਹਿੰਦਾ ਹੈ ਪਰਮਾਤਮਾ ਰੂਪੀ ਛਾਂ ਹੀ ਉਸਨੂੰ ਠੰਢਕ ਦੇ ਸਕਦੀ ਹੈ।ਇਸ ਲਈ ਉਸ ਅੱਗੇ ਅਰਦਾਸ ਕਰਦੇ ਰਹਿਣਾ ਚਾਹੀਦਾ ਹੈ।

ਰਾਖਣਹਾਰਾ ਅਗਮ ਅਪਾਰਾ ਸੁਣਿ ਬੇਨੰਤੀ ਮੇਰੀਆ॥

ਨਾਨਕ ਮੂਰਖੁ ਕਬਹਿ ਨ ਚੇਤੈ ਕਿਆ ਸੂਝੈ ਰੈਣਿ ਅੰਧੇਰੀਆ॥[98]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਤੁਖਾਰੀ ਰਾਗੁ ਵਿਚ ਦਰਜ ਪੰਨਾ 1110 ਤੇ ਦਰਜ ਹਨ, "ਹੇ ਨਾਨਕ! (ਆਖ—) ਹੇ ਰੱਖਿਆ ਕਰ ਸਕਣ ਵਾਲੇ ਪ੍ਰਭੂ! ਹੇ ਅਪਹੁੰਚ ਪ੍ਰਭੂ! ਹੇ ਬੇ-ਅੰਤ ਪ੍ਰਭੂ! ਮੇਰੀ ਬੇਨਤੀ ਸੁਣ (ਮੇਰੀ ਜੀਵਨ-ਰਾਤ ਨੂੰ ਵਿਕਾਰਾਂ ਦਾ ਘੁੱਪ ਹਨੇਰਾ ਦਬਾਈ ਨਾਹ ਰੱਖੇ)। ਹੇ ਨਾਨਕ! ਮੂਰਖ ਮਨੁੱਖ ਕਦੇ ਭੀ (ਪਰਮਾਤਮਾ ਨੂੰ) ਯਾਦ ਨਹੀਂ ਕਰਦਾ (ਵਿਕਾਰਾਂ ਦੀ ਘੁੱਪ) ਹਨੇਰੀ (ਜੀਵਨ-) ਰਾਤ ਵਿਚ (ਉਸ ਨੂੰ ਆਤਮਕ ਜੀਵਨ ਦਾ ਸਹੀ ਰਸਤਾ) ਸੁੱਝਦਾ ਹੀ ਨਹੀਂ।"[99] ਸ੍ਰੀ ਗੁਰੂ ਨਾਨਕ ਦੇਵ ਜੀ ਬੇਅੰਤ ਪ੍ਰਭੂ ਅੱਗੇ ਬੇਨਤੀ ਕਰ ਰਹੇ ਹਨ ਕਿ ਮੂਰਖ ਮਨੁੱਖ ਕਦੇ ਵੀ ਪਰਮਾਤਮਾ ਨੂੰ ਯਾਦ ਨਹੀਂ ਕਰਦਾ, ਉਸਨੂੰ ਸਾਰੀ (ਜ਼ਿੰਦਗੀ) ਇਹ ਸੋਝੀ ਨਹੀਂ ਆਉਂਦੀ ਸੋ ਤੁਹਾਡੀ ਕ੍ਰਿਪਾ ਰਾਹੀਂ ਹੀ ਅਜਿਹਾ ਹੋ ਸਕਦਾ ਹੈ।

---

[96] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1108.
[97] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ( ਅੱਠਵੀ ਪੋਥੀ*), ਪੰਨਾ 143.
[98] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1110.
[99] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ( ਅੱਠਵੀ ਪੋਥੀ*), ਪੰਨਾ 157-58.

ਸੁਣਿ ਨਾਹ ਪਿਆਰੇ ਇਕ ਬੇਨੰਤੀ ਮੇਰੀ॥

ਤੂ ਨਿਜ ਘਰਿ ਵਸਿਅੜਾ, ਹਉ ਰੁਲਿ ਭਸਮੈ ਢੇਰੀ॥[100]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਤੁਖਾਰੀ ਰਾਗੁ ਵਿਚ ਦਰਜ ਪੰਨਾ 1111-12 ਤੇ ਦਰਜ ਹਨ, "ਹੇ ਪਿਆਰੇ (ਪ੍ਰਭੂ-) ਪਤੀ! ਮੇਰੀ ਇਕ ਬੇਨਤੀ ਸੁਣ—ਤੂੰ ਆਪਣੇ ਘਰ ਵਿਚ ਵੱਸ ਰਿਹਾ ਹੈਂ, ਪਰ ਮੈਂ (ਤੈਥੋਂ ਵਿਛੁੜ ਕੇ ਵਿਕਾਰਾਂ ਵਿਚ) ਖ਼ੁਆਰ ਹੋ ਕੇ ਸੁਆਹ ਦੀ ਢੇਰੀ ਹੋ ਰਹੀ ਹਾਂ।"[101] ਪਰਮਾਤਮਾ ਦੇ ਮਿਲਾਪ ਦੀ ਬੇਨਤੀ ਜੀਤੀ ਜਾ ਰਹੀ ਹੈ।

ਤੁਝ ਤੇ ਬਾਹਰਿ ਕਿਛੂ ਨ ਹੋਇ॥ ਤੂ ਕਰਿ ਕਰਿ ਦੇਖਹਿ ਜਾਣਹਿ ਸੋਇ॥1॥

ਕਿਆ ਕਹੀਐ ਕਿਛੁ ਕਹੀ ਨ ਜਾਇ॥ ਜੋ ਕਿਛੁ ਅਹੈ ਸਭ ਤੇਰੀ ਰਜਾਇ॥1॥ ਰਹਾਉ॥[102]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਭੈਰਉ ਰਾਗੁ ਦੇ ਪੰਨਾ 1125 ਤੇ ਦਰਜ ਹਨ,"ਹੇ ਪ੍ਰਭੂ! ਜਗਤ ਵਿਚ) ਜੋ ਕੁਝ ਹੋ ਰਿਹਾ ਹੈ ਸਭ ਤੇਰੀ ਮਰਜ਼ੀ ਅਨੁਸਾਰ ਹੋ ਰਿਹਾ ਹੈ (ਚਾਹੇ ਉਹ ਜੀਵਾਂ ਵਾਸਤੇ ਸੁਖ ਹੈ ਚਾਹੇ ਦੁੱਖ ਹੈ। ਜੇ ਜੀਵਾਂ ਨੂੰ ਕੋਈ ਕਸ਼ਟ ਮਿਲ ਰਿਹਾ ਹੈ, ਤਾਂ ਭੀ ਉਸ ਦੇ ਵਿਰੁੱਧ ਰੋਸ ਵਜੋਂ) ਅਸੀ ਜੀਵ ਕੀਹ ਆਖ ਸਕਦੇ ਹਾਂ? (ਸਾਨੂੰ ਤੇਰੀ ਰਜ਼ਾ ਦੀ ਸਮਝ ਨਹੀਂ ਹੈ, ਇਸ ਵਾਸਤੇ ਸਾਥੋਂ ਜੀਵਾਂ ਪਾਸੋਂ) ਕੋਈ ਗਿਲਾ ਕੀਤਾ ਨਹੀਂ ਜਾ ਸਕਦਾ (ਕੋਈ ਗਿਲਾ ਫਬਦਾ ਨਹੀਂ ਹੈ)।1।ਰਹਾਉ।"[103] ਗੁਰੂ ਸਾਹਿਬ ਪਰਮਾਤਮਾ ਨੂੰ ਸੰਬੋਧਿਤ ਹੋ ਕੇ ਕਹਿ ਰਹੇ ਹਨ ਕਿ ਅਸਾਂ ਜੀਵਾਂ ਨੇ ਜੇਹੜਾ ਵੀ ਕੋਈ ਤਰਲਾ ਕਰਨਾ ਹੈ ਤੇਰੇ ਪਾਸ ਹੀ ਕਰਨਾ ਹੈ। ਕਿਸੇ ਹੋਰ ਅੱਗੇ ਅਰਜੋਈ ਨਹੀ ਕੀਤੀ ਜਾ ਸਕਦੀ। ਜੋ ਕੁਝ ਧਰਤੀ ਤੇ ਹੋ ਰਿਹਾ ਹੈ ਸਭ ਪਰਮਾਤਮਾ ਦੇ ਭਾਣੇ ਵਿਚ ਹੋ ਰਿਹਾ ਹੈ। ਇਸ ਲਈ ਅਰਦਾਸ ਵੀ ਤੇਰੇ ਅੱਗੇ ਹੀ ਹੋ ਸਕਦੀ ਹੈ।

ਕਰਉ ਬਿਨਉ ਗੁਰ ਅਪਨੇ ਪ੍ਰੀਤਮ ਹਰਿ ਵਰੁ ਆਣਿ ਮਿਲਾਵੈ॥

ਸੁਣਿ ਘਨਘੋਰ ਸੀਤਲੁ ਮਨੁ ਮੋਰਾ ਲਾਲ ਰਤੀ ਗੁਣ ਗਾਵੈ॥[104]

ਇਹ ਤੁਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਲਾਰ ਰਾਗੁ ਵਿਚ ਪੰਨਾ 1254 ਤੇ ਦਰਜਨ ਹਨ,"ਮੈਂ ਆਪਣੇ ਗੁਰੂ ਪ੍ਰੀਤਮ ਅੱਗੇ ਬੇਨਤੀ ਕਰਦੀ ਹਾਂ, (ਗੁਰੂ ਹੀ) ਪਤੀ-ਪ੍ਰਭੂ ਨੂੰ ਲਿਆ ਕੇ ਮਿਲਾ ਸਕਦਾ ਹੈ। (ਜਿਵੇਂ ਵਰਖਾ ਰੁੱਤੇ ਬੱਦਲਾਂ ਦੀ ਗਰਜ ਸੁਣ ਕੇ ਮੋਰ ਪੈਲਾਂ ਪਾਂਦਾ ਹੈ, ਤਿਵੇਂ) ਗੁਰੂ ਦੇ ਸ਼ਬਦ-ਬੱਦਲਾਂ ਦੀ ਗਰਜ ਸੁਣ ਕੇ ਮੇਰਾ ਮਨ ਠੰਢਾ-ਠਾਰ ਹੁੰਦਾ ਹੈ (ਮਨ ਦੀ ਵਿਕਾਰਾਂ ਦੀ ਤਪਸ਼ ਬੁੱਝ ਜਾਂਦੀ ਹੈ, ਮੇਰੀ ਜਿੰਦ) ਪ੍ਰੀਤਮ-ਪ੍ਰਭੂ ਦੇ ਪਿਆਰ ਵਿਚ ਰੰਗੀਜ ਕੇ ਉਸ ਦੀ ਸਿਫ਼ਤਿ-ਸਾਲਾਹ ਕਰਦੀ ਹੈ।"[105] ਪਰਮਾਤਮਾ ਦੇ ਸ਼ਬਦ ਨੂੰ ਸੁਣ ਕੇ ਜੀਅੜਾ ਠੰਢਾ ਹੋ ਜਾਂਦਾ ਹੈ ਅਤੇ ਵਿਕਾਰਾਂ ਦੀ ਅੱਗ ਸ਼ਾਂਤ ਹੋ ਜਾਂਦੀ ਹੈ।ਇਸ ਲਈ ਉਸ ਅੱਗੇ ਹਮੇਸ਼ਾ ਅਰਦਾਸ ਕਰਨੀ ਚਾਹੀਦੀ ਹੈ।

---

[100] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1111-1112.
[101] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ( ਅੱਠਵੀ ਪੋਥੀ)*, ਪੰਨਾ 168.
[102] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1125.
[103] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ( ਅੱਠਵੀ ਪੋਥੀ)*, ਪੰਨਾ 242-43.
[104] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1254.
[105] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਨੌਵੀਂ ਪੋਥੀ)*, ਪੰਨਾ 141.

ਕਲਮਲਿ ਹੋਈ ਮੇਦਨੀ ਅਰਦਾਸਿ ਕਰੇ ਲਿਵ ਲਾਇ॥

ਸਚੈ ਸੁਣਿਆ ਕੰਨੁ ਦੇ ਧੀਰਕ ਦੇਵੈ ਸਹਜਿ ਸੁਭਾਇ॥

ਇੰਦ੍ਰੈ ਨੋ ਫੁਰਮਾਇਆ ਵੁਠਾ ਛਹਬਰ ਲਾਇ॥

ਅਨੁ ਧਨੁ ਉਪਜੈ ਬਹੁ ਘਣਾ ਕੀਮਤਿ ਕਹਣੁ ਨ ਜਾਇ॥

ਨਾਨਕ ਨਾਮੁ ਸਲਾਹਿ ਤੂ ਸਭਨਾ ਜੀਆ ਦੇਦਾ ਰਿਜਕੁ ਸੰਬਾਹਿ॥

ਜਿਤੁ ਖਾਧੈ ਸੁਖੁ ਊਪਜੈ ਫਿਰਿ ਦੂਖੁ ਨ ਲਾਗੈ ਆਇ॥[106]

ਇਹ ਤੀਜੇ ਗੁਰੂ ਅਮਰਦਾਸ ਜੀ ਦੁਆਰਾ ਰਚੀਆਂ ਪੰਕਤੀਆਂ ਪੰਜਵੇਂ ਪਾਤਸ਼ਾਹ ਵੇਲੇ ਰਚੀ ਮਲਾਰ ਰਾਗੁ ਵਿਚ ਪੰਨਾ 1281 ਤੇ ਦਰਜ ਹਨ, "(ਜਦੋਂ) ਧਰਤੀ (ਮੀਂਹ ਖੁਣੋਂ) ਵਿਆਕੁਲ ਹੁੰਦੀ ਹੈ ਤੇ ਇਕ-ਮਨ ਹੋ ਕੇ ਅਰਜ਼ੋਈ ਕਰਦੀ ਹੈ ਤਾਂ ਸਦਾ-ਥਿਰ ਸੱਚਾ ਪ੍ਰਭੂ (ਇਸ ਅਰਜ਼ੋਈ ਨੂੰ) ਗਹੁ ਨਾਲ ਸੁਣਦਾ ਹੈ, ਤੇ, ਸੁਤੇ ਹੀ ਆਪਣੇ ਸਦਾ ਦੇ ਬਣੇ ਸੁਭਾਉ ਅਨੁਸਾਰ (ਧਰਤੀ ਨੂੰ) ਧੀਰਜ ਦੇਂਦਾ ਹੈ; ਇੰਦ੍ਰ ਨੂੰ ਹੁਕਮ ਕਰਦਾ ਹੈ, ਉਹ ਝੜੀ ਲਾ ਕੇ ਵਰਖਾ ਕਰਦਾ ਹੈ; ਬੇਅੰਤ ਅਨਾਜ (-ਰੂਪ) ਧਨ ਪੈਦਾ ਹੁੰਦਾ ਹੈ। (ਪ੍ਰਭੂ ਦੀ ਇਸ ਬਖ਼ਸ਼ਸ਼ ਦਾ) ਮੁੱਲ ਨਹੀਂ ਪਾਇਆ ਜਾ ਸਕਦਾ।ਹੇ ਨਾਨਕ! ਜੋ ਪ੍ਰਭੂ ਸਭ ਜੀਵਾਂ ਨੂੰ ਰਿਜ਼ਕ ਅਪੜਾਂਦਾ ਹੈ ਉਸ ਦਾ ਨਾਮ ਵਡਿਆਓ; ਇਸ ਨਾਮ-ਭੋਜਨ ਦੇ ਖਾਧਿਆਂ ਸੁਖ ਪੈਦਾ ਹੁੰਦਾ ਹੈ (ਸੁਖ ਭੀ ਐਸਾ ਕਿ) ਫਿਰ ਕਦੇ ਦੁੱਖ ਆ ਕੇ ਨਹੀਂ ਲੱਗਦਾ।"[107] ਪਰਮਾਤਮਾ ਹੀ ਸਾਰੀ ਕਾਇਨਾਤ ਨੂੰ ਪੈਦਾ ਕਰਕੇ ਪਾਲ ਰਿਹਾ ਹੈ। ਸਾਰਿਆਂ ਨੂੰ ਰਿਜ਼ਕ ਦੇ ਰਿਹਾ ਹੈ ਉਸਦੇ ਅੱਗੇ ਇਹ ਅਰਜੋਈ ਹੈ ਕਿ ਧੀਰਜ ਦੇਹ।

ਮਨੁ ਤਨੁ ਆਗੈ ਜੀਅੜਾ ਤੁਝ ਪਾਸਿ॥

ਜਿਉ ਭਾਵੈ ਤਿਉ ਰਖਹੁ ਅਰਦਾਸਿ॥[108]

ਇਹ ਪੰਕਤੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਪ੍ਰਭਾਤੀ ਰਾਗੁ ਵਿਚ ਪੰਨਾ 1345 ਤੇ ਦਰਜ ਹਨ, "ਮੈਂ ਤਾਂ ਇਉਂ ਪਰਮਾਤਮਾ ਦੇ ਦਰ ਤੇ) ਅਰਦਾਸ ਕਰਦਾ ਹਾਂ—(ਹੇ ਪ੍ਰਭੂ!) ਮੇਰਾ ਇਹ ਮਨ ਮੇਰਾ ਇਹ ਸਰੀਰ ਤੇਰੇ ਅੱਗੇ ਹਾਜ਼ਰ ਹੈ ਮੇਰੀ ਇਹ ਨਿੱਕੀ ਜਿੰਦ ਭੀ ਤੇਰੇ ਹਵਾਲੇ ਹੈ, ਜਿਵੇਂ ਤੇਰੀ ਰਜ਼ਾ ਹੈ ਮੈਨੂੰ ਉਵੇਂ ਰੱਖ।"[109] ਗੁਰੂ ਨਾਨਕ ਦੇਵ ਜੀ ਆਪਣਾ ਆਪਾ ਪਰਮਾਤਮਾ ਦੇ ਹਵਾਲੇ ਕਰਦੇ ਹੋਏ ਉਸਦੀ ਰਜ਼ਾ ਵਿਚ ਰਹਿਣ ਦੀ ਅਰਦਾਸ ਕਰ ਰਹੇ ਹਨ।

### 5.17 ਸ੍ਰੀ ਗੁਰੂ ਅੰਗਦ ਦੇਵ ਜੀ ਦੀ ਬਾਣੀ ਵਿਚ ਅਰਦਾਸ ਨਾਲ ਸੰਬੰਧਤ ਪੰਕਤੀਆਂ

ਸ੍ਰੀ ਗੁਰੂ ਅੰਗਦ ਦੇਵ ਜੀ ਸਿੱਖਾਂ ਦੇ ਦੂਜੇ ਗੁਰੂ ਹਨ। ਆਪ ਜੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ 1539 ਈ. ਤੋਂ 1552 ਈ. ਤੱਕ ਆਪਣੇ ਜੋਤੀ ਜੋਤਿ ਸਮਾਉਣ ਤੱਕ ਗੁਰਗੱਦੀ ਤੇ ਬਿਰਾਜਮਾਨ ਰਹੇ।ਆਪ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 62 ਸਲੋਕ ਦਰਜ ਹਨ, ਵਾਰਾ ਵਿਚ 63 ਸਲੋਕ ਦਰਜ ਹਨ।

---

[106] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1281.
[107] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਨੌਵੀਂ ਪੋਥੀ)*, ਪੰਨਾ 287.
[108] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1345.
[109] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਨੌਵੀਂ ਪੋਥੀ)*, ਪੰਨਾ 627.

### 5.18 ਪਰਮਾਤਮਾ ਤੱਕ ਪਹੁੰਚਣ ਦਾ ਸਾਧਨ ਕੇਵਲ ਅਰਦਾਸ

ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ॥ ਜੇਹਾ ਜਾਣੈ ਤੇਹੋ ਵਰਤੈ ਵੇਖਹੁ ਕੋ ਨਿਰਜਾਸਿ॥
ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥
ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ॥
ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ॥[110]

ਇਹ ਪੰਕਤੀਆਂ ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਰਚਿਤ ਆਸਾ ਦੀ ਵਾਰ ਦੇ ਪੰਨਾ 474 ਤੇ ਦਰਜ ਹਨ, "ਕੋਈ ਭੀ ਮਨੁੱਖ ਪਰਖ ਕੇ ਵੇਖ ਲਏ, ਕਿਸੇ ਅੰਞਾਣ ਨਾਲ ਲਾਈ ਹੋਈ ਮਿੱਤਰਤਾ ਕਦੇ ਸਿਰੇ ਨਹੀਂ ਚੜ੍ਹਦੀ, ਕਿਉਂਕਿ ਉਸ ਅੰਞਾਣ ਦਾ ਰਵੱਈਆ ਉਹੋ ਜਿਹਾ ਹੀ ਰਹਿੰਦਾ ਹੈ ਜਿਹੋ ਜਹੀ ਉਸ ਦੀ ਸਮਝ ਹੁੰਦੀ ਹੈ; (ਇਸੇ ਤਰ੍ਹਾਂ ਇਸ ਮੂਰਖ ਮਨ ਦੇ ਆਖੇ ਲੱਗਿਆਂ ਕਦੇ ਲਾਭ ਨਹੀਂ ਹੁੰਦਾ, ਇਹ ਮਨ ਆਪਣੀ ਸਮਝ ਅਨੁਸਾਰ ਵਿਕਾਰਾਂ ਵੱਲ ਹੀ ਲਈ ਫਿਰਦਾ ਹੈ)। ਕਿਸੇ ਇਕ ਚੀਜ਼ ਵਿਚ ਕੋਈ ਹੋਰ ਚੀਜ਼ ਤਾਂ ਹੀ ਪੈ ਸਕਦੀ ਹੈ, ਜੇ ਉਸ ਵਿਚੋਂ ਪਹਿਲੀ ਪਈ ਹੋਈ ਚੀਜ਼ ਕੱਢ ਲਈ ਜਾਏ; (ਇਸੇ ਤਰ੍ਹਾਂ ਇਸ ਮਨ ਨੂੰ ਪ੍ਰਭੂ ਵਲ ਜੋੜਨ ਲਈ ਇਹ ਜ਼ਰੂਰੀ ਹੈ ਕਿ ਇਸ ਦਾ ਪਹਿਲਾ ਸੁਭਾਉ ਤਬਦੀਲ ਕੀਤਾ ਜਾਏ)। ਖਸਮ ਨਾਲ ਹੁਕਮ ਕੀਤਾ ਹੋਇਆ ਕਾਮਯਾਬ ਨਹੀਂ ਹੋ ਸਕਦਾ, ਉਸ ਦੇ ਅੱਗੇ ਤਾਂ ਨਿਮ੍ਰਤਾ ਹੀ ਫਬਦੀ ਹੈ।ਹੇ ਨਾਨਕ! ਧੋਖੇ ਦਾ ਕੰਮ ਕੀਤਿਆਂ ਧੋਖਾ ਹੀ ਹੁੰਦਾ ਹੈ, (ਭਾਵ, ਜਿਤਨਾ ਚਿਰ ਮਨੁੱਖ ਦੁਨੀਆ ਦੇ ਧੰਦਿਆਂ ਵਿਚ ਲੱਗਾ ਰਹਿੰਦਾ ਹੈ, ਉਤਨਾ ਚਿਰ ਚਿੰਤਾ ਵਿਚ ਹੀ ਫਸਿਆ ਰਹਿੰਦਾ ਹੈ, ਮਨ) ਪ੍ਰਭੂ ਦੀ ਸਿਫ਼ਤਿ-ਸਾਲਾਹ ਕੀਤਿਆਂ ਹੀ ਖਿੜਾਉ ਵਿਚ ਆਉਂਦਾ ਹੈ।"[111] ਮਨ ਨੂੰ ਬਦਲਣ ਲਈ ਪ੍ਰਭੂ ਦੇ ਚਰਨਾਂ ਵਿਚ ਜੋੜਣਾ ਚਾਹੀਦਾ ਹੈ ਅਤੇ ਨਿਮ੍ਰਤਾ ਵਿਚ ਰਹਿ ਕੇ ਪ੍ਰਭੂ ਅੱਗੇ ਅਰਦਾਸ ਕਰਨੀ ਚਾਹੀਦੀ ਹੈ।

ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ॥
ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ॥[112]

ਇਹ ਪੰਕਤੀਆਂ ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਰਚਿਤ ਆਸਾ ਦੀ ਵਾਰ ਦੇ ਪੰਨਾ 474 ਤੇ ਦਰਜ ਹਨ, "ਹੇ ਨਾਨਕ! ਜਿਸ ਮਾਲਕ ਦਾ ਦਿੱਤਾ ਖਾਈਏ, ਉਸ ਦੀ ਸਦਾ ਵਡਿਆਈ ਕਰਨੀ ਚਾਹੀਦੀ ਹੈ; ਮਾਲਕ ਉੱਤੇ ਹੁਕਮ ਨਹੀਂ ਕੀਤਾ ਜਾ ਸਕਦਾ, ਉਸ ਦੇ ਅੱਗੇ ਅਰਜ਼ ਕਰਨੀ ਹੀ ਫਬਦੀ ਹੈ।"[113] ਜਿਸ ਪਰਮਾਤਮਾ ਦਾ ਦਿੱਤਾ ਅਸੀਂ ਸਭ ਕੁਝ ਵਰਤ ਰਹੇ ਹਾਂ ਉਸਦਾ ਸ਼ੁਕਰਾਨਾ ਜ਼ਰੂਰ ਕਰਨਾ ਚਾਹੀਦਾ ਹੈ ਕਿਉਂਕਿ ਮਾਲਕ ਅੱਗੇ ਹੱਥ ਜੋੜ ਕੇ ਬੇਨਤੀ ਕਰਨੀ ਹੁੰਦੀ ਹੈ ਨਾ ਕਿ ਹੁਕਮ।

ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ॥
ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ॥[114]

---

110 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 474.
111 ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਤੀਜੀ ਪੋਥੀ)*, ਪੰਨਾ 688.
112 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 474.
113 ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਤੀਜੀ ਪੋਥੀ)*, ਪੰਨਾ 688.
114 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1093.

ਇਹ ਪੰਕਤੀਆਂ ਮਾਰੂ ਰਾਗੁ ਦੀ ਵਾਰ ਜੋ ਪਹਿਲੇ ਪਾਤਸ਼ਾਹ ਦੀ ਰਚੀ ਹੈ ਵਿਚ ਦੂਜੇ ਪਾਤਸ਼ਾਹ ਜੀ ਦਾ ਪੰਨਾ 1093 ਤੇ ਇਹ ਸਲੋਕ ਦਰਜ ਹੈ, "ਪ੍ਰਭੂ ਆਪ ਹੀ (ਜੀਵਾਂ ਦੇ ਦਿਲਾਂ ਦੀ) ਜਾਣਦਾ ਹੈ (ਕਿਉਂਕਿ) ਉਹ ਆਪ ਹੀ (ਇਹਨਾਂ ਨੂੰ) ਪੈਦਾ ਕਰਦਾ ਹੈ, ਆਪ ਹੀ (ਜੀਵਾਂ ਦੇ ਕਾਰਜ) ਸਿਰੇ ਚਾੜ੍ਹਦਾ ਹੈ; (ਇਸ ਲਈ) ਹੇ ਨਾਨਕ! ਉਸ ਪ੍ਰਭੂ ਅੱਗੇ ਹੀ ਅਦਬ ਸਰਧਾ ਨਾਲ ਅਰਜ਼ੋਈ ਕਰਨੀ ਚਾਹੀਦੀ ਹੈ।"[115] ਪਰਮਾਤਮਾ ਸਭ ਨੂੰ ਪੈਦਾ ਕਰਨ ਵਾਲਾ ਹੈ ,ਸਭ ਦੇ ਅੰਦਰ ਦੀ ਅਵਸਥਾ ਜਾਣਦਾ ਹੈ ਇਸ ਲਈ ਉਸ ਪਰਮਾਤਮਾ ਅੱਗੇ ਹੀ ਅਰਜੋਈ ਕਰਨੀ ਚਾਹੀਦੀ ਹੈ।

### 5.19 ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਅਰਦਾਸ ਨਾਲ ਸੰਬੰਧਤ ਪੰਕਤੀਆਂ

ਸ੍ਰੀ ਗੁਰੂ ਅਮਰਦਾਸ ਸਿੱਖ ਧਰਮ ਦੇ ਤੀਜੇ ਗੁਰੂ ਹਨ, ਆਪਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਬਾਅਦ 1552 ਈ. ਵਿਚ ਗੁਰਗੱਦੀ ਮਿਲੀ, ਆਪ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਆਪ ਜੀ ਨੇ 17 ਰਾਗਾਂ ਵਿਚ 907 ਸ਼ਬਦ ਰਚੇ ਹਨ।

### 5.20 ਗੁਰੂ ਦੇ ਮਿਲਾਪ ਦੀ ਅਰਦਾਸ

ਹਰਿ ਦਇਆ ਧਾਰਿ ਪ੍ਰਭ ਬੇਨਤੀ ਹਰਿ ਹਰਿ ਚੇਤਾਇਆ॥
ਜਨ ਨਾਨਕੁ ਮੰਗੈ ਧੂੜਿ ਤਿਨ ਜਿਨ ਸਤਿਗੁਰੁ ਪਾਇਆ॥[116]

ਇਹ ਪੰਕਤੀਆਂ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 163 ਤੇ ਦਰਜ ਹਨ, "ਹੇ ਹਰੀ! ਹੇ ਪ੍ਰਭੂ! ਮਿਹਰ ਕਰ, (ਮੇਰੀ) ਬੇਨਤੀ (ਸੁਣ), (ਮੈਨੂੰ) ਆਪਣੇ ਨਾਮ ਦਾ ਸਿਮਰਨ ਦੇਹ। (ਹੇ ਪ੍ਰਭੂ! ਤੇਰਾ) ਦਾਸ ਨਾਨਕ (ਤੇਰੇ ਦਰ ਤੋਂ) ਉਹਨਾਂ ਮਨੁੱਖਾਂ ਦੇ ਚਰਨਾਂ ਦੀ ਧੂੜ ਮੰਗਦਾ ਹੈ ਜਿਨ੍ਹਾਂ ਨੂੰ (ਤੇਰੀ ਮਿਹਰ ਨਾਲ) ਗੁਰੂ ਮਿਲ ਪਿਆ ਹੈ।"[117] ਗੁਰੂ ਸਾਹਿਬ ਨਾਮ ਸਿਮਰਨ ਲਈ ਬੇਨਤੀ ਕਰ ਰਹੇ ਹਨ ਉਹਨਾਂ ਮਨੁੱਖਾਂ ਦੇ ਚਰਨਾਂ ਦੀ ਧੂੜ ਦੀ ਮੰਗ ਵੀ ਕੀਤੀ ਹੈ ਜੋ ਗੁਰੂ ਨੂੰ ਮਿਲ ਪਏ ਹਨ।

॥ ਸਭੁ ਕੋ ਤੇਰਾ ਤੂੰ ਸਭਸੁ ਦਾ ਤੂੰ ਸਭਨਾ ਰਾਸਿ॥
ਸਭਿ ਤੁਧੈ ਪਾਸਹੁ ਮੰਗਦੇ ਨਿਤ ਕਰਿ ਅਰਦਾਸਿ॥
ਜਿਸ ਤੂੰ ਦੇਹਿ ਤਿਸੁ ਸਭੁ ਕਿਛੁ ਮਿਲੈ ਇਕਨਾ ਦੂਰਿ ਹੈ ਪਾਸਿ॥
ਤੁਧੁ ਬਾਝਹੁ ਥਾਉ ਕੋ ਨਾਹੀ ਜਿਸੁ ਪਾਸਹੁ ਮੰਗੀਐ ਮਨਿ ਵੇਖਹੁ ਕੋ ਨਿਰਜਾਸਿ॥
ਸਭਿ ਤੁਧੈ ਨੋ ਸਾਲਾਹਦੇ ਦਰਿ ਗੁਰਮੁਖਾ ਨੋ ਪਰਗਾਸਿ॥[118]

ਇਹ ਪੰਕਤੀਆਂ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਰਚਿਤ ਸਿਰੀਰਾਗੁ ਦੀ ਬਾਰ ਜੋ ਕਿ ਗੁਰੂ ਰਾਮਦਾਸ ਜੀ ਦੀ ਰਚੀ ਹੋਈ ਹੈ ਉਸ ਵਿਚ ਪੰਨਾ 86 ਤੇ ਦਰਜ ਹਨ, "ਹਰੇਕ ਜੀਵ ਤੇਰਾ (ਬਣਾਇਆ ਹੋਇਆ ਹੈ) ਤੂੰ ਸਭ ਦਾ (ਮਾਲਕ ਹੈਂ ਅਤੇ) ਸਭਨਾਂ ਦਾ ਖ਼ਜ਼ਾਨਾ ਹੈਂ (ਭਾਵ, ਰਾਜ਼ਕ ਹੈਂ) ਇਸੇ ਕਰ ਕੇ

---

[115] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਅੱਠਵੀਂ ਪੋਥੀ)*, ਪੰਨਾ 35.
[116] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 163.
[117] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ)*, ਪੰਨਾ 35.
[118] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 86.

ਸਦਾ ਜੋਦੜੀਆਂ ਕਰਕੇ ਸਾਰੇ ਜੀਵ ਤੇਰੇ ਪਾਸੋਂ ਹੀ ਦਾਨ ਮੰਗਦੇ ਹਨ। ਜਿਸ ਨੂੰ ਤੂੰ ਦਾਤਿ ਦੇਂਦਾ ਹੈਂ, ਉਸ ਨੂੰ ਸਭ ਕੁਝ ਮਿਲ ਜਾਂਦਾ ਹੈ (ਭਾਵ, ਉਸ ਦੀ ਭਟਕਣਾ ਦੂਰ ਹੋ ਜਾਂਦੀ ਹੈ)। (ਪਰ ਜੋ ਹੋਰ ਦਰ ਢੂੰਡਦੇ ਹਨ, ਉਹਨਾਂ ਦੇ) ਤੂੰ ਨਿਕਟ-ਵਰਤੀ ਹੁੰਦਾ ਹੋਇਆ ਭੀ (ਉਹਨਾਂ ਨੂੰ) ਦੂਰਿ ਪ੍ਰਤੀਤ ਹੋ ਰਿਹਾ ਹੈਂ। ਕੋਈ ਧਿਰ ਭੀ ਮਨ ਵਿਚ ਨਿਰਨਾ ਕਰ ਕੇ ਵੇਖ ਲਏ (ਹੇ ਹਰੀ!) ਤੇਥੋਂ ਬਿਨਾ ਹੋਰ ਕੋਈ ਟਿਕਾਣਾ ਨਹੀਂ, ਜਿਥੋਂ ਕੁਝ ਮੰਗ ਸਕੀਏ। (ਉਂਞ ਤਾਂ) ਸਾਰੇ ਜੀਵ ਤੇਰੀ ਹੀ ਵਡਿਆਈ ਕਰ ਰਹੇ ਹਨ, (ਪਰ) (ਜੋ ਜੀਵ) ਗੁਰੂ ਦੇ ਸਨਮੁਖ ਰਹਿੰਦੇ ਹਨ (ਉਹਨਾਂ ਨੂੰ) (ਤੂੰ ਆਪਣੀ ਦਰਗਾਹ ਵਿਚ ਪਰਗਟ ਕਰਦਾ ਹੈਂ)।"[119] ਹਰੇਕ ਜੀਵ ਤੇਰਾ ਹੀ ਬਣਾਇਆ ਹੋਇਆ ਹੈ ਤੇਰੇ ਪਾਸੋਂ ਹੀ ਅਰਦਾਸਾ ਰਾਹੀਂ ਦਾਤਾਂ ਮੰਗਦਾ ਹੈ, ਤੈਥੋਂ ਬਿਨਾਂ ਹੋਰ ਕਿਤੋਂ ਮੰਗ ਨਹੀਂ ਸਕਦੇ।

ਸਚੋ ਸਚੁ ਕਮਾਵਣਾ ਵਡਿਆਈ ਵਡੇ ਪਾਸਿ॥
ਜੀਉ ਪਿੰਡੁ ਸਭੁ ਤਿਸ ਕਾ ਸਿਫਤਿ ਕਰੇ ਅਰਦਾਸਿ॥
ਸਚੈ ਸਬਦਿ ਸਾਲਾਹਣਾ ਸੁਖੇ ਸੁਖਿ ਨਿਵਾਸੁ॥[120]

ਇਹ ਪੰਕਤੀਆਂ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਰਚਿਤ ਸਿਰੀਰਾਗੁ ਦੀ ਵਾਰ ਜੋ ਕਿ ਗੁਰੂ ਰਾਮਦਾਸ ਜੀ ਦੀ ਰਚੀ ਹੋਈ ਹੈ ਵਿਚ ਪੰਨਾ 86 ਤੇ ਦਰਜ ਹਨ, "ਉਹ ਨਿਰੋਲ ਸਦਾ-ਥਿਰ ਨਾਮ ਸਿਮਰਨ ਦੀ ਕਮਾਈ ਕਰਦਾ ਹੈ, (ਇਸ ਕਰਕੇ) ਪ੍ਰਭੂ ਦੀ ਦਰਗਾਹ ਵਿਚ (ਉਸ ਨੂੰ) ਆਦਰ ਮਿਲਦਾ ਹੈ। ਜਿੰਦ ਤੇ ਸਰੀਰ ਸਭ ਕੁਝ ਪ੍ਰਭੂ ਦਾ (ਜਾਣ ਕੇ ਉਹ ਪ੍ਰਭੂ ਅੱਗੇ) ਬੇਨਤੀ ਤੇ ਸਿਫ਼ਤਿ-ਸਾਲਾਹ ਕਰਦਾ ਹੈ। ਸ਼ਬਦ ਦੀ ਰਾਹੀਂ ਉਹ ਸਦਾ-ਥਿਰ ਪ੍ਰਭੂ ਦੀ ਸਿਫ਼ਤਿ ਕਰਦਾ ਹੈ, ਤੇ ਹਰ ਵੇਲੇ ਆਤਮਕ ਆਨੰਦ ਵਿਚ ਲੀਨ ਰਹਿੰਦਾ ਹੈ। ਪ੍ਰਭੂ ਦੀ ਸਿਫ਼ਤਿ-ਸਾਲਾਹ ਮਨ ਵਿਚ ਵਸਾਣੀ—ਇਹੀ ਉਸ ਲਈ ਜਪ ਤਪ ਤੇ ਸੰਜਮ ਹੈ ਤੇ ਨਾਮ ਤੋਂ ਸੱਖਣਾ ਜੀਵਨ (ਉਸ ਨੂੰ) ਫਿਟਕਾਰ-ਜੋਗ (ਪ੍ਰਤੀਤ ਹੁੰਦਾ ਹੈ)।"[121] ਸਭ ਕੁਝ ਪਰਮਾਤਮਾ ਦਾ ਦਿੱਤਾ ਜਾਣ ਕੇ ਉਸਦੀ ਸਿਫਤ ਸਲਾਹ ਕਰਨੀ ਚਾਹੀਦੀ ਹੈ ਅਤੇ ਉਸਦੇ ਸ਼ੁਕਰਾਨੇ ਵਿਚ ਬੇਨਤੀਆਂ ਕਰਨੀਆਂ ਚਾਹੀਦੀਆ ਹਨ।

ਸਾ ਧਨ ਬਿਨਉ ਕਰੇ ਜੀਉ ਹਰਿ ਕੇ ਗੁਣ ਸਾਰੇ॥
ਖਿਨੁ ਪਲੁ ਰਹਿ ਨ ਸਕੈ ਜੀਉ ਬਿਨੁ ਹਰਿ ਪਿਆਰੇ॥
ਬਿਨੁ ਹਰਿ ਪਿਆਰੇ ਰਹਿ ਨ ਸਾਕੈ ਗੁਰ ਬਿਨੁ ਮਹਲੁ ਨ ਪਾਈਐ॥[122]

ਇਹ ਪੰਕਤੀਆਂ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਰਚਿਤ ਗਉੜੀ ਰਾਗੁ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 243 ਤੇ ਦਰਜ ਹੈ, "ਜੀਵ-ਇਸਤ੍ਰੀ ਦੇ ਹਿਰਦੇ ਵਿਚ ਪ੍ਰਭੂ-ਮਿਲਾਪ ਦੀ ਤਾਂਘ ਪੈਦਾ ਹੁੰਦੀ ਹੈ, ਉਹ) ਜੀਵ-ਇਸਤ੍ਰੀ (ਪ੍ਰਭੂ-ਦਰ ਤੇ) ਬੇਨਤੀ ਕਰਦੀ ਹੈ ਤੇ ਪਰਮਾਤਮਾ ਦੇ ਗੁਣ (ਆਪਣੇ ਹਿਰਦੇ ਵਿਚ) ਸੰਭਾਲਦੀ ਹੈ, ਪਿਆਰੇ ਪਰਮਾਤਮਾ (ਦੇ ਦਰਸਨ) ਤੋਂ ਬਿਨਾ ਉਹ ਇਕ ਖਿਨ ਭਰ ਇਕ ਪਲ ਭਰ

---

[119] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ),* ਪੰਨਾ 549.
[120] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 86.
[121] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ),* ਪੰਨਾ 549.
[122] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 243.

(ਸ਼ਾਂਤ-ਚਿੱਤ) ਨਹੀਂ ਰਹਿ ਸਕਦੀ। ਪਿਆਰੇ ਪਰਮਾਤਮਾ ਦੇ ਦਰਸਨ ਤੋਂ ਬਿਨਾ ਉਹ (ਸ਼ਾਂਤ-ਚਿੱਤ) ਨਹੀਂ ਰਹਿ ਸਕਦੀ। ਪਰ ਪਰਮਾਤਮਾ ਦਾ ਟਿਕਾਣਾ ਗੁਰੂ ਤੋਂ ਬਿਨਾਂ ਲੱਭ ਨਹੀਂ ਸਕਦਾ।"[123] ਮਨੁੱਖ ਨੂੰ ਆਪਣੇ ਹਿਰਦੇ ਵਿਚ ਪਰਮਾਤਮਾ ਦੇ ਗੁਣ ਸੰਭਾਲਣੇ ਚਾਹੀਦੇ ਹਨ, ਉਸਦਾ ਵਿਛੋੜਾ ਵਿਆਕੁਲ ਕਰਦਾ ਹੈ ਪਰ ਗੁਰੂ ਤੋਂ ਬਿਨਾਂ ਪਰਮਾਤਮਾ ਦੀ ਪ੍ਰਾਪਤੀ ਅਸੰਭਵ ਹੈ।ਇਸ ਲਈ ਉਸ ਅੱਗੇ ਅਰਦਾਸ ਹੀ ਕਰਨੀ ਬਣਦੀ ਹੈ।

### 5.21 ਪਰਮਾਤਮਾ ਅੱਗੇ ਵਿਛੋੜੇ ਵਿਚੋਂ ਕੱਢਣ ਦੀ ਅਰਦਾਸ

ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ॥
ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ॥
ਪਾਣੀ ਅੰਨੁ ਨ ਭਾਵੈ ਮਰੀਐ ਹਾਵੈ ਬਿਨੁ ਪਿਰ ਕਿਉ ਸੁਖੁ ਪਾਈਐ॥
ਗੁਰ ਆਗੈ ਕਰਉ ਬਿਨੰਤੀ ਜੇ ਗੁਰ ਭਾਵੈ ਜਿਉ ਮਿਲੈ ਤਿਵੈ ਮਿਲਾਈਐ॥
ਆਪੇ ਮੇਲਿ ਲਏ ਸੁਖਦਾਤਾ ਆਪਿ ਮਿਲਿਆ ਘਰਿ ਆਏ॥
ਨਾਨਕ ਕਾਮਣਿ ਸਦਾ ਸੁਹਾਗਣਿ ਨਾ ਪਿਰੁ ਮਰੈ ਨ ਜਾਏ॥[124]

ਇਹ ਪੰਕਤੀਆਂ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਰਚਿਤ ਗਉੜੀ ਰਾਗੁ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 244-45 ਤੇ ਦਰਜ ਹੈ, "ਹੇ ਮੇਰੇ ਪ੍ਰੀਤਮ ਪ੍ਰਭੂ ਜੀ! ਮੈਨੂੰ ਮਿਲ, ਤੈਥੋਂ ਬਿਨਾ ਮੈਂ ਬੁਹਤ ਆਜਿਜ਼ ਹਾਂ। (ਹੇ ਪ੍ਰੀਤਮ ਜੀ!) ਤੈਥੋਂ ਬਿਨਾ ਮੇਰੀਆਂ ਅੱਖਾਂ ਵਿਚ ਨੀਂਦ ਨਹੀਂ ਆਉਂਦੀ, ਮੈਨੂੰ ਨਾਹ ਅੰਨ ਚੰਗਾ ਲੱਗਦਾ ਹੈ ਨਾਹ ਪਾਣੀ। (ਹੇ ਮਾਂ! ਪ੍ਰੀਤਮ-ਪ੍ਰਭੂ ਦੇ ਵਿਛੋੜੇ ਵਿਚ) ਅੰਨ ਪਾਣੀ ਚੰਗਾ ਨਹੀਂ ਲੱਗਦਾ, ਹਾਹੁਕਿਆਂ ਵਿਚ ਜਿੰਦ ਦੁੱਖੀ ਹੁੰਦੀ ਹੈ, ਪਤੀ-ਪ੍ਰਭੂ ਤੋਂ ਬਿਨਾ ਆਤਮਕ ਆਨੰਦ ਪ੍ਰਾਪਤ ਨਹੀਂ ਹੁੰਦਾ।(ਹੇ ਮਾਂ!) ਮੈਂ ਗੁਰੂ ਅੱਗੇ ਬੇਨਤੀ ਕਰਦੀ ਹਾਂ—ਹੇ ਗੁਰੂ! ਜੇ ਤੈਨੂੰ ਮੇਰੀ ਬੇਨਤੀ ਚੰਗੀ ਲੱਗੇ, ਤਾਂ ਜਿਵੇਂ ਹੋ ਸਕੇ ਮੈਨੂੰ (ਪ੍ਰੀਤਮ-ਪ੍ਰਭੂ) ਮਿਲਾ।(ਹੇ ਮਾਂ!) ਸਾਰੇ ਸੁਖਾਂ ਦੇ ਦੇਣ ਵਾਲਾ ਪ੍ਰਭੂ-ਪ੍ਰੀਤਮ (ਜਿਸ ਨੂੰ ਮਿਲਾਂਦਾ ਹੈ) ਆਪ ਹੀ ਮਿਲਾ ਲੈਂਦਾ ਹੈ, ਉਸ ਦੇ ਹਿਰਦੇ-ਘਰ ਵਿਚ ਆਪ ਹੀ ਆ ਕੇ ਮਿਲ ਪੈਂਦਾ ਹੈ। ਹੇ ਨਾਨਕ! ਉਹ ਜੀਵ-ਇਸਤ੍ਰੀ ਸਦਾ ਲਈ ਭਾਗਾਂ ਵਾਲੀ ਹੋ ਜਾਂਦੀ ਹੈ ਕਿਉਂਕਿ ਉਸ ਦਾ (ਇਹ ਪ੍ਰਭੂ-) ਖਸਮ ਨਾਹ ਕਦੇ ਮਰਦਾ ਹੈ ਨਾਹ ਉਸ ਤੋਂ ਵਿੱਛੜਦਾ ਹੈ।" [125] ਇਸ ਵਿਚ ਪਰਮਾਤਮਾ ਨੂੰ ਮਿਲਾਉਣ ਲਈ ਗੁਰੂ ਅੱਗੇ ਬੇਨਤੀ ਕੀਤੀ ਗਈ ਹੈ ਜਿਹੜਾ ਕਿ ਨਾ ਜੰਮਦਾ ਹੈ ਨਾ ਮਰਦਾ ਹੈ।

ਆਵਹੁ ਦਇਆ ਕਰੇ ਜੀਉ ਪ੍ਰੀਤਮ ਅਤਿ ਪਿਆਰੇ॥
ਕਾਮਣਿ ਬਿਨਉ ਕਰੇ ਜੀਉ ਸਚਿ ਸਬਦਿ ਸੀਗਾਰੇ॥
ਸਚਿ ਸਬਦਿ ਸੀਗਾਰੇ ਹਉਮੈ ਮਾਰੇ ਗੁਰਮੁਖਿ ਕਾਰਜ ਸਵਾਰੇ॥
ਜੁਗਿ ਜੁਗਿ ਏਕੋ ਸਚਾ ਸੋਈ ਬੂਝੈ ਗੁਰ ਬੀਚਾਰੇ॥
ਮਨਮੁਖਿ ਕਾਮਿ ਵਿਆਪੀ ਮੋਹਿ ਸੰਤਾਪੀ ਕਿਸੁ ਆਗੈ ਜਾਇ ਪੁਕਾਰੇ॥

---

[123] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ)*, ਪੰਨਾ 449.
[124] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 244-245.
[125] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ)*, ਪੰਨਾ 481.

ਨਾਨਕ ਮਨਮੁਖਿ ਥਾਉ ਨ ਪਾਏ ਬਿਨੁ ਗੁਰ ਅਤਿ ਪਿਆਰੇ॥[126]

ਇਹ ਪੰਕਤੀਆਂ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਰਚਿਤ ਗਉੜੀ ਰਾਗੁ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 243 ਤੇ ਦਰਜ ਹੈ, "ਜੀਵ-ਇਸਤ੍ਰੀ ਜੇਹੜੀ ਸਦਾ-ਥਿਰ ਪ੍ਰਭੂ ਦੇ ਨਾਮ ਨਾਲ ਤੇ ਗੁਰੂ ਦੇ ਸ਼ਬਦ ਨਾਲ ਆਪਣੇ ਆਤਮਕ ਜੀਵਨ ਨੂੰ ਸੋਹਣਾ ਬਣਾ ਕੇ (ਪ੍ਰਭੂ-ਦਰ ਤੇ) ਬੇਨਤੀ ਕਰਦੀ ਹੈ (ਤੇ ਆਖਦੀ ਹੈ—) ਹੇ ਅਤਿ ਪਿਆਰੇ ਪ੍ਰੀਤਮ ਜੀ! ਮਿਹਰ ਕਰ ਕੇ (ਮੇਰੇ ਹਿਰਦੇ ਵਿਚ) ਆ ਵੱਸੋ। ਜੇਹੜੀ ਜੀਵ-ਇਸਤ੍ਰੀ ਸਦਾ-ਥਿਰ ਪ੍ਰਭੂ ਦੇ ਨਾਮ ਨਾਲ ਗੁਰੂ ਦੇ ਸ਼ਬਦ ਨਾਲ ਆਪਣੇ ਜੀਵਨ ਨੂੰ ਸੋਹਣਾ ਬਣਾ ਲੈਂਦੀ ਹੈ, ਉਹ ਆਪਣੇ ਅੰਦਰੋਂ ਹਉਮੈ ਦੂਰ ਕਰ ਲੈਂਦੀ ਹੈ, ਗੁਰੂ ਦੀ ਸਰਨ ਪੈ ਕੇ ਉਹ ਆਪਣੇ ਸਾਰੇ ਕਾਰਜ ਸਵਾਰ ਲੈਂਦੀ ਹੈ, ਉਹ ਜੀਵ-ਇਸਤ੍ਰੀ ਗੁਰੂ ਦੀ ਬਖ਼ਸ਼ੀ ਵਿਚਾਰ ਦੀ ਬਰਕਤਿ ਨਾਲ ਉਸ ਪਰਮਾਤਮਾ ਨਾਲ ਸਾਂਝ ਪਾ ਲੈਂਦੀ ਹੈ ਜੇਹੜਾ ਹਰੇਕ ਜੁਗ ਵਿਚ ਹੀ ਸਦਾ ਕਾਇਮ ਰਹਿਣ ਵਾਲਾ ਹੈ।(ਪਰ) ਆਪਣੇ ਮਨ ਦੇ ਪਿੱਛੇ ਤੁਰਨ ਵਾਲੀ ਜੀਵ-ਇਸਤ੍ਰੀ ਕਾਮ-ਵਾਸਨਾ ਵਿਚ ਦਬਾਈ ਰਹਿੰਦੀ ਹੈ, ਮੋਹ ਵਿਚ ਫਸ ਕੇ ਦੁੱਖੀ ਹੁੰਦੀ ਹੈ। ਉਹ ਕਿਸ ਅੱਗੇ ਜਾ ਕੇ (ਆਪਣੇ ਦੁੱਖਾਂ ਦੀ) ਪੁਕਾਰ ਕਰੇ? (ਕੋਈ ਉਸ ਦੇ ਇਹ ਦੁੱਖ ਦੂਰ ਨਹੀਂ ਕਰ ਸਕਦਾ)। ਹੇ ਨਾਨਕ! ਅਤਿ ਪਿਆਰੇ ਗੁਰੂ ਤੋਂ ਬਿਨਾ ਆਪਣੇ ਮਨ ਦੇ ਪਿੱਛੇ ਤੁਰਨ ਵਾਲੀ ਜੀਵ-ਇਸਤ੍ਰੀ (ਪ੍ਰਭੂ-ਚਰਨਾਂ ਵਿਚ) ਥਾਂ ਹਾਸਲ ਨਹੀਂ ਕਰ ਸਕਦੀ।"[127] ਪਰਮਾਤਮਾ ਅੱਗੇ ਹਿਰਦੇ ਵਿਚ ਵੱਸਣ ਲਈ ਬੇਨਤੀ ਗੁਰੂ ਸਾਹਿਬ ਕਰ ਰਹੇ ਹਨ, ਗੁਰੂ ਦੇ ਪਿੱਛੇ ਤੁਰਿਆਂ ਹੀ ਭਵਜਲ ਤਰ ਜਾਈਦਾ ਹੈ।

ਤਿਸੁ ਆਗੈ ਅਰਦਾਸਿ ਜਿਨਿ ਉਪਾਇਆ॥
ਸਤਿਗੁਰੁ ਅਪਣਾ ਸੇਵਿ ਸਭ ਫਲ ਪਾਇਆ॥[128]

ਇਹ ਪੰਕਤੀਆਂ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਰਚਿਤ ਗੂਜਰੀ ਕੀ ਵਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 517 ਤੇ ਦਰਜ ਹੈ, "ਜਿਸ ਪ੍ਰਭੂ ਨੇ 'ਭਾਉ ਦੂਜਾ' ਪੈਦਾ ਕੀਤਾ ਹੈ ਜੇ ਉਸ ਦੀ ਹਜ਼ੂਰੀ ਵਿਚ ਅਰਦਾਸ ਕਰੀਏ, ਜੇ ਸਤਿਗੁਰੂ ਦੇ ਹੁਕਮ ਵਿਚ ਤੁਰੀਏ ਤਾਂ (ਮਾਨੋ) ਸਾਰੇ ਫਲ ਮਿਲ ਜਾਂਦੇ ਹਨ।"[129] ਜੇ ਪਰਮਾਤਮਾ ਦੀ ਭਾਣੇ ਵਿਚ ਰਹਿ ਕੇ ਅਰਦਾਸ ਕਰੀਏ ਤਾਂ ਸਾਰੇ ਕਾਰਜ ਰਾਸ ਹੁੰਦੇ ਹਨ।

ਪ੍ਰਭ ਪਾਸਿ ਜਨ ਕੀ ਅਰਦਾਸਿ ਤੂ ਸਚਾ ਸਾਂਈ॥
ਤੂ ਰਖਵਾਲਾ ਸਦਾ ਸਦਾ ਹਉ ਤੁਧੁ ਧਿਆਈ॥[130]

ਇਹ ਪੰਕਤੀਆਂ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਰਚਿਤ ਗੁਜਰੀ ਕੀ ਵਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 517 ਤੇ ਦਰਜ ਹੈ, "ਪ੍ਰਭੂ ਦੇ ਸੇਵਕ ਦੀ ਅਰਦਾਸਿ ਪ੍ਰਭੂ ਦੀ ਹਜ਼ੂਰੀ ਵਿਚ (ਇਉਂ ਹੁੰਦੀ) ਹੈ—(ਹੇ ਪ੍ਰਭੂ!) ਤੂੰ ਸਦਾ ਰਹਿਣ ਵਾਲਾ ਮਾਲਕ ਹੈਂ, ਤੂੰ ਸਦਾ ਹੀ ਰਾਖਾ ਹੈਂ, ਮੈਂ ਤੈਨੂੰ ਸਿਮਰਦਾ ਹਾਂ।"[131]

---

[126] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 345.
[127] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ)*, ਪੰਨਾ 884.
[128] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 517.
[129] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ)*, ਪੰਨਾ 130
[130] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 517.
[131] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ)*, ਪੰਨਾ 131

ਤੂ ਇਕੋ ਦਾਤਾ ਸਭਸ ਦਾ ਹਰਿ ਪਹਿ ਅਰਦਾਸਿ॥

ਜਿਸ ਦੀ ਤੁਧੁ ਭਾਵੈ ਤਿਸ ਦੀ ਤੂ ਮੰਨਿ ਲੈਹਿ ਸੋ ਜਨੁ ਸਾਬਾਸਿ॥

ਸਭੁ ਤੇਰਾ ਚੋਜੁ ਵਰਤਦਾ ਦੁਖੁ ਸੁਖੁ ਤੁਧੁ ਪਾਸਿ॥[132]

ਇਹ ਪੰਕਤੀਆਂ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਰਚਿਤ ਬਿਹਾਗੜੇ ਦੀ ਵਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 549 ਤੇ ਦਰਜ ਹੈ,"ਤੂੰ ਇਕੱਲਾ ਆਪ ਸਭਨਾਂ ਦਾ ਦਾਤਾ ਹੈਂ (ਇਸ ਕਰ ਕੇ) ਹੇ ਹਰੀ! (ਸਭ ਜੀਵਾਂ ਦੀ) ਤੇਰੇ ਅੱਗੇ ਹੀ ਬੇਨਤੀ ਹੁੰਦੀ ਹੈ। ਜਿਸਦੀ ਬੇਨਤੀ ਤੈਨੂੰ ਚੰਗੀ ਲਗੇ, ਉਸਦੀ ਤੂੰ ਪ੍ਰਵਾਨ ਕਰ ਲੈਂਦਾ ਹੈਂ ਤੇ ਉਸ ਮਨੁੱਖ ਨੂੰ ਸ਼ਾਬਾਸ਼ੇ ਮਿਲਦੀ ਹੈ। ਇਹ ਸਾਰਾ ਤੇਰਾ ਹੀ ਕੌਤਕ ਵਰਤ ਰਿਹਾ ਹੈ, (ਸਭਨਾਂ ਦਾ) ਦੁੱਖ ਤੇ ਸੁਖ (ਦਾ ਤਰਲਾ) ਤੇਰੇ ਕੋਲ ਹੀ ਹੁੰਦਾ ਹੈ।"[133] ਤੀਜੇ ਪਾਤਸ਼ਾਹ ਦੱਸ ਰਹੇ ਹਨ ਕਿ ਪਰਮਾਤਮਾ ਅੱਗੇ ਹੀ ਅਰਦਾਸ ਹੋ ਸਕਦੀ ਹੈ ਜਿਸਦੀ ਉਸਨੂੰ ਚੰਗੀ ਲੱਗੇ ਉਸਦੀ ਮੰਨ ਲੈਂਦਾ ਹੈ ਇਹ ਸਭ ਉਸਦੇ ਚੋਜ ਹਨ।

### 5.22 ਜਗਤ ਦੀ ਅਗਨੀ ਤੋਂ ਬਚਾਉਣ ਲਈ ਅਰਦਾਸ

ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਹਰਿ ਸਰਣਾਈ ਰਾਮ॥

ਅਰਦਾਸਿ ਕਰੀਂ ਗੁਰ ਪੂਰੇ ਆਗੈ ਰਖਿ ਲੇਵਹੁ ਦੇਹੁ ਵਡਾਈ ਰਾਮ॥

ਰਖਿ ਲੇਵਹੁ ਸਰਣਾਈ ਹਰਿਨਾਮੁ ਵਡਾਈ ਤੁਧੁ ਜੇਵਡੁ ਅਵਰੁ ਨ ਦਾਤਾ॥[134]

ਇਹ ਪੰਕਤੀਆਂ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਰਚਿਤ ਵਡਹੰਸ ਰਾਗੁ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 571 ਤੇ ਦਰਜ ਹੈ, "ਹੇ ਭਾਈ! ਇਸ ਸੰਸਾਰ ਨੂੰ (ਵਿਕਾਰਾਂ ਵਿਚ) ਸੜਦਾ ਵੇਖ ਕੇ (ਜੇਹੜੇ ਮਨੁੱਖ) ਦੌੜ ਕੇ ਪਰਮਾਤਮਾ ਦੀ ਸਰਨ ਜਾ ਪੈਂਦੇ ਹਨ (ਉਹ ਸੜਨੋਂ ਬਚ ਜਾਂਦੇ ਹਨ)। ਮੈਂ (ਭੀ) ਪੂਰੇ ਗੁਰੂ ਅੱਗੇ ਅਰਜ਼ੋਈ ਕਰਦਾ ਹਾਂ—ਮੈਨੂੰ (ਵਿਕਾਰਾਂ ਦੀ ਸੜਨ ਤੋਂ) ਬਚਾ ਲੈ, ਮੈਨੂੰ (ਇਹ) ਵਡਿਆਈ ਬਖ਼ਸ਼। ਮੈਨੂੰ ਆਪਣੀ ਸਰਨ ਵਿਚ ਰੱਖ ਪਰਮਾਤਮਾ ਦਾ ਨਾਮ ਜਪਣ ਦੀ ਵਡਿਆਈ ਬਖ਼ਸ਼। ਇਹ ਦਾਤਿ ਬਖ਼ਸ਼ਣ ਦੀ ਸਮਰੱਥਾ ਰੱਖਣ ਵਾਲਾ ਤੇਰੇ ਜੇਡਾ ਹੋਰ ਕੋਈ ਨਹੀਂ।"[135] ਪਰਮਾਤਮਾ ਅੱਗੇ ਵਿਕਾਰਾਂ ਤੋਂ ਬਚਾਉਣ ਦੀ ਅਰਦਾਸ ਕੀਤੀ ਗਈ ਹੈ। ਇਹ ਬਖਸ਼ਿਸ਼ ਪਰਮਾਤਮਾ ਆਪ ਹੀ ਕਰ ਸਕਦਾ ਹੈ।

ਜਮ ਪੁਰਿ ਬਧੇ ਮਾਰੀਅਹਿ ਕੋ ਨ ਸੁਣੇ ਅਰਦਾਸਿ॥

ਨਾਨਕ ਪੂਰਬਿ ਲਿਖਿਆ ਕਮਾਵਣਾ ਗੁਰਮੁਖਿ ਨਾਮਿ ਨਿਵਾਸੁ॥[136]

ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਰਚਿਤ ਇਹ ਪੰਕਤੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਡਹੰਸ ਕੀ ਵਾਰ ਵਿਚ ਪੰਨਾ 586 ਤੇ ਦਰਜ ਹਨ, "ਇਸ ਵਾਸਤੇ ਮਨਮੁਖ ਮਨੁੱਖ ਜਮਪੁਰੀ ਵਿਚ ਬੱਧੇ ਮਾਰ ਖਾਂਦੇ ਹਨ ਤੇ ਉਹਨਾਂ ਦੀ ਕੋਈ ਪੁਕਾਰ ਨਹੀਂ ਸੁਣਦਾ, "ਹੇ ਨਾਨਕ! (ਇਹ ਕਿਸੇ ਦੇ ਵੱਸ ਦੀ ਗੱਲ ਨਹੀਂ) ਮੁੱਢ ਤੋਂ (ਕੀਤੇ ਕਰਮਾਂ-ਅਨੁਸਾਰ) ਲਿਖਿਆ ਲੇਖ ਜੀਵ ਕਮਾਉਂਦੇ ਹਨ (ਭਾਵ, ਪਿਛਲੇ ਕੀਤੇ ਕਰਮਾਂ ਦੇ

---

132 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 549.
133 ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ)*, ਪੰਨਾ 289.
134 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 571.
135 ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ)*, ਪੰਨਾ 388.
136 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 586.

ਸੰਸਕਾਰਾਂ ਅਨੁਸਾਰ ਕਿਰਤ ਕਮਾਈ ਜਾਂਦੇ ਹਨ) (ਇਸੇ ਤਰ੍ਹਾਂ) ਗੁਰੂ ਦੇ ਸਨਮੁਖ ਰਹਿਣ ਵਾਲੇ ਬੰਦਿਆਂ ਦੀ ਸੁਰਤਿ ਨਾਮ ਵਿਚ ਜੁੜੀ ਰਹਿੰਦੀ ਹੈ।"[137] ਜੋ ਮਨੁੱਖ ਮਨ ਦੇ ਪਿੱਛੇ ਚੱਲਦੇ ਹਨ ਉਹਨਾਂ ਨੂੰ ਜਮਾਂ ਦੀ ਮਾਰ ਸਹਿਣੀ ਪੈਂਦੀ ਹੈ ਬਾਅਦ ਵਿਚ ਉਹਨਾਂ ਦੀ ਅਰਦਾਸ ਦੀ ਕੋਈ ਸੁਣਵਾਈ ਨਹੀਂ ਹੁੰਦੀ।

### 5.23 ਮਨੁੱਖਾ ਜਨਮ ਦੀ ਸਫਲਤਾ ਸੰਬੰਧੀ ਅਰਦਾਸ

ਸਫਲੁ ਜਨਮੁ ਭਗਤਾ ਕਾ ਕੀਤਾ ਗੁਰ ਸੇਵਾ ਆਪਿ ਲਾਏ॥
ਸਬਦੇ ਰਾਤੇ ਸਹਜੇ ਮਾਤੇ ਅਨਦਿਨੁ ਹਰਿ ਗੁਣ ਗਾਏ॥
ਨਾਨਕ ਦਾਸੁ ਕਹੈ ਬੇਨੰਤੀ ਹਉ ਲਾਗਾ ਤਿਨ ਕੈ ਪਾਏ॥[138]

ਇਹ ਪੰਕਤੀਆਂ ਸੋਰਠਿ ਰਾਗੁ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 601 ਤੇ ਦਰਜ ਹੈ,"ਹੇ ਭਾਈ! ਪਰਮਾਤਮਾ ਆਪ ਹੀ ਭਗਤਾਂ ਦੀ ਜ਼ਿੰਦਗੀ ਕਾਮਯਾਬ ਬਣਾਂਦਾ ਹੈ, ਉਹ ਆਪ ਹੀ ਉਹਨਾਂ ਨੂੰ ਗੁਰੂ ਦੀ ਸੇਵਾ ਵਿਚ ਜੋੜਦਾ ਹੈ, (ਇਸ ਤਰ੍ਹਾਂ ਉਹ) ਹਰ ਵੇਲੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾ ਕੇ ਗੁਰੂ ਦੇ ਸ਼ਬਦ (ਦੇ ਰੰਗ) ਵਿਚ ਰੰਗੇ ਰਹਿੰਦੇ ਹਨ ਅਤੇ ਆਤਮਕ ਅਡੋਲਤਾ ਵਿਚ ਮਸਤ ਰਹਿੰਦੇ ਹਨ। ਦਾਸ ਨਾਨਕ ਬੇਨਤੀ ਕਰਦਾ ਹੈ—ਮੈਂ ਉਹਨਾਂ ਭਗਤਾਂ ਦੇ ਚਰਨੀਂ ਲੱਗਦਾ ਹਾਂ।"[139] ਇਸ ਵਿਚ ਉਹਨਾਂ ਲੋਕਾਂ ਦੇ ਚਰਨਾਂ ਵਿਚ ਲੱਗਣ ਦੀ ਬੇਨਤੀ ਹੈ ਜੋ ਪਰਮਾਤਮਾ ਦੀ ਸਿਫਤ ਸਲਾਹ ਕਰਦੇ ਹਨ।

ਜਿਸੁ ਨਾਲਿ ਜੋਰੁ ਨ ਚਲਈ ਖਲੇ ਕੀਚੈ ਅਰਦਾਸਿ॥
ਨਾਨਕ ਗੁਰਮੁਖਿ ਨਾਮੁ ਮਨਿ ਵਸੈ ਤਾ ਸੁਣਿ ਕਰੇ ਸਾਬਾਸਿ॥[140]

ਇਹ ਪੰਕਤੀਆਂ ਮਾਰੂ ਰਾਗੁ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 994 ਤੇ ਦਰਜ ਹੈ, "ਜਿਸ ਪਰਮਾਤਮਾ ਦੇ ਅੱਗੇ (ਜੀਵ ਦੀ ਕੋਈ) ਪੇਸ਼ ਨਹੀਂ ਜਾ ਸਕਦੀ, ਉਸ ਦੇ ਦਰ ਤੇ ਅਦਬ ਨਾਲ ਅਰਦਾਸ ਕਰਦੇ ਰਹਿਣਾ ਚਾਹੀਦਾ ਹੈ। ਹੇ ਨਾਨਕ! ਜਦੋਂ ਗੁਰੂ ਦੀ ਰਾਹੀਂ ਪਰਮਾਤਮਾ ਦਾ ਨਾਮ ਮਨ ਵਿਚ ਵੱਸਦਾ ਹੈ ਤਦੋਂ ਉਹ ਪ੍ਰਭੂ (ਅਰਜ਼ੋਈ) ਸੁਣ ਕੇ ਆਦਰ ਦੇਂਦਾ ਹੈ।"[141] ਪਰਮਾਤਮਾ ਉਸ ਮਨੁੱਖ ਦੀ ਅਰਦਾਸ ਸਵੀਕਾਰਦਾ ਹੈ ਜਿਸਨੇ ਉਸਨੂੰ ਮਨਾ ਵਿਚ ਵਸਾਇਆ ਹੋਇਆ ਹੈ।

ਅਪਣੀ ਨਦਰਿ ਕਰੇ ਸੋ ਪਾਏ॥ ਸਚੈ ਸਬਦਿ ਤਾੜੀ ਚਿਤੁ ਲਾਏ॥
ਨਾਨਕ ਦਾਸੁ ਕਹੈ ਬੇਨੰਤੀ ਭੀਖਿਆ ਨਾਮੁ ਦਰਿ ਪਾਈ ਹੇ॥[142]

ਇਹ ਪੰਕਤੀਆਂ ਮਾਰੂ ਰਾਗੁ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ

---

[137] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ),* ਪੰਨਾ 462-63.
[138] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 601.
[139] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ)*, ਪੰਨਾ 525.
[140] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 994
[141] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਸੱਤਵੀਂ ਪੋਥੀ),* ਪੰਨਾ 387.
[142] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1044.

ਸਾਹਿਬ ਦੇ ਪੰਨਾ 1044 ਤੇ ਦਰਜ ਹੈ, "ਹੇ ਭਾਈ! (ਸਾਧ ਸੰਗਤਿ ਵਿਚ ਟਿਕਣ ਦੀ ਦਾਤਿ) ਉਹ ਮਨੁੱਖ ਹਾਸਲ ਕਰਦਾ ਹੈ, ਜਿਸ ਉੱਤੇ ਪਰਮਾਤਮਾ ਆਪਣੀ ਮਿਹਰ ਦੀ ਨਿਗਾਹ ਕਰਦਾ ਹੈ। ਉਹ ਮਨੁੱਖ ਸਦਾ-ਥਿਰ ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਬਾਣੀ ਵਿਚ ਆਪਣਾ ਮਨ ਜੋੜਦਾ ਹੈ—ਇਹੀ ਹੈ (ਉਸ ਦੀ ਜੋਗੀਆਂ ਵਾਲੀ) ਸਮਾਧੀ।ਹੇ ਭਾਈ! (ਪ੍ਰਭੂ ਦਾ) ਦਾਸ ਨਾਨਕ ਬੇਨਤੀ ਕਰਦਾ ਹੈ (ਕਿ ਉਹ ਮਨੁੱਖ ਪ੍ਰਭੂ ਦੇ) ਦਰ ਤੇ (ਹਾਜ਼ਰ ਰਹਿ ਕੇ) ਪ੍ਰਭੂ ਦਾ ਨਾਮ-ਭਿੱਛਿਆ ਪ੍ਰਾਪਤ ਕਰ ਲੈਂਦਾ ਹੈ।"[143] ਜਿਹੜਾ ਮਨੁੱਖ ਪਰਮਾਤਮਾ ਦੀ ਬੰਦਗੀ ਵਿਚ ਜੋਗੀਆ ਵਾਂਗ ਸਮਾਧੀ ਲਾਉਂਦਾ ਹੈ ਉਹ ਉਸਦੇ ਨਾਮ ਨੂੰ ਪ੍ਰਾਪਤ ਕਰ ਸਕਦਾ ਹੈ।

ਸਦਾ ਸਦਾ ਤੇਰੇ ਗੁਣ ਗਾਵਾ॥ ਸਚੇ ਸਾਹਿਬ ਤੇਰੈ ਮਨਿ ਭਾਵਾ॥
ਨਾਨਕੁ ਸਾਚੁ ਕਹੈ ਬੇਨੰਤੀ ਸਚੁ ਦੇਵਹੁ ਸਚਿ ਸਮਾਹਾ ਹੇ॥[144]

ਇਹ ਪੰਕਤੀਆਂ ਮਾਰੂ ਰਾਗੁ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1054 ਤੇ ਦਰਜ ਹੈ, "ਹੇ ਪ੍ਰਭੂ! (ਮਿਹਰ ਕਰ) ਮੈਂ ਸਦਾ ਤੇਰੇ ਗੁਣ ਗਾਂਦਾ ਰਹਾਂ, ਤਾਕਿ, ਹੇ ਸਦਾ-ਥਿਰ ਮਾਲਕ! ਮੈਂ ਤੇਰੇ ਮਨ ਵਿਚ ਪਿਆਰਾ ਲੱਗਦਾ ਰਹਾਂ। (ਤੇਰਾ ਦਾਸ) ਨਾਨਕ (ਤੇਰੇ ਅੱਗੇ) ਬੇਨਤੀ ਕਰਦਾ ਹੈ, ਤੂੰ ਸਦਾ ਕਾਇਮ ਰਹਿਣ ਵਾਲਾ ਹੈਂ, ਮੈਨੂੰ ਆਪਣਾ ਸਦਾ-ਥਿਰ ਨਾਮ ਦੇਹ, ਮੈਂ ਤੇਰੇ ਸਦਾ-ਥਿਰ ਨਾਮ ਵਿਚ ਲੀਨ ਹੋਇਆ ਰਹਾਂ।"[145] ਪਰਮਾਤਮਾ ਅੱਗੇ ਸਦਾ ਨਾਮ ਵਿਚ ਰੰਗੇ ਰਹਿਣ ਦੀ ਅਰਦਾਸ ਕੀਤੀ ਗਈ ਹੈ॥

ਜਿਨਿ ਉਪਾਏ ਸੋ ਬਿਧਿ ਜਾਣੈ॥ ਗੁਰਮੁਖਿ ਦੇਵੈ ਸਬਦੁ ਪਛਾਣੈ॥
ਨਾਨਕ ਦਾਸੁ ਕਹੈ ਬੇਨੰਤੀ ਸਚਿ ਨਾਮਿ ਚਿਤੁ ਲਾਇਦਾ॥[146]

ਇਹ ਪੰਕਤੀਆਂ ਮਾਰੂ ਰਾਗੁ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1060 ਤੇ ਦਰਜ ਹੈ, "ਹੇ ਭਾਈ! (ਜੀਵਾਂ ਦੇ ਭੀ ਕੀਹ ਵੱਸ?) ਜਿਸ ਪਰਮਾਤਮਾ ਨੇ (ਜੀਵ) ਪੈਦਾ ਕੀਤੇ ਹਨ ਉਹ ਹੀ (ਇਸ ਆਤਮਕ ਮੌਤ ਤੋਂ ਬਚਾਣ ਦਾ) ਢੰਗ ਜਾਣਦਾ ਹੈ। (ਉਹ ਇਹ ਸੂਝ ਜਿਸ ਜੀਵ ਨੂੰ) ਗੁਰੂ ਦੀ ਸਰਨ ਪਾ ਕੇ ਦੇਂਦਾ ਹੈ, ਉਹ ਗੁਰੂ ਦੇ ਸ਼ਬਦ ਨਾਲ ਸਾਂਝ ਪਾ ਲੈਂਦਾ ਹੈ। ਨਾਨਕ ਦਾਸ ਬੇਨਤੀ ਕਰਦਾ ਹੈ—ਹੇ ਭਾਈ! ਉਹ ਮਨੁੱਖ ਆਪਣਾ ਚਿੱਤ ਸਦਾ ਕਾਇਮ ਰਹਿਣ ਵਾਲੇ ਹਰਿ-ਨਾਮ ਵਿਚ ਜੋੜੀ ਰੱਖਦਾ ਹੈ।"[147] ਪਰਮਾਤਮਾ ਦੀ ਕਿਰਪਾ ਤੋਂ ਬਿਨਾਂ ਕੋਈ ਵੀ ਮਨੁੱਖ ਦੁਨਿਆਵੀ ਮਾਇਆ ਤੋਂ ਬਚ ਨਹੀਂ ਸਕਦਾ ਇਸ ਲਈ ਉਸ ਅੱਗੇ ਅਰਦਾਸ ਕਰਦੇ ਰਹਿਣਾ ਚਾਹੀਦਾ ਹੈ।

ਸੇਵਕ ਸੇਵਹਿ ਕਰਹਿ ਅਰਦਾਸਿ॥ ਤੂ ਆਪੇ ਮੇਲਿ ਬਹਾਲਹਿ ਪਾਸਿ॥
ਸਭਨਾ ਜੀਆ ਕਾ ਸੁਖਦਾਤਾ ਪੂਰੈ ਕਰਮਿ ਧਿਆਇਆ॥[148]

ਇਹ ਪੰਕਤੀਆਂ ਮਾਰੂ ਰਾਗੁ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ

---

[143] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਸੱਤਵੀਂ ਪੋਥੀ)*, ਪੰਨਾ 651.
[144] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1054.
[145] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਸੱਤਵੀਂ ਪੋਥੀ)*, ਪੰਨਾ 705.
[146] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1060.
[147] ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਸੱਤਵੀਂ ਪੋਥੀ), ਪੰਨਾ 742.
[148] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1067.

ਸਾਹਿਬ ਦੇ ਪੰਨਾ 1067 ਤੇ ਦਰਜ ਹੈ, "ਹੇ ਪ੍ਰਭੂ! ਤੇਰੇ ਭਗਤ ਤੇਰੀ ਸੇਵਾ-ਭਗਤੀ ਕਰਦੇ ਹਨ, (ਤੇਰੇ ਦਰ ਤੇ) ਅਰਦਾਸ ਕਰਦੇ ਹਨ। ਤੂੰ ਆਪ ਹੀ ਉਹਨਾਂ ਨੂੰ (ਆਪਣੇ ਨਾਮ ਵਿਚ) ਜੋੜ ਕੇ ਆਪਣੇ ਪਾਸ ਬਿਠਾਂਦਾ ਹੈਂ। ਹੇ ਪ੍ਰਭੂ! ਤੂੰ ਸਾਰੇ ਜੀਵਾਂ ਨੂੰ ਸੁਖ ਦੇਣ ਵਾਲਾ ਹੈਂ। ਤੇਰੀ ਪੂਰੀ ਮਿਹਰ ਨਾਲ (ਹੀ ਤੇਰੇ ਸੇਵਕ) ਤੇਰਾ ਸਿਮਰਨ ਕਰਦੇ ਹਨ।"[149] ਪਰਮਾਤਮਾ ਵਿਚ ਲੀਨ ਹੋਣ ਲਈ ਉਸਦੀ ਵਡਿਆਈ ਅਤੇ ਉਸ ਅੱਗੇ ਅਰਦਾਸ ਕਰਨੀ ਚਾਹੀਦੀ ਹੈ।

ਸਚਾ ਸਾਹਿਬੁ ਸਚੀ ਵਡਿਆਈ॥ ਗੁਰ ਪਰਸਾਦੀ ਵਿਰਲੈ ਪਾਈ॥
ਨਾਨਕੁ ਏਕ ਕਹੈ ਬੇਨੰਤੀ ਨਾਮੇ ਨਾਮਿ ਸਮਾਇਆ॥[150]

ਇਹ ਪੰਕਤੀਆਂ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1417 ਤੇ ਸਲੋਕ ਵਾਰਾਂ ਤੇ ਵਧੀਕ ਵਿਚ ਦਰਜ ਹਨ, "ਮਾਲਕ-ਪ੍ਰਭੂ ਸਦਾ ਕਾਇਮ ਰਹਿਣ ਵਾਲਾ ਹੈ, ਉਸ ਦੀ ਵਡਿਆਈ ਭੀ ਸਦਾ ਕਾਇਮ ਰਹਿਣ ਵਾਲੀ ਹੈ। ਕਿਸੇ ਵਿਰਲੇ ਮਨੁੱਖ ਨੇ ਗੁਰੂ ਦੀ ਕਿਰਪਾ ਨਾਲ (ਮਾਲਕ ਪ੍ਰਭੂ ਦੀ ਵਡਿਆਈ ਕਰਨ ਦੀ ਦਾਤਿ) ਪ੍ਰਾਪਤ ਕੀਤੀ ਹੈ (ਜਿਸ ਨੇ ਪ੍ਰਾਪਤ ਕੀਤੀ ਹੈ ਉਹ) ਹੇ ਭਾਈ! ਨਾਨਕ ਇਕ ਬੇਨਤੀ ਕਰਦਾ ਹੈ (ਕਿ) ਹਰ ਵੇਲੇ ਪਰਮਾਤਮਾ ਦੇ ਨਾਮ ਵਿਚ ਹੀ ਲੀਨ ਰਹਿੰਦਾ ਹੈ।"[151]ਗੁਰੂ ਸਾਹਿਬ ਅਰਦਾਸ ਕਰ ਰਹੇ ਹਨ ਕਿ ਹਰ ਸਮੇਂ ਰੱਬ ਦੇ ਨਾਮ ਵਿਚ ਲੀਨ ਰਹੀਏ।

### 5.24 ਪਰਮਾਤਮਾ ਅੱਗੇ ਅਰਦਾਸ ਨਾਲ ਹੀ ਦੁਨਿਆਵੀ ਤ੍ਰਿਸ਼ਨਾਵਾਂ ਦਾ ਨਾਸ਼ ਹੁੰਦਾ ਹੈ

ਬਾਬੀਹਾ ਖਸਮੈ ਕਾ ਮਹਲੁ ਨ ਜਾਣਹੀ, ਮਹਲੁ ਦੇਖਿ ਅਰਦਾਸਿ ਪਾਇ॥
ਆਪਣੈ ਭਾਣੈ ਬਹੁਤਾ ਬੋਲਹਿ ਬੋਲਿਆ ਥਾਇ ਨ ਪਾਇ॥
ਖਸਮੁ ਵਡਾ ਦਾਤਾਰੁ ਹੈ ਜੋ ਇਛੇ ਸੋ ਫਲ ਪਾਇ॥
ਬਾਬੀਹਾ ਕਿਆ ਬਪੁੜਾ ਜਗਤੈ ਕੀ ਤਿਖ ਜਾਇ॥[152]

ਇਹ ਪੰਕਤੀਆਂ ਤੀਜੇ ਗੁਰੂ ਅਮਰਦਾਸ ਜੀ ਦੁਆਰਾ ਰਚਿਤ ਪੰਜਵੇਂ ਪਾਤਸ਼ਾਹ ਵਲੋਂ ਰਚੀ ਮਲਾਰ ਕੀ ਵਾਰ ਵਿਚ ਪੰਨਾ 1283 ਤੇ ਦਰਜ ਹਨ, "ਹੇ (ਜੀਵ) ਪਪੀਹੇ! ਤੂੰ ਆਪਣੇ ਮਾਲਕ ਦਾ ਘਰ ਨਹੀਂ ਜਾਣਦਾ (ਤਾਹੀਂਏ ਮਾਇਆ ਦੀ ਤ੍ਰਿਸ਼ਨਾ ਨਾਲ ਆਤੁਰ ਹੋ ਰਿਹਾ ਹੈਂ), (ਮਾਲਕ ਦਾ) ਘਰ ਵੇਖਣ ਲਈ ਅਰਜ਼ੋਈ ਕਰ। (ਜਿਤਨਾ ਚਿਰ) ਤੂੰ ਆਪਣੇ (ਮਨ ਦੀ) ਮਰਜ਼ੀ ਪਿੱਛੇ ਤੁਰ ਕੇ ਬਹੁਤਾ ਬੋਲਦਾ ਹੈਂ, ਇਹ ਬੋਲਣਾ ਪ੍ਰਵਾਨ ਨਹੀਂ ਹੁੰਦਾ। (ਹੇ ਜੀਵ!) ਮਾਲਕ ਬੜੀਆਂ ਬਖ਼ਸ਼ਸ਼ਾਂ ਕਰਨ ਵਾਲਾ ਹੈ (ਉਸ ਦੇ ਦਰ ਤੇ ਪਿਆਂ) ਜੋ ਮੰਗੀਏ ਸੋ ਮਿਲ ਜਾਂਦਾ ਹੈ।ਇਹ (ਜੀਵ) ਪਪੀਹਾ ਵਿਚਾਰਾ ਕੀਹ ਹੈ? (ਪ੍ਰਭੂ ਦੇ ਦਰ ਤੇ ਅਰਜ਼ੋਈ ਕੀਤਿਆਂ) ਸਾਰੇ ਜਗਤ ਦੀ (ਮਾਇਆ ਦੀ) ਤ੍ਰੇਹ ਮਿਟ ਜਾਂਦੀ ਹੈ।"[153] ਜਿਹੜੇ ਮਨੁੱਖ ਆਪਣੇ ਮਨ ਦੇ ਪਿੱਛੇ ਚੱਲਦੇ ਹਨ ਉਹ ਹਮੇਸ਼ਾ ਖੁਆਰ ਹੁੰਦੇ ਹਨ ਇਸ ਲਈ ਪਰਮਾਤਮਾ ਦੇ ਭਾਣੇ ਵਿਚ ਚੱਲਣਾ ਚਾਹੀਦਾ ਹੈ।

---

[149] ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਸੱਤਵੀਂ ਪੋਥੀ), ਪੰਨਾ 782.
[150] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1067.
[151] ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਸੱਤਵੀਂ ਪੋਥੀ), ਪੰਨਾ 784.
[152] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1283.
[153] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਨੌਵੀਂ ਪੋਥੀ)*, ਪੰਨਾ 296.

ਬਾਬੀਹਾ ਬੇਨਤੀ ਕਰੇ ਕਰਿ ਕਿਰਪਾ ਦੇਹੁ ਜੀਅ ਦਾਨ॥

ਜਲ ਬਿਨੁ ਪਿਆਸ ਨ ਊਤਰੈ ਛੁਟਕਿ ਜਾਂਹਿ ਮੇਰੇ ਪ੍ਰਾਨ॥

ਤੂ ਸੁਖਦਾਤਾ ਬੇਅੰਤੁ ਹੈ ਗੁਣਦਾਤਾ ਨੇਧਾਨੁ॥

ਨਾਨਕ ਗੁਰਮੁਖਿ ਬਖਸਿ ਲਏ ਅੰਤਿ ਬੇਲੀ ਹੋਇ ਭਗਵਾਨੁ॥[154]

ਇਹ ਤੀਜੇ ਗੁਰੂ ਅਮਰਦਾਸ ਜੀ ਦੁਆਰਾ ਰਚੀਆਂ ਪੰਕਤੀਆਂ ਪੰਜਵੇਂ ਪਾਤਸ਼ਾਹ ਵਲੋਂ ਰਚੀ ਮਲਾਰ ਕੀ ਵਾਰ ਵਿਚ ਪੰਨਾ 1284 ਤੇ ਦਰਜ ਹਨ, "ਜਦੋਂ (ਜੀਵ-) ਪਪੀਹਾ (ਪ੍ਰਭੂ ਅੱਗੇ) ਬੇਨਤੀ ਕਰਦਾ ਹੈ ਕਿ—(ਹੇ ਪ੍ਰਭੂ!) ਮਿਹਰ ਕਰ ਕੇ ਮੈਨੂੰ ਜੀਵਨ-ਦਾਤਿ ਬਖ਼ਸ਼; ਤੇਰੇ ਨਾਮ-ਅੰਮ੍ਰਿਤ ਤੋਂ ਬਿਨਾ (ਮੇਰੀ) ਤ੍ਰਿਸ਼ਨਾ ਨਹੀਂ ਮੁੱਕਦੀ, (ਤੇਰੇ ਨਾਮ ਤੋਂ ਬਿਨਾ) ਮੇਰੀ ਜਿੰਦ ਵਿਆਕੁਲ ਹੋ ਜਾਂਦੀ ਹੈ। ਤੂੰ ਸੁਖ ਦੇਣ ਵਾਲਾ ਹੈਂ, ਤੂੰ ਬੇਅੰਤ ਹੈਂ, ਤੂੰ ਗੁਣ ਬਖ਼ਸ਼ਣ ਵਾਲਾ ਹੈ; ਤੇ ਤੂੰ ਸਾਰੇ ਗੁਣਾਂ ਦਾ ਖ਼ਜ਼ਾਨਾ ਹੈਂ—ਹੇ ਨਾਨਕ! (ਇਹ ਬੇਨਤੀ ਸੁਣ ਕੇ) ਭਗਵਾਨ ਗੁਰੂ ਦੇ ਸਨਮੁਖ ਹੋਏ ਮਨੁੱਖ ਉਤੇ ਮਿਹਰ ਕਰਦਾ ਹੈ ਤੇ ਅੰਤ ਸਮੇ ਉਸ ਦਾ ਸਹਾਈ ਬਣਦਾ ਹੈ।"[155] ਅਜਿਹੀਆਂ ਬੇਨਤੀਆਂ ਕਰਨ ਨਾਲ ਪਰਮਾਤਮਾ ਮਨੁੱਖ ਉੱਤੇ ਕ੍ਰਿਪਾ ਕਰਕੇ ਉਸ ਦਾ ਸਦਾ ਸਹਾਇਕ ਹੁੰਦਾ ਹੈ।

ਖੇਤਿ ਸਰੀਰਿ ਜੋ ਬੀਜੀਐ ਸੋ ਅੰਤਿ ਖਲੋਆ ਆਇ॥

ਨਾਨਕ ਕੀ ਪ੍ਰਭ ਬੇਨਤੀ ਹਰਿ ਭਾਵੈ ਬਖਸਿ ਮਿਲਾਇ॥[156]

ਇਹ ਪੰਕਤੀਆਂ ਸ੍ਰੀ ਗੁਰੂ ਅਮਰਦਾਸ ਜੀ ਵਲੋਂ ਰਚਿਤ ਸਲੋਕ ਵਾਰਾਂ ਤੇ ਵਧੀਕ ਵਿਚ ਪੰਨਾ 1413 ਤੇ ਦਰਜ ਹਨ, "ਇਸ ਸਰੀਰ-ਖੇਤ ਵਿਚ ਜਿਹੜਾ ਭੀ (ਚੰਗਾ ਮੰਦਾ) ਕਰਮ ਬੀਜਿਆ ਜਾਂਦਾ ਹੈ, ਉਹ ਜ਼ਰੂਰ ਪਰਗਟ ਹੋ ਜਾਂਦਾ ਹੈ।ਹੇ ਪ੍ਰਭੂ! ਹੇ ਹਰੀ! (ਤੇਰੇ ਦਾਸ) ਨਾਨਕ ਦੀ (ਤੇਰੇ ਦਰ ਤੇ) ਬੇਨਤੀ ਹੈ ਕਿ ਜਿਵੇਂ ਹੋ ਸਕੇ ਮਿਹਰ ਕਰ ਕੇ (ਜੀਵਾਂ ਨੂੰ ਆਪਣੇ ਚਰਨਾਂ ਵਿਚ) ਜੋੜ।"[157] ਗੁਰੂ ਸਾਹਿਬ ਦੱਸ ਰਹੇ ਹਨ ਕਿ ਪਰਮਾਤਮਾ ਨੂੰ ਪਾਉਣ ਲਈ ਹਰ ਇਕ ਜੀਵ ਦੀ ਪੁਕਾਰ ਬਬੀਹੇ ਵਰਗੀ ਹੋਣੀ ਚਾਹੀਦੀ ਹੈ।

### 5.25 ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਅਰਦਾਸ ਨਾਲ ਸੰਬੰਧਤ ਪੰਕਤੀਆਂ

ਸ੍ਰੀ ਗੁਰੂ ਰਾਮਦਾਸ ਜੀ ਸਿੱਖਾਂ ਦੇ ਚੌਥੇ ਗੁਰੂ ਸਨ। ਆਪ ਜੀ ਨੂੰ ਸਿੱਖ ਪੰਥ ਦੇ ਚੌਥੇ ਗੁਰੂ ਵਜੋਂ 1574 ਈ. ਨੂੰ ਗੁਰੂ ਅਮਰਦਾਸ ਜੀ ਵੱਲੋਂ ਗੁਰਿਆਈ ਦਿੱਤੀ ਗਈ। ਆਪ ਦੀ ਕੁਲ ਉਮਰ 47 ਸਾਲ ਸੀ ਅਤੇ 1581 ਈ. ਨੂੰ ਆਪ ਜੋਤੀ ਜੋਤਿ ਸਮਾ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਜੀ ਦੇ 30 ਰਾਗਾਂ ਵਿਚ 679 ਸ਼ਬਦ ਦਰਜ ਹਨ।

### 5.26 ਭਉਜਲ ਪਾਰ ਕਰਵਾਉਣ ਸਬੰਧੀ ਅਰਦਾਸ

ਸਭਨਾ ਤੇਰੀ ਆਸ ਪ੍ਰਭ ਸਭ ਜੀਅ ਤੇਰੇ ਤੂੰ ਰਾਸਿ॥

ਪ੍ਰਭ ਤੁਧਹੁ ਖਾਲੀ ਕੋ ਨਹੀ ਦਰਿ ਗੁਰਮੁਖਾ ਨੋ ਸਾਬਾਸਿ॥

---

[154] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1284.

[155] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਨੌਵੀਂ ਪੋਥੀ)*, ਪੰਨਾ 299.

[156] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1413.

[157] ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦਸਵੀਂ ਪੋਥੀ), ਪੰਨਾ 621.

ਬਿਖੁ ਭਉਜਲ ਡੁਬਦੇ ਕਢਿ ਲੈ ਜਨ ਨਾਨਕ ਕੀ ਅਰਦਾਸਿ॥[158]

ਇਹ ਪੰਕਤੀਆਂ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚਿਤ ਸਿਰੀਰਾਗੁਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 39-40 ਤੇ ਦਰਜ ਹਨ, "ਹੇ ਪ੍ਰਭੂ! (ਸੰਸਾਰ-ਸਮੁੰਦਰ ਤੋਂ ਬਚਣ ਵਾਸਤੇ) ਸਭ ਜੀਵਾਂ ਨੂੰ ਤੇਰੀ (ਸਹੈਤਾ ਦੀ) ਹੀ ਆਸ ਹੈ, ਸਭ ਜੀਵ ਤੇਰੇ ਹੀ (ਪੈਦਾ ਕੀਤੇ ਹੋਏ) ਹਨ, ਤੂੰ ਹੀ (ਸਭ ਜੀਵਾਂ ਦੀ ਆਤਮਕ) ਰਾਸ ਪੂੰਜੀ ਹੈਂ। ਹੇ ਪ੍ਰਭੂ! ਤੇਰੇ ਦਰ ਤੋਂ ਕੋਈ ਖ਼ਾਲੀ ਨਹੀਂ ਮੁੜਦਾ, ਗੁਰੂ ਦੀ ਸਰਨ ਪੈਣ ਵਾਲੇ ਬੰਦਿਆਂ ਨੂੰ ਤੇਰੇ ਦਰ ਤੇ ਆਦਰ ਮਾਣ ਮਿਲਦਾ ਹੈ। ਹੇ ਪ੍ਰਭੂ! ਤੇਰੇ ਦਾਸ ਨਾਨਕ ਦੀ ਤੇਰੇ ਅੱਗੇ ਅਰਜ਼ੋਈ ਹੈ ਕਿ ਤੂੰ ਸੰਸਾਰ-ਸਮੁੰਦਰ ਦੇ (ਵਿਕਾਰਾਂ ਦੇ) ਜ਼ਹਰ ਵਿਚ ਡੁੱਬਦੇ ਜੀਵਾਂ ਨੂੰ ਆਪ ਕੱਢ ਲੈ।"[159] ਗੁਰੂ ਸਾਹਿਬ ਪਰਮਾਤਮਾ ਅੱਗੇ ਸੰਸਾਰ ਸਮੁੰਦਰ ਤੋਂ ਪਾਰ ਕਰਵਾਉਣ ਦੀ ਅਰਦਾਸ ਕਰ ਰਹੇ ਹਨ।

### 5.27 ਗੁਰਮੁਖਾਂ ਦੀ ਸੰਗਤ ਕਰਵਾਉਣ ਦੀ ਅਰਦਾਸ

ਜਿਨੀ ਗੁਰਮੁਖਿ ਨਾਮੁ ਸਲਾਹਿਆ ਤਿਨਾ ਸਭੁ ਕੋ ਕਹੈ ਸਾਬਾਸਿ॥

ਤਿਨ ਕੀ ਸੰਗਤਿ ਦੇਹਿ ਪ੍ਰਭ ਮੈ ਜਾਚਕਿ ਕੀ ਅਰਦਾਸਿ॥

ਨਾਨਕ ਭਾਗ ਵਡੇ ਤਿਨਾ ਗੁਰਮੁਖਾ ਜਿਨ ਅੰਤਰਿ ਨਾਮੁ ਪਰਗਾਸਿ॥[160]

ਇਹ ਪੰਕਤੀਆਂ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚਿਤ ਸਿਰੀਰਾਗੁਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 41 ਤੇ ਦਰਜ ਹਨ, "ਜਿਨ੍ਹਾਂ ਮਨੁੱਖਾਂ ਨੇ ਗੁਰੂ ਦੇ ਸਨਮੁਖ ਹੋ ਕੇ ਪਰਮਾਤਮਾ ਦੇ ਨਾਮ ਦੀ ਸਿਫ਼ਤਿ-ਸਾਲਾਹ ਕੀਤੀ ਹੈ, ਹਰ ਕੋਈ ਉਹਨਾਂ ਨੂੰ ਵਾਹ ਵਾਹ ਆਖਦਾ ਹੈ। ਹੇ ਪ੍ਰਭੂ! ਮੈਂ ਮੰਗਤੇ ਦੀ ਤੇਰੇ ਅੱਗੇ ਅਰਜ਼ੋਈ ਹੈ ਕਿ ਮੈਨੂੰ ਉਹਨਾਂ ਦੀ ਸੰਗਤਿ ਬਖ਼ਸ਼। ਹੇ ਨਾਨਕ! ਗੁਰੂ ਦੇ ਸਨਮੁਖ ਰਹਿਣ ਵਾਲੇ ਉਹਨਾਂ ਮਨੁੱਖਾਂ ਦੇ ਵੱਡੇ ਭਾਗ ਜਾਗ ਪੈਂਦੇ ਹਨ, ਜਿਨ੍ਹਾਂ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ (ਆਤਮਕ) ਚਾਨਣ ਪੈਦਾ ਕਰ ਦੇਂਦਾ ਹੈ।"[161] ਇਸ ਵਿਚ ਗੁਰੂ ਸਾਹਿਬ ਉਹਨਾਂ ਮਹਾਪੁਰਖਾਂ ਦੀ ਸੰਗਤ ਬਖਸ਼ਣ ਦੀ ਅਰਦਾਸ ਪਰਮਾਤਮਾ ਅੱਗੇ ਕਰ ਰਹੇ ਹਨ ਜੋ ਪਰਮਾਤਮਾ ਦੇ ਨਾਮ ਵਿਚ ਰੰਗੇ ਹੁੰਦੇ ਹਨ।

ਤੁਮ ਦਇਆਲ ਸਰਬ ਦੁਖ ਭੰਜਨ ਇਕ ਬਿਨਉ ਸੁਨਹੁ ਦੇ ਕਾਨੇ॥

ਜਿਸ ਤੇ ਤੁਮ ਹਰਿ ਜਾਨੇ ਸੁਆਮੀ ਸੋ ਸਤਿਗੁਰੁ ਮੇਲਿ ਮੇਰਾ ਪ੍ਰਾਨੇ॥[162]

ਇਹ ਪੰਕਤੀਆਂ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚਿਤ ਗਉੜੀ ਰਾਗੁ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 169 ਉਪਰ ਦਰਜ ਹਨ,"ਹੇ (ਜੀਵਾਂ ਦੇ) ਸਾਰੇ ਦੁਖ ਨਾਸ ਕਰਨ ਵਾਲੇ ਸੁਆਮੀ! ਤੂੰ ਦਇਆ ਦਾ ਘਰ ਹੈਂ, ਮੇਰੀ ਇਕ ਅਰਜ਼ੋਈ ਧਿਆਨ ਨਾਲ ਸੁਣ। ਮੈਨੂੰ ਉਹ ਸਤਿਗੁਰੂ ਮਿਲਾ ਜੋ ਮੇਰੀ ਜਿੰਦ (ਦਾ ਸਹਾਰਾ) ਹੈ, ਜਿਸ ਦੀ ਕਿਰਪਾ ਤੋਂ ਤੇਰੇ ਨਾਲ ਡੂੰਘੀ ਸਾਂਝ ਪੈਂਦੀ ਹੈ।"[163] ਇਸ ਅਰਦਾਸ ਵਿਚ ਚੌਥੇ ਪਾਤਸ਼ਾਹ ਪਰਮਾਤਮਾ ਅੱਗੇ ਸੱਚੇ ਸਤਿਗੁਰੂ ਦੇ ਮਿਲਾਪ ਦੀ ਅਰਦਾਸ ਕਰ ਰਹੇ ਹਨ।

---

[158] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 39-40.
[159] ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ), ਪੰਨਾ 308.
[160] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 41.
[161] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ)*, ਪੰਨਾ 319.
[162] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 169.
[163] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ)*, ਪੰਨਾ 89.

ਬਿਨਉ ਸੁਨਹੁ ਪ੍ਰਭ ਠਾਕੁਰ ਹਮ ਸਰਣਿ ਪ੍ਰਭੂ ਹਰਿ ਮਾਗੇ॥

ਜਨ ਨਾਨਕ ਕੀ ਲਜ ਪਾਤਿ ਗੁਰੂ ਹੈ ਸਿਰੁ ਬੇਚਿਓ ਸਤਿਗੁਰ ਆਗੇ॥ [164]

ਇਹ ਪੰਕਤੀਆਂ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚਿਤ ਗਉੜੀ ਰਾਗੁ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 171-172 ਉਪਰ ਦਰਜ ਹਨ, "ਹੇ ਪ੍ਰਭੂ! ਹੇ ਠਾਕੁਰ! ਮੇਰੀ ਬੇਨਤੀ ਸੁਣ, ਮੈਂ ਤੇਰੀ ਸਰਨ ਆਇਆ ਹਾਂ, ਮੈਂ ਤੈਥੋਂ ਤੇਰਾ ਨਾਮ ਮੰਗਦਾ ਹਾਂ। ਦਾਸ ਨਾਨਕ ਦੀ ਲਾਜ ਇੱਜ਼ਤ (ਰੱਖਣ ਵਾਲਾ) ਗੁਰੂ ਹੀ ਹੈ, ਮੈਂ ਸਤਿਗੁਰੂ ਦੇ ਅੱਗੇ ਆਪਣਾ ਸਿਰ ਵੇਚ ਦਿੱਤਾ ਹੈ (ਮੈਂ ਨਾਮ ਦੇ ਵੱਟੇ ਵਿਚ ਆਪਣੀ ਅਪਣੱਤ ਗੁਰੂ ਦੇ ਹਵਾਲੇ ਕਰ ਦਿੱਤੀ ਹੈ)।"[165] ਇਸ ਅਰਦਾਸ ਵਿਚ ਚੌਥੇ ਪਾਤਸ਼ਾਹ ਨਾਮ ਦੀ ਦਾਤ ਮੰਗ ਰਹੇ ਹਨ।

ਦੀਨ ਦਇਆਲ ਸੁਣਿ ਬੇਨਤੀ ਹਰਿ ਪ੍ਰਭ ਹਰਿ ਰਾਇਆ ਰਾਮ ਰਾਜੇ॥

ਹਉ ਮਾਗਉ ਸਰਣਿ ਹਰਿ ਨਾਮ ਕੀ ਹਰਿ ਹਰਿ ਮੁਖਿ ਪਾਇਆ॥ [166]

ਇਹ ਤੁਕਾਂ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚਿਤ ਆਸਾ ਰਾਗੁ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 448-49 ਤੇ ਦਰਜ ਹਨ,"ਹੇ ਦੀਨਾਂ ਉਤੇ ਦਇਆ ਕਰਨ ਵਾਲੇ! ਹੇ ਹਰੀ! ਹੇ ਪ੍ਰਭੂ! ਹੇ ਪ੍ਰਭੂ ਪਾਤਿਸ਼ਾਹ! ਮੇਰੀ ਬੇਨਤੀ ਸੁਣ। ਹੇ ਹਰੀ! ਮੈਂ ਤੇਰੇ ਨਾਮ ਦਾ ਆਸਰਾ ਮੰਗਦਾ ਹਾਂ। ਹੇ ਹਰੀ! (ਤੇਰੀ ਮੇਹਰ ਹੋਵੇ ਤਾਂ ਮੈਂ ਤੇਰਾ ਨਾਮ) ਆਪਣੇ ਮੂੰਹ ਵਿਚ ਪਾ ਸਕਦਾ ਹਾਂ(ਮੂੰਹ ਨਾਲ ਜਪ ਸਕਦਾ ਹਾਂ)।"[167] ਇਸ ਅਰਦਾਸ ਵਿਚ ਚੌਥੇ ਪਾਤਸ਼ਾਹ ਪਰਮਾਤਮਾ ਦੀ ਬਖਸ਼ਸ਼ ਲਈ ਅਰਦਾਸ ਕਰ ਰਹੇ ਹਨ ਤਾ ਜੋ ਨਾਮ ਜਪਿਆ ਜਾ ਸਕੇ।

ਹਰਿ ਕੇ ਜਨ ਸਤਿਗੁਰ ਸਤ ਪੁਰਖਾ ਹਉ ਬਿਨਉ ਕਰਉ ਗੁਰ ਪਾਸਿ॥

ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ॥ [168]

ਇਹ ਪੰਕਤੀਆਂ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚਿਤ ਗੂਜਰੀ ਰਾਗੁ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 493 ਤੇ ਦਰਜ ਹਨ। ਹਰ ਇਕ ਸਿੱਖ ਰੋਜ਼ ਸ਼ਾਮ ਦੇ ਨਿਤਨੇਮ ਰਹਿਰਾਸ ਵਿਚ ਇਹਨਾਂ ਦਾ ਪਾਠ ਕਰਦਾ ਹੈ, "ਹੇ ਸਤਿਗੁਰੂ! ਹੇ ਪਰਮਾਤਮਾ ਦੇ ਭਗਤ! ਹੇ ਮਹਾ ਪੁਰਖ ਗੁਰੂ! ਮੈਂ ਤੇਰੇ ਪਾਸ ਬੇਨਤੀ ਕਰਦਾ ਹਾਂ। ਹੇ ਸਤਿਗੁਰੂ! ਮੈਂ ਇਕ ਕੀੜਾ ਹਾਂ, ਨਿੱਕਾ ਜਿਹਾ ਕੀੜਾ ਹਾਂ। ਤੇਰੀ ਸਰਨ ਆਇਆ ਹਾਂ। ਮੇਹਰ ਕਰ, ਮੈਨੂੰ ਪਰਮਾਤਮਾ ਦਾ ਨਾਮ-ਚਾਨਣ ਦੇਹ।"[169] ਸ੍ਰੀ ਗੁਰੂ ਰਾਮਦਾਸ ਜੀ ਪਰਮਾਤਮਾ ਅੱਗੇ ਅਰਦਾਸ ਰਾਹੀਂ ਨਾਮ ਅੰਮ੍ਰਿਤ ਦੀ ਮੰਗ ਕਰ ਰਹੇ ਹਨ।

ਹਰਿ ਜਨ ਹਰਿ ਲਿਵ ਉਬਰੇ ਮੇਰੀ ਜਿੰਦੁੜੀਏ ਧੁਰਿ ਭਾਗ ਵਡੇ ਹਰਿ ਪਾਇਆ ਰਾਮ॥

ਹਰਿ ਹਰਿ ਨਾਮੁ ਪੋਤੁ ਹੈ ਮੇਰੀ ਜਿੰਦੁੜੀਏ ਗੁਰ ਖੇਵਟ ਸਬਦਿ ਤਰਾਇਆ ਰਾਮ॥

---

[164] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 171-172.
[165] ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ), ਪੰਨਾ 109.
[166] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 448-449.
[167] ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਤੀਜੀ ਪੋਥੀ), ਪੰਨਾ 537.
[168] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 493.
[169] ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ), ਪੰਨਾ 17.

ਹਰਿ ਹਰਿ ਪੁਰਖੁ ਦਇਆਲੁ ਹੈ ਮੇਰੀ ਜਿੰਦੁੜੀਏ ਗੁਰ ਸਤਿਗੁਰ ਮੀਠ ਲਗਾਇਆ ਰਾਮ॥

ਕਰਿ ਕਿਰਪਾ ਸੁਣਿ ਬੇਨਤੀ ਹਰਿ ਹਰਿ ਜਨ ਨਾਨਕ ਨਾਮੁ ਧਿਆਇਆ ਰਾਮ॥[170]

ਇਹ ਪੰਕਤੀਆਂ ਰਾਗੁ ਬਿਹਾਗੜਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 539 ਉਪਰ ਦਰਜ ਹਨ, " ਹੇ ਮੇਰੀ ਸੋਹਣੀ ਜਿੰਦੇ! ਪਰਮਾਤਮਾ ਦੇ ਭਗਤ ਪਰਮਾਤਮਾ ਦੇ ਚਰਨਾਂ ਵਿਚ ਸੁਰਤਿ ਜੋੜ ਕੇ (ਸੰਸਾਰ-ਸਮੁੰਦਰ ਵਿਚੋਂ) ਬਚ ਨਿਕਲਦੇ ਹਨ, ਧੁਰ ਦਰਗਾਹ ਤੋਂ ਲਿਖੇ ਅਨੁਸਾਰ ਵੱਡੇ ਭਾਗਾਂ ਨਾਲ ਉਹ ਪਰਮਾਤਮਾ ਨੂੰ ਮਿਲ ਪੈਂਦੇ ਹਨ। ਹੇ ਮੇਰੀ ਸੋਹਣੀ ਜਿੰਦੇ! ਪਰਮਾਤਮਾ ਦਾ ਨਾਮ ਜਹਾਜ਼ ਹੈ, (ਹਰਿ ਜਨਾਂ ਨੂੰ) ਗੁਰੂ-ਮਲਾਹ ਦੇ ਸ਼ਬਦ ਨੇ (ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਦਿੱਤਾ। ਹੇ ਮੇਰੀ ਸੋਹਣੀ ਜਿੰਦੇ! ਸਰਬ-ਵਿਆਪਕ ਪਰਮਾਤਮਾ ਸਦਾ ਹੀ ਦਇਆਵਾਨ ਹੈ, ਗੁਰੂ ਸਤਿਗੁਰੂ ਦੀ ਸਰਨ ਪਿਆਂ (ਹਰਿ-ਜਨਾਂ ਨੂੰ ਪਰਮਾਤਮਾ) ਪਿਆਰਾ ਲੱਗਣ ਲੱਗ ਪੈਂਦਾ ਹੈ। ਹੇ ਦਾਸ ਨਾਨਕ! (ਆਖ—) ਹੇ ਹਰੀ! ਮੇਹਰ ਕਰ, ਮੇਰੀ ਬੇਨਤੀ ਸੁਣ (ਮੈਂ ਤੇਰਾ ਨਾਮ ਸਿਮਰਦਾ ਰਹਾਂ। ਜਿਨ੍ਹਾਂ ਉੱਤੇ ਤੂੰ ਮੇਹਰ ਦੀ ਨਿਗਾਹ ਕੀਤੀ, ਉਹਨਾਂ) ਤੇਰਾ ਨਾਮ ਸਿਮਰਿਆ।" [171] ਇਹਨਾਂ ਸਾਰੀਆਂ ਅਰਦਾਸਾਂ ਵਿਚ ਚੌਥੇ ਪਾਤਸ਼ਾਹ ਪਰਮਾਤਮਾ ਕੋਲੋਂ ਨਾਮ ਦੀ ਦਾਤ ਹੀ ਮੰਗ ਰਹੇ ਹਨ।

### 5.28 ਪੂਰੇ ਗੁਰੂ ਦੀ ਪ੍ਰਾਪਤੀ ਲਈ ਅਰਦਾਸ

ਤਿਨ੍ ਕੈ ਸੰਗਿ ਮਲੁ ਉਤਰੈ ਮੇਰੀ ਜਿੰਦੁੜੀਏ ਰੰਗਿ ਰਾਤੇ ਨਦਰਿ ਨੀਸਾਣੇ ਰਾਮ॥

ਨਾਨਕ ਕੀ ਪ੍ਰਭ ਬੇਨਤੀ ਮੇਰੀ ਜਿੰਦੁੜੀਏ ਮਿਲਿ ਸਾਧੂ ਸੰਗਿ ਅਘਾਣੇ ਰਾਮ॥[172]

ਇਹ ਪੰਕਤੀਆਂ ਰਾਗੁ ਬਿਹਾਗੜਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 539 ਉਪਰ ਦਰਜ ਹਨ, "ਹੇ ਮੇਰੀ ਸੋਹਣੀ ਜਿੰਦੇ! ਉਹਨਾਂ ਦੀ ਸੰਗਤਿ ਵਿਚ ਰਿਹਾਂ (ਮਨ ਤੋਂ ਵਿਕਾਰਾਂ ਦੀ) ਮੈਲ ਲਹਿ ਜਾਂਦੀ ਹੈ ਉਹ ਸਦਾ ਪ੍ਰਭੂ ਦੇ ਪ੍ਰੇਮ-ਰੰਗ ਵਿਚ ਰੰਗੇ ਰਹਿੰਦੇ ਹਨ। ਉਹਨਾਂ ਦੇ ਮੱਥੇ ਉੱਤੇ ਪ੍ਰਭੂ ਦੀ ਮੇਹਰ ਦੀ ਨਿਗਾਹ ਦਾ ਨਿਸ਼ਾਨ ਹੁੰਦਾ ਹੈ। ਹੇ ਮੇਰੀ ਸੋਹਣੀ ਜਿੰਦੇ! (ਆਖ—) ਹੇ ਪ੍ਰਭੂ! ਨਾਨਕ ਦੀ ਇਹ ਅਰਜ਼ੋਈ ਹੈ (ਕਿ ਨਾਨਕ ਗੁਰੂ ਦੀ ਸੰਗਤਿ ਵਿਚ ਟਿਕਿਆ ਰਹੇ) ਗੁਰੂ ਦੀ ਸੰਗਤਿ ਵਿਚ ਰਿਹਾਂ (ਮਾਇਆ ਦੀ ਤ੍ਰਿਸਨਾ ਵਲੋਂ) ਰੱਜੇ ਰਹੀਦਾ ਹੈ।"[173] ਇਸ ਅਰਦਾਸ ਵਿਚ ਚੌਥੇ ਪਾਤਸ਼ਾਹ ਪੂਰੇ ਸਤਿਗੁਰੂ ਦੀ ਸੰਗਤ ਦੀ ਪ੍ਰਾਪਤੀ ਦੀ ਮੰਗ ਕਰ ਰਹੇ ਹਨ।

### 5.29 ਗੁਰੂ ਕੋਲ ਅਧਿਆਤਮਿਕ ਰਸਤਾ ਦੱਸਣ ਦੀ ਅਰਦਾਸ

ਪਾਇ ਲਗਹ ਨਿਤ ਕਰਹ ਬਿਨੰਤੀ ਗੁਰਿ ਸਤਿਗੁਰਿ ਪੰਥੁ ਬਤਾਇਆ॥

ਸੋਈ ਭਗਤੁ ਦੁਖੁ ਸੁਖੁ ਸਮਤੁ ਕਰਿ ਜਾਣੈ ਹਰਿ ਹਰਿ ਨਾਮਿ ਹਰਿ ਰਾਤਾ॥

ਹਰਿ ਕਿਰਪਾ ਹਰਿ ਕਿਰਪਾ ਕਰਿ ਗੁਰੁ ਸਤਿਗੁਰੁ ਮੇਲਿ ਸੁਖਦਾਤਾ॥[174]

ਇਹ ਪੰਕਤੀਆਂ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 574

[170] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 539.
[171] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ)*, ਪੰਨਾ 239.
[172] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 541.
[173] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ),* ਪੰਨਾ 249.
[174] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 574.

ਉਪਰ ਵਡਹੰਸ ਰਾਗੁ ਵਿਚ ਦਰਜ ਹਨ,"ਜਿਸ ਗੁਰੂ ਨੇ (ਕੁਰਾਹੇ ਪਏ ਜਗਤ ਨੂੰ ਜੀਵਨ ਦਾ ਸਹੀ) ਰਸਤਾ ਦੱਸਿਆ ਹੈ, ਮੈਂ ਉਸ ਗੁਰੂ ਦੀ ਸਦਾ ਚਰਨੀਂ ਲੱਗਾਂਗਾ, ਮੈਂ ਉਸ ਗੁਰੂ ਅੱਗੇ ਬੇਨਤੀ ਕਰਾਗੁਾ (ਕਿ ਮੈਨੂੰ ਭੀ ਜੀਵਨ-ਰਸਤਾ ਦੱਸ)।ਉਹ (ਗੁਰੂ) ਹੀ (ਅਸਲ) ਭਗਤ ਹੈ, ਗੁਰੂ ਦੁਖ ਤੇ ਸੁਖ ਨੂੰ ਇਕੋ ਜਿਹਾ ਕਰ ਕੇ ਜਾਣਦਾ ਹੈ, ਗੁਰੂ ਸਦਾ ਪਰਮਾਤਮਾ ਦੇ ਨਾਮ-ਰੰਗ ਵਿਚ ਰੰਗਿਆ ਰਹਿੰਦਾ ਹੈ। ਹੇ ਹਰੀ! ਮੇਹਰ ਕਰ, ਮੈਨੂੰ ਆਤਮਕ ਆਨੰਦ ਦੇਣ ਵਾਲਾ ਗੁਰੂ ਮਿਲਾ।"[175] ਚੌਥੇ ਪਾਤਸ਼ਾਹ ਪਰਮਾਤਮਾ ਅੱਗੇ ਬੇਨਤੀ ਕਰ ਰਹੇ ਹਨ ਕਿ ਸੱਚੇ ਗੁਰੂ ਦਾ ਮਿਲਾਪ ਕਰਵਾਉ ਜੋ ਆਤਮਕ ਅਨੰਦ ਬਖਸ਼ਦਾ ਹੈ।

ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ ਹਰਿ ਪਾਸਿ ਬੇਨੰਤੀ ਰਾਮ॥
ਗੁਰ ਮਿਲਿ ਗੁਰ ਮੇਲਿ ਮੇਰਾ ਪਿਆਰਾ ਹਮ ਸਤਿਗੁਰ ਕਰਹ ਭਗਤੀ ਰਾਮ॥
ਹਰਿ ਹਰਿ ਸਤਿਗੁਰ ਕਰਹ ਭਗਤੀ ਜਾਂ ਹਰਿ ਪ੍ਰਭੁ ਕਿਰਪਾ ਧਾਰੇ॥
ਮੈ ਗੁਰ ਬਿਨੁ ਅਵਰੁ ਨ ਕੋਈ ਬੇਲੀ ਗੁਰੁ ਸਤਿਗੁਰੁ ਪ੍ਰਾਣ ਹਮ੍ਾਰੇ॥
ਕਹੁ ਨਾਨਕ ਗੁਰਿ ਨਾਮੁ ਦ੍ਰਿੜ੍ਹਾਇਆ ਹਰਿ ਹਰਿ ਨਾਮੁ ਹਰਿ ਸਤੀ॥
ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ ਹਰਿ ਪਾਸਿ ਬੇਨੰਤੀ॥[176]

ਇਹ ਪੰਕਤੀਆਂ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 574 ਉਪਰ ਵਡਹੰਸ ਰਾਗੁ ਵਿਚ ਦਰਜ ਹਨ, "ਅਸੀ ਨਿਮਾਣੇ ਪਪੀਹੇ ਹਾਂ (ਮੈਂ ਨਿਮਾਣਾ ਪਪੀਹਾ ਹਾਂ), ਮੈਂ ਨਿਮਾਣਾ ਪਪੀਹਾ ਹਾਂ), ਮੈਂ ਪਰਮਾਤਮਾ ਪਾਸ ਬੇਨਤੀ ਕਰਦਾ ਹਾਂ ਕਿ ਮੈਨੂੰ ਮੇਰਾ ਪਿਆਰਾ ਗੁਰੂ ਮਿਲਾ, ਗੁਰੂ ਸਤਿਗੁਰੂ ਨੂੰ ਮਿਲ ਕੇ ਮੈਂ ਪਰਮਾਤਮਾ ਦੀ ਭਗਤੀ ਕਰਾਗੁਾ। ਹੇ ਭਾਈ! ਗੁਰੂ ਨੂੰ ਮਿਲ ਕੇ ਪਰਮਾਤਮਾ ਦੀ ਭਗਤੀ ਅਸੀ ਤਦੋਂ ਹੀ ਕਰ ਸਕਦੇ ਹਾਂ ਜਦੋਂ ਪਰਮਾਤਮਾ ਕਿਰਪਾ ਕਰਦਾ ਹੈ। ਗੁਰੂ ਤੋਂ ਬਿਨਾ ਮੈਨੂੰ ਕੋਈ ਹੋਰ ਮਦਦਗਾਰ ਨਹੀਂ ਦਿੱਸਦਾ, ਗੁਰੂ ਹੀ ਮੇਰੀ ਜ਼ਿੰਦਗੀ (ਦਾ ਆਸਰਾ) ਹੈ।ਹੇ ਨਾਨਕ! ਆਖ—ਗੁਰੂ ਨੇ ਹੀ ਪਰਮਾਤਮਾ ਦਾ ਸਦਾ ਕਾਇਮ ਰਹਿਣ ਵਾਲਾ ਨਾਮ (ਮੇਰੇ) ਹਿਰਦੇ ਵਿਚ ਪੱਕਾ ਕੀਤਾ ਹੈ। ਮੈਂ ਪਪੀਹਾ ਹਾਂ (ਪਰਮਾਤਮਾ ਮੇਰਾ ਬੱਦਲ ਹੈ) ਮੈਂ ਪਰਮਾਤਮਾ ਪਾਸ ਬੇਨਤੀ ਕਰਦਾ ਹਾਂ (ਕਿ ਮੈਨੂੰ ਗੁਰੂ ਮਿਲਾ)।"[177] ਚੌਥੇ ਪਾਤਸ਼ਾਹ ਅਨੁਸਾਰ ਸੰਸਾਰ ਸਾਗਰ ਤੋਂ ਗੁਰੂ ਹੀ ਮਨੁੱਖ ਨੂੰ ਪਾਰ ਕਰਵਾ ਸਕਦਾ ਹੈ। ਇਸ ਲਈ ਪਰਮਾਤਮਾ ਅੱਗੇ ਪੂਰਨ ਗੁਰੂ ਦੀ ਪ੍ਰਾਪਤੀ ਦੀ ਅਰਦਾਸ ਕਰਨਾ ਸੰਭਵ ਹੈ।

### 5.30 ਅਰਦਾਸ ਕਰਨ ਵਾਲਾ ਇਕੋ ਪਰਮਾਤਮਾ ਦਾ ਘਰ

ਮੈ ਤਾਣੁ ਦੀਬਾਣੁ ਤੂ ਹੈ ਮੇਰੇ ਸੁਆਮੀ ਮੈ ਤੁਧੁ ਆਗੈ ਅਰਦਾਸਿ॥
ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ ਮੇਰਾ ਦੁਖੁ ਸੁਖੁ ਤੁਝ ਹੀ ਪਾਸਿ॥[178]

ਇਹ ਪੰਕਤੀਆਂ ਚੌਥੇ ਪਾਤਸ਼ਾਹ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 735 ਤੇ ਸੂਹੀ ਰਾਗੁ ਵਿਚ ਦਰਜ ਹਨ, "ਹੇ ਮੇਰੇ ਮਾਲਕ! ਤੂੰ ਹੀ ਮੇਰੇ ਵਾਸਤੇ ਬਲ ਹੈਂ, ਤੂੰ ਹੀ ਮੇਰੇ ਵਾਸਤੇ ਆਸਰਾ

---

[175] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ),* ਪੰਨਾ 399.
[176] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 574.
[177] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ)*, ਪੰਨਾ 398.
[178] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 735.

ਹੈਂ। ਮੈਂ ਤੇਰੇ ਅੱਗੇ ਹੀ ਅਰਜ਼ੋਈ ਕਰ ਸਕਦਾ ਹਾਂ। ਮੇਰੇ ਵਾਸਤੇ ਕੋਈ ਹੋਰ ਅਜੇਹਾ ਥਾਂ ਨਹੀਂ, ਜਿਸ ਕੋਲ ਮੈਂ ਬੇਨਤੀ ਕਰ ਸਕਾਂ। ਮੈਂ ਆਪਣਾ ਹਰੇਕ ਸੁਖ ਹਰੇਕ ਦੁੱਖ ਤੇਰੇ ਕੋਲ ਹੀ ਪੇਸ਼ ਕਰ ਸਕਦਾ ਹਾਂ।"[179] ਗੁਰੂ ਰਾਮਦਾਸ ਜੀ ਅਨੁਸਾਰ ਅਸੀਂ ਜੀਵ ਤੇਰੇ ਅੱਗੇ ਹੀ ਅਰਦਾਸ ਕਰ ਸਕਦੇ ਹਾਂ ਹੋਰ ਥਾਂ ਹੀ ਨਹੀਂ ਜਿਸ ਕੋਲ ਜਾ ਕੇ ਬੇਨਤੀ ਕਰੀਏ।

### 5.31 ਗੁਰੂ ਦੀ ਸੇਵਾ ਕਰਨ ਦੀ ਅਰਦਾਸ

ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ ਬਿਨਉ ਬੁਲਾਈ॥[180]

ਇਹ ਪੰਕਤੀਆਂ ਚੌਥੇ ਪਾਤਸ਼ਾਹ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 758 ਤੇ ਸੂਹੀ ਰਾਗੁ ਵਿਚ ਦਰਜ ਹਨ, "ਹੇ ਭਾਈ! ਮੈਂ ਗੁਰੂ ਦੇ ਸੇਵਕ ਦਾ ਸੇਵਕ ਬਣ ਕੇ ਉਸ ਦੀ ਕਾਰ ਕਰਨ ਨੂੰ ਤਿਆਰ ਹਾਂ ਮੈਂ ਉਸ ਨੂੰ ਬੇਨਤੀਆਂ ਕਰ ਕਰ ਕੇ (ਖ਼ੁਸ਼ੀ ਨਾਲ) ਸੱਦਾਂਗਾ।"[181] ਚੌਥੇ ਪਾਤਸ਼ਾਹ ਇਹਨਾਂ ਪੰਕਤੀਆਂ ਵਿਚ ਗੁਰੂ ਦੇ ਸੇਵਕਾਂ ਦਾ ਸੇਵਕ ਬਣ ਕੇ ਉਸਦੀ ਖੁਸ਼ੀ ਲੈਣ ਦੀ ਬੇਨਤੀ ਕਰ ਰਹੇ ਹਨ।

ਨਾਨਕ ਕੀ ਬੇਨੰਤੀ ਹਰਿ ਪਹਿ ਗੁਰ ਮਿਲਿ ਗੁਰ ਸੁਖ ਪਾਈ॥[182]

ਇਹ ਪੰਕਤੀਆਂ ਚੌਥੇ ਪਾਤਸ਼ਾਹ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 758 ਤੇ ਰਾਗੁ ਸੂਹੀ ਅਸਟਪਦੀਆ ਵਿਚ ਦਰਜ ਹਨ, "ਨਾਨਕ ਦੀ ਪਰਮਾਤਮਾ ਪਾਸ ਬੇਨਤੀ ਹੈ (.. ਹੇ ਪ੍ਰਭੂ! ਮੈਨੂੰ ਗੁਰੂ ਮਿਲਾ) ਗੁਰੂ ਨੂੰ ਮਿਲ ਕੇ ਮੈਨੂੰ ਵੱਡਾ ਆਨੰਦ ਪ੍ਰਾਪਤ ਹੁੰਦਾ ਹੈ।"[183] ਚੌਥੇ ਪਾਤਸ਼ਾਹ ਗੁਰੂ ਦੀ ਸੰਗਤ ਰਾਹੀਂ ਸੁਖ ਦੀ ਪ੍ਰਾਪਤੀ ਕਰਵਾਉਣ ਬਾਰੇ ਪਰਮਾਤਮਾ ਅੱਗੇ ਬੇਨਤੀ ਕਰ ਰਹੇ ਹਨ।

ਮਧਸੂਦਨ ਜਗ ਜੀਵਨ ਮਾਧੋ ਮੇਰੇ ਠਾਕੁਰ ਅਗਮ ਅਪਾਰੇ॥
ਇਕ ਬਿਨਉ ਬੇਨਤੀ ਕਰਉ ਗੁਰ ਆਗੈ ਮੈ ਸਾਧੂ ਚਰਨ ਪਖਾਰੇ॥[184]

ਇਹ ਪੰਕਤੀਆਂ ਚੌਥੇ ਪਾਤਸ਼ਾਹ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 980 ਤੇ ਨਟ ਅਸਟਪਦੀਆਂ ਵਿਚ ਦਰਜ ਹਨ, "ਹੇ ਮਧ ਸੂਦਨ ! ਹੇ ਜਗ ਜੀਵਨ! ਹੇ ਮਾਧੋ! ਹੇ ਮੇਰੇ ਠਾਕੁਰ ! ਹੇ ਅਪਹੁੰਚ! ਹੇ ਬੇਅੰਤ! (ਜੇ ਤੂੰ ਮਿਹਰ ਕਰੇਂ, ਤਾਂ ਤੇਰੇ ਨਾਮ ਦੀ ਪ੍ਰਾਪਤੀ ਵਾਸਤੇ) ਮੈਂ ਗੁਰੂ ਪਾਸ ਸਦਾ ਬੇਨਤੀ ਕਰਦਾ ਰਹਾਂ, ਮੈਂ ਗੁਰੂ ਦੇ ਚਰਨ ਹੀ ਧੋਂਦਾ ਰਹਾਂ।"[185] ਇਹਨਾਂ ਪੰਕਤੀਆਂ ਵਿਚ ਗੁਰੂ ਦੀ ਸੇਵਾ ਕਰਨ ਦੀ ਅਰਦਾਸ ਕੀਤੀ ਗਈ ਹੈ।

ਹਮਰੇ ਕਰਮ ਨ ਬਿਚਰਹੁ ਠਾਕੁਰ ਤੁਮ੍ ਪੈਜ ਰਖਹੁ ਅਪਨੀਧੇ॥
ਹਰਿ ਭਾਵੈ ਸੁਣਿ ਬਿਨਉ ਬੇਨਤੀ ਜਨ ਨਾਨਕ ਸਰਣਿ ਪਵੀਧੇ॥[186]

ਇਹ ਪੰਕਤੀਆਂ ਚੌਥੇ ਪਾਤਸ਼ਾਹ ਦੁਆਰਾ ਰਚਿਤ ਬਸੰਤ ਹਿੰਡੋਲ ਰਾਗੁ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ

---

179 ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 381.
180 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 758.
181 ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 497.
182 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 758.
183 ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 497.
184 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 980.
185 ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਸੱਤਵੀ ਪੋਥੀ)*, ਪੰਨਾ 309.
186 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1178-79.

ਪੰਨਾ 1178-79 ਤੇ ਦਰਜ ਹਨ, "ਹੇ ਮਾਲਕ-ਪ੍ਰਭੂ ! ਅਸਾਂ ਜੀਵਾਂ ਦੇ (ਚੰਗੇ ਮੰਦੇ) ਕਰਮ ਨਾਹ ਵਿਚਾਰਨੇ; ਆਪਣੇ ਸੇਵਕ-ਦਾਸ ਦੀ ਤੁਸਾਂ ਆਪ ਇੱਜ਼ਤ ਰੱਖਣੀ। ਹੇ ਦਾਸ ਨਾਨਕ! (ਆਖ—) ਜਿਵੇਂ ਤੈਨੂੰ ਭਾਵੈ ਮੇਰੀ ਬੇਨਤੀ-ਅਰਜ਼ੋਈ ਸੁਣ, ਮੈਂ ਤੇਰੀ ਸਰਨ ਪਿਆਂ ਹਾਂ।"[187] ਮਨੁੱਖ ਸਾਰੀ ਜ਼ਿੰਦਗੀ ਚੰਗੇ ਮੰਦੇ ਕਰਮਾਂ ਵਿਚ ਬੱਝਾ ਰਹਿੰਦਾ ਹੈ ਇਸ ਲਈ ਚੌਥੇ ਪਾਤਸ਼ਾਹ ਗੁਰੂ ਦੀ ਸ਼ਰਨ ਵਿਚ ਜਾ ਕੇ ਕਰਮਾਂ ਦੇ ਬੰਧਨ ਕਟਵਾਉਣ ਦੀ ਅਰਦਾਸ ਕਰ ਰਹੇ ਹਨ।

ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ॥ ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ ਤਰੁ॥
ਅਰਦਾਸਿ ਸੁਣੀ ਦਾਤਾਰਿ ਹੋਈ ਸਿਸਟਿ ਠਰੁ॥ ਲੇਵਹੁ ਕੰਠਿ ਲਗਾਇ ਅਪਦਾ ਸਭ ਹਰੁ॥
ਨਾਨਕ ਨਾਮੁ ਧਿਆਇ ਪ੍ਰਭ ਕਾ ਸਫਲੁ ਘਰੁ॥[188]

ਇਹ ਪੰਕਤੀਆਂ ਚੌਥੇ ਪਾਤਸ਼ਾਹ ਦੁਆਰਾ ਰਚਿਤ ਸਾਰੰਗ ਕੀ ਵਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1251 ਤੇ ਦਰਜ ਹਨ, "ਹੇ ਪ੍ਰਭੂ ! ਆਪਣੀ ਮਿਹਰ ਕਰ ਅਤੇ ਸਾਰੇ ਜੀਵਾਂ ਦੀ ਸਾਰ ਲੈ; ਅੰਨ ਪਾਣੀ ਬਹੁਤਾ ਪੈਦਾ ਕਰ, ਜੀਵਾਂ ਦੇ ਦੁੱਖ-ਦਲਿੱਦਰ ਦੂਰ ਕਰ ਕੇ ਬਚਾ ਲੈ—(ਸ੍ਰਿਸ਼ਟੀ ਦੀ ਇਹ) ਅਰਦਾਸ ਦਾਤਾਰ ਨੇ ਸੁਣੀ ਤੇ ਸ੍ਰਿਸ਼ਟੀ ਸ਼ਾਂਤ ਹੋ ਗਈ (ਇਸੇ ਤਰ੍ਹਾਂ) ਹੇ ਪ੍ਰਭੂ! ਜੀਵਾਂ ਨੂੰ ਆਪਣੇ ਨੇੜੇ ਰੱਖ ਅਤੇ (ਇਹਨਾਂ ਦੀ) ਸਾਰੀ ਬਿਪਤਾ ਦੂਰ ਕਰ ਦੇਹ। ਹੇ ਨਾਨਕ! (ਆਖ—ਹੇ ਭਾਈ!) ਪ੍ਰਭੂ ਦਾ ਨਾਮ ਸਿਮਰ, ਉਸ ਦਾ ਘਰ ਮੁਰਾਦਾਂ ਪੂਰੀਆਂ ਕਰਨ ਵਾਲਾ ਹੈ।"[189] ਇਸ ਵਿਚ ਗੁਰੂ ਸਾਹਿਬ ਸਾਰੀ ਕਾਇਨਾਤ ਤੇ ਮੇਹਰ ਕਰਨ ਦੀ ਅਰਦਾਸ ਪਰਮਾਤਮਾ ਅੱਗੇ ਕਰ ਰਹੇ ਹਨ। ਪ੍ਰਭੂ ਦਾ ਘਰ ਹੀ ਦਾਤਾਂ ਪੂਰੀਆ ਕਰਨ ਦਾ ਇਕੋ ਇਕ ਸਾਧਨ ਹੈ।

ਜਨ ਨਾਨਕ ਕਉ ਹਰਿ ਬਖਸਿ ਲੈਹੁ ਹਰਿ ਤੁਠੈ ਮੇਲਿ ਮਿਲਾਹ॥
ਹਰਿ ਕਿਰਪਾ ਕਰਿ ਸੁਣਿ ਬੇਨਤੀ ਹਮ ਪਾਪੀ ਕਿਰਮ ਤਰਾਹ॥[190]

ਇਹ ਪੰਕਤੀਆਂ ਚੌਥੇ ਪਾਤਸ਼ਾਹ ਦੁਆਰਾ ਰਚਿਤ ਕਾਨੜੇ ਕੀ ਵਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1314 ਤੇ ਦਰਜ ਹਨ, "ਹੇ ਹਰੀ! (ਆਪਣੇ) ਦਾਸ ਨਾਨਕ ਉਤੇ ਮਿਹਰ ਕਰ, ਜੇ ਤੂੰ ਮਿਹਰ ਕਰੇਂ ਤਾਂ ਹੀ ਅਸੀ ਤੇਰੇ ਚਰਨਾਂ ਵਿਚ ਮਿਲ ਸਕਦੇ ਹਾਂ। ਹੇ ਹਰੀ! ਕਿਰਪਾ ਕਰ, (ਅਸਾਡੀ) ਬੇਨਤੀ ਸੁਣ, ਅਸੀ ਪਾਪੀ ਅਸੀ ਕੀੜੇ (ਇਸ ਸੰਸਾਰ-ਸਮੁੰਦਰ ਤੋਂ) ਪਾਰ ਲੰਘ ਸਕੀਏ।"[191] ਇਸ ਵਿਚ ਗੁਰੂ ਸਾਹਿਬ ਇਸ ਸੰਸਾਰ ਸਮੁੰਦਰ ਤੋਂ ਪਾਰ ਜਾਣ ਲਈ ਪਰਮਾਤਮਾ ਅੱਗੇ ਬੇਨਤੀ ਕਰ ਰਹੇ ਹਨ।

ਸੋ ਇਸ ਪ੍ਰਕਾਰ ਸ੍ਰੀ ਗਰੂ ਰਾਮਦਾਸ ਜੀ ਦੀ ਬਾਣੀ ਵਿਚ ਮੋਟੇ ਤੌਰ 'ਤੇ ਗੁਰੂ ਦੀ ਸੰਗਤ, ਗੁਰੂ ਦੀ ਸੇਵਾ, ਗੁਰੂ ਦੀ ਸ਼ਰਨ, ਨਾਮ ਦੀ ਦਾਤ, ਆਦਿ ਵਿਸ਼ਿਆਂ ਉਪਰ ਅਰਦਾਸ ਕਰਨ ਦੇ ਰੂਪ ਸਾਹਮਣੇ ਆਉਂਦੇ ਹਨ।

---

[187] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਅੱਠਵੀਂ ਪੋਥੀ)*, ਪੰਨਾ 546.
[188] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1251.
[189] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਨੌਵੀਂ ਪੋਥੀ)*, ਪੰਨਾ 115.
[190] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1314.
[191] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਨੌਵੀਂ ਪੋਥੀ)*, ਪੰਨਾ 665.

## 5.32 ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਅਰਦਾਸ ਨਾਲ ਸੰਬੰਧਤ ਪੰਕਤੀਆਂ

ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਸਨ। ਆਪ ਜੀ ਨੂੰ ਬਚਪਨ ਵਿਚ ਹੀ ਤੀਜੇ ਗੁਰੂ ਅਮਰਦਾਸ ਜੀ ਨੇ 'ਦੋਹਿਤਾ ਬਾਣੀ ਕਾ ਬੋਹਿਥਾ' ਦਾ ਵਰ ਦਿੱਤਾ। ਆਪ ਜੀ ਨੂੰ 1581ਈ. ਵਿਚ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਤੋਂ ਬਾਅਦ ਗੁਰਗੱਦੀ ਮਿਲੀ। ਆਪ ਜੀ ਨੇ ਹੀ ਪਿਛਲੇ ਚਾਰ ਗੁਰੂਆਂ ਦੀ ਬਾਣੀ ਅਤੇ ਹੋਰਨਾਂ ਮਹਾਪੁਰਖਾਂ ਦੀ ਬਾਣੀ ਨੂੰ 1604 ਈ. ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ। ਬਾਣੀਕਾਰਾਂ ਵਿਚ ਸਭ ਤੋਂ ਵੱਧ ਬਾਣੀ ਆਪ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਹੈ। ਆਪ ਜੀ ਨੇ 30 ਰਾਗਾਂ ਵਿਚ 2218 ਸ਼ਬਦਾਂ ਦੀ ਰਚਨਾ ਕੀਤੀ।

## 5.33 ਪਰਮਾਤਮਾ ਅੱਗੇ ਮਨੁੱਖਾ ਜਨਮ ਸਫਲ ਕਰਵਾਉਣ ਦੀ ਅਰਦਾਸ

ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ॥
ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥
ਅਉਧ ਘਟੈ ਦਿਨਸੁ ਰੈਣਾਰੇ ਮਨ ਗੁਰ ਮਿਲਿ ਕਾਜ ਸਵਾਰੇ॥[192]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸਿਰੀਰਾਗੁ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 13 ਤੇ ਦਰਜ ਹਨ, ਇਹ ਪੰਕਤੀਆਂ ਸਿੱਖ ਧਰਮ ਵਿਚ ਪੜ੍ਹੀ ਜਾਣ ਵਾਲੀ ਜਾਣ ਵਾਲੀ ਰਾਤ ਦੀ ਬਾਣੀ ਕੀਰਤਨ ਸੋਹਿਲਾ ਵਿਚ ਆਉਂਦੀਆਂ ਹਨ, "ਹੇ ਮੇਰੇ ਮਿੱਤਰੋ! ਸੁਣੋ! ਮੈਂ ਬੇਨਤੀ ਕਰਦਾ ਹਾਂ—(ਹੁਣ) ਗੁਰਮੁਖਾਂ ਦੀ ਸੇਵਾ ਕਰਨ ਦਾ ਵੇਲਾ ਹੈ। (ਜੇ ਸੇਵਾ ਕਰੋਗੇ, ਤਾਂ) ਇਸ ਜਨਮ ਵਿਚ ਪ੍ਰਭੂ ਦੇ ਨਾਮ ਦੀ ਖੱਟੀ ਖੱਟ ਕੇ ਜਾਵੋਗੇ, ਅਤੇ ਪਰਲੋਕ ਵਿਚ ਰਹਿਣਾ ਸੌਖਾ ਹੋ ਜਾਇਗਾ।1। ਹੇ ਮਨ! ਦਿਨ ਰਾਤ (ਬੀਤ ਬੀਤ ਕੇ) ਉਮਰ ਘਟਦੀ ਜਾ ਰਹੀ ਹੈ। ਹੇ (ਮੇਰੇ) ਮਨ! ਗੁਰੂ ਨੂੰ ਮਿਲ ਕੇ (ਮਨੁੱਖਾ ਜੀਵਨ ਦਾ) ਕੰਮ ਸਿਰੇ ਚਾੜ੍ਹ।"[193] ਇਸ ਵਿਚ ਪੰਜਵੇਂ ਪਾਤਸ਼ਾਹ ਗੁਰਮੁਖਾਂ ਦੀ ਸੇਵਾ ਕਰਨ ਲਈ, ਇਸ ਜਨਮ ਵਿਚ ਪ੍ਰਭੂ ਦੇ ਨਾਮ ਦੀ ਕਮਾਈ ਕਰਨ ਦੀ, ਉਮਰ ਘਟਣ ਵੱਲ ਇਸ਼ਾਰਾ ਕਰਕੇ ਪੂਰੇ ਗੁਰੂ ਰਾਹੀਂ ਮਨੁੱਖ ਜਨਮ ਦੀ ਸਫਲਤਾ ਦੀ ਅਰਦਾਸ ਕਰ ਰਹੇ ਹਨ।

## 5.34 ਕਾਰਜ ਵਿੱਚ ਕਾਮਯਾਬ ਕਰਵਾਉਣ ਦੀ ਅਰਦਾਸ

ਸਾਧ ਸੰਗਤਿ ਹੋਇ ਨਿਰਮਲਾ ਕਟੀਐ ਜਮ ਕੀ ਫਾਸ॥
ਸੁਖਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ॥
ਮਿਹਰ ਕਰੇ ਜਿਸੁ ਮਿਹਰਵਾਨੁ, ਤਾਂ ਕਾਰਜੁ ਆਵੈ ਰਾਸਿ॥[194]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 44 ਉਪਰ ਸਿਰੀਰਾਗੁਵਿਚ ਦਰਜ ਹਨ, "ਸਾਧ ਸੰਗਤਿ ਵਿਚ ਰਿਹਾਂ (ਆਚਰਨ) ਪਵਿਤ੍ਰ ਹੋ ਜਾਂਦਾ ਹੈ, ਤੇ ਜਮਾਂ ਦੀ ਫਾਹੀ ਕੱਟੀ ਜਾਂਦੀ ਹੈ। (ਹੇ ਮਨ! ਸਾਧ ਸੰਗਤਿ ਦਾ ਆਸਰਾ ਲੈ ਕੇ) ਉਸ ਪਰਮਾਤਮਾ ਅੱਗੇ ਅਰਦਾਸ ਕਰਦਾ ਰਹੁ, ਜੋ ਸਾਰੇ ਸੁਖ ਦੇਣ ਵਾਲਾ ਹੈ ਤੇ ਸਾਰੇ ਡਰ-ਸਹਮ ਨਾਸ ਕਰਨ ਵਾਲਾ ਹੈ।ਮਿਹਰ ਕਰਨ

---

[192] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 13.
[193] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ),* ਪੰਨਾ 169.
[194] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 44.

ਵਾਲਾ ਪਰਮਾਤਮਾ ਜਿਸ ਮਨੁੱਖ ਉੱਤੇ ਜਦੋਂ ਮਿਹਰ (ਦੀ ਨਿਗਾਹ) ਕਰਦਾ ਹੈ, ਤਦੋਂ ਉਸ ਦੀ ਮਨੁੱਖਾ ਜੀਵਨ ਦੀ ਭਾਰੀ ਜ਼ਿੰਮੇਵਾਰੀ ਸਿਰੇ ਚੜ੍ਹ ਜਾਂਦੀ ਹੈ।"[195]ਗੁਰੂ ਸਾਹਿਬ ਕਹਿ ਰਹੇ ਹਨ ਕਿ ਪਰਮਾਤਮਾ ਅੱਗੇ ਅਰਦਾਸ ਕਰਨੀ ਚਾਹੀਦੀ ਹੈ ਜੋ ਸਾਰਿਆਂ ਸੁਖਾਂ ਦਾ ਖਜ਼ਾਨਾ ਹੈ।

### 5.35 ਪਰਮਾਤਮਾ ਨੂੰ ਮਿਲਾਉਣ ਲਈ ਗੁਰੂ ਅੱਗੇ ਅਰਦਾਸ

ਤਿਸੁ ਆਗੈ ਅਰਦਾਸਿ ਕਰਿ ਜੋ ਮੇਲੇ ਕਰਤਾਰੁ॥
ਸਤਿਗੁਰੁ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ॥
ਸਦਾ ਸਦਾ ਸਾਲਾਹੀਐ ਅੰਤੁ ਨ ਪਾਰਾਵਾਰੁ॥[196]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 49 ਉਪਰ ਸਿਰੀਰਾਗੁਵਿਚ ਦਰਜ ਹਨ, "ਤੂੰ ਉਸ ਗੁਰੂ ਦੇ ਦਰ ਤੇ ਅਰਦਾਸ ਕਰ, ਜੇਹੜਾ ਕਰਤਾਰ (ਨੂੰ) ਮਿਲਾ ਸਕਦਾ ਹੈ। ਗੁਰੂ ਨਾਮ (ਦੀ ਦਾਤਿ) ਦੇਣ ਵਾਲਾ ਹੈ, ਉਸ (ਗੁਰੂ) ਦਾ (ਨਾਮ ਦਾ) ਖ਼ਜ਼ਾਨਾ ਅਮੁੱਕ ਹੈ। (ਗੁਰੂ ਦੀ ਸਰਨ ਪੈ ਕੇ ਹੀ) ਸਦਾ ਹੀ ਉਸ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰਨੀ ਚਾਹੀਦੀ ਹੈ ਜਿਸ ਦੇ ਗੁਣਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ ਜਿਸ ਦੇ ਗੁਣਾਂ ਦੇ ਸਮੁੰਦਰ ਦਾ ਉਰਲਾ ਤੇ ਪਾਰਲਾ ਪੰਨਾ ਨਹੀਂ ਲੱਭ ਸਕਦਾ।"[197] ਇਸ ਵਿਚ ਗੁਰੂ ਸਾਹਿਬ ਪੂਰੇ ਗੁਰੂ ਅੱਗੇ ਅਰਦਾਸ ਕਰਨ ਬਾਰੇ ਕਹਿ ਰਹੇ ਹਨ ਜੋ ਪਰਮਾਤਮਾ ਨੂੰ ਮਿਲਾਉਣ ਵਿਚ ਸਹਾਈ ਹੋ ਸਕਦਾ ਹੈ।

### 5.36 ਵਿਕਾਰਾਂ ਦੀ ਦਲਦਲ ਵਿਚੋਂ ਕੱਢਣ ਦੀ ਅਰਦਾਸ

ਸਭ ਸ੍ਰਿਸਟਿ ਸੇਵੇ ਦਿਨੁ ਰਾਤਿ ਜੀਉ॥ ਦੇ ਕੰਨੁ ਸੁਣਹੁ ਅਰਦਾਸਿ ਜੀਉ॥
ਠੋਕਿ ਵਜਾਇ ਸਭ ਡਿਠੀਆ ਤੁਸਿ ਆਪੇ ਲਇਅਨੁ ਛਡਾਇ ਜੀਉ॥[198]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸਿਰੀਰਾਗੁ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 74 ਤੇ ਦਰਜ ਹਨ, "ਸਾਰੀ ਸ੍ਰਿਸ਼ਟੀ ਦਿਨ ਰਾਤ ਤੇਰੀ ਹੀ ਸੇਵਾ ਭਗਤੀ ਕਰਦੀ ਹੈ, ਤੂੰ (ਹਰੇਕ ਜੀਵ ਦੀ) ਅਰਦਾਸ ਧਿਆਨ ਨਾਲ ਸੁਣਦਾ ਹੈਂ।(ਹੇ ਭਾਈ!) ਮੈਂ ਸਾਰੀ ਲੁਕਾਈ ਨੂੰ ਚੰਗੀ ਤਰ੍ਹਾਂ ਪਰਖ ਕੇ ਵੇਖ ਲਿਆ ਹੈ (ਜਿਨ੍ਹਾਂ ਜਿਨ੍ਹਾਂ ਨੂੰ ਵਿਕਾਰਾਂ ਤੋਂ ਛਡਾਇਆ ਹੈ) ਪ੍ਰਭੂ ਨੇ ਆਪ ਹੀ ਪ੍ਰਸੰਨ ਹੋ ਕੇ ਛਡਾਇਆ ਹੈ।"[199] ਪਰਮਾਤਮਾ ਹੀ ਵਿਕਾਰਾਂ ਦਾ ਨਾਸ਼ ਕਰਨ ਵਾਲਾ ਹੈ ਉਸ ਅੱਗੇ ਹੀ ਅਰਦਾਸ ਕਰਨੀ ਸੋਭਦੀ ਹੈ।

ਅਨਾਥ ਕੇ ਨਾਥੇ ਸ੍ਰਬ ਕੈ ਸਾਥੇ ਜਪਿ ਜੂਐ ਜਨਮੁ ਨ ਹਾਰੀਐ॥
ਨਾਨਕ ਕੀ ਬੇਨੰਤੀ ਪ੍ਰਭ ਪਹਿ ਕ੍ਰਿਪਾ ਕਰਿ ਭਵਜਲ ਤਾਰੀਐ॥[200]

---

[195] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ)*, ਪੰਨਾ 169.
[196] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 49.
[197] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ)*, ਪੰਨਾ 356.
[198] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 74.
[199] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ)*, ਪੰਨਾ 486-87.
[200] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 80.

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸਿਰੀਰਾਗੁ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 74 ਤੇ ਦਰਜ ਹਨ, "ਹੇ ਅਨਾਥਾਂ ਦੇ ਨਾਥ ਪ੍ਰਭੂ! ਹੇ ਜੀਵਾਂ ਦੇ ਅੰਗ-ਸੰਗ ਰਹਿਣ ਵਾਲੇ ਪ੍ਰਭੂ! (ਤੇਰਾ ਨਾਮ) ਜਪ ਕੇ ਮਨੁੱਖਾ ਜਨਮ (ਕਿਸੇ ਜੁਆਰੀਏ ਵਾਂਗ) ਜੂਏ (ਦੀ ਬਾਜ਼ੀ) ਵਿਚ ਵਿਅਰਥ ਨਹੀਂ ਗਵਾਇਆ ਜਾਂਦਾ।ਪਰਮਾਤਮਾ ਦੇ ਪਾਸ ਨਾਨਕ ਦੀ ਇਹ ਬੇਨਤੀ ਹੈ—ਹੇ ਪ੍ਰਭੂ! ਕਿਰਪਾ ਕਰ (ਮੈਨੂੰ ਆਪਣਾ ਨਾਮ ਦੇਹ ਤੇ) ਸੰਸਾਰ-ਸਮੁੰਦਰ ਤੋਂ ਪਾਰ ਲੰਘਾ।"[201] ਗੁਰੂ ਸਾਹਿਬ ਇਸ ਵਿਚ ਪਰਮਾਤਮਾ ਅੱਗੇ ਭਵਜਲ ਤੋਂ ਪਾਰ ਕਰਵਾਉਣ ਦੀ ਅਰਦਾਸ ਕਰ ਰਹੇ ਹਨ।

**5.37 ਅਹੰਕਾਰ ਦੂਰ ਕਰਨ ਦੀ ਅਰਦਾਸ**

ਸਗਲ ਸੰਤਨ ਪਹਿ ਵਸਤੁ ਇਕ ਮਾਂਗਉ॥ ਕਰਉ ਬਿਨੰਤੀ ਮਾਨੁ ਤਿਆਗਉ॥
ਵਾਰਿ ਵਾਰਿ ਜਾਈ ਲਖ ਵਰੀਆ ਦੇਹੁ ਸੰਤਨ ਕੀ ਧੂਰਾ ਜੀਉ॥[202]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 74 ਉਪਰ ਮਾਝ ਰਾਗੁ ਵਿਚ ਦਰਜ ਹਨ, "ਤੇਰਾ ਭਜਨ ਕਰਨ ਵਾਲੇ ਸਾਰੇ ਬੰਦਿਆਂ ਤੋਂ ਮੈਂ ਤੇਰਾ ਨਾਮ-ਪਦਾਰਥ ਹੀ ਮੰਗਦਾ ਹਾਂ, ਤੇ (ਉਹਨਾਂ ਅੱਗੇ) ਬੇਨਤੀ ਕਰਦਾ ਹਾਂ (ਕਿ ਕਿਸੇ ਤਰ੍ਹਾਂ) ਮੈਂ (ਆਪਣੇ ਅੰਦਰੋਂ) ਅਹੰਕਾਰ ਦੂਰ ਕਰ ਸਕਾਂ। ਹੇ ਪ੍ਰਭੂ! ਮੈਂ ਲੱਖਾਂ ਵਾਰ (ਤੇਰੇ ਸੰਤਾਂ ਤੋਂ) ਸਦਕੇ ਕੁਰਬਾਨ ਜਾਂਦਾ ਹਾਂ, ਮੈਨੂੰ ਆਪਣੇ ਸੰਤਾਂ ਦੇ ਚਰਨਾਂ ਦੀ ਧੂੜ ਬਖ਼ਸ਼।"[203] ਇਸ ਵਿਚ ਹੰਕਾਰ ਨੂੰ ਦੂਰ ਕਰਕੇ ਸੰਤਾਂ ਦੇ ਚਰਨਾਂ ਦੀ ਧੂੜ ਦੇਣ ਦੀ ਅਰਦਾਸ ਕੀਤੀ ਗਈ ਹੈ।

ਸਗਲ ਸੰਤਨ ਪਹਿ ਵਸਤੁ ਇਕ ਮਾਂਗਉ॥ ਕਰਉ ਬਿਨੰਤੀ ਮਾਨੁ ਤਿਆਗਉ॥[204]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 99 ਤੇ ਮਾਝ ਰਾਗੁ ਵਿਚ ਦਰਜ ਹਨ, "ਹੇ ਪ੍ਰਭੂ!) ਤੇਰਾ ਭਜਨ ਕਰਨ ਵਾਲੇ ਸਾਰੇ ਬੰਦਿਆਂ ਤੋਂ ਮੈਂ ਤੇਰਾ ਨਾਮ-ਪਦਾਰਥ ਹੀ ਮੰਗਦਾ ਹਾਂ, ਤੇ (ਉਹਨਾਂ ਅੱਗੇ) ਬੇਨਤੀ ਕਰਦਾ ਹਾਂ (ਕਿ ਕਿਸੇ ਤਰ੍ਹਾਂ) ਮੈਂ (ਆਪਣੇ ਅੰਦਰੋਂ) ਅਹੰਕਾਰ ਦੂਰ ਕਰ ਸਕਾਂ।"[205] ਇਸ ਅਰਦਾਸ ਵਿਚ ਹੰਕਾਰ ਨੂੰ ਦੂਰ ਕਰਨ ਅਤੇ ਨਾਮ ਦੀ ਮੰਗ ਕੀਤੀ ਗਈ ਹੈ।

ਦੁਇ ਕਰ ਜੋੜਿ ਇਕੁ ਬਿਨਉ ਕਰੀਜੈ॥ ਕਰਿ ਕਿਰਪਾ ਡੁਬਦਾ ਪਥਰੁ ਲੀਜੈ॥
ਨਾਨਕ ਕਉ ਪ੍ਰਭ ਭਏ ਕ੍ਰਿਪਾਲਾ ਪ੍ਰਭ ਨਾਨਕ ਮਨਿ ਭਾਣਾ ਜੀਉ॥[206]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 103 ਉਪਰ ਮਾਝ ਰਾਗੁ ਵਿਚ ਦਰਜ ਹਨ, "ਦੋਵੇਂ ਹੱਥ ਜੋੜ ਕੇ (ਪਰਮਾਤਮਾ ਦੇ ਦਰ ਤੇ) ਇਕ (ਇਹ) ਅਰਦਾਸ ਕਰਨੀ ਚਾਹੀਦੀ ਹੈ (ਕਿ ਹੇ ਪ੍ਰਭੂ!) ਮਿਹਰ ਕਰ ਕੇ (ਵਿਕਾਰਾਂ ਦੇ ਸਮੁੰਦਰ ਵਿਚ) ਡੱਬ ਰਹੇ ਮੈਨੂੰ ਕਠੋਰ-

[201] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ)*, ਪੰਨਾ 519.
[202] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 99.
[203] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ)*, ਪੰਨਾ 620.
[204] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 99.
[205] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ)*, ਪੰਨਾ 620.
[206] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 103.

ਚਿੱਤ ਨੂੰ ਬਚਾ ਲੈ। (ਹੇ ਭਾਈ! ਇਹ ਅਰਦਾਸਾਂ ਸੁਣ ਕੇ) ਪ੍ਰਭੂ ਜੀ ਮੈਂ ਨਾਨਕ ਉੱਤੇ ਦਇਆਵਾਨ ਹੋ ਗਏ ਹਨ, ਤੇ ਪ੍ਰਭੂ ਜੀ ਨਾਨਕ ਦੇ ਮਨ ਵਿਚ ਪਿਆਰੇ ਲੱਗਣ ਲੱਗ ਪਏ ਹਨ।"[207] ਗੁਰੂ ਸਾਹਿਬ ਦੱਸ ਰਹੇ ਹਨ ਕਿ ਪਰਮਾਤਮਾ ਅੱਗੇ ਦੋਵੇਂ ਹੱਥ ਜੋੜ ਕੇ ਇਹੋ ਅਰਦਾਸ ਕਰਨੀ ਚਾਹੀਦੀ ਹੈ ਕਿ ਕਿਰਪਾ ਕਰਕੇ ਵਿਕਾਰਾਂ ਤੋਂ ਬਚਾ।

### 5.38 ਅਰਦਾਸ ਪੂਰੀ ਹੋਣ ਦੀ ਅਰਦਾਸ

ਜਿਸ ਕੇ ਸੇ ਤਿਨ ਹੀ ਪ੍ਰਤਿਪਾਰੇ॥ ਪਾਰਬ੍ਰਹਮ ਪ੍ਰਭ ਭਏ ਰਖਵਾਰੇ॥
ਸੁਣੀ ਬੇਨੰਤੀ ਠਾਕੁਰਿ ਮੇਰੈ ਪੂਰਨ ਹੋਈ ਘਾਲੀ ਜੀਉ॥[208]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 105-106 ਉਪਰ ਮਾਝ ਰਾਗੁ ਵਿਚ ਦਰਜ ਹਨ, "ਪਾਰਬ੍ਰਹਮ ਪ੍ਰਭੂ ਉਹਨਾਂ ਸਾਰੇ ਜੀਅ ਜੰਤਾਂ ਦੀ ਪਾਲਣਾ ਕਰਦਾ ਹੈ ਜੋ ਉਸ ਦੇ ਪੈਦਾ ਕੀਤੇ ਹੋਏ ਹਨ ਸਭਨਾਂ ਦਾ ਰਾਖਾ ਬਣਦਾ ਹੈ (ਤਿਵੇਂ ਉਸ ਦੇ ਨਾਮ ਦੀ ਵਰਖਾ ਵਾਸਤੇ ਜਦੋਂ ਜਦੋਂ ਮੈਂ ਬੇਨਤੀ ਕੀਤੀ ਤਾਂ) ਮੇਰੇ ਪਾਲਣਹਾਰ ਪ੍ਰਭੂ ਨੇ ਮੇਰੀ ਬੇਨਤੀ ਸੁਣੀ ਤੇ ਮੇਰੀ (ਸੇਵਾ ਭਗਤੀ ਦੀ) ਮਿਹਨਤ ਸਿਰੇ ਚੜ੍ਹ ਗਈ।"[209] ਇਸ ਅਰਦਾਸ ਵਿਚ ਗੁਰੂ ਸਾਹਿਬ ਦੱਸ ਰਹੇ ਹਨ ਕਿ ਪਰਮਾਤਮਾ ਨੇ ਮੇਰੀ ਬੇਨਤੀ ਨੂੰ ਪ੍ਰਵਾਨ ਕਰ ਲਿਆ ਹੈ।

### 5.39 ਪਰਮਾਤਮਾ ਦੀ ਯਾਦ ਵਿਚ ਰਹਿਣ ਦੀ ਅਰਦਾਸ

ਤੇਰਾ ਮਾਣੁ ਤਾਣੁ ਪ੍ਰਭ ਤੇਰਾ॥ ਤੂੰ ਸਚਾ ਸਾਹਿਬੁ ਗੁਣੀ ਗਹੇਰਾ॥
ਨਾਨਕੁ ਦਾਸੁ ਕਹੈ ਬੇਨੰਤੀ ਆਠ ਪਹਰ ਤੁਧੁ ਧਿਆਈ ਜੀਉ॥[210]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 106 ਉਪਰ ਮਾਝ ਰਾਗੁ ਵਿਚ ਦਰਜ ਹਨ, "ਹੇ ਪ੍ਰਭੂ! ਮੈਨੂੰ ਤੇਰਾ ਹੀ ਮਾਣ ਹੈ ਮੈਨੂੰ ਤੇਰਾ ਹੀ ਆਸਰਾ ਹੈ, ਤੂੰ ਸਦਾ ਕਾਇਮ ਰਹਿਣ ਵਾਲਾ ਮੇਰਾ ਮਾਲਕ ਹੈਂ, ਤੂੰ ਸਾਰੇ ਗੁਣਾਂ ਵਾਲਾ ਹੈਂ ਤੇਰੇ ਗੁਣਾਂ ਦੀ ਹਾਥ ਨਹੀਂ ਪਾਈ ਜਾ ਸਕਦੀ। ਹੇ ਪ੍ਰਭੂ! (ਤੇਰਾ) ਦਾਸ ਨਾਨਕ (ਤੇਰੇ ਅੱਗੇ) ਬੇਨਤੀ ਕਰਦਾ ਹੈ (ਕਿ ਮਿਹਰ ਕਰ) ਮੈਂ ਅੱਠੇ ਪਹਰ ਤੈਨੂੰ ਯਾਦ ਕਰਦਾ ਰਹਾਂ।"[211] ਇਸ ਅਰਦਾਸ ਵਿਚ ਗੁਰੂ ਸਾਹਿਬ ਉਸ ਗੁਣਾਂ ਦੇ ਖਜ਼ਾਨੇ ਕੋਲੋਂ ਹਮੇਸ਼ਾਂ ਉਸਦੀ ਯਾਦ ਦੀ ਮੰਗ ਕਰ ਰਹੇ ਹਨ।

ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥
ਵੈਸਾਖੁ ਸੁਹਾਵਾ ਤਾਂ ਲਗੈ, ਜਾ ਸੰਤ ਭੇਟੈ ਹਰਿ ਸੋਇ॥[212]

---

[207] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ)*, ਪੰਨਾ 637.
[208] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 105-106.
[209] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ)*, ਪੰਨਾ 651.
[210] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 106.
[211] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ)*, ਪੰਨਾ 654.
[212] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 133.

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 133 ਤੇ ਮਾਝ ਰਾਗੁ ਦੇ ਬਾਰਹ ਮਾਹਾ ਵਿਚ ਦਰਜ ਹਨ, "ਪ੍ਰਭੂ ਪ੍ਰੀਤਮ ਦੀ ਚਰਨੀਂ ਜੇਹੜੇ ਬੰਦੇ ਲਗਦੇ ਹਨ, ਉਹਨਾਂ ਦੀ (ਲੋਕ ਪਰਲੋਕ ਵਿਚ) ਭਲੀ ਸੋਭਾ ਹੁੰਦੀ ਹੈ। ਹੇ ਪ੍ਰਭੂ! (ਤੇਰੇ ਦਰ ਤੇ) ਮੇਰੀ ਬੇਨਤੀ ਹੈ ਕਿ ਮੈਨੂੰ ਤੇਰਾ ਦਿਲ-ਰੱਜਵਾਂ ਮਿਲਾਪ ਨਸੀਬ ਹੋਵੇ। (ਰੁੱਤ ਫਿਰਨ ਨਾਲ ਚੁਫੇਰੇ ਬਨਸਪਤੀ ਪਈ ਸੁਹਾਵਣੀ ਹੋ ਜਾਏ, ਪਰ) ਜਿੰਦ ਨੂੰ ਵੈਸਾਖ ਦਾ ਮਹੀਨਾ ਤਦੋਂ ਹੀ ਸੋਹਣਾ ਲੱਗ ਸਕਦਾ ਹੈ ਜੇ ਹਰੀ ਸੰਤ-ਪ੍ਰਭੂ ਮਿਲ ਪਏ।"[213] ਬਾਰਹਮਾਹਾ ਦੇ ਵਿਸਾਖ ਮਹੀਨੇ ਵਿਚ ਜੀਵ ਇਸਤਰੀ ਦੇ ਰੂਪ ਵਿਚ ਮਨੁੱਖੀ ਜੀਵ ਨੂੰ ਸਮਝਾਉਂਦੇ ਹੋਏ ਗੁਰੂ ਸਾਹਿਬ ਅਰਦਾਸ ਕਰ ਰਹੇ ਹਨ ਕਿ ਜਿੰਦ ਨੂੰ ਵਿਸਾਖ ਦਾ ਮਹੀਨਾ ਤਾਂ ਹੀ ਸੋਹਣਾ ਲੱਗਦਾ ਹੈ ਜੇ ਪ੍ਰਭੂ ਨਾਲ ਮਿਲਾਪ ਹੋਵੇ।

### 5.40 ਰੱਬ ਨਾਲ ਇਕਮਿਕਤਾ ਸੰਬੰਧੀ ਅਰਦਾਸ

ਕਰਿ ਕਿਰਪਾ ਪ੍ਰਭ ਆਪਣੀ, ਤੇਰੇ ਦਰਸਨ ਹੋਇ ਪਿਆਸ॥
ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ, ਨਾਨਕ ਕੀ ਅਰਦਾਸਿ॥[214]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 134 ਤੇ ਮਾਝ ਰਾਗੁ ਦੇ ਬਾਰਹ ਮਾਹਾ ਵਿਚ ਦਰਜ ਹਨ, "ਹੇ ਪ੍ਰਭੂ! (ਤੇਰੇ ਅੱਗੇ) ਨਾਨਕ ਦੀ ਬੇਨਤੀ ਹੈ—ਆਪਣੀ ਮਿਹਰ ਕਰ, (ਮੇਰੇ ਮਨ ਵਿਚ) ਤੇਰੇ ਦਰਸਨ ਦੀ ਤਾਂਘ ਬਣੀ ਰਹੇ, (ਕਿਉਂਕਿ) ਹੇ ਪ੍ਰਭੂ! ਤੈਥੋਂ ਬਿਨਾ ਮੇਰਾ ਕੋਈ ਹੋਰ ਆਸਰਾ-ਪਰਨਾ ਨਹੀਂ ਹੈ।"[215] ਗੁਰੂ ਅਰਜਨ ਦੇਵ ਜੀ ਪਰਮਾਤਮਾ ਨੂੰ ਮਿਹਰ ਕਰਨ ਲਈ ਕਹਿ ਰਹੇ ਹਨ ਕਿ ਤੇਰੇ ਦਰਸ਼ਨਾਂ ਦੀ ਭੁੱਖ ਸਾਡੇ ਸਰੀਰ ਨੂੰ ਹਮੇਸ਼ਾਂ ਬਣੀ ਰਹੇ ਕਿਉਂਕਿ ਪਰਮਾਤਮਾ ਤੋਂ ਬਿਨਾਂ ਹੋਰ ਕੋਈ ਆਧਾਰ ਨਹੀਂ।

ਜਿੰਨ੍ੀ ਚਾਖਿਆ ਪ੍ਰੇਮ ਰਸੁ, ਸੇ ਤ੍ਰਿਪਤਿ ਰਹੇ ਆਘਾਇ॥
ਆਪੁ ਤਿਆਗਿ ਬਿਨਤੀ ਕਰਹਿ, ਲੇਹੁ ਪ੍ਰਭੂ ਲੜਿ ਲਾਇ॥[216]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 135 ਤੇ ਮਾਝ ਰਾਗੁ ਦੇ ਬਾਰਹ ਮਾਹਾ ਵਿਚ ਦਰਜ ਹੈ, ਇਸ ਬਾਰਹ ਮਾਹਾ ਵਿਚੋਂ ਸੰਬੰਧਤ ਮਹੀਨੇ ਦਾ ਪਾਠ ਸਿੱਖ ਸੰਗਤਾਂ ਵਿਚ ਸੰਗਰਾਂਦ ਵਾਲੇ ਦਿਨ ਕੀਤਾ ਜਾਂਦਾ ਹੈ, "ਜਿਨ੍ਹਾਂ (ਵਡ-ਭਾਗੀਆਂ) ਨੇ ਪ੍ਰਭੂ-ਪਿਆਰ ਦਾ ਸੁਆਦ (ਇਕ ਵਾਰੀ) ਚੱਖ ਲਿਆ ਹੈ (ਉਹਨਾਂ ਨੂੰ ਮਾਇਆ ਦੇ ਸੁਆਦ ਭੁੱਲ ਜਾਂਦੇ ਹਨ, ਮਾਇਆ ਵੱਲੋਂ) ਉਹ ਰੱਜ ਜਾਂਦੇ ਹਨ, ਆਪਾ-ਭਾਵ ਛੱਡ ਕੇ ਉਹ ਸਦਾ ਅਰਦਾਸਾਂ ਕਰਦੇ ਰਹਿੰਦੇ ਹਨ—ਹੇ ਪ੍ਰਭੂ! ਸਾਨੂੰ ਆਪਣੇ ਲੜ ਲਾਈ ਰੱਖ।"[217] ਇਸ ਅਰਦਾਸ ਵਿਚ ਗੁਰੂ ਸਾਹਿਬ ਪਰਮਾਤਮਾ ਅੱਗੇ ਹੰਕਾਰ ਨੂੰ ਛੁਡਾ ਕੇ ਲੜ ਲਾ ਕੇ ਰੱਖਣ ਦੀ ਬੇਨਤੀ ਕਰ ਰਹੇ ਹਨ।

---

[213] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ)*, ਪੰਨਾ 793.
[214] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 134.
[215] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ)*, ਪੰਨਾ 795.
[216] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 135.
[217] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ)*, ਪੰਨਾ 791.

ਆਪ ਕਮਾਣੈ ਵਿਛੁੜੀ ਦੋਸੁ ਨ ਕਾਹੂ ਦੇਣ॥

ਕਰਿ ਕਿਰਪਾ ਪ੍ਰਭ ਰਾਖਿ ਲੇਹੁ ਹੋਰੁ ਨਾਹੀ ਕਰਣ ਕਰੇਣ॥

ਹਰਿ ਤੁਧ ਵਿਣੁ ਖਾਕੂ ਰੂਲਣਾ ਕਹੀਐ ਕਿਥੈ ਵੈਣ॥

ਨਾਨਕ ਕੀ ਬੇਨੰਤੀਆ ਹਰਿ ਸੁਰਜਨੁ ਦੇਖਾ ਨੈਣ॥[218]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 136 ਤੇ ਮਾਝ ਰਾਗੁ ਵਿਚ ਦਰਜ ਹਨ, "ਮੈਂ ਆਪਣੇ ਕੀਤੇ ਕਰਮਾਂ ਅਨੁਸਾਰ (ਪ੍ਰਭੂ-ਪਤੀ ਤੋਂ) ਵਿੱਛੁੜੀ ਹੋਈ ਹਾਂ (ਇਸ ਬਾਰੇ) ਮੈਂ ਕਿਸੇ ਹੋਰ ਨੂੰ ਦੋਸ਼ ਨਹੀਂ ਦੇ ਸਕਦੀ।ਹੇ ਪ੍ਰਭੂ! ਮਿਹਰ ਕਰ, ਮੇਰੀ ਰੱਖਿਆ ਕਰ, ਤੈਥੋਂ ਬਿਨਾ ਹੋਰ ਕੋਈ ਕੁਝ ਕਰਨ ਕਰਾਵਨ ਦੀ ਸਮਰੱਥਾ ਨਹੀਂ ਰੱਖਦਾ। ਹੇ ਹਰੀ! ਤੇਰੇ ਮਿਲਾਪ ਤੋਂ ਬਿਨਾ ਮਿੱਟੀ ਵਿਚ ਰੁਲ ਜਾਈਦਾ ਹੈ। (ਇਸ ਦੁੱਖ ਦੇ) ਕੀਰਨੇ ਹੋਰ ਕਿਸ ਨੂੰ ਦੱਸੀਏ? (ਹੇ ਭੈਣ!) ਨਾਨਕ ਦੀ ਇਹ ਬੇਨਤੀ ਹੈ ਕਿ ਮੈਂ ਕਿਸੇ ਤਰ੍ਹਾਂ ਆਪਣੀ ਅੱਖੀਂ ਉਸ ਉੱਤਮ ਪੁਰਖ ਪਰਮਾਤਮਾ ਦਾ ਦਰਸਨ ਕਰਾਂ।"[219] ਮਨੁੱਖ ਆਪਣੇ ਕਰਮਾਂ ਕਰਕੇ ਪਰਮਾਤਮਾ ਤੋਂ ਦੂਰ ਹੋ ਜਾਂਦਾ ਹੈ। ਪਰਮਾਤਮਾ ਹੀ ਸਭ ਕੁਝ ਕਰਨ ਵਾਲਾ ਹੈ। ਉਸ ਤੋਂ ਬਿਨਾਂ ਸਭ ਕੁਝ ਵਿਅਰਥ ਹੈ। ਗੁਰੂ ਸਾਹਿਬ ਉਸਦੇ ਦਰਸ਼ਨਾਂ ਲਈ ਅਰਦਾਸ ਕਰ ਰਹੇ ਹਨ।

ਜੋ ਤੁਧੁ ਭਾਵੈ ਸੋ ਨਿਰਮਲ ਕਰਮਾ॥ ਜੋ ਤੁਧੁ ਭਾਵੈ ਸੋ ਸਚੁ ਧਰਮਾ॥

ਸਰਬ ਨਿਧਾਨ ਗੁਣ ਤੁਮ ਹੀ ਪਾਸਿ॥ ਤੂੰ ਸਾਹਿਬੁ ਸੇਵਕ ਅਰਦਾਸਿ॥[220]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 180 ਤੇ ਗਉੜੀ ਰਾਗੁ ਵਿਚ ਦਰਜ ਹਨ, "ਹੇ ਪ੍ਰਭੂ! ਜੇਹੜਾ ਕੰਮ ਤੈਨੂੰ ਚੰਗਾ ਲੱਗ ਜਾਏ ਉਹੀ ਪਵਿਤ੍ਰ ਹੈ, ਜੇਹੜੀ ਜੀਵਨ-ਮਰਯਾਦਾ ਤੈਨੂੰ ਪਸੰਦ ਆ ਜਾਏ ਉਹੀ ਅਟੱਲ ਮਰਯਾਦਾ ਹੈ। ਹੇ ਪ੍ਰਭੂ! ਸਾਰੇ ਖ਼ਜ਼ਾਨੇ ਸਾਰੇ ਗੁਣ ਤੇਰੇ ਹੀ ਵੱਸ ਵਿਚ ਹਨ। ਤੂੰ ਹੀ ਮੇਰਾ ਮਾਲਕ ਹੈਂ, ਮੈਂ ਸੇਵਕ ਦੀ (ਤੇਰੇ ਅੱਗੇ ਹੀ) ਅਰਦਾਸ ਹੈ।"[221] ਇਹਨਾ ਤੁਕਾਂ ਵਿਚ ਗੁਰੂ ਸਾਹਿਬ ਪਰਮਾਤਮਾ ਅੱਗੇ ਅਰਦਾਸ ਕਰ ਰਹੇ ਹਨ ਕਿ ਜੋ ਤੈਨੂੰ ਭਾਉਂਦਾ ਹੈ ਉਹੀ ਪਵਿੱਤਰ ਹੈ ਤੂੰ ਸਾਰਿਆਂ ਗੁਣਾਂ ਦਾ ਮਾਲਕ ਹੈ।

ਜਾ ਕੈ ਵਸਿ ਖਾਨ ਸੁਲਤਾਨ॥ ਜਾ ਕੈ ਵਸਿ ਹੈ ਸਗਲ ਜਹਾਨ॥

ਜਾ ਕਾ ਕੀਆ ਸਭੁ ਕਿਛੁ ਹੋਇ॥ ਤਿਸ ਤੇ ਬਾਹਰਿ ਨਾਹੀ ਕੋਇ॥1॥

ਕਹੁ ਬੇਨੰਤੀ ਅਪੁਨੇ ਸਤਿਗੁਰ ਪਾਹਿ॥ ਕਾਜ ਤੁਮਾਰੇ ਦੇਇ ਨਿਬਾਹਿ॥[222]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 182 ਤੇ ਗਉੜੀ ਰਾਗੁ ਵਿਚ ਦਰਜ ਹਨ, "ਹੇ ਭਾਈ! ਦੁਨੀਆ ਦੇ) ਖ਼ਾਨ ਤੇ ਸੁਲਤਾਨ (ਭੀ) ਜਿਸ ਪਰਮਾਤਮਾ ਦੇ ਅਧੀਨ ਹਨ, ਸਾਰਾ ਜਗਤ ਹੀ ਜਿਸਦੇ ਹੁਕਮ ਵਿਚ ਹੈ, ਜਿਸ ਪਰਮਾਤਮਾ ਦਾ ਕੀਤਾ

---

[218] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 136.
[219] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ)*, ਪੰਨਾ 809.
[220] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 180.
[221] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ)*, ਪੰਨਾ 146.
[222] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 182.

ਹੋਇਆ ਹੀ (ਜਗਤ ਵਿਚ) ਸਭ ਕੁਝ ਹੁੰਦਾ ਹੈ, ਉਸ ਪਰਮਾਤਮਾ ਤੋਂ ਕੋਈ ਭੀ ਜੀਵ ਆਕੀ ਨਹੀਂ ਹੋ ਸਕਦਾ।ਆਪਣੇ ਗੁਰੂ ਪਾਸ ਬੇਨਤੀ ਕਰ। ਗੁਰੂ ਤੇਰੇ ਕਾਰਜ (ਜਨਮ ਮਨੋਰਥ) ਪੂਰੇ ਕਰ ਦੇਵੇਗਾ, ਭਾਵ (ਤੈਨੂੰ ਪ੍ਰਭੂ ਦੇ ਨਾਮ ਦੀ ਦਾਤ ਬਖਸ਼ੇਗਾ) ਗੁਰੂ ਹੀ ਸਾਰੀਆਂ ਬਖਸ਼ਿਸ਼ਾਂ ਦਾ ਮਾਲਕ ਹੈ ਉਸ ਅੱਗੇ ਬੇਨਤੀ ਕਰ।"[223] ਪਰਮਾਤਮਾ ਅੱਗੇ ਅਰਦਾਸ ਕਰਨ ਨਾਲ ਹੀ ਉਸਦੇ ਘਰ ਵਿਚ ਟਿਕਾਣਾ ਮਿਲਦਾ ਹੈ।

ਸੰਤ ਸਭਾ ਕਉ ਸਦਾ ਜੈਕਾਰੁ॥ ਹਰਿ ਹਰਿ ਨਾਮੁ ਜਨ ਪ੍ਰਾਨ ਅਧਾਰੁ॥
ਕਹੁ ਨਾਨਕ ਮੇਰੀ ਸੁਣੀ ਅਰਦਾਸਿ॥ ਸੰਤ ਪ੍ਰਸਾਦਿ ਮੋ ਕਉ ਨਾਮ ਨਿਵਾਸਿ॥[224]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 183 ਤੇ ਗਉੜੀ ਰਾਗੁ ਵਿਚ ਦਰਜ ਹਨ, "ਹੇ ਭਾਈ!) ਸਾਧ ਸੰਗਤਿ ਅੱਗੇ ਸਦਾ ਸਿਰ ਨਿਵਾਉ ਕਿਉਂਕਿ ਪਰਮਾਤਮਾ ਦਾ ਨਾਮ ਸਾਧ ਜਨਾਂ (ਗੁਰਮੁਖਾਂ) ਦੀ ਜ਼ਿੰਦਗੀ ਦਾ ਆਸਰਾ ਹੁੰਦਾ ਹੈ, (ਉਨ੍ਹਾਂ ਦੀ ਸੰਗਤਿ ਵਿਚ ਤੈਨੂੰ ਭੀ ਹਰਿ-ਨਾਮ ਦੀ ਪ੍ਰਾਪਤੀ ਹੋਵੇਗੀ)।ਹੇ ਨਾਨਕ! ਆਖ—(ਕਰਤਾਰ ਨੇ) ਮੇਰੀ ਬੇਨਤੀ ਸੁਣ ਲਈ ਤੇ ਉਸਨੇ ਗੁਰੂ ਦੀ ਕਿਰਪਾ ਨਾਲ ਮੈਨੂੰ ਆਪਣੇ ਨਾਮ ਦੇ ਘਰ ਵਿਚ (ਟਿਕਾ ਦਿੱਤਾ ਹੈ)।"[225] ਇਸ ਅਰਦਾਸ ਵਿਚ ਸਾਧ ਸੰਗਤ ਵਿਚ ਰਹਿਣ ਦੀ ਮੰਗ ਕੀਤੀ ਗਈ ਹੈ ਅਤੇ ਨਾਮ ਦੀ ਦਾਤ ਬਖਸ਼ਣ ਦੀ ਵੀ ਬੇਨਤੀ ਕੀਤੀ ਗਈ ਹੈ।

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ ਸਾਧ ਸੰਗਤ ਦੇ ਅਰਥ ਇਸ ਪ੍ਰਕਾਰ ਹਨ, "ਨੇਕ ਸੁਹਬਤ 1. ਸਿੱਖ ਧਰਮ ਭਾਈ ਨੰਦ ਲਾਲ ਜੀ ਨੇ ਸਿੱਖ ਧਰਮ ਦਾ ਇਹ ਨਾਉ ਲਿਖਿਆ ਹੈ। 2. ਗੁਰਬਾਣੀ ਵਿਚ ਭੀ ਐਸਾ ਹੀ ਵਰਨਣ ਹੈ।"[226]

ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਮਹਾਨ ਕੋਸ਼ ਵਿਚ ਨਾਮ ਦੇ ਅਰਥ ਇਸ ਪ੍ਰਕਾਰ ਕੀਤੇ ਹਨ, ਨਾਉਂ ਸੰਗਯਾ ਕਿਸੇ ਵਸਤੂ ਦਾ ਬੋਧ ਕਰਾਉਣ ਵਾਲਾ ਸ਼ਬਦ ਜਿਸ ਕਰਕੇ ਅਰਥ ਜਾਣਿਆ ਜਾਵੇ, ਸੋ ਨਾਮ ਹੈ, ਨਾਮ ਦੇ ਮੁੱਖ ਭੇਦ ਦੋ ਹਨ, ਇਕ ਵਸਤੂ ਵਾਚਕ, ਜੈਸੇ-ਮਨੁੱਖ ਬੈਲ ਪਹਾੜ ਆਦਿ, ਦੂਜਾ ਭਾਵ ਵਾਚਕ, ਜੈਸੇ- ਸੁੰਦਰਤਾ, ਕਠੋਰਤਾ, ਭਲਮਨਸਊ, ਭਰੱਖਣ ਆਦਿ, 2. ਗੁਰਬਾਣੀ ਵਿਚ 'ਨਾਮ' ਕਰਤਾਰ ਅਤੇ ਉਸਦਾ ਹੁਕਮ ਬੋਧਕ ਸ਼ਬਦ ਭੀ ਹੈ, 3. ਸੰ. ਨਾਮ, ਵਯ-ਅੰਗੀਕਾਰ 4. ਸ਼ਮਰਣ, ਚੇਤਾ 5. ਪ੍ਰਸਿੱਧੀ, ਮਸ਼ਹੂਰੀ.[227]

ਕਰਉ ਅਰਦਾਸਿ ਅਪਨੇ ਸਤਿਗੁਰ ਪਾਸਿ॥ ਨਾਨਕ ਨਾਮੁ ਮਿਲੈ ਸਚੁ ਰਾਸਿ॥[228]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 192 ਤੇ ਗਉੜੀ ਰਾਗੁ ਵਿਚ ਦਰਜ ਹਨ, "(ਜੇ ਤੇਰੀ ਮਿਹਰ ਹੋਵੇ ਤਾਂ ਹੀ) ਮੈਂ ਆਪਣੇ ਗੁਰੂ ਅੱਗੇ (ਇਹ) ਅਰਦਾਸ ਕਰ ਸਕਦਾ ਹਾਂ ਕਿ ਮੈਨੂੰ ਨਾਨਕ ਨੂੰ ਪ੍ਰਭੂ ਦਾ ਨਾਮ ਮਿਲੇ (ਨਾਨਕ ਵਾਸਤੇ ਨਾਮ ਹੀ) ਸਦਾ

---

[223] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ)*, ਪੰਨਾ 157.
[224] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 183.
[225] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ)*, ਪੰਨਾ 157.
[226] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 183.
[227] ਉਹੀ, ਪੰਨਾ 697.
[228] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 192.

ਕਾਇਮ ਰਹਿਣ ਵਾਲਾ ਸਰਮਾਇਆ ਹੈ।"[229] ਪਰਮਾਤਮਾ ਦੀ ਕਿਰਪਾ ਦੁਆਰਾ ਹੀ ਉਸਦਾ ਨਾਮ ਮਿਲ ਸਕਦਾ ਹੈ। ਇਹੋ ਅਰਦਾਸ ਕਰਦੇ ਰਹਿਣਾ ਚਾਹੀਦਾ ਹੈ।

ਕਰਿ ਕਿਰਪਾ ਪ੍ਰਭ ਬਿਨਉ ਸੁਨੀਜੈ॥
ਦਾਸ ਕੀ ਧੂਰਿ ਨਾਨਕ ਕਉ ਦੀਜੈ॥[230]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 192 ਤੇ ਗਉੜੀ ਰਾਗੁ ਵਿਚ ਦਰਜ ਹੈ, "ਹੇ ਨਾਨਕ! ਆਖ—) ਹੇ ਪ੍ਰਭੂ! ਮੇਰੀ ਬੇਨਤੀ ਸੁਣ, ਮਿਹਰ ਕਰ ਤੇ ਮੈਨੂੰ ਨਾਨਕ ਨੂੰ ਆਪਣੇ ਅਜੇਹੇ ਸੇਵਕ ਦੇ ਚਰਨਾਂ ਦੀ ਧੂੜ ਦੇਹ।"[231] ਇਹ ਅਰਦਾਸ ਵਿਚ ਗੁਰੂ ਸਾਹਿਬ ਪਰਮਾਤਮਾ ਦੇ ਪਿਆਰਿਆਂ ਦੇ ਸਾਥ ਦੀ ਮੰਗ ਕਰ ਰਹੇ ਹਨ।

ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ॥
ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ॥[232]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 192 ਤੇ ਗਉੜੀ ਰਾਗੁ ਵਿਚ ਦਰਜ ਹਨ, "ਪਰਮਾਤਮਾ ਨੂੰ ਮਿਲਣ ਵਾਸਤੇ ਮੇਰੇ ਮਨ ਵਿਚ ਪ੍ਰੀਤਿ ਪੈਦਾ ਹੋ ਗਈ ਹੈ। (ਪਰਮਾਤਮਾ ਨਾਲ ਮਿਲਾ ਸਕਣ ਵਾਲਾ ਜੇ) ਵੱਡੇ ਭਾਗਾਂ ਵਾਲਾ (ਗੁਰੂ-) ਸੰਤ ਮੈਨੂੰ ਮਿਲ ਪਏ, ਤਾਂ ਮੈਂ ਉਸ ਦੇ ਪੈਰੀਂ ਲੱਗਾਂ, ਮੈਂ ਉਸ ਅਗੇ ਬੇਨਤੀ ਕਰਾਂ (ਕਿ ਮੈਨੂੰ ਪਰਮਾਤਮਾ ਨਾਲ ਮਿਲਾ ਦੇ)।"[233] ਪਰਮਾਤਮਾ ਅੱਗੇ ਪੂਰੇ ਗੁਰੂ ਨੂੰ ਮਿਲਾਉਣ ਦੀ ਬੇਨਤੀ ਕੀਤੀ ਗਈ ਹੈ ਜੋ ਪਰਮਾਤਮਾ ਨਾਲ ਸਦੀਵੀਂ ਮਿਲਾਪ ਦੀ ਜੁਗਤ ਦੱਸ ਸਕੇ।

ਕਰਿ ਕਿਰਪਾ ਗੋਬਿੰਦ ਪ੍ਰਭ ਪ੍ਰੀਤਮ ਦੀਨਾ ਨਾਥ ਸੁਨਹੁ ਅਰਦਾਸਿ॥
ਕਰੁ ਗਹਿ ਲੇਹੁ ਨਾਨਕ ਕੇ ਸੁਆਮੀ ਜੀਉ ਪਿੰਡੁ ਸਭੁ ਤੁਮਰੀ ਰਾਸਿ॥[234]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 204 ਤੇ ਗਉੜੀ ਰਾਗੁ ਵਿਚ ਦਰਜ ਹਨ, "ਹੇ ਗੋਬਿੰਦ! ਹੇ ਪ੍ਰੀਤਮ ਪ੍ਰਭੂ! ਹੇ ਗਰੀਬਾਂ ਦੇ ਮਾਲਕ! ਹੇ ਨਾਨਕ ਦੇ ਸੁਆਮੀ! ਮਿਹਰ ਕਰ, ਮੇਰੀ ਬੇਨਤੀ ਸੁਣ, ਮੇਰਾ ਹੱਥ ਫੜ ਲੈ (ਤੇ ਮੈਨੂੰ ਇਸ ਖੂਹੀ ਵਿਚੋਂ ਕੱਢ ਲੈ) ਮੇਰੀ ਇਹ ਜਿੰਦ ਤੇਰਾ ਦਿੱਤਾ ਹੋਇਆ ਸਰਮਾਇਆ ਹੈ, ਮੇਰਾ ਇਹ ਸਰੀਰ ਤੇਰੀ ਬਖ਼ਸ਼ੀ ਹੋਈ ਪੂੰਜੀ ਹੈ (ਇਸ ਰਾਸਿ-ਪੂੰਜੀ ਨੂੰ ਮੋਹ ਦੇ ਹੱਥੀਂ ਉਜੜਨ ਤੋਂ ਤੂੰ ਆਪ ਹੀ ਬਚਾ ਲੈ)।"[235] ਗੁਰੂ ਸਾਹਿਬ ਆਪਣਾ ਦਾਤਾ ਪਰਮਾਤਮਾ ਨੂੰ ਮੰਨਦੇ ਹੋਏ ਦੁਨਿਆਵੀ ਮਾਇਆ ਤੋਂ ਬਚਾਉਣ ਦੀ ਅਰਦਾਸ ਕਰ ਰਹੇ ਹਨ।

ਜਤ ਕਤ ਦੇਖਉ ਤਤ ਤਤ ਤੁਮ ਹੀ ਮੋਹਿ ਇਹੁ ਬਿਸੁਆਸੁ ਹੋਇ ਆਇਓ॥

---

[229] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ),* ਪੰਨਾ 208.
[230] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 193.
[231] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ),* ਪੰਨਾ 211.
[232] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ *204.*
[233] ਪ੍ਰੋ.ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੋਥੀ ਦੂਜੀ*), ਪੰਨਾ 268-69.
[234] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 204.
[235] ਪ੍ਰੋ.ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੋਥੀ ਦੂਜੀ*), ਪੰਨਾ 270.

ਕੈ ਪਹਿ ਕਰਉ ਅਰਦਾਸਿ ਬੇਨਤੀ ਜਉ ਸੁਨਤੋ ਹੈ ਰਘੁਰਾਇਓ॥[236]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 205 ਤੇ ਗਉੜੀ ਰਾਗੁ ਵਿਚ ਦਰਜ ਹਨ, "(ਗੁਰੂ ਦੀ ਸਹਾਇਤਾ ਨਾਲ ਹੁਣ) ਮੈਨੂੰ ਇਹ ਨਿਸ਼ਚਾ ਬਣ ਗਿਆ ਹੈ ਕਿ ਮੈਂ ਜਿਧਰ ਵੇਖਦਾ ਹਾਂ, ਹੇ ਪ੍ਰਭੂ! ਮੈਨੂੰ ਤੂੰ ਹੀ ਤੂੰ ਦਿੱਸਦਾ ਹੈਂ। (ਹੇ ਭਾਈ! ਮੈਨੂੰ ਯਕੀਨ ਹੋ ਗਿਆ ਹੈ ਕਿ) ਜਦੋਂ ਪਰਮਾਤਮਾ ਆਪ (ਜੀਵਾਂ ਦੀ ਅਰਦਾਸ ਬੇਨਤੀ) ਸੁਣਦਾ ਹੈ ਤਾਂ ਮੈਂ (ਉਸ ਤੋਂ ਬਿਨਾ ਹੋਰ) ਕਿਸ ਦੇ ਪਾਸ ਅਰਜ਼ੋਈ ਕਰਾਂ ਬੇਨਤੀ ਕਰਾਂ?"[237] ਜਦੋਂ ਹਰ ਥਾਂ ਪਰਮਾਤਮਾ ਦਾ ਹੀ ਪਰਤਾਪ ਹੈ ਤਾਂ ਮੈਂ ਹੋਰ ਕਿਸ ਅੱਗੇ ਬੇਨਤੀ ਕਰਾਂ ਕਿਉਂਕਿ ਅਰਦਾਸ ਕਰਨ ਦੇ ਯੋਗ ਉਹੀ ਹੀ ਹੈ।

ਬਿਨਉ ਸੁਨਹੁ ਤੁਮ ਪ੍ਰਾਨਪਤਿ ਪਿਆਰੇ ਕਿਰਪਾਨਿਧਿ ਦਇਆਲਾ॥
ਰਾਖਿ ਲੇਹੁ ਪਿਤਾ ਪ੍ਰਭ ਮੇਰੇ ਅਨਾਥਹ ਕਰਿ ਪ੍ਰਤਿਪਾਲਾ॥[238]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 207 ਤੇ ਗਉੜੀ ਰਾਗੁ ਵਿਚ ਦਰਜ ਹਨ, "ਹੇ ਮੇਰੀ ਜਿੰਦ ਦੇ ਪਤੀ! ਹੇ ਪਿਆਰੇ ਪ੍ਰਭੂ! ਹੇ ਕਿਰਪਾ ਦੇ ਖ਼ਜ਼ਾਨੇ ਪ੍ਰਭੂ! ਹੇ ਦਇਅਲ ਪ੍ਰਭੂ! ਤੂੰ (ਮੇਰੀ) ਬੇਨਤੀ ਸੁਣ। ਹੇ ਮੇਰੇ ਪਿਤਾ-ਪ੍ਰਭੂ! ਅਨਾਥ ਜੀਵਾਂ ਦੀ ਪਾਲਣਾ ਕਰ (ਇਹਨਾਂ ਨੂੰ ਵਿਕਾਰਾਂ ਦੇ ਹੱਲਿਆਂ ਤੋਂ) ਬਚਾ ਲੈ।"[239] ਇਸ ਪੰਕਤੀਆਂ ਵਿਚ ਪਰਮਾਤਮਾ ਅੱਗੇ ਪੰਜ ਵਿਕਾਰਾ ਤੋਂ ਰਖਵਾਲੀ ਦੀ ਅਰਦਾਸ ਕੀਤੀ ਗਈ ਹੈ।

ਕਰਹੁ ਕ੍ਰਿਪਾ ਸਰਬ ਕੇ ਦਾਤੇ ਏਕ ਰੂਪ ਲਿਵ ਲਾਵਹੁ॥
ਨਾਨਕ ਕੀ ਬੇਨੰਤੀ ਹਰਿ ਪਹਿ ਅਪੁਨਾ ਨਾਮੁ ਜਪਾਵਹੁ॥[240]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 216 ਤੇ ਗਉੜੀ ਰਾਗੁ ਵਿਚ ਦਰਜ ਹੈ, "ਹੇ ਸਾਰੇ ਜੀਵਾਂ ਨੂੰ ਦਾਤਾਂ ਦੇਣ ਵਾਲੇ ਪ੍ਰਭੂ! ਮਿਹਰ ਕਰ, ਮੈਨੂੰ ਸਿਰਫ਼ ਆਪਣੇ ਹੀ ਸਰੂਪ ਦੀ ਲਗਨ ਬਖ਼ਸ਼। ਮੈਂ ਨਾਨਕ ਦੀ ਪਰਮਾਤਮਾ ਪਾਸ (ਇਹੀ) ਬੇਨਤੀ ਹੈ (—ਹੇ ਪ੍ਰਭੂ!) ਮੈਥੋਂ ਆਪਣਾ ਨਾਮ ਜਪਾ।"[241] ਪਰਮਾਤਮਾ ਅੱਗੇ ਨਾਮ ਜਪਾਉਣ ਦੀ ਅਰਦਾਸ ਕੀਤੀ ਗਈ ਹੈ।

ਚਰਣ ਪਖਾਰਿ ਕਰੀ ਨਿਤ ਸੇਵਾ ਜੀਉ॥ ਪੂਜਾ ਅਰਚਾ ਬੰਦਨ ਦੇਵਾ ਜੀਉ॥
ਦਾਸਨਿ ਦਾਸੁ ਨਾਮੁ ਜਪਿ ਲੇਵਾ ਜੀਉ॥ ਬਿਨਉ ਠਾਕੁਰ ਪਹਿ ਕਹੀਐ ਜੀਉ॥[242]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 217 ਤੇ ਗਉੜੀ ਰਾਗੁ ਵਿਚ ਦਰਜ ਹਨ, "ਮਾਲਕ-ਪ੍ਰਭੂ ਪਾਸ ਮੇਰੀ ਇਹ ਬੇਨਤੀ ਆਖਣੀ—(ਹੇ ਮੇਰੇ ਰਾਮ ਜੀ! ਮਿਹਰ ਕਰ, ਮੈਂ ਤੇਰੇ ਸੰਤ ਜਨਾਂ ਦੇ) ਚਰਨ ਧੋ ਕੇ ਉਹਨਾਂ ਦੀ ਸਦਾ ਸੇਵਾ ਕਰਦਾ ਰਹਾਂ, ਮੈਂ ਤੇਰੇ ਦਾਸਾਂ ਦਾ ਦਾਸ ਹੋ ਕੇ ਸਦਾ ਤੇਰਾ ਨਾਮ ਜਪਦਾ ਰਹਾਂ—ਇਹੀ ਮੇਰੇ ਵਾਸਤੇ ਦੇਵ-ਪੂਜਾ ਹੈ, ਇਹੀ ਮੇਰੇ ਲਈ

---

[236] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 205.
[237] ਪ੍ਰੋ.ਸਾਹਿਬ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ), ਪੰਨਾ 274.
[238] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 207.
[239] ਪ੍ਰੋ.ਸਾਹਿਬ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ), ਪੰਨਾ 284.
[240] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 216.
[241] ਪ੍ਰੋ.ਸਾਹਿਬ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ), ਪੰਨਾ 329.
[242] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 217.

ਦੇਵਤਿਆਂ ਅੱਗੇ ਫੁੱਲਾਂ ਦੀ ਭੇਟ ਹੈ ਤੇ ਇਹੀ ਦੇਵਤਿਆਂ ਅੱਗੇ ਨਮਸਕਾਰ ਹੈ।"[243] ਇਸ ਅਰਦਾਸ ਵਿਚ ਪੰਜਵੇਂ ਪਾਤਸ਼ਾਹ ਮਾਲਕ ਪ੍ਰਭੂ ਅੱਗੇ ਇਹੋ ਮੰਗ ਰੱਖ ਰਹੇ ਹਨ ਕਿ ਮੈਂ ਤੇਰਿਆਂ ਪਿਆਰਿਆਂ ਦੀ ਸਦਾ ਸੇਵਾ ਕਰਦਾ ਰਹਾਂ, ਉਹਨਾਂ ਰਾਹੀਂ ਤੇਰਾ ਨਾਮ ਜਪਦਾ ਰਹਾਂ, ਮੇਰੇ ਲਈ ਇਹੀ 33 ਕਰੋੜ ਦੇਵਤਿਆਂ ਦੀ ਪੂਜਾ ਹੈ ਅਤੇ ਇਹੀ ਉਹਨਾਂ ਅੱਗੇ ਭੇਟਾ ਹੈ।

ਨਿਰਗੁਨੀਆਰੇ ਕੀ ਬੇਨਤੀ ਦੇਹੁ ਦਰਸੁ ਹਰਿ ਰਾਇਓ॥
ਨਾਨਕ ਸਰਨਿ ਤੁਹਾਰੀ ਠਾਕੁਰ ਸੇਵਕੁ ਦੁਆਰੈ ਆਇਓ॥[244]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 241 ਤੇ ਗਉੜੀ ਰਾਗੁ ਵਿਚ ਦਰਜ ਹਨ, "ਹੇ ਪ੍ਰਭੂ ਪਾਤਿਸ਼ਾਹ! ਮੇਰੀ ਗੁਣ-ਹੀਨ ਦੀ ਬੇਨਤੀ ਸੁਣ, ਮੈਨੂੰ ਆਪਣਾ ਦਰਸਨ ਦੇਹ। ਹੇ ਨਾਨਕ! (ਅਰਦਾਸ ਕਰ, ਤੇ ਆਖ—) ਹੇ ਠਾਕੁਰ! ਮੈਂ ਤੇਰਾ ਸੇਵਕ ਤੇਰੀ ਸਰਨ ਆਇਆ ਹਾਂ, ਤੇਰੇ ਦਰ ਤੇ ਆਇਆ ਹਾਂ।"[245] ਇਸ ਵਿਚ ਆਪਣੀ ਨਿਮਰਤਾ ਨੂੰ ਪੇਸ਼ ਕਰਦਿਆ ਗੁਰੂ ਸਾਹਿਬ ਪਰਮਾਤਮਾ ਨੂੰ ਦਰਸ਼ਨ ਦੇਣ ਦੀ ਬੇਨਤੀ ਕਰ ਰਹੇ ਹਨ।

ਇਕ ਬਿਨਉ ਕਰਉ ਜੀਉ ਸੁਣਿ ਕੰਤ ਪਿਆਰੇ॥
ਮੇਰਾ ਮਨੁ ਤਨੁ ਮੋਹਿ ਲੀਆ ਜੀਉ ਦੇਖਿ ਚਲਤ ਤੁਮਾਰੇ॥
ਚਲਤਾ ਤੁਮਾਰੇ ਦੇਖਿ ਮੋਹੀ ਉਦਾਸ ਧਨ ਕਿਉ ਧੀਰਏ॥
ਗੁਣਵੰਤ ਨਾਹ ਦਇਆਲੁ ਬਾਲਾ ਸਰਬ ਗੁਣ ਭਰਪੂਰਏ॥
ਪਿਰ ਦੋਸੁ ਨਾਹੀ ਸੁਖਹ ਦਾਤੇ ਹਉ ਵਿਛੁੜੀ ਬੁਰਿਆਰੇ॥
ਬਿਨਵੰਤਿ ਨਾਨਕ ਦਇਆ ਧਾਰਹੁ ਘਰਿ ਆਵਹੁ ਨਾਹ ਪਿਆਰੇ॥[246]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 242 ਤੇ ਗਉੜੀ ਰਾਗੁ ਵਿਚ ਦਰਜ ਹਨ, "ਹੇ ਪਿਆਰੇ ਕੰਤ ਜੀਉ! ਸੁਣ, ਮੈਂ ਇਕ ਬੇਨਤੀ ਕਰਦੀ ਹਾਂ। ਤੇਰੇ ਕੌਤਕ-ਤਮਾਸ਼ੇ ਵੇਖ ਵੇਖ ਕੇ ਮੈਂ ਠੱਗੀ ਗਈ ਹਾਂ। (ਤੇਰੇ ਕੌਤਕ-ਤਮਾਸ਼ਿਆਂ ਨੇ) ਮੇਰਾ ਮਨ ਮੋਹ ਲਿਆ ਹੈ ਮੇਰਾ ਤਨ (ਹਰੇਕ ਇੰਦ੍ਰਾ) ਮੋਹ ਲਿਆ ਹੈ। (ਪਰ ਹੁਣ ਇਹ) ਜੀਵ-ਇਸਤ੍ਰੀ (ਇਹਨਾਂ ਕੌਤਕ-ਤਮਾਸ਼ਿਆਂ ਤੋਂ) ਉਦਾਸ ਹੋ ਗਈ ਹੈ, (ਤੇਰੇ ਮਿਲਾਪ ਤੋਂ ਬਿਨਾ ਇਸ ਨੂੰ) ਧੀਰਜ ਨਹੀਂ ਆਉਂਦੀ। ਹੇ ਸਭ ਗੁਣਾਂ ਦੇ ਮਾਲਕ ਖਸਮ! ਤੂੰ ਦਇਆ ਦਾ ਘਰ ਹੈਂ, ਤੂੰ ਸਦਾ-ਜਵਾਨ ਹੈਂ, ਤੂੰ ਸਾਰੇ ਗੁਣਾਂ ਨਾਲ ਭਰਪੂਰ ਹੈਂ। ਹੇ ਸਾਰੇ ਸੁਖਾਂ ਦੇ ਦਾਤੇ ਪਤੀ! (ਤੇਰੇ ਵਿਚ ਕੋਈ) ਦੋਸ ਨਹੀਂ, ਮੈਂ ਮੰਦ-ਕਰਮਣ ਆਪ ਹੀ ਤੈਥੋਂ ਵਿੱਛੁੜੀ ਹੋਈ ਹਾਂ। ਹੇ ਨਾਨਕ! (ਆਖ—) ਹੇ ਪਿਆਰੇ ਪਤੀ! (ਇਹ ਜੀਵ-ਇਸਤ੍ਰੀ) ਬੇਨਤੀ ਕਰਦੀ ਹੈ, ਤੂੰ ਮਿਹਰ ਕਰ ਤੇ ਇਸ ਦੇ ਹਿਰਦੇ-ਘਰ ਵਿਚ ਆ ਵੱਸ।"[247] ਪਰਮਾਤਮਾ ਦੁਆਰਾ ਬਣਾਈ ਮਾਇਆ ਵਿਚ ਇਨਸਾਨ ਲੁਪਤ ਹੋ ਜਾਂਦਾ ਹੈ ਉਸਦਾ ਤਨ ਮਨ ਇਸ ਵਿਚ ਖਚਿਤ ਹੋ ਜਾਂਦਾ ਹੈ। ਇਸ ਲਈ ਉਸ

---

[243] ਪ੍ਰੋ. ਸਾਹਿਬ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ), ਪੰਨਾ 332.
[244] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 241.
[245] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ)*, ਪੰਨਾ 466.
[246] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 242.
[247] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ)*, ਪੰਨਾ 493.

ਪਰਮਾਤਮਾ ਦਾ ਕੋਈ ਦੋਸ਼ ਨਹੀਂ,ਮਨੁੱਖ ਹੀ ਉਸਤੋਂ ਵਿਛੜਿਆ ਹੈ ਇਸ ਲਈ ਗੁਰੂ ਸਾਹਿਬ ਜੀਵ ਇਸਤ੍ਰੀ ਦੇ ਰੂਪ ਵਿਚ ਪਰਮਾਤਮਾ ਨੂੰ ਹਿਰਦੇ ਘਰ ਵਿਚ ਵੱਸਣ ਦੀ ਅਰਦਾਸ ਕਰ ਰਹੇ ਹਨ।

ਬਿਨਉ ਸੁਨਹੁ ਤੁਮ ਪਾਰਬ੍ਰਹਮ ਦੀਨ ਦਇਆਲ ਗੁਪਾਲ॥
ਸੁਖ ਸੰਪੈ ਬਹੁ ਭੋਗ ਰਸ ਨਾਨਕ ਸਾਧ ਰਵਾਲ॥[248]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 258 ਤੇ ਗਉੜੀ ਰਾਗੁ ਵਿਚ ਦਰਜ ਹਨ, "ਹੇ ਨਾਨਕ! (ਅਰਦਾਸ ਕਰ ਤੇ ਆਖ—) ਹੇ ਪਾਰਬ੍ਰਹਮ! ਹੇ ਦੀਨਾਂ ਉਤੇ ਦਇਆ ਕਰਨ ਵਾਲੇ! ਹੇ ਧਰਤੀ ਦੇ ਪਾਲਣਹਾਰ! ਮੇਰੀ ਬੇਨਤੀ ਸੁਣ। (ਮੈਨੂੰ ਸੁਮਤਿ ਦੇਹ ਕਿ) ਗੁਰਮੁਖਾਂ ਦੀ ਚਰਨ-ਧੂੜ ਹੀ ਮੈਨੂੰ ਅਨੇਕਾਂ ਸੁਖਾਂ ਧਨ-ਪਦਾਰਥ ਤੇ ਅਨੇਕਾਂ ਰਸਾਂ ਦੇ ਭੋਗ ਦੇ ਬਰਾਬਰ ਜਾਪੇ।"[249] ਇਸ ਅਰਦਾਸ ਵਿਚ ਗੁਰੂ ਸਾਹਿਬ ਪਰਮਾਤਮਾ ਤੋਂ ਇਹ ਮੰਗ ਕਰ ਰਹੇ ਹਨ ਕਿ ਮੈਨੂੰ ਗੁਰਮੁਖਾਂ ਦੀ ਚਰਨ ਧੂੜ ਹੀ ਦੁਨਿਆਵੀ ਸੁਖ ਅਤੇ ਰਸਾਂ ਦੇ ਵਾਂਗ ਲੱਗੇ।

ਤੂ ਠਾਕੁਰੁ ਤੁਮ ਪਹਿ ਅਰਦਾਸਿ॥ ਜੀਉ ਪਿੰਡੁ ਸਭੁ ਤੇਰੀ ਰਾਸਿ॥
ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥
ਕੋਇ ਨ ਜਾਨੈ ਤੁਮਰਾ ਅੰਤੁ॥ ਊਚੇ ਤੇ ਊਚਾ ਭਗਵੰਤ॥
ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ॥ ਤੁਮ ਤੇ ਹੋਇ ਸੁ ਆਗਿਆਕਾਰੀ॥
ਤੁਮਰੀ ਗਤਿ ਮਿਤਿ ਤੁਮ ਹੀ ਜਾਨੀ॥ ਨਾਨਕ ਦਾਸ ਸਦਾ ਕੁਰਬਾਨੀ॥[250]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 268 ਉਪਰ ਗਾਉੜੀ ਰਾਗੁ ਵਿਚ ਦਰਜ ਹਨ।ਇਹ ਪੰਕਤੀਆਂ ਉਹਨਾਂ ਪ੍ਰਮੁਖ ਰਚਨਾ ਸੁਖਮਨੀ ਸਾਹਿਬ ਵਿਚੋਂ ਲਈਆ ਗਈਆਂ ਹਨ ਸਿੱਖ ਪੰਥ ਅਜੋਕੇ ਸਮੇਂ ਵਿਚ ਅਰਦਾਸ ਕਰਨ ਤੋਂ ਪਹਿਲਾ ਇਹਨਾਂ ਪੰਕਤੀਆਂ ਨੂੰ ਵੀ ਪੜ੍ਹਿਆ ਜਾਂਦਾ ਹੈ, "(ਹੇ ਪ੍ਰਭੂ!) ਤੂੰ ਮਾਲਿਕ ਹੈਂ (ਸਾਡੀ ਜੀਵਾਂ ਦੀ) ਅਰਜ਼ ਤੇਰੇ ਅੱਗੇ ਹੀ ਹੈ, ਇਹ ਜਿੰਦ ਤੇ ਸਰੀਰ (ਜੋ ਤੂੰ ਸਾਨੂੰ ਦਿੱਤਾ ਹੈ) ਸਭ ਤੇਰੀ ਹੀ ਬਖ਼ਸ਼ੀਸ਼ ਹੈ। ਤੂੰ ਸਾਡਾ ਮਾਂ ਪਿਉ ਹੈਂ, ਅਸੀ ਤੇਰੇ ਬਾਲ ਹਾਂ, ਤੇਰੀ ਮੇਹਰ (ਦੀ ਨਜ਼ਰ) ਵਿਚ ਬੇਅੰਤ ਸੁਖ ਹਨ। ਕੋਈ ਤੇਰਾ ਅੰਤ ਨਹੀਂ ਪਾ ਸਕਦਾ, (ਕਿਉਂਕਿ) ਤੂੰ ਸਭ ਤੋਂ ਉੱਚਾ ਭਗਵਾਨ ਹੈਂ। (ਜਗਤ ਦੇ) ਸਾਰੇ ਪਦਾਰਥ ਤੇਰੇ ਹੀ ਹੁਕਮ ਵਿਚ ਟਿਕੇ ਹੋਏ ਹਨ; ਤੇਰੀ ਰਚੀ ਹੋਈ ਸ੍ਰਿਸ਼ਟੀ ਤੇਰੀ ਹੀ ਆਗਿਆ ਵਿਚ ਤੁਰ ਰਹੀ ਹੈ।ਤੂੰ ਕਿਹੋ ਜਿਹਾ ਹੈਂ ਤੇ ਕੇਡਾ ਵੱਡਾ ਹੈਂ—ਇਹ ਤੂੰ ਆਪ ਹੀ ਜਾਣਦਾ ਹੈਂ। ਹੇ ਨਾਨਕ! (ਆਖ, ਹੇ ਪ੍ਰਭੂ!) ਤੇਰੇ ਸੇਵਕ (ਤੈਥੋਂ) ਸਦਾ ਸਦਕੇ ਜਾਂਦੇ ਹਨ।"[251] ਗੁਰੂ ਸਾਹਿਬ ਪਰਮਾਤਮਾ ਅੱਗੇ ਅਰਦਾਸ ਕਰ ਰਹੇ ਹਨ ਕਿ ਤੂੰ ਹੀ ਮਾਲਕ ਹੈ ਇਸ ਲਈ ਤੇਰੇ ਅੱਗੇ ਹੀ ਅਰਦਾਸ ਹੈ। ਸਾਰਾ ਕੁਝ ਤੇਰਾ ਹੀ ਦਿੱਤਾ ਹੋਇਆ ਹੈ। ਤੂੰ ਸਾਡਾ ਮਾਂ-ਪਿਉ ਹੈਂ, ਅਸੀਂ ਤੇਰੇ ਬੱਚੇ ਹਾਂ,ਤੇਰੀ ਕ੍ਰਿਪਾ ਵਿਚ ਹੀ ਸਾਰੇ ਸੁਖ ਹਨ।

---

[248] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 258.
[249] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ)*, ਪੰਨਾ 545.
[250] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 268.
[251] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ)*, ਪੰਨਾ 594.

ਕਰਉ ਬੇਨਤੀ ਪਾਰਬ੍ਰਹਮੁ ਸਭੁ ਜਾਨੈ॥ ਅਪਨਾ ਕੀਆ ਆਪਹਿ ਮਾਨੈ॥

ਆਪਹਿ ਆਪ ਆਪਿ ਕਰਤ ਨਿਬੇਰਾ॥ ਕਿਸੈ ਦੂਰਿ ਜਨਾਵਤ ਕਿਸੈ ਬੁਝਾਵਤ ਨੇਰਾ॥[252]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 269 ਤੇ ਗਉੜੀ ਰਾਗੁ ਵਿਚ ਦਰਜ ਹਨ, "(ਜੋ ਜੋ) ਬੇਨਤੀ ਮੈਂ ਕਰਦਾ ਹਾਂ, ਪ੍ਰਭੂ ਸਭ ਜਾਣਦਾ ਹੈ, ਆਪਣੇ ਪੈਦਾ ਕੀਤੇ ਜੀਵ ਨੂੰ ਉਹ ਆਪ ਹੀ ਮਾਣ ਬਖ਼ਸ਼ਦਾ ਹੈ। (ਜੀਵਾਂ ਦੇ ਕੀਤੇ ਕਰਮਾਂ ਅਨੁਸਾਰ) ਪ੍ਰਭੂ ਆਪ ਹੀ ਨਿਖੇੜਾ ਕਰਦਾ ਹੈ, (ਭਾਵ) ਕਿਸੇ ਨੂੰ ਇਹ ਬੁਧਿ ਬਖ਼ਸ਼ਦਾ ਹੈ ਕਿ ਪ੍ਰਭੂ ਸਾਡੇ ਨੇੜੇ ਹੈ ਤੇ ਕਿਸੇ ਨੂੰ ਜਣਾਉਂਦਾ ਹੈ ਕਿ ਪ੍ਰਭੂ ਕਿਤੇ ਦੂਰ ਹੈ।"[253] ਗੁਰੂ ਸਾਹਿਬ ਅਨੁਸਾਰ ਪਰਮਾਤਮਾ ਅੱਗੇ ਜੋ ਵੀ ਕੋਈ ਬੇਨਤੀ ਕਰਦਾ ਹੈ, ਉਹ ਸਭ ਜਾਣਦਾ ਹੈ ,ਸੋ ਉਸ ਅੱਗੇ ਹੀ ਅਰਦਾਸ ਕਰਨੀ ਸੋਭਦੀ ਹੈ।

ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥

ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥[254]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 289 ਤੇ ਗਉੜੀ ਰਾਗੁ ਵਿਚ ਦਰਜ ਹਨ, "ਹੇ ਪ੍ਰਭੂ! ਭਟਕਦਾ ਭਟਕਦਾ ਮੈਂ ਤੇਰੀ ਸਰਣ ਆ ਪਿਆ ਹਾਂ। ਹੇ ਪ੍ਰਭੂ! ਨਾਨਕ ਦੀ ਇਹੀ ਬੇਨਤੀ ਹੈ ਕਿ ਮੈਨੂੰ ਆਪਣੀ ਭਗਤੀ ਵਿਚ ਜੋੜ।"[255] ਇਸ ਵਿਚ ਗੁਰੂ ਸਾਹਿਬ ਪਰਮਾਤਮਾ ਨੂੰ ਆਪਣੀ ਭਗਤੀ ਵਿਚ ਲਾਉਣ ਦੀ ਬੇਨਤੀ ਕਰ ਰਹੇ ਹਨ।

ਪੂਰੇ ਗੁਰ ਕਾ ਸੁਨਿ ਉਪਦੇਸੁ॥ ਪਾਰਬ੍ਰਹਮੁ ਨਿਕਟਿ ਕਰਿ ਪੇਖੁ॥

ਸਾਸਿ ਸਾਸਿ ਸਿਮਰਹੁ ਗੋਬਿੰਦ॥ ਮਨ ਅੰਤਰ ਕੀ ਉਤਰੈ ਚਿੰਦ॥

ਆਸ ਅਨਿਤ ਤਿਆਗਹੁ ਤਰੰਗ॥ ਸੰਤ ਜਨਾ ਕੀ ਧੂਰਿ ਮਨ ਮੰਗ॥

ਆਪ ਛੋਡਿ ਬੇਨਤੀ ਕਰਹੁ॥ ਸਾਧਸੰਗਿ ਅਗਨ ਸਾਗਰ ਤਰਹੁ॥

ਹਰ ਧਨ ਕੇ ਭਰ ਲੇਹੁ ਭੰਡਾਰ॥ ਨਾਨਕ ਗੁਰ ਪੂਰੇ ਨਮਸਕਾਰ॥[256]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 295 ਤੇ ਗਉੜੀ ਰਾਗੁ ਵਿਚ ਦਰਜ ਹਨ, "ਪੂਰੇ ਸਤਿਗੁਰੂ ਦੀ ਸਿੱਖਿਆ ਸੁਣ, ਤੇ, ਅਕਾਲ ਪੁਰਖ ਨੂੰ (ਹਰ ਥਾਂ) ਨੇੜੇ ਜਾਣ ਕੇ ਵੇਖ। (ਹੇ ਭਾਈ!) ਦੰਮ-ਬ-ਦੰਮ ਪ੍ਰਭੂ ਨੂੰ ਯਾਦ ਕਰ, (ਤਾਂ ਜੁ) ਤੇਰੇ ਮਨ ਦੇ ਅੰਦਰ ਦੀ ਚਿੰਤਾ ਮਿਟ ਜਾਏ।ਹੇ ਮਨ ਨਿਤ ਨਾ ਰਹਿਣ ਵਾਲੀਆਂ ਆਸਾਂ ਦੀਆਂ ਲਹਿਰਾਂ ਛੱਡ ਦੇਹ, ਅਤੇ ਸੰਤ ਜਨਾਂ ਦੇ ਪੈਰਾਂ ਦੀ ਖ਼ਾਕ ਮੰਗ। ਆਪਾ ਭਾਵ ਛੱਡ ਕੇ ਅਰਦਾਸ ਕਰ, ਸਾਧ ਸੰਗਤਿ ਵਿਚ ਅੱਗ ਦੇ ਸਮੁੰਦਰ ਤੋਂ ਪਾਰ ਲੰਘ, ਨਾਮ ਰੂਪੀ ਧਨ ਦੇ ਖਜ਼ਾਨੇ ਭਰ ਲੈ। ਹੇ ਨਾਨਕ! ਆਪਣੇ ਪੂਰੇ ਸਤਿਗੁਰੂ ਨੂੰ ਨਮਸਕਾਰ ਕਰ।"[257] ਇਸ ਵਿਚ ਗੁਰੂ ਸਾਹਿਬ ਦੱਸ ਰਹੇ ਹਨ ਕਿ ਆਪਣਾ ਆਪ ਤਿਆਗ ਕੇ

---

[252] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 269.

[253] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ)*, ਪੰਨਾ 601.

[254] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ *289.*

[255] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ)*, ਪੰਨਾ 692.

[256] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ *295.*

[257] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ)*, ਪੰਨਾ 717.

ਪਰਮਾਤਮਾ ਦੇ ਦਰ ਤੇ ਨਮਸਕਾਰ ਕਰਨੀ ਚਾਹੀਦੀ ਹੈ।

ਗਿਆਨੀ ਕੀ ਹੋਇ ਵਰਤੀ ਦਾਸਿ॥ ਕਰ ਜੋੜੇ ਸੇਵਾ ਕਰੇ ਅਰਦਾਸਿ॥

ਜੋ ਤੂੰ ਕਹਹਿ ਸੁ ਕਾਰ ਕਮਾਵਾ॥ ਜਨ ਨਾਨਕ ਗੁਰਮੁਖ ਨੇੜਿ ਨ ਆਵਾ॥[258]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 370 ਤੇ ਰਾਗੁ ਆਸਾ ਵਿਚ ਦਰਜ ਹਨ, "ਹੇ ਦਾਸ ਨਾਨਕ! (ਆਖ—) ਜੇਹੜਾ ਮਨੁੱਖ ਪਰਮਾਤਮਾ ਨਾਲ ਡੂੰਘੀ ਸਾਂਝ ਪਾ ਲੈਂਦਾ ਹੈ (ਇਹ ਮਾਇਆ) ਉਸ ਦੀ ਦਾਸੀ ਬਣ ਕੇ ਕਾਰ ਕਰਦੀ ਹੈ, ਉਸ ਦੇ ਅੱਗੇ (ਦੋਵੇਂ) ਹੱਥ ਜੋੜਦੀ ਹੈ ਉਸ ਦੀ ਸੇਵਾ ਕਰਦੀ ਹੈ, ਉਸ ਅੱਗੇ ਬੇਨਤੀ ਕਰਦੀ ਹੈ (ਤੇ ਆਖਦੀ ਹੈ—) ਮੈਂ ਉਹੀ ਕਾਰ ਕਰਾਗੀ ਜੇਹੜੀ ਤੂੰ ਆਖੇਂ, ਮੈਂ ਉਸ ਮਨੁੱਖ ਦੇ ਨੇੜੇ ਨਹੀਂ ਢੁਕਾਂਗੀ (ਮੈਂ ਉਸ ਮਨੁੱਖ ਉਤੇ ਆਪਣਾ ਦਬਾਉ ਨਹੀਂ ਪਾਵਾਂਗੀ) ਜਿਹੜਾ ਗੁਰੂ ਦੀ ਸਰਨ ਪੈਂਦਾ ਹੈ।"[259]ਇਸ ਵਿਚ ਗੁਰੂ ਸਾਹਿਬ ਦੱਸ ਰਹੇ ਹਨ ਕਿ ਮਾਇਆ ਵੀ ਪਰਮਾਤਮਾ ਦੇ ਦਰ ਤੇ ਹੱਥ ਜੋੜ ਕੇ ਅਰਦਾਸਾਂ ਕਰਦੀ ਹੈ।

ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ॥

ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ॥[260]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 383 ਤੇ ਰਾਗੁ ਆਸਾ ਵਿਚ ਦਰਜ ਹਨ, "ਹੇ ਪ੍ਰਭੂ! ਤੇਰੇ ਅੱਗੇ ਮੇਰੀ ਅਰਦਾਸ ਹੈ—ਮੇਰੀ ਇਹ ਜਿੰਦ ਮੇਰਾ ਇਹ ਸਰੀਰ ਸਭ ਕੁਝ ਤੇਰਾ ਹੀ ਦਿੱਤਾ ਹੋਇਆ ਹੈ। ਹੇ ਨਾਨਕ! ਆਖ—(ਜੇ ਕੋਈ ਮੇਰਾ ਆਦਰ ਸਤਕਾਰ ਕਰਦਾ ਹੈ ਤਾਂ) ਇਹ ਤੇਰੀ ਹੀ ਬਖ਼ਸ਼ੀ ਹੋਈ ਵਡਿਆਈ ਹੈ। (ਜੇ ਮੈਂ ਤੈਨੂੰ ਭੁਲਾ ਬੈਠਾਂ ਤਾਂ) ਕੋਈ ਜੀਵ ਮੇਰਾ ਨਾਮ ਪਤਾ ਕਰਨ ਦੀ ਭੀ ਪਰਵਾਹ ਨਾਹ ਕਰੇ।"[261] ਇਸ ਅਰਦਾਸ ਵਿਚ ਪਰਮਾਤਮਾ ਨੂੰ ਸੰਬੋਧਨ ਹੋ ਕੇ ਕਿਹਾ ਗਿਆ ਹੈ ਕਿ ਇਹ ਸਰੀਰ ਸੁਖ ਆਦਿ ਤੇਰੇ ਹੀ ਦਿੱਤੇ ਹਨ ਅਤੇ ਆਪਣੀ ਨਿਮਰਤਾ ਨੂੰ ਦਰਸਾਉਂਦਿਆ ਕਿਹਾ ਗਿਆ ਹੈ ਕਿ ਮੇਰਾ ਤਾਂ ਨਾਂ ਵੀ ਕੋਈ ਨਹੀਂ ਜਾਣਦਾ।

### 5.41 ਪਰਮਾਤਮਾ ਅੱਗੇ ਨਾਮ ਜਪਾਉਣ ਲਈ ਅਰਦਾਸ

ਤੂ ਮੇਰੀ ਗਤਿ ਪਤਿ ਤੂ ਪਰਵਾਨੁ॥ ਤੂ ਸਮਰਥੁ ਮੈ ਤੇਰਾ ਤਾਣੁ॥3॥

ਅਨਦਿਨੁ ਜਪਉ ਨਾਮ ਗੁਣਤਾਸਿ॥ ਨਾਨਕ ਕੀ ਪ੍ਰਭ ਪਹਿ ਅਰਦਾਸਿ॥[262]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 389 ਤੇ ਰਾਗੁ ਆਸਾ ਵਿਚ ਦਰਜ ਹਨ, "ਹੇ ਪ੍ਰਭੂ! ਤੂੰ ਹੀ ਮੇਰੀ ਉੱਚੀ ਆਤਮਕ ਅਵਸਥਾ ਤੇ (ਲੋਕ ਪਰਲੋਕ ਦੀ) ਇੱਜ਼ਤ (ਦਾ ਰਾਖਾ) ਹੈਂ, (ਜੋ ਕੁਝ) ਤੂੰ (ਕਰਦਾ ਹੈਂ ਉਹ) ਮੈਂ ਖਿੜੇ-ਮੱਥੇ ਮੰਨਦਾ ਹਾਂ। ਤੂੰ ਹਰੇਕ ਤਾਕਤ ਦਾ ਮਾਲਕ ਹੈਂ, ਮੈਨੂੰ ਤੇਰਾ ਹੀ ਸਹਾਰਾ ਹੈ। ਹੇ ਪ੍ਰਭੂ! ਹੇ ਗੁਣਾਂ ਦੇ ਖ਼ਜ਼ਾਨੇ! ਨਾਨਕ ਦੀ ਤੇਰੇ

---

[258] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ *370.*

[259] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਤੀਜੀ ਪੋਥੀ)*, ਪੰਨਾ 125.

[260] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 383.

[261] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਤੀਜੀ ਪੋਥੀ)*, ਪੰਨਾ 193.

[262] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 389.

ਪਾਸ ਇਹ ਬੇਨਤੀ ਹੈ (—ਮੇਹਰ ਕਰ) ਮੈਂ ਸਦਾ ਹਰ ਵੇਲੇ ਤੇਰਾ ਨਾਮ ਹੀ ਜਪਦਾ ਰਹਾਂ। "[263] ਇਸ ਵਿਚ ਹਰ ਵੇਲੇ ਪਰਮਾਤਮਾ ਦੇ ਨਾਮ ਵਿਚ ਜੁੜੇ ਰਹਿਣ ਦੀ ਅਰਦਾਸ ਕੀਤੀ ਗਈ ਹੈ।

ਦਰਸ ਤੇਰੇ ਕੀ ਪਿਆਸ ਮਨਿ ਲਾਗੀ॥ ਸਹਜ ਅਨੰਦ ਬਸੈ ਬੈਰਾਗੀ॥3॥
ਨਾਨਕ ਕੀ ਅਰਦਾਸਿ ਸੁਣੀਜੈ॥ ਕੇਵਲ ਨਾਮੁ ਰਿਦੇ ਮਹਿ ਦੀਜੈ॥[264]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 389 ਤੇ ਰਾਗੁ ਆਸਾ ਵਿਚ ਦਰਜ ਹਨ, "ਹੇ ਪ੍ਰਭੂ! ਜਿਸ ਮਨੁੱਖ ਦੇ ਮਨ ਵਿਚ ਤੇਰੇ ਦਰਸ਼ਨ ਦੀ ਤਾਂਘ ਪੈਦਾ ਹੁੰਦੀ ਹੈ ਉਹ ਮਾਇਆ ਵਲੋਂ ਵੈਰਾਗੁਵਾਨ ਹੋ ਕੇ ਆਤਮਕ ਅਡੋਲਤਾ ਦੇ ਆਨੰਦ ਵਿਚ ਟਿਕਿਆ ਰਹਿੰਦਾ ਹੈ। ਹੇ ਪ੍ਰਭੂ! (ਆਪਣੇ ਸੇਵਕ) ਨਾਨਕ ਦੀ ਭੀ ਅਰਜ਼ੋਈ ਸੁਣ, (ਨਾਨਕ ਨੂੰ ਆਪਣਾ) ਸਿਰਫ਼ ਨਾਮ ਹਿਰਦੇ ਵਿਚ (ਵਸਾਣ ਲਈ) ਦੇਹ। "[265]ਗੁਰੂ ਸਾਹਿਬ ਇਸ ਅਰਦਾਸ ਵਿਚ ਕਹਿ ਰਹੇ ਹਨ ਕਿ ਮੈਨੂੰ ਤੇਰੇ ਦਰਸ਼ਨਾਂ ਦੀ ਖਿੱਚ ਹਰ ਵੇਲੇ ਲੱਗੀ ਰਹੇ, ਸਹਿਜ ਦੇ ਵਿਚ ਰਹਾਂ, ਕੇਵਲ ਇਹੋ ਅਰਦਾਸ ਹੈ ਕਿ ਤੇਰਾ ਨਾਮ ਮੇਰੇ ਹਿਰਦੇ ਵਿਚ ਟਿਕੇ।

### 5.42 ਪ੍ਰਭੂ ਦੇ ਪਿਆਰਿਆਂ ਦੇ ਮੇਲ ਦੀ ਅਰਦਾਸ

ਤਾ ਕਾ ਸੰਗੁ ਬਾਛਹਿ ਸੁਰਦੇਵ॥ ਅਮੋਘ ਦਰਸੁ ਸਫਲ ਜਾ ਕੀ ਸੇਵ॥
ਕਰ ਜੋੜਿ ਨਾਨਕੁ ਕਰੇ ਅਰਦਾਸਿ॥ ਮੋਹਿ ਸੰਤਹ ਟਹਲ ਦੀਜੈ ਗੁਣਤਾਸਿ॥[266]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 392 ਤੇ ਰਾਗੁ ਆਸਾ ਵਿਚ ਦਰਜ ਹਨ, "(ਹੇ ਭਾਈ!) ਪਰਮਾਤਮਾ ਦੇ ਸੰਤ ਦਾ ਮਿਲਾਪ ਆਕਾਸ਼ੀ ਦੇਵਤੇ ਭੀ ਲੋੜਦੇ ਰਹਿੰਦੇ ਹਨ। ਸੰਤ ਦਾ ਦਰਸ਼ਨ ਵਿਅਰਥ ਨਹੀਂ ਜਾਂਦਾ, ਸੰਤ ਦੀ ਸੇਵਾ ਜ਼ਰੂਰ ਫਲ ਦੇਂਦੀ ਹੈ।(ਹੇ ਭਾਈ!) ਨਾਨਕ (ਦੋਵੇਂ) ਹੱਥ ਜੋੜ ਕੇ ਅਰਜ਼ੋਈ ਕਰਦਾ ਹੈ—ਹੇ ਗੁਣਾਂ ਦੇ ਖ਼ਜ਼ਾਨੇ ਪ੍ਰਭੂ! ਮੈਨੂੰ ਸੰਤ ਜਨਾਂ ਦੀ ਸੇਵਾ ਦੀ ਦਾਤਿ ਬਖ਼ਸ਼। "[267] ਗੁਰੂ ਸਾਹਿਬ ਕਹਿ ਰਹੇ ਹਨ ਕਿ ਪਰਮਾਤਮਾ ਵੱਲੋਂ ਵਰੋਸਾਏ ਹੋਏ ਗੁਰਮੁਖਾਂ ਦੇ ਦਰਸ਼ਨਾਂ ਦੀ ਤਾਂਘ ਆਕਾਸ਼ੀ ਦੇਵਤੇ ਵੀ ਕਰਦੇ ਹਨ,ਉਹਨਾਂ ਦੀ ਸੇਵਾ ਫਲਦਾਇਕ ਹੁੰਦੀ ਹੈ ਇਸ ਲਈ ਪਰਮਾਤਮਾ ਅੱਗੇ ਇਹੋ ਅਰਦਾਸ ਕਰਨੀ ਚਾਹੀਦੀ ਹੈ ਕਿ ਅਜਿਹੇ ਗੁਰਮੁਖਾਂ ਦੀ ਸੇਵਾ ਦਾ ਸੁਭਾਗ ਦੇਹ।

ਦੂਰਿ ਨ ਹੋਈ ਕਤ ਹੂ ਜਾਈਐ॥ ਨਦਰਿ ਕਰੇ ਤਾ ਹਰਿ ਹਰਿ ਪਾਈਐ॥
ਅਰਦਾਸਿ ਕਰੀ ਪੂਰੇ ਗੁਰ ਪਾਸਿ॥ ਨਾਨਕੁ ਮੰਗੈ ਹਰਿ ਧਨੁ ਰਾਸਿ॥[268]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 395 ਤੇ ਰਾਗੁ ਆਸਾ ਵਿਚ ਦਰਜ ਹਨ, "ਹੇ ਭਾਈ! ਉਹ ਪਰਮਾਤਮਾ ਸਾਥੋਂ ਦੂਰ ਨਹੀਂ ਵੱਸਦਾ, ਕਿਤੇ

[263] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਤੀਜੀ ਪੋਥੀ)*, ਪੰਨਾ 224.
[264] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 389.
[265] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਤੀਜੀ ਪੋਥੀ)*, ਪੰਨਾ 228.
[266] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 392.
[267] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਤੀਜੀ ਪੋਥੀ)*, ਪੰਨਾ 244.
[268] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 395.

(ਦੂਰ) ਲੱਭਣ ਜਾਣ ਦੀ ਲੋੜ ਨਹੀਂ, ਉਸ ਦੀ ਪ੍ਰਾਪਤੀ ਤਦੋਂ ਹੀ ਹੋ ਸਕਦੀ ਹੈ ਜਦੋਂ ਉਹ ਆਪ ਮੇਹਰ ਦੀ ਨਜ਼ਰ ਕਰੇ। ਹੇ ਭਾਈ! ਮੈਂ ਤਾਂ ਪੂਰੇ ਗੁਰੂ ਕੋਲ ਹੀ ਅਰਦਾਸ ਕਰਦਾ ਹਾਂ (ਤੇ ਆਖਦਾ ਹਾਂ—ਹੇ ਗੁਰੂ! ਤੇਰੇ ਪਾਸੋਂ) ਨਾਨਕ ਹਰਿ-ਨਾਮ-ਧਨ ਮੰਗਦਾ ਹੈ ਹਰਿ-ਨਾਮ ਦਾ ਸਰਮਾਇਆ ਮੰਗਦਾ ਹੈ।"[269] ਇਸ ਅਰਦਾਸ ਵਿਚ ਗੁਰੂ ਸਾਹਿਬ ਕਹਿ ਰਹੇ ਹਨ ਕਿ ਪਰਮਾਤਮਾ ਸਾਥੋਂ ਦੂਰ ਨਹੀਂ ਸਗੋਂ ਅੰਦਰ ਵੱਸਦਾ ਹੈ ਬਾਹਰੋਂ ਕਿਤੋਂ ਨਹੀਂ ਮਿਲਦਾ ਉਸਦੀ ਪ੍ਰਾਪਤੀ ਉਸਦੀ ਮਰਜ਼ੀ ਨਾਲ ਹੁੰਦੀ ਹੈ ਇਸ ਲਈ ਪੂਰੇ ਗੁਰ ਕੋਲ ਉਸਦੇ ਮਿਲਾਪ ਲਈ ਅਰਦਾਸ ਕਰਨੀ ਚਾਹੀਦਾ ਹੈ।

### 5.43 ਗੁਰੂ ਦੀ ਮਹਿਮਾ ਰੂਪੀ ਅਰਦਾਸ

ਗੁਰ ਪੂਰੇ ਰਾਖਿਆ ਦੇ ਹਾਥ॥ ਪ੍ਰਗਟੁ ਭਇਆ ਜਨ ਕਾ ਪਰਤਾਪੁ॥1॥
ਗੁਰੁ ਗੁਰੁ ਜਪੀ ਗੁਰੂ ਗੁਰੁ ਧਿਆਈ॥ ਜੀਅ ਕੀ ਅਰਦਾਸਿ ਗੁਰੂ ਪਹਿ ਪਾਈ॥[270]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 370 ਤੇ ਰਾਗੁ ਆਸਾ ਵਿਚ ਦਰਜ ਹਨ, "(ਹੇ ਭਾਈ!) ਜਿਸ ਸੇਵਕ ਨੂੰ ਪੂਰਾ ਗੁਰੂ ਆਪਣਾ ਹੱਥ ਦੇ ਕੇ (ਵਿਕਾਰ ਆਦਿਕ ਤੋਂ ਬਚਾ ਕੇ) ਰੱਖਦਾ ਹੈ ਉਸ ਦੀ ਸੋਭਾ-ਵਡਿਆਈ (ਸਾਰੇ ਜਗਤ ਵਿਚ) ਉੱਘੜ ਪੈਂਦੀ ਹੈ। ਮੈਂ ਸਦਾ ਗੁਰੂ ਨੂੰ ਹੀ ਯਾਦ ਕਰਦਾ ਹਾਂ, ਸਦਾ ਗੁਰੂ ਦਾ ਹੀ ਧਿਆਨ ਧਰਦਾ ਹਾਂ। ਗੁਰੂ ਪਾਸੋਂ ਹੀ ਮੈਂ ਆਪਣੇ ਮਨ ਦੀ ਮੰਗੀ ਹੋਈ ਲੋੜ ਹਾਸਲ ਕਰਦਾ ਹਾਂ।"[271] ਸਿੱਖ ਧਰਮ ਵਿਚ ਗੁਰੂ,ਸ਼ਬਦ ਅਤੇ ਪਰਮਾਤਮਾ ਇਕ ਹੀ ਰੂਪ ਮੰਨੇ ਜਾਂਦੇ ਹਨ। ਇਸ ਲਈ ਗੁਰੂ ਨੂੰ ਜਪਣਾ,ਯਾਦ ਕਰਨਾ ਅਤੇ ਗੁਰੂ ਅੱਗੇ ਵੀ ਅਰਦਾਸਾਂ ਕੀਤੀਆਂ ਜਾਂਦੀਆਂ ਹਨ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰੂ ਦੀ ਪਰਿਭਾਸ਼ਾ, ਗੁਰ- ਇਹ ਸ਼ਬਦ ਗ੍ਰੀ ਧਾਤੂ ਤੋਂ ਬਣਿਆ ਹੈ ਇਸਦੇ ਅਰਥ ਹਨ ਨਿਗਲਣਾ ਅਤੇ ਸਮਝਾਉਣਾ ਜੋ ਅਗਯਾਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤਤ੍ਵਗਯਾਨ ਸਮਝਾਉਂਦਾ ਹੈ ਉਹ ਗੁਰੂ ਹੈ, ਗੁਰਬਾਣੀ ਵਿਚ ਗੁਰ, ਗੁਰੁ ਅਤੇ ਗੁਰੂ ਇਕ ਹੀ ਅਰਥ ਵਿਚ ਆਏ ਹਨ।"[272]

"ਸਿੱਖ ਕੌਮ ਦੇ ਪੰਜਵੇਂ ਪਾਤਸ਼ਾਹ ਗੁਰੂ ਅਰਜਨ, ਜਿੰਨ੍ਹਾਂ ਦਾ ਜਨਮ 15 ਅਪ੍ਰੈਲ ਸੰਨ 1563 ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਬੀਬੀ ਭਾਨੀ ਜੀ ਦੇ ਉਦਰ ਤੋਂ ਗੋਇੰਦਵਾਲ ਹੋਇਆ 23 ਹਾੜ ਸੰਮਤ 1636 ਨੂੰ ਕ੍ਰਿਸ਼ਨ ਚੰਦ ਦੀ ਸਪੁਤ੍ਰੀ ਗੰਗਾ ਦੇਵੀ ਜੀ ਨਾਲ ਮਉ ਪਿੰਡ ਵਿਆਹ ਹੋਇਆ ਜਿਸਦੇ ਉਦਰ ਤੋਂ ਮਹਾਂਵੀਰ ਸਪੁਤ੍ਰ ਗੁਰੂ ਹਰਗੋਬਿੰਦ ਸਿੰਘ ਜੀ ਜਨਮੇ,

ਗੁਰੂ ਅਰਜਨ, ਸਤੰਬਰ ਸੰਨ 1581 ਨੂੰ ਗੁਰਗੱਦੀ ਤੇ ਵਿਰਾਜੇ ਅਤੇ ਉਤਮ ਰੀਤੀ ਨਾਲ ਸਿੱਖ ਧਰਮ ਦਾ ਪ੍ਰਚਾਰ ਕੀਤਾ। ਕੌਮੀ ਕਾਰਜਾਂ ਦੇ ਨਿਰਵਾਹ ਲਈ ਸਿੱਖਾਂ ਦੀ ਧਰਮ ਕਿਰਤ ਵਿਚੋਂ ਦਸਵੰਧ ਲੈਣ ਦੀ ਮਰਯਾਦਾ ਬੰਨ੍ਹੀ। ਸੰਮਤ 1645 ਵਿਚ ਸੰਤੋਖਸਰ ਤਾਲ ਪੱਕਾ ਕਰਵਾਇਆ। ਅਰ ਸੰਮਤ 1645 ਵਿਚ

---

[269] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੋਥੀ ਤੀਜੀ)*, ਪੰਨਾ 259.
[270] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 396.
[271] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੋਥੀ ਤੀਜੀ)*, ਪੰਨਾ 263.
[272] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 415.

ਹੀ ਹਰਿਮੰਦਰ ਦੀ ਨਿਉ ਰੱਖੀ, ਸੰਮਤ 1647 ਵਿਚ ਤਰਨ ਤਾਰਨ ਤਾਲ ਰਚਿਆ, ਸੰਮਤ 1651 ਵਿਚ ਕਰਤਾਰਪੁਰ ਨਗਰ ਵਸਾਇਆ, ਸੰਮਤ 1659-60 ਵਿਚ ਰਾਮਸਰ ਅਤੇ ਸੰਮਤ 1661 ਵਿਚ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕੀਤੀ। ਇਸੇ ਸਾਲ ਸਿੱਖ ਧਰਮ ਦੀ ਪੁਸਤਕ ਨੂੰ ਹਰਿਮੰਦਰ ਅੰਦਰ ਥਾਪ ਕੇ ਬਾਬਾ ਬੁੱਢਾ ਜੀ ਨੂੰ ਗ੍ਰੰਥੀ ਠਹਿਰਾਇਆ।

ਗੁਰਮਤਿ ਦੇ ਨਿਯਮਾਂ ਦੀ ਰਾਖੀ ਕਰਦੇ ਹੋਏ ਅਤੇ ਸਤਯਪ੍ਰਤਿਗਯਾ ਦੀ ਕਸੌਟੀ ਉੱਤੇ ਸਿੱਖਾਂ ਨੂੰ ਅਚਲ ਰਹਿਣ ਦਾ ਸ਼ਬਦ ਦੱਸਣ ਲਈ 30 ਮਈ 1606 ਨੂੰ ਰਾਵੀ ਦੇ ਕਿਨਾਰੇ ਜੋਤੀ ਜੋਤ ਸਮਾਏ ਆਪ ਦਾ ਪਵਿਤ੍ਰ ਦੇਹੁਰਾ ਕਿਲੇ ਪਾਸ ਇਸ ਸਮੇਂ ਸਿੱਖਾਂ ਦਾ ਯਾਤ੍ਰਾ ਅਸਥਾਨ ਹੈ। ਪੰਜਵੇ ਸਤਿਗੁਰੂ ਨੇ 24 ਵਰ੍ਹੇ ਨੌ ਮਹੀਨੇ ਗੁਰਿਆਈ ਕੀਤੀ ਅਤੇ ਅਤੇ 43 ਵਰ੍ਹੇ 01 ਮਹੀਨਾ 15 ਦਿਨ ਸਾਰੀ ਉਮਰ ਭੋਗੀ।"[273]

ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ॥
ਅਰਦਾਸਿ ਕਰੀ ਪ੍ਰਭ ਅਪਨੇ ਆਗੈ ਸੁਣਿ ਸੁਣਿ ਜੀਵਾ ਤੇਰੀ ਬਾਣੀ॥[274]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 395 ਤੇ ਰਾਗੁ ਸੂਹੀ ਵਿਚ ਦਰਜ ਹਨ, "ਹੇ ਮੇਰੇ ਮਾਲਕ-ਪ੍ਰਭੂ! ਮੇਰਾ ਨਿਮਾਣੀ ਦਾ ਤੂੰ ਹੀ ਮਾਣ ਹੈਂ। ਹੇ ਪ੍ਰਭੂ! ਮੈਂ ਤੇਰੇ ਅੱਗੇ ਅਰਜ਼ੋਈ ਕਰਦਾ ਹਾਂ, (ਮੇਹਰ ਕਰ) ਤੇਰੀ ਸਿਫ਼ਤਿ-ਸਾਲਾਹ ਦੀ ਬਾਣੀ ਸੁਣ ਸੁਣ ਕੇ ਮੈਂ ਆਤਮਕ ਜੀਵਨ ਹਾਸਲ ਕਰਦਾ ਰਹਾਂ।"[275] ਗੁਰੂ ਸਾਹਿਬ ਅਰਦਾਸ ਕਰ ਰਹੇ ਹਨ ਕਿ ਮੇਰੇ ਨਿਆਸਰੇ ਦਾ ਤੂੰ ਹੀ ਆਸਰਾ ਹੈਂ ਮੇਰੀ ਬੇਨਤੀ ਇਹ ਹੈ ਕਿ ਤੇਰੀ ਸਿਫਤ ਦੀ ਬਾਣੀ ਸੁਣਦਾ ਹੀ ਮੈਂ ਸੰਸਾਰ ਤੋਂ ਤੁਰ ਜਾਵਾਂ।

॥ਛੰਤ॥ ਮਿਲਉ ਸੰਤਨ ਕੈ ਸੰਗਿ ਮੋਹਿ ਉਧਾਰਿ ਲੇਹੁ॥
ਬਿਨਉ ਕਰਉ ਕਰ ਜੋੜਿ ਹਰਿ ਹਰਿ ਨਾਮੁ ਦੇਹੁ॥[276]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 457 ਤੇ ਰਾਗੁ ਸੂਹੀ ਵਿਚ ਦਰਜ ਹਨ, "ਛੰਤ। ਹੇ ਹਰੀ! ਮੈਂ ਦੋਵੇਂ ਹੱਥ ਜੋੜ ਕੇ (ਤੇਰੇ ਦਰ ਤੇ) ਅਰਦਾਸ ਕਰਦਾ ਹਾਂ, ਮੈਨੂੰ ਆਪਣੇ ਨਾਮ ਦੀ ਦਾਤਿ ਬਖ਼ਸ਼। ਮੈਨੂੰ (ਵਿਕਾਰਾਂ ਤੋਂ) ਬਚਾਈ ਰੱਖ (ਮੇਹਰ ਕਰ) ਮੈਂ ਤੇਰੇ ਸੰਤ ਜਨਾਂ ਦੀ ਸੰਗਤਿ ਵਿਚ ਟਿਕਿਆ ਰਹਾਂ।"[277] ਇਸ ਵਿਚ ਤਿੰਨ ਅਰਦਾਸਾਂ ਕੀਤੀਆਂ ਗਈਆਂ ਹਨ,ਪਹਿਲੀ ਨਾਮ ਦੀ ਦਾਤ ਲਈ, ਦੂਜੀ ਵਿਕਾਰਾਂ ਤੋਂ ਬਚਾਓਣ ਲਈ ਅਤੇ ਤੀਜੀ ਸੰਤਾਂ ਦੀ ਸੰਗਤ ਲਈ।

ਸਮਰਥ ਅਗਥ ਅਪਾਰ ਨਿਰਮਲ ਸੁਣਹੁ ਸੁਆਮੀ ਬਿਨਉ ਏਹੁ॥
ਕਰ ਜੋੜਿ ਨਾਨਕੁ ਦਾਨੁ ਮਾਗੈ ਜਨਮ ਮਰਣ ਨਿਵਾਰਿ ਲੇਹੁ॥[278]

---

[273] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 80.
[274] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 749.
[275] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 455.
[276] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 457.
[277] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਤੀਜੀ ਪੋਥੀ)*, ਪੰਨਾ 579.
[278] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 457.

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 457 ਤੇ ਰਾਗੁ ਆਸਾ ਵਿਚ ਦਰਜ ਹਨ, "ਹੇ ਸਭ ਤਾਕਤਾਂ ਦੇ ਮਾਲਕ! ਹੇ ਅਕੱਥ! ਹੇ ਬੇਅੰਤ! ਹੇ ਪਵਿਤ੍ਰ-ਸਰੂਪ ਸੁਆਮੀ! ਮੇਰੀ ਇਹ ਅਰਦਾਸ ਸੁਣ। ਤੇਰਾ ਦਾਸ ਨਾਨਕ ਤੈਥੋਂ ਇਹ ਦਾਨ ਮੰਗਦਾ ਹੈ ਕਿ ਮੇਰਾ ਜਨਮ ਮਰਨ ਦਾ ਗੇੜ ਮੁਕਾ ਦੇ।"[279] ਇਸ ਅਰਦਾਸ ਵਿਚ ਪਰਮਾਤਮਾ ਕੋਲੋਂ ਆਵਾਗਾਵਣ ਦੇ ਚੱਕਰ ਤੋਂ ਬਚਣ ਦੀ ਅਰਦਾਸ ਕੀਤੀ ਗਈ ਹੈ।

ਵੰਞੁ ਮੇਰੇ ਆਲਸਾ ਹਰਿ ਪਾਸਿ ਬੇਨੰਤੀ॥
ਰਾਵਉ ਸਹੁ ਆਪਨੜਾ ਪ੍ਰਭ ਸੰਗਿ ਸੋਹੰਤੀ॥
ਸੰਗੇ ਸੋਹੰਤੀ ਕੰਤ ਸੁਆਮੀ ਦਿਨਸੁ ਰੈਣੀ ਰਾਵੀਐ॥[280]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 460 ਤੇ ਰਾਗੁ ਆਸਾ ਵਿਚ ਦਰਜ ਹਨ, "ਹੇ ਮੇਰੇ ਆਲਸ! ਚਲਾ ਜਾ (ਮੇਰੀ ਖ਼ਲਾਸੀ ਕਰ, ਮੈਂ ਪ੍ਰਭੂ-ਪਤੀ ਦਾ ਸਿਮਰਨ ਕਰਾਂ)। (ਹੇ ਸਖੀ!) ਮੈਂ ਪਰਮਾਤਮਾ ਪਾਸ ਬੇਨਤੀ ਕਰਦੀ ਹਾਂ (ਕਿ ਮੇਰਾ ਆਲਸ ਦੂਰ ਹੋ ਜਾਏ)। (ਹੇ ਸਖੀ! ਜਿਉਂ ਜਿਉਂ) ਮੈਂ ਆਪਣੇ ਪਿਆਰੇ ਪ੍ਰਭੂ-ਪਤੀ ਨੂੰ ਆਪਣੇ ਹਿਰਦੇ ਵਿਚ ਵਸਾਂਦੀ ਹਾਂ (ਤਿਉਂ ਤਿਉਂ) ਪ੍ਰਭੂ ਦੇ ਚਰਨਾਂ ਵਿਚ ਜੁੜ ਕੇ ਮੇਰਾ ਜੀਵਨ ਸੋਹਣਾ ਬਣਦਾ ਜਾ ਰਿਹਾ ਹੈ। ਹੇ ਸਖੀ! ਉਸ ਖਸਮ-ਪ੍ਰਭੂ ਨੂੰ ਦਿਨ ਰਾਤ ਹਰ ਵੇਲੇ ਹਿਰਦੇ ਵਿਚ ਵਸਾਣਾ ਚਾਹੀਦਾ ਹੈ, ਜੇਹੜੀ ਜੀਵ-ਇਸਤ੍ਰੀ ਸੁਆਮੀ ਕੰਤ ਦੇ ਚਰਨਾਂ ਵਿਚ ਜੁੜਦੀ ਹੈ ਉਸ ਦਾ ਜੀਵਨ ਸੋਹਣਾ ਬਣ ਜਾਂਦਾ ਹੈ!"[281] ਇਸ ਅਰਦਾਸ ਵਿਚ ਪਰਮਾਤਮਾ ਦਾ ਨਾਂ ਲੈਣ ਵਿਚ ਜੋ ਆਲਸ ਆਉਂਦਾ ਹੈ ਉਸਨੂੰ ਦੂਰ ਕਰਨ ਦੀ ਗੱਲ ਕੀਤੀ ਗਈ ਹੈ ਅਤੇ ਹਮੇਸ਼ਾ ਉਸਦੇ ਰੰਗ ਵਿਚ ਰੰਗੇ ਰਹਿਣ ਦੀ ਬੇਨਤੀ ਕੀਤੀ ਗਈ ਹੈ।

ਜਿਸੁ ਮਾਨੁਖ ਪਹਿ ਕਰਉ ਬੇਨਤੀ ਸੋ ਅਪਨੈ ਦੁਖਿ ਭਰਿਆ॥
ਪਾਰਬ੍ਰਹਮੁ ਜਿਨਿ ਰਿਦੈ ਅਰਾਧਿਆ ਤਿਨਿ ਭਉ ਸਾਗਰੁ ਤਰਿਆ॥[282]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 497 ਤੇ ਰਾਗੁ ਗੂਜਰੀ ਵਿਚ ਦਰਜ ਹਨ, "ਹੇ ਭਾਈ! ਮੈਂ ਜਿਸ ਭੀ ਮਨੁੱਖ ਕੋਲ (ਆਪਣੇ ਦੁੱਖ ਦੀ) ਗੱਲ ਕਰਦਾ ਹਾਂ, ਉਹ ਆਪਣੇ ਦੁੱਖ ਨਾਲ ਭਰਿਆ ਹੋਇਆ ਦਿੱਸਦਾ ਹੈ (ਉਹ ਮੇਰਾ ਦੁੱਖ ਕੀਹ ਨਿਵਿਰਤ ਕਰੇ?)। ਹੇ ਭਾਈ! ਜਿਸ ਮਨੁੱਖ ਨੇ ਆਪਣੇ ਹਿਰਦੇ ਵਿਚ ਪਰਮਾਤਮਾ ਨੂੰ ਆਰਾਧਿਆ ਹੈ, ਉਸ ਨੇ ਹੀ ਇਹ ਡਰ (-ਭਰਿਆ ਸੰਸਾਰ-) ਸਮੁੰਦਰ ਪਾਰ ਕੀਤਾ ਹੈ।"[283] ਮਨੁੱਖ ਇਕ ਦੂਜੇ ਦੇ ਦੁੱਖਾਂ ਦਾ ਹੱਲ ਨਹੀਂ ਕਰ ਸਕਦੇ, ਹਰ ਇਕ ਮਨੁੱਖ ਦੁਨਿਆਵੀ ਤਲ ਤੇ ਦੁਖੀ ਹੈ ਸੋ ਮਨੁੱਖ ਦੀ ਅਰਦਾਸ ਪਰਮਾਤਮਾ ਹੀ ਪੂਰੀ ਕਰ ਸਕਦਾ ਹੈ।

---

[279] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਤੀਜੀ ਪੋਥੀ)*, ਪੰਨਾ 579.
[280] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 460.
[281] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਤੀਜੀ ਪੋਥੀ*), ਪੰਨਾ 492-93.
[282] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 497.
[283] ਪ੍ਰੋ. ਸਾਹਿਬ ਸਿੰਘ, ਸ੍ਰੀ *ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ*), ਪੰਨਾ 38.

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਅਨੁਸਾਰ ਮਨੁੱਖ, "ਮਨੁਸ਼ ਸੰ.ਮਨੁਸ਼ਯ, ਸੰਗਯਾ ਮਨੂ ਦੀ ਔਲਾਦ, ਮਨੁੱਖ, ਆਦਮੀ"[284]

ਦੁਇ ਕਰ ਜੋੜਿ ਕਰੀ ਬੇਨੰਤੀ ਠਾਕੁਰੁ ਅਪਨਾ ਧਿਆਇਆ॥
ਹਾਥ ਦੇਇ ਰਾਖੇ ਪਰਮੇਸਰਿ ਸਗਲਾ ਦੁਰਤੁ ਮਿਟਾਇਆ॥[285]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 499 ਤੇ ਰਾਗੁ ਆਸਾ ਵਿਚ ਦਰਜ ਹਨ, "ਹੇ ਭਾਈ! ਮੈਂ (ਆਪਣੇ ਮਾਲਕ-ਪ੍ਰਭੂ ਦੇ ਅੱਗੇ) ਦੋਵੇਂ ਹਥ ਜੋੜ ਕੇ ਅਰਜ਼ੋਈ ਕਰਦਾ ਰਹਿੰਦਾ ਹਾਂ। ਉਸ ਮਾਲਕ ਪਰਮੇਸਰ ਪ੍ਰਭੂ ਨੇ ਸਾਡੀ ਹੱਥ ਦੇ ਕੇ ਰਾਖੀ ਕੀਤੀ ਹੈ ਤੇ ਸਾਰੇ ਕਸ਼ਟ ਤੇ ਪਾਪ ਨਵਿਰਤ ਕਰ ਦਿਤੇ ਹਨ।"[286] ਪਰਮੇਸ਼ਵਰ ਬੇਨਤੀ ਕਰਨ ਤੇ ਹੀ ਸਾਡੇ ਦੁਖ-ਪਾਪ ਦੂਰ ਕਰਦਾ ਹੈ ਇਸ ਲਈ ਉਸ ਅੱਗੇ ਹਮੇਸ਼ਾ ਅਰਦਾਸ ਕਰਨੀ ਚਾਹੀਦੀ ਹੈ।

ਦਇਆਲ ਪੁਰਖ ਸਰਬ ਕੇ ਠਾਕੁਰ ਬਿਨਉ ਕਰਉ ਕਰ ਜੋਰਿ॥
ਨਾਮੁ ਜਪੈ ਨਾਨਕੁ ਦਾਸੁ ਤੁਮਰੋ ਉਧਰਸਿ ਆਖੀ ਫੋਰ॥[287]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 500 ਤੇ ਰਾਗੁ ਆਸਾ ਵਿਚ ਦਰਜ ਹਨ, "ਹੇ ਦਇਆ ਦੇ ਘਰ! ਹੇ ਸਰਬ-ਵਿਆਪਕ! ਹੇ ਸਭਨਾਂ ਦੇ ਮਾਲਕ! ਮੈਂ ਦੋਵੇਂ ਹੱਥ ਜੋੜ ਕੇ ਤੇਰੇ ਅੱਗੇ ਬੇਨਤੀ ਕਰਦਾ ਹਾਂ (ਮੇਹਰ ਕਰ) ਤੇਰਾ ਦਾਸ ਨਾਨਕ (ਸਦਾ ਤੇਰਾ) ਨਾਮ ਜਪਦਾ ਰਹੇ। (ਜੇਹੜਾ) ਮਨੁੱਖ ਤੇਰਾ ਨਾਮ ਜਪਦਾ ਰਹੇਗਾ ਉਹ (ਸੰਸਾਰ-ਸਮੁੰਦਰ ਵਿਚੋਂ) ਅੱਖ ਝਮਕਣ ਜਿਤਨੇ ਸਮੇ ਵਿਚ ਬਚ ਨਿਕਲੇਗਾ।"[288] ਮਨੁੱਖ ਦਾ ਆਸਰਾ ਕੇਵਲ ਪਰਮਾਤਮਾ ਹੀ ਹੋਣਾ ਚਾਹੀਦਾ ਹੈ, ਇਸ ਲਈ ਉਸ ਅੱਗੇ ਹੀ ਅਰਦਾਸ ਕਰਨੀ ਚਾਹੀਦੀ ਹੈ ਕਿ ਆਪਣਾ ਨਾਮ ਦੇਵੇ।

ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ॥
ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ॥
ਪੂਜਹੁ ਗੁਰ ਕੇ ਪੈਰ ਦੁਰਮਤਿ ਜਾਇ ਜਰਿ॥
ਸਾਧ ਜਨਾ ਕੈ ਸੰਗਿ ਭਵਜਲੁ ਬਿਖਮੁ ਤਰਿ॥[289]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 519 ਤੇ ਰਾਗੁ ਆਸਾ ਵਿਚ ਦਰਜ ਹਨ, "ਦਿਲ ਦਾ ਜੋ ਦੁੱਖ ਹੋਵੇ ਉਹ ਆਪਣੇ ਸਤਿਗੁਰੂ ਅਗੇ ਬੇਨਤੀ ਕਰ, ਆਪਣੀ ਸਾਰੀ ਚਤੁਰਾਈ ਛੱਡ ਦੇਹ ਤੇ ਮਨ ਤਨ ਗੁਰੂ ਦੇ ਹਵਾਲੇ ਕਰ ਦੇਹ, ਸਤਿਗੁਰੂ ਦੇ ਪੈਰ ਪੂਜ (ਭਾਵ, ਗੁਰੂ ਦਾ ਆਸਰਾ ਲੈ, ਇਸ ਤਰ੍ਹਾਂ) ਭੈੜੀ ਮੱਤ (ਰੂਪ 'ਬਿਰਥਾ') ਸੜ ਜਾਂਦੀ ਹੈ, ਗੁਰਮੁਖਾਂ ਦੀ

---

[284] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਪੰਨਾ 712.
[285] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 499.
[286] ਪ੍ਰੋ. ਸਾਹਿਬ ਸਿੰਘ,*ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ)*, ਪੰਨਾ 47.
[287] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 500.
[288] ਪ੍ਰੋ. ਸਾਹਿਬ ਸਿੰਘ,*ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ)*, ਪੰਨਾ 52.
[289] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 519.

ਸੰਗਤਿ ਵਿਚ ਇਹ ਔਖਾ ਸੰਸਾਰ-ਸਮੁੰਦਰ ਤਰ ਜਾਈਦਾ ਹੈ।"[290] ਇਸ ਅਰਦਾਸ ਵਿਚ ਗੁਰੂ ਸਾਹਿਬ ਦੱਸ ਰਹੇ ਹਨ ਕਿ ਆਪਣੇ ਮਨ ਦੀ ਵੇਦਨਾ ਗੁਰੂ ਅੱਗੇ ਹੀ ਪੇਸ਼ ਕਰਨੀ ਚਾਹੀਦੀ ਹੈ, ਆਪਣੀਆਂ ਸਾਰੀਆਂ ਚਲਾਕੀਆਂ ਛੱਡ ਕੇ ਗੁਰੂ ਦੇ ਅੱਗੇ ਸਮਰਪਣ ਕਰ ਦਿਉ ਕਿਉਂਕਿ ਪੂਰੇ ਸਤਿਗੁਰੂ ਦੀ ਮੇਹਰ ਨਾਲ ਵਿਕਾਰ ਮਿਟ ਜਾਂਦੇ ਹਨ ਅਤੇ ਜੀਵਨ ਸਫਲਾ ਹੋ ਜਾਂਦਾ ਹੈ।

### 5.44 ਸੰਸਾਰਿਕ ਅਤੇ ਅਧਿਆਤਮਿਕ ਮੰਗਾਂ ਦੀ ਅਰਦਾਸ

ਅਪੁਨੇ ਹਰਿ ਪਹਿ ਬਿਨਤੀ ਕਹੀਐ॥
ਚਾਰਿ ਪਦਾਰਥ ਅਨਦ ਮੰਗਲ ਨਿਧਿ ਸੂਖ ਸਹਜ ਸਿਧਿ ਲਹੀਐ॥[291]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 207 ਤੇ ਰਾਗੁ ਦੇਵਗੰਧਾਰੀ ਵਿਚ ਦਰਜ ਹਨ, "ਹੇ ਭਾਈ! ਆਪਣੇ ਪਰਮਾਤਮਾ ਦੇ ਕੋਲ ਹੀ ਅਰਜ਼ੋਈ ਕਰਨੀ ਚਾਹੀਦੀ ਹੈ। (ਧਰਮ, ਅਰਥ, ਕਾਮ, ਮੋਖ) ਇਹ ਚਾਰੇ ਪਦਾਰਥ, ਅਨੰਦ ਖ਼ੁਸ਼ੀਆਂ ਦੇ ਖ਼ਜ਼ਾਨੇ, ਆਤਮਕ ਅਡੋਲਤਾ ਦੇ ਸੁਖ, ਕਰਾਮਾਤੀ ਤਾਕਤਾਂ—ਹਰੇਕ ਚੀਜ਼ ਪਰਮਾਤਮਾ ਪਾਸੋਂ ਮਿਲ ਜਾਂਦੀ ਹੈ।"[292] ਪਰਮਾਤਮਾ ਪਦਾਰਥਾਂ, ਅਨੰਦ, ਖੁਸ਼ੀ, ਸੇਵਾ ਆਦਿ ਬਖਸ਼ਣ ਵਾਲਾ ਹੈ, ਉਸ ਅੱਗੇ ਇਹਨਾਂ ਦੀ ਪ੍ਰਾਪਤੀ ਲਈ ਅਰਦਾਸ ਕਰਨੀ ਚਾਹੀਦੀ ਹੈ।

ਰਤਨ ਸਿੰਘ ਜੱਗੀ ਨੇ ਗੁਰੂ ਗ੍ਰੰਥ ਵਿਸ਼ਵਕੋਸ਼ ਵਿਚ ਚਾਰ ਪਦਾਰਥ ਦੀ ਵਿਆਖਿਆ ਇੰਞ ਕੀਤੀ ਹੈ, "ਇੰਨ੍ਹਾਂ ਚਾਰ ਪਦਾਰਥਾਂ ਦਾ ਸੰਬੰਧ 'ਪੁਰਸ਼ਾਰਥ' ਨਾਲ ਹੈ। ਪੁਰਸ਼ਾਰਥ ਤੋਂ ਭਾਵ ਹੈ – ਪੁਰਸ਼ ਦੁਆਰਾ ਪ੍ਰਾਪਤ ਕਰਨ ਯੋਗ। ਹਿੰਦੂ ਧਰਮ ਦੇ ਚਿੰਤਕਾਂ ਨੇ ਚਾਰ ਪਦਾਰਥ ਮੰਨੇ ਹਨ ਧਰਮ, ਅਰਥ,ਕਾਮ, ਮੋਖ। ਇਹਨਾਂ ਨੂੰ ਚਾਰ ਪਦਾਰਥ ਕਿਹਾ ਜਾਂਦਾ ਹੈ।'ਧਰਮ' ਦਾ ਅਰਥ ਹੈ ਜੀਵਨ ਦੇ ਕਰੱਤਵ ਨੂੰ ਪਾਲਣ ਵਾਲੇ ਤੱਤ। 'ਅਰਥ' ਤੋਂ ਭਾਵ ਹੈ ਜੀਵਨ ਦੇ ਭੌਤਿਕ ਸਾਧਨ। 'ਕਾਮ' ਦਾ ਅਰਥ ਹੈ ਜੀਵਨ ਦੀਆਂ ਜਾਇਜ਼ ਜਾਂ ਉਤਮ ਕਾਮਨਾਵਾਂ "ਮੋਕਸ਼' ਦਾ ਅਰਥ ਹੈ ਸੰਸਾਰਿਕ ਬੰਧਨਾਂ ਤੋਂ ਖਲਾਸੀ। ਇੰਨ੍ਹਾਂ ਵਿਚੋਂ ਪਹਿਲੇ ਤਿੰਨ ਦਾ ਸੰਬੰਧ ਸੰਸਾਰਿਕਤਾ ਨਾਲ ਹੈ ਅਤੇ ਚੌਥੇ ਦਾ ਸੰਬੰਧ ਪਰਮ ਪਦ ਦੀ ਪ੍ਰਾਪਤੀ ਨਾਲ।"[293]

ਦੁਇ ਕਰ ਜੋੜਿ ਕਰੀ ਬੇਨੰਤੀ ਪਾਰਬ੍ਰਹਮੁ ਮਨਿ ਧਿਆਇਆ॥
ਹਾਥੁ ਦੇਇ ਰਾਖੇ ਪਰਮੇਸੁਰਿ ਸਗਲਾ ਦੁਰਤੁ ਮਿਟਾਇਆ॥[294]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 532 ਤੇ ਰਾਗੁ ਦੇਵਗੰਧਾਰੀ ਵਿਚ ਦਰਜ ਹਨ, "ਹੇ ਭਾਈ! ਜਿਨ੍ਹਾਂ ਵਡ-ਭਾਗੀਆਂ ਨੇ ਆਪਣੇ ਦੋਵੇਂ ਹੱਥ ਜੋੜ ਕੇ ਪਰਮਾਤਮਾ ਅੱਗੇ ਅਰਜ਼ੋਈ ਕੀਤੀ, ਪਰਮਾਤਮਾ ਨੂੰ ਆਪਣੇ ਮਨ ਵਿਚ ਆਰਾਧਿਆ, ਪਰਮਾਤਮਾ ਨੇ ਆਪਣਾ ਹੱਥ ਦੇ ਕੇ ਉਹਨਾਂ ਨੂੰ (ਸੰਸਾਰ-ਸਮੁੰਦਰ ਵਿਚ ਡੁੱਬਣੋਂ) ਬਚਾ ਲਿਆ, (ਉਹਨਾਂ ਦਾ ਪਿਛਲਾ

---

[290] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ)*, ਪੰਨਾ 146.
[291] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 531.
[292] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ)*, ਪੰਨਾ 207.
[293] ਡਾ.ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ)*, ਪੰਨਾ 476.
[294] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 532.

ਕੀਤਾ) ਸਾਰਾ ਪਾਪ ਦੂਰ ਕਰ ਦਿੱਤਾ।"[295] ਪਰਮਾਤਮਾ ਸਾਡੇ ਪਿਛਲੇ ਸਾਰੇ ਪਾਪ ਮੁਆਫ ਕਰ ਦਿੰਦਾ ਹੈ ਜੇ ਸੱਚੇ ਦਿਲੋਂ ਦੋਵੇਂ ਹੱਥ ਜੋੜ ਕੇ ਉਸ ਅੱਗੇ ਅਰਦਾਸ ਕਰੀਏ।

### 5.45 ਚਿੰਤਾਵਾਂ ਦੀ ਨਵਿਰਤੀ ਲਈ ਅਰਦਾਸ

ਅਪੁਨੇ ਸਤਿਗੁਰ ਪਹਿ ਬਿਨਉ ਕਹਿਆ॥
ਭਏ ਕ੍ਰਿਪਾਲ ਦਇਆਲ ਦੁਖ ਭੰਜਨ ਮੇਰਾ ਸਗਲ ਅੰਦੇਸਰਾ ਗਇਆ॥[296]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 533 ਤੇ ਰਾਗੁ ਦੇਵਗੰਧਾਰੀ ਵਿਚ ਦਰਜ ਹਨ, "ਹੇ ਭਾਈ! ਜਦੋਂ ਮੈਂ ਆਪਣੇ ਗੁਰੂ ਪਾਸ ਅਰਜ਼ੋਈ ਕਰਨੀ ਸ਼ੁਰੂ ਕੀਤੀ, ਤਾਂ ਦੁੱਖਾਂ ਦੇ ਨਾਸ ਕਰਨ ਵਾਲੇ ਪਿਆਰੇ ਪ੍ਰਭੂ ਜੀ ਮੇਰੇ ਉੱਤੇ ਦਇਆਵਾਨ ਹੋਏ (ਪ੍ਰਭੂ ਜੀ ਦੀ ਕਿਰਪਾ ਨਾਲ) ਮੇਰਾ ਸਾਰਾ ਚਿੰਤਾ-ਫ਼ਿਕਰ ਦੂਰ ਹੋ ਗਿਆ।"[297] ਪਰਮਾਤਮਾ ਦੀ ਕਿਰਪਾ ਨਾਲ ਮਨੁੱਖ ਦੇ ਸਾਰੇ ਦੁਖ ਰੋਗ ਕੱਟੇ ਜਾਂਦੇ ਹਨ ਜੇ ਉਹ ਪੂਰੇ ਗੁਰੂ ਕੋਲ ਹੱਥ ਜੋੜ ਕੇ ਬੇਨਤੀ ਕਰੇ।

ਸੁਨਹੁ ਬੇਨੰਤੀਆ ਸੁਆਮੀ ਮੇਰੇ ਰਾਮ॥
ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ॥
ਦੁਖ ਹਰਨ ਕਿਰਪਾ ਕਰਨ ਮੋਹਨ ਕਲਿ ਕਲੇਸਹ ਭੰਜਨਾ॥
ਸਰਨਿ ਤੇਰੀ ਰਖਿ ਲੇਹੁ ਮੇਰੀ ਸਰਬ ਮੈ ਨਿਰੰਜਨਾ॥
ਸੁਨਤ ਪੇਖਤ ਸੰਗਿ ਸਭ ਕੈ ਪ੍ਰਭ ਨੇਰਹੂ ਤੇ ਨੇਰੇ॥
ਅਰਦਾਸਿ ਨਾਨਕ ਸੁਨਿ ਸੁਆਮੀ ਰਖਿ ਲੇਹੁ ਘਰ ਕੇ ਚੇਰੇ॥[298]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 547 ਤੇ ਰਾਗੁ ਬਿਹਾਗੜਾ ਵਿਚ ਦਰਜ ਹਨ, "ਹੇ ਮੇਰੇ ਮਾਲਕ! ਮੇਰੀ ਬੇਨਤੀ ਸੁਣ। (ਅਸੀ ਜੀਵ) ਕ੍ਰੋੜਾਂ ਪਾਪਾਂ ਨਾਲ ਲਿਬੜੇ ਹੋਏ ਹਾਂ, ਪਰ ਫਿਰ ਭੀ ਤੇਰੇ (ਦਰ ਦੇ) ਦਾਸ ਹਾਂ। ਹੇ ਦੁੱਖਾਂ ਦੇ ਨਾਸ ਕਰਨ ਵਾਲੇ! ਹੇ ਕਿਰਪਾ ਕਰਨ ਵਾਲੇ! ਹੇ ਮੋਹਨ! ਹੇ ਸਾਡੇ ਦੁੱਖ-ਕਲੇਸ਼ ਦੂਰ ਕਰਨ ਵਾਲੇ! ਹੇ ਸਰਬ-ਵਿਆਪਕ! ਹੇ ਨਿਰਲੇਪ ਪ੍ਰਭੂ! ਮੈਂ ਤੇਰੀ ਸਰਨ ਆਇਆ ਹਾਂ, ਮੇਰੀ ਲਾਜ ਰੱਖ ਲੈ। ਹੇ ਪ੍ਰਭੂ! ਤੂੰ ਸਾਡੇ ਅੱਤ ਨੇੜੇ ਵੱਸਦਾ ਹੈਂ, ਤੂੰ ਸਭ ਜੀਵਾਂ ਦੇ ਅੰਗ-ਸੰਗ ਰਹਿੰਦਾ ਹੈਂ, ਤੂੰ ਸਭ ਜੀਵਾਂ ਦੀਆਂ ਅਰਦਾਸਾਂ ਸੁਣਦਾ ਹੈਂ, ਤੂੰ ਸਭ ਜੀਵਾਂ ਦੇ ਕੀਤੇ ਕੰਮ ਵੇਖਦਾ ਹੈਂ। ਹੇ ਮੇਰੇ ਸੁਆਮੀ! ਨਾਨਕ ਦੀ ਬੇਨਤੀ ਸੁਣ। ਮੈਂ ਤੇਰੇ ਘਰ ਦਾ ਗ਼ੁਲਾਮ ਹਾਂ, ਮੇਰੀ ਇੱਜ਼ਤ ਰੱਖ ਲੈ।"[299] ਮਨੁੱਖ ਕਰੋੜਾਂ ਪਾਪਾਂ ਨੂੰ ਕਰਨ ਵਾਲਾ ਹੈ ਪਰੰਤੂ ਜੇ ਗੁਰੂ ਦੀ ਸ਼ਰਨ ਵਿਚ ਰਹੇ ਤਾਂ ਉਹ ਉਸਦੇ ਵਿਕਾਰ ਦੂਰ ਕਰਦਾ ਹੈ। ਇਸ ਲਈ ਗੁਰੂ ਸਾਹਿਬ ਸਾਨੂੰ ਸਮਝਾਉਣ ਲਈ ਮਨੁੱਖ ਰੂਪ ਵਿਚ ਪਰਮਾਤਮਾ ਨੂੰ ਸ਼ਰਨ ਵਿਚ ਰੱਖਣ ਦੀ ਬੇਨਤੀ ਕਰ ਰਹੇ ਹਨ।

---

[295] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ),* ਪੰਨਾ 213.
[296] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 533.
[297] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ)*, ਪੰਨਾ 214.
[298] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 547.
[299] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ)*, ਪੰਨਾ 275.

ਤੂ ਬੇਅੰਤੁ ਕੋ ਵਿਰਲਾ ਜਾਣੈ॥

ਗੁਰਪ੍ਰਸਾਦਿ ਕੋ ਸਬਦਿ ਪਛਾਣੈ॥

ਸੇਵਕ ਕੀ ਅਰਦਾਸਿ ਪਿਆਰੇ॥

ਜਪਿ ਜੀਵਾ ਪ੍ਰਭ ਚਰਣ ਤੁਮਾਰੇ॥[300]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 562 ਤੇ ਰਾਗੁ ਵਡਹੰਸੁ ਵਿਚ ਦਰਜ ਹਨ, "ਹੇ ਪਿਆਰੇ ਪ੍ਰਭੂ! ਮੈਂ ਸੇਵਕ ਦੀ (ਤੇਰੇ ਦਰ ਤੇ) ਅਰਦਾਸ ਹੈ, (ਮੇਹਰ ਕਰ) ਹੇ ਪ੍ਰਭੂ! ਤੇਰੇ ਚਰਨ ਹਿਰਦੇ ਵਿਚ ਵਸਾ ਕੇ ਮੈਂ ਆਤਮਕ ਜੀਵਨ ਪ੍ਰਾਪਤ ਕਰਾਂ।1।ਰਹਾਉ। ਹੇ ਪ੍ਰਭੂ! ਤੇਰੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ, ਕੋਈ ਵਿਰਲਾ ਮਨੁੱਖ ਤੇਰੇ ਨਾਲ ਡੂੰਘੀ ਸਾਂਝ ਪਾਂਦਾ ਹੈ। ਗੁਰੂ ਦੀ ਕਿਰਪਾ ਨਾਲ ਗੁਰੂ ਦੇ ਸ਼ਬਦ ਵਿਚ ਜੁੜ ਕੇ ਕੋਈ ਵਿਰਲਾ ਤੇਰੇ ਨਾਲ ਜਾਣ-ਪਛਾਣ ਪਾਂਦਾ ਹੈ।"[301] ਪਰਮਾਤਮਾ ਦੇ ਗੁਣਾਂ ਦਾ ਥਾਹ ਨਹੀਂ ਪਾਇਆ ਜਾ ਸਕਦਾ, ਕੋਈ ਵਿਰਲਾ ਹੀ ਉਸ ਤੱਕ ਪਹੁੰਚ ਸਥਾਪਿਤ ਕਰਦਾ ਹੈ ਇਸ ਲਈ ਪਰਮਾਤਮਾ ਅੱਗੇ ਅਰਦਾਸ ਹੀ ਕਰਨੀ ਸੋਭਦੀ ਹੈ।

ਤੂ ਏਕੋ ਸਾਹਿਬੁ ਅਵਰੁ ਨ ਹੋਰਿ॥ ਬਿਨਉ ਕਰੈ ਨਾਨਕੁ ਕਰ ਜੋਰਿ॥[302]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 563 ਤੇ ਰਾਗੁ ਵਡਹੰਸੁ ਵਿਚ ਦਰਜ ਹਨ, "ਹੇ ਪ੍ਰਭੂ! ਤੂੰ ਹੀ ਇਕ ਮਾਲਕ ਹੈਂ, ਹੋਰ ਅਨੇਕਾਂ ਜੀਵ (ਤੇਰੇ ਬਣਾਏ ਹੋਏ ਹਨ, ਇਹਨਾਂ ਵਿਚੋਂ) ਕੋਈ ਭੀ (ਤੇਰੇ ਵਰਗਾ) ਨਹੀਂ। ਨਾਨਕ (ਤੇਰੇ ਅੱਗੇ ਹੀ) ਹੱਥ ਜੋੜ ਕੇ ਬੇਨਤੀ ਕਰਦਾ ਹੈ।"[303] ਪਰਮਾਤਮਾ ਦੀ ਏਕਤਾ ਦੀ ਗਵਾਹੀ ਭਰਦਿਆਂ ਗੁਰੂ ਸਾਹਿਬ ਕਹਿ ਰਹੇ ਹਨ ਕਿ ਤੇਰੇ ਬਿਨਾਂ ਦੂਜਾ ਕੋਈ ਹੋਰ ਨਹੀਂ ਇਸ ਲਈ ਅਰਦਾਸ ਕਰਨ ਦੇ ਲਾਇਕ ਤੂੰ ਹੀ ਹੈ।

ਸੁਣਿ ਬੇਨੰਤੀ ਸੁਆਮੀ ਅਪੁਨੇ ਨਾਨਕੁ ਇਹੁ ਸੁਖੁ ਮਾਗੈ॥

ਜਹ ਕੀਰਤਨੁ ਤੇਰਾ ਸਾਧੂ ਗਾਵਹਿ ਤਹ ਮੇਰਾ ਮਨੁ ਲਾਗੈ॥[304]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 610 ਤੇ ਰਾਗੁ ਸੋਰਠਿ ਵਿਚ ਦਰਜ ਹਨ, "ਹੇ ਮੇਰੇ ਮਾਲਕ! (ਮੇਰੀ) ਬੇਨਤੀ ਸੁਣ (ਤੇਰਾ ਦਾਸ) ਨਾਨਕ (ਤੇਰੇ ਦਰ ਤੋਂ) ਇਹ ਸੁਖ ਮੰਗਦਾ ਹੈ (ਕਿ) ਜਿੱਥੇ ਸੰਤ ਜਨ ਤੇਰੀ ਸਿਫ਼ਤਿ-ਸਾਲਾਹ ਦਾ ਗੀਤ ਗਾਂਦੇ ਹੋਣ, ਉੱਥੇ ਮੇਰਾ ਮਨ ਪਰਚਿਆ ਰਹੇ।"[305] ਧਾਰਮਿਕ ਲੋਕਾਂ ਦੀ ਇਹੋ ਮੰਗ ਹੁੰਦੀ ਹੈ ਕਿ ਜਿਥੇ ਪਰਮਾਤਮਾ ਦਾ ਨਾਮ ਲਿਆ ਜਾਵੇ ਉੱਥੇ ਉਹਨਾਂ ਦਾ ਮਨ ਟਿਕੇ ਇਹਨਾ ਪੰਕਤੀਆਂ ਵਿਚ ਵੀ ਇਹੋ ਅਰਦਾਸ ਕੀਤੀ ਗਈ ਹੈ।

---

[300] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 562.

[301] ਪ੍ਰੋ. ਸਾਹਿਬ ਸਿੰਘ,*ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ)*, ਪੰਨਾ 345.

[302] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 563.

[303] ਪ੍ਰੋ. ਸਾਹਿਬ ਸਿੰਘ,*ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ)*, ਪੰਨਾ 350.

[304] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 610.

[305] ਪ੍ਰੋ. ਸਾਹਿਬ ਸਿੰਘ,*ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ)*, ਪੰਨਾ 564.

ਪ੍ਰਭ ਕਰਣ ਕਾਰਣ ਸਮਰਥਾ ਰਾਮ॥

ਰਖੁ ਜਗਤੁ ਸਗਲ ਦੇ ਹਥਾ ਰਾਮ॥

ਸਮਰਥ ਸਰਣਾ ਜੋਗੁ ਸੁਆਮੀ ਕ੍ਰਿਪਾ ਨਿਧਿ ਸੁਖਦਾਤਾ॥

ਹੰਉ ਕੁਰਬਾਣੀ ਦਾਸ ਤੇਰੇ ਜਿਨੀ ਏਕੁ ਪਛਾਤਾ॥

ਵਰਨੁ ਚਿਹਨੁ ਨ ਜਾਇ ਲਖਿਆ ਕਥਨ ਤੇ ਅਕਥਾ॥

ਬਿਨਵੰਤਿ ਨਾਨਕ ਸੁਣਹੁ ਬਿਨਤੀ ਪ੍ਰਭ ਕਰਣ ਕਾਰਣ ਸਮਰਥਾ॥ [306]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 578 ਤੇ ਰਾਗੁ ਵਡਹੰਸੁ ਵਿਚ ਦਰਜ ਹਨ, "ਹੇ ਜਗਤ ਦੇ ਮੂਲ ਪ੍ਰਭੂ! ਹੇ ਸਭ ਤਾਕਤਾਂ ਦੇ ਮਾਲਕ! (ਆਪਣਾ) ਹੱਥ ਦੇ ਕੇ ਸਾਰੇ ਜਗਤ ਦੀ ਰੱਖਿਆ ਕਰ। ਹੇ ਸਭ-ਤਾਕਤਾਂ ਦੇ ਮਾਲਕ! ਹੇ ਸਰਨ ਪਏ ਦੀ ਸਹਾਇਤਾ ਕਰ ਸਕਣ ਵਾਲੇ ਮਾਲਕ! ਹੇ ਕਿਰਪਾ ਦੇ ਖ਼ਜ਼ਾਨੇ! ਹੇ ਸੁਖਦਾਤੇ! ਮੈਂ ਤੇਰੇ ਉਹਨਾਂ ਸੇਵਕਾਂ ਤੋਂ ਸਦਕੇ ਜਾਂਦਾ ਹਾਂ ਜਿਨ੍ਹਾਂ ਨੇ ਤੇਰੇ ਨਾਲ ਸਾਂਝ ਪਾਈ ਹੈ। ਹੇ ਪ੍ਰਭੂ! ਤੇਰਾ ਕੋਈ ਰੰਗ ਤੇਰਾ ਕੋਈ ਨਿਸ਼ਾਨ ਦੱਸਿਆ ਨਹੀਂ ਜਾ ਸਕਦਾ, ਤੇਰਾ ਸਰੂਪ ਬਿਆਨ ਤੋਂ ਬਾਹਰ ਹੈ। ਨਾਨਕ ਬੇਨਤੀ ਕਰਦਾ ਹੈ—ਹੇ ਪ੍ਰਭੂ! ਹੇ ਜਗਤ ਦੇ ਮੂਲ! ਹੇ ਸਭ ਤਾਕਤਾਂ ਦੇ ਮਾਲਕ! ਮੇਰੀ ਬੇਨਤੀ ਸੁਣ।"[307] ਇਸ ਅਰਦਾਸ ਵਿਚ ਬੇਨਤੀ ਸੁਣਨ ਦੀ ਅਰਦਾਸ ਕੀਤੀ ਗਈ ਹੈ। ਪਰਮਾਤਮਾ ਨੂੰ ਹੀ ਸਭ ਤਾਕਤਾਂ ਦਾ ਮਾਲਕ ਮੰਨਿਆ ਗਿਆ ਹੈ ਅਤੇ ਉਸਦਾ ਸਰੂਪ ਬਿਆਨ ਤੋਂ ਬਾਹਰਾ ਹੈ।

ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ॥

ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ॥[308]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 611 ਤੇ ਰਾਗੁ ਸੋਰਠਿ ਵਿਚ ਦਰਜ ਹਨ, "ਹੇ ਭਾਈ! (ਜਿਸ ਭੀ ਮਨੁੱਖ ਨੇ ਗੁਰੂ ਦੇ ਸ਼ਬਦ ਦਾ ਆਸਰਾ ਲੈ ਕੇ ਪ੍ਰਭੂ ਦਾ ਨਾਮ ਜਪਿਆ) ਮੇਰੇ ਮਾਲਕ ਨੇ ਉਸ ਦੀ ਅਰਦਾਸਿ ਸੁਣ ਲਈ, (ਕ੍ਰੋੜਾਂ ਵਿਘਨਾਂ ਦਾ ਟਾਕਰਾ ਕਰਨ ਲਈ ਉਸ ਦੇ ਅੰਦਰ) ਪੂਰੀ ਤਾਕਤ ਪੈਦਾ ਹੋ ਜਾਂਦੀ ਹੈ। ਹੇ ਨਾਨਕ! ਗੁਰੂ ਦੀ ਇਹ ਅਜ਼ਮਤ ਸਾਰੇ ਜੁਗਾਂ ਵਿਚ ਹੀ ਪਰਤੱਖ ਉੱਘੜ ਰਹਿੰਦੀ ਹੈ।"[309] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਮਨੁੱਖ ਨੂੰ ਪਰਮਾਤਮਾ ਦੇ ਘਰ ਤੱਕ ਪਹੁੰਚਣ ਦਾ ਜ਼ਰੀਆ ਨਾਮ ਹੀ ਦੱਸਦੀ ਹੈ। ਸੋ ਨਾਮ ਵੱਲ ਲਿਜਾਣ ਵਾਲਾ ਕੇਵਲ ਗੁਰੂ ਹੀ ਹੈ। ਸਿੱਖ ਧਰਮ ਵਿਚ ਹੀ ਨਹੀਂ, ਭਾਰਤੀ ਧਰਮਾਂ ਵਿਚ ਗੁਰੂ ਦੀ ਵਡਿਆਈ ਮਿਲਦੀ ਹੈ। ਭਾਰਤੀ ਪਰੰਪਰਾ ਵਿਚ ਤਾਂ ਦੁਨਿਆਵੀ ਗੁਰੂ ਦੇ ਕਹਿਣ ਤੇ ਹੀ ਸਭ ਕੁਝ ਨਿਛਾਵਰ ਕਰ ਦਿੱਤਾ ਜਾਂਦਾ ਹੈ ਇੱਥੇ ਤਾਂ ਅਧਿਆਤਮਿਕ ਗੁਰੂ ਦੀ ਗੱਲ ਕੀਤੀ ਜਾ ਰਹੀ ਹੈ।

[306] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 578.
[307] ਪ੍ਰੋ. ਸਾਹਿਬ ਸਿੰਘ,*ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ),* ਪੰਨਾ 416-17.
[308] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 611.
[309] ਪ੍ਰੋ.ਸਾਹਿਬ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ), ਪੰਨਾ 571-72.

ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ॥

ਕਰਉ ਬੇਨਤੀ ਸਤਿਗੁਰ ਅਪੁਨੇ ਮੈ ਮੂਰਖ ਦੇਹੁ ਉਪਦੇਸੋ ਰੇ॥[310]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 612 ਤੇ ਰਾਗੁ ਸੋਰਠਿ ਵਿਚ ਦਰਜ ਹਨ, "ਹੇ ਭਾਈ! ਪਰਮਾਤਮਾ ਦੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ, ਪਰ ਮੈਂ ਉਸ ਦੇ ਗੁਣਾਂ ਨੂੰ ਹੱਦ-ਬੰਦੀ ਵਿਚ ਲਿਆ ਕੇ ਬਿਆਨ ਕਰਦਾ ਹਾਂ। ਮੈਂ ਕੀਹ ਜਾਣ ਸਕਦਾ ਹਾਂ ਕਿ ਉਹ ਪਰਮਾਤਮਾ ਕਿਹੋ ਜਿਹਾ ਹੈ? ਹੇ ਭਾਈ! ਮੈਂ ਆਪਣੇ ਗੁਰੂ ਦੇ ਪਾਸ ਬੇਨਤੀ ਕਰਦਾ ਹਾਂ ਕਿ ਮੈਨੂੰ ਮੂਰਖ ਨੂੰ ਸਿੱਖਿਆ ਦੇਵੇ।"[311] ਪਰਮਾਤਮਾ ਬੇਅੰਤ ਹੈ ਉਸ ਦੇ ਗੁਣਾਂ ਦਾ ਵਰਣਨ ਨਹੀਂ ਕੀਤਾ ਜਾ ਸਕਦਾ। ਇਸ ਲਈ ਉਸ ਅੱਗੇ ਉਪਦੇਸ਼ ਦੇਣ ਦੀ ਬੇਨਤੀ ਕਰਨੀ ਹੀ ਸੋਭਦੀ ਹੈ।

ਜੋਇ ਦੂਤ ਮੋਹਿ ਬਹੁਤੁ ਸੰਤਾਵਤ ਤੇ ਭਇਆਨਕ ਭਇਆ॥

ਕਰਹਿ ਬੇਨਤੀ ਰਾਖੁ ਠਾਕੁਰ ਤੇ ਹਮ ਤੇਰੀ ਸਰਨਇਆ॥[312]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 612 ਤੇ ਰਾਗੁ ਸੋਰਠਿ ਵਿਚ ਦਰਜ ਹਨ, "ਹੇ ਭਾਈ! ਜੇਹੜੇ (ਕਾਮਾਦਿਕ) ਵੈਰੀ ਮੈਨੂੰ ਬਹੁਤ ਸਤਾਇਆ ਕਰਦੇ ਸਨ, ਉਹ ਹੁਣ (ਮੇਰੇ ਨੇੜੇ ਢੁਕਣੋਂ) ਡਰਦੇ ਹਨ, ਉਹ ਸਗੋਂ ਤਰਲੇ ਕਰਦੇ ਹਨ ਕਿ ਅਸੀ ਹੁਣ ਤੇਰੇ ਅਧੀਨ ਹੋ ਕੇ ਰਹਾਂਗੇ, ਸਾਨੂੰ ਮਾਲਕ-ਪ੍ਰਭੂ (ਦੀ ਕ੍ਰੋਪੀ) ਤੋਂ ਬਚਾ ਲੈ।"[313] ਇਸ ਅਰਦਾਸ ਵਿਚ ਗੁਰੂ ਸਾਹਿਬ ਦੱਸ ਰਹੇ ਹਨ ਕਿ ਪਰਮਾਤਮਾ ਦੀ ਕਿਰਪਾ ਨਾਲ ਜਿਹੜੇ ਰੋਗ ਮੈਨੂੰ ਸਤਾਉਂਦੇ ਸਨ ਉਹ ਹੁਣ ਮੈਥੋਂ ਡਰਦੇ ਹਨ ਅਤੇ ਮੈਨੂੰ ਪਰਮਾਤਮਾ ਤੋਂ ਆਪਣੇ ਆਪ ਨੂੰ ਬਚਾਉਣ ਲਈ ਕਹਿੰਦੇ ਹਨ।

ਸਾਦ ਬਿਕਾਰ ਬਿਖੈ ਰਸ ਮਾਤੋ ਅਸੰਖ ਖਤੇ ਕਰਿ ਫੇਰੇ॥

ਨਾਨਕ ਕੀ ਪ੍ਰਭ ਪਾਹਿ ਬਿਨੰਤੀ ਕਾਟਹੁ ਅਵਗੁਣ ਮੇਰੇ॥[314]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 615 ਤੇ ਰਾਗੁ ਸੋਰਠਿ ਵਿਚ ਦਰਜ ਹਨ, "ਹੇ ਭਾਈ! ਮਾਇਆ-ਵੇੜ੍ਹਿਆ ਮਨੁੱਖ ਚਸਕਿਆਂ ਵਿਚ ਵਿਕਾਰਾਂ ਵਿਚ ਪਦਾਰਥਾਂ ਦੇ ਸੁਆਦਾਂ ਵਿਚ ਮਸਤ ਰਹਿੰਦਾ ਹੈ, ਬੇਅੰਤ ਪਾਪ ਕਰ ਕਰ ਕੇ ਜਨਮ ਮਰਨ ਦੇ ਗੇੜਾਂ ਵਿਚ ਪਿਆ ਰਹਿੰਦਾ ਹੈ। ਹੇ ਭਾਈ! ਨਾਨਕ ਦੀ ਅਰਜ਼ੋਈ ਤਾਂ ਪ੍ਰਭੂ ਪਾਸ ਹੀ ਹੈ (ਨਾਨਕ ਪ੍ਰਭੂ ਨੂੰ ਹੀ ਆਖਦਾ ਹੈ—ਹੇ ਪ੍ਰਭੂ!) ਮੇਰੇ ਔਗੁਣ ਕੱਟ ਦੇਹ।"[315] ਸੋਰਠਿ ਰਾਗੁ ਵਿੱਚ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਨੁੱਖੀ ਮਨ ਦੀ ਅਵਸਥਾ ਰਾਹੀਂ ਅਕਾਲ ਪੁਰਖ ਅੱਗੇ ਔਗੁਣਾਂ ਨੂੰ ਕੱਟਣ ਦੀ ਬੇਨਤੀ ਕਰ ਰਹੇ ਹਨ।

---

[310] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 612.
[311] ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ), ਪੰਨਾ 574.
[312] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 612.
[313] ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ), ਪੰਨਾ 576.
[314] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 615.
[315] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ)*, ਪੰਨਾ 588.

ਹਰਿ ਜੀਉ ਤੂ ਸੁਖ ਸੰਪਤਿ ਰਾਸਿ॥

ਰਾਖਿ ਲੈਹੁ ਭਾਈ ਮੇਰੇ ਕਉ ਪ੍ਰਭ ਆਗੈ ਅਰਦਾਸਿ॥[316]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 619 ਤੇ ਰਾਗੁ ਸੋਰਠਿ ਵਿਚ ਦਰਜ ਹਨ, "ਹੇ ਪ੍ਰਭੂ ਜੀ! ਤੂੰ ਹੀ ਮੈਨੂੰ ਆਤਮਕ ਆਨੰਦ ਦਾ ਧਨ-ਸਰਮਾਇਆ ਦੇਣ ਵਾਲਾ ਹੈਂ। ਹੇ ਪ੍ਰਭੂ! ਮੈਨੂੰ (ਕਲੇਸ਼ਾਂ ਅੰਦੇਸਿਆਂ ਤੋਂ) ਬਚਾ ਲੈ। ਹੇ ਪ੍ਰਭੂ! ਮੇਰੀ ਤੇਰੇ ਅੱਗੇ ਹੀ ਅਰਜ਼ੋਈ ਹੈ।"[317] ਇਸ ਅਰਦਾਸ ਵਿਚ ਪਰਮਾਤਮਾ ਤੋਂ ਦੱਖਾਂ-ਕਲੇਸ਼ਾਂ ਦੇ ਨਾਸ਼ ਕਰਨ ਦੀ ਮੰਗ ਕੀਤੀ ਗਈ ਹੈ।

### 5.46 ਸਦੀਵੀਂ ਸੁਖ ਲਈ ਅਰਦਾਸ

**ਸੋਰਠਿ ਮਹਲਾ 5**

ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰੁ ਆਪੇ ਸੁਣੈ ਬੇਨੰਤੀ॥

ਪੂਰਾ ਸਤਗੁਰੁ ਮੇਲਿ ਮਿਲਾਵੈ ਸਭ ਚੂਕੈ ਮਨ ਕੀ ਚਿੰਤੀ॥

ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ ਜਨ ਨਾਨਕ ਸੁਖਿ ਵਸੰਤੀ॥[318]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 625 ਤੇ ਰਾਗੁ ਸੋਰਠਿ ਵਿਚ ਦਰਜ ਹਨ, "ਹੇ ਭਾਈ! ਮਾਲਕ-ਪ੍ਰਭੂ ਦਇਆਵਾਨ ਹੋ ਕੇ ਕਿਰਪਾਲ ਹੋ ਕੇ ਆਪ ਹੀ (ਜਿਸ ਮਨੁੱਖ ਦੀ) ਬੇਨਤੀ ਸੁਣ ਲੈਂਦਾ ਹੈ, ਉਸ ਨੂੰ ਪੂਰਾ ਗੁਰੂ ਮੇਲ ਦੇਂਦਾ ਹੈ ਮਿਲਾ ਦੇਂਦਾ ਹੈ (ਇਸ ਤਰ੍ਹਾਂ, ਉਸ ਮਨੁੱਖ ਦੇ) ਮਨ ਦੀ ਹਰੇਕ ਚਿੰਤਾ ਮੁੱਕ ਜਾਂਦੀ ਹੈ।ਹੇ ਦਾਸ ਨਾਨਕ! (ਆਖ—ਗੁਰੂ ਜਿਸ ਮਨੁੱਖ ਦੇ) ਮੂੰਹ ਵਿਚ ਪਰਮਾਤਮਾ ਦਾ ਨਾਮ-ਦਵਾਈ ਪਾ ਦੇਂਦਾ ਹੈ, ਉਹ ਮਨੁੱਖ ਆਤਮਕ ਆਨੰਦ ਵਿਚ ਜੀਵਨ ਬਿਤੀਤ ਕਰਦਾ ਹੈ।"[319] ਪਰਮਾਤਮਾ ਦੀ ਕਿਰਪਾ ਨਾਲ ਮਨੁੱਖ ਦੇ ਸਾਰੇ ਦੁਖ ਦੂਰ ਹੋ ਜਾਂਦੇ ਹਨ। ਪਰੰਤੂ ਸ਼ਰਤ ਇਹ ਹੈ ਕਿ ਕਿਰਪਾਲ ਹੋ ਕੇ ਉਸਦੀ ਬੇਨਤੀ ਸੁਣੇ ਤਾਂ ਅਜਿਹਾ ਹੁੰਦਾ ਹੈ।

ਸਦਾ ਸਦਾ ਹਰਿ ਜਾਪੇ॥ ਪ੍ਰਭ ਬਾਲਕ ਰਾਖੇ ਆਪੇ॥

ਸੀਤਲਾ ਠਾਕਿ ਰਹਾਈ॥ ਬਿਘਨ ਗਏ ਹਰਿ ਨਾਈ॥1॥

ਮੇਰਾ ਪ੍ਰਭੁ ਹੋਆ ਸਦਾ ਦਇਆਲਾ॥

ਅਰਦਾਸਿ ਸੁਣੀ ਭਗਤ ਅਪੁਨੇ ਕੀ ਸਭ ਜੀਅ ਭਇਆ ਕਿਰਪਾਲਾ॥ ਰਹਾਉ॥

ਪ੍ਰਭ ਕਰਣ ਕਾਰਣ ਸਮਰਾਥਾ॥ ਹਰਿ ਸਿਮਰਤ ਸਭੁ ਦੁਖੁ ਲਾਥਾ॥

ਅਪਣੇ ਦਾਸ ਕੀ ਸੁਣੀ ਬੇਨੰਤੀ॥ ਸਭ ਨਾਨਕ ਸੁਖਿ ਸਵੰਤੀ॥[320]

ਸ੍ਰੀ ਗੁਰੂ ਅਰਜਨ ਦੇਵ ਜੀ ਰਚਿਤ ਇਹ ਸ਼ਬਦ ਸੋਰਠਿ ਰਾਗੁ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ

---

[316] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 619.

[317] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ)*, ਪੰਨਾ 609.

[318] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 625.

[319] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ)*, ਪੰਨਾ 635-36.

[320] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 648.

ਪੰਨਾ 648 ਤੇ ਦਰਜ ਹੈ। ਇਸ ਸ਼ਬਦ ਵਿਚ ਅਰਦਾਸ ਅਤੇ ਬੇਨੰਤੀ ਦੋਵੇਂ ਸ਼ਬਦ ਵਰਤੇ ਗਏ ਹਨ।"ਹੇ ਭਾਈ! ਮੇਰਾ ਪ੍ਰਭੂ ਸਦਾ ਹੀ ਦਇਆਵਾਨ ਰਹਿੰਦਾ ਹੈ। ਸਾਰੇ ਹੀ ਜੀਵਾਂ ਉੱਤੇ ਦਇਆਵਾਨ ਰਹਿੰਦਾ ਹੈ। ਉਹ ਆਪਣੇ ਭਗਤ ਦੀ ਅਰਜ਼ੋਈ (ਸਦਾ) ਸੁਣਦਾ ਹੈ।ਰਹਾਉ। ਹੇ ਭਾਈ! ਸਦਾ ਹੀ (ਸਿਰਫ਼) ਪਰਮਾਤਮਾ ਦਾ ਨਾਮ ਜਪਿਆ ਕਰੋ। ਪ੍ਰਭੂ ਜੀ ਆਪ ਹੀ ਬਾਲਕਾਂ ਦੇ ਰਾਖੇ ਹਨ। (ਬਾਲਕ ਹਰਗੋਬਿੰਦ ਤੋਂ ਪ੍ਰਭੂ ਨੇ ਆਪ ਹੀ) ਸੀਤਲਾ (ਚੇਚਕ) ਰੋਕ ਲਈ ਹੈ। ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੀ ਬਰਕਤਿ ਨਾਲ ਖ਼ਤਰੇ ਦੂਰ ਹੋ ਗਏ ਹਨ।ਹੇ ਭਾਈ! ਪ੍ਰਭੂ ਜਗਤ ਦਾ ਮੂਲ ਹੈ, ਤੇ, ਸਭ ਤਾਕਤਾਂ ਦਾ ਮਾਲਕ ਹੈ। ਪ੍ਰਭੂ ਦਾ ਨਾਮ ਸਿਮਰਿਆਂ ਹਰੇਕ ਦੁੱਖ ਦੂਰ ਹੋ ਜਾਂਦਾ ਹੈ। ਹੇ ਨਾਨਕ! ਪ੍ਰਭੂ ਨੇ (ਸਦਾ ਹੀ) ਆਪਣੇ ਸੇਵਕ ਦੀ ਬੇਨਤੀ ਸੁਣ ਲਈ ਹੈ (ਪ੍ਰਭੂ ਦੀ ਮੇਹਰ ਨਾਲ ਹੀ) ਸਾਰੀ ਲੁਕਾਈ ਸੁਖੀ ਵੱਸਦੀ ਹੈ।"[321]

ਸਿੱਖ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਬਾਲਕ ਹਰਗੋਬਿੰਦ ਨੂੰ ਚੇਚਕ ਦਾ ਰੋਗ ਲੱਗ ਗਿਆ ਸੀ ਅਤੇ ਜਿਸਤੋਂ ਉਹਨਾਂ ਦੀ ਰੱਖਿਆ ਅਕਾਲ ਪੁਰਖ ਨੇ ਕੀਤੀ ਸੀ ਅਤੇ ਇਸ ਸੰਬੰਧ ਵਿਚ ਗੁਰੂ ਅਰਜਨ ਦੇਵ ਜੀ ਨੇ ਅਕਾਲ ਪੁਰਖ ਦੇ ਸ਼ੁਕਰਾਨੇ ਵਿਚ ਉਪਰੋਕਤ ਸ਼ਬਦ ਉਚਾਰਿਆ ਸੀ, ਗੁਰੂ ਸਾਹਿਬ ਨੇ ਉਸ ਸਮੇਂ ਪ੍ਰਚਲਿਤ ਹਿੰਦੂ ਧਰਮ ਵਾਂਗ ਸੀਤਲਾ ਦੇਵੀ ਦੀ ਪੂਜਾ ਕਰਨ ਦੀ ਥਾਂ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਸੀ ਅਤੇ ਬਚਾਅ ਤੋ ਬਾਅਦ ਇਹ ਸ਼ੁਕਰਾਨੇ ਦਾ ਸ਼ਬਦ ਉਚਾਰਿਆ ਸੀ।

ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਵਿਚ ਸੀਤਲਾ ਦੇ ਅਰਥ ਇਸ ਪ੍ਰਕਾਰ ਕੀਤੇ ਹਨ, "ਹਿੰਦੂਮਤ ਵਿਚ ਚੇਚਕ ਦੀ ਦੇਵੀ ਮੰਨੀ ਹੈ, ਜਿਸਦਾ ਰੂਪ ਹੈ- ਸੁਨਹਿਰੀ ਰੰਗ, ਖੋਤੇ ਤੇ ਸਵਾਰ, ਹੱਥ ਵਿਚ ਝਾੜੂ, ਮੱਥੇ ਉਪਰ ਛੱਜ ਅਤੇ ਲਾਲ ਰੰਗ ਦਾ ਵਸਤ੍ਰ.

ਜਦ ਚੇਚਕ ਬਾਲਕਾਂ ਨੂੰ ਨਿਕਲਦੀ ਹੈ ਤਾਂ ਉਸਦੇ ਬੁਰੇ ਅਸਰ ਤੋਂ ਬਚਣ ਲਈ ਸੀਤਲਾ ਪੂਜੀ ਜਾਂਦੀ ਹੈ, ਖੋਤੇ ਨੂੰ ਦਾਣਾ ਚਾਰਦੇ ਹਨ ਅਤੇ ਰੋਗੀ ਨੂੰ ਮਾਤਾ ਰਾਣੀ ਦਾ ਖੋਤਾ ਆਖਦੇ ਹਨ। ਸੀਤਲਾ ਦਾ ਨਾਂ "ਮਸਾਣੀ" ਦੇਵੀ ਹੈ ਇਸਦੇ ਪੂਜਨ ਦਾ ਖਾਸ ਦਿਨ ਚੇਤ ਬਦੀ 8 ਹੈ।

ਮਸੂਰਿਕਾ ਫਾ. ਜੁਦਰੀ. ਅੰ Small Pox, ਚੇਚਕ, ਇਸ ਦਾ ਕਾਰਣ ਇਕ ਪ੍ਰਕਾਰ ਦੇ ਅਣੂਕੀਟ (Germs) ਹਨ, ਜੋ ਸਰੀਰ ਅੰਦਰ ਫੈਲ ਕੇ ਤੇਜ਼ ਤਾਪ ਕਰਦੇ ਹਨ ਅਤੇ ਚੇਚਕ ਦੇ ਦਾਣੇ ਉਭਾਰਦੇ ਹਨ, ਤਾਪ ਹੋਣ 'ਤੇ ਤੀਜੇ ਦਿਨ ਦਾਣੇ ਨਿਕਲਣ ਲੱਗ ਪੈਂਦੇ ਹਨ, ਫੇਰ ਇੰਨ੍ਹਾਂ ਵਿਚ ਰਤੂਬਤ ਭਰਕੇ ਪੀਪ ਬਣ ਜਾਂਦੀ ਹੈ, ਦਸਵੇਂ ਦਿਨ ਦਾਣੇ ਮੁਰਝਾਕੇ ਵੀਹਵੇਂ ਦਿਨ ਖਰੀਂਢ ਉਤਰ ਜਾਂਦੇ ਹਨ।"[322]

ਤਿਸਹਿ ਪਰਾਪਤਿ ਜਿਸੁ ਧੁਰਿ ਲਿਖਿਆ ਸੋਈ ਪੂਰਨੁ ਭਾਈ॥
ਨਾਨਕ ਕੀ ਬੇਨੰਤੀ ਪ੍ਰਭ ਜੀ ਨਾਮਿ ਰਹਾ ਲਿਵ ਲਾਈ॥[323]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 630 ਤੇ ਰਾਗੁ ਸੋਰਠਿ ਵਿਚ ਦਰਜ ਹਨ, "ਪਰ, ਹੇ ਭਾਈ! (ਇਹ ਨਾਮ ਦੀ ਦਾਤਿ ਗੁਰੂ ਦੇ ਦਰ ਤੋਂ) ਉਸ ਮਨੁੱਖ ਨੂੰ ਹੀ ਮਿਲਦੀ ਹੈ ਜਿਸ ਦੀ ਕਿਸਮਤਿ ਵਿਚ ਪਰਮਾਤਮਾ ਦੀ ਹਜ਼ੂਰੀ ਤੋਂ ਇਸ ਦੀ ਪ੍ਰਾਪਤੀ

---

[321] ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ), ਪੰਨਾ 648.
[322] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼*, ਪੰਨਾ 203.
[323] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 630.

ਲਿਖੀ ਹੁੰਦੀ ਹੈ। ਉਹ ਮਨੁੱਖ ਸਾਰੇ ਗੁਣਾਂ ਵਾਲਾ ਹੋ ਜਾਂਦਾ ਹੈ। ਹੇ ਪ੍ਰਭੂ ਜੀ! (ਤੇਰੇ ਦਾਸ) ਨਾਨਕ ਦੀ (ਭੀ ਤੇਰੇ ਦਰ ਤੇ ਇਹ) ਬੇਨਤੀ ਹੈ—ਮੈਂ ਤੇਰੇ ਨਾਮ ਵਿਚ ਸੁਰਤਿ ਜੋੜੀ ਰੱਖਾਂ।"[324] ਇਸ ਅਰਦਾਸ ਵਿਚ ਨਾਮ ਵਿਚ ਜੁੜੇ ਰਹਿਣ ਦੀ ਦਾਤ ਮੰਗੀ ਹੈ ਅਤੇ ਇਹ ਵੀ ਦੱਸਿਆ ਗਿਆ ਹੈ ਕਿ ਇਹ ਮਿਲਦੀ ਵੀ ਉਸਨੂੰ ਹੈ ਜਿਸਨੂੰ ਪਰਮਾਤਮਾ ਧੁਰੋਂ ਬਖਸ਼ਦਾ ਹੈ।

ਸੁਨਹੁ ਬਿਨੰਤੀ ਠਾਕੁਰ ਮੇਰੇ ਜੀਅ ਜੰਤ ਤੇਰੇ ਧਾਰੇ॥
ਰਾਖੁ ਪੈਜ ਨਾਮ ਅਪੁਨੇ ਕੀ ਕਰਨ ਕਰਾਵਨਹਾਰੇ॥[325]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 631 ਤੇ ਰਾਗੁ ਸੋਰਠਿ ਵਿਚ ਦਰਜ ਹਨ, "ਹੇ ਪਿਆਰੇ ਪ੍ਰਭੂ ਜੀ! (ਤੂੰ ਸਾਡਾ ਖਸਮ ਹੈਂ) ਖਸਮ ਵਾਲਾ ਫ਼ਰਜ਼ ਪੂਰਾ ਕਰ। (ਚਾਹੇ ਅਸੀ) ਭੈੜੇ ਹਾਂ (ਚਾਹੇ ਅਸੀ) ਚੰਗੇ ਹਾਂ, ਅਸੀ ਤੇਰੇ ਹੀ ਹਾਂ (ਸਾਡੇ ਵਿਕਾਰਾਂ ਦੇ ਬੰਧਨ ਕੱਟ ਦੇ)।ਰਹਾਉ। ਹੇ ਮੇਰੇ ਠਾਕੁਰ! ਹੇ ਸਭ ਕੁਝ ਕਰ ਸਕਣ ਤੇ ਕਰਾ ਸਕਣ ਵਾਲੇ ਪ੍ਰਭੂ! (ਮੇਰੀ) ਬੇਨਤੀ ਸੁਣ। ਸਾਰੇ ਨਿੱਕੇ ਵੱਡੇ ਜੀਵ ਤੇਰੇ ਹੀ ਆਸਰੇ ਹਨ (ਤੇਰਾ ਨਾਮ ਹੈ 'ਸ਼ਰਨ-ਜੋਗ'। ਅਸੀ ਜੀਵ ਤੇਰੇ ਹੀ ਆਸਰੇ ਹਾਂ) ਤੂੰ ਆਪਣੇ (ਇਸ) ਨਾਮ ਦੀ ਲਾਜ ਰੱਖ (ਤੇ, ਸਾਡੇ ਮਾਇਆ ਦੇ ਬੰਧਨ ਕੱਟ)।"[326] ਇਸ ਅਰਦਾਸ ਵਿਚ ਪਰਮਾਤਮਾ ਨੂੰ ਮਾਲਕ ਦਾ ਫਰਜ਼ ਪੂਰਾ ਕਰਨ ਲਈ ਕਿਹਾ ਗਿਆ ਹੈ ਭਾਵੇ ਵਿਕਾਰਾਂ ਨੂੰ ਖਤਮ ਕਰੇ ਅਤੇ ਆਪਣੇ ਨਾਮ ਦੀ ਲਾਜ ਰੱਖੇ।

ਦੁਇ ਕਰ ਜੋੜਿ ਕਰੀ ਅਰਦਾਸਿ॥ ਚਰਨ ਪਖਾਰਿ ਕਹਾਂ ਗੁਣਤਾਸ॥
ਪ੍ਰਭ ਦਇਆਲ ਕਿਰਪਾਲ ਹਜੂਰਿ॥ ਨਾਨਕੁ ਜੀਵੈ ਸੰਤਾ ਧੂਰਿ॥[327]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 625 ਤੇ ਰਾਗੁ ਸੋਰਠਿ ਵਿਚ ਦਰਜ ਹਨ, "ਹੇ ਭਾਈ! ਮੈਂ ਆਪਣੇ ਦੋਵੇਂ ਹੱਥ ਜੋੜ ਕੇ ਅਰਦਾਸ ਕਰਦਾ ਹਾਂ ਕਿ ਮੈਂ ਸੰਤ ਜਨਾਂ ਦੇ ਚਰਨ ਧੋ ਕੇ ਗੁਣਾਂ ਦੇ ਖ਼ਜ਼ਾਨੇ ਪਰਮਾਤਮਾ ਦਾ ਨਾਮ ਉਚਾਰਦਾ ਰਹਾਂ। ਹੇ ਭਾਈ! ਨਾਨਕ ਉਹਨਾਂ ਸੰਤ ਜਨਾਂ ਦੇ ਚਰਨਾਂ ਦੀ ਧੂੜ ਤੋਂ ਆਤਮਕ ਜੀਵਨ ਪ੍ਰਾਪਤ ਕਰਦਾ ਹੈ ਜੇਹੜੇ ਦਇਆਲ ਕਿਰਪਾਲ ਪ੍ਰਭੂ ਦੀ ਹਜ਼ੂਰੀ ਵਿਚ (ਸਦਾ ਟਿਕੇ ਰਹਿੰਦੇ ਹਨ)।"[328] ਇਸ ਅਰਦਾਸ ਵਿਚ ਪਰਮਾਤਮਾ ਕੋਲੋਂ ਨਾਮ ਰਸੀਆਂ ਦੀ ਚਰਨ ਧੂੜੀ ਮੰਗੀ ਗਈ ਹੈ ਅਤੇ ਨਾਲ ਹੀ ਪਰਮਾਤਮਾ ਕੋਲੋਂ ਉਸਦੀ ਹਜ਼ੂਰੀ ਦੀ ਦਾਤ ਮੰਗੀ ਹੈ।

### 5.47 ਮੁਕਤੀ ਸੰਬੰਧੀ ਅਰਦਾਸ

ਸੁਨਹੁ ਸੰਤ ਪਿਆਰੇ ਬਿਨਉ ਹਮਾਰੇ ਜੀਉ॥ ਹਰਿ ਬਿਨੁ ਮੁਕਤਿ ਨ ਕਾਹੂ ਜੀਉ॥[329]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 678 ਤੇ

---

[324] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ)*, ਪੰਨਾ 662.
[325] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 631.
[326] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ)*, ਪੰਨਾ 666.
[327] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 676.
[328] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ)*, ਪੰਨਾ 83.
[329] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 678.

ਰਾਗੁ ਧਨਾਸਰੀ ਵਿਚ ਦਰਜ ਹਨ, "ਹੇ ਪਿਆਰੇ ਸੰਤ ਜਨੋ! ਮੇਰੀ ਬੇਨਤੀ ਸੁਣੋ, ਪਰਮਾਤਮਾ (ਦੇ ਸਿਮਰਨ) ਤੋਂ ਬਿਨਾ (ਮਾਇਆ ਦੇ ਬੰਧਨਾਂ ਤੋਂ) ਕਿਸੇ ਦੀ ਭੀ ਖ਼ਲਾਸੀ ਨਹੀਂ ਹੁੰਦੀ।"[330] ਇਸ ਅਰਦਾਸ ਵਿਚ ਦੱਸਿਆ ਗਿਆ ਹੈ ਕਿ ਪਰਮਾਤਮਾ ਦੀ ਕਿਰਪਾ ਤੋਂ ਬਿਨਾਂ ਮਾਇਆ ਤੋਂ ਬਚਣਾ ਕਠਿਨ ਹੈ।

ਸੁਣੀ ਬੇਨਤੀ ਠਾਕੁਰਿ ਮੇਰੈ ਖਸਮਾਨਾ ਕਰਿ ਆਪਿ॥
ਨਾਨਕ ਅਨਦ ਭਏ ਦੁਖ ਭਾਗੇ ਸਦਾ ਸਦਾ ਹਰਿ ਜਾਪਿ॥[331]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 681 ਤੇ ਰਾਗੁ ਧਨਾਸਰੀ ਵਿਚ ਦਰਜ ਹਨ, "ਹੇ ਨਾਨਕ! (ਆਖ—) ਮੇਰੇ ਮਾਲਕ-ਪ੍ਰਭੂ ਨੇ ਖਸਮ ਵਾਲਾ ਫ਼ਰਜ਼ ਪੂਰਾ ਕਰ ਕੇ (ਜਿਸ ਮਨੁੱਖ ਦੀ) ਬੇਨਤੀ ਆਪ ਸੁਣ ਲਈ, ਸਦਾ ਹੀ ਪਰਮਾਤਮਾ ਦਾ ਨਾਮ ਜਪ ਕੇ ਉਸ ਮਨੁੱਖ ਨੂੰ ਆਤਮਕ ਆਨੰਦ ਬਣ ਗਏ, ਉਸ ਦੇ ਸਾਰੇ ਦੁੱਖ ਨਾਸ ਹੋ ਗਏ।"[332] ਇਸ ਅਰਦਾਸ ਵਿਚ ਗੁਰੂ ਸਾਹਿਬ ਪਰਮਾਤਮਾ ਦੁਆਰਾ ਬੇਨਤੀ ਸੁਣੇ ਜਾਣ ਦੀ ਗੱਲ ਕਰ ਰਹੇ ਹਨ।

॥ਛੰਤ॥ ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ॥
ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ॥[333]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 703 ਤੇ ਰਾਗੁ ਜੈਤਸਰੀ ਵਿਚ ਦਰਜ ਹਨ, "ਛੰਤ! ਹੇ ਮੇਰੇ ਸਤਸੰਗੀ ਮਿੱਤਰ! ਹੇ ਮੇਰੇ ਸੱਜਣ! ਮੈਂ (ਤੇਰੇ ਅੱਗੇ) ਇਕ ਅਰਜ਼ੋਈ ਕਰਦੀ ਹਾਂ! ਮੈਂ ਉਸ ਮਨ ਨੂੰ ਮੋਹ ਲੈਣ ਵਾਲੇ ਪਿਆਰੇ ਲਾਲ ਨੂੰ ਲੱਭਦੀ ਫਿਰਦੀ ਹਾਂ। (ਹੇ ਮਿੱਤਰ!) ਮੈਨੂੰ ਉਸ ਪਿਆਰੇ ਦੀ ਦੱਸ ਪਾ, ਮੈਂ (ਉਸ ਦੇ ਅੱਗੇ ਆਪਣਾ) ਸਿਰ ਲਾਹ ਕੇ ਰੱਖ ਦਿਆਂਗੀ (ਤੇ ਆਖਾਂਗੀ—ਹੇ ਪਿਆਰੇ!) ਰਤਾ ਭਰ ਸਮੇ ਲਈ ਹੀ ਮੈਨੂੰ ਦਰਸਨ ਦੇਹ।"[334] ਪਰਮਾਤਮਾ ਦੇ ਦਰਸ਼ਨਾਂ ਦੀ ਪ੍ਰਬਲ ਤਾਂਘ ਦੀ ਇਹ ਅਰਦਾਸ ਹੈ ਅਤੇ ਇਕ ਖਿਨ ਦਰਸ਼ਨਾਂ ਲਈ ਹਰ ਇਕ ਔਖਾ ਕਾਰਜ ਕਰ ਸਕਣ ਦੀ ਬੇਨਤੀ ਵੀ ਕੀਤੀ ਗਈ ਹੈ।

ਜਿਨੀ ਮੈਡਾ ਲਾਲੁ ਰੀਝਾਇਆ ਹਉ ਤਿਸੁ ਆਗੈ ਮਨੁ ਡੇਂਹੀਆ॥
ਨਾਨਕੁ ਕਹੈ ਸੁਣਿ ਬਿਨਉ ਸੁਹਾਗਣਿ ਮੂ ਦਸਿ ਡਿਖਾ ਪਿਰੁ ਕੇਹੀਆ॥[335]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 703 ਤੇ ਰਾਗੁ ਜੈਤਸਰੀ ਵਿਚ ਦਰਜ ਹਨ, "ਜਿਸ ਨੇ (ਹੀ) ਮੇਰੇ ਪਿਆਰੇ ਹਰੀ ਨੂੰ ਪ੍ਰਸੰਨ ਕਰ ਲਿਆ ਹੈ, ਮੈਂ ਉਸ ਅੱਗੇ ਆਪਣਾ ਮਨ ਭੇਟਾ ਕਰਨ ਨੂੰ ਤਿਆਰ ਹਾਂ।ਨਾਨਕ ਆਖਦਾ ਹੈ—ਹੇ ਸੋਹਾਗ ਵਾਲੀਏ! ਮੇਰੀ ਬੇਨਤੀ ਸੁਣ। ਮੈਨੂੰ ਦੱਸ, ਮੈਂ ਵੇਖਾਂ, ਪ੍ਰਭੂ-ਪਤੀ ਕਿਹੋ ਜਿਹਾ ਹੈ।"[336] ਪਰਮਾਤਮਾ ਅੱਗੇ ਆਪਣਾ ਆਪ ਭੇਂਟ ਕਰਨ ਦੀ ਅਰਦਾਸ ਕੀਤੀ ਗਈ ਹੈ।

---

[330] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 91.
[331] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 681.
[332] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 106.
[333] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 703
[334] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 224.
[335] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 703.
[336] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 225.

ਨਿਰਤਿ ਨ ਪਵੈ ਅਸੰਖ ਗੁਣ ਊਚਾ ਪ੍ਰਭ ਕਾ ਨਾਉ॥

ਨਾਨਕ ਕੀ ਬੇਨੰਤੀਆ ਮਿਲੈ ਨਿਥਾਵੇ ਥਾਉ॥[337]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 704 ਤੇ ਰਾਗੁ ਜੈਤਸਰੀ ਵਿਚ ਦਰਜ ਹਨ, "ਹੇ ਭਾਈ! ਪਰਮਾਤਮਾ ਦੇ ਅਣਗਿਣਤ ਗੁਣਾਂ ਦਾ ਨਿਰਨਾ ਨਹੀਂ ਹੋ ਸਕਦਾ, ਉਸ ਦਾ ਨਾਮਣਾ (ਵਡੱਪਣ) ਸਭ ਤੋਂ ਉੱਚਾ ਹੈ। ਨਾਨਕ ਦੀ (ਉਸੇ ਦੇ ਦਰ ਤੇ ਹੀ) ਅਰਦਾਸ ਹੈ ਕਿ (ਮੈਨੂੰ) ਨਿਆਸਰੇ ਨੂੰ (ਉਸ ਦੇ ਚਰਨਾਂ ਵਿਚ) ਥਾਂ ਮਿਲ ਜਾਏ।"[338] ਪਰਮਾਤਮਾ ਬੇਅੰਤ ਗੁਣਾਂ ਦਾ ਖਜ਼ਾਨਾ ਹੈ ਉਸਦਾ ਨਾਂ ਸਭ ਤੋਂ ਵੱਡਾ ਹੈ। ਗੁਰੂ ਸਾਹਿਬ ਇਹੋ ਬੇਨਤੀ ਕਰਦੇ ਹਨ ਕਿ ਮੈਨੂੰ ਨਾਮ ਦੀ ਦਾਤ ਮਿਲ ਜਾਏ।

**5.48 ਪਰਮਾਤਮਾ ਨਾਲ ਮਿਲਾਪ ਦੀ ਅਰਦਾਸ**

ਪਉੜੀ॥ ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ॥

ਰਖਿ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ॥

ਭਗਤਿ ਵਛਲੁ ਤੇਰਾ ਬਿਰਦੁ ਹਰਿ ਪਤਿਤ ਉਧਾਰਿਆ॥

ਤੁਝ ਬਿਨੁ ਨਾਹੀ ਕੋਇ ਬਿਨਉ ਮੋਹਿ ਸਾਰਿਆ॥

ਕਰੁ ਗਹਿ ਲੇਹੁ ਦਇਆਲ ਸਾਗਰ ਸੰਸਾਰਿਆ॥[339]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 709 ਤੇ ਰਾਗੁ ਜੈਤਸਰੀ ਵਿਚ ਦਰਜ ਹਨ, "ਹੇ ਦਿਆਲ! ਮੈਂ ਤੇਰੇ ਦਰ ਤੇ ਆ ਡਿੱਗਾ ਹਾਂ, ਮੈਨੂੰ (ਆਪਣੇ ਚਰਨਾਂ ਵਿਚ) ਜੋੜ ਲੈ। ਹੇ ਦੀਨਾਂ ਤੇ ਦਇਆ ਕਰਨ ਵਾਲੇ! ਮੈਨੂੰ ਰੱਖ ਲੈ, ਮੈਂ ਭਟਕਦਾ ਭਟਕਦਾ ਹੁਣ ਬੜਾ ਥੱਕ ਗਿਆ ਹਾਂ। ਭਗਤੀ ਨੂੰ ਪਿਆਰ ਕਰਨਾ ਤੇ ਡਿੱਗਿਆਂ ਨੂੰ ਬਚਾਉਣਾ—ਇਹ ਤੇਰਾ ਮੁੱਢ ਕਦੀਮਾਂ ਦਾ ਸੁਭਾਉ ਹੈ। ਹੇ ਪ੍ਰਭੂ! ਤੈਥੋਂ ਬਿਨਾ ਹੋਰ ਕੋਈ ਨਹੀਂ ਜੋ ਮੇਰੀ ਇਸ ਬੇਨਤੀ ਨੂੰ ਸਿਰੇ ਚਾੜ੍ਹ ਸਕੇ। ਹੇ ਦਿਆਲ! ਮੇਰਾ ਹੱਥ ਫੜ ਲੈ (ਤੇ ਮੈਨੂੰ) ਸੰਸਾਰ-ਸਮੁੰਦਰ ਵਿਚੋਂ (ਬਚਾ ਲੈ)।"[340] ਇਸ ਅਰਦਾਸ ਵਿਚ ਪ੍ਰਭੂ ਦੀ ਸ਼ਰਨ ਵਿਚ ਆ ਜਾਣ ਦੀ ਗੱਲ ਕੀਤੀ ਹੋਈ ਹੈ। ਪਰਮਾਤਮਾ ਦੀ ਸਿਫਤ ਸਲਾਹ ਕਰਦਿਆਂ ਉਸਨੂੰ ਰੱਖਿਆ ਕਰਨ ਵਾਲਾ ਦਰਸਾਇਆ ਗਿਆ ਹੈ ਅਤੇ ਭਵਜਲ ਪਾਰ ਕਰਵਾਉਣ ਬਾਰੇ ਵੀ ਬੇਨਤੀ ਕੀਤੀ ਗਈ ਹੈ।

ਹਿਕੁ ਸੇਵੀ ਹਿਕੁ ਸੰਮਲਾ ਹਰਿ ਇਕਸੁ ਪਹਿ ਅਰਦਾਸਿ॥

ਨਾਮ ਵਖਰੁ ਧਨੁ ਸੰਚਿਆ ਨਾਨਕ ਸਚੀ ਰਾਸਿ॥[341]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 710 ਤੇ ਰਾਗੁ ਜੈਤਸਰੀ ਵਿਚ ਦਰਜ ਹਨ, "ਮੇਰੀ ਇਕ ਪ੍ਰਭੂ ਦੇ ਪਾਸ ਹੀ ਅਰਜੋਈ ਹੈ ਕਿ ਮੈਂ ਪ੍ਰਭੂ ਨੂੰ

---

[337] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 704.
[338] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 228.
[339] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 709.
[340] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 252.
[341] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 710.

ਹੀ ਸਿਮਰਾਂ ਤੇ ਪ੍ਰਭੂ ਨੂੰ ਹੀ ਹਿਰਦੇ ਵਿਚ ਸੰਭਾਲ ਰੱਖਾਂ। ਹੇ ਨਾਨਕ! ਜਿਨ੍ਹਾਂ ਬੰਦਿਆਂ ਨੇ ਨਾਮ-ਰੂਪ ਸੌਦਾ ਨਾਮ-ਰੂਪ ਧਨ ਜੋੜਿਆ ਹੈ, ਉਹਨਾਂ ਦੀ ਇਹ ਪੂੰਜੀ ਸਦਾ ਹੀ ਕਾਇਮ ਰਹਿੰਦੀ ਹੈ।"[342] ਮਨੁੱਖਾ ਜੀਵਨ ਵਿਚ ਪਰਮਾਤਮਾ ਰੂਪੀ ਖਜ਼ਾਨੇ ਨੂੰ ਸੰਭਾਲਣ ਦੀ ਅਰਦਾਸ ਇਹਨਾਂ ਪੰਕਤੀਆਂ ਵਿਚ ਕੀਤੀ ਗਈ ਹੈ।

ਕਰਉ ਬੇਨਤੀ ਸਾਧ ਸੰਗਤਿ ਹਰਿ ਭਗਤਿ ਵਛਲ ਸੁਣਿ ਆਇਓ॥
ਨਾਨਕ ਭਾਗਿ ਪਰਿਓ ਹਰਿ ਪਾਛੈ ਰਾਖੁ ਲਾਜ ਅਪੁਨਾਇਓ॥[343]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 712 ਤੇ ਰਾਗੁ ਟੋਡੀ ਵਿਚ ਦਰਜ ਹਨ, "ਹੇ ਨਾਨਕ! (ਆਖ—) ਮੈਂ (ਤਾਂ) ਸਾਧ ਸੰਗਤਿ ਵਿਚ ਜਾ ਕੇ ਬੇਨਤੀ ਕਰਦਾ ਹਾਂ—ਹੇ ਹਰੀ! ਮੈਂ ਇਹ ਸੁਣ ਕੇ ਤੇਰੀ ਸਰਨ ਆਇਆ ਹਾਂ ਕਿ ਤੂੰ ਭਗਤੀ ਨਾਲ ਪਿਆਰ ਕਰਨ ਵਾਲਾ ਹੈਂ। ਮੈਂ ਦੌੜ ਕੇ ਪ੍ਰਭੂ ਦੇ ਦਰ ਤੇ ਆ ਪਿਆ ਹਾਂ (ਤੇ ਬੇਨਤੀ ਕਰਦਾ ਹਾਂ—ਹੇ ਪ੍ਰਭੂ!) ਮੈਨੂੰ ਆਪਣਾ ਬਣਾ ਕੇ ਮੇਰੀ ਇੱਜ਼ਤ ਰੱਖ।"[344] ਪਰਮਾਤਮਾ ਆਪਣੇ ਭਗਤਾਂ ਨੂੰ ਅਥਾਹ ਪਿਆਰ ਕਰਦਾ ਹੈ। ਇਸ ਲਈ ਸਤਸੰਗਤ ਵਿਚ ਜਾ ਕੇ ਉਸ ਪਾਸ ਅਰਦਾਸ ਕਰੋ ਕਿ ਮੈਨੂੰ ਆਪਣੀ ਸ਼ਰਨ ਦੇਹ।

### 5.49 ਦੁੱਖਾਂ-ਕਲੇਸ਼ਾਂ ਦੇ ਨਾਸ਼ ਦੀ ਅਰਦਾਸ

ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ॥
ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ॥[345]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 714 ਤੇ ਰਾਗੁ ਟੋਡੀ ਵਿਚ ਦਰਜ ਹਨ, "ਹੇ ਭਾਈ! ਪਰਮਾਤਮਾ (ਦਾ ਨਾਮ ਮਨੁੱਖ ਦੇ ਅੰਦਰੋਂ ਆਧਿ ਵਿਆਧਿ ਉਪਾਧਿ) ਤਿੰਨੇ ਹੀ ਤਾਪ ਦੂਰ ਕਰਨ ਵਾਲਾ ਹੈ, ਸਾਰੇ ਦੁੱਖਾਂ ਦਾ ਨਾਸ ਕਰਨ ਵਾਲਾ ਹੈ, ਅਤੇ ਸੁਖਾਂ ਦਾ ਸਰਮਾਇਆ ਹੈ। ਜਿਸ ਮਨੁੱਖ ਦੀ ਅਰਦਾਸ ਸਦਾ ਪ੍ਰਭੂ ਦੇ ਦਰ ਤੇ ਜਾਰੀ ਰਹਿੰਦੀ ਹੈ, ਉਸ ਦੇ ਜੀਵਨ ਦੇ ਰਸਤੇ ਵਿਚ ਕੋਈ ਰੁਕਾਵਟ ਨਹੀ ਆਉਂਦੀ।"[346] ਪਰਮਾਤਮਾ ਸਾਰੇ ਰੋਗਾਂ ਨੂੰ ਦੂਰ ਕਰ ਦਿੰਦਾ ਹੈ ਅਤੇ ਸਾਰੇ ਸੁਖ ਪ੍ਰਦਾਨ ਕਰਦਾ ਹੈ ਜੇ ਉਸਦੇ ਦਰਸਾਏ ਮਾਰਗ ਤੇ ਚੱਲ ਕੇ ਉਸ ਅੱਗੇ ਸੱਚੇ ਦਿਲੋਂ ਅਰਦਾਸ ਕਰੀਏ।

ਹਵਾਲ ਮਾਲੂਮੁ ਕਰਦੰ ਪਾਕ ਅਲਾਹ॥ ਬੁਗੋ ਨਾਨਕ ਅਰਦਾਸਿ ਪੇਸਿ ਦਰਵੇਸ ਬੰਦਾਹ॥[347]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 712 ਤੇ ਰਾਗੁ ਤਿਲੰਗ ਵਿਚ ਦਰਜ ਹਨ, "ਹੇ ਭਾਈ! ਪਵਿਤ੍ਰ ਪਰਮਾਤਮਾ (ਤੇਰੇ ਦਿਲ ਦਾ) ਸਾਰਾ ਹਾਲ ਜਾਣਦਾ ਹੈ। ਹੇ ਨਾਨਕ! ਸੰਤ ਜਨਾਂ ਦੀ ਸੰਗਤਿ ਵਿਚ ਰਹਿ ਕੇ (ਪਰਮਾਤਮਾ ਦੇ ਦਰ ਤੇ) ਅਰਦਾਸ

---

[342] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 255.
[343] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 712.
[344] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 264.
[345] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 714.
[346] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 274.
[347] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 723.

ਕਰਿਆ ਕਰ (ਕਿ ਤੈਨੂੰ ਮਾਇਆ ਦੀ ਹਵਸ ਵਿਚ ਨਾਹ ਫਸਣ ਦੇਵੇ)।"[348] ਇਹ ਪੰਕਤੀਆਂ ਦੀ ਭਾਸ਼ਾ ਅਰਬੀ/ਫਾਰਸੀ ਹੈ।ਇਹਨਾਂ ਪੰਕਤੀਆਂ ਵਿਚ ਪਰਮਾਤਮਾ ਅੱਗੇ ਸੰਗਤ ਵਿਚ ਰਹਿਣ ਦੀ ਅਰਦਾਸ ਕੀਤੀ ਗਈ ਹੈ ਜਿਸ ਨਾਲ ਮਾਇਆ ਨਹੀਂ ਪੋਂਹਦੀ।

ਤੂ ਸਮਰਥੁ ਅਕਥੁ ਅਗੋਚਰੁ ਜੀਉ ਪਿੰਡੁ ਤੇਰੀ ਰਾਸਿ॥
ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ॥[349]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 724 ਤੇ ਰਾਗੁ ਤਿਲੰਗ ਵਿਚ ਦਰਜ ਹਨ, "ਹੇ ਪ੍ਰਭੂ! ਤੂੰ ਸਭ ਤਾਕਤਾਂ ਦਾ ਮਾਲਕ ਹੈਂ, ਤੇਰੇ ਸਰੂਪ ਦਾ ਬਿਆਨ ਨਹੀਂ ਕੀਤਾ ਜਾ ਸਕਦਾ, ਗਿਆਨ-ਇੰਦ੍ਰਿਆਂ ਦੀ ਰਾਹੀਂ ਤੇਰੇ ਤਕ ਪਹੁੰਚ ਨਹੀਂ ਹੋ ਸਕਦੀ। (ਅਸਾਂ ਜੀਵਾਂ ਦਾ ਇਹ) ਸਰੀਰ ਤੇ ਜਿੰਦ ਤੇਰੀ ਹੀ ਦਿੱਤੀ ਹੋਈ ਪੂੰਜੀ ਹੈ। ਜਿਸ ਮਨੁੱਖ ਉਤੇ ਤੇਰੀ ਮਿਹਰ ਹੋਵੇ ਉਸ ਨੂੰ (ਤੇਰੇ ਦਰ ਤੋਂ ਬੰਦਗੀ ਦਾ) ਸੁਖ ਮਿਲਦਾ ਹੈ। ਨਾਨਕ ਦੀ ਭੀ ਸਦਾ ਤੇਰੇ ਦਰ ਤੇ ਇਹੀ ਅਰਦਾਸ ਹੈ (ਕਿ ਤੇਰੀ ਬੰਦਗੀ ਦਾ ਸੁਖ ਮਿਲੇ)।"[350] ਪਰਮਾਤਮਾ ਹੀ ਸਾਰਿਆਂ ਸੁੱਖਾਂ ਦਾ ਖਜ਼ਾਨਾ ਹੈ ਉਹ ਅਪਹੁੰਚ, ਕਥਿਆ ਨਾ ਜਾਣ ਵਾਲਾ ਹੈ, ਇਸ ਲਈ ਉਸਦੇ ਦਰ ਤੇ ਅਰਦਾਸ ਕਰਨੀ ਚਾਹੀਦੀ ਹੈ ਕਿ ਤੇਰੀ ਸਿਫਤ-ਸਲਾਹ ਕਰਦੇ ਰਹੀਏ।

ਦੁਇ ਕਰ ਜੋੜਿ ਕਰਉ ਅਰਦਾਸਿ॥ ਤੁਧੁ ਭਾਵੈ ਤਾ ਆਣਹਿ ਰਾਸਿ॥
ਕਰਿ ਕਿਰਪਾ ਅਪਨੀ ਭਗਤੀ ਲਾਇ॥ ਜਨ ਨਾਨਕ ਪ੍ਰਭੁ ਸਦਾ ਧਿਆਇ॥[351]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 736 ਤੇ ਰਾਗੁ ਸੂਹੀ ਵਿਚ ਦਰਜ ਹਨ, "ਹੇ ਦਾਸ ਨਾਨਕ! (ਆਖ—ਹੇ ਪ੍ਰਭੂ!) ਮੈਂ (ਆਪਣੇ) ਦੋਵੇਂ ਹੱਥ ਜੋੜ ਕੇ (ਤੇਰੇ ਦਰ ਤੇ) ਅਰਦਾਸ ਕਰਦਾ ਹਾਂ। ਜਦੋਂ ਤੈਨੂੰ ਚੰਗਾ ਲੱਗੇ (ਤੇਰੀ ਰਜ਼ਾ ਹੋਵੇ) ਤਦੋਂ ਹੀ ਤੂੰ ਉਸ ਅਰਦਾਸ ਨੂੰ ਸਫਲ ਕਰਦਾ ਹੈਂ। ਹੇ ਭਾਈ! ਕਿਰਪਾ ਕਰ ਕੇ ਪਰਮਾਤਮਾ (ਜਿਸ ਮਨੁੱਖ ਨੂੰ) ਆਪਣੀ ਭਗਤੀ ਵਿਚ ਜੋੜਦਾ ਹੈ, ਉਹ ਉਸ ਨੂੰ ਸਦਾ ਸਿਮਰਦਾ ਰਹਿੰਦਾ ਹੈ।"[352] ਇਸ ਅਰਦਾਸ ਵਿਚ ਅਰਦਾਸ ਕਰਨ ਦਾ ਢੰਗ ਵੀ ਦੱਸਿਆ ਗਿਆ ਹੈ ਕਿ ਦੋਵੇਂ ਹੱਥ ਜੋੜ ਕੇ ਅਰਦਾਸ ਕਰਨੀ ਚਾਹੀਦੀ ਹੈ ਅਤ ਪਰਮਾਤਮਾ ਨੂੰ ਸੰਬੋਧਿਤ ਹੋ ਕੇ ਗੁਰੂ ਸਾਹਿਬ ਕਹਿ ਰਹੇ ਹਨ ਕਿ ਜੇ ਤੈਨੂੰ ਅਰਦਾਸ ਚੰਗੀ ਲੱਗੇ ਤਾਂ ਪੂਰੀ ਕਰ ਦੇਹ ਅਤੇ ਆਪਣਾ ਨਾਮ ਸਾਡੀ ਝੋਲੀ ਪਾ।

ਬਿਨਉ ਕਰੀ ਜੇ ਜਾਣਾ ਦੂਰਿ॥
ਪ੍ਰਭੁ ਅਬਿਨਾਸੀ ਰਹਿਆ ਭਰਪੂਰਿ॥
ਜਨੁ ਨਾਨਕੁ ਗਾਵੈ ਦੇਖਿ ਹਦੂਰਿ॥[353]

---

[348] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 319.
[349] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 724.
[350] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 322.
[351] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 736.
[352] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 390.
[353] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 737.

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 737 ਤੇ ਰਾਗੁ ਸੂਹੀ ਵਿਚ ਦਰਜ ਹਨ, "ਹੇ ਭਾਈ! ਅਰਦਾਸ ਕਰਾਂ, ਜੇ ਮੈਂ ਉਸ ਨੂੰ ਕਿਤੇ ਦੂਰ ਵੱਸਦਾ ਸਮਝਾਂ। ਉਹ ਨਾਸ-ਰਹਿਤ ਪਰਮਾਤਮਾ ਤਾਂ ਹਰ ਥਾਂ ਵਿਆਪਕ ਹੈ। ਦਾਸ ਨਾਨਕ (ਤਾਂ ਉਸ ਨੂੰ ਆਪਣੇ) ਅੰਗ-ਸੰਗ (ਵੱਸਦਾ) ਵੇਖ ਕੇ ਉਸ ਦੀ ਸਿਫ਼ਤਿ-ਸਾਲਾਹ ਕਰਦਾ ਹੈ।"[354] ਇਸ ਅਰਦਾਸ ਵਿਚ ਅਰਦਾਸ ਦੀ ਭਾਵਨਾ ਨੂੰ ਵੱਖਰੇ ਅਰਥਾਂ ਵਿਚ ਬਿਆਨ ਕੀਤਾ ਗਿਆ ਹੈ ਕਿ ਅਰਦਾਸ ਤੇ ਤਾਂ ਕਰੀਏ ਜੇ ਉਸਨੂੰ ਦੂਰ ਸਮਝੀਏ ਉਹ ਤਾਂ ਹਰ ਥਾਂ ਹਾਜ਼ਰ-ਨਾਜ਼ਰ ਹੈ। ਇਸ ਕਰਕੇ ਉਸਨੂੰ ਸਾਹਮਣੇ ਜਾਣ ਕੇ ਉਸਦੇ ਗੁਣ ਗਾਉਂਦੇ ਚਾਹੀਦੇ ਹਨ।

ਕਹੁ ਨਾਨਕ ਪ੍ਰਭ ਬਿਨਉ ਸੁਨੀਜੈ॥ ਕੁਚਲੁ ਕਠੋਰੁ ਕਾਮੀ ਮੁਕਤੁ ਕੀਜੈ॥[355]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 738 ਤੇ ਰਾਗੁ ਸੂਹੀ ਵਿਚ ਦਰਜ ਹਨ, "ਹੇ ਨਾਨਕ! ਆਖ—ਹੇ ਪ੍ਰਭੂ! ਮੇਰੀ ਬੇਨਤੀ ਸੁਣ (ਜੀਵ ਵਿਚਾਰਾ ਕੁਝ ਕਰਨ-ਜੋਗਾ ਨਹੀਂ, ਇਹ) ਮੰਦ-ਕਰਮੀ ਹੈ, ਨਿਰਦਈ ਹੈ, ਵਿਸ਼ਈ ਹੈ (ਫਿਰ ਭੀ ਤੇਰਾ) ਹੈ ਇਸ ਨੂੰ ਇਹਨਾਂ ਵਿਕਾਰਾਂ ਤੋਂ ਖ਼ਲਾਸੀ ਬਖ਼ਸ਼।"[356] ਇਸ ਅਰਦਾਸ ਵਿਚ ਪਰਮਾਤਮਾ ਅੱਗੇ ਆਪਣੇ ਆਪਨੂੰ ਵਿਕਾਰਾਂ ਤੋਂ ਰਹਿਤ ਕਰਨ ਦੀ ਮੰਗ ਕੀਤੀ ਗਈ ਹੈ ਕਿਉਂਕਿ ਮਨੁੱਖ ਵਿਚ ਬੇਅੰਤ ਔਗੁਣ ਹਨ, ਪਰਮਾਤਮਾ ਹੀ ਪਾਰ ਲਾ ਸਕਦਾ ਹੈ।

### 5.50 ਪਰਮਾਤਮਾ ਨੂੰ ਅਰਦਾਸ ਸੁਨਾਉਣ ਸੰਬੰਧੀ

ਨਾਨਕ ਕੀ ਅਰਦਾਸਿ ਸੁਣੀਜੈ॥ਡੂਬਤ ਪਾਹਨ ਪ੍ਰਭਿ ਮੇਰੇ ਲੀਜੈ।[357]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 741 ਤੇ ਰਾਗੁ ਸੂਹੀ ਵਿਚ ਦਰਜ ਹਨ, "ਹੇ ਮੇਰੇ ਪ੍ਰਭੂ! (ਆਪਣੇ ਦਾਸ) ਨਾਨਕ ਦੀ ਅਰਜ਼ੋਈ ਸੁਣ। ਅਸਾਂ ਡੁੱਬ ਰਹੇ ਪੱਥਰਾਂ ਨੂੰ ਡੁੱਬਣੋਂ ਬਚਾ ਲੈ।"[358] ਇਸ ਅਰਦਾਸ ਵਿਚ ਗੁਰੂ ਸਾਹਿਬ ਨਿਮਰਤਾ ਵਿਚ ਆ ਕੇ ਮਨੁੱਖੀ ਅਵਸਥਾ ਨੂੰ ਬਿਆਨ ਕਰਦਿਆਂ ਕਹਿ ਰਹੇ ਹਨ ਕਿ ਸਾਨੂੰ ਪੱਥਰਾਂ ਭਾਵ ਜਿੰਨ੍ਹਾਂ ਵਿਚ ਕੋਈ ਛੇਤੀ ਬਦਲਾਅ ਨਹੀਂ ਆ ਸਕਦਾ, ਬਖਸ਼ ਦੇਹ।

ਦਰਸਨੁ ਦੇਖਿ ਜੀਵਾ ਗੁਰ ਤੇਰਾ॥ ਪੂਰਨ ਕਰਮੁ ਹੋਇ ਪ੍ਰਭ ਮੇਰਾ॥1॥

ਇਹ ਬੇਨੰਤੀ ਸੁਣਿ ਪ੍ਰਭ ਮੇਰੇ॥ ਦੇਹਿ ਨਾਮੁ ਕਰਿ ਅਪਣੇ ਚੇਰੇ॥[359]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 741-42 ਤੇ ਰਾਗੁ ਸੂਹੀ ਵਿਚ ਦਰਜ ਹਨ, "ਹੇ ਮੇਰੇ ਪ੍ਰਭੂ (ਮੇਰੀ) ਇਹ ਅਰਜ਼ੋਈ ਸੁਣ, (ਗੁਰੂ ਦੀ ਰਾਹੀਂ) ਮੈਨੂੰ ਆਪਣਾ ਸੇਵਕ ਬਣਾ ਕੇ (ਆਪਣਾ) ਨਾਮ ਬਖ਼ਸ਼।ਹੇ ਗੁਰੂ! ਤੇਰਾ ਦਰਸਨ ਕਰ ਕੇ ਮੈਨੂੰ

---

[354] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 392.
[355] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 738.
[356] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 798.
[357] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 741.
[358] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 413.
[359] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 741-42.

ਆਤਮਕ ਜੀਵਨ ਮਿਲ ਜਾਂਦਾ ਹੈ। ਹੇ ਮੇਰੇ ਪ੍ਰਭੂ! ਤੇਰੀ ਪੂਰਨ ਬਖ਼ਸ਼ਸ਼ ਹੋਏ (ਤੇ, ਮੈਨੂੰ ਗੁਰੂ ਮਿਲ ਜਾਵੇ)। ਹੇ ਮੇਰੇ ਮਾਲਕ ਮੇਰੀ ਇਹ ਬੇਨਤੀ ਸੁਣ, ਆਪਣਾ ਨਾਮ ਆਪਣੇ ਚੇਲਿਆ ਨੂੰ ਦੇਹ, ਹੇ ਮੇਰੇ ਪ੍ਰਭੂ ਮੇਰੀ ਅਰਦਾਸ ਸੁਣ, ਮੇਰਾ ਜਨਮ ਸਫਲਾ ਕਰ।"[360] ਇਸ ਅਰਦਾਸ ਵਿਚ ਪਰਮਾਤਮਾ ਪਾਸੋਂ ਨਾਮ ਦੀ ਦਾਤ ਮੰਗੀ ਗਈ ਹੈ।

ਨਾਨਕੁ ਏਕ ਕਰੈ ਅਰਦਾਸਿ॥ ਵਿਸਰੁ ਨਾਹੀ ਪੂਰਨ ਗੁਣਤਾਸਿ॥[361]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 742 ਤੇ ਰਾਗੁ ਸੂਹੀ ਵਿਚ ਦਰਜ ਹਨ, "ਹੇ ਪੂਰਨ ਪ੍ਰਭੂ! ਸਭ ਗੁਣਾਂ ਦੇ ਖਜ਼ਾਨੇ ਪ੍ਰਭੂ ! (ਤੇਰਾ ਸੇਵਕ) ਨਾਨਕ (ਤੇਰੇ ਦਰ ਤੇ)ਇਕ ਅਰਜ ਕਰਦਾ ਹੈ, (ਕਿਰਪਾ ਕਰ, ਮੈਨੂੰ ਨਾਨਕ ਨੂੰ ਕਦੇ) ਨਾਹ ਭੁੱਲ।"[362] ਇਸ ਅਰਦਾਸ ਵਿਚ ਪਰਮਾਤਮਾ ਤੋਂ ਇਹ ਮੰਗ ਕੀਤੀ ਗਈ ਹੈ ਕਿ ਮੈਨੂੰ ਕਦੇ ਨਾ ਵਿਸਾਰੀ।

ਸੁਨਹੁ ਬਿਨਉ ਪ੍ਰਭ ਮੇਰੇ ਮੀਤਾ॥ ਚਰਣ ਕਮਲ ਵਸਹਿ ਮੇਰੈ ਚੀਤਾ॥[363]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 742 ਤੇ ਰਾਗੁ ਸੂਹੀ ਵਿਚ ਦਰਜ ਹਨ, "ਹੇ ਮੇਰੇ ਮਿੱਤਰ ਪ੍ਰਭੂ! ਮੇਰੀ ਅਰਜ਼ੋਰੀ ਸੁਣ (ਮੇਹਰ ਕਰ।ਤੇਰੇ) ਸੋਹਣੇ ਚਰਣ ਮੇਰੇ ਚਿੱਤ ਵਿੱਚ ਵੱਸ ਪੈਣ।"[364] ਇਸ ਅਰਦਾਸ ਵਿਚ ਪਰਮਾਤਮਾ ਨੂੰ ਮਿੱਤਰ ਰੂਪ ਮੰਨ ਕੇ ਉਸਦੇ ਚਰਨਾਂ ਨੂੰ ਹਿਰਦੇ ਵਿਚ ਵਸਾਉਣ ਦੀ ਮੰਗ ਕੀਤੀ ਗਈ ਹੈ।

ਕਰਿ ਬੇਨਤੀ ਜਨ ਧੂਰਿ ਬਾਛਾਹਾ॥ ਜਨਮ ਜਨਮ ਕੇ ਕਿਲਵਿਖ ਲਾਹਾਂ॥[365]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 742 ਤੇ ਰਾਗੁ ਸੂਹੀ ਵਿਚ ਦਰਜ ਹਨ, "ਹੇ ਸਹੇਲੀਏ! (ਪ੍ਰਭੂ ਅੱਗੇ) ਬੇਨਤੀ ਕਰ ਕੇ (ਉਸ ਪਾਸੋਂ) ਸੰਤ ਜਨਾਂ ਦੀ ਚਰਨ-ਧੂੜ ਮੰਗੀਏ, (ਅਤੇ ਆਪਣੇ) ਅਨੇਕਾਂ ਜਨਮਾਂ ਦੇ ਪਾਪ ਦੂਰ ਕਰ ਲਈਏ।"[366] ਇਸ ਅਰਦਾਸ ਵਿਚ ਸੰਤਾਂ ਦੀ ਚਰਨਾਂ ਦੀ ਧੂੜ ਮੰਗੀ ਹੈ ਅਤੇ ਆਪਣੇ ਪਿਛਲੇ ਜਨਮਾਂ ਦੇ ਪਾਪ ਬਖਸ਼ਾਉਣ ਦੀ ਬੇਨਤੀ ਪਰਮਾਤਮਾ ਅੱਗੇ ਕੀਤੀ ਗਈ ਹੈ।

ਸੇ ਸੰਜੋਗ ਕਰਹੁ ਮੇਰੇ ਪਿਆਰੇ॥ ਜਿਤੁ ਰਸਨਾ ਹਰਿ ਨਾਮੁ ਉਚਾਰੇ॥1॥

ਸੁਣਿ ਬੇਨਤੀ ਪ੍ਰਭ ਦੀਨ ਦਇਆਲਾ॥ ਸਾਧ ਗਾਵਹਿ ਗੁਣ ਸਦਾ ਰਸਾਲਾ॥[367]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 743 ਤੇ ਰਾਗੁ ਸੂਹੀ ਵਿਚ ਦਰਜ ਹਨ, "ਹੇ ਦੀਨਾਂ ਉਤੇ ਦਇਆ ਕਰਨ ਵਾਲੇ ਪ੍ਰਭੂ! (ਮੇਰੀ) ਬੇਨਤੀ

---

[360] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 417.
[361] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 742.
[362] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 417.
[363] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 742.
[364] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 418.
[365] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 742.
[366] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ)*, ਪੰਨਾ 491.
[367] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 743.

ਸੁਣ, (ਜਿਵੇਂ) ਸੰਤ ਜਨ ਸਦਾ ਤੇਰੇ ਰਸ-ਭਰੇ ਗੁਣ ਗਾਂਦੇ ਰਹਿੰਦੇ ਹਨ (ਤਿਵੇਂ ਮੈਂ ਭੀ ਗਾਂਦਾ ਰਹਾਂ)।1।ਰਹਾਉ। ਹੇ ਮੇਰੇ ਪਿਆਰੇ! (ਮੇਰੇ ਵਾਸਤੇ) ਉਹ ਢੋ ਢੁਕਾ, ਜਿਸ ਦੀ ਰਾਹੀਂ (ਮੇਰੀ) ਜੀਭ ਤੇਰਾ ਨਾਮ ਉਚਾਰਦੀ ਰਹੇ।"[368] ਇਸ ਅਰਦਾਸ ਵਿਚ ਪਰਮਾਤਮਾ ਪਾਸੋਂ ਸੰਤਾਂ ਮਹਾਪੁਰਖਾਂ ਵਾਂਗ ਹਮੇਸ਼ਾਂ ਨਾਮ ਉਚਾਰਦੇ ਰਹਿਣ ਦੀ ਮੰਗ ਕੀਤੀ ਗਈ ਹੈ।

ਕਰਹੁ ਕ੍ਰਿਪਾ ਕਰੁਣਾਪਤੇ ਤੇਰੇ ਹਰਿ ਗੁਣ ਗਾਉ॥ ਨਾਨਕ ਕੀ ਪ੍ਰਭ ਬੇਨਤੀ ਸਾਧ ਸੰਗਿ ਸਮਾਉ॥[369]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 745 ਤੇ ਰਾਗੁ ਸੂਹੀ ਵਿਚ ਦਰਜ ਹਨ, "ਹੇ ਤਰਸ ਦੇ ਮਾਲਕ! ਹੇ ਹਰੀ! (ਮੇਰੇ ਉਤੇ) ਮੇਹਰ ਕਰ, ਮੈਂ ਤੇਰੇ ਗੁਣ ਗਾਂਦਾ ਰਹਾਂ। ਹੇ ਪ੍ਰਭੂ! (ਤੇਰੇ ਸੇਵਕ) ਨਾਨਕ ਦੀ (ਤੇਰੇ ਅੱਗੇ ਇਹੀ) ਬੇਨਤੀ ਹੈ ਕਿ ਮੈਂ ਸਾਧ ਸੰਗਤਿ ਵਿਚ ਟਿਕਿਆ ਰਹਾਂ।"[370] ਇਸ ਅਰਦਾਸ ਵਿਚ ਪਰਮਾਤਮਾ ਕੋਲੋਂ ਗੁਣ ਗਾਉਂਦੇ ਰਹਿਣ ਦੀ ਅਤੇ ਸੰਗਤ ਵਿਚ ਟਿਕੇ ਰਹਿਣ ਦੀ ਮੰਗ ਕੀਤੀ ਗਈ ਹੈ।

ਮਿਸਟ ਬਚਨ ਬੇਨਤੀ ਕਰਉ ਦੀਨ ਕੀ ਨਿਆਈ॥
ਤਜਿ ਅਭਿਮਾਨੁ ਸਰਣੀ ਪਰਉ ਹਰਿ ਗੁਣ ਨਿਧਿ ਪਾਈ॥[371]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 745 ਤੇ ਰਾਗੁ ਸੂਹੀ ਵਿਚ ਦਰਜ ਹਨ, "(ਹੇ ਭਾਈ! ਜੇ ਪ੍ਰਭੂ ਦਇਆ ਕਰੇ, ਤਾਂ) ਮੈਂ ਨਿਮਾਣਿਆਂ ਵਾਂਗ (ਸੰਤ ਅੱਗੇ) ਮਿੱਠੇ ਬੋਲਾਂ ਨਾਲ ਬੇਨਤੀ ਕਰਦਾ ਰਹਾਂ, ਅਹੰਕਾਰ ਛੱਡ ਕੇ ਉਸ ਦੀ ਸਰਨ ਪਿਆ ਰਹਾਂ, ਤੇ, ਉਸ ਸੰਤ ਪਾਸੋਂ ਗੁਣਾਂ ਦੇ ਖ਼ਜ਼ਾਨੇ ਪਰਮਾਤਮਾ ਦਾ ਮਿਲਾਪ ਹਾਸਲ ਕਰਾਂ।"[372] ਇਸ ਵਿਚ ਆਪਣੇ ਆਪ ਨੂੰ ਹੰਕਾਰ ਤੋਂ ਰਹਿਤ ਕਰਕੇ ਪਰਮਾਤਮਾ ਦੀ ਸ਼ਰਨ ਪੈਣ ਅਤੇ ਪਰਮਾਤਮਾ ਦੇ ਮੇਲ ਹੋ ਜਾਣ ਦੀ ਅਰਦਾਸ ਕੀਤੀ ਗਈ ਹੈ।

ਸਤਿਗੁਰ ਪਾਸਿ ਬੇਨੰਤੀਆ ਮਿਲੈ ਨਾਮੁ ਆਧਾਰਾ॥
ਤੁਠਾ ਸਚਾ ਪਾਤਿਸਾਹੁ ਤਾਪੁ ਗਇਆ ਸੰਸਾਰਾ॥1॥
ਭਗਤਾ ਕੀ ਟੇਕ ਤੂੰ ਸੰਤਾ ਕੀ ਓਟ ਤੂੰ ਸਚਾ ਸਿਰਜਨਹਾਰਾ॥[373]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 746 ਤੇ ਰਾਗੁ ਸੂਹੀ ਵਿਚ ਦਰਜ ਹਨ, "ਹੇ ਸਦਾ ਕਾਇਮ ਰਹਿਣ ਵਾਲੇ ਸਿਰਜਣਹਾਰ! ਤੂੰ (ਤੇਰਾ ਨਾਮ) ਤੇਰੇ ਭਗਤਾਂ ਦਾ ਸਹਾਰਾ ਹੈ, ਤੇਰਾ ਨਾਮ ਤੇਰੇ ਸੰਤਾਂ ਦਾ ਆਸਰਾ ਹੈ। ਹੇ ਭਾਈ! ਮੈਂ ਤਾਂ ਗੁਰੂ ਦੇ ਪਾਸ ਹੀ (ਸਦਾ) ਅਰਜ਼ੋਈ ਕਰਦਾ ਹਾਂ ਕਿ ਮੈਨੂੰ ਪਰਮਾਤਮਾ ਦਾ ਨਾਮ ਮਿਲ ਜਾਏ, (ਇਹ ਨਾਮ ਹੀ ਮੇਰੀ ਜ਼ਿੰਦਗੀ

---

[368] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 426.
[369] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 745.
[370] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 436.
[371] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 745.
[372] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 436.
[373] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 746.

ਦਾ) ਸਹਾਰਾ (ਹੈ)। ਹੇ ਭਾਈ! ਸਦਾ ਕਾਇਮ ਰਹਿਣ ਵਾਲਾ ਪ੍ਰਭੂ-ਪਾਤਿਸ਼ਾਹ ਜਿਸ ਮਨੁੱਖ ਉਤੇ ਦਇਆਵਾਨ ਹੁੰਦਾ ਹੈ (ਉਸ ਨੂੰ ਉਸ ਦਾ ਨਾਮ ਮਿਲਦਾ ਹੈ, ਤੇ) ਉਸ ਦਾ ਮਾਇਆ ਦੇ ਮੋਹ ਵਾਲਾ ਤਾਪ ਦੂਰ ਹੋ ਜਾਂਦਾ ਹੈ।"[374] ਇਸ ਅਰਦਾਸ ਵਿਚ ਪਰਮਾਤਮਾ ਪਾਸੋਂ ਨਾਮ ਦੀ ਦਾਤ ਮੰਗੀ ਗਈ ਹੈ ਅਤੇ ਨਾਲ ਹੀ ਇਹ ਵੀ ਦੱਸਿਆ ਹੈ ਕਿ ਉਸਦੀ ਕਿਰਪਾ ਤੋਂ ਬਿਨਾਂ ਅਜਿਹਾ ਨਹੀਂ ਹੋ ਸਕਦਾ।

ਤੂ ਅਥਾਹੁ ਅਪਾਰੁ ਅਤਿ ਊਚਾ ਕੋਈ ਅਵਰੁ ਨ ਤੇਰੀ ਭਾਤੇ॥
ਇਹ ਅਰਦਾਸਿ ਹਮਾਰੀ ਸੁਆਮੀ ਵਿਸਰੁ ਨਾਹੀ ਸੁਖ ਦਾਤੇ॥[375]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 747 ਤੇ ਰਾਗੁ ਸੂਹੀ ਵਿਚ ਦਰਜ ਹਨ, "ਹੇ ਪ੍ਰਭੂ! (ਤੇਰੇ ਦਿਲ ਦੀ) ਡੂੰਘਾਈ ਨਹੀਂ ਲੱਭ ਸਕਦੀ, ਤੇਰੀ ਹਸਤੀ ਦਾ ਪਾਰਲਾ ਬੰਨਾ ਨਹੀਂ ਲੱਭ ਸਕਦਾ, ਤੂੰ ਬਹੁਤ ਹੀ ਉੱਚਾ ਹੈਂ, ਕੋਈ ਹੋਰ ਤੇਰੇ ਵਰਗਾ ਨਹੀਂ ਹੈ। ਹੇ ਮਾਲਕ! ਹੇ ਸੁਖਾਂ ਦੇ ਦੇਣ ਵਾਲੇ! ਅਸਾਂ ਜੀਵਾਂ ਦੀ (ਤੇਰੇ ਅੱਗੇ) ਇਹੀ ਅਰਜ਼ੋਈ ਹੈ, ਕਿ ਸਾਨੂੰ ਤੂੰ ਕਦੇ ਭੀ ਨਾਹ ਭੁੱਲ।"[376] ਉਸ ਪਰਮਾਤਮਾ ਦਾ ਅੰਤ ਨਹੀਂ ਪਾਇਆ ਜਾ ਸਕਦਾ,ਉਸ ਵਰਗਾ ਦੂਜਾ ਹੋਰ ਕੋਈ ਨਹੀਂ ਇਸ ਲਈ ਪਰਮਾਤਮਾ ਅੱਗੇ ਉਸਨੂੰ ਕਦੇ ਨਾ ਭੁੱਲਣ ਦੀ ਅਰਦਾਸ ਕੀਤੀ ਗਈ ਹੈ।

ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ॥
ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ॥[377]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 749 ਤੇ ਰਾਗੁ ਸੂਹੀ ਵਿਚ ਦਰਜ ਹਨ, "ਹੇ ਭਾਈ! ਨਾਨਕ ਦੀ ਪਰਮਾਤਮਾ ਅੱਗੇ ਸਦਾ ਇਹੀ ਬੇਨਤੀ ਹੈ ਕਿ—ਹੇ ਪ੍ਰਭੂ! ਮੈਂ ਤੇਰੇ ਸੰਤ ਜਨਾਂ ਦਾ ਦਰਸਨ ਕਰਦਾ ਰਹਾਂ, ਮੈਂ ਉਹਨਾਂ ਨੂੰ ਪੱਖਾ ਝੱਲਦਾ ਰਹਾਂ, ਉਹਨਾਂ ਵਾਸਤੇ ਪਾਣੀ ਢੋਂਦਾ ਰਹਾਂ ਤੇ ਉਹਨਾਂ ਦੇ ਦਰ ਤੇ ਚੱਕੀ ਪੀਹ ਕੇ ਸੇਵਾ ਕਰਦਾ ਰਹਾਂ।"[378] ਇਸ ਵਿਚ ਗੁਰੂ ਸਾਹਿਬ ਪ੍ਰਭੂ ਪਿਆਰਿਆਂ ਦੀ ਹੱਥੀ ਸੇਵਾ ਕਰਨ ਦੀ ਅਰਦਾਸ ਕਰ ਰਹੇ ਹਨ ਕਿ ਮੈਂ ਉਹਨਾਂ ਉਪਰ ਪੱਖਾ ਝੱਲਾਂ, ਪਾਣੀ ਢੋਵਾਂ ਅਤੇ ਚੱਕੀ ਪੀਹ ਕੇ ਸੇਵਾ ਕਰਾਂ।

ਕਰਉ ਬੇਨਤੀ ਸੰਤਨ ਪਾਸੇ॥ ਮੇਲਿ ਲੈਹੁ ਨਾਨਕ ਅਰਦਾਸੇ॥
ਭਇਓ ਕ੍ਰਿਪਾਲੁ ਸਾਧਸੰਗੁ ਪਾਇਆ॥ ਨਾਨਕ ਤ੍ਰਿਪਤੇ ਪੂਰਾ ਪਾਇਆ॥[379]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 759 ਤੇ ਰਾਗੁ ਸੂਹੀ ਵਿਚ ਦਰਜ ਹਨ, "ਹੇ ਪ੍ਰਭੂ! ਮੈਂ ਤੇਰੇ ਸੰਤ ਜਨਾਂ ਅੱਗੇ ਬੇਨਤੀ ਕਰਦਾ ਹਾਂ, ਅਰਜ਼ੋਈ ਕਰਦਾ ਹਾਂ ਕਿ ਮੈਨੂੰ ਨਾਨਕ ਨੂੰ (ਆਪਣੇ ਚਰਨਾਂ ਵਿਚ) ਮਿਲਾਈ ਰੱਖਣ।ਹੇ ਨਾਨਕ! (ਆਖ—) ਜਿਨ੍ਹਾਂ ਮਨੁੱਖਾਂ ਉੱਤੇ ਪਰਮਾਤਮਾ ਦਇਆਵਾਨ ਹੁੰਦਾ ਹੈ, ਉਹਨਾਂ ਨੂੰ ਗੁਰੂ ਦੀ ਸੰਗਤਿ ਪ੍ਰਾਪਤ ਹੁੰਦੀ ਹੈ, ਉਹ

---

374 ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 441.
375 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 747.
376 ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 443.
377 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 749.
378 ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 452.
379 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 759.

(ਮਾਇਆ ਦੀ ਤ੍ਰਿਸ਼ਨਾ ਵਲੋਂ) ਰੱਜ ਜਾਂਦੇ ਹਨ, ਤੇ, ਉਹਨਾਂ ਨੂੰ ਪੂਰਨ ਪ੍ਰਭੂ ਮਿਲ ਪੈਂਦਾ ਹੈ।"[380] ਇਸ ਅਰਦਾਸ ਵਿਚ ਪਰਮਾਤਮਾ ਦੇ ਚਰਨਾਂ ਦੀ ਪ੍ਰੀਤ ਮੰਗੀ ਗਈ ਹੈਅਤੇ ਦੱਸਿਆ ਗਿਆ ਹੇ ਕਿ ਪਰਮਾਤਮਾ ਦੀ ਕਿਰਪਾ ਨਾਲ ਪੂਰੇ ਗੁਰੂ ਦੀ ਸੰਗਤ ਮਿਲਦੀ ਹੈ ਅਤੇ ਜੀਵਨ ਦਾ ਰਹੱਸ ਲੱਭ ਪੈਂਦਾ ਹੈ।

ਗੁਣ ਨਿਧਾਨ ਮੇਰਾ ਪ੍ਰਭੁ ਕਰਤਾ ਉਸਤਤਿ ਕਉਨੁ ਕਰੀਜੈ ਰਾਮ॥
ਸੰਤਾ ਕੀ ਬੇਨੰਤੀ ਸੁਆਮੀ ਨਾਮੁ ਮਹਾ ਰਸੁ ਦੀਜੈ ਰਾਮ॥[381]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 784 ਤੇ ਰਾਗੁ ਸੂਹੀ ਵਿਚ ਦਰਜ ਹਨ, "ਹੇ ਭਾਈ! ਮੇਰਾ ਕਰਤਾਰ ਮੇਰਾ ਪ੍ਰਭੂ ਸਾਰੇ ਗੁਣਾਂ ਦਾ ਖ਼ਜ਼ਾਨਾ ਹੈ। ਕੋਈ ਭੀ ਅਜਿਹਾ ਮਨੁੱਖ ਨਹੀਂ, ਜਿਸ ਪਾਸੋਂ (ਉਸ ਦੀ ਪੂਰੀ) ਵਡਿਆਈ ਕੀਤੀ ਜਾ ਸਕੇ। (ਉਸ ਦੇ) ਸੰਤ-ਜਨਾਂ ਦੀ (ਉਸ ਦੇ ਦਰ ਤੇ ਸਦਾ ਇਹ) ਅਰਦਾਸ ਹੁੰਦੀ ਹੈ—ਹੇ ਮਾਲਕ ਪ੍ਰਭੂ! ਬੇਅੰਤ ਸੁਆਦਲਾ ਆਪਣਾ ਨਾਮ ਬਖ਼ਸ਼ੀ ਰੱਖ; ਇਹ ਮਿਹਰ ਕਰ ਕਿ ਆਪਣਾ ਨਾਮ ਬਖ਼ਸ਼ੀ ਰੱਖ।"[382] ਪਰਮਾਤਮਾ ਸਾਰੇ ਗੁਣਾਂ ਦਾ ਖਜ਼ਾਨਾ ਹੈ, ਉਸਦੀ ਸੰਪੂਰਨ ਵਡਿਆਈ ਕੋਈ ਨਹੀਂ ਕਰ ਸਕਦਾ ਅਤੇ ਉਸ ਕੋਲੋਂ ਨਾਮ ਦੀ ਦਾਤ ਦੇਣ ਦੀ ਮੰਗ ਕੀਤੀ ਗਈ ਹੈ।

### 5.51 ਪਰਮਾਤਮਾ ਦੇ ਸੇਵਕਾਂ ਦੀ ਸੇਵਾ ਕਰਨ ਦੀ ਅਰਦਾਸ

ਸੇਵਕੁ ਜਨ ਕੀ ਸੇਵਾ ਮਾਗੈ ਪੂਰੈ ਕਰਮਿ ਕਮਾਵਾ॥
ਨਾਨਕ ਕੀ ਬੇਨੰਤੀ ਸੁਆਮੀ ਤੇਰੇ ਜਨ ਦੇਖਣੁ ਪਾਵਾ॥[383]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 741-42 ਤੇ ਰਾਗੁ ਬਿਲਾਵਲੁ ਵਿਚ ਦਰਜ ਹਨ, "ਹੇ ਪ੍ਰਭੂ! (ਤੇਰਾ ਇਹ) ਸੇਵਕ (ਤੇਰੇ ਉਹਨਾਂ) ਸੇਵਕਾਂ ਦੀ ਸੇਵਾ (ਦੀ ਦਾਤਿ ਤੇਰੇ ਪਾਸੋਂ) ਮੰਗਦਾ ਹੈ, (ਤੇਰੀ) ਪੂਰਨ ਬਖ਼ਸ਼ਸ਼ ਨਾਲ (ਹੀ) ਮੈਂ (ਉਹਨਾਂ ਦੀ) ਸੇਵਾ ਦੀ ਕਾਰ ਕਰ ਸਕਦਾ ਹਾਂ। ਹੇ ਮਾਲਕ-ਪ੍ਰਭੂ! (ਤੇਰੇ ਸੇਵਕ) ਨਾਨਕ ਦੀ (ਤੇਰੇ ਦਰ ਤੇ) ਅਰਦਾਸ ਹੈ, (-ਮੇਹਰ ਕਰ) ਮੈਂ ਤੇਰੇ ਸੇਵਕਾਂ ਦਾ ਦਰਸਨ ਕਰ ਸਕਾਂ।"[384] ਇਸ ਅਰਦਾਸ ਵਿਚ ਪਰਮਾਤਮਾ ਦੇ ਸੇਵਕਾਂ ਦੀ ਸੇਵਾ ਦੇ ਮੰਗ ਦੀ ਅਰਦਾਸ ਕੀਤੀ ਗਈ ਹੈ ਅਤੇ ਉਹਨਾਂ ਦੇ ਦਰਸ਼ਨਾਂ ਦੀ ਮੰਗ ਵੀ ਕੀਤੀ ਗਈ ਹੈ।

ਦੇਹੁ ਭਗਤਿ ਪ੍ਰਭ ਅੰਤਰਜਾਮੀ॥ ਨਾਨਕ ਕੀ ਬੇਨੰਤੀ ਸੁਆਮੀ॥[385]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 804 ਤੇ ਰਾਗੁ ਬਿਲਾਵਲੁ ਵਿਚ ਦਰਜ ਹਨ, "ਹੇ ਹਰੇਕ ਦੇ ਦਿਲ ਦੀ ਜਾਣਨ ਵਾਲੇ ਪ੍ਰਭੂ! ਹੇ ਮਾਲਕ! (ਤੇਰੇ ਦਾਸ) ਨਾਨਕ ਦੀ (ਤੇਰੇ ਦਰ ਤੇ) ਬੇਨਤੀ ਹੈ ਕਿ ਆਪਣੀ ਭਗਤੀ ਦਾ ਦਾਨ ਦੇਹ।"[386] ਇਸ ਅਰਦਾਸ ਵਿਚ

---

[380] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 506.
[381] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 784.
[382] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ 633.
[383] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 802.
[384] ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਛੇਵੀਂ ਪੋਥੀ), ਪੰਨਾ 40.
[385] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 804.
[386] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਛੇਵੀਂ ਪੋਥੀ)*, ਪੰਨਾ 49.

ਪਰਮਾਤਮਾ ਕੋਲੋਂ ਭਗਤੀ ਦੀ ਦਾਤ ਮੰਗੀ ਗਈ ਹੈ।

ਕਰਉ ਬੇਨਤੀ ਅਤਿ ਘਨੀ ਇਹੁ ਜੀਉ ਹੋਮਾਗਉ॥
ਅਰਥ ਆਨ ਸਭਿ ਵਾਰਿਆ ਪ੍ਰਿਅ ਨਿਮਖ ਸੋਹਾਗਉ॥[387]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 808 ਤੇ ਰਾਗੁ ਬਿਲਾਵਲੁ ਵਿਚ ਦਰਜ ਹਨ, "(ਹੇ ਭਾਈ! ਪ੍ਰਭੂ ਦੇ ਦਰ ਤੇ) ਮੈਂ ਬੜੀ ਅਧੀਨਗੀ ਨਾਲ ਅਰਦਾਸਾਂ ਕਰਾਗੁ, ਆਪਣੀ ਇਹ ਜਿੰਦ ਭੀ ਕੁਰਬਾਨ ਕਰ ਦਿਆਂਗਾ। ਪਿਆਰੇ ਦੇ ਇਕ ਪਲ ਭਰ ਦੇ ਮਿਲਾਪ ਦੇ ਅਨੰਦ ਦੇ ਵੱਟੇ ਵਿਚ ਮੈਂ (ਦੁਨੀਆ ਦੇ) ਸਾਰੇ ਪਦਾਰਥ ਸਦਕੇ ਕਰ ਦਿਆਂਗਾ।"[388] ਪਰਮਾਤਮਾ ਦੇ ਦਰਸ਼ਨਾਂ ਲਈ ਹਰ ਸੁਖ ਨੂੰ ਤਿਆਗ ਕਰਨ ਦੀ ਅਰਦਾਸ ਕੀਤੀ ਗਈ ਹੈ ਅਤੇ ਜਾਨ ਵੀ ਵਾਰਨ ਦੀ ਗੱਲ ਕੀਤੀ ਗਈ ਹੈ।

ਸਭੁ ਕਿਛੁ ਤੁਮ ਤੇ ਮਾਗਨਾ ਵਡਭਾਗੀ ਪਾਏ॥
ਨਾਨਕ ਕੀ ਅਰਦਾਸਿ ਪ੍ਰਭ ਜੀਵਾ ਗੁਨ ਗਾਏ॥[389]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 811 ਤੇ ਰਾਗੁ ਬਿਲਾਵਲੁ ਵਿਚ ਦਰਜ ਹਨ, "ਹੇ ਪ੍ਰਭੂ! (ਅਸੀ ਜੀਵ) ਸਭ ਕੁਝ ਤੇਰੇ ਪਾਸੋਂ ਹੀ ਮੰਗ ਸਕਦੇ ਹਾਂ। (ਜੇਹੜਾ) ਵਡ-ਭਾਗੀ (ਮਨੁੱਖ ਮੰਗਦਾ ਹੈ, ਉਹ) ਪ੍ਰਾਪਤ ਕਰ ਲੈਂਦਾ ਹੈ। ਹੇ ਪ੍ਰਭੂ! (ਤੇਰੇ ਦਾਸ) ਨਾਨਕ ਦੀ (ਤੇਰੇ ਦਰ ਤੇ) ਅਰਦਾਸ ਹੈ (ਮੇਹਰ ਕਰ, ਮੈਂ ਨਾਨਕ) ਤੇਰੇ ਗੁਣ ਗਾ ਕੇ ਆਤਮਕ ਜੀਵਨ ਹਾਸਲ ਕਰ ਲਵਾਂ।"[390] ਪਰਮਾਤਮਾ ਹੀ ਸਾਰੀਆਂ ਮੰਗਾਂ ਪੂਰੀਆਂ ਕਰਨ ਵਾਲਾ ਹੈ। ਇਸ ਲਈ ਗੁਰੂ ਸਹਿਬ ਉਸਦੇ ਗੁਣਾਂ ਸਹਾਰੇ ਜ਼ਿੰਦਗੀ ਕੱਟਣ ਦੀ ਅਰਦਾਸ ਕਰ ਰਹੇ ਹਨ।

ਨੀਚ ਤੇ ਨੀਚੁ ਅਤਿ ਨੀਚੁ ਹੋਇ ਕਰਿ ਬਿਨਉ ਬੁਲਾਵਉ॥
ਪਾਵ ਮਲੋਵਾ ਆਪੁ ਤਿਆਗਿ ਸੰਤ ਸੰਗਿ ਸਮਾਵਉ॥[391]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 812 ਤੇ ਰਾਗੁ ਬਿਲਾਵਲੁ ਵਿਚ ਦਰਜ ਹਨ, "(ਹੇ ਪ੍ਰਭੂ! ਮੇਹਰ ਕਰ) ਮੈਂ ਨੀਵੇਂ ਤੋਂ ਨੀਵਾਂ ਹੋ ਕੇ ਬਹੁਤ ਨੀਵਾਂ ਹੋ ਕੇ (ਸੰਤਾਂ ਅੱਗੇ) ਬੇਨਤੀ ਕਰ ਕੇ ਉਹਨਾਂ ਨੂੰ ਬੁਲਾਂਦਾ ਰਹਾਂ, ਮੈਂ ਆਪਾ-ਭਾਵ ਛੱਡ ਕੇ ਸੰਤਾਂ ਦੇ ਪੈਰ ਘੁੱਟਿਆ ਕਰਾਂ ਅਤੇ ਸੰਤਾਂ ਦੀ ਸੰਗਤਿ ਵਿਚ ਟਿਕਿਆ ਰਹਾਂ।"[392] ਇਸ ਅਰਦਾਸ ਵਿਚ ਨਿਮਰਤਾ ਦੇ ਘਰ ਵਿਚ ਆ ਕੇ ਗੁਰੂ ਸਾਹਿਬ ਸੰਤਾਂ ਦੀ ਸੇਵਾ ਕਰਨ ਦੀ ਮੰਗ ਕਰ ਰਹੇ ਹਨ।

---

387 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 808.
388 ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਛੇਵੀਂ ਪੋਥੀ)*, ਪੰਨਾ 70.
389 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 811.
390 ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਛੇਵੀ ਪੋਥੀ)*, ਪੰਨਾ 85.
391 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 812.
392 ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਛੇਵੀ ਪੋਥੀ)*, ਪੰਨਾ 90

ਉਠਤ ਬੈਠਤ ਜਪਉ ਨਾਮੁ ਇਹੁ ਕਰਮੁ ਕਮਾਵਉ॥

ਨਾਨਕ ਕੀ ਪ੍ਰਭ ਬੇਨਤੀ ਹਰਿ ਸਰਨਿ ਸਮਾਵਉ॥[393]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 813 ਤੇ ਰਾਗੁ ਬਿਲਾਵਲੁ ਵਿਚ ਦਰਜ ਹਨ, "ਹੇ ਪ੍ਰਭੂ! (ਤੇਰੇ ਦਰ ਤੇ) ਨਾਨਕ ਦੀ ਇਹੀ ਬੇਨਤੀ ਹੈ ਕਿ ਉਠਦਿਆਂ ਬੈਠਦਿਆਂ (ਹਰ ਵੇਲੇ) ਮੈਂ (ਤੇਰਾ) ਨਾਮ ਜਪਿਆ ਕਰਾਂ, ਮੈਂ ਇਸ ਕੰਮ ਨੂੰ (ਹੀ ਸ੍ਰੇਸ਼ਟ ਜਾਣ ਕੇ ਨਿੱਤ) ਕਰਿਆ ਕਰਾਂ, ਅਤੇ, ਹੇ ਹਰੀ! ਮੈਂ ਤੇਰੇ ਹੀ ਚਰਨਾਂ ਵਿਚ ਲੀਨ ਰਹਾਂ।"[394] ਇਸ ਅਰਦਾਸ ਵਿਚ ਗੁਰੂ ਸਾਹਿਬ ਉਠਦਿਆਂ ਬਹਿੰਦਿਆਂ ਨਾਮ ਜਪਣ ਅਤੇ ਚਰਨਾਂ ਵਿਚ ਲੀਨ ਹੋਣ ਦੀ ਅਰਦਾਸ ਕਰ ਰਹੇ ਹਨ।

ਜੀਅਨ ਕਾ ਦਾਤਾ ਏਕੁ ਹੈ ਬੀਆ ਨਹੀ ਹੋਰੁ॥

ਨਾਨਕ ਕੀ ਬੇਨੰਤੀਆ ਮੈ ਤੇਰਾ ਜੋਰੁ॥[395]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 818 ਤੇ ਰਾਗੁ ਬਿਲਾਵਲੁ ਵਿਚ ਦਰਜ ਹਨ, "ਹੇ ਮਿੱਤਰ! ਸਾਰੇ ਜੀਵਾਂ ਨੂੰ ਦਾਤਾਂ ਦੇਣ ਵਾਲਾ ਸਿਰਫ਼ ਪਰਮਾਤਮਾ ਹੀ ਹੈ, ਉਸ ਤੋਂ ਬਿਨਾ ਕੋਈ ਹੋਰ ਦੂਜਾ (ਦਾਤਾਂ ਦੇਣ ਜੋਗਾ) ਨਹੀਂ ਹੈ (ਉਸ ਪ੍ਰਭੂ ਦੀ ਹੀ ਸਰਨ ਪਿਆ ਰਹੁ)। ਨਾਨਕ ਦੀ (ਭੀ ਪ੍ਰਭੂ-ਦਰ ਤੇ ਹੀ ਸਦਾ) ਅਰਦਾਸ ਹੈ (—ਹੇ ਪ੍ਰਭੂ!) ਮੈਨੂੰ ਤੇਰਾ ਹੀ ਆਸਰਾ ਹੈ।"[396] ਪਰਮਾਤਮਾ ਹੀ ਸਾਰੇ ਜੀਵਾਂ ਨੂੰ ਦਾਤਾਂ ਦਿੰਦਾ ਹੈ, ਉਸ ਤੋਂ ਬਿਨਾਂ ਕੋਈ ਦੂਜਾ ਨਹੀਂ ਇਸ ਲਈ ਉਸਦੇ ਆਸਰੇ ਲਈ ਅਰਦਾਸ ਕੀਤੀ ਗਈ ਹੈ।

ਸੁਣਿ ਸੁਆਮੀ ਅਰਦਾਸਿ ਜਨ ਤੁਮ ਅੰਤਰਜਾਮੀ॥

ਥਾਨ ਥਨੰਤਰਿ ਰਵਿ ਰਹੇ ਨਾਨਕ ਕੇ ਸੁਆਮੀ॥[397]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 819 ਤੇ ਰਾਗੁ ਬਿਲਾਵਲੁ ਵਿਚ ਦਰਜ ਹਨ, "ਹੇ ਸੁਆਮੀ ! ਨਾਨਕ ਦੇ ਮਾਲਕ ! ਤੂੰ ਹਰ ਥਾਂ ਵਿੱਚ ਵਸਦਾ ਹੈ, ਤੂੰ ਹਰੇਕ ਦੇ ਦਿਲ ਦੀ ਜਾਣਨ ਵਾਲਾ ਹੈ, ਤੂੰ ਆਪਣੇ ਸੇਵਕ ਦੀ ਅਰਦਾਸ (ਸਦਾ) ਸੁਣਦਾ ਹੈ।"[398] ਪਰਮਾਤਮਾ ਹਰ ਥਾਂ ਵੱਸਦਾ ਹੈ ਉਹ ਅੰਤਰਜਾਮੀ ਹੈ ਅਤੇ ਸਾਰਿਆਂ ਦੀ ਅਰਦਾਸ ਸੁਣ ਕੇ ਪੂਰੀ ਕਰਦਾ ਹੈ।

## ਸੇਵਕ ਦੀ ਅਰਦਾਸ ਕਦੇ ਖਾਲੀ ਨਹੀਂ ਜਾਂਦੀ

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥ ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ॥[399]

---

[393] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 813.
[394] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਛੇਵੀ ਪੋਥੀ)*, ਪੰਨਾ 99.
[395] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 818.
[396] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਛੇਵੀ ਪੋਥੀ)*, ਪੰਨਾ 126.
[397] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 819.
[398] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਛੇਵੀ ਪੋਥੀ)*, ਪੰਨਾ 130.
[399] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 819.

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 819 ਤੇ ਰਾਗੁ ਬਿਲਾਵਲੁ ਵਿਚ ਦਰਜ ਹਨ "ਹੇ ਨਾਨਕ! (ਆਖ—ਹੇ ਭਾਈ! ਪ੍ਰਭੂ ਦੇ ਦਰ ਦੇ ਹੀ ਸੇਵਕ ਬਣੇ ਰਹੋ) ਸੇਵਕ ਦੀ ਅਰਜ਼ੋਈ ਕਦੇ ਖ਼ਾਲੀ ਨਹੀਂ ਜਾਂਦੀ (ਪ੍ਰਭੂ ਜ਼ਰੂਰ ਸਹਾਇਤਾ ਕਰਦਾ ਹੈ, ਤੇ, ਰੋਗ ਆਦਿਕਾਂ ਤੋਂ ਆਪ ਹੀ ਬਚਾਂਦਾ ਹੈ)। ਉਹ ਪਰਮਾਤਮਾ ਸਾਰੇ ਗੁਣਾਂ ਦਾ ਖ਼ਜ਼ਾਨਾ ਹੈ, ਸਾਰੇ ਗੁਣਾਂ ਨਾਲ ਭਰਪੂਰ ਹੈ। ਮੈਨੂੰ ਤਾਂ ਉਸ ਪਰਮਾਤਮਾ ਦਾ ਹੀ ਆਸਰਾ ਹੈ।"[400] ਗੁਰੂ ਸਾਹਿਬ ਕਹਿ ਰਹੇ ਹਨ ਕਿ ਪਰਮਾਤਮਾ ਦੇ ਸੇਵਕ ਦੀ ਓਰਦਾਸ ਕਦੇ ਖਾਲੀ ਨਹੀਂ ਜਾਂਦੀ।

### 5.52 ਵਿਕਾਰਾਂ ਤੋਂ ਬਚਾਉਣ ਦੀ ਅਰਦਾਸ

ਭਗਤ ਜਨਾ ਕੀ ਬੇਨਤੀ ਸੁਣੀ ਪ੍ਰਭਿ ਆਪਿ॥

ਰੋਗ ਮਿਟਾਇ ਜੀਵਾਲਿਅਨੁ ਜਾ ਕਾ ਵਡ ਪਰਤਾਪੁ॥[401]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 820 ਤੇ ਰਾਗੁ ਬਿਲਾਵਲੁ ਵਿਚ ਦਰਜ ਹਨ, "ਹੇ ਭਾਈ! ਜਿਸ ਪ੍ਰਭੂ ਦਾ (ਸਭ ਤੋਂ) ਵੱਡਾ ਤੇਜ-ਪ੍ਰਤਾਪ ਹੈ ਉਸ ਨੇ ਆਪਣੇ ਭਗਤਾਂ ਦੀ ਅਰਜ਼ੋਈ (ਸਦਾ) ਸੁਣੀ ਹੈ (ਉਹਨਾਂ ਦੇ ਅੰਦਰੋਂ) ਰੋਗ ਮਿਟਾ ਕੇ ਉਹਨਾਂ ਨੂੰ ਆਤਮਕ ਜੀਵਨ ਦੀ ਦਾਤਿ ਬਖ਼ਸ਼ੀ ਹੈ।"[402] ਪਰਮਾਤਮਾ ਆਪਣੇ ਪਿਆਰ ਕਰਨ ਵਾਲਿਆਂ ਦੀ ਅਰਦਾਸ ਸੁਣਦੇ ਹਨ ਅਤੇ ਵਿਕਾਰਾਂ ਨੂੰ ਕੱਟ ਕੇ ਸਦੀਵੀਂ ਜੀਵਨ ਦੀ ਦਾਤ ਬਖਸ਼ਦੇ ਹਨ।

ਇਨ ਤੇ ਕਾਢਿ ਲੇਹੁ ਮੇਰੇ ਸੁਆਮੀ ਹਾਰਿ ਪਰੇ ਤੁਮ੍ ਸਾਰਨ॥

ਨਾਨਕ ਕੀ ਬੇਨੰਤੀ ਪ੍ਰਭ ਪਹਿ ਸਾਧ ਸੰਗਿ ਰੰਕ ਤਾਰਨ॥[403]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 820 ਤੇ ਰਾਗੁ ਬਿਲਾਵਲੁ ਵਿਚ ਦਰਜ ਹਨ, "ਹੇ ਮੇਰੇ ਮਾਲਕ-ਪ੍ਰਭੂ! ਇਹਨਾਂ ਵਿਕਾਰਾਂ ਤੋਂ ਸਾਨੂੰ ਬਚਾ ਲੈ (ਸਾਡੀ ਇਹਨਾਂ ਦੇ ਟਾਕਰੇ ਤੇ ਪੇਸ਼ ਨਹੀਂ ਜਾਂਦੀ) ਹਾਰ ਕੇ ਤੇਰੀ ਸਰਨ ਆ ਪਏ ਹਾਂ। ਹੇ ਪ੍ਰਭੂ! (ਤੇਰੇ ਦਰ ਦੇ ਸੇਵਕ) ਨਾਨਕ ਦੀ (ਤੇਰੇ ਅੱਗੇ) ਅਰਜ਼ੋਈ ਹੈ ਕਿ ਤੂੰ ਆਤਮਕ ਜੀਵਨ ਤੋਂ ਊੱਕੇ ਸੱਖਣੇ ਬੰਦਿਆਂ ਨੂੰ ਭੀ ਸਾਧ ਸੰਗਤਿ ਵਿਚ ਲਿਆ ਕੇ (ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਲੈਂਦਾ ਹੈਂ।"[404] ਇਸ ਅਰਦਾਸ ਵਿਚ ਵਿਕਾਰਾਂ ਤੇ ਰੱਖਿਆ ਕਰਨ ਦੀ ਮੰਗ ਕੀਤੀ ਗਈ ਹੈ।

ਕਰਿ ਕਿਰਪਾ ਜਿਸੁ ਆਪਿ ਦਿਵਾਇਆ॥ ਸਾਧ ਸੰਗਿ ਤਿਨਿ ਹਰਿ ਧਨੁ ਪਾਇਆ॥

ਦਇਆਲ ਪੁਰਖ ਨਾਨਕ ਅਰਦਾਸਿ॥ ਹਰਿ ਮੇਰੀ ਵਰਤਣਿ ਹਰਿ ਮੇਰੀ ਰਾਸਿ॥[405]

---

[400] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਛੇਵੀ ਪੋਥੀ)*, ਪੰਨਾ 129.
[401] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 820
[402] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਛੇਵੀ ਪੋਥੀ)*, ਪੰਨਾ 132.
[403] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 820.
[404] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਛੇਵੀ ਪੋਥੀ)*, ਪੰਨਾ 136.
[405] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 893-894.

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 893-894ਤੇ ਰਾਗੁ ਬਿਲਾਵਲੁ ਵਿਚ ਦਰਜ ਹਨ, "ਉਸ ਮਨੁੱਖ ਨੇ ਗੁਰੂ ਦੀ ਸੰਗਤਿ ਵਿਚ ਰਹਿ ਕੇ ਉਹ ਨਾਮ-ਧਨ ਲੱਭਾ ਹੈ ਜਿਸ ਨੂੰ ਪ੍ਰਭੂ ਨੇ ਆਪ ਕਿਰਪਾ ਕਰ ਕੇ ਇਹ ਧਨ ਦਿਵਾਇਆ ਹੈ। ਹੇ ਦਇਆ ਦੇ ਸੋਮੇ ਅਕਾਲ ਪੁਰਖ! (ਤੇਰੇ ਸੇਵਕ) ਨਾਨਕ ਦੀ ਭੀ ਇਹੀ ਅਰਜ਼ੋਈ ਹੈ ਕਿ ਤੇਰਾ ਨਾਮ ਮੇਰਾ ਸਰਮਾਇਆ ਬਣਿਆ ਰਹੇ, ਤੇਰਾ ਨਾਮ ਮੇਰੀ ਹਰ ਵੇਲੇ ਦੀ ਵਰਤਣ ਵਾਲੀ ਸ਼ੈ ਬਣੀ ਰਹੇ।"[406] ਗੁਰੂ ਸਾਹਿਬ ਨਾਮ ਦੇ ਆਸਰੇ ਲਈ ਅਰਦਾਸ ਕਰ ਰਹੇ ਹਨ।

ਗੁਰ ਪਰਮੇਸੁਰ ਸਗਲ ਨਿਵਾਸ॥ ਘਟਿ ਘਟਿ ਰਵਿ ਰਹਿਆ ਗੁਣਤਾਸ॥
ਦਰਸੁ ਦੇਹਿ ਧਾਰਉ ਪ੍ਰਭ ਆਸ॥ ਨਿਤ ਨਾਨਕੁ ਚਿਤਵੈ ਸਚੁ ਅਰਦਾਸਿ॥[407]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 900 ਤੇ ਰਾਗੁ ਰਾਮਕਲੀ ਵਿਚ ਦਰਜ ਹਨ, "ਹੇ ਭਾਈ! ਗੁਰੂ-ਪਰਮਾਤਮਾ ਸਭ ਜੀਵਾਂ ਵਿਚ ਵੱਸਦਾ ਹੈ, ਸਾਰੇ ਗੁਣਾਂ ਦਾ ਖ਼ਜ਼ਾਨਾ ਹਰੇਕ ਹਿਰਦੇ ਵਿਚ ਮੌਜੂਦ ਹੈ। ਹੇ ਪ੍ਰਭੂ! ਮੈਨੂੰ ਆਪਣਾ ਦਰਸ਼ਨ ਦੇਹ, ਮੈਂ ਤੇਰੇ ਦਰਸ਼ਨ ਦੀ ਆਸ ਰੱਖੀ ਬੈਠਾ ਹਾਂ। ਮੇਰੀ ਇਹੀ ਅਰਦਾਸ ਹੈ ਕਿ (ਤੇਰਾ ਸੇਵਕ) ਨਾਨਕ ਸਦਾ-ਥਿਰ ਪ੍ਰਭੂ ਨੂੰ ਯਾਦ ਕਰਦਾ ਰਹੇ।"[408] ਪ੍ਰਭੂ ਦੀ ਯਾਦ ਚੱਲਦੀ ਰਹਿਣ ਦੀ ਅਰਦਾਸ ਕੀਤੀ ਗਈ ਹੈ।

ਕਰਮਹੀਣ ਧਨ ਕਰੈ ਬਿਨੰਤੀ ਕਦਿ ਨਾਨਕ ਆਵੈ ਵਾਰੀ॥
ਸਭਿ ਸੁਹਾਗਣਿ ਮਾਣਹਿ ਰਲੀਆ ਇਕ ਦੇਵਹੁ ਰਾਤਿ ਮੁਰਾਰੀ॥[409]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 959 ਤੇ ਰਾਗੁ ਬਿਲਾਵਲੁ ਵਿਚ ਦਰਜ ਹਨ, "ਮੈਂ ਭਾਗ-ਹੀਣ ਜੀਵ-ਇਸਤ੍ਰੀ ਅਰਜ਼ੋਈ ਕਰਦੀ ਹਾਂ, ਮੈਂ ਨਾਨਕ ਦੀ ਕਦੋਂ ਵਾਰੀ ਆਵੇਗੀ? ਹੇ ਪ੍ਰਭੂ! ਸਾਰੀਆਂ ਸੁਹਾਗਣਾਂ ਮੌਜਾਂ ਮਾਣ ਰਹੀਆਂ ਹਨ, ਮੈਨੂੰ ਭੀ (ਮਿਲਣ ਲਈ) ਇਕ ਰਾਤ ਦੇਹ।"[410] ਇਸ ਅਰਦਾਸ ਵਿਚ ਗੁਰੂ ਸਾਹਿਬ ਜੀਵ ਇਸਤ੍ਰੀ ਦੇ ਰੂਪ ਵਿਚ ਕਹਿ ਰਹੇ ਹਨ ਕਿ ਮੇਰੀ ਪਰਮਾਤਮਾ ਨਾਲ ਮਿਲਾਪ ਦੀ ਵਾਰੀ ਕਦੋਂ ਆਵੇਗੀ?

ਸਰਬ ਧਾਰਨ ਪ੍ਰਤਿਪਾਰਨ ਇਕ ਬਿਨਉ ਦੀਨਾ॥
ਤੁਮਰੀ ਬਿਧਿ ਤੁਮ ਹੀ ਜਾਨਹੁ ਤੁਮ ਜਲ ਹਮ ਮੀਨਾ॥[411]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1005 ਤੇ ਰਾਗੁ ਬਿਲਾਵਲੁ ਵਿਚ ਦਰਜ ਹਨ, "ਹੇ ਸਾਰੇ ਜੀਵਾਂ ਨੂੰ ਸਹਾਰਾ ਦੇਣ ਵਾਲੇ! ਹੇ ਸਭਨਾਂ ਨੂੰ ਪਾਲਣ ਵਾਲੇ! ਮੈਂ ਨਿਮਾਣਾ ਇਕ ਬੇਨਤੀ ਕਰਦਾ ਹਾਂ ਕਿ ਤੂੰ ਪਾਣੀ ਹੋਵੇਂ ਤੇ ਮੈਂ ਤੇਰੀ ਮੱਛੀ ਬਣਿਆ ਰਹਾਂ

---

[406] ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਛੇਵੀਂ ਪੋਥੀ), ਪੰਨਾ 534.
[407] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 900.
[408] ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਛੇਵੀਂ ਪੋਥੀ), ਪੰਨਾ 571.
[409] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 959.
[410] ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਸੱਤਵੀਂ ਪੋਥੀ), ਪੰਨਾ 150.
[411] ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1005.

(ਪਰ ਇਹ ਕਿਵੇਂ ਹੋ ਸਕੇ—ਇਹ) ਜੁਗਤਿ ਤੂੰ ਆਪ ਹੀ ਜਾਣਦਾ ਹੈਂ।"[412] ਇਸ ਅਰਦਾਸ ਵਿਚ ਪਰਮਾਤਮਾ ਨਾਲੋਂ ਵਿਛੋੜੇ ਦੀ ਅਵਸਥਾ ਨੂੰ ਬਿਆਨ ਕਰਦਿਆਂ ਕਹਿ ਰਹੇ ਹਨ ਕਿ ਮੈਂ ਪਰਮਾਤਮਾ ਰੂਪ ਪਾਣੀ ਵਿਚ ਮੱਛੀ ਵਾਂਗ ਰਹਾਂ ਭਾਵ ਉਸ ਵਿਚ ਲੀਨ ਹੋ ਜਾਵਾਂ।

ਬਲ ਬੁਧਿ ਸੁਧਿ ਪਰਾਣ ਸਰਬਸੁ ਸੰਤਨਾ ਕੀ ਰਾਸਿ॥
ਬਿਸਰੁ ਨਾਹੀ ਨਿਮਖ ਮਨ ਤੇ ਨਾਨਕ ਕੀ ਅਰਦਾਸਿ॥[413]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1005 ਤੇ ਰਾਗੁ ਮਾਰੂ ਵਿਚ ਦਰਜ ਹਨ, "ਹੇ ਭਾਈ! ਪਰਮਾਤਮਾ ਦਾ ਨਾਮ ਹੀ ਸੰਤ ਜਨਾਂ ਦਾ ਸਰਮਾਇਆ ਹੈ, ਬਲ ਹੈ, ਬੁੱਧੀ ਹੈ, ਸੂਝ-ਬੂਝ ਹੈ, ਜਿੰਦ ਹੈ, ਇਹੀ ਉਹਨਾਂ ਦਾ ਸਭ ਕੁਝ ਹੈ। ਨਾਨਕ ਦੀ ਭੀ ਇਹੀ ਬੇਨਤੀ ਹੈ—ਹੇ ਪ੍ਰਭੂ! ਮੇਰੇ ਮਨ ਤੋਂ ਤੂੰ ਅੱਖ ਝਮਕਣ ਜਿਤਨੇ ਸਮੇ ਲਈ ਭੀ ਨਾਹ ਭੁੱਲ।"[414] ਗੁਰੂ ਸਾਹਿਬ ਅਨੁਸਾਰ ਰੱਬ ਦਾ ਨਾਂ ਹੀ ਖਜ਼ਾਨਾ ਹੈ, ਸਾਰ ਕੁਝ ਪਰਮਾਤਮਾ ਹੀ ਹੈ, ਗੁਰੂ ਸਾਹਿਬ ਬੇਨਤੀ ਕਰਦੇ ਹਨ ਕਿ ਪਰਮਾਤਮਾ ਮੈਨੂੰ ਇਕ ਛਿਣ ਵੀ ਨਾ ਭੁੱਲ।

ਧਨ ਕਰੈ ਬਿਨਉ ਦੋਊ ਕਰ ਜੋਰੈ॥
ਪ੍ਰਿਅ ਪਰਦੇਸਿ ਨ ਜਾਹੁ ਵਸਹੁ ਘਰਿ ਮੋਰੈ॥
ਐਸਾ ਬਣਜੁ ਕਰਹੁ ਗ੍ਰਿਹ ਭੀਤਰਿ ਜਿਤੁ ਉਤਰੈ ਭੂਖ ਪਿਆਸਾ ਹੇ॥[415]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1072 ਤੇ ਰਾਗੁ ਮਾਰੂ ਵਿਚ ਦਰਜ ਹਨ, "ਹੇ ਭਾਈ! ਕਾਇਆਂ-ਇਸਤ੍ਰੀ ਦੋਵੇਂ ਹੱਥ ਜੋੜਦੀ ਹੈ ਤੇ (ਜੀਵਾਤਮਾ-ਪਤੀ ਅੱਗੇ) ਬੇਨਤੀ ਕਰਦੀ ਰਹਿੰਦੀ ਹੈ—ਹੇ ਪਿਆਰੇ! (ਮੈਨੂੰ ਛੱਡ ਕੇ) ਕਿਸੇ ਹੋਰ ਦੇਸ ਵਿਚ ਨਾਹ ਤੁਰ ਜਾਈਂ, ਮੇਰੇ ਹੀ ਇਸ ਘਰ ਵਿਚ ਟਿਕਿਆ ਰਹੀਂ।"[416] ਇਸ ਅਰਦਾਸ ਵਿਚ ਗੁਰੂ ਸਾਹਿਬ ਪਰਮਾਤਮਾ ਨੂੰ ਆਪਣੇ ਹਿਰਦੇ ਰੂਪੀ ਘਰ ਵਿਚ ਵੱਸਣ ਲਈ ਕਹਿ ਰਹੇ ਹਨ।

॥ਰੋਗ ਸੋਗ ਦੂਖ ਤਿਸੁ ਨਾਹੀ॥ ਸਾਧ ਸੰਗਿ ਹਰਿ ਕੀਰਤਨੁ ਗਾਹੀ॥
ਆਪਣਾ ਨਾਮੁ ਦੇਹਿ ਪ੍ਰਭ ਪ੍ਰੀਤਮ ਸੁਣਿ ਬੇਨੰਤੀ ਖਾਲਕਾ॥[417]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1085 ਤੇ ਰਾਗੁ ਮਾਰੂ ਵਿਚ ਦਰਜ ਹਨ, "ਹੇ ਭਾਈ! ਉਸ ਉਸ ਮਨੁੱਖ ਨੂੰ ਕੋਈ ਰੋਗ ਸੋਗ ਦੁੱਖ ਪੋਹ ਨਹੀਂ ਸਕਦੇ, ਜਿਹੜੇ ਗੁਰੂ ਦੀ ਸੰਗਤਿ ਵਿਚ ਟਿਕ ਕੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਦੇ ਗੀਤ ਗਾਂਦੇ ਰਹਿੰਦੇ ਹਨ। ਹੇ ਪ੍ਰੀਤਮ ਪ੍ਰਭੂ! ਹੇ ਖ਼ਲਕਤ ਦੇ ਪੈਦਾ ਕਰਨ ਵਾਲੇ! (ਮੇਰੀ ਭੀ) ਬੇਨਤੀ ਸੁਣ, (ਮੈਨੂੰ ਭੀ)

---

[412] ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਸੱਤਵੀਂ ਪੋਥੀ) ਪੰਨਾ 444.
[413] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1015.
[414] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਸੱਤਵੀਂ ਪੋਥੀ)* ਪੰਨਾ 508.
[415] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1072.
[416] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਸੱਤਵੀਂ ਪੋਥੀ)*, ਪੰਨਾ 809.
[417] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1085.

ਆਪਣਾ ਨਾਮ ਦੇਹ।"[418] ਇਸ ਅਰਦਾਸ ਵਿਚ ਗੁਰੂ ਸਾਹਿਬ ਕਹਿ ਰਹੇ ਹਨ ਕਿ ਪਰਮਾਤਮਾ ਦੀ ਸੰਗਤ ਵਿਚ ਦੁੱਖਾਂ ਦਾ ਨਾਸ਼ ਹੁੰਦਾ ਹੈ ਅਤੇ ਪਰਮਾਤਮਾ ਨੂੰ ਨਾਮ ਦੀ ਦਾਤ ਦੇਣ ਦੀ ਵੀ ਬੇਨਤੀ ਕਰ ਰਹੇ ਹਨ।

ਅਰਦਾਸਿ ਸੁਣੀ ਦਾਤਾਰਿ ਪ੍ਰਭਿ ਢਾਢੀ ਕਉ ਮਹਲਿ ਬੁਲਾਵੈ॥
ਪ੍ਰਭ ਦੇਖਦਿਆ ਦੁਖ ਭੁਖ ਗਈ ਢਾਢੀ ਕਉ ਮੰਗਣੁ ਚਿਤਿ ਨ ਆਵੈ॥
ਸਭੇ ਇਛਾ ਪੂਰੀਆ ਲਗਿ ਪ੍ਰਭ ਕੈ ਪਾਵੈ॥
ਹਉ ਨਿਰਗੁਣੁ ਢਾਢੀ ਬਖਸਿਓਨੁ ਪ੍ਰਭਿ ਪੁਰਖਿ ਵੇਦਾਵੈ॥[419]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1097 ਤੇ ਰਾਗੁ ਮਾਰੂ ਵਿਚ ਦਰਜ ਹਨ, "ਦਾਤਾਰ ਪ੍ਰਭੂ ਨੇ (ਮੇਰੀ) ਅਰਦਾਸ ਸੁਣ ਲਈ ਤੇ (ਮੈਨੂੰ) ਢਾਢੀ ਨੂੰ ਆਪਣੇ ਮਹਲ ਵਿਚ ਬੁਲਾ ਲਿਆ (ਬੁਲਾਉਂਦਾ ਹੈ); ਪ੍ਰਭੂ ਦਾ ਦੀਦਾਰ ਕਰਦਿਆਂ ਹੀ ਮੇਰੀ (ਮਾਇਆ ਵਾਲੀ) ਭੁੱਖ ਤੇ ਹੋਰ ਦੁੱਖ ਦੂਰ ਹੋ ਗਏ, ਮੈਨੂੰ ਢਾਢੀ ਨੂੰ ਇਹ ਚੇਤੇ ਹੀ ਨਾਹ ਰਿਹਾ ਕਿ ਮੈਂ ਕੁਝ ਮੰਗਾਂ, ਪ੍ਰਭੂ ਦੀ ਚਰਨੀਂ ਲੱਗ ਕੇ ਮੇਰੀਆਂ ਸਾਰੀਆਂ ਹੀ ਕਾਮਨਾਂ ਪੂਰੀਆਂ ਹੋ ਗਈਆਂ (ਮੇਰੀ ਕੋਈ ਵਾਸਨਾ ਰਹਿ ਹੀ ਨ ਗਈ)। ਉਸ ਪ੍ਰਭੂ-ਪੁਰਖ ਨੇ ਮੈਨੂੰ ਨਿਮਾਣੇ ਗੁਣ-ਹੀਨ ਢਾਢੀ ਨੂੰ ਬਖ਼ਸ਼ ਲਿਆ।"[420]ਇਸ ਅਰਦਾਸ ਵਿਚ ਗੁਰੂ ਸਾਹਿਬ ਆਪਣੇ ਆਪਨੂੰ ਗੁਣ ਗਾਉਣ ਵਾਲਾ (ਢਾਡੀ) ਦੱਸਦੇ ਹੋਏ ਪਰਮਾਤਮਾ ਦੇ ਘਰ ਵਿਚ ਪ੍ਰਵੇਸ਼ ਕਰਨ ਬਾਰੇ ਅਤੇ ਪਰਮਾਤਮਾ ਦ`ੇਦਰਸ਼ਨ ਕਰਦਿਆਂ ਸਾਰੀਆਂ ਭੁੱਖਾਂ ਲਹਿਣ ਦੀ ਗੱਲ ਕਰ ਰਹੇ ਹਨ।

### 5.53 ਪਰਮਾਤਮਾ ਨੂੰ ਦਰਸ਼ਨ ਦੇਣ ਸੰਬੰਧੀ ਅਰਦਾਸ

ਸਗਲ ਗੁਣਾ ਕੇ ਦਾਤੇ ਸੁਆਮੀ ਬਿਨਉ ਸੁਨਹੁ ਇਕ ਦੀਨਾ॥
ਦੇਹੁ ਦਰਸੁ ਨਾਨਕ ਬਲਿਹਾਰੀ ਜੀਅੜਾ ਬਲਿ ਬਲਿ ਕੀਨਾ॥[421]

ਇਹ ਪਵਿੱਤਰ ਤੁਕਾਂ ਮਾਰੂ ਰਾਗੁ ਦੀ ਵਾਰ ਜੋ ਕਿ ਪੰਜਵੇਂ ਪਾਤਸ਼ਾਹ ਵੱਲੋਂ ਰਚਿਤ ਹੈ ਦੀ ਪਉੜੀ ਵਿਚੋਂ ਲਈਆਂ ਗਈਆਂ ਹਨ। ਇਸ ਵਿਚ ਪੰਜਵੇਂ ਪਾਤਸ਼ਾਹ ਢਾਢੀ ਦੇ ਰੂਪ ਵਿੱਚ ਖਸਮ ਪ੍ਰਭੂ ਅੱਗੇ ਅਰਦਾਸ ਕਰ ਰਹੇ ਹਨ ਅਤੇ ਅਰਦਾਸ ਦੇ ਪੂਰੇ ਹੋਣ ਬਾਰੇ ਵੀ ਇਸ਼ਾਰਾ ਪਉੜੀ ਦੇ ਅੰਤ ਵਿਚ ਕਰ ਰਹੇ ਹਨ।ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1117 ਤੇ ਰਾਗੁ ਤੁਖਾਰੀ ਵਿਚ ਦਰਜ ਹਨ, "ਹੇ ਸਾਰੇ ਗੁਣ ਦੇਣ ਵਾਲੇ ਮਾਲਕ! ਮੇਰੀ ਗਰੀਬ ਦੀ ਇਕ ਬੇਨਤੀ ਸੁਣ— (ਮੈਨੂੰ) ਨਾਨਕ ਨੂੰ ਆਪਣਾ ਦਰਸਨ ਬਖ਼ਸ਼, ਮੈਂ ਤੈਥੋਂ ਸਦਕੇ ਹਾਂ, ਮੈਂ ਆਪਣੀ ਇਹ ਨਿਮਾਣੀ ਜਿਹੀ ਜਿੰਦ ਤੈਥੋਂ ਵਾਰਨੇ ਕਰਦਾ ਹਾਂ।"[422] ਇਸ ਅਰਦਾਸ ਵਿਚ ਪਰਮਾਤਮਾ ਦੇ ਦਰਸ਼ਨਾਂ ਬਦਲੇ ਜਿੰਦ ਵਾਰਨ ਤੱਕ ਦੀ ਗੱਲ ਕੀਤੀ ਗਈ ਹੈ।

---

[418] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਸੱਤਵੀਂ ਪੋਥੀ),* ਪੰਨਾ 873.
[419] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1097.
[420] ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਅੱਠਵੀਂ ਪੋਥੀ), ਪੰਨਾ 64.
[421] *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1117.
[422] ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਅੱਠਵੀਂ ਪੋਥੀ), ਪੰਨਾ 202.

### 5.54 ਅਰਦਾਸ ਸੁਣਵਾਉਣ ਸੰਬੰਧੀ ਅਰਦਾਸ

ਦੀਨ ਬਿਨਉ ਸੁਨੁ ਦਇਆਲ॥

ਪੰਚ ਦਾਸ ਤੀਨਿ ਦੋਖੀ ਏਕ ਮਨੁ ਅਨਾਥ ਨਾਥ॥ ਰਾਖੁ ਹੋ ਕਿਰਪਾਲ॥[423]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1119 ਤੇ ਰਾਗੁ ਕੇਦਾਰਾ ਵਿਚ ਦਰਜ ਹਨ, "ਹੇ ਦਇਆਲ ਪ੍ਰਭੂ! ਹੇ ਅਨਾਥਾਂ ਦੇ ਨਾਥ! ਮੇਰੀ ਗਰੀਬ ਦੀ ਬੇਨਤੀ ਸੁਣ—(ਮੇਰਾ ਇਹ) ਇਕ ਮਨ ਹੈ, (ਕਾਮਾਦਿਕ) ਪੰਜਾਂ ਦਾ ਗ਼ੁਲਾਮ (ਬਣਿਆ ਪਿਆ) ਹੈ, ਮਾਇਆ ਦੇ ਤਿੰਨ ਗੁਣ ਇਸ ਦੇ ਵੈਰੀ ਹਨ। ਹੇ ਕਿਰਪਾਲ ਪ੍ਰਭੂ! (ਮੈਨੂੰ ਇਹਨਾਂ ਤੋਂ) ਬਚਾ ਲੈ।"[424] ਇਸ ਵਿਚ ਪੰਜ ਵਿਕਾਰਾਂ ਅਤੇ ਮਾਇਆ ਤੋਂ ਬਚਾਉਣ ਦੀ ਅਰਦਾਸ ਕੀਤੀ ਗਈ ਹੈ।

ਹਰਿ ਦਰਸਿ ਮਨੁ ਲਾਗਾ ਦਿਨਸੁ ਸਭਾਗਾ ਅਨਦਿਨੁ ਹਰਿ ਗੁਣ ਗਾਹੀ॥

ਨਾਨਕ ਦਾਸੁ ਕਹੈ ਬੇਨੰਤੀ ਕਤ ਹਰਿ ਬਿਨੁ ਪ੍ਰਾਣ ਟਿਕਾਹੀ॥[425]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1122 ਤੇ ਰਾਗੁ ਕੇਦਾਰਾ ਵਿਚ ਦਰਜ ਹਨ, "ਹੇ ਭਾਈ! ਉਹ ਦਿਨ ਭਾਗਾਂ ਵਾਲਾ ਹੁੰਦਾ ਹੈ ਜਦੋਂ ਉਹਨਾਂ ਦਾ ਮਨ ਪ੍ਰਭੂ ਦੇ ਦੀਦਾਰ ਵਿਚ ਜੁੜਦਾ ਹੈ, ਉਹ ਹਰ ਵੇਲੇ ਪ੍ਰਭੂ ਦੇ ਗੁਣ ਗਾਂਦੇ ਰਹਿੰਦੇ ਹਨ। ਦਾਸ ਨਾਨਕ ਬੇਨਤੀ ਕਰਦਾ ਹੈ—(ਹੇ ਭਾਈ! ਜਿਨ੍ਹਾਂ ਦੇ ਮਨ ਪ੍ਰਭੂ-ਪ੍ਰੇਮ ਵਿਚ ਵਿੱਝੇ ਹੋਏ ਹਨ, ਉਹਨਾਂ ਦੇ) ਪ੍ਰਾਣ ਪਰਮਾਤਮਾ ਦੀ ਯਾਦ ਤੋਂ ਬਿਨਾ ਕਿਤੇ ਭੀ ਧੀਰਜ ਨਹੀਂ ਪਾ ਸਕਦੇ।"[426] ਇਸ ਅਰਦਾਸ ਵਿਚ ਗੁਰੂ ਸਾਹਿਬ ਦੱਸ ਰਹੇ ਹਨ ਕਿ ਮੇਰੀ ਜਿੰਦ ਪਰਮਾਤਮਾ ਤੋਂ ਬਿਨਾਂ ਕਿਤੇ ਵੀ ਨਹੀਂ ਠਹਿਰਦੀ ਅਤੇ ਉਹੋ ਦਿਨ ਚੰਗਾ ਹੈ ਜਦੋਂ ਪ੍ਰਭੂ ਦੇ ਗੁਣ ਗਾਏ ਜਾਂਦੇ ਹਨ।

ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ॥

ਮਲੇਛੁ ਪਾਪੀ ਪਚਿਆ ਭਇਆ ਨਿਰਾਸੁ॥[427]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1137 ਤੇ ਰਾਗੁ ਭੈਰਉ ਵਿਚ ਦਰਜ ਹਨ, "ਹੇ ਨਾਨਕ! (ਆਖ—ਹੇ ਭਾਈ!) ਆਪਣੇ ਸੇਵਕ ਦੀ ਪਰਮੇਸਰ ਨੇ (ਸਦਾ ਹੀ) ਅਰਦਾਸ ਸੁਣੀ ਹੈ (ਵੇਖੋ, ਪਰਮੇਸਰ ਦੇ ਸੇਵਕ ਉੱਤੇ ਵਾਰ ਕਰਨ ਵਾਲਾ) ਦੁਸ਼ਟ ਪਾਪੀ (ਆਪ ਹੀ) ਮਰ ਮਿਟਿਆ, ਤੇ, ਬੇ-ਮੁਰਾਦਾ ਹੀ ਰਿਹਾ।"[428] ਇਸ ਅਰਦਾਸ ਵਿਚ ਪੰਜਵੇਂ ਪਾਤਸ਼ਾਹ ਆਪਣੇ ਸਪੁੱਤਰ ਹਰਗੋਬਿੰਦ ਸਾਹਿਬ ਨੂੰ ਬਚਪਨ ਵਿਚ ਉਹਨਾਂ ਦੇ ਵਿਰੋਧੀਆਂ ਦੀ ਚਾਲਾਂ ਤੋਂ ਬਚਾਉਣ ਕਰਕੇ ਪਰਮਾਤਮਾ ਅੱਗੇ ਸ਼ੁਕਰਾਨਾ ਕਰ ਰਹੇ ਹਨ।

---

[423] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1119.
[424] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਅੱਠਵੀਂ ਪੋਥੀ)*, ਪੰਨਾ 210.
[425] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1122
[426] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਅੱਠਵੀਂ ਪੋਥੀ)*, ਪੰਨਾ 227.
[427] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1137.
[428] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਅੱਠਵੀਂ ਪੋਥੀ)*, ਪੰਨਾ 313.

ਸੁਣਿ ਸੁਆਮੀ ਸੰਤਨ ਅਰਦਾਸਿ॥ ਜੀਉ ਪ੍ਰਾਨ ਧਨੁ ਤੁਮ੍ਹਰੈ ਪਾਸਿ॥

ਇਹੁ ਜਗੁ ਤੇਰਾ ਸਭ ਤੁਝਹਿ ਧਿਆਏ॥ ਕਰਿ ਕਿਰਪਾ ਨਾਨਕ ਸੁਖੁ ਪਾਏ॥[429]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1146 ਤੇ ਰਾਗੁ ਭੈਰਉ ਵਿਚ ਦਰਜ ਹਨ, "ਹੇ ਸੁਆਮੀ! ਤੂੰ ਆਪਣੇ ਸੰਤ ਜਨਾਂ ਦੀ ਅਰਜ਼ੋਈ ਸੁਣ ਲੈਂਦਾ ਹੈਂ। ਸੰਤ ਜਨ ਆਪਣੀ ਜਿੰਦ ਆਪਣੇ ਪ੍ਰਾਣ ਆਪਣਾ ਧਨ ਸਭ ਕੁਝ ਤੇਰੇ ਹਵਾਲੇ ਕਰੀ ਰੱਖਦੇ ਹਨ। ਹੇ ਪ੍ਰਭੂ! ਇਹ ਸਾਰਾ ਜਗਤ ਤੇਰਾ ਪੈਦਾ ਕੀਤਾ ਹੋਇਆ ਹੈ, ਸਾਰੀ ਲੁਕਾਈ ਤੇਰਾ ਹੀ ਧਿਆਨ ਧਰਦੀ ਹੈ। ਹੇ ਨਾਨਕ! (ਆਖ—ਹੇ ਪ੍ਰਭੂ!) ਮਿਹਰ ਕਰ ਕੇ (ਜਿਸ ਨੂੰ ਤੂੰ ਆਪਣਾ ਨਾਮ ਬਖ਼ਸ਼ਦਾ ਹੈਂ, ਉਹ ਮਨੁੱਖ) ਆਤਮਕ ਆਨੰਦ ਮਾਣਦਾ ਹੈ।"[430] ਪਰਮਾਤਮਾ ਦੇ ਪਿਆਰੇ ਆਪਣਾ ਤਨ ਮਨ ਉਸਦੇ ਹਵਾਲੇ ਕਰਦੇ ਹਨ, ਉਸਦਾ ਧਿਆਨ ਧਰਦੇ ਹਨ ਇਸ ਲਈ ਪਰਮਾਤਮਾ ਅੱਗੇ ਆਤਮਕ ਅਨੰਦ ਦੇਣ ਦੀ ਅਰਦਾਸ ਕੀਤੀ ਗਈ ਹੈ।

ਗੁਰ ਅਪਨੇ ਆਗੈ ਅਰਦਾਸਿ॥ ਕਰਿ ਕਿਰਪਾ ਪੁਰਖ ਗੁਣਤਾਸਿ॥

ਕਹੁ ਨਾਨਕ ਤੁਮਰੀ ਸਰਣਾਈ॥ ਜਿਉ ਭਾਵੈ ਤਿਉ ਰਖਹੁ ਗੁਸਾਈ॥[431]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1147 ਤੇ ਰਾਗੁ ਭੈਰਉ ਵਿਚ ਦਰਜ ਹਨ, "ਹੇ ਨਾਨਕ! ਆਪਣੇ ਗੁਰੂ ਦੇ ਦਰ ਤੇ (ਸਦਾ) ਅਰਜ਼ੋਈ ਕਰਿਆ ਕਰ, ਤੇ, ਆਖਦਾ ਰਹੁ—ਹੇ ਸ੍ਰਿਸ਼ਟੀ ਦੇ ਮਾਲਕ! ਹੇ ਗੁਣਾਂ ਦੇ ਖ਼ਜ਼ਾਨੇ ਅਕਾਲ ਪੁਰਖ! ਮੈਂ ਤੇਰੀ ਸਰਨ ਆਇਆ ਹਾਂ, ਮਿਹਰ ਕਰ ਕੇ ਜਿਵੇਂ ਤੇਰੀ ਰਜ਼ਾ ਹੈ ਤਿਵੇਂ ਮੈਨੂੰ (ਆਪਣੇ ਚਰਨਾਂ ਵਿਚ) ਰੱਖ।"[432] ਇਸ ਅਰਦਾਸ ਵਿਚ ਗੁਰੂ ਅੱਗੇ ਅਰਦਾਸ ਕੀਤੀ ਗਈ ਹੈ ਕਿ ਪਰਮਾਤਮਾ ਦੇ ਦੁਆਰ ਦਾ ਰਾਹ ਦਿਖਾਉ।

ਦੁਇ ਕਰ ਜੋਰਿ ਕਰਉ ਅਰਦਾਸਿ॥ ਜੀਉ ਪਿੰਡੁ ਧਨੁ ਤਿਸ ਕੀ ਰਾਸਿ॥

ਸੋਈ ਮੇਰਾ ਸੁਆਮੀ ਕਰਨੈਹਾਰੁ॥ ਕੋਟਿ ਬਾਰ ਜਾਈ ਬਲਿਹਾਰ॥[433]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1152 ਤੇ ਰਾਗੁ ਭੈਰਉ ਵਿਚ ਦਰਜ ਹਨ, "ਹੇ ਭਾਈ! (ਗੁਰੂ ਦੀ ਸਰਨ ਦੀ ਬਰਕਤਿ ਨਾਲ) ਮੈਂ ਦੋਵੇਂ ਹੱਥ ਜੋੜ ਕੇ (ਪ੍ਰਭੂ ਦੇ ਦਰ ਤੇ) ਅਰਜ਼ੋਈ ਕਰਦਾ ਰਹਿੰਦਾ ਹਾਂ। ਮੇਰੀ ਇਹ ਜਿੰਦ, ਮੇਰਾ ਇਹ ਸਰੀਰ ਇਹ ਧਨ—ਸਭ ਕੁਝ ਉਸ ਪਰਮਾਤਮਾ ਦੀ ਬਖ਼ਸ਼ੀ ਪੂੰਜੀ ਹੈ। ਮੇਰਾ ਉਹ ਮਾਲਕ ਆਪ ਹੀ ਸਭ ਕੁਝ ਕਰਨ ਦੇ ਸਮਰੱਥ ਹੈ। ਮੈਂ ਕ੍ਰੋੜਾਂ ਵਾਰੀ ਉਸ ਤੋਂ ਸਦਕੇ ਜਾਂਦਾ ਹਾਂ।"[434] ਇਸ ਅਰਦਾਸ ਵਿਚ ਪਰਮਾਤਮਾ ਦੀਆਂ

---

[429] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1146.
[430] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਅੱਠਵੀਂ ਪੋਥੀ)*, ਪੰਨਾ 360.
[431] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1147.
[432] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਅੱਠਵੀਂ ਪੋਥੀ)*, ਪੰਨਾ 365.
[433] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1152.
[434] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਅੱਠਵੀਂ ਪੋਥੀ)*, ਪੰਨਾ 389.

ਬਰਕਤਾਂ ਤੋਂ ਬਲਿਹਾਰ ਜਾਣ ਦੀ ਗੱਲ ਗੁਰੂ ਸਾਹਿਬ ਕਰ ਰਹੇ ਹਨ ਅਤੇ ਦੋਵੇਂ ਹੱਥ ਜੋੜ ਕੇ ਉਸਦੀ ਸਮਰੱਥਾ ਤੋਂ ਬਲਿਹਾਰ ਜਾ ਰਹੇ ਹਨ।

### 5.55 ਅਰਦਾਸ ਪੂਰੀ ਹੋਣ ਸੰਬੰਧੀ

ਸਤਿਗੁਰ ਅਪੁਨੇ ਸੁਨੀ ਅਰਦਾਸਿ॥ ਕਾਰਜੁ ਆਇਆ ਸਗਲਾ ਰਾਸਿ॥
ਮਨ ਤਨ ਅੰਤਰਿ ਪ੍ਰਭੂ ਧਿਆਇਆ॥ ਗੁਰ ਪੂਰੇ ਡਰੁ ਸਗਲ ਚੁਕਾਇਆ॥[435]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1152 ਤੇ ਰਾਗੁ ਭੈਰਉ ਵਿਚ ਦਰਜ ਹਨ, "ਹੇ ਭਾਈ! ਪਿਆਰੇ ਗੁਰੂ ਨੇ (ਜਿਸ ਮਨੁੱਖ ਦੀ) ਬੇਨਤੀ ਸੁਣ ਲਈ, ਉਸ ਦਾ (ਹਰੇਕ) ਕੰਮ ਮੁਕੰਮਲ ਤੌਰ ਤੇ ਸਿਰੇ ਚੜ੍ਹ ਜਾਂਦਾ ਹੈ। ਉਹ ਮਨੁੱਖ ਆਪਣੇ ਮਨ ਵਿਚ ਆਪਣੇ ਹਿਰਦੇ ਵਿਚ ਪਰਮਾਤਮਾ ਦਾ ਧਿਆਨ ਧਰਦਾ ਰਹਿੰਦਾ ਹੈ। ਪੂਰਾ ਗੁਰੂ ਉਸ ਦਾ (ਹਰੇਕ) ਡਰ ਸਾਰੇ ਦਾ ਸਾਰਾ ਦੂਰ ਕਰ ਦੇਂਦਾ ਹੈ।"[436] ਪਰਮਾਤਮਾ ਜਿਸ ਮਨੁੱਖ ਦੀ ਅਰਦਾਸ ਸੁਣ ਲੈਂਦਾ ਹੈ ਉਸਦੇ ਸਾਰੇ ਕਾਰਜ ਰਾਸ ਕਰਦਾ ਹੈ ਅਤੇ ਉਸਦੇ ਸਾਰੇ ਡਰ ਦੂਰ ਹੋ ਜਾਂਦੇ ਹਨ।

ਕਰਉ ਨਿਹੋਰਾ ਬਹੁਤੁ ਬੇਨਤੀ ਸੇਵਉ ਦਿਨੁ ਰੈਨਾਈ॥
ਮਾਨੁ ਅਭਿਮਾਨੁ ਹਉ ਸਗਲ ਤਿਆਗਉ ਜੋ ਪ੍ਰਿਅ ਬਾਤ ਸੁਨਾਈ॥[437]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1207 ਤੇ ਰਾਗੁ ਸਾਰਗ ਵਿਚ ਦਰਜ ਹਨ, "ਹੇ ਵੀਰ! ਜਿਹੜਾ ਕੋਈ ਸੰਤ ਮੈਨੂੰ ਪਿਆਰੇ ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਗੱਲ ਸੁਣਾਏ, ਮੈਂ ਉਸ ਦੇ ਅੱਗੇ ਆਪਣਾ ਸਾਰਾ ਮਾਣ ਅਹੰਕਾਰ ਤਿਆਗ ਦਿਆਂਗੀ। ਮੈਂ ਉਸ ਦੇ ਅੱਗੇ ਬਹੁਤ ਤਰਲਾ ਕਰਾਗੀ, ਬੇਨਤੀ ਕਰਾਗੀ, ਮੈਂ ਦਿਨ ਰਾਤ ਉਸ ਦੀ ਸੇਵਾ ਕਰਾਗੀ।"[438] ਇਸ ਅਰਦਾਸ ਵਿਚ ਹੰਕਾਰ ਦੇ ਤਿਆਗ ਅਤੇ ਪੂਰੇ ਗੁਰੂ ਰਾਹੀਂ ਪਰਮਾਤਮਾ ਅੱਗੇ ਸਮਰਪਣ ਦੀ ਮੰਗ ਕੀਤੀ ਗਈ ਹੈ।

ਕਰਹਿ ਅਰਦਾਸਿ ਬਹੁਤੁ ਬੇਨੰਤੀ ਨਿਮਖ ਨਿਮਖ ਸਾਮ੍ਾਰਹਿ॥
ਹੋਹੁ ਕ੍ਰਿਪਾਲ ਦੀਨ ਦੁਖ ਭੰਜਨ ਹਾਥ ਦੇਇ ਨਿਸਤਾਰਹਿ॥[439]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1211 ਤੇ ਰਾਗੁ ਸਾਰੰਗ ਵਿਚ ਦਰਜ ਹਨ, "ਹੇ ਮੋਹਨ! (ਤੇਰੇ ਪੈਦਾ ਕੀਤੇ ਜੀਵ ਤੇਰੇ ਹੀ ਦਰ ਤੇ) ਅਰਦਾਸ ਬੇਨਤੀ ਕਰਦੇ ਹਨ, (ਤੈਨੂੰ ਹੀ) ਪਲ ਪਲ ਹਿਰਦੇ ਵਿਚ ਵਸਾਂਦੇ ਹਨ। ਹੇ ਗਰੀਬਾਂ ਦੇ ਦੁੱਖ ਨਾਸ ਕਰਨ ਵਾਲੇ ਮੋਹਨ! ਜਦੋਂ ਤੂੰ ਦਇਆਵਾਨ ਹੁੰਦਾ ਹੈਂ, ਤਾਂ ਆਪਣੇ ਹੱਥ ਦੇ ਕੇ (ਜੀਵਾਂ ਨੂੰ ਦੁੱਖਾਂ ਤੋਂ) ਪਾਰ

---

[435] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1152.
[436] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਅੱਠਵੀਂ ਪੋਥੀ)*, ਪੰਨਾ 39.
[437] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1207.
[438] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਨੌਵੀਂ ਪੋਥੀ)*, ਪੰਨਾ 700.
[439] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1211.

ਲੰਘਾ ਲੈਂਦਾ ਹੈਂ।"[440] ਪਰਮਾਤਮਾ ਦੁਆਰਾ ਬਣਾਏ ਜੀਵ ਪਰਮਾਤਮਾ ਅੱਗੇ ਅਰਦਾਸਾਂ ਕਰਦੇ ਹਨ ਅਤੇ ਪਰਮਾਤਮਾ ਦਇਆਵਾਨ ਹੋ ਕੇ ਉਹਨਾਂ ਦੇ ਕਾਰਜ ਰਾਸ ਕਰਦਾ ਹੈ।

ਕਵਨ ਬਸੇਰੋ ਦਾਸ ਦਾਸਨ ਕੋ ਥਾਪਿਉ ਥਾਪਨਹਾਰੈ॥
ਨਾਮੁ ਨ ਬਿਸਰੈ ਤਬ ਜੀਵਨੁ ਪਾਈਐ ਬਿਨਤੀ ਨਾਨਕ ਇਹ ਸਾਰੈ॥[441]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1214 ਤੇ ਰਾਗੁ ਸਾਰੰਗ ਵਿਚ ਦਰਜ ਹਨ, "ਹੇ ਪ੍ਰਭੂ! ਤੇਰੇ ਦਾਸਾਂ ਦੇ ਦਾਸ ਦਾ ਕੀਹ ਜ਼ੋਰ ਚੱਲ ਸਕਦਾ ਹੈ? ਤੂੰ ਆਪ ਹੀ ਪੈਦਾ ਕਰਨ ਵਾਲਾ ਹੈਂ। (ਤੇਰਾ ਦਾਸ) ਨਾਨਕ ਇਹ (ਹੀ) ਬੇਨਤੀ ਕਰਦਾ ਹੈ—ਜਦੋਂ ਤੇਰਾ ਨਾਮ ਨਹੀਂ ਭੁੱਲਦਾ, ਤਦੋਂ (ਆਤਮਕ) ਜੀਵਨ ਹਾਸਲ ਕਰੀਦਾ ਹੈ।"[442] ਪਰਮਾਤਮਾ ਨੂੰ ਬੇਅੰਤ ਅਤੇ ਆਪਣੇ ਆਪਨੂੰ ਤੁੱਛ ਜਾਣਦੇ ਹੋਏ ਗੁਰੂ ਸਾਹਿਬ ਪਰਮਾਤਮਾ ਦੀ ਯਾਦ ਵਿਚ ਹਮੇਸ਼ਾਂ ਲੀਨ ਰਹਿਣ ਦੀ ਅਰਦਾਸ ਕਰ ਰਹੇ ਹਨ।

ਠਾਕੁਰ ਬਿਨਤੀ ਕਰਨ ਜਨੁ ਆਇਓ॥
ਸਰਬ ਸੂਖ ਆਨੰਦ ਸਹਜ ਰਸ ਸੁਨਤ ਤੁਹਾਰੋ ਨਾਇਓ॥[443]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1217 ਤੇ ਰਾਗੁ ਸਾਰੰਗ ਵਿਚ ਦਰਜ ਹਨ, "ਹੇ (ਮੇਰੇ) ਮਾਲਕ-ਪ੍ਰਭੂ! (ਤੇਰਾ) ਦਾਸ (ਤੇਰੇ ਦਰ ਤੇ) ਬੇਨਤੀ ਕਰਨ ਆਇਆ ਹੈ। ਤੇਰਾ ਨਾਮ ਸੁਣਦਿਆਂ ਆਤਮਕ ਅਡੋਲਤਾ ਦੇ ਸਾਰੇ ਸੁਖ ਸਾਰੇ ਆਨੰਦ ਸਾਰੇ ਰਸ (ਮਿਲ ਜਾਂਦੇ ਹਨ)।"[444] ਇਸ ਵਿਚ ਗੁਰੂ ਸਾਹਿਬ ਪਰਮਾਤਮਾ ਅੱਗੇ ਬੇਨਤੀ ਕਰ ਰਹੇ ਹਨ ਕਿ ਤੇਰੇ ਨਾਮ ਰਾਹੀਂ ਹੀ ਸਾਰੇ ਅਨੰਦ ਮਿਲਦੇ ਹਨ ਇਸ ਲਈ ਸਾਨੂੰ ਵੀ ਨਾਮ ਬਖਸ਼ ਦੇ।

ਜੋ ਜੋ ਤਰਿਓ ਪੁਰਾਤਨੁ ਨਵਤਨੁ ਭਗਤਿ ਭਾਇ ਹਰਿ ਦੇਵਾ॥
ਨਾਨਕ ਕੀ ਬੇਨੰਤੀ ਪ੍ਰਭ ਜੀਉ ਮਿਲੈ ਸੰਤ ਜਨ ਸੇਵਾ॥[445]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1218 ਤੇ ਰਾਗੁ ਸਾਰੰਗ ਵਿਚ ਦਰਜ ਹਨ, "ਹੇ ਭਾਈ! ਪੁਰਾਣੇ ਸਮੇ ਦਾ ਚਾਹੇ ਨਵੇਂ ਸਮੇ ਦਾ ਜਿਹੜਾ ਜਿਹੜਾ ਭੀ (ਭਗਤ) ਸੰਸਾਰ-ਸਮੁੰਦਰ ਤੋਂ ਪਾਰ ਲੰਘਿਆ ਹੈ, ਉਹ ਪ੍ਰਭੂ-ਦੇਵ ਦੀ ਭਗਤੀ ਦੀ ਬਰਕਤਿ ਨਾਲ ਪ੍ਰੇਮ ਦੀ ਬਰਕਤਿ ਨਾਲ ਹੀ ਲੰਘਿਆ ਹੈ। ਹੇ ਪ੍ਰਭੂ ਜੀ! (ਤੇਰੇ ਦਾਸ) ਨਾਨਕ ਦੀ (ਤੇਰੇ ਦਰ ਤੇ ਇਹੀ) ਬੇਨਤੀ ਹੈ ਕਿ (ਮੈਨੂੰ ਤੇਰੇ) ਸੰਤ ਜਨਾਂ ਦੀ (ਸਰਨ ਵਿਚ ਰਹਿ ਕੇ) ਸੇਵਾ ਕਰਨ ਦਾ ਮੌਕਾ ਮਿਲ

---

440 ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਨੌਵੀਂ ਪੋਥੀ)*, ਪੰਨਾ 721.
441 *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1214.
442 ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਅੱਠਵੀਂ ਪੋਥੀ), ਪੰਨਾ 739.
443 *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1217.
444 ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਅੱਠਵੀਂ ਪੋਥੀ), ਪੰਨਾ 752.
445 *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1218.

ਜਾਏ।"[446] ਪਰਮਾਤਮਾ ਦੀ ਭਗਤੀ ਰਾਹੀਂ ਹੀ ਸੰਸਾਰ ਸਾਗਰ ਪਾਰ ਕੀਤਾ ਜਾ ਸਕਦਾ ਹੈ ਸੋ ਗੁਰੂ ਸਾਹਿਬ ਪਰਮਾਤਮਾ ਅੱਗੇ ਉਸਦੀ ਦਰਗਾਹ ਤੋਂ ਬਖਸ਼ੇ ਸੰਤਾਂ ਦੀ ਸੇਵਾ ਕਰਨ ਦੀ ਮੰਗ ਕਰ ਰਹੇ ਹਨ।

ਹੋਹੁ ਕ੍ਰਿਪਾਲ ਨਾਮੁ ਦੇਹੁ ਅਪੁਨਾ ਬਿਨਤੀ ਏਹ ਕਹੀ॥
ਆਨ ਬਿਉਹਾਰ ਬਿਸਰੇ ਪ੍ਰਭ ਸਿਮਰਤ ਪਾਇਓ ਲਾਭੁ ਸਹੀ॥[447]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1220 ਤੇ ਰਾਗੁ ਸਾਰਗ ਵਿਚ ਦਰਜ ਹਨ, "ਹੇ ਭਾਈ! ਜਦੋਂ ਤੋਂ ਮੈਂ ਗੁਰੂ ਦਾ ਦਰ ਮੱਲਿਆ ਹੈ ਤਦੋਂ ਤੋਂ ਪ੍ਰਭੂ-ਦਰ ਤੇ) ਇਹੀ ਅਰਦਾਸ ਕਰਦਾ ਰਹਿੰਦਾ ਹਾਂ—'ਹੇ ਪ੍ਰਭੂ! ਦਇਆਵਾਨ ਹੋ, ਮੈਨੂੰ ਆਪਣਾ ਨਾਮ ਬਖ਼ਸ਼'। ਹੇ ਭਾਈ! ਪ੍ਰਭੂ ਦਾ ਨਾਮ ਸਿਮਰਦਿਆਂ ਹੋਰ ਹੋਰ ਵਿਹਾਰਾਂ ਵਿਚ ਮੇਰਾ ਮਨ ਖਚਿਤ ਨਹੀਂ ਹੁੰਦਾ (ਹੋਰ ਹੋਰ ਵਿਹਾਰ ਮੈਨੂੰ ਭੁੱਲ ਗਏ ਹਨ)। ਮੈਂ ਅਸਲ ਖੱਟੀ ਖੱਟ ਲਈ ਹੈ।"[448] ਇਸ ਅਰਦਾਸ ਵਿਚ ਵੀ ਨਾਮ ਦੀ ਦਾਤ ਪਰਮਾਤਮਾ ਪਾਸੋਂ ਮੰਗੀ ਜਾ ਰਹੀ ਹੈ ਤਾਂ ਜੋ ਸੰਸਾਰ ਤੋਂ ਅਸਲ ਕਮਾਈ ਕਰਕੇ ਜਾ ਸਕੀਏ।

ਪ੍ਰਭ ਦੀਨ ਦਇਆਲ ਸੁਨਹੁ ਬੇਨੰਤੀ ਕਿਰਪਾ ਅਪਨੀ ਧਾਰੁ॥
ਨਾਮੁ ਨਿਧਾਨੁ ਉਚਰਉ ਨਿਤ ਰਸਨਾ ਨਾਨਕ ਸਦ ਬਲਿਹਾਰੁ॥[449]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1222 ਤੇ ਰਾਗੁ ਸਾਰੰਗ ਵਿਚ ਦਰਜ ਹਨ, "ਹੇ ਨਾਨਕ ਹੇ ਦੀਨਾਂ ਉਤੇ ਦਇਆ ਕਰਨ ਵਾਲੇ ਪ੍ਰਭੂ ! (ਮੇਰੀ) ਬੇਨਤੀ ਸੁਣ, (ਮੇਰੇ ਉਤੇ) ਆਪਣੀ ਮਿਹਰ ਕਰ। ਤੇਰਾ ਨਾਮ ਹੀ (ਮੇਰੇ ਵਾਸਤੇ ਸਭ ਪਦਾਰਥਾਂ ਦਾ) ਖ਼ਜ਼ਾਨਾ ਹੈ (ਮਿਹਰ ਕਰ, ਮੈਂ ਇਹ ਨਾਮ) ਜੀਭ ਨਾਲ ਸਦਾ ਉਚਰਦਾ ਰਹਾਂ, ਅਤੇ ਤੈਥੋਂ ਸਦਾ ਸਦਕੇ ਹੁੰਦਾ ਰਹਾਂ।"[450] ਇਸ ਵਿਚ ਗੁਰੂ ਸਾਹਿਬ ਪਰਮਾਤਮਾ ਨੂੰ ਆਪਣੀ ਅਰਦਾਸ ਸੁਣਨ ਲਈ ਕਹਿ ਰਹੇ ਹਨ ਅਤੇ ਹਮੇਸ਼ਾਂ ਉਸਦੀ ਭਗਤੀ ਵਿਚ ਲੀਨ ਰਹਿਣ ਦੀ ਕਾਮਨਾ ਕਰ ਰਹੇ ਹਨ।

ਰਾਮ ਦਇਆਰ ਸੁਨਿ ਦੀਨ ਬੇਨਤੀ॥ ਦੇਹੁ ਦਰਸੁ ਨੈਨ ਪੇਖਉ ਜਨ ਨਾਨਕ ਨਾਮ ਮਿਸਟ ਲਾਗੇ॥[451]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1229 ਤੇ ਰਾਗੁ ਸਾਰੰਗ ਵਿਚ ਦਰਜ ਹਨ, "ਹੇ ਦਾਸ ਨਾਨਕ! (ਆਖ—) ਹੇ ਦਇਆ ਦੇ ਸੋਮੇ ਪ੍ਰਭੂ! ਮੇਰੀ ਗਰੀਬ ਦੀ ਬੇਨਤੀ ਸੁਣ। ਆਪਣਾ ਦਰਸਨ ਦੇਹ, ਮੈਂ ਤੈਨੂੰ ਆਪਣੀਆਂ ਅੱਖਾਂ ਨਾਲ (ਸਦਾ) ਵੇਖਦਾ ਰਹਾਂ, ਤੇਰਾ ਨਾਮ ਮੈਨੂੰ ਮਿੱਠਾ ਲੱਗਦਾ ਰਹੇ।"[452] ਇਸ ਅਰਦਾਸ ਵਿਚ ਪਰਮਾਤਮਾ ਅੱਗੇ ਦਰਸ਼ਨ ਦੇਣ ਦੀ ਮੰਗ ਕੀਤੀ ਗਈ ਹੈ।

---

[446] ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਅੱਠਵੀਂ ਪੋਥੀ), ਪੰਨਾ 761.
[447] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1220.
[448] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਅੱਠਵੀਂ ਪੋਥੀ)*, ਪੰਨਾ 769.
[449] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1222.
[450] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਅੱਠਵੀਂ ਪੋਥੀ),* ਪੰਨਾ 778.
[451] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1229.
[452] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਅੱਠਵੀਂ ਪੋਥੀ)*, ਪੰਨਾ 817.

ਬਿਨਉ ਸੁਨਿਓ ਜਬ ਠਾਕੁਰ ਮੇਰੈ ਬੇਗਿ ਆਇਓ ਕਿਰਪਾ ਧਾਰੇ॥
ਕਹੁ ਨਾਨਕ ਮੇਰੋ ਬਨਿਓ ਸੁਹਾਗੋ ਪਤਿ ਸੋਭਾ ਭਲੇ ਅਚਾਰੇ॥[453]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1268 ਤੇ ਰਾਗੁ ਸਾਰੰਗ ਵਿਚ ਦਰਜ ਹਨ, "ਹੇ ਨਾਨਕ! ਆਖ—(ਹੇ ਸਖੀ!) ਜਦੋਂ ਮੇਰੇ ਮਾਲਕ ਪ੍ਰਭੂ ਨੇ (ਮੇਰੀ ਇਹ) ਬੇਨਤੀ ਸੁਣੀ, ਤਾਂ ਮਿਹਰ ਕਰ ਕੇ ਉਹ ਛੇਤੀ (ਮੇਰੇ ਹਿਰਦੇ ਵਿਚ) ਆ ਵੱਸਿਆ। ਹੁਣ ਮੇਰੀ ਸੁਭਾਗਤਾ ਬਣ ਗਈ ਹੈ, ਮੈਨੂੰ ਇੱਜ਼ਤ ਮਿਲ ਗਈ ਹੈ, ਮੈਨੂੰ ਸੋਭਾ ਮਿਲ ਗਈ ਹੈ, ਮੇਰੀ ਭਲੀ ਕਰਣੀ ਹੋ ਗਈ ਹੈ।"[454] ਇਸ ਅਰਦਾਸ ਵਿਚ ਪਰਮਾਤਮਾ ਦੁਆਰਾ ਅਰਦਾਸ ਸੁਣ ਕੇ ਛੇਤੀ ਬਹੁੜਨ ਦੀ ਗੱਲ ਦੱਸੀ ਗਈ ਹੈ ਜਿਸ ਨਾਲ ਭਗਤ ਦਾ ਮਾਣ ਵੱਧਦਾ ਹੈ।

ਸਿਮਰਉ ਚਰਨ ਤੁਹਾਰੇ ਪ੍ਰੀਤਮ ਰਿਦੈ ਤੁਹਾਰੀ ਆਸਾ॥
ਸੰਤ ਜਨਾ ਪਹਿ ਕਰਉ ਬੇਨਤੀ ਮਨਿ ਦਰਸਨ ਕੀ ਪਿਆਸਾ॥[455]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1268 ਤੇ ਰਾਗੁ ਸਾਰੰਗ ਵਿਚ ਦਰਜ ਹਨ, "ਹੇ ਪ੍ਰੀਤਮ! ਮੈਂ ਤੇਰੇ ਚਰਨਾਂ ਦਾ ਧਿਆਨ ਧਰਦਾ ਰਹਾਂ, ਮੇਰੇ ਹਿਰਦੇ ਵਿਚ ਤੇਰੀ ਆਸ ਟਿਕੀ ਰਹੀ। ਮੈਂ ਸੰਤ ਜਨਾਂ ਪਾਸ ਬੇਨਤੀ ਕਰਦਾ ਰਹਿੰਦਾ ਹਾਂ (ਕਿ ਮੈਨੂੰ ਤੇਰਾ ਦਰਸਨ ਕਰਾ ਦੇਣ, ਮੇਰੇ) ਮਨ ਵਿਚ (ਤੇਰੇ) ਦਰਸਨ ਦੀ ਬੜੀ ਤਾਂਘ ਹੈ।"[456] ਇਸ ਵਿਚ ਉਹਨਾਂ ਲੋਕਾਂ ਅੱਗੇ ਅਰਦਾਸ ਕੀਤੀ ਗਈ ਹੈ ਜਿੰਨ੍ਹਾਂ ਨੇ ਪਰਮਾਤਮਾ ਨੂੰ ਪਾ ਲਿਆ ਹੈ।ਗੁਰੂ ਸਾਹਿਬ ਆਪ ਵੀ ਪਰਮਾਤਮਾ ਦੇ ਦਰਸ਼ਨ ਕਰਨ ਲਈ ਬੇਨਤੀ ਕਰ ਰਹੇ ਹਨ।

ਗੁਰੁ ਪੂਰਾ ਪਾਈਐ ਵਡ ਭਾਗਿ॥ ਕਾਮੁ ਕ੍ਰੋਧੁ ਲੋਭੁ ਮਨ ਤੇ ਤਿਆਗਿ॥
ਕਰਿ ਕਿਰਪਾ ਗੁਰ ਚਰਣ ਨਿਵਾਸਿ॥ ਨਾਨਕ ਕੀ ਪ੍ਰਭ ਸਚੁ ਅਰਦਾਸਿ॥[457]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1271 ਤੇ ਰਾਗੁ ਸਾਰੰਗ ਵਿਚ ਦਰਜ ਹਨ, "ਹੇ ਭਾਈ! ਪੂਰਾ ਗੁਰੂ ਵੱਡੀ ਕਿਸਮਤ ਨਾਲ ਮਿਲਦਾ ਹੈ, (ਜਿਸ ਨੂੰ ਮਿਲਦਾ ਹੈ, ਉਹ ਮਨੁੱਖ ਆਪਣੇ) ਮਨ ਵਿਚੋਂ ਕਾਮ ਕ੍ਰੋਧ ਲੋਭ (ਆਦਿਕ ਵਿਕਾਰ) ਦੂਰ ਕਰ ਕੇ (ਗੁਰੂ ਦੀ ਸਰਨ ਪਿਆ ਰਹਿੰਦਾ ਹੈ)। ਹੇ ਪ੍ਰਭੂ! (ਤੇਰੇ ਸੇਵਕ) ਨਾਨਕ ਦੀ ਇਹ ਅਰਦਾਸ ਹੈ ਕਿ ਮਿਹਰ ਕਰ ਕੇ (ਮੈਨੂੰ) ਗੁਰੂ ਦੇ ਚਰਨਾਂ ਵਿਚ ਟਿਕਾਈ ਰੱਖ, ਤੇ, ਆਪਣਾ ਸਦਾ-ਥਿਰ ਨਾਮ ਬਖ਼ਸ਼।"[458] ਇਸ ਵਿਚ ਗੁਰੂ ਦੇ ਚਰਨਾਂ ਵਿਚ ਟਿਕਣ ਦੀ ਅਰਦਾਸ ਹੈ ਅਤੇ ਨਾਲ ਹੀ ਇਹ ਦੱਸਿਆ ਹੈ ਕਿ ਪੂਰਾ ਗੁਰੂ ਵੱਡੀ ਕਿਸਮਤ ਨਾਲ ਮਿਲਦਾ ਹੈ।

---

[453] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1268.
[454] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਨੌਵੀਂ ਪੋਥੀ)*, ਪੰਨਾ 209
[455] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1268.
[456] ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਨੌਵੀਂ ਪੋਥੀ), ਪੰਨਾ 211.
[457] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1271.
[458] ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਨੌਵੀਂ ਪੋਥੀ), ਪੰਨਾ 228.

ਅਵਰ ਓਟ ਮੈ ਕੋਇ ਨ ਸੂਝੈ ਇਕ ਹਰਿ ਕੀ ਓਟ ਮੈ ਆਸ॥ ਕਿਆ ਦੀਨੁ ਕਰੇ ਅਰਦਾਸਿ॥

ਜਉ ਸਭ ਘਟਿ ਪ੍ਰਭੂ ਨਿਵਾਸ॥ ਪ੍ਰਭ ਚਰਨਨ ਕੀ ਮਨਿ ਪਿਆਸ॥

ਜਨ ਨਾਨਕ ਦਾਸੁ ਕਹੀਅਤੁ ਹੈ ਤੁਮ੍ਰਾ ਹਉ ਬਲਿ ਬਲਿ ਸਦ ਬਲਿ ਜਾਸ॥[459]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1306 ਤੇ ਰਾਗੁ ਕਾਨੜਾ ਵਿਚ ਦਰਜ ਹਨ, "ਹੇ ਭਾਈ! (ਪ੍ਰਭੂ ਤੋਂ ਬਿਨਾ) ਮੈਨੂੰ ਕੋਈ ਹੋਰ ਆਸਰਾ ਨਹੀਂ ਸੁੱਝਦਾ, ਮੈਨੂੰ ਸਿਰਫ਼ ਪ੍ਰਭੂ ਦੀ ਓਟ ਹੈ ਪ੍ਰਭੂ ਦੀ (ਸਹਾਇਤਾ ਦੀ) ਆਸ ਹੈ। ਹੇ ਭਾਈ! ਜਦੋਂ ਹਰੇਕ ਸਰੀਰ ਵਿਚ ਪ੍ਰਭੂ ਦਾ ਹੀ ਨਿਵਾਸ ਹੈ (ਤਾਂ ਉਸ ਦੀ ਪ੍ਰੇਰਨਾ ਤੋਂ ਬਿਨਾ) ਵਿਚਾਰਾ ਜੀਵ ਕੋਈ ਅਰਦਾਸ ਭੀ ਨਹੀਂ ਕਰ ਸਕਦਾ। ਹੇ ਭਾਈ! (ਉਸ ਦੀ ਮਿਹਰ ਨਾਲ ਹੀ ਮੇਰੇ) ਮਨ ਵਿਚ ਪ੍ਰਭੂ ਦੇ ਚਰਨਾਂ (ਦੇ ਮਿਲਾਪ) ਦੀ ਤਾਂਘ ਹੈ।ਹੇ ਪ੍ਰਭੂ! ਦਾਸ ਨਾਨਕ ਤੇਰਾ ਦਾਸ ਅਖਵਾਂਦਾ ਹੈ (ਇਸ ਦੀ ਲਾਜ ਰੱਖ, ਇਸ ਨੂੰ ਆਪਣੇ ਚਰਨਾਂ ਵਿਚ ਜੋੜੀ ਰੱਖ)। ਹੇ ਪ੍ਰਭੂ ਮੈਂ ਤੈਥੋਂ ਸਦਾ ਸਦਕੇ ਜਾਂਦਾ ਹਾਂ ਕੁਰਬਾਨ ਜਾਂਦਾ ਹਾਂ।"[460] ਇਸ ਅਰਦਾਸ ਵਿਚ ਪਰਮਾਤਮਾ ਨੂੰ ਸਾਰਿਆਂ ਦਾ ਆਸਰਾ ਬਣਨ ਦੀ ਮੰਗ ਦੀ ਗੱਲ ਕੀਤੀ ਹੈ।ਹਰ ਥਾਂ ਉਸਦਾ ਨਿਵਾਸ ਮੰਨ ਕੇ ਅਰਦਾਸ ਕੀਤੀ ਗਈ ਹੈ।

ਦੁਇ ਕਰ ਜੋੜਿ ਕਰੀ ਅਰਦਾਸਿ॥

ਸਦਾ ਜਪੇ ਨਾਨਕੁ ਗੁਣਤਾਸੁ॥[461]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1340 ਤੇ ਰਾਗੁ ਪ੍ਰਭਾਤੀ ਵਿਚ ਦਰਜ ਹਨ, "ਹੇ ਭਾਈ! ਮੈਂ (ਤਾਂ) ਦੋਵੇਂ ਹੱਥ ਜੋੜ ਕੇ ਅਰਜ਼ੋਈ ਕਰਦਾ ਰਹਿੰਦਾ ਹਾਂ ਕਿ (ਉਸ ਪ੍ਰਭੂ ਦਾ ਦਾਸ) ਨਾਨਕ ਸਦਾ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਦਾ ਨਾਮ ਜਪਦਾ ਰਹੇ।"[462] ਇਸ ਅਰਦਾਸ ਵਿਚ ਪਰਮਾਤਮਾ ਦਾ ਨਾਮ ਜਪਦੇ ਰਹਿਣ ਦੀ ਮੰਗ ਕੀਤੀ ਗਈ ਹੈ।

ਬਿਨਤਿ ਕਰਉ ਅਰਦਾਸਿ ਸੁਨਹੁ ਜੇ ਠਾਕੁਰ ਭਾਵੈ॥

ਦੇਹੁ ਦਰਸੁ, ਮਨਿ ਚਾਉ, ਭਗਤਿ ਇਹੁ ਮਨੁ ਠਹਰਾਵੈ॥[463]

ਇਹ ਪੰਕਤੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1386 ਤੇ ਦਰਜ ਹਨ, "ਹੇ ਠਾਕੁਰ! ਜੇ ਤੈਨੂੰ ਚੰਗੀ ਲੱਗੇ ਤਾਂ (ਮਿਹਰ ਕਰ ਕੇ ਮੇਰੀ) ਅਰਜ਼ੋਈ ਸੁਣ, ਮੈਂ ਇਕ ਬੇਨਤੀ ਕਰਦਾ ਹਾਂ, "(ਮੈਨੂੰ) ਦੀਦਾਰ ਦੇਹ; ਮੇਰੇ ਮਨ ਵਿਚ ਇਹ ਤਾਂਘ ਹੈ, (ਮਿਹਰ ਕਰ) ਮੇਰਾ ਇਹ ਮਨ ਤੇਰੀ ਭਗਤੀ ਵਿਚ ਟਿਕ ਜਾਏ।"[464] ਇਸ ਅਰਦਾਸ ਵਿਚ ਗੁਰੂ ਸਾਹਿਬ ਪਰਮਾਤਮਾ ਕੋਲੋਂ ਭਗਤੀ ਦੀ ਮੰਗ ਕਰ ਰਹੇ ਹਨ।

---

459 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1304.
460 ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਨੌਵੀਂ ਪੋਥੀ), ਪੰਨਾ 409.
461 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1340.
462 ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਨੌਵੀਂ ਪੋਥੀ)*, ਪੰਨਾ 602.
463 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1386-87.
464 ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦਸਵੀਂ ਪੋਥੀ)*, ਪੰਨਾ 437.

### 5.56 ਭਗਤਾਂ ਦੀ ਬਾਣੀ ਵਿਚ ਅਰਦਾਸ ਕਰਨ ਸੰਬੰਧੀ ਪੰਕਤੀਆਂ ਇਸ ਤਰ੍ਹਾਂ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਲੱਗ-ਅਲੱਗ ਜ਼ਾਤਾਂ, ਬੋਲੀਆਂ, ਖੇਤਰਾਂ ਦੇ 15 ਭਗਤਾਂ ਦੀ ਬਾਣੀ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪਹਿਲਾਂ ਅਜਿਹਾ ਕੋਈ ਧਰਮ ਗ੍ਰੰਥ ਨਹੀਂ ਜਿਸ ਵਿਚ ਸਾਮੀ ਅਤੇ ਆਰੀਆਈ, ਹਿੰਦੂ ਅਤੇ ਮੁਸਲਮਾਨਾਂ, ਬ੍ਰਾਹਮਣ ਅਤੇ ਸ਼ੂਦਰ ਇਕੱਠੇ ਬੈਠੇ ਹੋਣ ਸਿੱਖ ਗੁਰੂ ਸਾਹਿਬਾਨ ਅਜਿਹਾ ਕੀਤਾ ਹੈ।ਭਗਤ ਸਾਹਿਬਾਨ ਦੀ ਬਾਣੀ ਵਿਚ ਵੀ ਅਰਦਾਸ ਨਾਲ ਮਿਲਦੇ-ਜੁਲਦੇ ਸ਼ਬਦ ਦੇਖੇ ਜਾ ਸਕਦੇ ਹਨ।ਭਗਤਾਂ ਦੀ ਬਾਣੀ ਵਿਚ ਅਰਦਾਸ ਨਾਲ ਸੰਬੰਧਤ ਪੰਕਤੀਆਂ ਇਸ ਪ੍ਰਕਾਰ ਹਨ:-

### 5.57 ਰੱਬੀ ਵਿਛੋੜਾ ਨਾ ਮਿਲਣ ਸੰਬੰਧੀ ਅਰਦਾਸ

ਕਰਵਤੁ ਭਲਾ ਨ ਕਰਵਟ ਤੇਰੀ॥ ਲਾਗੁ ਗਲੇ ਸੁਨੁ ਬਿਨਤੀ ਮੇਰੀ॥
ਹਉ ਵਾਰੀ ਮੁਖੁ ਫੇਰਿ ਪਿਆਰੇ॥ ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ॥[465]

"ਹੇ ਪਿਆਰੇ ਪ੍ਰਭੂ! ਮੈਂ ਤੈਥੋਂ ਕੁਰਬਾਨ! ਮੇਰੇ ਵੱਲ ਤੱਕ; ਮੈਨੂੰ ਪਿੱਠ ਦੇ ਕੇ ਕਿਉਂ ਮਾਰ ਰਿਹਾ ਹੈਂ? (ਭਾਵ, ਜੇ ਤੂੰ ਮੇਰੇ ਉੱਤੇ ਮਿਹਰ ਦੀ ਨਜ਼ਰ ਨਾਹ ਕਰੇਂ, ਤਾਂ ਮੈਂ ਜੀਊ ਨਹੀਂ ਸਕਦਾ) ਦਾਤਾ! ਤੇਰੇ ਪਿੱਠ ਦੇਣ ਨਾਲੋਂ ਮੈਨੂੰ (ਸਰੀਰ ਉੱਤੇ) ਆਰਾ ਸਹਾਰ ਲੈਣਾ ਚੰਗਾ ਹੈ (ਭਾਵ, ਆਰੇ ਨਾਲ ਸਰੀਰ ਚਿਰਾਣ ਵਿਚ ਇਤਨੀ ਪੀੜ ਨਹੀਂ, ਜਿਤਨੀ ਤੇਰੀ ਮਿਹਰ ਦੀ ਨਿਗਾਹ ਤੋਂ ਵਾਂਜੇ ਰਹਿਣ ਵਿਚ ਹੈ); (ਹੇ ਸੱਜਣ ਪ੍ਰਭੂ!) ਮੇਰੀ ਅਰਜੋਈ ਸੁਣ, ਤੇ ਮੇਰੇ ਗਲ ਲੱਗ (ਭਾਵ, ਤੇਰੀ ਯਾਦ ਮੇਰੇ ਗਲ ਦਾ ਹਾਰ ਬਣੀ ਰਹੇ)।"[466] ਇਸ ਅਰਦਾਸ ਵਿਚ ਭਗਤ ਕਬੀਰ ਜੀ ਪਰਮਾਤਮਾ ਨੂੰ ਕਹਿ ਰਹੇ ਹਨ ਕਿ ਮੈਨੂੰ ਤੇਰੇ ਮੁੱਖ ਫੇਰਨ ਨਾਲੋਂ ਸਿਰ ਤੇ ਆਰਾ ਚਲਵਾਉਣਾ ਜ਼ਿਆਦਾ ਚੰਗਾ ਲੱਗੇਗਾ।ਸੋ ਮੇਰੇ ਗਲੇ ਲੱਗ ਕੇ ਮੇਰੀ ਅਰਦਾਸ ਸੁਣ।ਭਗਤ ਕਬੀਰ ਜੀ ਇਸ ਅਰਦਾਸ ਵਿਚ ਰੱਬ ਤੋਂ ਸਦਕੇ ਜਾਣਾ ਕਰਦੇ ਹਨ ਅਤੇ ਆਪਣੇ ਆਪ ਤੇ ਮਿਹਰ ਕਰਨ ਲਈ ਰੱਬ ਨੂੰ ਆਪਣੇ ਵੱਲ ਮੁਖ ਕਰਨ ਲਈ ਕਹਿੰਦੇ ਹਨ।

ਕਰਉ ਅਰਦਾਸਿ, ਗਾਵ ਕਿਛੁ ਬਾਕੀ॥ ਲੇਉ ਨਿਬੇਰਿ ਆਜੁ ਕੀ ਰਾਤੀ॥
ਕਿਛੁ ਭੀ ਖਰਚੁ ਤੁਮ੍ਾਰਾ ਸਾਰਉ॥ ਸੁਬਹ ਨਿਵਾਜ ਸਰਾਇ ਗੁਜਾਰਉ॥[467]

"ਮੈਂ ਬੇਨਤੀ ਕਰਦਾ ਹਾਂ ਕਿ ਕੁਝ ਪਿੰਡ ਦਾ ਹਿਸਾਬ-ਕਿਤਾਬ ਰਹਿ ਗਿਆ ਹੈ, (ਜੇ ਆਗਿਆ ਦੇਵੋ) ਤਾਂ ਮੈਂ ਅੱਜ ਰਾਤ ਹੀ ਉਹ ਹਿਸਾਬ ਮੁਕਾ ਲਵਾਂਗਾ, ਕੁਝ ਤੁਹਾਡੇ ਲਈ ਭੀ ਖ਼ਰਚ ਦਾ ਪ੍ਰਬੰਧ ਕਰ ਲਵਾਂਗਾ, ਤੇ ਸਵੇਰ ਦੀ ਨਿਮਾਜ਼ ਰਾਹ ਵਿਚ ਪੜ੍ਹ ਲਵਾਂਗਾ (ਭਾਵ, ਬਹੁਤ ਸਵਖਤੇ ਹੀ ਤੁਹਾਡੇ ਨਾਲ ਤੁਰ ਪਵਾਂਗਾ)।"[468] ਇਸ ਅਰਦਾਸ ਵਿਚ ਭਗਤ ਕਬੀਰ ਜੀ ਪਰਮਾਤਮਾ ਨੂੰ ਮੁਖਾਤਿਬ ਹੋ ਕੇ ਕਹਿ ਰਹੇ ਹਨ ਕਿ ਮੈਂ ਸੰਸਾਰ ਦਾ ਸਾਰਾ ਕਾਰ ਨਿਭਾ ਕੇ ਤੇਰੇ ਨਾਲ ਹੀ ਰਿਹਾ ਕਰਾਂਗਾ ਭਾਵ ਤੇਰੇ ਜੋਗਾ ਹੀ ਹਾਂ।

---

465 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 484.

466 ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਤੀਜੀ ਪੋਥੀ), ਪੰਨਾ 757.

467 *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 792.

468 ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ)*, ਪੰਨਾ

### 5.58 ਜਨਮ ਮਰਨ ਦਾ ਗੇੜ ਮਕਾਉਣ ਸਬੰਧੀ ਅਰਦਾਸ

ਸੰਧਿਕ ਤੋਹਿ ਸਾਧ ਨਹੀ ਕਹੀਅਉ ਸਰਨਿ ਪਰੇ ਤੁਮਰੀ ਪਗਰੀ॥
ਕਹਿ ਕਬੀਰ ਇਹ ਬਿਨਤੀ ਸੁਨੀਅਹੁ ਮਤ ਘਾਲਹੁ ਜਮ ਕੀ ਖਬਰੀ॥[469]

ਇਹ ਕਬੀਰ ਜੀ ਦਾ ਬਿਲਾਵਲ ਰਾਗੁ ਵਿਚ ਦਰਜ ਸ਼ਬਦ ਹੈ ਜੋ ਕਿ ਪੰਨਾ 856 'ਤੇ ਦਰਜ ਹੈ, "(ਸੋ) ਕਬੀਰ ਆਖਦਾ ਹੈ—(ਹੇ ਪ੍ਰਭੂ!) ਮੈਂ ਤੇਰਾ ਚੋਰ ਹਾਂ, ਮੈਂ ਭਲਾ ਨਹੀਂ ਅਖਵਾ ਸਕਦਾ। ਫਿਰ ਭੀ (ਹੇ ਪ੍ਰਭੂ!) ਮੈਂ ਤੇਰੇ ਚਰਨਾਂ ਦੀ ਸ਼ਰਨ ਆ ਪਿਆ ਹਾਂ; ਮੇਰੀ ਇਹ ਅਰਜ਼ੋਈ ਸੁਣ, ਮੈਨੂੰ ਜਮਾਂ ਦੀ ਸੋਇ ਨਾਹ ਘੱਲੀਂ (ਭਾਵ, ਮੈਨੂੰ ਜਨਮ ਮਰਨ ਦੇ ਗੇੜ ਵਿਚ ਨਾਹ ਪੈਣ ਦੇਈਂ)।"[470] ਕਬੀਰ ਜੀ ਕਹਿ ਰਹੇ ਹਨ ਕਿ ਮੈਂ ਤੇਰਾ ਚੋਰ ਹਾਂ ਤੇਰੀ ਸ਼ਰਨ ਆਇਆ ਹਾਂ, ਮੇਰੇ ਤੇ ਕਿਰਪਾ ਕਰਕੇ ਮੇਰੀ ਅਰਜੋਈ ਸੁਣ ਅਤੇ ਜਮਾਂ ਤੋਂ ਬਚਾ।

ਕਹੁ ਕਬੀਰ ਇਕ ਬੇਨਤੀ ਬੈਰਾਗੀਅੜੇ॥

ਮੋ ਕਉ ਭਉਜਲੁ ਪਾਰਿ ਉਤਾਰਿ ਵਣਾਹੰਬੈ॥[471]

ਇਹ ਪੰਕਤੀਆਂ ਭਗਤ ਕਬੀਰ ਜੀ ਦੁਆਰਾ ਰਚਿਤ ਸਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1104 ਉਪਰ ਮਾਰੂ ਰਾਗੁ ਵਿਚ ਦਰਜ ਹਨ, "ਹੇ ਕਬੀਰ! ਆਖ—ਹੇ ਅੰਞਾਣ ਬੈਰਾਗੀ! (ਪਖੰਡ ਨਾਲ ਕੁਝ ਨਹੀਂ ਸੌਰਨਾ, ਪ੍ਰਭੂ ਅੱਗੇ) ਇਉਂ ਅਰਦਾਸ ਕਰ, 'ਹੇ ਪ੍ਰਭੂ! ਮੈਨੂੰ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲੈ'।"[472] ਇਸ ਅਰਦਾਸ ਵਿਚ ਭਗਤ ਕਬੀਰ ਜੀ ਪਰਮਾਤਮਾ ਅੱਗੇ ਭਵਜਲ ਤੋਂ ਪਾਰ ਲੰਘਾਉਣ ਦੀ ਅਰਦਾਸ ਕਰ ਰਹੇ ਹਨ।

ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ॥

ਰਮਈਏ ਸਿਉ ਇਕ ਬੇਨਤੀ, ਮੇਰੀ ਪੂੰਜੀ ਰਾਖੁ ਮੁਰਾਰਿ॥[473]

ਇਹ ਪੰਕਤੀਆਂ ਭਗਤ ਰਵਿਦਾਸ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 345 'ਤੇ ਗਉੜੀ ਰਾਗ ਵਿਚ ਦਰਜ ਹੈ, "(ਜਿਨਹੀਂ ਰਾਹੀਂ ਪ੍ਰਭੂ ਦੇ ਨਾਮ ਦਾ ਸੌਦਾ ਲੱਦ ਕੇ ਲੈ ਜਾਣ ਵਾਲਾ ਮੇਰਾ ਟਾਂਡਾ ਲੰਘਣਾ ਹੈ, ਉਹ) ਰਸਤੇ ਬੜੇ ਔਖੇ ਪਹਾੜੀ ਰਸਤੇ ਹਨ, ਤੇ ਮੇਰਾ (ਮਨ-) ਬਲਦ ਮਾੜਾ ਜਿਹਾ ਹੈ; ਪਿਆਰੇ ਪ੍ਰਭੂ ਅੱਗੇ ਹੀ ਮੇਰੀ ਅਰਜ਼ੋਈ ਹੈ—ਹੇ ਪ੍ਰਭੂ! ਮੇਰੀ ਰਾਸਿ-ਪੂੰਜੀ ਦੀ ਤੂੰ ਆਪ ਰੱਖਿਆ ਕਰੀਂ।"[474] ਇਸ ਅਰਦਾਸ ਵਿਚ ਭਗਤ ਰਵਿਦਾਸ ਜੀ ਸੰਸਾਰ ਸਮੁੰਦਰ ਤੋਂ ਪਾਰ ਕਰਵਾਉਣ ਦੀ ਮੰਗ ਕਰ ਰਹੇ ਹਨ।

---

[469] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 856.
[470] ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਛੇਵੀਂ ਪੋਥੀ), ਪੰਨਾ 334.
[471] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1104.
[472] ਪ੍ਰੋ. ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਅੱਠਵੀਂ ਪੋਥੀ), ਪੰਨਾ 103.
[473] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 345.
[474] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ)*, ਪੰਨਾ 1020-21.

## 5.59 ਭੱਟਾਂ ਦੀ ਬਾਣੀ ਵਿੱਚ ਅਰਦਾਸ ਨਾਲ ਸੰਬੰਧਤ ਪੰਕਤੀਆਂ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 11 ਭੱਟਾਂ ਦੀ ਬਾਣੀ ਦਰਜ ਹੈ ਭੱਟ ਉਹ ਲੋਕ ਜਿਹੜੇ ਰਾਜਿਆਂ ਦਾ ਉਸਤਤ ਕਰਦੇ ਸਨ ਪਰ ਗੁਰਬਾਣੀ ਵਿਚ ਉਹਨਾਂ ਨੇ ਸਿੱਖ ਗੁਰੂ ਸਾਹਿਬਾਨ ਦੀ ਸੱਚੀ ਉਸਤਤ ਕੀਤੀ ਹੈ।

ਚਿਤਿ ਚਿਤਵਉ ਅਰਦਾਸਿ ਕਹਉ ਪਰੁ ਕਹਿ ਭਿ ਨ ਸਕਉ॥

ਸਰਬ ਚਿੰਤ ਤੁਝੁ ਪਾਸਿ ਸਾਧ ਸੰਗਤਿ ਹਉ ਤਕਉ॥

ਤੇਰੈ ਹੁਕਮਿ ਪਵੈ ਨੀਸਾਣੁ, ਤਉ ਕਰਉ ਸਾਹਿਬ ਕੀ ਸੇਵਾ॥

ਜਬ ਗੁਰੁ ਦੇਖੈ ਸੁਭ ਦਿਸਟਿ, ਨਾਮੁ ਕਰਤਾ ਮੁਖਿ ਮੇਵਾ॥

ਅਗਮ ਅਲਖ ਕਾਰਣ ਪੁਰਖ, ਜੋ ਫੁਰਮਾਵਹਿ ਸੋ ਕਹਉ॥

ਗੁਰ ਅਮਰਦਾਸ ਕਾਰਣ ਕਰਣ ਜਿਵ ਤੂ ਰਖਹਿ ਤਿਵ ਰਹਉ॥[475]

"(ਹੇ ਗੁਰੂ ਅਮਰਦਾਸ ਜੀ!) ਮੈਂ ਚਿੱਤ ਵਿਚ ਸੋਚਾਂ ਸੋਚਦਾ ਹਾਂ ਕਿ (ਇਕ) ਬੇਨਤੀ ਆਖਾਂ; ਪਰ ਮੈਂ ਆਖ ਭੀ ਨਹੀਂ ਸਕਦਾ; (ਹੇ ਸਤਿਗੁਰੂ!) ਮੇਰੇ ਸਾਰੇ ਫ਼ਿਕਰ ਤੇਰੇ ਹਵਾਲੇ ਹਨ (ਭਾਵ, ਤੈਨੂੰ ਹੀ ਮੇਰੇ ਸਾਰੇ ਫ਼ਿਕਰ ਹਨ), ਮੈਂ ਸਾਧ ਸੰਗਤ (ਦਾ ਆਸਰਾ) ਤੱਕਦਾ ਹਾਂ।ਹੇ ਗੁਰੂ ਅਮਰਦਾਸ ਜੀ!) ਜੇ ਤੇਰੀ ਰਜ਼ਾ ਵਿਚ ਪ੍ਰਵਾਨਗੀ ਮਿਲ ਜਾਏ, ਤਾਂ ਮੈਂ ਮਾਲਕ-ਪ੍ਰਭੂ ਦੀ ਸੇਵਾ ਕਰਾਂ। ਜਦੋਂ ਸਤਿਗੁਰੂ (ਅਮਰਦਾਸ) ਮਿਹਰ ਦੀ ਨਜ਼ਰ ਨਾਲ ਤੱਕਦਾ ਹੈ, ਤਾਂ ਕਰਤਾਰ ਦਾ ਨਾਮ-ਰੂਪ ਫਲ ਮੂੰਹ ਵਿਚ (ਭਾਵ, ਖਾਣ ਨੂੰ) ਮਿਲਦਾ ਹੈ।ਹੇ ਅਗਮ-ਰੂਪ ਸਤਿਗੁਰੂ! ਹੇ ਅਲੱਖ ਹਰੀ-ਰੂਪ ਗੁਰੂ! ਹੇ ਕਾਰਣ ਪੁਰਖ-ਰੂਪ ਗੁਰੂ ਅਮਰਦਾਸ ਜੀ! ਜੋ ਤੂੰ ਹੁਕਮ ਕਰਦਾ ਹੈਂ, ਮੈਂ ਸੋਈ ਆਖਦਾ ਹਾਂ। ਹੇ ਸ੍ਰਿਸ਼ਟੀ ਦੇ ਕਰਤਾ-ਰੂਪ ਗੁਰੂ ਅਮਰਦਾਸ ਜੀ! ਜਿਵੇਂ ਤੂੰ ਮੈਨੂੰ ਰੱਖਦਾ ਹੈਂ ਤਿਵੇਂ ਮੈਂ ਰਹਿੰਦਾ ਹਾਂ।"[476] ਇਸ ਅਰਦਾਸ ਵਿਚ ਭੱਟ ਗੁਰੂ ਅਮਰਦਾਸ ਜੀ ਅੱਗੇ ਉਸਤਤ ਰੂਪੀ ਬੇਨਤੀ ਕਰ ਰਹੇ ਹਨ ਕਿ ਗੁਰੂ ਅਮਰਦਾਸ ਜੀ ਇਲਾਹੀ ਰੂਪ ਹਨ ਉਹਨਾਂ ਦੇ ਹੁਕਮ ਵਿਚ ਹੀ ਸਭ ਕੁਝ ਹੋ ਰਿਹਾ ਹੈ।

ਡਾ. ਰਤਨ ਸਿੰਘ ਜੋਗੀ ਰਚਿਤ ਸ੍ਰੀ ਗੁਰੂ ਗ੍ਰੰਥ ਵਿਸ਼ਵਕੋਸ਼ ਅਨੁਸਾਰ, "ਕੀਰਤ: ਇਕ ਭੱਟ ਕਵੀ ਜਿਸਨੇ ਗੁਰੂ ਜਸ ਦੇ 8 ਸਵੈਯੇ ਲਿਖੇ ਹੈ।"[477]

ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥

ਇਕ ਅਰਦਾਸਿ, ਭਾਟ ਕੀਰਤਿ ਕੀ, ਗੁਰ ਰਾਮਦਾਸ, ਰਾਖਹੁ ਸਰਣਾਈ॥[478]

"ਅਸਾਂ ਸਤਿਗੁਰੂ ਦੀ ਸੰਗਤਿ ਵਾਲਾ ਇਕ ਉੱਚਾ ਰਾਹ ਸੁਣਿਆ ਹੈ, ਉਸ ਵਿਚ ਮਿਲ ਕੇ ਅਸਾਂ ਜਮਾਂ ਦਾ ਡਰ ਮਿਟਾ ਲਿਆ ਹੈ। 'ਕੀਰਤ' ਭੱਟ ਦੀ ਹੁਣ ਇਕ ਬੇਨਤੀ ਹੈ ਕਿ ਹੇ ਗੁਰੂ ਰਾਮਦਾਸ ਜੀ!

---

[475] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1395.
[476] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦਸਵੀਂ ਪੋਥੀ)*, ਪੰਨਾ 491.
[477] ਡਾ.ਰਤਨ ਸਿੰਘ ਜੱਗੀ,*ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ)*, ਪੰਨਾ 340.
[478] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1406.

ਆਪਣੀ ਸਰਨੀ ਰੱਖੋ।"[479] ਇਸ ਅਰਦਾਸ ਵਿਚ ਭੱਟ ਕੀਰਤ ਗੁਰੂ ਰਾਮਦਾਸ ਜੀ ਅੱਗੇ ਬੇਨਤੀ ਕਰ ਰਹੇ ਹਨ ਤੁਹਾਡੀ ਕਿਰਪਾ ਨਾਲ ਅਸੀਂ ਉਤਮ ਰਾਹ ਚੁਣ ਲਿਆ ਹੈ।

**5.60 ਭਾਈ ਸੁੰਦਰ ਜੀ**

ਸਤਿਗੁਰੂ ਕੀ ਬੇਨਤੀ ਪਾਈ ਹਰ ਪ੍ਰਭਿ ਸੁਣੀ ਅਰਦਾਸਿ ਜੀਉ॥

ਹਰਿ ਧਾਰਿ ਕ੍ਰਿਪਾ ਸਤਿਗੁਰ ਮਿਲਾਇਆ, ਧਨ ਧਨ ਕਹੈ ਸਾਬਾਸਿ ਜੀਉ॥[480]

ਇਹ ਪੰਕਤੀਆਂ ਭਾਈ ਸੁੰਦਰ ਜੀ ਦੁਆਰਾ ਰਚਿਤ ਹਨ ਜੋ ਕਿ ਰਾਮਕਲੀ ਰਾਗੁ ਵਿਚ ਰਾਮਕਲੀ ਸਦੁ ਸਿਰਲੇਖ ਹੇਠ ਦਰਜ ਹਨ।

"ਸਦੁ ਲਫਜ਼ 'ਸਦੁ' ਪੰਜਾਬੀ ਬੋਲੀ ਵਿਚ ਆਮ ਵਰਤਿਆਂ ਜਾਂਦਾ ਹੈ, ਇਸਦਾ ਅਰਥ ਹੈ 'ਵਾਜ' ਇਹ ਲਫਜ਼ ਸੰਸਕ੍ਰਿਤ ਦੇ ਲਫਜ਼ 'ਸ਼ਬਦ' ਦਾ ਪ੍ਰਾਕ੍ਰਿਤ ਰੂਪ ਹੈ 'ਸੱਦ' ਜੋ ਪਹਿਲੀ ਵਿਚ ਵੀ 'ਸੱਦ' ਹੈ। ਸੰਸਕ੍ਰਿਤ ਤੇ ਤਾਲਵੀ 'ਸ' ਦਾ ਥਾਂ ਪ੍ਰਾਕ੍ਰਿਤ ਵਿਚ ਦੰਤਵੀ 'ਸ' ਰਹਿ ਗਿਆ ਅਤੇ ਦੋ ਅੱਖਰਾਂ ਦੀ ਥਾਂ ਇਕ ਅੱਖਰ 'ਦ' ਦੀ ਹੀ ਦੋਹਰੀ ਆਵਾਜ਼ ਰਹਿ ਗਈ।

ਰਾਮਕਲੀ ਰਾਗੁ ਵਿਚ ਲਿਖੀ ਬਾਣੀ ਦਾ ਨਾਮ 'ਸਦੁ' ਹੈ। ਇਥੋ ਇਸ ਦਾ ਭਾਵ ਹੈ। ਰੱਬ ਵੱਲੋਂ ਗੁਰੂ ਅਮਰਦਾਸ ਜੀ ਨੂੰ ਆਇਆ ਹੋਇਆ ਸੱਦਾ।"[481]

"ਸਤਿਗੁਰੂ ਕੀ ਕੀਤੀ ਹੋਈ ਬੇਨਤੀ, ਇਹ ਅਰਦਾਸਿ , ਅਕਾਲ ਪੁਰਖ ਪ੍ਰਭੂ ਨੇ ਸੁਣ ਲਈ,ਅਤੇ ਮਿਹਰ ਕਰਕੇ ਉਸਨੇ ਗੁਰੂ ਅਮਰਦਾਸ ਜੀ ਨੂੰ (ਆਪਣੇ ਚਰਨਾ ਵਿਚ ਜੋੜ ਲਿਆ ਅਤੇ ਕਹਿਣ ਲੱਗਾ, ਸ਼ਾਬਾਸ਼ੇ! ਤੂੰ ਧੰਨ ਹੈ, ਤੂੰ ਧੰਨ ਹੈ।"[482]

"ਬਾਬਾ ਸੁੰਦਰ ਦਾ ਲਿਖਿਆ ਛੇ ਪਦਿਆ ਦਾ ਇਕ 'ਸਦ' ਗੁਰੂ ਗ੍ਰੰਥ ਸਾਹਿਬ (ਪੰਨਾ 923) ਵਿਚ ਰਾਮਕਲੀ ਰਾਗੁ ਅਧੀਨ ਦਰਜ ਹੈ। ਸਿੱਖ ਰਵਾਇਤਾਂ ਅਨੁਸਾਰ ਗੁਰੂ ਅਮਰਦਾਸ ਦੇ ਜੋਤੀ-ਜੋਤਿ ਸਮਾਉਣ ਵੇਲੇ ਉਨ੍ਹਾਂ ਵੱਲੋਂ ਦਿੱਤੇ ਉਪਦੇਸ਼ ਨੂੰ ਸੁੰਦਰ ਨੇ ਇਸ 'ਸਦ' ਦੇ ਰੂਪਾਕਾਰ ਰਾਹੀਂ ਪ੍ਰਗਟ ਕੀਤਾ। 'ਗੁਰਪ੍ਰਤਾਪ-ਸੂਰਜ' (ਨੰਦਨ ਮੋਹਰੀ ਨਾਮ ਅਨੰਦ) ਤਿਹ ਨੰਦਰ ਸੁੰਦਰ ਮਤਿਵੰਦ ਅਨੁਸਾਰ ਸੁੰਦਰ ਗੁਰੂ ਅਮਰਦਾਸ ਦਾ ਪੜਪੋਤਾ,ਮੋਹਰੀ ਦਾ ਪੋਤਾ ਅਤੇ ਅਨੰਦ ਦਾ ਪੁੱਤਰ ਸੀ। ਮਹਾਨਕੋਸ਼ ਨੇ ਬਾਬਾ ਅਨੰਦ ਦਾ ਜਨਮ ਸੰਨ 1554 ਈ. ਵਿਚ ਦਸਿਆ ਹੈ। ਰਵਾਇਤ ਹੈ ਕਿ ਇਸ ਦੇ ਜਨਮ ਦੀ ਖੁਸ਼ੀ ਵਿਚ ਹੀ ਗੁਰੂ ਅਮਰਦਾਸ ਜੀ ਨੇ 'ਅਨੰਦ' ਬਾਣੀ ਰਚਨਾ ਕੀਤੀ ਸੀ। ਗੁਰੂ ਅਮਰਦਾਸ ਜੀ ਦਾ ਗੁਰੂ ਗੱਦੀ ਕਾਲ ਸੰਨ 1552 ਤੋਂ 1547 ਈ. ਤੱਕ ਹੈ। ਸੰਨ 1554 ਈ, ਵਿਚ ਜਨਮੇ ਬਾਬਾ ਅਨੰਦ ਦਾ ਪੁੱਤਰ ਕਦੋਂ ਪੈਦਾ ਹੋਇਆ ਅਤੇ ਕਦੋਂ ਇਤਨਾ ਵੱਡਾ ਹੋ ਗਿਆ ਕਿ ਸੰਨ 1574 ਈ. ਵਿੱਚ ਉਸ ਨੇ 'ਸਦ' ਲਿਖ ਲਿਆ? ਇਨ੍ਹਾਂ ਸ਼ੰਕਾਵਾਂ ਦਾ ਉੱਤਰ ਇਤਿਹਾਸ ਤੋਂ ਨਹੀਂ ਮਿਲਦਾ। ਇਸ ਨਾਲ ਸੁੰਦਰ ਦੀ ਇਤਿਹਾਸਿਕਤਾ ਸੰਦਿਗਧ ਹੋ ਜਾਂਦੀ ਹੈ। ਸੰਭਵ ਹੈ ਕਿ ਉਸਨੇ ਆਪਣੇ ਵੱਡਿਆਂ ਤੋਂ ਗੁਰੂ ਅਮਰਦਾਸ ਵੱਲੋਂ ਆਪਣੇ ਅੰਤ

---

[479] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦਸਵੀਂ ਪੋਥੀ)*, ਪੰਨਾ 550.

[480] *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 923.

[481] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਛੇਵੀਂ ਪੋਥੀ)*, ਪੰਨਾ 717.

[482] ਪ੍ਰੋ. ਸਾਹਿਬ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਛੇਵੀਂ ਪੋਥੀ)*, ਪੰਨਾ 720.

ਕਾਲ ਵੇਲੇ ਦਿੱਤੇ ਉਪਦੇਸ਼ ਨੂੰ ਸੁਣ ਕੇ ਕਲਮਬੰਦ ਕੀਤਾ ਹੋਵੇ। ਇਸ ਲਈ ਸਦ ਦਾ ਰਚਨਾ-ਕਾਲ 16ਵੀਂ ਸਦੀ ਦਾ ਅੰਤਿਮ ਦਹਾਕਾ ਪ੍ਰਤੀਤ ਹੁੰਦਾ ਹੈ।

ਇਸ ਰਚਨਾ ਦਾ ਇਤਿਹਾਸਕ ਮਹੱਤਵ ਹੈ ਕਿਉਂਕਿ ਇਕ ਤਾਂ ਗੁਰੂ ਅਮਰਦਾਸ ਦੁਆਰਾ ਗੁਰੂ ਰਾਮਦਾਸ ਨੂੰ ਗੁਰਿਆਈ ਦਿੱਤੇ ਜਾਣ ਅਤੇ ਛੋਟੇ ਪੁੱਤਰ ਬਾਬਾ ਮੋਹਰੀ ਦੁਆਰਾ ਇਸ ਫੈਸਲੇ ਨੂੰ ਸਵੀਕਾਰ ਕਰ ਲਏ ਜਾਣ ਦਾ ਸੰਕੇਤ ਮਿਲਦਾ ਹੈ- ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ। ਇੱਥੋਂ ਇਹ ਵੀ ਸ਼ਪੱਸ਼ਟ ਹੁੰਦਾ ਹੈ ਕਿ ਗੁਰੂ ਸਾਹਿਬ ਦਾ ਵੱਡਾ ਪੁੱਤਰ ਬਾਬਾ ਮੋਹਨ ਇਸ ਫੈਸਲੇ ਨਾਲ ਸਮਝੌਤਾ ਨਾ ਕਰ ਸਕਿਆ। ਦੂਜਾ ਇਹ ਕਿ ਇਸ ਦੁਆਰਾ ਕ੍ਰਿਆ ਕਰਮ ਸੰਬੰਧੀ ਸਿੱਖ ਸਭਿਆਚਾਰ ਦਾ ਸਰੂਪ ਸਪੱਸ਼ਟ ਹੁੰਦਾ ਹੈ। ਜਗਤ ਨਸ਼ਵਰ ਹੈ, ਹਰ ਇਕ ਨੇ ਮਰਨਾ ਹੈ। ਮ੍ਰਿਤੂ ਭਾਣੇ ਅਧੀਨ ਹੈ। ਭਾਣਾ ਮੰਨਣਾ ਹਰ ਸਿੱਖ ਦਾ ਕਰਤਵ ਹੈ। ਦਰਗਾਹੀ ਸੱਦੇ ਉੱਤੇ ਹੀ ਵਿਅਕਤੀ ਇਸ ਸੰਸਾਰ ਤੋਂ ਜਾਂਦਾ ਹੈ। ਰੋਣ ਧੋਣ ਦੀ ਥਾਂ ਹਰਿ-ਜਸ ਦਾ ਕੀਰਤਨ ਕਰਨ, ਸਤਿਸੰਗੀਆਂ ਨੂੰ ਬੁਲਾ ਕੇ ਕਥਾ-ਵਾਰਤਾ ਕਰਨਾ ਅਤੇ ਹਰਿ-ਨਾਮ ਦਾ ਸ੍ਰਵਣ ਕਰਨਾ, ਇਹ ਪਿੰਡ-ਪਤਲ ਅਤੇ ਹੋਰ ਅੰਤਿਮ ਕ੍ਰਿਆਵਾਂ ਹਨ। ਇਸ ਪ੍ਰਕਾਰ ਦੇ ਗੁਰੂ ਜੀ ਦੇ ਉਪਦੇਸ਼ ਅੱਗੇ ਸਭ ਨੇ ਸਿਰ ਨਿਵਾਂ ਦਿੱਤਾ-ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ।

ਛੇ ਪਦਿਆਂ ਦੀ ਇਸ ਸੰਖਿਪਤ ਰਚਨਾ ਨੇ ਹਰ ਪਦ ਵਿਚ ਛੇ ਛੇ ਤੁਕਾਂ ਹਨ। ਤੁਕਾਂ ਵਿਚ ਮਾਤ੍ਰਾਵਾਂ ਦੀ ਸਮਾਨਤਾ ਨਹੀਂ ਹੈ। ਕੁਝ ਪਦਿਆਂ ਵਿਚ ਦੂਜੀ ਤੁਕ ਦਾ ਕੁਝ ਅੰਸ਼ ਤੀਜੀ ਤੁਕ ਵਿਚ 'ਕੁੰਡਲੀਆਂ ਛੰਦ'ਦੀ ਸ਼ੈਲੀ ਵਿਚ ਦੁਹਰਾਇਆ ਵੀ ਮਿਲਦਾ ਹੈ, ਵੈਰਾਗਮਈ ਹੋਣ ਕਾਰਨ ਇਸ ਦੀ ਭਾਸ਼ਾ ਭਾਵਾਨੁਕੂਲ ਹੈ ਅਤੇ ਉਸ ਵਕਤ ਪ੍ਰਚਲਿਤ ਪੰਜਾਬੀ ਦਾ ਸੁੰਦਰ ਨਮੂਨਾ ਪੇਸ਼ ਕਰਦੀ ਹੈ।"[483]

"ਸਤਿਗੁਰੂ ਦੀ ਕੀਤੀ ਹੋਈ ਇਹ ਬੇਨਤੀ ਇਹ ਅਰਦਾਸਿ, ਅਕਾਲ ਪੁਰਖ ਪ੍ਰਭੂ ਨੇ ਸੁਣ ਲਈ ਅਤੇ ਮਿਹਰ ਕਰਕੇ ਉਸਨੇ ਗੁਰੂ ਅਮਰਦਾਸ ਜੀ ਨੂੰ ਆਪਣੇ ਚਰਨਾਂ ਵਿਚ ਜੋੜ ਲਿਆ ਅਤੇ ਕਹਿਣ ਲੱਗਾ- ਸਾਬਾਸ਼ੇ ! ਤੂੰ ਧੰਨ ਹੈ, ਤੂੰ ਧੰਨ ਹੈ।"[484]

---

[483] ਡਾ.ਰਤਨ ਸਿੰਘ ਜੱਗੀ, *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼*, ਪੰਨਾ 212.

[484] ਪ੍ਰੋ. ਸਾਹਿਬ ਸਿੰਘ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੋਥੀ ਸੱਤਵੀਂ), ਪੰਨਾ 219.

# ਨਿਸ਼ਰਕਸ਼

ਸਿੱਟੇ ਦੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਹਥਲੇ ਖੋਜ-ਕਾਰਜ ਵਿਚ ਅਰਦਾਸ ਸ਼ਬਦ ਦੇ ਅਰਥ, ਵੱਖ-ਵੱਖ ਧਰਮਾਂ ਵਿਚ ਮਿਲਦੇ ਇਸਦੇ ਸੰਕਲਪ ਅਤੇ ਅਰਦਾਸ ਦੀ ਪ੍ਰਕ੍ਰਿਤੀ ਨੂੰ ਸ਼ਾਮਿਲ ਕੀਤਾ ਗਿਆ ਹੈ। ਅਰਦਾਸ ਸ਼ਬਦ ਦੇ ਅਰਥਾਂ ਲਈ ਵੱਖ-ਵੱਖ ਧਾਰਮਿਕ, ਸਾਹਿਤਿਕ, ਇੰਗਲਿਸ਼, ਹਿੰਦੀ, ਪੰਜਾਬੀ, ਉਰਦੂ, ਫਾਰਸੀ ਦੇ ਕੋਸ਼ਾਂ ਨੂੰ ਆਧਾਰ ਬਣਾਇਆ ਗਿਆ ਹੈ। ਅਰਦਾਸ ਕਰਨ, ਕਰਵਾਉਣ ਜਾਂ ਇਸਦਾ ਧਰਮ ਦੇ ਮੁੱਢਲੇ ਰੂਪਾਂ ਵਿਚ ਜੋ ਸਥਾਨ ਸੀ, ਉਸਨੂੰ ਨਿਸ਼ਚਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਨਾਲ ਹੀ ਵੱਖ-ਵੱਖ ਵਿਦਵਾਨਾਂ ਦੇ ਅਰਦਾਸ ਸੰਬੰਧੀ ਵਿਚਾਰਾਂ ਨੂੰ ਖੋਲ੍ਹ ਕੇ ਵਿਸ਼ੇ ਦੀ ਸਾਰਥਕਤਾ ਨੂੰ ਸਿੱਧ ਕੀਤਾ ਗਿਆ ਹੈ।ਆਦਿਮ ਸਮਾਜ ਵੇਲੇ ਅਰਦਾਸ ਦੀ ਹੋਂਦ ਨੂੰ ਉਜਾਗਰ ਕੀਤਾ ਗਿਆ ਹੈ। ਅਰਦਾਸ ਵਰਗਾ ਮਹੱਤਵਪੂਰਣ ਪਹਿਲੂ ਦੁਨੀਆਂ ਦੇ ਸਾਰੇ ਧਰਮਾਂ ਵਿਚ ਦੇਖਿਆ ਜਾ ਸਕਦਾ ਹੈ। ਅਰਦਾਸ ਅਜਿਹਾ ਸਾਧਨ ਹੈ ਜਿਹੜਾ ਕਿ ਧਰਮ ਦੀ ਦੁਨੀਆਂ ਵਿਚ ਮਨੁੱਖ ਨੂੰ ਰੱਬ ਤੱਕ ਪਹੁੰਚ ਸਥਾਪਿਤ ਕਰਨ ਦਾ ਆਧਾਰ ਬਣਦਾ ਹੈ, ਬੇਸ਼ੱਕ ਅਜੋਕਾ ਮਨੁੱਖ ਧਰਮ ਨੂੰ ਕਈ ਵਾਰ ਤਰਕ ਦੇ ਆਧਾਰ ਤੇ ਪਰਖ ਕੇ ਇਸ ਨੂੰ ਵਿਗਿਆਨ ਦੀ ਤੁਲਨਾ ਵਿਚ ਛੁਟਿਆਉਣ ਦੀ ਕੋਸ਼ਿਸ਼ ਵੀ ਕਰਦਾ ਰਹਿੰਦਾ ਹੈ। ਪਰ ਧਰਮ ਦੇ ਅਰਦਾਸ ਵਰਗੇ ਕਾਰਗਰ ਰੂਪ ਅਜਿਹੇ ਮਨੁੱਖ ਨੂੰ ਵੀ ਧਰਮ ਦੀ ਅਹਿਮੀਅਤ ਪੇਸ਼ ਕਰਕੇ ਸਹੀ ਰਸਤਾ ਦਿਖਾਉਣ ਵਿਚ ਅਨੇਕਾਂ ਵਾਰ ਮੱਦਦ ਕਰਦੇ ਹਨ।ਖੋਜ-ਕਾਰਜ ਦੌਰਾਨ ਸਿੱਧੇ ਤੌਰ ਤੇ ਜਿਹੜੀਆਂ ਪੁਸਤਕਾਂ ਇਸ ਵਿਸ਼ੇ ਨਾਲ ਸੰਬੰਧਿਤ ਹਨ, ਉਹਨਾਂ ਪੁਸਤਕਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਜਿੰਨ੍ਹਾ ਵਿਚ ਰਸਾਲੇ,ਖੋਜ-ਪ੍ਰਬੰਧ, ਖੋਜ-ਨਿਬੰਧ, ਪਤ੍ਰਿਕਾਵਾਂ, ਪੰਜਾਬੀ,ਹਿੰਦੀ ਦੀਆਂ ਪੁਸਤਕਾਂ ਨੂੰ ਸ਼ੁਮਾਰ ਕੀਤਾ ਗਿਆ ਹੈ। ਜਿਸ ਨਾਲ ਖੋਜ-ਨਿਬੰਧ ਦੀ ਆਧਾਰ ਸਮੱਗਰੀ ਵੀ ਨਿਸ਼ਚਿਤ ਹੋਈ ਹੈ ਅਤੇ ਇਸ ਵਿਸ਼ੇ ਤੇ ਖੋਜ ਕਰਨ ਵਾਲੇ ਖੋਜਾਰਥੀਆਂ ਨੂੰ ਇਕ ਜਗ੍ਹਾ ਤੇ ਇਸ ਵਿਸ਼ੇ ਨਾਲ ਸੰਬੰਧਿਤ ਸਮੱਗਰੀ ਮੁਹੱਈਆ ਹੋਵੇਗੀ। ਇੰਨ੍ਹਾ ਹੀ ਨਹੀਂ ਉਹਨਾਂ ਪੁਸਤਕਾਂ ਦੇ ਲੇਖਕ, ਛਪਣ ਦਾ ਸਥਾਨ, ਸੰਨ ਅਤੇ ਉਸ ਪੁਸਤਕ ਵਿਚ ਮੋਟੇ ਤੌਰ ਤੇ ਆਏ ਵਿਚਾਰਾਂ ਨੂੰ ਵੀ ਸੰਖਿਪਤ ਰੂਪ ਵਿਚ ਉਭਾਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਭਾਰਤੀ ਧਰਮਾਂ ਵਿੱਚੋਂ ਪ੍ਰਮੁੱਖ ਤਿੰਨ ਧਰਮ ਹਿੰਦੂ ਧਰਮ, ਜੈਨ ਧਰਮ ਅਤੇ ਬੁੱਧ ਧਰਮ ਨੂੰ ਆਧਾਰ ਬਣਾਇਆ ਗਿਆ ਹੈ। ਹਿੰਦੂ ਧਰਮ ਵਿਚ ਮੁੱਖ ਤੌਰ ’ਤੇ ਚਾਰ ਵੇਦਾਂ ਵਿੱਚੋਂ ਪ੍ਰਮੁੱਖ ਪ੍ਰਾਰਥਨਾ ਦੇ ਰੂਪ ਨੂੰ ਉਭਾਰਿਆ ਗਿਆ ਹੈ ਭਾਵੇਂ ਕਿ ਦੇਖਣ ਨੂੰ ਵੇਦਾਂ ਵਿਚ ਦੇਵੀ-ਦੇਵਤਿਆਂ ਅੱਗੇ ਪ੍ਰਾਰਥਨਾਵਾਂ ਦੀ ਭਰਮਾਰ ਨਜ਼ਰ ਆਉਂਦੀ ਹੈ। ਪਰ ਹਥਲੇ ਖੋਜ-ਕਾਰਜ ਦੀ ਸੀਮਾਂ ਨਿਸ਼ਚਿਤ ਕਰਦਿਆਂ ਪ੍ਰਮੁੱਖ ਪ੍ਰਾਰਥਨਾਵਾਂ ਨੂੰ ਹੀ ਵਿਚਾਰਿਆ ਗਿਆ ਹੈ। ਹਰ ਇਕ ਪ੍ਰਾਰਥਨਾ ਦਾ ਸਰੂਪ ਨਿਰਧਾਰਿਤ ਕੀਤਾ ਗਿਆ ਹੈ ਕਿ ਇਸ ਪ੍ਰਾਰਥਨਾ ਵਿਚ ਸਾਧਕ ਦੀ ਇੱਛਾ ਕੀ ਹੈ, ਜਿਸ ਲਈ ਉਹ ਪ੍ਰਾਰਥਨਾ ਕਰ ਰਿਹਾ ਹੈ, ਪ੍ਰਾਰਥਨਾ ਕਰਨ ਲਈ ਮਨੁੱਖ ਦੀਆਂ ਪ੍ਰਮੁੱਖ ਤੌਰ ’ਤੇ ਦੋ ਹੀ ਇੱਛਾਵਾਂ ਹਨ ਪਹਿਲੀ ਪਰਮਾਰਥਿਕ ਮੰਗ ਦੂਜੀ ਪਦਾਰਥਕ ਮੰਗ ਦੂਜੇ ਨੰਬਰ ਦੀ ਪ੍ਰਾਰਥਨਾ ਲਈ ਜ਼ਿਆਦਤਰ ਲੋਕ ਪ੍ਰਾਰਥਨਾ ਕਰਦੇ, ਕਰਵਾਉਂਦੇ ਹਨ। ਜਦਕਿ ਪਰਮਾਰਥ ਦਾ ਗਾਹਕ ਤਾਂ ਕੋਈ ਵਿਰਲਾ ਹੀ ਹੈ। ਪਰ ਪੁਰਾਤਨ ਰਿਸ਼ੀ ਮੁਨੀ ਵਧੇਰੇ ਕਰਕੇ ਪਰਮਾਰਥ ਲਈ ਹੀ ਪ੍ਰਾਰਥਨਾਵਾਂ ਕਰਦੇ ਸਨ।ਇਹ ਪ੍ਰਾਰਥਨਾਵਾਂ ਦੇ ਮੁਖ ਵਿਸ਼ੇ ਅਧਿਆਤਮਿਕ ਮਾਰਗ ਤੇ ਤੁਰਨ ਲਈ,ਲੰਬੀ ਉਮਰ ਲਈ, ਤੇਜ਼ ਬੁਧੀ ਲਈ, ਗੁਣੀ ਬਣਨ ਲਈ, ਸ਼ਾਂਤੀ ਲਈ, ਮੁਕਤੀ ਲਈ ਵਿਕਾਰਾਂ ਤੋਂ ਬਚਣ ਲਈ, ਭੋਜਨ ਕਰਨ ਲੱਗਿਆਂ, ਇਸ਼ਨਾਨ ਕਰਨ ਵੇਲੇ, ਇੰਦਰ ਦੇਵਤੇ ਅੱਗੇ, ਅਗਨੀ ਦੇਵਤੇ ਅੱਗੇ, ਬ੍ਰਹਮਾ ਜੀ ਅੱਗੇ

ਭਗਵਾਨ ਰਾਮ ਜੀ ਅੱਗੇ,ਭਗਵਾਨ ਕ੍ਰਿਸ਼ਨ ਜੀ ਅੱਗੇ ਆਦ ਪ੍ਰਾਰਥਨਾਵਾਂ ਨੂੰ ਇਕੱਤਰ ਕੀਤਾ ਗਿਆ ਹੈ।ਇਸੇ ਤਰ੍ਹਾਂ ਜੈਨ ਧਰਮ ਜੋ ਰੱਬ ਦੀ ਹੋਂਦ ਬਾਰੇ ਚੁੱਪ ਹੈ, ਵਿਚ ਪ੍ਰਾਰਥਨਾ ਤੀਰਥੰਕਰਾਂ, ਅਰਹਿੰਤਾਂ, ਸਾਧੂਆਂ ਅੱਗੇ ਕੀਤੀ ਜਾਂਦੀ ਹੈ।ਉਹਨਾਂ ਵਿਚ  ਨਵਕਾਰ ਮੰਤਰ ਪ੍ਰਾਰਥਨਾ ਦਾ ਮੁਖ ਰੂਪ ਹੈ।ਜੈਨੀ ਸਾਧੂਆਂ ਵੱਲੋਂ ਭਗਤੀ ਦੇ ਰੂਪ ਵਿਚ ਆਪਣੇ ਤੋਂ ਪਹਿਲਾਂ ਹੋ ਚੁੱਕੇ ਸਾਧੂਆਂ ਅੱਗੇ ਪ੍ਰਾਰਥਨਾਵਾਂ ਕੀਤੀਆਂ ਜਾਂਦੀਆਂ ਹਨ।ਇਸੇ ਅਧਿਆਇ ਵਿਚ ਬੁੱਧ ਧਰਮ ਅਤੇ ਵਿਚ ਆਏ ਅਰਦਾਸ ਦੇ ਸੰਕਲਪ ਨੂੰ ਵਿਚਾਰਿਆ ਗਿਆ ਹੈ। ਇਹ ਧਰਮ ਵੀ ਅਨਈਸ਼ਵਰਵਾਦੀ ਹੁੰਦੇ ਹੋਏ ਪ੍ਰਾਰਥਨਾ ਦੇ ਨਾਲ ਜਿਨ੍ਹਾ ਚੀਜ਼ਾਂ ਰਾਹੀਂ ਜੁੜਦੇ ਹਨ ਉਹਨਾਂ ਨੂੰ ਵੀ ਉਭਾਰਿਆ ਗਿਆ ਹੈ, ਇਸ ਧਰਮ ਵਿਚ ਅੰਤਿਮ ਟੀਚੇ ਨੂੰ ਹਾਸਿਲ ਕਰ ਚੁੱਕੇ ਸਾਧੂਆਂ ਅੱਗੇ ਆਪਣੇ ਆਪ ਨੂੰ ਉਹਨਾਂ ਵਰਗਾ ਬਣਾਉਣ ਲਈ ਪ੍ਰਾਰਥਨਾਵਾਂ ਕਰਦੇ ਹਨ , ਉਹਨਾਂ ਪੁਰਖਾਂ ਦੀ ਭਗਤੀ ਜਾਂ ਉਹਨਾਂ ਦੀ ਉਸਤਤ ਵਿਚ ਪ੍ਰਾਰਥਨਾ ਨੂੰ ਸਮੋ ਕੇ ਆਪਣੀ ਇੱਛਾ ਜ਼ਾਹਿਰ ਕਰਦੇ ਹਨ।ਬੁੱਧ ਧਰਮ ਵਿਚ ਧਿਆਨ ਲਗਾਉਣ ਸੰਬੰਧੀ ਪ੍ਰਾਰਥਨਾਵਾਂ, ਦੁਖਾਂ ਨੂੰ ਦੂਰ ਕਰਨ ਸੰਬੰਧੀ, ਮਨੁੱਖਤਾ ਦੀ ਸੇਵਾ ਲਈ ਪ੍ਰਾਰਥਨਾ, ਸ਼ਾਂਤੀ ਲਈ ਪ੍ਰਾਰਥਨਾ, ਦੇਵੀਆਂ ਅੱਗੇ ਪ੍ਰਾਰਥਨਾਵਾਂ,ਜਾਨਵਰਾਂ ਦੀ ਰੱਖਿਆ ਲਈ ਪ੍ਰਾਰਥਨਾਵਾਂ ਮਿਲਦੀਆਂ ਹਨ।

ਹਥਲੇ ਖੋਜ-ਕਾਰਜ ਵਿਚ ਅੱਗੇ ਜਾ ਕੇ ਸਾਮੀ ਧਰਮਾਂ ਵਿਚ ਮਿਲਦੇ ਅਰਦਾਸ ਦੇ ਸੰਕਲਪ ਨੂੰ ਉਭਾਰਿਆ ਗਿਆ ਹੈ। ਇਸ ਵਿਚ ਵੀ ਭਾਰਤੀ ਧਰਮਾਂ ਵਾਂਗ ਤਿੰਨ ਧਰਮ ਯਹੂਦੀ, ਈਸਾਈ ਅਤੇ ਇਸਲਾਮ ਵਿਚ ਅਰਦਾਸ ਦੇ ਸਰੂਪ ਨੂੰ ਵਿਚਾਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਯਹੂਦੀ ਧਰਮ ਅਤੇ ਈਸਾਈ ਧਰਮ ਦੀਆਂ ਅਰਦਾਸਾਂ ਲਈ ਸਿੱਧੇ ਤੌਰ ’ਤੇ ਬਾਈਬਲ ਨੂੰ ਆਧਾਰ ਬਣਾ ਕੇ ਉਸ ਵਿਚਲੀਆਂ ਅਰਦਾਸਾਂ ਨੂੰ ਹੀ ਸ਼ਾਮਿਲ ਕੀਤਾ ਗਿਆ ਹੈ। ਕਿਉਂਕਿ ਹਰ ਇਕ ਖੋਜ ਕਾਰਜ ਦੀ ਸੀਮਾ ਹੁੰਦੀ ਹੈ ਜਿਸਨੂੰ ਨਿਸ਼ਚਿਤ ਕਰਕੇ ਹੀ ਖੋਜ-ਕਰਜ ਸਹੀ ਦਿਸ਼ਾ ਵਿਚ ਨੇਪਰੇ ਚੜ੍ਹਦਾ ਹੈ।ਯਹੂਦੀ ਧਰਮ ਵਿਚ ਯਹੋਵਾ ਅੱਗੇ ਅਰਦਾਸਾਂ ਕੀਤੀਆਂ ਗਈਆਂ ਹਨ ਜਿਵੇਂ ਅੰਮ੍ਰਿਤ ਵੇਲੇ ਦੀ ਪ੍ਰਾਰਥਨਾ, ਸੰਝ ਵੇਲੇ ਦੀ ਪ੍ਰਾਰਥਨਾ, ਬਦਲਾ ਲੈਣ ਦੀ ਬੇਨਤੀ, ਦੁਸ਼ਟਾਂ ਤੋਂ ਬਚਾਉ ਦੀ ਬੇਨਤੀ, ਇਸਲਾਮ ਧਰਮ ਵਿਚ ਨਮਾਜ਼ ਹੀ ਅਰਦਾਸ ਦਾ ਰੂਪ ਹੈ ਜਿਸ ਦੀਆਂ ਸਾਰੀਆਂ ਦਿਸ਼ਾਵਾਂ ਨੂੰ ਦੇਖਣ ਦਾ ਯਤਨ ਕੀਤਾ ਗਿਆ ਹੈ। ਪੰਜ ਨਮਾਜ਼ਾਂ ਜੋ ਕਿ ਹਰ ਇਕ ਮੁਸਲਮਾਨ ਤੇ ਫਰਜ਼ ਹਨ ਇਸਦੇ ਨਾਲ ਜੋ ਨਫਲ ਨਮਾਜ਼ਾਂ ਉਹਨਾਂ ਬਾਰੇ ਵੀ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਨਾਲ ਹੀ ਦੁਆ, ਤੌਬਾ, ਦਰੂਦ ਵਰਗੇ ਅਰਦਾਸ ਨਾਲ ਮਿਲਦੇ-ਜੁਲਦੇ ਸੰਕਲਪਾਂ ਨੂੰ ਵੀ ਵਿਚਾਰਿਆ ਗਿਆ ਹੈ।

ਸਿੱਖ ਧਰਮ ਵਿਚ ਮਿਲਦੇ ਅਰਦਾਸ ਦੇ ਸੰਕਲਪ ਨੂੰ ਵਿਚਾਰਿਆ ਗਿਆ ਹੈ। ਸਿੱਖ ਧਰਮ ਦੀ ਰੋਜ਼ਾਨਾ ਦੋ ਵੇਲੇ ਕੀਤੀ ਜਾਣ ਵਾਲੀ ਅਰਦਾਸ ਉਪਰ ਇਤਿਹਾਸਿਕ ਅਤੇ ਵਿਵਹਾਰਿਕ ਨੁਕਤੇ ਤੋਂ ਕਾਰਜ ਹੋ ਚੁੱਕਾ ਹੈ ਜਿਹੜਾ ਕਿ ਜਸਵੰਤ ਸਿੰਘ ਨੇਕੀ, ਡਾ. ਜੋਗਿੰਦਰ ਸਿੰਘ, ਡਾ. ਬਲਕਾਰ ਸਿੰਘ ਆਦਿ ਵਿਦਵਾਨਾਂ ਨੇ ਬਾਖੂਬੀ ਨੇਪਰੇ ਚਾੜ੍ਹਿਆ ਹੈ। ਹਥਲੇ ਖੋਜ-ਕਾਰਜ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਅਨੁਸਾਰ ਪਹਿਲਾਂ ਗੁਰੂ ਸਾਹਿਬਾਨ  ਫਿਰ ਭਗਤ ਸਾਹਿਬਾਨ, ਭੱਟ ਸਾਹਿਬਾਨ ਅਤੇ ਗੁਰਸਿੱਖਾਂ ਦੀ ਬਾਣੀ ਵਿਚ ਆਏ ਅਰਦਾਸ ਦੇ ਹਵਾਲਿਆਂ ਨੂੰ ਵਿਆਖਿਆ ਸਮੇਤ ਦਰਜ ਕੀਤਾ ਗਿਆ ਹੈ ਤਾਂ ਜੋ ਇਸ ਦਿਸ਼ਾ ਵਿਚ ਅਗਲੇਰੇ ਖੋਜੀਆਂ ਨੂੰ ਹਥਲਾ ਖੋਜ-ਕਾਰਜ ਨਵੀਆਂ ਦਿਸ਼ਾਵਾਂ ਪ੍ਰਦਾਨ ਕਰ ਸਕੇ।

**ਮੂਲ-ਸਥਾਪਨਾਵਾਂ**

ਹਥਲੇ ਖੋਜ-ਕਾਰਜ ਵਿਚ ਵਿਸ਼ਵ-ਧਰਮਾਂ ਵਿਚ ਅਰਦਾਸਾਂ ਦਾ ਜੋ ਸਰੂਪ ਪ੍ਰਾਪਤ ਹੁੰਦਾ ਹੈ, ਉਸ ਦਾ ਅਧਿਐਨ ਕੀਤਾ ਗਿਆ ਹੈ। ਖੋਜ ਦੌਰਾਨ ਕੁੱਝ ਮੂਲ ਸਥਾਪਨਾਵਾਂ ਕੀਤੀਆਂ ਗਈਆਂ ਹਨ ਜਿਨ੍ਹਾਂ ਨੂੰ ਵਿਸਥਾਰ ਸਹਿਤ ਇਸ ਪ੍ਰਕਾਰ ਬਿਆਨ ਕੀਤਾ ਜਾ ਰਿਹਾ ਹੈ-

- ਖੋਜ-ਕਾਰਜ ਦੌਰਾਨ ਮੁੱਢਲੇ ਰੂਪ ਵਿਚ ਧਰਮ ਗ੍ਰੰਥਾਂ ਜਿਵੇਂ ਕਿ ਪੁਰਾਣਾ ਨੇਮ, ਨਵਾਂ ਨੇਮ, ਕੁਰਾਨ ਮਜੀਦ, ਰਿਗਵੇਦ, ਸਾਮਵੇਦ, ਅਥਰਵਵੇਦ, ਯਜੁਰਵੇਦ, ਸ੍ਰੀ ਗੁਰੂ ਗ੍ਰੰਥ ਸਾਹਿਬ ਆਦਿ ਦਾ ਅਧਿਐਨ ਕਰਨਾ ਪ੍ਰਮੁੱਖ ਰੂਪ ਵਿਚ ਸ਼ਾਮਿਲ ਰਿਹਾ ਹੈ।
- ਇਨ੍ਹਾਂ ਧਰਮ ਗ੍ਰੰਥਾਂ ਵਿਚ ਆਏ ਅਰਦਾਸ ਦੇ ਵਿਭਿੰਨ ਸਰੂਪਾਂ ਨੂੰ ਵਿਸਥਾਰਿਆ ਗਿਆ ਹੈ। ਜਿਸ ਤਹਿਤ ਮਨੁੱਖ ਦੇ ਜੀਵਨ ਨਾਲ ਸੰਬੰਧਿਤ ਅਣਗਿਣਤ ਕਿਸਮ ਦੀਆਂ ਅਰਦਾਸਾਂ ਉਪਲਬਧ ਹਨ, ਦੀ ਖੋਜ ਵੱਲ ਇਹ ਇਕ ਕਦਮ ਹੈ।
- ਖੋਜ-ਕਾਰਜ ਦੇ ਅਧਿਐਨ ਦੌਰਾਨ ਵਿਸ਼ਵ ਧਰਮਾਂ ਵਿਚਲੀਆਂ ਅਰਦਾਸਾਂ ਦੇ ਸਾਂਝੇ ਨੁਕਤਿਆਂ ਨੂੰ ਗੰਭੀਰਤਾ ਸਹਿਤ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ। ਜਿਸ ਤਹਿਤ ਇਹ ਨਤੀਜੇ ਦ੍ਰਿਸ਼ਟੀਗੋਚਰ ਹੁੰਦੇ ਹਨ ਕਿ ਪਦਾਰਥਕ ਕਾਮਨਾ ਨਾਲ ਸੰਬੰਧਿਤ ਅਰਦਾਸ, ਪਰਮਾਰਥਕ ਪਥ ਲਈ ਅਰਦਾਸ ਭਾਵ ਅਧਿਆਤਮਿਕ ਜੀਵਨ ਅਤੇ ਵਿਵਹਾਰਿਕ ਜੀਵਨ ਨਾਲ ਸੰਬੰਧਿਤ ਅਰਦਾਸਾਂ ਵਿਚ ਸਮਾਨਤਾਵਾਂ ਵੀ ਪ੍ਰਾਪਤ ਹੁੰਦੀਆਂ ਹਨ।
- ਇਸ ਖੋਜ-ਕਾਰਜ ਵਿਚ ਸਿਧਾਂਤਕ ਅਤੇ ਵਿਵਹਾਰਕ ਜੀਵਨ ਨਾਲ ਸੰਬੰਧਿਤ ਅਰਦਾਸਾਂ ਨੂੰ ਅਕਾਦਮਿਕ ਚੌਖਟੇ ਵਿਚ ਪਰੋ ਕੇ ਪੇਸ਼ ਕਰਨ ਦਾ ਇਕ ਸੰਜੀਦਾ ਯਤਨ ਹੈ। ਜਿਸ ਤਹਿਤ ਮਨੁੱਖੀ ਆਦਰਸ਼ ਕਿਸ ਪ੍ਰਕਾਰ ਅਧਿਆਤਮਿਕ ਜੁਗਤਾਂ ਰਾਹੀਂ ਆਪਣੇ ਨਿਸ਼ਾਨੇ ਨੂੰ ਪ੍ਰਾਪਤ ਕਰਦੇ ਹਨ।
- ਮਨੁੱਖੀ ਆਸ਼ੇ ਨੂੰ ਸਮਝਦੇ ਹੋਏ ਉਨ੍ਹਾਂ ਦੀ ਨਿਸ਼ਾਨਦੇਹੀ ਕਰਨਾ ਇਕ ਕਠਿਨ ਕਾਰਜ ਬਣ ਜਾਂਦਾ ਹੈ ਜਿਸ ਨੂੰ ਅਰਦਾਸ ਦੇ ਸੰਕਲਪ ਰਾਹੀਂ ਸਮਝਣ ਦਾ ਇਹ ਇਕ ਸੰਜੀਦਾ ਅਤੇ ਸੰਤੁਲਿਤ ਯਤਨ ਹੈ।
- ਖੋਜ-ਕਾਰਜ ਨੂੰ ਜਿੱਥੇ ਮੂਲ-ਸ੍ਰੋਤਾਂ ਰਾਹੀਂ ਵਿਸਥਾਰਿਆ ਗਿਆ ਹੈ ਉਥੇ ਨਾਲ ਹੀ ਗੌਣ ਸ੍ਰੋਤਾਂ ਦਾ ਸਹਾਰਾ ਵੀ ਲਿਆ ਗਿਆ ਹੈ। ਇਸ ਦੇ ਨਾਲ ਹੀ ਇਹ ਅਕਾਦਮਿਕਤਾ ਵਿਚ ਧਰਮ ਦੇ ਸ਼ਰਧਾ ਵਾਲੇ ਪੱਖ ਦਾ ਗਿਆਨਮਈ ਪੱਖ ਸਮਝਣ ਦਾ ਇਕ ਮੁੱਢਲਾ ਯਤਨ ਹੈ। ਜਿਸ ਰਾਹੀਂ ਗਿਆਨ ਦੀ ਪ੍ਰਾਪਤੀ ਲਈ ਕੀਤੀਆਂ ਜਾਂਦੀਆਂ ਅਰਦਾਸਾਂ, ਜਿਨ੍ਹਾਂ ਦਾ ਹਵਾਲਾ ਧਰਮ ਗ੍ਰੰਥਾਂ ਵਿਚ ਸਹਿਜ ਹੀ ਪ੍ਰਾਪਤ ਹੋ ਜਾਂਦਾ ਹੈ, ਦਾ ਸੂਤ੍ਰਿਕ ਰੂਪ ਵਿਚ ਸਿਧਾਂਤਕ ਚੌਖਟਾ ਤਿਆਰ ਕਰਨਾ ਇਸ ਖੋਜ-ਕਾਰਜ ਦੀਆਂ ਮੂਲ ਸਥਾਪਨਾਵਾਂ ਦਾ ਅਹਿਮ ਹਿੱਸਾ ਹੈ।
- ਇਸ ਕਾਰਜ ਰਾਹੀਂ ਅਰਦਾਸ ਕਰਨ ਪਿੱਛੇ ਪਈਆਂ ਅਨੰਤ ਭਾਵਨਾਵਾਂ ਅਤੇ ਅਰਦਾਸ ਦੇ ਵਿਭਿੰਨ ਸਰੂਪਾਂ ਦਾ ਸਮੱਗਰ ਅਧਿਐਨ ਕਰਨਾ ਵੀ ਸ਼ਾਮਿਲ ਰਿਹਾ ਹੈ।

**ਸੰਭਾਵਨਾਵਾਂ**

ਕੋਈ ਖੋਜ-ਕਾਰਜ ਵਿਸ਼ੇ ਦੇ ਨਾਲ ਹੀ ਆਪਣੀ ਸੀਮਾਂ ਅਖਤਿਆਰ ਕਰ ਲੈਂਦਾ ਹੈ। ਇਸ ਲਈ ਹਰ ਇਕ ਖੋਜ-ਕਾਰਜ ਜਿੱਥੇ ਸੀਮਾਵਾਂ ਰੱਖਦਾ ਹੈ ਉਥੇ ਨਾਲ ਹੀ ਵਿਭਿੰਨ ਕਿਸਮ ਦੀਆਂ ਸੰਭਾਵਨਾਵਾਂ ਨੂੰ ਵੀ ਜਨਮ ਦਿੰਦਾ ਹੈ। ਖੋਜ ਵਿਚ ਇਕ ਬਹੁਤ ਹੀ ਅਹਿਮ ਵਿਚਾਰ ਪ੍ਰਚੱਲਿਤ ਹੈ ਕਿ ਕੋਈ ਖੋਜ ਆਪਣੇ ਆਪ ਵਿਚ ਆਖਰੀ ਨਹੀਂ ਹੁੰਦੀ ਬਲਕਿ ਹਰ ਇਕ ਖੋਜ-ਕਾਰਜ ਆਪਣੀ ਮੁਕੰਮਲਤਾ ਤੋਂ ਬਾਅਦ ਨਵੀਂਆਂ ਸੰਭਾਵਨਾਵਾਂ ਜ਼ਿਆਦਾ ਸੰਤੁਲਿਤ ਰੂਪ ਵਿਚ ਦ੍ਰਿਸ਼ਟੀਗੋਚਰ ਕਰਦਾ ਹੈ। ਵਿਸ਼ਵ ਧਰਮਾਂ ਵਿਚ ਅਰਦਾਸ ਦਾ ਇਹ ਖੋਜ ਕਾਰਜ ਇਕ ਮੁੱਢਲਾ ਯਤਨ ਹੈ ਜਿਸ ਰਾਹੀਂ ਸਾਮੀਂ ਧਰਮਾਂ,ਭਾਰਤੀ ਧਰਮਾਂ ਅਤੇ ਸਿੱਖ ਪੰਥ ਵਿਚ ਅਰਦਾਸ ਦੇ ਵਿਭਿੰਨ ਪੱਖਾਂ ਉਪਰ ਖੋਜ ਲਈ  ਨਵੇਂ ਰਾਹ ਪੈਦਾ ਹੁੰਦੇ ਹਨ। ਇਸ ਖੋਜ-ਕਾਰਜ ਦੀ ਖੂਬਸੂਰਤੀ ਵਿਸ਼ਵ ਧਰਮਾਂ ਵਿਚ ਅਰਦਾਸ ਦੇ ਸਰੂਪਾਂ ਨੂੰ ਲੈ ਕੇ ਹੈ ਪਰ ਨਾਲ ਹੀ ਇਸ ਦੀ ਸੀਮਾਂ ਵੀ ਨਾਲ ਹੀ ਨਿਰਧਾਰਿਤ ਹੈ ਕਿਉਂਕੀ ਇਸ ਖੋਜ- ਕਾਰਜ ਦਾ ਵਿਸ਼ਾ ਵਿਸ਼ਾਲ ਹੈ। ਜਿਸ ਰਾਹੀਂ ਸਾਮੀਂ ਧਰਮਾਂ ਦੇ ਕਾਲ (ਸਮੇਂ) ਦੀ ਲਕੀਰੀ ਤੋਰ ਦੇ ਅਧਿਆਤਮਿਕ ਪਸਾਰਾਂ ਵਿਚ ਅਰਦਾਸ ਦਾ ਸਰੂਪ, ਭਾਰਤੀ ਧਰਮਾਂ ਵਿਚ ਕਾਲ ਦੀ ਆਵਾਗਮਨ ਵਾਲੀ ਤੋਰ ਦੇ ਵਿਚ ਅਰਦਾਸ ਦੇ ਸਿਧਾਂਤਕ ਅਤੇ ਵਿਵਹਾਰਿਕ ਪੱਖਾਂ ਨੂੰ ਵਿਚਾਰਨ ਦੀਆਂ ਸੰਭਾਵਨਾਵਾਂ ਵਿਦਮਾਨ ਹਨ। ਇਹ ਖੋਜ-ਕਾਰਜ ਇਸ ਦਿਸ਼ਾ ਵਿਚ ਹੋਣ ਵਾਲ ਅਗਲੇਰੀ ਖੋਜ ਲਈ ਇਕ ਲਾਹੇਵੰਦ ਖੋਜ-ਸਮੱਗਰੀ ਦਾ ਕਾਰਜ ਕਰੇਗਾ।ਇਸ ਖੋਜ-ਕਾਰਜ ਵਿਚ ਵਿਸ਼ਵ-ਧਰਮਾਂ ਦੀ ਸਾਂਝੀਵਾਲਤਾ ਦੇ ਇਸ਼ਾਰੇ ਪਏ ਹੋਏ ਹਨ ਜਿਸ ਨਾਲ ਇਹ ਖੋਜ-ਕਾਰਜ ਵਿਸ਼ਵ-ਧਰਮਾਂ ਵਿਚ ਅਜਿਹੀ ਸਾਂਝ ਉਭਾਰਨ ਲਈ ਹੋਰ ਅਗਲੇਰੇ ਕਾਰਜ ਵੀ ਸਾਹਮਣੇ ਲਿਆਉਣ ਦੀ ਸੰਭਾਵਨਾ ਜਗਾਉਂਦਾ ਹੈ।

ਇਸ ਖੋਜ-ਕਾਰਜ ਨੂੰ ਮੁਕੰਮਲ ਕਰਨ ਵਿਚ ਜੋ ਊਣਤਾਈਆਂ ਰਹਿ ਗਈਆਂ ਹਨ ਉਹ ਮੇਰੀ ਅਲਪ ਬੁੱਧੀ ਦੀ ਸੀਮਾਂ ਕਰਕੇ ਹਨ। ਪਰ ਜੇਕਰ ਇਸ ਖੋਜ-ਕਾਰਜ ਵਿਚ ਕੋਈ ਨਵੇਂ ਵਿਚਾਰ ਅਤੇ ਨਵੀਆਂ ਸੰਭਾਵਨਾਵਾਂ ਹਨ ਤਾਂ ਉਹ ਸਭ ਮੇਰੇ ਨਿਗਰਾਨ ਦੀ ਬਦੌਲਤ ਹੀ ਹਨ।

# ਪੁਸਤਕ ਸੂਚੀ

**ਪੰਜਾਬੀ ਪੁਸਤਕਾਂ**


ਅਨਵਰ ਚਿਰਾਗ (ਡਾ.), *ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫੀ ਕਵਿਤਾ*, ਗੇਰਸ਼ੀਅਸ ਬੁਕਸ, ਪਟਿਆਲਾ, 2006.

___________ *ਨੂਰ-ਏ ਹਦੀਸ*, ਗੇਰਸ਼ੀਅਸ ਬੁਕਸ, ਪਟਿਆਲਾ, 2015.

ਇਕਬਾਲ ਸਿੰਘ,*ਗੁਰਮਤਿ ਮੰਥਨ*, ਨੈਸ਼ਨਲ ਬੁਕ ਸ਼ਾਪ, ਦਿੱਲੀ, ਮਿਤੀਹੀਣ.

ਸਾਵਣ ਸਿੰਘ, ਮਹਾਰਾਜ, *ਗੁਰਮਤਿ ਸਿਧਾਂਤ*, ਰਾਧਾ ਸੁਆਮੀ ਸਤਿਸੰਗ, ਬਿਆਸ, 1970.

ਸਤਬੀਰ ਸਿੰਘ (ਪ੍ਰਿੰ.) ਸੰਪਾ. ਸਿਮਰਨ ਕੌਰ, *ਮੇਰੇ ਲੈਕਚਰ*, ਨਿਊ ਬੁਕ ਕੰਪਨੀ, ਜਲੰਧਰ, 2002.

ਸੁਹਰਾਵਰਦੀ, ਸ਼ੇਖ ਸ਼ਹਾਬੁਦੀਨ, ਗੁਲਵੰਤ ਸਿੰਘ (ਅਨ.), *ਅਵਰਿਫ-ਉਲ-ਮੁਆਰਿਫ*, ਪੰਚਨਦ ਸਾਹਿਤਯ ਪ੍ਰਤਿਸ਼ਠਾਨ, ਲੁਧਿਅਣਾ, 1963.

*ਕੁਰਆਨ ਮਜੀਦ*, ਨਾਜ਼ਿਰ ਦਾਅਵਤੋ ਤਬਲੀਗ, ਕਾਦੀਆਂ, ਹਮਦਰਦ ਪ੍ਰਿੰਟਿੰਗ ਪ੍ਰੈਸ, ਜਲੰਧਰ, 1983.

ਗਿਆਨੀ ਅਬਦੁੱਲ (ਅਨੁ.), *ਨਿਮਾਜ਼ ਦਾ ਗੁਰਮੁਖੀ ਅਨੁਵਾਦ*, ਨਾਜ਼ਿਰ ਦਾਅਵਤੋ ਤਬਲੀਗ, ਕਾਦੀਆਂ, 1973.

ਗਿੱਲ,ਮਹਿੰਦਰ ਕੌਰ (ਡਾ.) *ਬਾਣੀਸਾਰ*, ਨਵਯੁਗ ਪਬਲਿਸ਼ਰਜ਼, ਦਿੱਲੀ, 1989.

ਗੰਗਾ ਸਿੰਘ, ਪ੍ਰਿੰਸੀਪਲ*, ਲੈਕਚਰ ਮਹਾਂਚਾਨਣ, ਭਾਈ ਮੇਹਰ ਸਿੰਘ ਐਂਡ ਸੰਨਜ਼,* ਅੰਮ੍ਰਿਤਸਰ, 1967.

ਚੌਬੇ ਬ੍ਰਜਬਿਹਾਰੀ, (ਪ੍ਰੋ.) ਅਨੁ ਦਰਸ਼ਨ ਸਿੰਘ ਨਿਰਵੈਰ, *ਵੈਦਿਕ ਸੰਕਲਪ*, ਸੰਗਿਆਨ ਵੈਦਿਕ ਅਧਿਐਨ ਅਤੇ ਸ਼ੋਧ ਕੇਂਦਰ, ਹੁਸ਼ਿਆਰਪੁਰ, 1993.

ਤਲਵਾੜਾ, ਗੁਰਚਰਨ ਸਿੰਘ (ਪ੍ਰੋ.), *ਇਸਲਾਮ ਸਿਧਾਂਤ ਤੇ ਸਿੱਖਿਆ*, ਵਾਰਿਸ਼ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 2014.

ਤਾਰਨ ਸਿੰਘ (ਡਾ.), *ਨੇਮ ਤੇ ਪ੍ਰੇਮ*, ਨਿਊ ਬੁਕ ਕੰਪਨੀ, ਜਲੰਧਰ, 1992.

ਤਾਲਿਬ, ਗੁਰਬਚਨ ਸਿੰਘ, ਜਨਕ ਸਿੰਘ (ਅਨੁ.) ,*ਧਰਮ ਦੀ ਉਤਪਤੀ ਤੇ ਵਿਕਾਸ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005.

ਤੇਜਗੁਰੂ ਸਰਸ਼੍ਰੀ ਤੇਜਪਾਰਖੀ, *ਪ੍ਰਾਰਥਨਾ ਇਕ ਅਦਭੁਤ ਸ਼ਕਤੀ*, ਆਰਸੀ ਪਬਲਿਸ਼ਰਜ਼, ਦਿੱਲੀ, 2009.

ਦਿਲਗੀਰ, ਹਰਜਿੰਦਰ ਸਿੰਘ, *ਸਿੱਖ ਫਿਲਾਸਫੀ ਕੀ ਹੈ?,* ਭਾ. ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2001.

ਨਰੈਣ ਸਿੰਘ,*ਸਿੱਖ ਧਰਮ ਦੀਆਂ ਬੁਨਿਆਂਦਾਂ, ਤੇਜ ਪ੍ਰਿੰਟਿੰਗ ਪ੍ਰੈਸ,* ਅੰਮ੍ਰਿਤਸਰ,1966.

ਬਲਬੀਰ ਸਿੰਘ (ਡਾ.),*ਲੰਮੀ ਨਦਰ, ਭਾਈ ਵੀਰ ਸਿੰਘ ਸਾਹਿਤਯ ਸਦਨ, ਦਿੱਲੀ,2012.*

ਭੱਟੀ,ਕਰਤਾਰ ਚੰਦ,ਗਰੇਵਾਲ, ਕੁਲਵੰਤ ਸਿੰਘ (ਸੰਪਾ.),*ਈਸਾਈ ਧਰਮ ਇਕ ਜਾਣ-ਪਛਾਣ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

ਨਿਰਾਕਾਰੀ, ਆਰ.ਡੀ. (ਡਾ.) *ਭਾਰਤੀ ਦਰਸ਼ਨ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀਹੀਣ।

________, *ਰਿਸ਼ੀ ਦਰਸ਼ਨ*, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ,2003.

ਨੇਕੀ, ਜਸਵੰਤ ਸਿੰਘ, *ਅਰਦਾਸ ਦਰਸ਼ਨ,ਰੂਪ ਤੇ ਅਭਿਆਸ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.

-----*ਗੁਰਮਤਿ ਮਨੋਵਿਗਿਆਨ*, ਸਿੰਘ ਬ੍ਰਦਰਜ਼, ਅੰਮ੍ਰਿਤਸਰ,2009.

ਪਰਮਵੀਰ ਸਿੰਘ (ਡਾ.) ਪ੍ਰਦੂਮਨ ਸ਼ਾਹ ਸਿੰਘ, (ਡਾ.) *ਭਾਰਤ ਦੇ ਪ੍ਰਮੁੱਖ ਧਰਮ*, ਪਬਲੀਕੇਸ਼ਨ ਬਿਉਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016.

*ਪਵਿੱਤਰ ਬਾਈਬਲ ਅਰਥਾਤ ਪੁਰਾਣਾ ਅਤੇ ਨਵਾਂ ਨੇਮ*, ਬਾਈਬਲ ਸੁਸਾਇਟੀ, ਬੈਂਗਲੋਰ,1961.

ਪ੍ਰਤਾਪ ਸਿੰਘ, ਗਿਆਨੀ, *ਗੁਰਮਤਿ ਫਿਲਾਸਫੀ*, ਅੰਮ੍ਰਿਤਸਰ, 1963.

ਪ੍ਰਿਤਪਾਲ ਸਿੰਘ,*ਅਰਦਾਸ* ਕਲਾ,ਜਲੰਧਰ,1978.

ਬਲਕਾਰ ਸਿੰਘ (ਸੰਪਾ.), *ਅਰਦਾਸ ਦਾ ਸਿੱਖ ਪ੍ਰਸੰਗ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

ਭਾਟੀਆ, ਨਰਿੰਦਰ ਕੌਰ, ਢਿੱਲੋਂ ਜਸਵਿੰਦਰ ਕੌਰ, (ਸੰਪਾ.), *ਪ੍ਰਮੁੱਖ ਸਿੱਖ ਸੰਸਥਾਵਾਂ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2005.

ਮਹਿੰਦਰ ਸਿੰਘ (ਪ੍ਰੋ.),*ਸਿੱਖ ਸੰਸਕਾਰ ਅਤੇ ਮਰਯਾਦਾ*, ਖਾਲਸਾ ਦੀਵਾਨ, ਅੰਮ੍ਰਿਤਸਰ, 2008.

ਰਾਮਿੰਦਰ ਸਿੰਘ,*ਸਿੱਖੀ ਤੇ ਵੀਹਵੀਂ ਸਦੀ*, ਪੂਰਨਦਾਦ ਰੋਸ਼ਾ ਗਗਨ ਫਾਰਮ, ਡੇਹਰਾਦੂਨ, 1974.

ਰੈਣਾ, ਅੰਮ੍ਰਿਤ ਕੌਰ (ਡਾ.), *ਸਿੱਖ ਧਰਮ, ਬੁੱਧ ਧਰਮ ਅਤੇ ਧੱਮਪਦ,* ਯੂਨੀਸਟਾਰ ਬੁਕਸ, ਚੰਡੀਗੜ੍ਹ, 2015.

ਜੋਗਿੰਦਰ ਸਿੰਘ, *ਅਰਦਾਸ : ਪਰੰਪਰਾ ਤੇ ਇਤਿਹਾਸ*, ਸੁੰਦਰ ਸਰੂਪ ਪ੍ਰਕਾਸ਼ਨ, ਨਵੀਂ ਦਿੱਲੀ, 1988.

**ਪੰਜਾਬੀ ਕੋਸ਼**

*ਉਰਦੂ-ਪੰਜਾਬੀ ਕੋਸ਼*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,2015.

*ਅੰਗਰੇਜ਼ੀ-ਪੰਜਾਬੀ ਕੋਸ਼,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,1968.

ਅਮਰਵੰਤ ਸਿੰਘ (ਸੰਕਲਨਕਰਤਾ),*ਅਰਬੀ-ਫਾਰਸੀ ਵਿੱਚੋਂ ਉਤਪੰਨ ਪੰਜਾਬੀ ਸ਼ਬਦਾਵਲੀ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 2003.

ਗਿੱਲ, ਰਛਪਾਲ ਸਿੰਘ, *ਪੰਜਾਬ ਕੋਸ਼*, ਭਾਸਾ ਵਿਭਾਗ ਪੰਜਾਬ, ਪਟਿਆਲਾ, 2004.

ਜੱਗੀ, ਰਤਨ ਸਿੰਘ, *ਸਿੱਖ ਪੰਥ ਵਿਸ਼ਵਕੋਸ਼ (ਭਾਗ ਪਹਿਲਾ ਅਤੇ ਦੂਜਾ),* ਗੁਰਰਤਨ ਪਬਲੀਕੇਸ਼ਨ, ਪਟਿਆਲਾ, 2005.

___________, *ਗੁਰੂ ਗ੍ਰੰਥ ਵਿਸ਼ਵ ਕੋਸ਼ (ਭਾਗ ਪਹਿਲਾ ਅਤੇ ਦੂਜਾ),* ਗੁਰਰਤਨ ਪਬਲੀਕੇਸ਼ਨ, ਪਟਿਆਲਾ, 2005.

ਜੋਧ ਸਿੰਘ (ਡਾ.),*ਸਿੱਖ ਧਰਮ ਵਿਸ਼ਵਕੋਸ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,2008

ਤਲਵਾੜਾ, ਗੁਰਚਰਨ ਸਿੰਘ (ਪ੍ਰੋ.), *ਸੂਫੀਮਤ ਸੰਕਲਪ ਕੋਸ਼*, ਵਾਰਿਸ਼ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ,2016.

ਪ੍ਰੇਮ ਪ੍ਰਕਾਸ਼ ਸਿੰਘ(ਸੰਪਾ.),*ਸੰਸਕ੍ਰਿਤ ਪੰਜਾਬੀ ਕੋਸ਼*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,2002.

ਨਾਭਾ, ਕਾਨ੍ਹ ਸਿੰਘ (ਭਾਈ), *ਗੁਰਸ਼ਬਦ ਰਤਨਾਕਰ ਮਹਾਨ ਕੋਸ਼*, ਭਾਸ਼ਾ ਵਿਭਾਗ, ਪੰਜਾਬ।

*ਪੰਜਾਬੀ ਵਿਸ਼ਵਕੋਸ਼*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1986.

**हिंदी पुस्तकें :**

अशोक सहजानन्द आचार्य, ग्रह शांति दीपिका, विज़्डम विंडो, दिल्ली, 2014.

आचार्य 108, विद्याधर जी महाराज, *भावनाश्तकम, (तीर्थंकर ऐसे बने),* निर्गंथ साहित्य प्रकाशन, कलक्ता, 2008.

कृष्ण लाल (डा.) *वैदिक वन्दना*, विभुवैभवम् प्रकाशन, दिल्ली, 2000.

सत्याबभद आचार्य, *वैदिक नित्यकर्म एवं पन्चमहायज्ञ विधि,* राधा प्रेस, दिल्ली, 1992.

सुरेन्द्र कुमार (डा.), *ऋग्वेद में विविध विद्याएं*, संजय प्रकाशन, दिल्ली, 2000.

लाल साहिब, सत्संग के उपदेश, आगरा, 1928.

भगवान दास (डा.), *सब धर्मों की बुनियादी एकता*, वाराणासी, 1961.

ज्ञानसागर आचार्य, *भक्ति संग्रह,* नयु बलाक, अैंड़ प्रिंटर्ज़, अजमेर, 2000.

तिवारी रामपुजन, *सुफीमत साधना और साहित्य*, 1968.

**हिन्दी कोश :**

बाहरी हरदेव (डा.), *अंग्रेज़ी-हिन्दी शब्दकोश*, राजापाल एण्ड सन्ज़, दिल्ली, 1991.

सम्पादक सत्यप्रकाश, बलभद्र, प्रसाद मिश्र, *मानक अंग्रेज़ी-हिन्दी कोष*, हिन्दी साहित्य सम्मेलन, प्रयाग, 1981.

वर्मा राम चंद्र, *शब्दार्थ दर्शन*, इलाहबाद, 1968.

**English Books :**

Bhatt, Shankerprasad S., (Ed.) Bhat Pradip S., *Prayers of all Religions of the world*, in 3 Vol. Originals, Delhi, 2006.

Radhakrishnan (Dr.) Indian Philosophy.

Kapur Singh, *Parasaraprasna,* Guru Nanak Dev University, Amritsar, 2001.

Kirpal Singh, Sant, *Prayers its Nature and Technique*, Delhi, 1971.

William Simpson, *The Budhist praying wheel, London, 1896.*

**ਅੰਗ੍ਰੇਜ਼ੀ ਕੋਸ਼**

Eliade, Mircea *(Ed.), The Encyclopedia of Religion*, Oxford University Press, New York, 1998.

Hastings, James, *Encyclopedia of Religion and Ethics*, T.T. Clark, New York, 1963.

Jacob E. Sabra, *Encyclopedia of Britanica, Chicago, 1997. The Encyclopedia of Americana, Grolier, Danbury, 1829.*

Winand M. Callewrert, *Dictionary of Bhakti*, D.K. Print World, New Delhi, 2009.